# ਇਨਕਲਾਬ ਜ਼ਿੰਦਾਬਾਦ

## ਭਾਰਤ ਦਾ ਸੁਤੰਤਰਤਾ ਸੰਗ੍ਰਾਮ



ਹਰਪਾਲ ਬਰਾੜ

# ਇਨਕਲਾਬ ਜ਼ਿੰਦਾਬਾਦ

## ਭਾਰਤ ਦਾ ਸੁਤੰਤਰਤਾ ਸੰਗ੍ਰਾਮ

2

ਲੇਖਕ ਦੀਆਂ ਹੋਰ ਛਪ ਚੁੱਕੀਆਂ ਪੁਸਤਕਾਂ

**PERESTROIKA** -*The complete collapse of Revisionism*

**TROTSKYSIM OR LENINISM?**

**SOCIAL DEMOCRACY** - *The enemy within*

**BOURGEOIS NATIONALISM OR PROLETARIAN INTERNATIONALISM ?**

**IMPERIALISIM** - *Decadent, Parasitic, Moribund Capitalism*

**IMPERIALISM** -*The eve of the Social Revolution of the Proletariat*

**IMPERIALISM AND WAR**

*CHIMURENGA! The liberation struggle in Zimbabwe*

**60TH ANNIVERSARY OF THE VICTGORY OVER FASCISM**

*(a Communist Party of Great Britain (Maxist-Leninist) publication)*

**Books by Harpal Brar and Ella Rule**

**IMPERIALISIM IN THE MIDDLE EAST**

- *With specific reference to the struggle of the Palestinian people for self-determination.*

**IMPERIALISM AND THE PRESENT WORST-EVER CRISIS OF OVERPRODUCTION.**

Book by Ella Rule (Editor)

**MARXISM and the EMANCIPATION OF WOMEN**

---

*All publications are available from*

*E.J. Rule, 14 Featherstone Road, Southall,Middx UB2 5!! (UK*

*e-mail: lalkarpublications@hotmail.com*

# ਇਨਕਲਾਬ ਜ਼ਿੰਦਾਬਾਦ

## ਭਾਰਤ ਦਾ ਸੁਤੰਤਰਤਾ ਸੰਗ੍ਰਾਮ

**ਹਰਪਾਲ ਬਰਾੜ**

ਅਨੁਵਾਦ: ਡਾ. ਰਜਿੰਦਰ ਸਿੰਘ

5 ਆਬ
ਪ੍ਰਕਾਸ਼ਨ, ਜਲੰਧਰ

9

# INQUILAB ZINDABAD

*INDIA'S LIBERATION STRUGGLE*

**By**

**Harpal Brar**

© ਪ੍ਰਕਾਸ਼ਕ
(ਪੰਜਾਬੀ ਐਡੀਸ਼ਨ)

ਪਹਿਲੀ ਵਾਰ: ਇਕ ਨਵੰਬਰ 2016

***Price : £ 10 (₹300)***

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1, 2 ਦੇਸ਼ ਭਗਤ ਯਾਦਗਾਰ ਬਿਲਡਿੰਗ
ਜੀ.ਟੀ. ਰੋਡ, ਜਲੰਧਰ ਫ਼ੋਨ: 0181-2239181,
ਮੋਬਾਇਲ 098140-87063
5aabparkashan@gmail.com www. 5aabparkashan.com

**ਟਾਈਪ ਸੈਟਿੰਗ:** ਵੈਕ ਕੰਪਿਊਟਰਜ਼, ਜਲੰਧਰ ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

**ਕਵਰ ਡਿਜ਼ਾਇਨ:** 1857 ਦੀ ਬਗ਼ਾਵਤ, ਕਾਮਾਗਾਟਾ ਮਾਰੂ ਦੇ ਮੁਸਾਫ਼ਰ, ਗ੍ਰਿਫ਼ਤਾਰੀ ਸਮੇਂ ਗ਼ਦਰੀ ਆਗੂ ਅਤੇ ਉਪਰੋਕਤ ਲਹਿਰਾਂ ਦੇ ਪ੍ਰਭਾਵ ਵਿਚੋਂ ਉੱਠਿਆ ਸ਼ਹੀਦ ਭਗਤ ਸਿੰਘ

---

**DISCLAIMER**

*A few stories in this book are folk tales which have been in existence for centuries as part of folklore in India sub-continent. While no claim of originality is being made, credit to writers was not possible because most of the writers are anonymous. Also, contents have been suitably modified where required, in order to make them more interesting educational for the intended age group of readers. Nevertheless, some of the stroies are true stroies written specifically for this book by various writers without any liability on the part of writers or publishers.*

## ਸਮਰਪਣ

ਭਾਰਤ ਦੇ
ਸੁਤੰਤਰਤਾ ਸੰਗ੍ਰਾਮ ਦੇ
ਯੋਧਿਆਂ ਅਤੇ ਸ਼ਹੀਦਾਂ ਨੂੰ

# ਤਤਕਰਾ

*'ਇਨਕਲਾਬ ਜ਼ਿੰਦਾਬਾਦ- ਭਾਰਤ ਦਾ ਸੁਤੰਤਰਤਾ ਸੰਗਰਾਮ'*
*ਦੇ ਪੰਜਾਬੀ ਅਨੁਵਾਦ ਬਾਰੇ* *8*
*ਮੁੱਖ ਬੰਦ* *10*

*ਭਾਗ ਪਹਿਲਾ - 1857 ਦੀ ਬਗ਼ਾਵਤ* *22*
ਕਾਂਡ 1 : 1857 ਦੀ ਭਾਰਤੀ ਆਜ਼ਾਦੀ ਦੀ ਲੜਾਈ ਦੇ ਯੋਧਿਆਂ ਨੂੰ ਸਲਾਮ! 23
ਕਾਂਡ 2 : ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਦਮਨ 37
ਕਾਂਡ 3 : ਬਗ਼ਾਵਤ ਦੇ ਅਸਫ਼ਲ ਹੋਣ ਦੇ ਕਾਰਨ ਅਤੇ ਇਸ ਦੀ ਵਿਰਾਸਤ 47
ਕਾਂਡ 4 : 1857 ਦੇ ਮਗਰੋਂ 55

*ਭਾਗ ਦੂਸਰਾ - ਗ਼ਦਰ ਲਹਿਰ* *66*
ਕਾਂਡ 5 : ਗ਼ਦਰ ਲਹਿਰ ਦੀ 100ਵੀਂ ਵਰੇ ਗੰਢ 67
ਕਾਂਡ 6 : ਕੋਮਾਗਾਟਾ ਮਾਰੂ ਦਾ ਲੰਬਾ ਸਫ਼ਰ 83
ਕਾਂਡ 7 : ਗ਼ਦਰ ਪਾਰਟੀ ਦੀ ਸਥਾਪਨਾ 87
ਕਾਂਡ 8 : ਬਗਾਵਤ ਲਈ ਤਿਆਰੀ – ਭਾਰਤ ਵਾਪਸੀ 97
ਕਾਂਡ 9 : ਅਸਫਲਤਾ ਦੇ ਮਗਰੋਂ 105
ਕਾਂਡ 10 : ਜਰਮਨ ਸੰਬੰਧ ਅਤੇ ਸਾਨਫ੍ਰਾਂਸਿਸਕੋ ਟਰਾਇਲ 115
ਕਾਂਡ 11 : ਗ਼ਦਰ ਪਾਰਟੀ ਅਤੇ ਅਕਤੂਬਰ ਇਨਕਲਾਬ 123
ਕਾਂਡ 12 : ਗ਼ਦਰ ਪਾਰਟੀ ਅਤੇ ਆਇਰਲੈਂਡ 137

ਕਾਂਡ 13 : ਗ਼ਦਰ ਪਾਰਟੀ ਅਤੇ ਚੀਨ 143
ਕਾਂਡ 14 : ਗ਼ਦਰ ਪਾਰਟੀ ਦਾ ਖ਼ਾਤਮਾ 151
*ਅੰਤਲੇ ਨੋਟ* *153*
1. ਹਰਦਯਾਲ ਦੀ ਗ਼ੱਦਾਰੀ
2. ਰਾਮ ਚੰਦਰ ਦੇ ਕੁਝ ਸ਼ਬਦ
3. ਐਗਨਸ ਸਮੈਡਲੀ ਦਾ ਯੋਗਦਾਨ

*ਭਾਗ ਤੀਸਰਾ : ਭਗਤ ਸਿੰਘ ਦਾ ਵਿਰਸਾ* *162*
ਕਾਂਡ 15 : ਭਗਤ ਸਿੰਘ, ਇਕ ਪੁਰਖ ਤੇ ਉਸਦੀਆ ਇਨਕਲਾਬੀ ਸਰਗਰਮੀਆਂ 163
ਕਾਂਡ 16 : ਦੂਸਰਾ ਲਾਹੌਰ ਸਾਜ਼ਿਸ਼ ਮੁਕੱਦਮਾ 187
ਕਾਂਡ 17 : ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਸੂਲੀ ਚੜ੍ਹਾਉਣ ਵਿਚ ਗਾਂਧੀ ਦੀ ਭੂਮਿਕਾ 199
ਕਾਂਡ 18 : ਭਗਤ ਸਿੰਘ ਦਾ ਵਿਰਸਾ 217
*ਅੰਤਕਾ* *245*
*ਹਵਾਲੇ* *249*
*ਪੁਸਤਕ ਸੂਚੀ* *261*
***Index*** *266*

# 'ਇਨਕਲਾਬ ਜ਼ਿੰਦਾਬਾਦ- ਭਾਰਤ ਦਾ ਸੁਤੰਤਰਤਾ ਸੰਗਰਾਮ' ਦੇ ਪੰਜਾਬੀ ਅਨੁਵਾਦ ਬਾਰੇ

ਸਾਥੀ ਹਰਪਾਲ ਬਰਾੜ ਦੀ ਅੰਗਰੇਜ਼ੀ ਵਿਚ ਲਿਖੀ ਪੁਸਤਕ "ਇਨਕਲਾਬ ਜ਼ਿੰਦਾਬਾਦ– ਇੰਡੀਆ 'ਜ ਲਿਬਰੇਸ਼ਨ ਸਟਰਗਲ" 2014 ਵਿਚ ਪ੍ਰਕਾਸ਼ਤ ਹੋਈ ਸੀ। ਇਸ ਪੁਸਤਕ 'ਚ ਭਾਰਤ ਦੇ ਸੁਤੰਤਰਤਾ ਸੰਗਰਾਮ ਦੀਆਂ ਤਿੰਨ ਮੁੱਖ ਲਹਿਰਾਂ 1857 ਦੀ ਅੰਗਰੇਜ਼ ਵਿਰੁੱਧ ਬਗ਼ਾਵਤ, ਸਾਂਨਫਰਾਂਸਿਸਕੋ (ਅਮਰੀਕਾ) ਵਿਖੇ 1913 ਵਿਚ ਸਥਾਪਤ ਹੋਈ ਗ਼ਦਰ ਪਾਰਟੀ ਅਤੇ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਵਲੋਂ ਉਸਾਰੀ ਇਨਕਲਾਬੀ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕ ਆਰਮੀ (HSRA) ਦਾ ਵਿਗਿਆਨਕ ਖੋਜ ਰਾਹੀਂ ਹਵਾਲਿਆਂ ਨਾਲ ਲੈਸ ਆਧੁਨਿਕ ਇਤਿਹਾਸ ਹੈ।

ਅਸੀਂ ਸਮਝਦੇ ਹਾਂ ਕਿ ਪੰਜਾਬੀ ਬੋਲਣ ਵਾਲੀ ਵਸੋਂ ਦੀ ਵੱਡੀ ਗਿਣਤੀ ਲਈ ਅੰਗਰੇਜ਼ੀ ਬੋਲੀ ਵਿਚਲੀਆਂ ਪੁਸਤਕਾਂ ਦਾ ਅਧਿਐਨ ਕਰਨਾ ਅਤੇ ਤੱਤਾਂ ਨੂੰ ਗ੍ਰਹਿਣ ਕਰਨਾ ਕਠਿਨ ਹੈ। ਇਸ ਪੱਖ ਨੂੰ ਮੁੱਖ ਰੱਖਦੇ ਹੋਏ 'ਇਨਕਲਾਬ ਜ਼ਿੰਦਾਬਾਦ–ਇੰਡੀਆ 'ਜ ਲਿਬਰੇਸ਼ਨ ਸਟਰਗਲ' ਦਾ ਪੰਜਾਬੀ ਅਨੁਵਾਦ "ਇਨਕਲਾਬ ਜ਼ਿੰਦਾਬਾਦ–ਭਾਰਤ ਦਾ ਸੁਤੰਤਰਤਾ ਸੰਗਰਾਮ" ਕੀਤਾ ਗਿਆ ਹੈ ਜਿਸਨੂੰ 'ਪੰਜ ਆਬ ਪ੍ਰਕਾਸ਼ਨ' ਛਾਪ ਰਿਹਾ ਹੈ।

ਸਾਥੀ ਹਰਪਾਲ ਬਰਾੜ 'ਲਲਕਾਰ' ਅਤੇ ਪ੍ਰਧਾਨ ਕਮਿਊਨਿਸਟ ਪਾਰਟੀ ਗਰੇਟ ਬਰਿਟਨ (ਮਾਰਕਸੀ–ਲੈਨਿਨੀ) ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਲਿਖੀ ਪੁਸਤਕ "ਇਨਕਲਾਬ ਜ਼ਿੰਦਾਬਾਦ–ਭਾਰਤ ਦਾ ਸੁਤੰਤਰਤਾ ਸੰਗਰਾਮ" ਦੇ ਪੰਜਾਬੀ ਅਨੁਵਾਦ ਦਾ ਕਾਪੀ ਰਾਈਟ 'ਪੰਜ-ਆਬ ਪ੍ਰਕਾਸ਼ਨ' ਨੂੰ ਦਿੱਤਾ ਹੈ।

ਭਾਰਤ ਦੀਆਂ ਲੋਟੂ ਹਾਕਮ ਧਿਰਾਂ ਨੇ ਸੁਤੰਤਰਤਾ ਸੰਗਰਾਮੀਆਂ ਦੀ ਇਨਕਲਾਬੀ ਵਿਚਾਰਧਾਰਾ ਨੂੰ ਲਗਾਤਾਰ ਅੱਖੋਂ-ਪਰੋਖੇ ਕੀਤਾ ਹੈ ਪਰੰਤੂ ਭਾਰਤ ਦੇ ਅਗਾਂਹਵਧੂ, ਜਮਹੂਰੀ ਇਨਕਲਾਬੀ ਧਿਰਾਂ ਨੇ ਸ਼ਹੀਦ ਭਗਤ ਸਿੰਘ ਅਤੇ ਗ਼ਦਰ ਪਾਰਟੀ ਦੀ ਵਿਚਾਰਧਾਰਾ ਨੂੰ ਆਮ ਲੋਕਾਂ ਵਿਚ ਪ੍ਰਚਾਰਨ ਦੇ ਲਗਾਤਾਰ ਯਤਨ ਕੀਤੇ ਹਨ ਅਤੇ ਆਮ ਲੋਕ ਇਨਕਲਾਬੀ ਵਿਚਾਰਧਾਰਾ ਅਪਣਾਉਣ ਦਾ ਯਤਨ ਕਰਦੇ ਹਨ।

ਹੁਣ ਲੋਟੂ ਹਾਕਮ ਧਿਰਾਂ ਗ਼ਦਰ ਪਾਰਟੀ ਅਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਵਿਚਾਰਧਾਰਾ ਨੂੰ ਨੀਲਾ, ਭਗਵਾਂ, ਚਿੱਟਾ, ਧਾਰਮਿਕ ਰੰਗ ਚਾੜ੍ਹਨ ਦੇ ਯਤਨਾਂ ਵਿਚ ਹਨ। ਸਾਰੇ ਉਲਟ ਇਨਕਲਾਬੀ ਯਤਨਾਂ ਨੂੰ ਭਾਂਜ ਦੇਣ ਵਿਚ "ਇਨਕਲਾਬ ਜ਼ਿੰਦਾਬਾਦ-ਭਾਰਤ ਦਾ ਸੁਤੰਤਰਤਾ ਸੰਗਰਾਮ" ਦਾ ਵਿਗਿਆਨਕ ਇਤਿਹਾਸਕ ਗਿਆਨ ਸ਼ਾਸਤਰ ਪਾਠਕਾਂ ਲਈ ਇਕ ਇਨਕਲਾਬੀ ਵਸੀਲਾ ਪੇਸ਼ ਕਰਦੇ ਹਾਂ।

ਅਸੀਂ ਇਸ ਪੁਸਤਕ ਦੇ ਪੰਜਾਬੀ ਅਨੁਵਾਦ ਲਈ ਡਾਕਟਰ ਰਾਜਿੰਦਰ ਸਿੰਘ ਅਤੇ ਪੰਜ ਆਬ ਪ੍ਰਕਾਸ਼ਨ ਦੇ ਸੰਚਾਲਕ ਕੇਸਰ ਦੇ ਰਿਣੀ ਹਾਂ ਜਿਨ੍ਹਾਂ ਇਸ ਕੰਮ ਨੂੰ ਨੇਪਰੇ ਚਾੜ੍ਹਿਆ।

ਅਖ਼ੀਰ ਵਿਚ ਪੰਜ ਆਬ ਪ੍ਰਕਾਸ਼ਨ ਸਮੂਹ ਸਟਾਫ਼ ਦੇ ਧਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਤਿਆਰ ਕਰਨ ਲਈ ਅਮੁੱਲਾ ਯੋਗਦਾਨ ਪਾਇਆ।

**-ਸਾਥੀ ਅਵਤਾਰ ਸਿੰਘ ਜੌਹਲ,**
**ਪ੍ਰਧਾਨ ਇੰਡੀਅਨ ਵਰਕਰਜ਼, ਐਸੋਸੀਏਸ਼ਨ,**
**ਗਰੇਟ ਬਰਿਟਨ।**

# ਮੁੱਖ ਬੰਦ

ਬੁਰਜੁਆ ਇਤਿਹਾਸਕਾਰੀ ਵਿਚ, ਚਾਹੇ ਭਾਰਤ ਵਿਚ ਜਾਂ ਵਿਦੇਸ਼ਾਂ ਵਿਚ, ਦੋ ਮਿਥਾਂ ਆਮ ਕਰਕੇ ਬਹੁਤ ਦੇਖੀਆਂ ਜਾਂਦੀਆਂ ਹਨ। ਪਹਿਲੀ, ਗਾਂਧੀ ਅਤੇ ਕਾਂਗਰਸ ਪਾਰਟੀ ਨੇ ਅਹਿੰਸਾ ਦੇ ਰਾਹ 'ਤੇ ਚੱਲ ਕੇ ਅਤੇ ਸ਼ਾਂਤੀ ਸਹਿਤ ਨਾਮਿਲਵਰਤਨ ਕਰਕੇ, ਸਿਵਲ ਨਾਫ਼ਰਮਾਨੀ ਕਰਕੇ, ਬਹੁਤ ਹੀ ਘ੍ਰਿਣਿਤ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਜਿੱਤੀ ਸੀ।

ਦੂਸਰੀ, ਕਿ ਇਨਕਲਾਬੀ, ਜਿਵੇਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਊਧਮ ਸਿੰਘ ਸਿੱਧੇ ਤੌਰ 'ਤੇ ਵਿਅਕਤੀਗਤ ਅੱਤਵਾਦੀ ਸਨ, ਜੋ ਖ਼ੂਨ ਵਹਾਉਣ ਅਤੇ ਹਥਿਆਰਬੰਦ ਡਾਕਾਜ਼ਨੀ ਵਿਚ ਵਿਸ਼ਵਾਸ ਰੱਖਦੇ ਸਨ – ਜੋ ਉਹਨਾਂ ਦਾ ਮਨ ਪਸੰਦ ਕਰਤੱਵ ਸੀ। ਇਸ ਲਈ ਇਹ ਮੰਦਭਾਗੀ ਗੱਲ ਹੈ, ਇਹ ਇਹਨਾਂ ਕੋਝੇ ਮਿੱਥ-ਘਾੜਿਆਂ ਲਈ, ਜਿਹੜੇ ਬਿਲਕੁਲ ਅਣਜਾਣ ਵੀ ਸਨ ਅਤੇ ਭੈੜੇ ਵੀ ਸਨ, ਇਹ ਮਸ਼ਹੂਰ ਕਰ ਦੇਣਾ ਕਿ ਭਾਰਤ ਨੇ ਗਾਂਧੀ ਦਾ ਰਾਹ ਅਪਣਾ ਕੇ ਆਜ਼ਾਦੀ ਲਈ, ਨਾ ਕਿ ਕ੍ਰਾਂਤੀਕਾਰੀਆਂ ਦੇ ਰਾਹੇ ਚੱਲ ਕੇ।

ਇਹਨਾਂ ਦੋਵਾਂ ਮਿੱਥਾਂ ਤੋਂ ਕੁਝ ਵੀ ਸਚਾਈ ਤੋਂ ਪਰ੍ਹੇ ਨਹੀਂ ਹੋ ਸਕਦਾ। ਭਾਰਤ ਦਾ ਸੁਤੰਤਰਤਾ ਸੰਗ੍ਰਾਮ ਓਨਾ ਹੀ ਪੁਰਾਣਾ ਹੈ ਜਿੰਨਾ ਅੰਗਰੇਜ਼ੀ ਰਾਜ। 1857 ਦੀ ਕੌਮੀ ਬਗ਼ਾਵਤ – ਜਿਸਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਜੰਗ ਕਿਹਾ ਜਾਂਦਾ ਹੈ ਭਾਵ ਜੋ ਪਹਿਲਾਂ ਅੰਗਰੇਜ਼ ਦੇ ਪੰਜੇ ਤੋਂ ਆਜ਼ਾਦੀ ਪ੍ਰਾਪਤੀ ਲਈ ਯਤਨ ਕੀਤੇ ਗਏ। ਇਸ ਦੀ ਬਹੁਤ ਹੀ ਵੱਡੀ ਮਿਸਾਲ ਹੈ

ਪਰ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦੇ ਸਭ ਤੋਂ ਆਖ਼ਰੀ ਅਤੇ ਅਤਿ ਆਧੁਨਿਕ ਪੜਾਅ 1913 ਵਿਚ ਗ਼ਦਰ ਪਾਰਟੀ – ਬਗ਼ਾਵਤ ਦੀ ਪਾਰਟੀ ਦੀ, ਕੈਨੇਡਾ ਅਤੇ ਯੂ.ਐਸ.ਏ ਵਿਚ ਰਹਿੰਦੇ, ਭਾਰਤੀ ਇਨਕਲਾਬੀਆਂ ਦੁਆਰਾ ਸਥਾਪਨਾ ਨਾਲ ਸ਼ੁਰੂ ਹੁੰਦਾ ਹੈ। ਗ਼ਦਰ ਪਾਰਟੀ ਦੀ ਸਥਾਪਨਾ ਨਾਲ, ਭਾਰਤੀ ਇਨਕਲਾਬੀ ਲਹਿਰ ਅਗਾਂਹ ਵੱਲ ਇਕ ਵੱਡਾ ਕਦਮ ਚੁੱਕਦੀ ਹੈ ਕਿਉਂਕਿ ਇਹ ਪਾਰਟੀ ਅੰਤਰਰਾਸ਼ਟਰੀ ਅਤੇ ਧਰਮ ਨਿਰਪੇਖ ਨੀਤੀ ਦੀ ਧਾਰਨੀ ਲੱਗਦੀ ਸੀ। ਇਹ ਭਾਰਤੀ ਫ਼ੌਜ ਨੂੰ ਅੰਗਰੇਜ਼ ਦੀ ਸਾਮਰਾਜੀ ਸਰਕਾਰ ਵ੍ਰਿਰੁੱਧ ਬਗ਼ਾਵਤ ਕਰਨ ਲਈ ਉਕਸਾਉਣ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਦੀ ਸੀ, ਜਿਸ ਵਿਚ ਵੱਡੀ ਗਿਣਤੀ ਕਿਸਾਨਾਂ ਵਿਚੋਂ ਆਈ ਸੀ ਜੋ ਕਾਰਖ਼ਾਨਿਆਂ ਦੇ ਕਾਮੇ ਬਣ ਗਏ ਸਨ।

ਗ਼ਦਰੀ ਲੋਕ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ, ਜਿਹੜਾ 1857 ਦੇ ਭਾਰਤ ਦੀ ਸੁਤੰਤਰਤਾ ਦੀ ਪਹਿਲੀ ਜੰਗ ਨਾਲ ਸ਼ੁਰੂ ਹੋਇਆ ਸੀ, ਵਿਚਕਾਰ ਇਕ ਬਹੁਤ ਹੀ ਮਹੱਤਵਪੂਰਨ ਕੜੀ ਸਨ। ਬਸ ਇਹੀ ਕਾਰਨ ਸੀ ਕਿ ਉਹਨਾਂ ਨੇ ਜਾਣ ਬੁੱਝ ਕੇ ਤੇ ਸੋਚ ਸਮਝ ਕੇ ਆਪਣਾ ਇਹੀ ਨਾਉਂ ਰੱਖਿਆ ਸੀ – ਉਹਨਾਂ ਯੋਧਿਆਂ ਦੇ ਸਤਿਕਾਰ ਵਜੋਂ ਅਤੇ ਉਸ ਵੇਲੇ ਦੀਆਂ ਵੱਡੀਆਂ

ਘਟਨਾਵਾਂ ਦੀ ਯਾਦ ਵਿਚ ਅਤੇ ਉਸੇ ਸੰਘਰਸ਼ ਨੂੰ ਅੱਗੇ ਜਾਰੀ ਰੱਖਣ ਲਈ। ਕਿਉਂਕਿ ਗ਼ਦਰ ਪਾਰਟੀ ਨੂੰ 1857 ਵਿਚ ਫ਼ੌਜ ਦੁਆਰਾ ਅਦਾ ਕੀਤੀ ਭੂਮਿਕਾ ਦਾ ਪੂਰਾ ਗਿਆਨ ਸੀ, ਇਸ ਲਈ ਗ਼ਦਰੀ ਲੋਕ ਫੌਜ ਵਿਚ ਜਾ ਕੇ ਉਹਨਾਂ ਨੂੰ ਬਗ਼ਾਵਤ ਲਈ ਪ੍ਰੇਰਨ ਦੇ ਮਹੱਤਵ ਨੂੰ ਸਮਝਦੇ ਸਨ ਤਾਂ ਜੋ ਅੰਗ੍ਰੇਜ਼ੀ ਹਕੂਮਤ ਨੂੰ ਵਗ੍ਹਾ ਕੇ ਪਰ੍ਹੇ ਸੁੱਟਿਆ ਜਾ ਸਕੇ। ਗ਼ਦਰੀਆਂ ਤੋਂ ਪ੍ਰੇਰਣਾ ਲੈ ਕੇ ਬਹੁਤ ਸਾਰੇ ਸਿਪਾਹੀ ਅੰਗ੍ਰੇਜ਼ੀ ਹਕੂਮਤ ਦੇ ਵਿਰੁੱਧ ਨਿੱਤਰੇ ਸਨ, ਜਿਹਨਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਤੇ ਗੋਲੀ ਨਾਲ ਉਡ਼ਾ ਦਿੱਤੇ ਗਏ।

ਭਾਵੇਂ ਗ਼ਦਰ ਲਹਰਿ ਕੁਚਲ ਦਿੱਤੀ ਗਈ ਸੀ ਅਤੇ ਇਹ ਅੰਗ੍ਰੇਜ਼ੀ ਹਕੂਮਤ ਦੇ ਵਿਰੁੱਧ ਬਗ਼ਾਵਤ ਲਿਆਉਣ ਵਿਚ ਅਸਫ਼ਲ ਰਹੀ, ਪਰ ਇਤਿਹਾਸਿਕ ਪੱਖ ਤੋਂ ਇਹ ਅਸਫ਼ਲਤਾ ਨਹੀਂ ਸੀ। ਭਾਵੇਂ ਇਸ ਵਿਚ ਕਮਜ਼ੋਰੀਆਂ ਸਨ, ਅਤੇ ਇਹ ਬਹੁਤ ਹੀ ਬੇਰਹਿਮੀ ਨਾਲ ਅੰਗ੍ਰੇਜ਼ੀ ਸਰਕਾਰ ਦੁਆਰਾ ਕੁਚਲੀ ਗਈ ਸੀ, ਗਦਰੀ ਲਹਿਰ ਆਪਣੇ ਪਿੱਛੇ ਇਕ ਐਸੀ ਇਨਕਲਾਬੀ ਵਿਰਾਸਤ ਛੱਡ ਗਈ ਅਤੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਉਪਰ ਇਕ ਅਮਿਟਵੀਂ ਮੁਹਰ ਲਾ ਗਈ, ਨਾਲ ਹੀ ਦੱਬੇ ਕੁਚਲੇ ਭਾਰਤੀਆਂ ਨੂੰ ਆਪਣੇ ਵਧੇਰੇ ਉਜਲੇ ਸਮਾਜਿਕ ਅਤੇ ਆਰਥਿਕ ਭਵਿੱਖ ਲਈ ਜਾਗਰੂਕ ਕਰ ਗਈ। ਇਸਨੇ ਇਨਕਲਾਬੀਆਂ ਦੀ ਸਾਰੀ ਦੀ ਸਾਰੀ ਪੀੜ੍ਹੀ ਨੂੰ, ਜਿਵੇਂ ਭਗਤ ਸਿੰਘ ਅਤੇ ਉਸੇ ਦੇ ਸਾਥੀ, ਜਿਹਨਾਂ ਦੀ ਹਿੰਮਤ, ਸਮਝ, ਦਬਾਏ-ਕੁਚਲੇ ਅਤੇ ਸ਼ੋਸ਼ਿਤ ਲੋਕਾਂ ਦੀ ਆਜ਼ਾਦੀ ਲਈ ਉੱਠੇ, ਲੋਕਾਂ ਨੂੰ ਵੀ ਪ੍ਰੇਰਿਤ ਕੀਤਾ, ਜਿਸਦੀ ਧਰਮ ਨਿਰਪੇਖਤਾ ਅਤੇ ਹਰ ਪ੍ਰਕਾਰ ਦੇ ਜਾਤ-ਪਾਤ ਅਤੇ ਧਾਰਮਿਕ ਰੂੜ੍ਹੀਵਾਦ ਨੂੰ ਨਕਾਰਿਆ, ਜਿਸਦਾ ਅੰਤਰਰਾਸ਼ਟੀ ਚਿਹਰਾ ਜੀਵਨ-ਬਲੀਦਾਨੀ ਰੁਚੀ, ਨੇ ਭਾਰਤੀ ਸੁਤੰਤਰਤਾ ਸੰਗ੍ਰਾਮ ਨੂੰ ਅੱਗੇ ਵਧਾਇਆ, ਤਾਂ ਜੋ ਬਸਤੀਵਾਦ ਤੋਂ ਛੁਟਕਾਰਾ ਮਿਲੇ ਅਤੇ ਆਜ਼ਾਦੀ ਦੀ ਜਦੋ ਜਹਿਦ ਜਾਰੀ ਰਹੇ, ਅਤੇ ਨਾਲ ਹੀ ਜਨਤਾ ਵਿਚ ਸਾਮਾਜਕ ਆਜ਼ਾਦੀ ਦੀ ਭਾਵਨਾ ਵੀ ਉਜਾਗਰ ਹੋਵੇ ਤਾਂ ਜੋ ਇਕ ਇਨਸਾਨ ਦਾ ਦੂਸਰੇ ਦੁਆਰਾ ਸੋਸ਼ਣ ਲਾਹ ਕੇ ਪਰ੍ਹੇ ਸੁਟਿਆ ਜਾਵੇ।

## ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ

ਸਚਿੰਦਰ ਨਾਥ ਸਾਨਿਆਲ ਦੁਆਰਾ 1923 ਦੇ ਅੰਤ ਵਿਚ ਹਿੰਦੁਸਤਾਨ ਰਿਪਬਲੀਕਨ ਪਾਰਟੀ ਦੀ ਸਥਾਪਨਾ ਇਸੇ ਦਿਸ਼ਾ ਵਿਚ ਇਕ ਹੋਰ ਅਗਲਾ ਕਦਮ ਸਿੱਧ ਹੁੰਦਾ ਹੈ ਤਾਂ ਜੋ ਭਾਰਤ ਵਿਚ ਇਨਕਲਾਬੀ ਸੁਤੰਤਰਤਾ ਸੰਘਰਸ਼ ਵਿਕਸਿਤ ਹੋਵੇ। ਮਹਾਨ ਸਮਾਜਵਾਦੀ ਇਨਕਲਾਬ ਦੇ ਪ੍ਰਭਾਵ ਅਧੀਨ ਬਣਿਆ ਐਚ ਆਰ ਏ ਦਾ ਮੈਨੀਫ਼ੈਸਟੋ ਪਹਿਲੀ ਜਨਵਰੀ 1925 ਦੀ ਰਾਤ ਨੂੰ ਵੱਡੀ ਗਿਣਤੀ ਵਿਚ ਸਾਰੇ ਭਾਰਤ ਵਿਚ ਵੰਡਿਆ ਗਿਆ ਜੋ ਹਥਿਆਰਬੰਦ ਇਨਕਲਾਬ ਲਿਆਉਣ ਦੇ ਪੱਖ ਵਿਚ ਸੀ, ਤਾਂ ਜੋ ਐਸੇ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ ਜੋ ਪ੍ਰਤਿਯੋਗਤਾ ਨਹੀਂ ਸਗੋਂ ਸਹਿਯੋਗ ਦੇਵੇ ਅਤੇ ਰੂਸ ਦੇ ਬੋਲਿਸ਼ਵਿਕਾਂ ਦੇ ਪਾਏ ਪੂਰਨਿਆਂ 'ਤੇ ਚੱਲ ਸਕੇ। ਸਾਨਿਆਲ ਦੇ ਸੂਤਰੀਕਰਨ ਅਸਪੱਸ਼ਟ ਹਨ ਅਤੇ ਮਾਰਕਸੀ ਢੰਗ ਜਾਂ ਪਦਾਰਥਵਾਦ ਤੋਂ ਦੂਰੇਡੇ ਹਨ। ਫੇਰ ਵੀ ਉਹਨਾਂ ਦੁਆਰਾ ਗ਼ਦਰੀਆਂ ਦੇ ਸੂਤਰੀਕਰਨ ਤੋਂ ਕੁਝ ਅਗਲੇਰੇ ਕਦਮ ਪੁੱਟੇ ਦਿਖਾਈ ਦਿੰਦੇ ਹਨ।

## ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ

ਅਸਲੀ ਅਗਾਂਹਵਧੂ ਕਦਮ ਤਾਂ ਰਾਸ਼ਟਰੀ ਇਨਕਲਾਬੀਆਂ ਦੁਆਰਾ ਸਮਾਜਵਾਦ ਦੀ ਪ੍ਰਵਾਨਾਗੀ ਹਿਤ 1928, ਭਗਤ ਸਿੰਘ ਦੀ ਪਹਿਲਕਦਮੀ 'ਤੇ, ਸਰਬ ਭਾਰਤੀ ਸੰਗਠਨ ਦੀ ਸਥਾਪਨਾ ਨਾਲ ਚੁੱਕੇ ਜਾਂਦੇ ਹਨ – ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ। ਇਸ ਦੀ ਸਥਾਪਨਾ ਨੂੰ ਜ਼ਰੂਰ ਉਸ ਵੇਲੇ ਦੇ ਅੰਤਰਰਾਸ਼ਟਰੀ ਅਤੇ ਘਰੇਲੂ ਹਾਲਾਤ ਦੇ ਸੰਦਰਭ ਵਿਚ ਦੇਖਣਾ ਚਾਹੀਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ , ਪਿਛਲੀ ਸਦੀ ਦੇ ਵੀਹਵਿਆਂ ਵਿਚ ਇਕ ਸ਼ਕਤੀਸ਼ਾਲੀ ਮਿਹਨਤਕਸ਼ਾਂ ਦੀ ਲਹਿਰ ਉਦਯੋਗਿਕ ਅਤੇ ਸਿਆਸੀ ਪਿੜ ਵਿਚ, ਉੱਪਰ ਉੱਠੀ ਜਦ ਦੇਸ਼ ਵਿਚ ਮਿਹਨਤੀਆਂ ਨੇ ਉਦਯੋਗਿਕ ਅਤੇ ਸਿਆਸੀ ਵੱਡੀਆਂ ਹੜਤਾਲਾਂ ਕੀਤੀਆਂ। ਇਸੇ ਦਹਾਕੇ ਵਿਚ ਇਕ ਬਹੁਤ ਹੀ ਜ਼ੋਰਦਾਰ ਕਿਸਾਨੀ ਲਹਿਰ ਦਾ ਜਨਮ ਹੋਇਆ, ਅਤੇ ਦੇਸ ਦੇ ਕਈ ਭਾਗਾਂ ਵਿਚ ਕਾਮਿਆਂ ਦੁਆਰਾ ਜਬਰਦਸਤ ਸੰਘਰਸ਼ ਕੀਤਾ ਗਿਆ। ਇਸੇ ਦੌਰਾਨ, ਕਿਸਾਨਾਂ ਅਤੇ ਕਾਮਿਆਂ ਦੀ ਪਾਰਟੀ ਹੀ ਨਹੀਂ ਹੋਂਦ ਵਿਚ ਆਈ, ਸਗੋਂ ਇਹ ਯਤਨ ਵੀ ਕੀਤੇ ਗਏ ਕਿ ਇਕ ਸੰਯੁਕਤ ਕਮਿਊਨਿਸਟ ਪਾਰਟੀ, ਬਹੁਤ ਸਾਰੇ ਦੇਸ਼ ਵਿਆਪੀ ਸਮੂਹਾਂ ਨੂੰ ਇਕੱਠੇ ਕਰਕੇ, ਸੰਗਠਿਤ ਕੀਤੀ ਜਾਵੇ।

ਇਸਦੇ ਜਵਾਬ ਵਿਚ ਅਤੇ ਇਸ ਇਨਕਲਾਬੀ ਗਤੀਵਿਧੀ ਤੋਂ ਡਰ ਕੇ ਅੰਗ੍ਰੇਜ਼ੀ ਸਰਕਾਰ ਨੇ ਆਪਣੀ ਆਮ ਵਰਗੀ ਵੰਡੋ ਅਤੇ ਰਾਜ ਕਰੋ ਵਾਲੀ ਨੀਤੀ ਅਪਨਾਈ। ਭਾਰਤੀ ਬੁਰਜੂਆ ਨੂੰ ਮਾੜੀਆਂ ਮੋਟੀਆਂ ਰਿਆਇਤਾਂ ਦੇ ਕੇ, ਭਾਵ ਇਸਦੀ ਪ੍ਰਤੀਨਿਧਤਾ ਕਾਂਗਰਸ ਪਾਰਟੀ ਨੂੰ, ਦੇ ਕੇ ਇਸਨੂੰ ਆਪਣੀ ਵੱਲ ਕਰਨ ਦਾ ਯਤਨ ਕੀਤਾ। ਪਰ ਇਨਕਲਾਬੀਆਂ ਨੂੰ ਤਾਂ ਇਹ ਕੇਵਲ ਗ੍ਰਿਫ਼ਤਾਰੀਆਂ, ਤਸੀਹੇ ਜੇਲਾਂ ਅਤੇ ਫਾਂਸੀ ਦੇ ਫੰਦੇ ਹੀ ਪੇਸ਼ ਕਰ ਸਕੀ। ਇਸ ਤਰ੍ਹਾਂ ਇਕ ਤੋਂ ਮਗਰੋਂ ਦੂਸਰੇ ਬੋਲਸ਼ਵੇਕੀ ਸ਼ਾਜ਼ਿਸ਼ ਮੁਕੱਦਮੇ ਕੀਤੇ ਗਏ– ਪੇਸ਼ਾਵਰ, ਕਾਨ੍ਹਪੁਰ ਅਤੇ ਮੇਰਠ ਵਿਚ, ਜਿਸ ਦੇ ਜ਼ਰੀਏ ਬ੍ਰਿਟਿਸ਼ ਸਾਮਰਾਜ ਨੂੰ ਉਮੀਦ ਸੀ, ਅਤੇ ਕੁਝ ਹਾਲਾਤ ਵਿਚ ਕੁਝ ਸਫ਼ਲ ਵੀ ਹੋਈ, ਤਾਂ ਜੋ ਸਿਆਸੀ ਸੰਘਰਸ਼ ਦੇ ਮੈਦਾਨ ਵਿਚੋਂ ਇਨਕਲਾਬੀਆਂ ਨੂੰ ਲਾਂਭੇ ਕਰ ਦਿੱਤਾ ਜਾਵੇ।

ਇਹ ਸਾਰੀਆਂ ਘਟਨਾਵਾਂ ਅਤੇ ਇਸ ਹਕੀਕਤ ਦਾ ਅਸਰ ਤਾਂ ਕੌਮੀ ਇਨਕਲਾਬੀਆਂ 'ਤੇ ਤਾਂ ਜ਼ਰੂਰ ਪੈਣਾ ਸੀ। ਇਸ ਤੋਂ ਪਹਿਲੀ ਇਲਕਲਾਬੀਆਂ ਦੀ ਪੀੜ੍ਹੀ ਵਾਂਗੂੰ ਨਹੀ, ਜਿਹੜੇ ਵਰਤਮਾਨ ਅਤੇ ਭਵਿੱਖ ਵਾਸਤੇ ਆਪਣੇ ਪੁਰਾਤਨ ਭਾਰਤੀ ਅਤੀਤ ਤੋਂ ਪ੍ਰੇਰਣਾ ਲੈਂਦੇ ਸਨ, ਅਤੇ ਜਿਹਨਾਂ ਦੀ ਨਿਗ੍ਹਾ ਵਿਚ ਆਮ ਜਨਤਾ ਅਤੇ ਉਸ ਦੀਆਂ ਸਮਸਿਆਵਾਂ ਲਈ ਬਹੁਤ ਥੋੜ੍ਹੀ ਥਾਂ ਸੀ, ਇਸਦੇ ਉਲਟ ਇਨਕਲਾਬੀਆਂ ਦੀ ਨਵੀਂ ਪੀੜ੍ਹੀ, ਜਿਹੜੀ ਪਿਛਲੀ ਸਦੀ ਦੇ ਤੀਸਰੇ ਦਹਾਕੇ ਤੋਂ ਸ਼ੁਰੂ ਹੋਈ, ਜੋ ਅਕਤੂਬਰ ਇਨਕਲਾਬ ਦੀ ਜਿੱਤ ਤੋਂ ਪ੍ਰਭਾਵਿਤ ਸੀ, ਜਿਸਦੇ ਸਾਰੇ ਹੀ ਟੀਚੇ ਅਤੇ ਆਦਰਸ਼ ਉੱਤਮ ਅਤੇ ਹਰ ਪਾਸੇ ਜੇਤੂ ਸਨ, ਬੜੇ ਵਿਸ਼ਵਾਸ ਨਾਲ ਵਿਗਿਆਨਕ ਸਮਾਜਵਾਦ ਵਲ ਅੱਗੇ ਵਧੀ, ਜਿਹੜਾ ਇਕੋ ਇਕ ਢੰਗ ਸੀ ਜੋ ਭਾਰਤੀ ਜਨਤਾ ਨੂੰ ਕਦੀਮਾਂ ਦੀ ਗੁਲਾਮੀ ਤੋਂ ਮੁਕਤੀ ਦੁਆ ਸਕਦਾ ਸੀ ਅਤੇ ਆਰਥਿਕ, ਮਾਨਸਿਕ, ਅਧਿਆਤਮਕ ਤੇ ਸਭਿਆਚਾਰਕ ਨਵ-ਉਸਾਰੀ ਇਕ ਬੇਮਿਸਾਲ ਢੰਗ ਨਾਲ ਕਰ ਸਕਦਾ ਸੀ। ਇਹ 1925 ਦੇ ਮੈਨੀਫ਼ੈਸਟੋ 'ਚੋਂ ਪ੍ਰਤਿਬਿੰਬਤ ਹੁੰਦਾ ਹੈ ਜਿਹੜਾ ਹਿੰਦੁਸਤਾਨ ਰਿਬਪਲੀਕਨ ਐਸੋਸੀਏਸ਼ਨ ਨੇ ਜਾਰੀ ਕੀਤਾ ਸੀ ਅਤੇ ਇਸਤੋਂ ਵੀ ਵੱਧ ਇਸ ਦੇ ਮਗਰੋਂ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ

ਐਸੋਸੀਏਸ਼ਨ ਦੁਆਰਾ, ਜੋ 1928 ਵਿਚ ਹੋਂਦ ਵਿਚ ਆਈ ਸੀ, ਭਗਤ ਸਿੰਘ ਦੀ ਪਹਿਲਕਦਮੀ ਵਜੋਂ, ਜੋ ਕਿ ਸਭ ਤੋਂ ਵੱਧ ਸੂਝਵਾਨ, ਨਿਡਰ, ਇਰਾਦੇ ਦੇ ਪੱਕੇ ਅਤੇ ਦੂਰ ਅੰਦੇਸ਼ ਭਾਰਤ ਨੇ ਪੈਦਾ ਕੀਤੇ ਸਨ। ਇਹ ਕੋਈ ਅਕਾਰਨ ਹੀ ਨਹੀਂ ਸੀ ਕਿ ਕਾਮਰੇਡ ਬੀ.ਟੀ ਰਨਦੀਵੇ ਭਗਤ ਸਿੰਘ ਦੀ ਸ਼ਖਸੀਅਤ ਨੂੰ ਇੰਝ ਭਰਵੀਂ ਸ਼ਰਧਾਂਜਲੀ ਦਿੰਦਾ ਹੈ –

*" ਹੋਰ ਕਿਸੇ ਇਨਕਲਾਬੀ ਨੇਤਾ ਦਾ ਭਾਰਤ ਦੀ ਜਾਗ ਰਹੀ ਜਨਤਾ ਨਾਲ ਐਨਾ ਵੱਧ ਰਾਬਤਾ ਨਹੀਂ ਸੀ, ਹੋਰ ਕੋਈ ਨੇਤਾ ਵੀ ਜਨਤਾ ਦਾ ਐਨਾ ਹਰਮਨ ਪਿਆਰਾ ਨਹੀਂ ਬਣਿਆ ਸੀ, ਵਿਸ਼ੇਸ ਕਰ ਨੌਜਵਾਨ ਪੀੜ੍ਹੀ ਦਾ, ਜਿੰਨਾ ਭਗਤ ਸਿੰਘ। ਉਸਦੀ ਆਪਣੀ ਘਾਲਣਾ ਅਤੇ ਸੰਘਰਸ਼ ਦਾ ਖੁਲ੍ਹਾ ਪ੍ਰਗਟਾਵਾ ਉਸਦੇ ਦਿੱਲੀ ਦੀ ਨੈਸ਼ਨਲ ਅਸੈਂਬਲੀ ਵਿਚ ਬੰਬ ਸੁੱਟਣ ਤੋਂ ਮਗਰੋ ਲਾਏ ਜੈਕਾਰੇ ਵਿਚੋਂ ਮਿਲਦਾ ਹੈ ਇਨਕਿਲਾਬ ਜ਼ਿੰਦਾਬਾਦ, ਜੋ ਇਕ ਐਸਾ ਨਾਅਰਾ ਸੀ ਜੋ ਉਸ ਵੇਲੇ ਦੇ ਲੋਕਾਂ ਲਈ ਬਿਲਕੁਲ ਨਵਾਂ ਜੈਘੋਸ਼ ਸੀ। ਇਸ ਵਿਚ ਸ਼ੱਕ ਨਹੀਂ ਕਿ ਕਮਿਉਨਿਸਟ ਲੀਡਰ ਇਹ ਨਾਅਰਾ ਰਤਾ ਪਹਿਲਾਂ ਲਗਾਣ ਲੱਗ ਪਏ ਸਨ ਪਰ ਇਹ ਅਜੇ ਆਮ ਲੋਕਾਂ ਤਕ ਨਹੀਂ ਪੁੱਜਾ ਸੀ। '*

*"ਕੋਈ ਇਨਕਲਾਬ, ਜਾਂ ਕੋਈ ਇਨਕਲਾਬੀ ਵਿਚਾਰਧਾਰਾ ਸਫਲ ਨਹੀਂ ਹੋ ਸਕਦੀ ਜਦ ਤੱਕ ਇਸ ਵਿਚ ਵਿਅਕਤੀਗਤ ਵੀਰਤਾ ਅਤੇ ਕਸ਼ਟ ਸਹਾਰਨ ਦਾ ਮਾਦਾ ਨਾ ਹੋਵੇ – ਜਿਸ ਵਿਚ ਬਹੁਤ ਹੀ ਬੇਮਿਸਾਲ ਪਾਏ ਦੇ ਵਿਅਕਤੀ ਨਾ ਹੋਣ, ਜਿਹੜੇ ਆਪਣੀ ਹਿੰਮਤ ਅਤੇ ਕੁਰਬਾਨੀ ਦੀ ਮਿਸਾਲ ਕਾਇਮ ਕਰਕੇ ਲੋਕਾਂ ਨੂੰ ਉਕਸਾ ਨਾ ਸਕਣ, ਜਿਹਨਾਂ ਵਿਚ ਫਾਂਸੀ ਦੇ ਤਖਤੇ 'ਤੇ ਚੜ੍ਹਨ ਲਈ ਅਤੇ ਜੱਲਾਦਾਂ ਦੇ ਕੁਹਾੜੇ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਨਾ ਹੋਵੇ। ਕੋਈ ਇਨਕਲਾਬੀ ਗਤੀਵਿਧੀ ਪੁੱਟ ਕੇ ਵਗ੍ਹਾ ਮਾਰਨ ਵਾਲੇ ਦੁਸ਼ਮਣ ਨਾਲ ਅਤਿ ਦਰਜੇ ਦੀ ਨਫ਼ਰਤ ਕੀਤੇ ਬਿਨਾ, ਵੈਰੀ ਦੀ ਹਰ ਸੰਸਥਾ ਅਤੇ ਕਾਰਸਾਜ਼ੀ ਵਿਰੁੱਧ ਹਰ ਤਰ੍ਹਾਂ ਦੀ ਜੰਗ ਛੇੜੇ ਬਿਨਾਂ, ਸਫਲ ਨਹੀਂ ਹੋ ਸਕਦੀ। ਭਗਤ ਸਿੰਘ ਵਿਚ ਅੰਗ੍ਰੇਜ਼ੀ ਹਕੂਮਤ ਵਿਰੁਧ ਨਫ਼ਰਤ ਵੀ ਅਤੇ ਵਿਅਕਤੀਗਤ ਬਹਾਦਰੀ ਵੀ ਬਹੁਤ ਜ਼ਿਆਦਾ ਸੀ, ਜਿਸ ਕਾਰਨ ਉਹ ਸੰਘਰਸ਼ਸ਼ੀਲ ਕੌਮ ਦਾ ਚਿੰਨ੍ਹ ਬਣ ਗਿਆ, ਵਿਦੇਸ਼ੀ ਰਾਜ ਪ੍ਰਤੀ ਨਫ਼ਰਤ ਦਾ ਵੱਡਾ ਨਮੂਨਾ ਬਣ ਗਿਆ। " (ਭੂਮਿਕਾ – ਸ਼ਹੀਦ ਭਗਤ ਸਿੰਘ ਦੀਆਂ ਚੋਣਵੀਂਆਂ ਲਿਖਤਾਂ (ਸੰਪਾਦਨ ਕਾਮਰੇਡ ਸ਼ਿਵ ਵਰਮਾ ਦੁਆਰਾ)*

ਉਸਦੇ ਬਹੁਤ ਵੱਡੇ ਅਤੇ ਬੇਮਿਸਾਲ ਹੌਸਲੇ ਦੇ ਅਤੇ ਗਲੇ ਸੜੇ ਵਿਦੇਸ਼ੀ ਸਾਮਰਾਜ ਅਤੇ ਉਸਦੇ ਮੱਧ ਸ਼੍ਰੇਣੀ ਦੇ ਅਤੇ ਜਾਗੀਰਦਾਰ ਹਿਮਾਇਤੀਆਂ ਦੇ ਵਿਰੁੱਧ ਲੜਾਈ ਵਿਚ ਸਭ ਕੁਝ ਕੁਰਬਾਨ ਕਰ ਦੇਣ ਲਈ ਤਿਆਰ ਰਹਿਣ ਦੇ ਨਾਲ ਨਾਲ, ਭਗਤ ਸਿੰਘ ਇਕ ਬਹੁਤ ਵੱਡੀ ਸੂਝਬੂਝ ਦਾ ਵੀ ਮਾਲਿਕ ਸੀ। *"ਇਕ ਬੁੱਧੀਜੀਵੀ ਦੇ ਤੌਰ 'ਤੇ "*ਕਾਮਰੇਡ ਸ਼ਿਵ ਵਰਮਾ ਲਿਖਦਾ ਹੈ, *"ਭਗਤ ਸਿੰਘ ਸਾਡੇ ਸਾਰਿਆਂ ਨਾਲੋਂ ਬਹੁਤ ਉੱਤਮ ਸੀ।* ਉਹ ਤਾਂ ਆਪਣੇ ਆਲੇ ਦੁਆਲੇ ਦੇ ਸਾਰੇ ਹੀ ਇਨਕਲਾਬੀਆਂ ਦੇ ਵਿਚ ਅੱਵਲ ਸੀ ਅਤੇ ਉਹ ਆਪਣੇ ਸਾਥੀਆਂ ਨਾਲੋਂ ਵਧੇਰੇ ਦੂਰ ਤਕ ਦੇਖ ਸਕਦਾ ਸੀ। ਇੰਝ ਇਹ ਉਸਦੇ ਸੁਝਾਅ ਅਤੇ ਪ੍ਰੇਰਣਾ 'ਤੇ ਹੋਇਆ ਸੀ ਕਿ ਐਚ. ਆਰ.ਏ. ਦੇ ਨਾਲ ਸੋਸ਼ਲਿਜ਼ਮ ਸ਼ਬਦ ਜੋੜਿਆ ਗਿਆ ਸੀ, ਅਤੇ ਸਮਾਜਵਾਦ ਦਾ ਵਿਚਾਰ ਵਧੇਰੀ ਡੂੰਘਾਈ ਅਤੇ ਵਿਸਥਾਰ ਨਾਲ ਰੂਪਮਾਨ ਕੀਤਾ ਗਿਆ ਸੀ, ਜਿਹੜਾ ਪਹਿਲਾਂ ਕਿਸੇ ਵੀ ਇਨਕਲਾਬੀ ਸੰਗਠਨ ਨੇ ਨਹੀਂ ਕੀਤਾ ਸੀ, ਜਿਸ ਨੂੰ ਐਚ.ਐਸ.ਆਰ.ਏ ਦੇ ਪ੍ਰੋਗਰਾਮ ਵਿਚ ਸ਼ਾਮਿਲ ਕੀਤਾ ਗਿਆ ਹੋਵੇ।

## ਹਥਿਆਰਬੰਦ ਸੰਘਰਸ਼ ਦੀ ਲੋੜ ਮਹਿਸੂਸ ਕਰਨਾ

ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨੇ ਦੇ ਸੰਸਥਾਪਕਾਂ ਨੇ ਭਾਰਤ ਵਿਚ ਬ੍ਰਿਟਿਸ਼ ਰਾਜ ਦਾ ਪੂਰਾ ਅਧਿਐਨ ਕੀਤਾ ਸੀ। ਐਚ.ਐਸ.ਆਰ. ਏ ਦੇ ਆਗੂਆਂ ਨੇ ਇਹ ਪੂਰੀ ਤਰ੍ਹਾਂ ਮਹਿਸੂਸ ਕਿ ਅੰਗ੍ਰੇਜ਼ਾਂ ਨੇ ਭਾਰਤ ਨੂੰ ਤਲਵਾਰ ਅਤੇ ਬੰਦੂਕ ਦੇ ਜ਼ੋਰ ਨਾਲ ਫ਼ਤਹਿ ਕੀਤਾ ਸੀ ਅਤੇ ਹਥਿਆਰਾਂ ਦੇ ਜ਼ੋਰ 'ਤੇ ਹੀ ਇਸ ਕਬਜ਼ੇ ਨੂੰ ਬਣਾਈ ਰੱਖਣ ਵਿਚ ਸਫ਼ਲ ਹੋ ਰਹੇ ਸਨ। ਇਸ ਲਈ ਉਹਨਾਂ ਨੂੰ ਅਮਨ ਸ਼ਾਂਤੀ ਦੁਆਰਾ (ਸਤਿਆਗ੍ਰਹਿ ਕਰਕੇ) ਜਾਂ ਹੋਰ ਐਸੇ ਢੰਗ, ਜੋ ਮਹਾਤਮਾ ਗਾਂਧੀ ਵਰਤਦਾ ਸੀ ਜਿਸ ਨਾਲ ਹਥਿਆਰਬੰਦ ਸੰਘਰਸ਼ ਨੂੰ, ਜੋ ਅੰਗ੍ਰੇਜ਼ ਦੇ ਸੋਸ਼ਣ ਵਿਰੁੱਧ ਸੀ, ਨੂੰ ਧੱਕਾ ਲੱਗਦਾ ਸੀ, ਭਾਰਤ ਵਿਚੋਂ ਕੱਢਿਆ ਨਹੀਂ ਜਾ ਸਕਦਾ ਸੀ। ਇਸ ਲਈ ਲੋਕਾਂ ਨੂੰ ਜਥੇਬੰਦ ਕਰਨਾ ਅਤੇ ਹਥਿਆਰਬੰਦ ਸੰਘਰਸ਼ ਨੂੰ ਚਲਾਉਣਾ ਐਚ.ਐਸ.ਆਰ.ਏ, ਜਿਹੜੀ 1928 ਦੀ ਕਾਨਫ਼ਰੰਸ ਵਿਚ ਹਥਿਆਰਬੰਦ ਇਕਾਈ ਦੇ ਤੌਰ 'ਤੇ ਸਥਾਪਿਤ ਕੀਤੀ ਗਈ ਸੀ, ਜਿਸਦਾ ਕਮਾਂਡਰ-ਇਨ-ਚੀਫ਼, ਚੰਦਰ ਸ਼ੇਖਰ ਨੂੰ ਬਣਾਇਆ ਗਿਆ ਸੀ, ਇਹ ਉਸਦੇ ਪ੍ਰੋਗਰਾਮ ਅਤੇ ਹਥਿਆਰਬੰਦ ਜੰਗ ਦਾ ਅਨਿੱਖੜਵਾ ਅੰਗ ਸੀ।

## ਭਗਤ ਸਿੰਘ ਦੀ ਭਾਰਤ ਦੇ ਭਵਿੱਖ ਬਾਰੇ ਦ੍ਰਿਸ਼ਟੀ

ਭਗਤ ਸਿੰਘ ਅਤੇ ਉਸਦੇ ਨੇੜਲੇ ਸਾਥੀਆਂ ਅਤੇ ਕੌਮੀ ਇਨਕਲਾਬੀਆਂ ਦੀ ਨਵੀਂ ਪੀੜ੍ਹੀ ਨੇ ਪੱਕਾ ਨਿਸ਼ਚਾ ਕਰ ਲਿਆ ਹੋਇਆ ਸੀ ਕਿ ਆਮ ਜਨਤਾ ਦੀ ਹਿਮਾਇਤ ਨਾਲ ਅਤੇ ਇਨਕਲਾਬ ਦੀ ਅਤਿ ਆਧੁਨਿਕ ਸਾਇੰਸ ਤੋਂ ਸਿਖਿਆ ਲੈ ਕੇ ਇਨਕਲਾਬ ਲਿਆਉਣਾ ਹੈ। ਇਹ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਂਦਰੀ ਅਸੈਂਬਲੀ ਵਿਚ 8 ਅਪ੍ਰੈਲ 1929 ਵਿਚ ਬੰਬ ਸੁੱਟਣ ਮਗਰੋਂ, ਇਕ ਅਜਿਹਾ ਕਾਰਜ ਜਿਸ ਲਈ ਉਹਨਾਂ ਨੂੰ ਆਪਣੀ ਜਾਨ ਕੁਰਬਾਨ ਕਰਨੀ ਪਈ ਸੀ, ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਸੁਨਿਸ਼ਚਿਤ ਕੀਤਾ ਸੀ ਕਿ ਅਸੈਂਬਲੀ ਹਾਲ ਵਿਚ ਲਾਲ ਇਸ਼ਤਿਹਾਰ ਸੁੱਟੇ ਜਾਣ ਤੇ ਨਾਲ ਹੀ ਇਨਕਲਾਬ ਜ਼ਿੰਦਾਬਾਦ ਅਤੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਜ਼ਿੰਦਾਬਾਦ ਨਾਅਰੇ ਲਗਾਏ ਜਾਣ।

ਉਹਨਾਂ ਦੇ ਬਿਆਨ ਵਿਚ, ਜਿਹੜਾ ਭਗਤ ਸਿੰਘ ਨੇ ਤਿਆਰ ਕੀਤਾ ਸੀ ਅਤੇ ਜਿਹੜਾ ਉਹਨਾਂ ਦੇ ਵਕੀਲ ਆਸਿਫ਼ ਅਲੀ ਨੇ 6 ਜੂਨ 1929 ਨੂੰ ਅਦਾਲਤ ਦੇ ਸਾਹਮਣੇ ਪੜ੍ਹਿਆ ਸੀ ਜਿੱਥੇ ਉਹਨਾਂ ਦੇ ਵਿਰੁੱਧ ਮੁਕੱਦਮਾ ਚੱਲ ਰਿਹਾ ਸੀ, ਭਗਤ ਸਿੰਘ ਅਤੇ ਉਸਦੇ ਨਾਲ ਦੇ ਅਰੋਪੀਆਂ ਨੇ ਇਹ ਸਪੱਸ਼ਟ ਕੀਤਾ ਸੀ ਕਿ ਉਹਨਾਂ ਨੇ ਬੰਬ ਸੁੱਟਆ ਸੀ ਕਮਿਉਨਿਸਟਾਂ ਦੀ ਅਤੇ ਹੋਰ ਮਜ਼ਦੂਰ ਲਹਿਰ ਦੇ ਮੈਂਬਰਾਂ ਦੀ ਗ੍ਰਿਫਤਾਰੀ ਦੇ ਖ਼ਿਲਾਫ਼, ਜਿਸ ਦੇ ਫਲਸਰੂਪ ਮੇਰਠ ਕਾਂਸਪੀਰੇਸੀ ਕੇਸ ਚਲਿਆ ਸੀ ਅਤੇ ਟਰੇਡ ਡਿਸਪਿਊਟ ਐਕਟ ਦੇ ਵਿਰੁੱਧ ਜਿਸ ਹੇਠ ਉਦਯੋਗਿਕ ਕਾਮਿਆਂ ਦੁਆਰਾ ਆਮ ਹੜਤਾਲ ਕਰਨ 'ਤੇ ਪਾਬੰਦੀ ਲਗਾਉਣੀ ਸੀ। ਇਹ ਸਪੱਸ਼ਟ ਕਰਕੇ ਕਿ ਕੋਈ ਵੀ ਸੁਰਖਿਆ ਬਿਲ, ਨਾ ਹੀ ਬਹੁਤੇ ਸਾਰੇ ਆਰਡੀਨੈਂਸ ਜਾਰੀ ਕਰਕੇ, ਨਾ ਹੀ ਝੂਠੇ ਕੇਸ ਦਾਇਰ ਕਰਨ ਨਾਲ, ਇਨਕਲਾਬ ਦੀ ਲਾਟਾਂ ਬੁਝਾਈਆਂ ਨਹੀਂ ਜਾ ਸਕਦੀਆਂ ਅਤੇ ਨਾ ਹੀ ਇਸਦੇ ਰਾਹ ਰੋਕ ਸਕਦੀਆਂ ਹਨ। ਬਿਆਨ ਵਿਚ ਅੱਗੇ ਕਿਹਾ ਸੀ ਕਿ ਸਮਾਜ ਦਾ ਸਮਾਜਵਾਦੀ ਢੰਗ ਨਾਲ ਪੁਨਰਗਠਨ ਕਰਨਾ, ਇਹ ਕਹਿਣਾ *"ਜਦ ਤਕ ਅਜਿਹਾ ਨਹੀਂ ਕੀਤਾ ਜਾਂਦਾ, ਇਨਸਾਨ*

*ਦਾ ਇਨਸਾਨ ਦੁਆਰਾ ਅਤੇ ਕਿਸੇ ਰਾਸ਼ਟਰ ਦਾ ਦੂਸਰੇ ਰਾਸ਼ਟਰ ਦੁਆਰਾ ਸੋਸ਼ਣ ਖ਼ਤਮ ਨਹੀਂ ਕੀਤਾ ਜਾਂਦਾ, ਜਿਸ ਕਾਰਨ ਇਨਸਾਨੀਅਤ ਨੂੰ ਡਰ ਅਤੇ ਸਹਿਮ ਹੇਠ ਦੁਖੀ ਕੀਤਾ ਜਾ ਰਿਹਾ ਹੈ, ਇਹ ਹਟ ਨਹੀਂ ਸਕਦਾ। ਇਹ ਐਵੇਂ ਕਹਿਣ ਦੀ ਫੋਕੀ ਗੱਲ ਹੀ ਹੈ ਕਿ ਜੰਗ ਖ਼ਤਮ ਹੋ ਜਾਵੇਗੀ ਅਤੇ ਸੰਸਾਰ ਵਿਆਪੀ ਸ਼ਾਂਤੀ ਸਥਾਪਿਤ ਹੋ ਜਾਵੇਗੀ। ਇਹ ਇਕ ਖੁੱਲ੍ਹਮ ਖੁੱਲ੍ਹਾ ਢੌਂਗ ਹੈ।"*

21 ਜਨਵਰੀ 1930, ਵੀ ਆਈ ਲੈਨਿਨ ਦੇ ਇਸ ਦੁਨੀਆਂ ਤੋਂ ਚਲੇ ਜਾਣ ਦੀ ਬਰਸੀ, ਵਾਲੇ ਦਿਨ ਦੋਸ਼ੀ ਲਾਹੌਰ ਅਦਾਲਤ ਵਿਚ ਹਾਜ਼ਰ ਹੋਏ ਤਾਂ ਉਹਨਾਂ ਨੇ ਲਾਲ ਰੁਮਾਲ ਚੁੱਕੇ ਹੋਏ ਸਨ ਅਤੇ ਨਾਅਰੇ ਲਗਾ ਰਹੇ ਸਨ- ਸਮਾਜਵਾਦੀ ਇਨਕਲਾਬ ਜ਼ਿੰਦਾਬਾਦ, ਕਮਿਊਨਿਸਟ ਇੰਟਰਨੈਸ਼ਨਲ ਜ਼ਿੰਦਾਬਾਦ, ਲੈਨਿਨ ਦਾ ਨਾਮ ਕਦੇ ਵੀ ਮਿਟੇਗਾ ਨਹੀਂ ਅਤੇ ਸਾਮਰਾਜ ਮੁਰਦਾਬਾਦ।

ਭਗਤ ਸਿੰਘ ਨੇ ਇਹ ਸੁਨੇਹਾ ਕੌਮਿਨਟਰਨ ਲਈ ਪੜ੍ਹਿਆ ਅਤੇ ਬੜੇ ਹੀ ਹਿੰਮਤੀ ਅਤੇ ਜੋਸ਼ੀਲੇ ਢੰਗ ਨਾਲ ਕੇਸ ਚਲਾ ਰਹੇ ਜੱਜ ਨੂੰ ਕਿਹਾ ਕਿ ਇਹ ਸੁਨੇਹਾ ਉਸ ਸੰਸਥਾ ਨੂੰ ਭੇਜ ਦਿੱਤਾ ਜਾਵੇ- "ਅੱਜ ਲੈਨਿਨ ਦਿਵਸ 'ਤੇ ਅਸੀਂ ਆਪਣੀਆਂ ਹਾਰਦਿਕ ਸ਼ੁਭ ਇਛਾਵਾਂ ਭੇਜਦੇ ਹਾਂ, ਉਹਨਾਂ ਸਾਰਿਆਂ ਲਈ ਜੋ ਉਸ ਮਹਾਨ ਲੈਨਿਨ ਦੀ ਵਿਚਾਰ ਧਾਰਾ 'ਤੇ ਚੱਲਦੇ ਹੋਏ ਇਸਨੂੰ ਅੱਗੇ ਲੈ ਜਾ ਰਹੇ ਹਨ। ਅਸੀ ਉਸ ਮਹਾਨ ਤਜਰਬੇ ਲਈ ਵੀ ਸ਼ੁਭ ਇੱਛਾਵਾਂ ਭੇਜਦੇ ਹਾਂ ਜਿਹੜਾ ਰੂਸ ਕਰ ਰਿਹਾ ਹੈ। ਅਸੀਂ ਅੰਤਰਰਾਸ਼ਟਰੀ ਕਾਮਿਆਂ ਦੀ ਸੁਰ ਨਾਲ ਸੁਰ ਰਲਾਉਂਦੇ ਹਾਂ। ਅੰਤ ਜਿਤ ਪ੍ਰੋਲੇਤਾਰੀ ਦੀ ਹੋਵੇਗੀ। ਪੂੰਜੀਵਾਦ ਹਰਾ ਦਿੱਤਾ ਜਾਵੇਗਾ। ਸਾਮਰਾਜ ਦੀ ਮੌਤ ਹੋਵੇਗੀ।"

## ਸਮਝੌਤਾਵਾਦੀ ਭਾਰਤੀ ਮੱਧ ਸ਼੍ਰੇਣੀ ਪ੍ਰਤੀ ਭਗਤ ਸਿੰਘ ਦੀ ਨਫ਼ਰਤ

ਕੌਮੀ ਇਲਕਿਲਾਬੀਆਂ ਦੇ ਵਿਚਾਰ ਡਰਪੋਕ ਭਾਰਤੀ ਬੁਰਜੂਆ (ਮੱਧ ਸ਼੍ਰੇਣੀ) ਸਮਝੌਤਾਵਾਦੀਆਂ ਦੇ ਨੇਤਾਵਾਂ ਨੂੰ ਕੌੜੇ ਲੱਗਦੇ ਸਨ। ਭਗਤ ਸਿੰਘ ਇਸ ਸ਼੍ਰੇਣੀ ਦੇ ਵਰਗ ਚਰਿੱਤਰ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਜਿੰਨਾ ਉਹ ਆਮ ਜਨਤਾ ਦੀਆਂ ਇਨਕਲਾਬੀ ਸੰਭਾਵਨਾਵਾਂ ਨੂੰ ਸਮਝਦਾ ਸੀ। ਉਹ ਦੋਵਾਂ ਦੀ ਭਿੰਨਤਾ ਦੱਸਦਾ ਹੈ ਅਤੇ ਭਾਰਤੀ ਬੁਰਜੂਆ ਸ਼੍ਰੇਣੀ ਦੇ ਨੇਤਾਵਾਂ ਦੀ ਭਾਰਤੀ ਸੁਤੰਤਰਤਾ ਸੰਗ੍ਰਾਮ ਚਲਾਉਣ ਹਿਤ ਨੀਤੀ ਦੀ ਸਖ਼ਤ ਨਿਖੇਧੀ ਕਰਦਾ ਹੈ, ਇਕ ਪੱਤਰ ਵਿਚ ਜੋ ਉਸਨੇ ਆਪਣੀ ਜੇਲ੍ਹ ਵਿਚੋਂ ਯੁਵਾ ਸਿਆਸੀ ਕਾਰਕੁੰਨਾਂ ਦੇ ਨਾਮ 2 ਫਰਵਰੀ 1931 ਨੂੰ ਲਿਖਿਆ ਸੀ -

*'ਅਸਲੀ ਇਨਕਲਾਬੀ ਫ਼ੌਜਾਂ ਤਾਂ ਸਾਡੇ ਪਿੰਡ ਅਤੇ ਕਾਰਖ਼ਾਨੇ ਹਨ, ਕਿਸਾਨ ਅਤੇ ਕਿਰਤੀ ਹਨ। ਪਰ ਸਾਡੇ ਬੁਰਜੁਆ ਲੀਡਰ ਉਹਨਾਂ ਵੱਲ ਧਿਆਨ ਨਹੀਂ ਦਿੰਦੇ ਅਤੇ ਨਾ ਧਿਆਨ ਦੇਣ ਦੀ ਹਿੰਮਤ ਕਰ ਸਕਦੇ ਹਨ। ਸੁੱਤੇ ਹੋਏ ਸ਼ੇਰ ਨੂੰ ਜਦ ਉਸਦੀ ਗਹਿਰੀ ਨੀਂਦ ਵਿਚੋਂ ਜਗਾ ਦਿੱਤਾ ਜਾਵੇ ਤਾਂ ਉਹ ਐਨਾ ਬੇਰੋਕ ਹੋ ਜਾਏਗਾ ਕਿ ਜੋ ਟੀਚੇ ਸਾਡੇ ਲੀਡਰਾਂ ਨੇ ਮਿਥੇ ਹਨ ਉਹ ਪੂਰੇ ਹੋਣ 'ਤੇ ਵੀ ਉਸਨੂੰ ਚੈਨ ਨਹੀਂ ਆਵੇਗੀ। ਮਹਾਤਮਾ ਗਾਂਧੀ ਨੇ ਐਲਾਨ ਕੀਤਾ – ਅਸੀ ਮਜ਼ਦੂਰਾਂ ਨੂੰ ਨਾ ਛੇੜੀਏ। ਕਾਰਖ਼ਾਨੇ ਮਜ਼ਦੂਰਾਂ ਦਾ ਸਿਆਸੀ ਇਸਤੇਮਾਲ ਖਤਰਨਾਕ ਹੈ' (ਦੀ ਟਾਈਮਜ਼' ਮਈ, 1921)। ਤਦ ਤੋਂ ਉਹਨਾਂ ਨੇ ਉਹਨਾਂ ਤਕ ਪਹੁੰਚ ਕਰਨ ਦੀ ਜੁਰਅਤ ਹੀ ਨਹੀਂ ਕੀਤੀ। ਅਜੇ ਕਿਸਾਨੀ ਬਾਕੀ ਹੈ। 1922 ਦਾ ਬਰਦਉਲੀ ਮਤਾ ਸਪੱਸ਼ਟ ਤੌਰ 'ਤੇ ਪ੍ਰਗਟ ਕਰਦਾ ਹੈ ਕਿ*

*ਕਿਸ ਪ੍ਰਕਾਰ ਇਹ ਲੀਡਰ ਡਰੇ ਹੋਏ ਸਨ, ਜਦ ਉਹਨਾਂ ਨੇ ਦੇਖਿਆ ਕਿ ਮਹਾਨ ਕਿਸਾਨੀ ਵਰਗ ਇਕ ਵਿਦੇਸ਼ੀ ਹਕੂਮਤ ਦੇ ਜੂਲ਼ੇ ਨੂੰ ਲਾਹ ਸੁਟਣ ਲਈ ਹੀ ਨਹੀਂ ਉਠ ਪਿਆ ਸੀ, ਸਗੋਂ ਜ਼ਿਮੀਦਾਰਾਂ ਦੀ ਪੰਜਾਲੀ ਲਾਹ ਮਾਰਨ ਲਈ ਵੀ ਤਤਪਰ ਸੀ।*

*"ਇਥੇ ਹੀ ਸਾਡੇ ਲੀਡਰ ਅੰਗ੍ਰੇਜ਼ੀ ਹਕੂਮਤ ਦੇ ਸਾਹਮਣੇ ਗੋਡੇ ਟੇਕ ਦੇਣੇ ਮੁਨਾਸਿਬ ਸਮਝਦੇ ਹਨ ਨਾ ਕਿ ਖੇਤ ਮਜ਼ਦੂਰਾਂ ਨੂੰ ਪਹੁੰਚ ਕਰਨ – ਤਦੇ ਹੀ ਮੈ ਕਹਿੰਦਾ ਹਾਂ ਕਿ ਉਹ ਕਦੇ ਵੀ ਪੂਰਾ ਇਨਕਲਾਬ ਨਹੀਂ ਚਾਹੁੰਦੇ ਸਨ।"*

ਲਾਹੌਰ ਸਾਜ਼ਿਸ਼ ਮੁਕੱਦਮੇ ਦੌਰਾਨ ਉਹਨਾਂ ਦਾ ਚਰਿੱਤਰ ਅਤੇ ਦਾਅ-ਪੇਚ ਜੋ ਅਦਾਲਤ ਵਿਚ ਅਪਣਾਏ ਗਏ, ਭਗਤ ਸਿੰਘ ਅਤੇ ਉਸਦੇ ਸਾਥੀਆਂ ਦੁਆਰਾ, ਉਹ ਬਿਲਕੁਲ ਉਲਟ ਸਨ ਗਾਂਧੀਵਾਦੀਆਂ ਦੀ ਗ਼ੱਦਾਰੀ, ਡਰਪੋਕ ਮਾਨਸਿਕਤਾ ਅਤੇ ਕਾਇਰੀ, ਦੇ। ਸੁਤੰਤਰਤਾ ਸੰਗ੍ਰਾਮੀਆਂ ਲਈ ਗਾਂਧੀ ਦਾ ਉਪਦੇਸ਼ ਸੀ ਕਿ ਅੰਗ੍ਰੇਜ਼ ਦੀ ਅਦਾਲਤ ਵਿਚ ਉਹ ਆਪਣੇ ਬਚਾਓ ਵਿਚ ਨ ਆਉਣ, ਇਹ ਕਹਿ ਕੇ ਕਿ ਅਦਾਲਤਾਂ ਜੋ ਅੰਗ੍ਰੇਜ਼ ਨੇ ਬਣਾਈਆਂ ਹਨ ਉਹਨਾਂ ਦੇ ਅਧਿਕਾਰ ਖੇਤਰ ਨੂੰ ਮੰਨਣ ਤੋਂ ਇਲਕਾਰ ਕਰਨਾ, ਕਾਨੂੰਨੀ ਬਚਾਉ ਕਰਨਾ ਅਤੇ ਹਰ ਸਜ਼ਾ ਨੂੰ ਭੁਗਤਣ ਲਈ ਤਿਆਰ ਰਹਿਣਾ ਅੰਗ੍ਰੇਜ਼ੀ ਹਕੂਮਤ ਲਈ ਵੱਡਾ ਧੱਕਾ ਹੋਵੇਗਾ।

ਐਸਾ ਰਾਹ ਅਪਨਾਉਣਾ ਇਨਕਲਾਬੀਆਂ ਦੀ ਤਸੱਲੀ ਨਹੀਂ ਕਰ ਸਕਦਾ ਸੀ, ਨਾ ਹੀ ਕੀਤੀ, ਜਿਹੜੇ ਇਹਨਾਂ ਮੁਕੱਦਮਿਆਂ ਨੂੰ ਅੰਗ੍ਰੇਜ਼ੀ ਹਕੂਮਤ ਵਿਰੁੱਧ ਮੁਕੱਦਮਾ ਗਿਣਦੇ ਸਨ ਜਿਸ ਵਿਚ ਭਾਰਤੀ ਜਨਤਾ ਜੱਜ ਹੋਵੇ।

ਫਾਂਸੀ ਦਿੱਤੇ ਜਾਣ ਤੋਂ ਥੋੜ੍ਹੇ ਦਿਨ ਪਹਿਲਾਂ ਹੀ, ਭਗਤ ਸਿੰਘ ਨੇ ਸਰਕਾਰ ਨੂੰ ਇਕ ਚਿੱਠੀ ਲਿਖੀ ਸੀ ਜਿਸ ਵਿਚ ਮੰਗ ਕੀਤੀ ਗਈ ਸੀ ਕਿ ਉਹਨੂੰ ਅਤੇ ਉਸਦੇ ਸਜ਼ਾ-ਯਾਫ਼ਤਾ ਸਾਥੀਆਂ ਨੂੰ ਕਿਉਂਕਿ ਉਹ ਜੰਗੀ ਕੈਦੀ ਸਨ, ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ।

ਇੰਝ ਇਹ ਦੇਖਿਆ ਜਾ ਸਕਦਾ ਹੈ ਕਿ ਭਗਤ ਸਿੰਘ ਅਤੇ ਉਸਦੇਂ ਸਾਥੀ ਆਪਣੇ ਸਮੇਂ ਅਤੇ ਹਾਲਾਤ ਦੀ ਉਪਜ ਸਨ – ਉਹ ਐਸਾ ਸਮਾਂ ਸੀ ਜਦ ਆਰਥਿਕ ਅਤੇ ਰਾਜਨੀਤਿਕ ਹਾਲਾਤ ਘਰੇਲੂ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਮ ਜਨਤਾ ਨੂੰ ਇਨਕਲਾਬੀ ਸਿਆਸਤ ਦੀ ਘੁੰਮਣਘੇਰੀ ਵੱਲ ਧੱਕ ਰਹੇ ਸਨ, ਨਿਮਨ ਬੁਰਜੁਆ ਗਰਮ-ਖ਼ਿਆਲੀ ਬਣਾ ਰਹੇ ਸਨ ਅਤੇ ਉਹਨਾਂ ਨੂੰ ਮਜਬੂਰ ਕਰ ਰਹੇ ਸਨ ਕਿ ਉਹ ਮਾਰਕਸੀ ਰਾਹ ਅਪਣਾ ਲੈਣ, ਜਿਹੜਾ ਇਕੋ ਇਕ ਹਥਿਆਰ ਸੀ ਜਿਸ ਨਾਲ ਜਨ ਸਾਧਾਰਨ ਦੀ ਗੁਲਾਮੀ, ਜਬਰ, ਦੁੱਖ ਤਕਲੀਫ਼, ਗ਼ਰੀਬੀ ਅਤੇ ਭੁੱਖ ਤੋਂ ਛੁਟਕਾਰਾ ਮਿਲ ਸਕਦਾ ਸੀ। ਇਸ ਨੂੰ ਭਗਤ ਸਿੰਘ ਨਾਲੋਂ ਵੱਧ ਕੇ ਹੋਰ ਕਈ ਚਿਨ੍ਹਤ ਨਹੀਂ ਕਰ ਸਕਿਆ ਸੀ, ਉਸ ਨਾਲੋਂ ਚੰਗੇਰੇ ਢੰਗ ਨਾਲ ਹੋਰ ਕੋਈ ਨਵੇਂ ਸਮਾਜਵਾਦੀ ਵਿਚਾਰਾਂ ਨੂੰ ਸਹੀ ਰੂਪ ਵਿਚ ਨਹੀਂ ਪ੍ਰਸਤੁਤ ਕਰ ਸਕਿਆ ਸੀ, ਸਪੱਸ਼ਟ ਹੈ ਕਿ ਇਸੇ ਕਾਰਨ ਹੀ ਉਹ ਸਮਾਜ ਦੀ ਇਸ ਨਵੀਂ ਦ੍ਰਿਸ਼ਟੀ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਬੁਲਾਰਾ ਸਾਬਤ ਹੋਇਆ ਅਤੇ ਇਸੇ ਯਤਨ ਵਿਚ, ਇਹ ਵਿਅਕਤੀਗਤ ਯੁਵਕ ਹੋਣ ਦੀ ਬਜਾਏ ਇਕ ਚਮਤਕਾਰ ਬਣ ਗਿਆ।

## ਇਕ ਹੋਰ ਅਸਾਧਾਰਨ ਦੇਸ਼ ਭਗਤ ਲਈ ਕੁਝ ਸ਼ਬਦ - ਊਧਮ ਸਿੰਘ

ਊਧਮ ਸਿੰਘ ਵੀ ਉਹਨਾਂ ਹਾਲਾਤਾਂ ਦੀ ਹੀ ਉਪਜ ਸੀ। ਉਸਦਾ ਜਨਮ 1899 ਦੇ ਅੰਤ ਵਿਚ ਹੋਇਆ। ਉਸਨੇ ਸਿਵਾਏ ਗ਼ਰੀਬੀ ਅਤੇ ਦੁਖ ਤਕਲੀਫ਼ਾਂ ਦੇ ਕੁਝ ਨਹੀਂ ਦੇਖਿਆ ਸੀ।

ਉਸਨੇ ਅੰਗ੍ਰੇਜ਼ੀ ਜ਼ੁਲਮ ਦੀ ਹੱਦ ਵੇਖੀ ਸੀ, ਜਿਸਦਾ ਨਮੂਨਾ ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ ਸੀ, ਜਿਸ ਵਿਚ ਕਈ ਸੌ ਅਮਨ ਸ਼ਾਂਤੀ ਨਾਲ ਰੋਸ ਪ੍ਰਗਟ ਕਰਦੇ ਹੋਏ ਮਾਰੇ ਗਏ ਸਨ ਤੇ 2000 ਤੋਂ ਵਧ ਜ਼ਖ਼ਮੀ ਹੋ ਗਏ ਸਨ। ਉਹ ਕਈ ਉਗਰ ਇਨਕਲਾਬੀ ਲਹਿਰਾਂ ਵਿਚ ਸ਼ਾਮਿਲ ਹੋਇਆ, ਵਿਸ਼ੇਸ਼ ਕਰਕੇ ਗ਼ਦਰ ਪਾਰਟੀ। ਉਸ ਨੇ ਗਿਆਨ ਅਤੇ ਤਜਰਬਾ ਹਾਸਿਲ ਕਰਨ ਲਈ, ਬਹੁਤ ਦੂਰ ਦੂਰ ਤਕ ਸਫ਼ਰ ਕੀਤਾ, ਜਿਸ ਦੌਰਾਨ ਉਸਦਾ ਸੰਪਰਕ ਭਾਰਤੀ ਅਤੇ ਹੋਰ ਇਨਕਲਾਬੀਆਂ ਨਾਲ ਹੋਇਆ ਅਤੇ ਉਸਦੀ ਅੰਤਰ-ਰਾਸ਼ਟਰੀ ਦ੍ਰਿਸ਼ਟੀ ਬਣ ਗਈ। ਉਸਦੇ ਦੇਸ਼ ਭਗਤੀ ਦੇ ਵਿਚਾਰ, ਉਸਦੀ ਤੀਬਰ ਇੱਛਾ ਕਿ ਭਾਰਤ ਅੰਗ੍ਰੇਜ਼ੀ ਸਾਮਰਾਜ ਦੇ ਗੋਡਿਆਂ ਤਕ ਜਾਂਦੇ ਫ਼ੌਜੀ ਬੂਟਾਂ ਹੇਠੋਂ ਕੱਢਿਆ ਜਾਵੇ, ਅਤੇ ਇਹ ਉਸਦੀ ਅੰਤਰ-ਰਾਸ਼ਟਰੀ ਦ੍ਰਿਸ਼ਟੀ ਵਿਚ ਕੋਈ ਰੁਕਾਵਟ ਨਹੀਂ ਸੀ ਬਣਦੀ, ਜਿਵੇਂ ਕਿ ਉਸਦੇ ਆਖ਼ਰੀ ਬਿਆਨ ਤੋਂ ਪਤਾ ਲੱਗਦਾ ਹੈ ਜੋ ਉਸਨੇ ਆਪਣੇ ਮੁਕੱਦਮੇ ਦੀ ਕਾਰਵਾਈ ਦੇ ਅੰਤ ਵਿਚ, ਜੋ ਉਸ ਉਪਰ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਮਾਈਕਲ ਓਡਵਾਇਰ , ਜੋ ਸਾਬਕਾ ਲੈਫ.ਗਵਰਨਰ ਪੰਜਾਬ ਸੀ- ਅਤੇ ਪੰਜਾਬ ਦੇ ਕਤਲੇ-ਆਮ ਦਾ ਕਸਾਈ ਸੀ, ਨੂੰ ਕਤਲ ਕਰਨ ਲਈ ਚਲਾਇਆ ਗਿਆ ਸੀ।

ਆਪਣੇ ਬਿਆਨ ਦੌਰਾਨ ਊਧਮ ਸਿੰਘ ਨੇ ਬੜੀ ਦਲੇਰੀ ਨਾਲ ਕਿਹਾ ਸੀ –

'ਮੈਨੂੰ ਮੌਤ ਦੀ ਸਜ਼ਾ ਦੀ ਪ੍ਰਵਾਹ ਨਹੀਂ ਹੈ। ਮੇਰੇ ਲਈ ਇਸ ਦਾ ਕੋਈ ਮਤਲਬ ਨਹੀਂ ਹੈ। ਮੈਨੂੰ ਇਸਦੀ ਕੋਈ ਚਿੰਤਾ ਨਹੀਂ ਹੈ। ਮੈਂ ਕਿਸੇ ਮਕਸਦ ਪਿਛੇ ਮਰ ਰਿਹਾ ਹਾਂ। ਅਸੀ ਅੰਗ੍ਰੇਜ਼ੀ ਸ਼ਹਿਨਸ਼ਾਹਤ ਦੇ ਸਤਾਏ ਹੋਏ ਹਾਂ। ਮੈਂ ਆਪਣੀ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਮਰਨ ਜਾ ਰਿਹਾ ਹਾਂ ਅਤੇ ਮੈਨੂੰ ਆਸ ਹੈ ਕਿ ਜਦ ਮੈਂ ਸੰਸਾਰ ਤੋ ਚਲਾ ਜਾਵਾਂਗਾ . . . ਤਾਂ ਮੇਰੀ ਥਾਂ 'ਤੇ ਮੇਰੇ ਹਜ਼ਾਰਾਂ ਦੇਸ ਵਾਸੀ ਆ ਖੜ੍ਹਨਗੇ ਅਤੇ ਤੁਹਾਨੂੰ ਗੰਦੇ ਕੁੱਤਿਆਂ ਨੂੰ ਬਾਹਰ ਕੱਢ ਦੇਣਗੇ – ਮੇਰੇ ਦੇਸ ਨੂੰ ਆਜ਼ਾਦ ਕਰਾ ਦੇਣਗੇ– ਭਾਰਤ ਵਿਚੋਂ ਤੁਹਾਡਾ ਸਫ਼ਾਇਆ ਕਰ ਦਿੱਤਾ ਜਾਵੇਗਾ। ਤੁਹਾਡਾ ਬ੍ਰਿਟਿਸ਼ ਸਾਮਰਜ ਟੁਕੜੇ ਟੁਕੜੇ ਕਰ ਦਿੱਤਾ ਜਾਵੇਗਾ। ਅੱਜ ਭਾਰਤ ਦੇ ਬਾਜ਼ਾਰਾਂ ਵਿਚ ਬੀੜੀਆਂ ਹੋਈਆਂ ਮਸ਼ੀਨਗੰਨਾਂ ਹਜ਼ਾਰਾਂ ਮਾਸੂਮ ਇਸਤਰੀਆਂ ਅਤੇ ਬੱਚਿਆਂ ਦਾ ਘਾਣ ਕਰ ਰਹੀਆਂ ਹਨ, ਜਿੱਥੇ ਜਿੱਥੇ ਵੀ ਤੁਹਾਡਾ 'ਲੋਕ ਰਾਜ' ਅਤੇ ਇਸਾਈਅਤ ਦਾ ਝੰਡਾ ਝੁੱਲ ਰਿਹਾ ਹੈ। ਤੁਹਾਡਾ ਆਚਰਣ – ਮੈਂ ਅੰਗ੍ਰੇਜ਼ੀ ਸਰਕਾਰ ਦੀ ਗੱਲ ਕਰ ਰਿਹਾ ਹਾਂ – ਮੈਂ ਅੰਗ੍ਰੇਜ਼ ਲੋਕਾਂ ਦੇ ਬਿਲਕੁਲ ਖ਼ਿਲਾਫ਼ ਨਹੀਂ ਹਾਂ। ਭਾਰਤ ਦੇ ਮੁਕਾਬਲੇ ਮੇਰੇ ਇੰਗਲੈਂਡ ਵਿਚ ਅੰਗ੍ਰੇਜ਼ ਮਿੱਤਰ ਜ਼ਿਆਦਾ ਰਹਿੰਦੇ ਨੇ। ਇੰਗਲੈਂਡ ਦੇ ਕਿਰਤੀਆਂ ਲਈ ਮੇਰੇ ਮਨ ਵਿਚ ਬਹੁਤ ਹਮਦਰਦੀ ਹੈ। ਮੈਂ ਸਾਮਰਾਜੀ ਸਰਕਾਰ ਦੇ ਵਿਰੁੱਧ ਹਾਂ।" ਊਧਮ ਸਿੰਘ ਨੇ ਆਪਣੇ ਬਿਆਨ ਦੇ ਅੰਤ ਵਿਚ ਇਹ ਨਾਅਰਾ ਲਗਾਇਆ "ਅੰਗ੍ਰੇਜ਼ੀ ਸਾਮਰਾਜ ਮੁਰਦਾਬਾਦ!"

ਜਦ ਊਧਮ ਸਿੰਘ ਕਟਹਿਰੇ ਵਿਚੋਂ ਚਲਾ ਗਿਆ ਤਾਂ ਜੱਜ, ਮਿ.ਜਸਟਿਸ ਐਟਕਿਨਸਨ ਪ੍ਰੈਸ (ਸਮਾਚਾਰ ਪੱਤਰਾਂ ਦੇ ਨੁਮਾਇੰਦਿਆਂ) ਨੂੰ ਮੁਖ਼ਾਤਿਬ ਹੋਇਆ, *"ਮੈਂ ਸਮਾਚਾਰ ਪੱਤਰਾਂ ਨੂੰ ਹੁਕਮ ਦਿੰਦਾ ਹਾਂ ਕਿ ਕਟਹਿਰੇ ਵਿਚ ਖੜੇ ਦੋਸ਼ੀ ਦੇ ਬਿਆਨ ਦਾ ਕੋਈ ਹਿੱਸਾ ਵੀ ਪ੍ਰਕਾਸ਼ਿਤ ਨਾ ਕੀਤਾ ਜਾਵੇ। ਤੁਸੀਂ ਸਮਝਦੇ ਹੋ ਨਾ ਪ੍ਰੈਸ ਦੇ ਬੰਦਿਓ?"*

15 ਜੁਲਾਈ ਨੂੰ ਕੋਰਟ ਆਫ਼ ਕ੍ਰਿਮੀਨਲ ਅਪੀਲ ਨੇ ਕੇਸ ਦੀ ਸੁਣਾਈ ਕੀਤੀ ਅਤੇ ਊਧਮ ਸਿੰਘ ਦੀ ਮੌਤ ਦੀ ਸਜ਼ਾ ਦੇ ਖਿਲਾਫ਼ ਕੀਤੀ ਅਪੀਲ ਖ਼ਾਰਿਜ ਕਰ ਦਿੱਤੀ ਅਤੇ ਉਸਨੂੰ 31 ਜੁਲਾਈ ਨੂੰ ਪੈਂਟਨਵਿਲੇ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

## ਗਾਂਧੀ ਦਾ ਘ੍ਰਿਣਿਤ ਵਿਵਹਾਰ

ਜੋ ਕੁਝ 30 ਮਾਰਚ 1940 ਨੂੰ ਕੈਕਸਟਨ ਹਾਲ ਵਿਖੇ ਵਾਪਰਿਆ, ਉਸ ਬਾਰੇ ਸੁਣ ਕੇ ਗਾਂਧੀ ਅਤੇ ਕਾਂਗਰਸੀ ਲੀਡਰਾਂ 'ਤੇ ਆਪਣੇ ਹੀ ਢੰਗ ਦਾ ਪ੍ਰਤੀਕਰਮ ਹੋਇਆ। ਗਾਂਧੀ ਨੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਅਦਾਲਤੀ ਕਤਲ ਵਿਚ ਸਰਕਾਰ ਦਾ ਸਾਥ ਦਿੱਤਾ ਸੀ। ਹੁਣ ਊਧਮ ਸਿੰਘ ਦੁਆਰਾ ਮਾਈਕਲ ਓ'ਡਵਾਇਰ ਦੇ ਕਤਲ 'ਤੇ ਗਾਂਧੀ ਨੇ ਪੱਤਰਕਾਰਾਂ ਨੂੰ ਕਿਹਾ –

"ਸਰ ਮਾਈਕਲ ਉਡਵਾਇਰ ਦੀ ਮੌਤ ਅਤੇ ਲਾਰਡ ਜ਼ੈਟਲੈਂਡ, ਲਾਰਡ ਲੈਮਿੰਗਟਨ ਅਤੇ ਸੀ ਲੂਈ ਡੇਨ ਦੇ ਜ਼ਖ਼ਮੀ ਹੋਣ 'ਤੇ ਮੈਨੂੰ ਬਹੁਤ ਗਹਿਰਾ ਦੁੱਖ ਹੋਇਆ। ਮੈਨੂੰ ਤਾਂ ਇਹ ਪਾਗਲਪਣ ਹੀ ਲੱਗਦਾ ਹੈ।"

ਅੱਗੇ ਚਲ ਕੇ ਉਸਨੇ ਆਸ ਪ੍ਰਗਟ ਕੀਤੀ ਕਿ ਇਸ ਦਾ ਭਾਰਤੀ ਸਿਆਸਤ ਉਪਰ ਕੋਈ ਅਸਰ ਨਹੀਂ ਪਵੇਗਾ। ਉਸ ਨੇ ਓਡਵਾਇਰ ਦੇ ਪਰਿਵਾਰ ਨਾਲ ਅਫ਼ਸੋਸ ਪ੍ਰਗਟ ਕੀਤਾ ਅਤੇ ਲਾਰਡ ਜ਼ੈਟਲੈਂਡ ਦੇ ਬਚ ਜਾਣ 'ਤੇ ਉਸਨੂੰ ਵਧਾਈ ਵੀ ਦਿੱਤੀ। ਗਾਂਧੀ ਜਿਸਦੀ ਸ਼ਾਂਤੀਵਾਦੀ ਆਤਮਾ ਇਸ ਸਾਮਰਾਜੀ ਕਸਾਈ ਦੇ ਕਤਲ 'ਤੇ ਝੁੰਜਲਾ ਉਠੀ ਸੀ, ਪਰ ਉਸ ਕੋਲ ਊਧਮ ਸਿੰਘ ਅਤੇ ਉਸਦੇ ਦੋਸਤਾਂ ਲਈ ਉਸਦੀ ਪੈਂਟਨੀਵਲੇ ਜੇਲ੍ਹ ਵਿਚ ਫ਼ਾਂਸੀ ਹੋਣ ਮਗਰੋਂ ਕੋਈ ਐਸੀ ਹਮਦਰਦੀ ਨਹੀਂ ਸੀ।

ਨਹਿਰੂ, ਜੋ ਗਾਂਧੀ ਨਾਲੋਂ ਵਧੇਰੇ ਅਗਾਂਹਵਧੂ ਜਾਣਿਆ ਜਾਂਦਾ ਸੀ, ਨੇ ਵੀ ਇਸ ਕਤਲ 'ਤੇ ਵੱਡੇ ਪੈਮਾਨੇ 'ਤੇ ਅਫ਼ਸੋਸ ਜ਼ਾਹਿਰ ਕੀਤਾ ਗਿਆ ਅਤੇ ਉਸਨੂੰ ਉਮੀਦ ਸੀ ਕਿ ਭਵਿੱਖ ਦੀ ਸਿਆਸਤ 'ਤੇ ਇਸਦਾ ਕੋਈ ਦੂਰਗਾਮੀ ਅਸਰ ਨਹੀਂ ਪਵੇਗਾ। ਪਰੰਤੂ ਇਸਦੇ ਪਿੱਛੇ ਕਾਰਨਾਂ ਦੀ ਬਹੁਤੀ ਸਮਝ ਦਾ ਪ੍ਰਗਟਾਵਾ ਕੀਤਾ ਜਿਸ ਨਾਲ ਊਧਮ ਸਿੰਘ ਵਰਗੇ ਲੋਕ ਹਿੰਸਕ ਢੰਗ ਅਪਨਾਉਣ 'ਤੇ ਮਜਬੂਰ ਹੁੰਦੇ ਹਨ ਅਤੇ ਲਗਭਗ ਲੁਕਵੀਂ ਇੱਛਾ ਪ੍ਰਗਟ ਕੀਤੀ ਕਿ ਕੈਕਸਟਨ ਹਾਲ ਦੀ ਘਟਨਾ ਅੰਗ੍ਰੇਜ਼ੀ ਸਾਮਰਾਜ ਨੂੰ ਪ੍ਰੇਰੇਗੀ ਕਿ ਉਹ ਭਾਰਤੀ ਬੁਰਜੂਆਜੀ ਦੇ ਲੀਡਰਾਂ ਨਾਲ ਕੁਝ ਸਮਝੌਤਾ ਕਰੇ।

ਉਸਨੇ ਕਿਹਾ ਸੀ, *"ਅਸੀ ਲੋਕਾਂ ਦੇ ਇਸ ਅਹਿਸਾਸ ਤੋਂ ਅਨਜਾਣ ਨਹੀਂ ਹਾਂ, ਵਿਸ਼ੇਸ਼ਕਰ ਭਾਰਤੀ ਨੌਜੁਆਨਾਂ ਦੇ ਅਹਿੰਸਾ ਬਾਰੇ, ਜੋ ਰਾਸ਼ਟਰੀ ਨੀਤੀ ਦਾ ਹਥਿਆਰ ਹੈ, ਅਤੇ ਸਾਡੀ ਛੇਤੀ ਹੀ ਸਿਵਲ ਨਾਫ਼ਰਮਾਨੀ ਦੀ ਹਿਮਾਇਤ ਇਸੇ ਲਈ ਹੈ ਕਿ ਸਾਡਾ ਇਹ ਯਕੀਨ ਹੈ ਕਿ ਇਸ ਵਿਚ ਕੀਤੀ ਗਈ ਦੇਰ ਹਿੰਸਕ ਤੱਤਾਂ ਨੂੰ ਵਧੇਰੇ ਬਲ ਦੇਵੇਗੀ। ਭਾਰਤੀ ਲੋਕਾਂ ਦੀ ਮਨੋਦਸ਼ਾ ਦਾ ਇਹ ਬਹੁਤ ਗ਼ਲਤ ਅਨੁਮਾਨ ਹੋਵੇਗਾ, ਇਹ ਮਿਥ ਲੈਣ ਲਈ ਕਿ ਇਹ ਐਵੇਂ ਪਾਗਲਪਨ ਦਾ ਹੀ ਇਕ ਦੌਰਾ ਹੈ, ਇਕ ਸਿਰ ਫਿਰੇ ਦਾ ਮਨੋਵੇਗ, ਜਿਸ ਦਾ ਵਾਪਰ ਰਹੇ ਸਿਆਸੀ ਹਾਲਾਤ ਨਾਲ ਕੋਈ ਸੰਬੰਧ ਨਹੀਂ ਹੈ . . . . ਭਾਰਤ ਦੇ ਹਾਲਾਤ ਇਹ ਮੰਗ ਕਰਦੇ ਹਨ ਕਿ ਬਿਨਾਂ ਦੇਰ ਕੀਤੇ ਹਾਲਾਤ ਨਾਲ ਸਿੱਝਿਆ ਜਾਵੇ ਤਾਂ ਜੋ ਹੋਰ ਖ਼ਰਾਬੀ ਨਾ ਹੋ ਜਾਵੇ, ਅਤੇ ਅਸੀਂ ਸਰਕਾਰ ਨੂੰ ਚੁਕੰਨਾ ਕਰਦੇ ਹਾਂ ਕਿ ਮਹਾਤਮਾ ਗਾਂਧੀ ਦਾ ਸਿਵਲ ਨਾਫ਼ਰਮਾਨੀ ਸ਼ੁਰੂ ਕਰਨ ਤੋਂ ਇਨਕਾਰ, ਰੱਬੀ ਬਰਕਤ ਹੋਣ ਦੀ ਥਾਂ ਦੇਸ ਦੇ ਨੌਜਵਾਨਾਂ ਦੁਆਰਾ ਨਿਰਾਸ਼ਾ ਵਿਚ ਲਏ ਸਖ਼ਤ ਕਦਮ ਅਪਨਾਉਣ ਦਾ ਕਾਰਨ ਬਣ ਜਾਵੇ।"*

ਦੂਸਰੇ ਸ਼ਬਦਾਂ ਵਿਚ, ਨਹਿਰੂ ਬ੍ਰਿਟਿਸ਼ ਸਾਮਰਾਜ ਨੂੰ ਸੱਦਾ ਦੇ ਰਿਹਾ ਸੀ ਕਿ ਇਕ ਪਾਸੇ

ਭਾਰਤੀ ਮੱਧ ਵਰਗ ਨਾਲ, ਜਿਸ ਦਾ ਯਕੀਨ ਸਾਮਰਾਜ ਦੇ ਵਿਰੁੱਧ ਅਹਿੰਸਾ ਵਰਤਣ ਵਿਚ ਹੈ, ਅਤੇ ਦੂਸਰੇ ਪਾਸੇ ਇਨਕਲਾਬੀ, ਜੋ ਸਾਮਰਾਜ ਦੇ ਵਿਰੁੱਧ ਘੋਰ ਯੁੱਧ ਕਰਨ 'ਤੇ ਤੁਲੇ ਹੋਏ ਹਨ, ਹਥਿਆਰਬੰਦ ਸੰਗ੍ਰਾਮ ਕਰਨਾ ਚਾਹੁੰਦੇ ਹਨ ਤਾਂ ਜੋ ਕੁੱਝ ਲੋਕਾਂ ਦੁਆਰਾ ਦੂਸਰੇ ਲੋਕਾਂ ਦੇ ਸੋਸ਼ਣ ਜਾਂ ਕੁਝ ਦੇਸ਼ਾਂ ਦੁਆਰੇ ਦੂਸਰੇ ਦੇਸ਼ਾਂ ਦਾ ਸੋਸ਼ਣ ਰੋਕਿਆ ਜਾ ਸਕੇ, ਇਹ ਚੋਣ ਸਾਮਰਾਜੀਆਂ ਨੇ ਕਰਨੀ ਹੈ।

## ਸਪੱਸ਼ਟ ਸਚਾਈ

ਇਸ ਪ੍ਰਕਾਰ ਇਹ ਸਪੱਸ਼ਟ ਸਚਾਈ, ਜੋ ਇਸ ਕਿਤਾਬਚੇ ਵਿਚ ਲਿਖੀ ਮਿਲਦੀ ਹੈ, ਕਿ ਇਹ ਉਸ ਮਿੱਥ ਦੇ ਉਲਟ ਹੈ ਜੋ ਭਾਰਤੀ ਬੁਰਜੁਆ ਅਤੇ ਅੰਗ੍ਰੇਜ਼ੀ ਸਾਮਰਾਜ ਨੇ ਫੈਲਾਈ ਹੋਈ ਸੀ, ਭਾਰਤੀ ਸੁਤੰਤਰਤਾ ਸੰਗ੍ਰਾਮ ਬਾਰੇ। ਗ਼ੱਦਾਰ ਗਾਂਧੀਵਾਦੀ ਸੋਚ (ਖਿਮਾ ਦਾ ਜਾਚਕ ਹਾਂ ਇਸ ਵਿਅੰਗ ਲਈ) ਜਿਸਦਾ ਹਥਿਆਰ ਸ਼ਾਂਤੀ ਹੈ, ਜਿਹੜੀ ਅਸਲ ਵਿਚ ਸੋਸ਼ਕਾਂ ਦੇ ਹਿਤ ਲਈ ਵਰਤਿਆ ਜਾ ਰਿਹਾ ਸੀ ਤਾਂ ਜੋ ਇਨਕਲਾਬੀ ਜਦੋ ਜਹਿਦ ਨੂੰ ਅਸਫ਼ਲ ਕੀਤਾ ਜਾਵੇ। ਠੀਕ ਗੱਲ ਤਾਂ ਇਹ ਸੀ ਕਿ ਅੰਗ੍ਰੇਜ਼ੀ ਸਰਕਾਰ ਤੋਂ ਆਜ਼ਾਦੀ ਇਕ ਲੰਬੀ ਜੱਦੋ ਜਹਿਦ ਦਾ ਸਿਖਰ ਸੀ ਜੋ ਨੌ ਦਹਾਕੇ ਪਹਿਲਾਂ 1857 ਤੋਂ 1947 ਤਕ ਜਾਰੀ ਰਹੀ ਸੀ।

ਇਹ ਸੰਘਰਸ਼ ਸ਼ਾਂਤਮਈ ਨਹੀਂ ਸੀ। 1857 ਦੀ ਬਗ਼ਾਵਤ ਦੇ ਯੋਧੇ, ਗ਼ਦਰੀ ਯੋਧੇ, ਭਗਤ ਸਿੰਘ ਅਤੇ ਉਸਦੇ ਸਾਥੀ, ਸਾਰਿਆਂ ਨੇ ਹੀ ਬੜਾ ਘੋਰ ਸੰਘਰਸ਼ ਕੀਤਾ ਸੀ ਅਤੇ ਜਾਗਰੂਕ ਹੋਏ ਭਾਰਤੀ ਲੋਕਾਂ ਨੂੰ ਹਥਿਆਰਬੰਦ ਲੜਾਈ ਕਰਨ ਲਈ ਜਗਾ ਚੁੱਕੇ ਸਨ ਕਿ ਅੰਗ੍ਰੇਜ਼ ਸਰਕਾਰ ਤੋਂ ਆਜ਼ਾਦ ਹੋਣ ਦਾ ਸਭ ਤੋਂ ਵਧੀਆ ਢੰਗ ਹਥਿਆਰਬੰਦ ਸੰਘਰਸ਼ ਹੀ ਹੈ। ਇਸ ਬਹੁਤ ਹੀ ਕਠਿਨ ਅਤੇ ਦੁਖਦਾਈ ਰਾਹ 'ਤੇ, ਪਰ ਇਕ ਬਹੁਤ ਸ੍ਰੇਸ਼ਠ ਕਾਰਜ ਲਈ, ਚਲਦਿਆਂ ਹਜ਼ਾਰਾਂ ਲੱਖਾਂ ਸਾਧਾਰਨ ਲੋਕਾਂ ਅਤੇ ਸੈਂਕੜੇ ਹਜ਼ਾਰਾਂ ਇਲਕਲਾਬੀ ਨੇਤਾਵਾਂ ਨੇ ਆਤਮ ਬਲੀਦਾਨ ਦਿੱਤੇ ਸਨ, ਭਾਰਤ ਦੀ ਸੁਤੰਤਰਤਾ ਦਾ ਸਿਹਰਾ ਸਮਝੌਤੇ ਖੋਰ, ਡਰਪੋਕ ਅਤੇ ਮੱਧਵਰਗੀ ਰੂੜ੍ਹੀਵਾਦੀਆਂ ਨੂੰ ਦੇਣਾ, ਇਹ ਉਹਨਾਂ ਦੀ ਯਾਦ ਦਾ ਅਤੇ ਨਿਸ਼ਕਾਮ ਵੀਰਤਾ ਦਾ ਤ੍ਰਿਸਕਾਰ ਹੈ।

ਹਰ ਕੋਈ ਭਾਰਤੀ ਕਿਰਤੀ ਅਤੇ ਕਿਸਾਨ, ਬਲਕਿ ਹਰ ਕੋਈ ਅਗਾਂਹਵਧੂ ਵਿਅਕਤੀ, ਕਿਤੇ ਵੀ ਹੋਵੇ, ਉਸਦਾ ਇਹ ਫ਼ਰਜ਼ ਬਣਦਾ ਹੈ ਕਿ ਇਹਨਾਂ ਨਾਇਕਾਂ ਦਾ ਆਦਰ ਕਰੇ, ਉਹਨਾਂ ਦੀ ਯਾਦ ਨੂੰ ਤਾਜ਼ਾ ਰੱਖੇ, ਅਤੇ ਚਲ ਰਹੇ ਸਾਮਰਾਜ ਵਿਰੋਧੀ ਸੰਘਰਸ਼ ਵਿਚ ਉਹਨਾਂ ਤੋਂ ਸਿਖਿਆ ਪ੍ਰਾਪਤ ਕਰੇ ਤਾਂ ਜੋ ਕਿਰਤੀ ਵਰਗ ਆਜ਼ਾਦ ਹੋ ਸਕੇ, ਦੱਲੇ ਕੁਚਲੇ ਲੋਕ ਮੁਕਤ ਹੋ ਸਕਣ।

ਮੈਂ ਇਹ ਮੁਖਬੰਦ ਇਥੇ ਹੀ ਸਮਾਪਤ ਕਰਦਾ ਹਾਂ, ਇਕ ਬਹੁਤ ਹੀ ਸੁੰਦਰ ਕਵਿਤਾ ਦੇ ਨਾਲ ਜੋ ਭਗਤ ਸਿਘ ਅਤੇ ਊਧਮ ਸਿੰਘ ਬਾਰੇ, ਜੋ ਮੇਰੇ ਕਰੀਬੀ, ਬਹੁਤ ਪਿਆਰੇ ਅਤੇ ਬਹੁਤ ਹੀ ਯਾਦ ਆਉਂਦੇ ਮਿੱਤਰ, ਜੋ ਇਸ ਜਹਾਨ ਤੋਂ ਜਾ ਚੁੱਕੇ ਹਨ, ਗਾਡਫ਼ਰੇ ਕਰੈਮਰ ਦੀ ਰਚਨਾ ਹੈ, ਜਿਸ ਨੇ ਇਸ ਨੂੰ ਬਹੁਤ ਹੀ ਸ਼ਾਨਦਾਰ ਢੰਗ ਨਾਲ ਸਿਰਜਿਆ ਹੈ ਅਤੇ ਸਾਮਰਾਜੀ ਸੋਸ਼ਣ, ਸਾਜ਼ਿਸ਼, ਅਤੇ ਇਹ ਲੋੜ ਮਹਿਸੂਸ ਕਰਦਿਆਂ ਕਿ ਸਾਮਰਾਜੀ ਦੇਸ਼ਾਂ ਦੇ ਕਿਰਤੀ ਵਰਗਾਂ ਲਈ ਆਪਣੀ ਅੰਤਰਰਾਸ਼ਟੀ ਜ਼ਿੰਮੇਵਾਰੀ, ਦੱਬੇ ਕੁਚਲੇ ਲੋਕਾਂ ਦਾ ਸਾਥ ਦੇ ਕੇ ਜਿਹੜੇ ਸਾਮਰਾਜ ਅਤੇ ਸੋਸ਼ਣ ਵਿਰੁਧ ਲੜ ਰਹੇ ਹਨ, ਪੂਰੀ ਕਰ ਸਕਦੇ ਹਨ।

## ਕਵਿਤਾ

## ਕਾਮਰੇਡ ਭਗਤ ਸਿੰਘ ਅਤੇ ਕਾਮਰੇਡ ਊਧਮ ਸਿੰਘ

ਇਹ ਕੌਣ ਵਿਅਕਤੀ ਹਨ?
ਉਹ ਮੇਰੇ ਕੀ ਲੱਗਦੇ ਹਨ?
ਉਹ ਜੋ ਮਰ ਚੁੱਕੇ ਹਨ
ਸਮੁੰਦਰ ਪਾਰ ਦੀ ਧਰਤੀ 'ਤੇ?
ਉਹਨਾਂ ਨੇ ਬ੍ਰਿਟਿਸ਼ ਰਾਜ ਵਿਰੁੱਧ ਜੁਰਅਤ ਕੀਤੀ
ਆਪਣਾ ਹੱਥ ਉੱਪਰ ਕੀਤਾ
ਜੇ ਮੇਰੇ ਆਪਣੇ ਦੇਸ਼ ਨੇ ਉਹਨਾਂ ਦੀ ਮੌਤ ਦਾ ਹੁਕਮ ਦਿੱਤਾ
ਤਾਂ ਮੈਂ ਕਿਉਂ ਇਸ ਵਿਰੁੱਧ ਖੜ੍ਹਾ ਹੋਵਾਂ ?
ਪਰੰਤੂ
ਅੰਗ੍ਰੇਜ਼ੀ ਸ਼ਾਸਕ ਵਰਗ
ਜਿਸਦੀ ਵਿਰੋਧਤਾ ਇਹਨਾਂ ਵਿਅਕਤੀਆਂ ਨੇ ਕੀਤੀ
ਤਲਵਾਰ ਅਤੇ ਬੰਦੂਕ ਲੈ ਕੇ ਲੁੱਟਿਆ, ਖ਼ੁਫ਼ੀਆ ਸਾਜ਼ਿਸ਼ ਕੀਤੀ
ਉਹਨਾਂ ਦੇ ਆਧੁਨਿਕ ਬੱਚੇ
ਸਾਮਰਾਜੀ ਗੁਮਾਨ ਨਾਲ ਮੁਸਕਰਾਉਂਦੇ ਹਨ
ਉਹਨਾਂ ਦੀ ਕਮਰ ਉਪਰ ਬੰਦੂਕ ਰੱਖੀ ਹੈ
ਅਤੇ ਚਮਚੇ ਉਹਨਾਂ ਨਾਲ ਮਿਲੇ ਹੋਏ ਹਨ
ਹੋਰ ਵੀ ਲੁੱਟੀ ਜਾ ਰਹੇ ਹਨ
ਅਤੇ ਜਿਹਨਾਂ ਪੀੜਤਾਂ ਨੂੰ ਗ਼ਰੀਬ ਬਣਾਈ ਰੱਖਦੇ ਹਨ

ਉਹ ਵਰਗ
ਮੇਰੀ ਜਨਮ ਭੂਮੀ ਵਾਲੇ ਦੇਸ਼ ਵਿਚ ਜੰਮਿਆ
ਪਰ ਉਹ ਮੇਰੇ ਸਕੇ ਸੰਬੰਧੀ ਨਹੀਂ ਹਨ
ਮੇਰੀਆਂ ਅੱਖਾਂ ਕਿਤੇ ਚੁੰਧਿਆ ਨਾ ਜਾਣ
ਉਹਨਾਂ ਦੀ ਚਮੜੀ ਤੇ ਮੇਰੀ, ਦੋਨੋ ਸਫ਼ੈਦ ਹਨ!
ਵੱਡੀ ਸਾਰਮਰਾਜੀ ਅੱਡੀ ਲਈ
ਜਿਹੜੀ ਸਾਰੇ ਬ੍ਰਹਮੰਡ ਵਿਚ ਵਿਚਰਦੀ ਪਈ ਹੈ
ਅਤੇ ਵਿਦੇਸ਼ਾਂ ਵਿਚ ਕੁਚਲੇ ਲੋਕਾਂ ਨੂੰ ਪੈਰਾਂ ਹੇਠ ਦਬਾਉਂਦੀਆਂ ਹਨ
ਅਤੇ ਦੂਸਰੇ ਬੂਟ 'ਤੇ ਖੜ੍ਹਦੀਆਂ ਹਨ, ਅਸੀਂ ਮਹਿਸੂਸਦੇ ਹਾਂ,
ਉਹਨਾਂ ਦੋਹਾਂ ਪੈਰਾਂ 'ਤੇ ਹੀ ਸਾਮਰਾਜ ਖੜ੍ਹਾ ਹੈ
ਇਹ ਰਤਾ ਰਾਹਤ ਹੈ ਕਿ ਅਸੀਂ ਸਾਰਾ ਭਾਰ ਨਹੀਂ ਸਹਿੰਦੇ
ਅਤੇ ਇਹ ਅੱਡੀ ਸਮੁੰਦਰੋਂ ਪਾਰ ਵਧੇਰੇ ਮਸਲਦੀ ਹੈ

ਕਿਉਂਕਿ ਹਲਕੇ ਤੋਂ ਹਲਕਾ ਬੂਟ ਵੀ ਭਾਰਾ ਹੁੰਦਾ ਹੈ
ਅਤੇ ਆਜ਼ਾਦੀ ਦੀ ਕੀਮਤ ਬਹੁਤ ਜ਼ਿਆਦਾ

ਇਸ ਲਈ ਅਸੀਂ ਸਾਮਰਾਜ ਦੇ ਪਾਤਰ ਜ਼ਰੂਰ ਤੱਕੀਏ
ਅੰਗ੍ਰੇਜ਼ੀ ਕਿਰਤੀ ਵਰਗ ਜ਼ਰੂਰ ਆਪਣਾ ਪੱਖ ਪੂਰੇ
ਅਤੇ ਆਪਣੇ ਸਾਂਝੇ ਸੰਕਲਪ ਨੂੰ ਉਹਨਾਂ ਸਾਰਿਆਂ ਨਾਲ
ਜਿਹਨਾਂ ਨੇ ਆਜ਼ਾਦੀ ਦੀ ਤਲਵਾਰ ਫੜੀ ਹੈ, ਰਲਾਉਣ
ਅਗਾਂਹ, ਅਗਾਂਹ ਇਲਕਲਾਬ ਦੀ ਲਹਿਰ ਨਾਲ ਵਧਣ
ਅਤੇ, ਭਾਵੇਂ ਹਰ ਪੜਾਅ ਸਮੇਂ ਅਤੇ ਸਥਾਨ ਦੇ ਅਨੁਕੂਲ ਹੁੰਦਾ ਹੈ
ਜੋ ਵੀ ਸਾਡੇ ਵੈਰੀ ਵਿਰੁੱਧ ਲੜਦਾ ਹੈ ਉਹ ਸਾਡੀ ਵੱਲ ਦਾ ਹੈ
ਉਹਨਾ ਦੀ ਕੌਮ ਕਿਹੜੀ ਹੈ ਤੇ ਰੰਗ ਕੈਸਾ ਹੈ, ਦਾ ਕੋਈ ਮਤਲਬ ਨਹੀਂ

ਊਧਮ ਸਿੰਘ ਅਤੇ ਭਗਤ ਸਿੰਘ, ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦੇ ਸ਼ਹੀਦ ਹੀ ਨਹੀਂ ਬਲਕਿ ਸਾਰੇ ਹੀ ਕਿਰਤੀਆਂ ਅਤੇ ਦਲਿਤਾਂ ਦੇ ਨਾਇਕ ਸਨ।

ਸੋ ਉਨ੍ਹਾਂ ਨੂੰ ਆਪਣੀ ਤਾਕਤ ਵਿਚ ਜੋੜੀਏ ਅਤੇ ਕਾਲੇ ਜਾਂ ਗੋਰੇ ਦੇ ਵਹਿਮ ਵਿਚ ਨਾ ਫਸ ਕੇ ਜਾਣੀਏ, ਕਿ ਕੌਣ ਦੁਸ਼ਮਣ ਹੈ ਤੇ ਕੌਣ ਮਿੱਤਰ? ਆਪਣਾ ਸਾਂਝਾ ਟੀਚਾ ਪੂਰਾ ਕਰਨ ਹਿਤ ਅਸੀ ਸੰਘਰਸ਼ਸ਼ੀਲ ਹਾਂ।

ਸਾਮਰਾਜ ਮੁਰਦਾਬਾਦ, ਸਾਡਾ ਨਾਅਰਾ ਹੈ
ਇਹ ਸਾਡਾ ਸਾਂਝਾ ਝੰਡਾ ਹੈ,
ਇਸ ਨੂੰ ਬੁਲੰਦ ਰੱਖੋ!

**ਹਰਪਾਲ ਬਰਾੜ,**
**ਦੇਹਰਾਦੂਨ, ਭਾਰਤ**
**ਫਰਵਰੀ 2014**

# ਭਾਗ ਪਹਿਲਾ

# 1857 ਦੀ ਬਗ਼ਾਵਤ



ਰਾਣੀ ਲਕਸ਼ਮੀ ਬਾਈ



ਤਾਂਤੀਆ ਤੋਪੇ

ਕਾਂਡ 1

# 1857 ਦੀ ਭਾਰਤੀ ਆਜ਼ਾਦੀ ਦੀ ਲੜਾਈ ਦੇ ਯੋਧਿਆਂ ਨੂੰ ਸਲਾਮ !

ਸਾਲ 2007, ਜਿਸਨੂੰ ਭਾਰਤੀ ਸੁਤੰਤਰਤਾ ਜੰਗ ਦੀ ਪਹਿਲੀ ਲੜਾਈ (1857) ਕਿਹਾ ਜਾਂਦਾ ਹੈ, ਦੀ 150ਵੀਂ ਬਰਸੀ ਸੀ। ਇਹ ਸਭ ਤੋਂ ਵੱਡੀ ਬਸਤੀਵਾਦ ਵਿਰੋਧੀ ਬਗ਼ਾਵਤ ਸੀ ਜੋ ਦੁਨੀਆ ਵਿਚ ਕਿਤੇ ਵੀ ਉੱਨੀਵੀਂ ਸਦੀ ਵਿਚ ਹੋਈ ਸੀ, ਜੋ ਅੱਜ ਦੇ ਭਾਰਤ ਦੇ 35 ਫ਼ੀਸਦੀ ਹਿੱਸੇ ਵਿਚ ਫੈਲੀ ਸੀ। ਸਾਰਾ ਹੀ ਉੱਤਰ ਪੱਛਮੀ ਭਾਰਤ, ਉੱਤਰੀ ਅਤੇ ਕੇਂਦਰੀ ਭਾਰਤ, ਜੋ ਅੱਜ ਦੇ ਦੂਰ ਦੂਰ ਤਕ ਫੈਲੇ ਸੂਬੇ ਯੂ.ਪੀ. (ਉੱਤਰ ਪ੍ਰਦੇਸ਼), ਬਿਹਾਰ ਅਤੇ ਐਮ.ਪੀ. (ਮੱਧ ਪ੍ਰਦੇਸ਼), ਜਿਸਦੀ ਆਬਾਦੀ 50 ਕਰੋੜ, ਜੋ ਅੰਗ੍ਰੇਜ਼ੀ ਹਿੰਦੁਸਤਾਨ ਦੀ ਆਬਾਦੀ ਦਾ ਚੌਥਾ ਹਿੱਸਾ ਸੀ, ਜਿਹੜਾ ਬਾਗ਼ੀਆਂ ਦੇ ਅਧੀਨ ਹੋ ਗਿਆ ਸੀ।

1857 ਦੀ ਬਗ਼ਾਵਤ ਅੰਗ੍ਰੇਜ਼ੀ ਹਮਲਾਵਾਰਾਂ ਦੀ ਲੁੱਟ ਮਾਰ ਦੀ ਨੀਤੀ ਦੀ ਉਪਜ ਸੀ, ਜਿਸ ਵਿਚ ਸੋਸ਼ਣ ਦੇ ਵਹਿਸ਼ੀ ਢੰਗ ਵੀ ਸ਼ਾਮਿਲ ਸਨ। ਬਸਤੀਵਾਦੀ ਲੁੱਟ ਨੇ ਭਾਰਤੀ ਆਰਥਿਕਤਾ ਦੀਆਂ ਸਾਰੀਆਂ ਸ਼ਾਖਾਵਾਂ ਨੂੰ ਢਹਿ ਢੇਰੀ ਕਰ ਦਿੱਤਾ ਸੀ ਜਿਸਦੇ ਫਲਸਰੂਪ ਇਸ ਪ੍ਰਾਚੀਨ, ਬਹੁਤ ਵੱਡੀ ਅਤੇ ਧਨਵਾਨ ਧਰਤੀ ਉੱਪਰ ਅਤਿ ਦੀ ਗ਼ਰੀਬੀ ਫੈਲ ਗਈ ਸੀ, ਸਰਵਜਨਕ ਕੰਮਾਂ ਦੀ ਅਣਗਹਿਲੀ ਕਰ ਕੇ, ਜਿਹਨਾਂ ਬਗ਼ੈਰ ਪੂਰਬ ਵਿਚ ਖੇਤੀ ਕਰਨੀ ਅਸੰਭਵ ਹੈ। ਈਸਟ ਇੰਡੀਆ ਕੰਪਨੀ ਨੇ, ਖੇਤੀ ਨੂੰ ਤਬਾਹ ਕਰ ਦਿੱਤਾ ਸੀ, ਜਿੱਥੇ ਜਿੱਥੇ ਵੀ ਇਸਦਾ ਰਾਜ ਸੀ। ਨਾਕਾਬਲੇ ਬਰਦਾਸ਼ਤ ਟੈਕਸ ਜੋ ਕਿਸਾਨਾ ’ਤੇ ਲਾਏ ਗਏ, ਨਾਲ ਹੀ ਜਬਰੀ ਵਸੂਲੀ, ਹਿੰਸਾ, ਜ਼ੁਲਮ ਅਤੇ ਤਸੀਹੇ ਜੋ ਟੈਕਸ ਵਸੂਲਣ ਵਾਲੇ ਕਰਦੇ ਸਨ, ਲੋਕਾਂ ਦੀ ਗ਼ਰੀਬੀ ਵਿਚ ਵਾਧਾ ਕਰ ਰਹੇ ਸਨ ਅਤੇ ਜਨਤਾ ਨੂੰ ਦੁਖੀ ਕਰ ਰਹੇ ਸਨ। ਭਾਰਤ ਵਿਚ ਬ੍ਰਿਟਿਸ਼ ਆਰਥਿਕ ਨੀਤੀ ਦਾ ਤਸੀਹੇ ਦੇਣਾ ਇਕ ਜ਼ਰੂਰੀ ਅੰਗ ਬਣ ਗਿਆ ਸੀ ਅਤੇ ਫੇਰ ਵੀ ਇਕੱਠਾ ਕੀਤਾ ਗਿਆ ਟੈਕਸ ਜਨਤਾ ਭਾਵ ਸਰਵਜਨਕ ਕਾਰਜਾਂ ’ਤੇ ਨਹੀਂ ਖਰਚ ਕੀਤਾ ਜਾਂਦਾ ਸੀ। ਉੱਨੀਵੀਂ ਸਦੀ ਦੇ ਪਹਿਲਿਆਂ ਦਹਾਕਿਆਂ ਤੋਂ ਸ਼ੁਰੂ ਹੋ ਕੇ, ਲੱਖਾਂ ਕਾਰੀਗਰ ਭੁੱਖ ਦਾ ਸਾਹਮਣਾ ਕਰਨ ਲਈ ਮਜਬੂਰ ਹੋ ਗਏ ਸਨ ਕਿਉਂਕਿ ਸਥਾਨਕ ਉਦਯਗਿਕ ਧੰਦੇ ਖ਼ਤਮ ਕਰ ਦਿੱਤੇ ਗਏ ਸਨ, ਵਿਸ਼ੇਸ਼ ਕਰਕੇ ਹੱਥ ਨਾਲ ਬੁਣਨਾ ਅਤੇ ਕੱਤਣਾ, ਜਿਹਨਾਂ ਦਾ ਲੰਕਾਸ਼ਾਇਰ ਵਿਚ ਚਲਦੀਆਂ ਮਿੱਲਾਂ ਦੇ ਹੜ੍ਹ ਵਾਂਗ ਸੂਤੀ ਕੱਪੜਾ ਬਣਾਉਣ ਵਿਚ ਕੋਈ ਮੁਕਾਬਲਾ ਨਹੀਂ ਸੀ। ਇਸਦੇ ਨਾਲ ਹੀ ਸਰਕਾਰ ਦੀ ਲੋਟੂ ਨੀਤੀ – ਆਪਣਾ ਅਧਿਕਾਰ ਖੇਤਰ ਵਧਾਉਣਾ, ਹਮਲੇ ਕਰਨੇ, ਹੋਰ ਇਲਾਕਿਆਂ ਨੂੰ, ਆਜ਼ਾਦ ਦੇਸੀ ਰਿਆਸਤਾਂ ਨੂੰ ਨਾਲ ਰਲਾਉਣਾ। ਇਹ ਸਾਰੇ ਪੱਖ ਹੀ ਇਕੱਠੇ ਹੋ ਕੇ ਇਕ ਧਮਾਕੇਦਾਰ ਹਾਲਾਤ ਪੈਦਾ ਕਰ ਰਹੇ ਸਨ, ਜਿਹੜਾ 1857

ਦੀ ਬਗ਼ਾਵਤ ਨਾਲ ਹੋਇਆ। ਸਾਰੇ ਹੀ ਭਾਰਤੀ ਸਮਾਜ ਦੀ ਆਮ ਨਾਰਾਜ਼ਗੀ, ਜੋ ਬੁਰੀ ਤਰ੍ਹਾਂ ਕੀਤੇ ਜਾ ਰਹੇ ਸਾਮਰਾਜੀ ਸੋਸ਼ਣ ਨਾਲ ਹੋਰ ਵਧ ਰਹੀ ਸੀ, ਫੌਜੀ ਬਗ਼ਾਵਤ ਦਾ ਰੂਪ ਧਾਰ ਕੇ ਅੱਗੇ ਆਈ ਕਿਉਂਕਿ ਫ਼ੌਜ ਦੇ ਸਿਪਾਹੀ ਵਰਦੀ ਪਾਈ ਕਿਸਾਨ ਹੀ ਸਨ ਅਤੇ ਸਮੁੱਚੀ ਕਿਸਾਨੀ ਦੀ ਨਾਰਾਜ਼ਗੀ ਦੀ ਪ੍ਰਤਿਨਿਧਤਾ ਕਰਦੇ ਸਨ, ਜਿਸ ਵਿਚੋਂ ਵੱਡੀ ਗਿਣਤੀ ਵਿਚ ਕਿਸਾਨ ਹੀ ਸਿਪਾਹੀ ਭਰਤੀ ਕੀਤੇ ਜਾਂਦੇ ਸਨ। ਫਲਸਰੂਪ, ਇਹ ਬਗ਼ਾਵਤ ਸਮੁੱਚੀ ਭਾਰਤੀ ਜਨਤਾ ਦੀ ਬਗ਼ਾਵਤੀ ਲਹਿਰ ਸੀ, ਘ੍ਰਿਣਿਤ ਬਸਤੀਵਾਦੀ ਹਕੂਮਤ ਦੇ ਵਿਰੁੱਧ। ਸਿਪਾਹੀ ਤਾਂ ਕੇਵਲ ਹਥਿਆਰ ਹੀ ਸਨ ਜਿਹਨਾਂ ਦੇ ਪਿੱਛੇ ਸਾਰੇ ਭਾਰਤੀ ਖੜ੍ਹੇ ਕਨ, ਜਿਹੜੇ ਸੰਘਰਸ਼ ਵਿਚ ਸ਼ਾਮਿਲ ਹੋਏ ਅਤੇ ਪ੍ਰੇਰਣਾ ਸ਼ਕਤੀ ਬਣੇ।

## ਵਿਦਰੋਹ ਦਾ ਆਰੰਭ

ਜਨਵਰੀ 1857 ਵਿਚ ਵਿਦਰੋਹ ਪਹਿਲਾਂ ਡਮਡਮ ਬੰਗਾਲ ਵਿਚ ਸ਼ੁਰੂ ਹੋਇਆ। ਮੰਗਲ ਪਾਂਡੇ ਨੇ ਪਹਿਲਾ ਵੱਡੀ ਹਿੰਮਤ ਦਾ ਕੰਮ ਕੀਤਾ ਜਦ ਉਸਨੇ ਬਾਰਕਪੁਰ ਉੱਪਰ ਧਾਵਾ ਬੋਲਣ ਤੋਂ ਨਾਂਹ ਕਰ ਦਿੱਤੀ। ਵਿਦਰੋਹ ਦੀ ਅੱਗ ਲਖਨਊ ਤੱਕ ਫੈਲ ਗਈ ਅਤੇ 9 ਤੇ 10 ਮਈ ਨੂੰ ਮੇਰਠ ਵਿਚ ਇਕ ਪੂਰੇ ਦਾ ਪੂਰਾ ਇਨਕਲਾਬੀ ਭਾਂਬੜ ਮਚ ਗਿਆ। ਮੇਰਠ ਦੇ ਸਿਪਾਹੀਆਂ ਨੇ 11 ਮਈ ਨੂੰ ਦਿੱਲੀ ’ਤੇ ਕਬਜ਼ਾ ਕਰ ਲਿਆ, ਜਿਸਦਾ ਸੰਕੇਤ ਸੀ ਕਿ ਸਾਰੀ ਹੀ ਫ਼ੌਜ ਬਗ਼ਾਵਤ ਕਰ ਦੇਵੇ। ਦਿੱਲੀ ਉਪਰ ਧਾਵਾ ਬੋਲ ਕੇ, ਮੁਗ਼ਲ ਸਲਤਨਤ ਦੇ ਰਵਾਇਤੀ ਕੇਂਦਰ ’ਤੇ ਕਬਜ਼ਾ ਕਰਕੇ, ਬਹਾਦਰ ਸ਼ਾਹ ਨੂੰ, ਜੋ ਮਹਾਨ ਅਕਬਰ ਦਾ ਵੰਸ਼ ਸੀ, ਨੂੰ ਤਖ਼ਤ ’ਤੇ ਬਿਠਾ ਕੇ, ਬਾਗ਼ੀਆਂ ਨੇ ਬਹੁਤ ਹੀ ਸ਼ਕਤੀਸ਼ਾਲੀ ਹਲ ਚਲ ਮਚਾ ਦਿੱਤੀ ਤਾਂ ਜੋ ਬੰਗਾਲ ਫ਼ੌਜ ਪੂਰੀ ਤਰ੍ਹਾਂ ਟੁੱਟ ਜਾਵੇ।

ਆਪਣੇ ਲੇਖ “ਭਾਰਤੀ ਸੈਨਾ ਦਾ ਵਿਦਰੋਹ” ਵਿਚ ਮਾਰਕਸ ਨੇ ਕਿਸ ਤਰ੍ਹਾਂ ਇਸ ਬਹੁਤ ਅਹਿਮ ਘਟਨਾ ਨੂੰ ਜਿਸਦੇ ਦੁਆਲੇ ਵਿਦਰੋਹ ਘੁੰਮਦਾ ਸੀ, ਭਾਰਤੀ ਸਿਪਾਹੀਆਂ ਦੀ ਮਨੋਦਸ਼ਾ ਅਤੇ ਭਾਰਤੀ ਜਨਤਾ ਦੀ ਅਤਿ ਦੀ ਨਾਰਾਜ਼ਗੀ ਪੇਸ਼ ਕੀਤੀ ਜੋ ਬਗ਼ਾਵਤ ਦੇ ਪਿੱਛੇ ਖੜ੍ਹੀ ਸੀ। –

“ਇਹ ਪਹਿਲਾ ਮੌਕਾ ਹੈ ਕਿ ਸਿਪਾਹੀ ਰਜਮੈਂਟਾਂ ਨੇ ਆਪਣੇ ਯੂਰਪੀਨ ਅਫ਼ਸਰਾਂ ਦਾ ਕਤਲ ਕੀਤਾ – ਜਦ ਮੁਸਲਮਾਨ ਅਤੇ ਹਿੰਦੂ ਆਪਣੇ ਆਪਸੀ ਤਫ਼ਰਕਾਤ ਭੁੱਲ ਗਏ ਅਤੇ ਆਪਣੇ ਸਾਂਝੇ ਮਾਲਕਾਂ ਦੇ ਖ਼ਿਲਾਫ ਇਕੱਠੇ ਹੋ ਗਏ – ਗੜਬੜ ਹਿੰਦੂਆਂ ਤੋਂ ਸ਼ੁਰੂ ਹੋਈ ਅਤੇ ਇਕ ਮੁਸਲਮਾਨ ਨੂੰ ਦਿੱਲੀ ਦਾ ਸ਼ਹਿਨਸ਼ਾਹ ਬਣਾ ਕੇ ਮੁੱਕੀ। ਇਹ ਵਿਦਰੋਹ ਕੁਝ ਕੁ ਹਲਕਿਆਂ ਤਕ ਹੀ ਸੀਮਿਤ ਨਹੀਂ ਰਿਹਾ, ਅਤੇ ਅੰਤ ਵਿਚ ਜਿਹੜਾ ਇਹ ਵਿਦਰੋਹ ਭਾਰਤੀ ਸੈਨਾ ਵਿਚ ਹੋਇਆ ਉਹ ਦੂਸਰੇ ਪਾਸੇ ਅੰਗ੍ਰੇਜ਼ੀ ਸਰਵਉੱਚਤਾ ਦੇ ਵਿਰੁੱਧ ਸਾਰੀਆਂ ਹੀ ਮਹਾਨ ਏਸ਼ੀਆਈ ਕੌਮਾਂ ਦਾ ਵਿਦਰੋਹ ਸੀ। ਬੰਗਾਲ ਸੈਨਾ ਦਾ ਵਿਦਰੋਹ ਬਿਨਾ ਕਿਸੇ ਸ਼ੱਕ ਸ਼ੁਬੇ ਦੇ ਬਿਲਕੁਲ ਇਰਾਨੀ ਅਤੇ ਚੀਨੀ ਜੰਗਾਂ ਨਾਲ ਨੇੜਲੇ ਸੰਬੰਧ ਵਾਲਾ ਸੀ।[2]

## ਜੰਗ ਦੀ ਘਾਲ

ਬੰਗਾਲ ਸੈਨਾ ਦੇ 1, 35,000 ਭਾਰਤੀ ਸਿਪਾਹੀਆਂ ਵਿਚੋਂ, ਜੋ ਕਿ ਉਸ ਵੇਲੇ ਦੀ ਬਹੁਤ ਹੀ ਆਧੁਨਿਕ ਸੈਨਾ ਸੀ ਅਤੇ ਬ੍ਰਿਟਿਸ਼ ਰਾਜ ਵਿਚ ਸਭ ਤੋਂ ਵੱਡੀ। 1, 28,000 ਸਿਪਾਹੀਆਂ ਨੇ ਬਗ਼ਾਵਤ ਕੀਤੀ ਸੀ ਅਤੇ ਕੇਵਲ 7000 ਹੀ ਵਫ਼ਾਦਾਰ ਰਹੇ ਸਨ। ਇਸ ਵਿਦਰੋਹ ਨੂੰ ਕਿਵੇਂ

ਬਿਆਨ ਕਰਨਾ ਹੈ ਜੋ ਸਾਰੀ ਬੰਗਾਲ ਫੌਜ ਦੀ ਬਗ਼ਾਵਤ ਸੀ – ਇਹ ਅੰਗ੍ਰੇਜ਼ੀ ਬਸਤੀਵਾਦ ਦੀ ਭਾਰਤ ਅਤੇ ਹੋਰ ਦੇਸ਼ਾਂ ਵਿਚ ਤਲਵਾਰ ਸੀ। ਵਿਦਰੋਹ ਤੋਂ ਪਹਿਲਾਂ ਅਣਗਿਣਤ ਅਤੇ ਨਾ ਮੁੱਕਣ ਵਾਲੀ ਨਿੱਕੀਆਂ–ਨਿੱਕੀਆਂ ਜੰਗਾਂ ਹੁੰਦੀਆਂ ਰਹੀਆਂ, ਜਿਹਨਾਂ ਦੀ ਫ਼ਤਹਿ ਨਾਲ ਹਕੂਮਤ ਦੇ ਇਲਾਕਿਆਂ ਵਿਚ ਵਾਧਾ ਹੁੰਦਾ ਸੀ, ਜਦਕਿ 1832 ਵਿਚ ਪਾਰਲੀਮੈਂਟਰੀ ਸੁਧਾਰ ਕੀਤੇ ਗਏ ਸਨ ਜਿਸ ਦੁਆਰਾ ਉਦਯੋਗਿਕ ਬੁਰਜੁਆ ਵਰਗ ਦੇ ਹੱਥ ਸ਼ਕਤੀ ਅਤੇ ਸਰਦਾਰੀ ਆ ਗਈ ਸੀ – ਇਕ ਐਸਾ ਸਮਾਂ ਜਿਸਨੂੰ ਕਈ ਅੱਜ ਦੇ ਲੇਖਕ ਖੁੱਲ੍ਹੀ ਤਜਾਰਤ ਦਾ ਸਾਮਰਾਜ ਕਹਿੰਦੇ ਹਨ। ਇਸ ਸਮੇਂ ਦੌਰਾਨ, ਬੰਗਾਲ ਸੈਨਾ ਨੂੰ ਤੋਪ ਦੇ ਗੋਲਿਆਂ ਵਾਂਗ ਵਰਤਿਆ ਜਾਂਦਾ ਸੀ, ਭਾਰਤ ਦੇ ਰਹਿੰਦੇ ਭਾਗਾਂ ਨੂੰ ਫ਼ਤਿਹ ਕਰਨ ਲਈ ਹੀ ਨਹੀਂ, ਸਗੋਂ ਦੇਸ਼ੋਂ ਬਾਹਰ ਦੇ ਜੰਗੀ ਮੈਦਾਨਾਂ ਵਿਚ ਵੀ, ਅਫ਼ਗਾਨਿਸਤਾਨ ਤੋਂ ਲੈ ਕੇ ਚੀਨ ਅਤੇ ਕਰੀਮੀਆ ਤਕ। ਈਸਟ ਇੰਡੀਆ ਕੰਪਨੀ ਨੇ ਭਾਰਤੀ ਸੈਨਾ ਦਾ ਪ੍ਰਯੋਗ ਪਹਿਲੀ ਅਫ਼ਗਾਨ ਜੰਗ (1839–1842), ਗਵਾਲੀਅਰ ਫ਼ਤਹਿ ਕਰਨ ਲਈ (1843), ਸਿੰਧ (1844), 1845–46 ਅਤੇ 1848–49 ਦੀਆਂ ਐਂਗਲੋ ਸਿੱਖ ਜੰਗਾਂ ਵਿਚ, ਜਿਸਦੇ ਫਲਸਰੂਪ ਪੰਜਾਬ ਅੰਗ੍ਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ, ਬਰਮਾ ਦੀ ਦੂਸਰੀ ਜੰਗ ਵਿਚ (1852) ਅਤੇ ਫੇਰ 1856 ਵਿਚ ਅਤੇ ਕਰੀਮੀਅਨ ਜੰਗ ਵਿਚ। ਫਲਸਰੂਪ, ਬੰਗਾਲ ਸੈਨਾਂ ਬਿਨਾਂ ਕਿਸੇ ਆਰਾਮ ਦੇ, ਕੋਈ ਅਠਾਰਾਂ ਸਾਲ ਤਕ, 1839 ਤੋਂ ਲੈ ਕੇ 1857 ਤਕ।

## ਵਿਦਰੋਹ ਦਾ ਪਹਿਲਾ ਆਮ ਕੇਂਦਰ

ਸਿੰਧ ਅਤੇ ਪੰਜਾਬ ਫ਼ਤਹਿ ਹੋ ਜਾਣ ਨਾਲ, ਭਾਰਤ ਵਿਚ ਅੰਗ੍ਰੇਜ਼ੀ ਰਾਜ ਆਪਣੀਆਂ ਕੁਦਰਤੀ ਹੱਦਾਂ ਤਕ ਪੁੱਜ ਗਿਆ ਸੀ ਅਤੇ ਨਾਲ ਹੀ ਦੇਸੀ ਰਿਆਸਤਾਂ ਦੇ ਆਖ਼ਰੀ ਚਿੰਨ੍ਹ ਵੀ ਮਿਟਾ ਦਿੱਤੇ ਸਨ। ਅਵਧ ਦੇ ਰਾਜੇ ਨੂੰ ਗੱਦੀ ਤੋਂ ਲਾਹ ਦੇਣ ਮਗਰੋਂ ਅਤੇ 1856 ਵਿਚ ਈਸਟ ਇੰਡੀਆ ਕੰਪਨੀ ਦੁਆਰਾ ਉਸਦੀ ਰਿਆਸਤ ਨੂੰ ਆਪਣੇ ਇਲਾਕੇ 'ਚ ਮਿਲਾ ਲੈਣ ਨਾਲ, ਉਸ ਵੇਲੇ ਦੇ ਅਹਿਦਨਾਮੇ ਦੀ ਮੁਖ਼ਾਲਫਤ ਕਰਦਿਆਂ ਹੋਇਆਂ, ਇਹ ਬਿਲਕੁਲ ਸਪਸ਼ਟ ਹੋ ਗਿਆ ਸੀ ਕਿ ਮੌਜੂਦਾ ਦੇਸੀ ਰਿਆਸਤਾਂ ਦੀ ਹੋਂਦ ਐਵੇਂ ਦਿਖਾਵਾ ਜਿਹਾ ਹੀ ਸੀ। ਇਸਦਾ ਸਿੱਟਾ ਇਹ ਨਿਕਲਿਆ ਕਿ *ਈਸਟ ਇੰਡੀਆ ਕੰਪਨੀ ..ਹੁਣ ਭਾਰਤ ਦੇ ਇਕ ਹਿੱਸੇ 'ਤੇ ਦੂਸਰੇ ਹਿੱਸੇ ਦੀ ਮਦਦ ਨਾਲ ਹਮਲੇ ਨਹੀਂ ਕਰਦੀ ਸੀ, ਸਗੋਂ ਆਪ ਹੀ ਸਭ ਦੇ ਸਿਰ 'ਤੇ ਸਰਦਾਰ ਹੋ ਗਈ ਸੀ ਅਤੇ ਸਾਰਾ ਹੀ ਭਾਰਤ ਇਸਦੇ ਪੈਰਾਂ ਹੇਠ ਹੋ ਗਿਆ ਸੀ।*[3] ਇਸਦੇ ਫਲਸਰੂਪ ਸਿਪਾਹੀ ਸੈਨਾ ਨੂੰ ਹੁਣ ਕੰਪਨੀ ਦੇ ਇਲਾਕਿਆਂ ਵਿਚ ਵਾਧਾ ਕਰਨ ਲਈ ਨਹੀਂ ਸੀ ਲੜਨਾ ਪੈਂਦਾ ਸਗੋਂ ਉਹਨਾਂ ਨੂੰ ਕੰਪਨੀ ਅਧੀਨ ਕਾਇਮ ਰੱਖਣ ਲਈ ਜੁਟਨਾ ਪੈਂਦਾ ਸੀ। ਫ਼ੌਜੀਆਂ ਤੋਂ ਹੁਣ ਸੈਨਿਕ ਪੁਲਸੀਏ ਬਣ ਗਏ ਸਨ– 2,00,000 ਸਿਪਾਹੀ, ਜਿਹਨਾਂ ਦੇ ਅਫ਼ਸਰ ਅੰਗ੍ਰੇਜ਼ ਸਨ, ਜਿਹੜੇ ਦੋ 22 ਕਰੋੜ ਭਾਰਤੀਆਂ ਨੂੰ ਆਪਣੇ ਅਧੀਨ ਰੱਖਦੇ ਰਹੇ ਸਨ। ਦੂਸਰੇ ਪਾਸੇ, ਸਾਰੀ ਸੈਨਾ ਕੇਵਲ 40,000 ਅੰਗ੍ਰੇਜ਼ ਅਫ਼ਸਰਾਂ ਦੇ ਅਧੀਨ ਸੀ। ਇੰਝ ਇਹ ਬਿਲਕੁਲ ਸਪੱਸ਼ਟ ਹੈ ਕਿ ਭਾਰਤੀ ਲੋਕਾਂ ਦੀ ਵਫ਼ਾਦਾਰੀ ਭਾਰਤੀ ਸੈਨਾ 'ਤੇ ਨਿਰਭਰ ਕਰਦੀ ਸੀ, ਜਿਸ ਨੂੰ ਬਣਾਉਣ ਵਿਚ ਅੰਗ੍ਰੇਜ਼ੀ ਹਕੂਮਤ ਨੇ ਨਾਲ ਨਾਲ ਪਹਿਲਾ ਵਿਦਰੋਹ ਦਾ ਕੇਂਦਰ ਸੰਗਠਿਤ ਕਰ ਦਿੱਤਾ।[4]

ਇਹੀ ਕਾਰਨ ਹੈ ਕਿ ਭਾਰਤੀ ਵਿਦਰੋਹ "ਕਿਸਾਨਾਂ! ਤੋਂ ਸ਼ੁਰੂ ਨਹੀਂ ਹੋਇਆ, ਜਿਹਨਾਂ ਨੂੰ ਅੰਗ੍ਰੇਜ਼ਾਂ ਦੁਆਰਾ ਤਸੀਹੇ ਦਿੱਤੇ ਜਾਂਦੇ ਸਨ, ਬੇਪੱਤ ਕੀਤਾ ਜਾਂਦਾ ਸੀ ਅਤੇ ਨੰਗੇ ਕੀਤਾ ਜਾਂਦਾ

ਸੀ, ਸਗੋਂ ਸਿਪਾਹੀਆਂ ਤੋਂ ਸ਼ੁਰੂ ਹੋਇਆ, ਜਿਹਨਾਂ ਨੂੰ ਪਹਿਨਣ ਨੂੰ ਵਰਦੀ ਮਿਲਦੀ ਸੀ, ਸ਼ਾਬਾਸ਼ ਮਿਲਦੀ ਸੀ ਅਤੇ ਰੱਜੇ ਪੁੱਜੇ ਰਹਿੰਦੇ ਸਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਫ਼ਰਾਂਸੀਸੀ ਬਾਦਸ਼ਾਹਤ 'ਤੇ ਪਹਿਲੀ ਵਾਰ ਜੋ ਬੁਰਜੂਆ ਦੁਆਰਾ ਮਹਾਨ ਫਰੈਂਚ ਇਨਕਲਾਬ ਦੌਰਾਨ ਅਠਾਰਵੀਂ ਸਦੀ ਦੇ ਅੰਤ ਵਿਚ ਹੋਇਆ ਸੀ. . . ਉਹ ਅਹਿਲਕਾਰਾਂ ਵੱਲੋਂ ਸ਼ੁਰੂ ਹੋਇਆ ਸੀ, ਕਿਸਾਨਾਂ ਵੱਲੋਂ ਨਹੀ।"[5]

## ਕੌਮੀ ਬਗ਼ਾਵਤ

ਦੇਸੀ ਸੈਨਾ, ਜਿਸ ਉਪਰ ਬ੍ਰਿਟਿਸ਼ ਸਰਕਾਰ ਪੂਰੀ ਤਰ੍ਹਾਂ ਨਿਰਭਰ ਕਰਦੀ ਸੀ, ਭਾਰਤ ਵਿਚ ਆਪਣਾ ਰਾਜ ਪੱਕੀ ਤਰ੍ਹਾਂ ਜਮਾਈ ਰੱਖਣ ਲਈ, ਅਤੇ ਜੋ ਜੰਗਾਂ ਤੋਂ ਤੰਗ ਵੀ ਆ ਚੁੱਕੀ ਸੀ, ਥੱਕੀ ਪਈ ਸੀ ਅਤੇ ਹੋਰ ਵੀ ਕਈ ਗਿਲੇ ਸਨ ਉਸਦੇ ਬਸਤੀਵਾਦੀ ਸ਼ਾਸਕਾਂ ਦੇ ਖ਼ਿਲਾਫ਼। ਸਿਪਾਹੀਆਂ ਨਾਲ ਭੈੜਾ ਸਲੂਕ ਕੀਤਾ ਜਾਂਦਾ ਸੀ, ਨਸਲੀ ਤੌਰ 'ਤੇ ਗਾਲੀ ਗਲੋਚ ਕੀਤਾ ਜਾਂਦਾ ਸੀ, ਧਾਰਮਿਕ ਤ੍ਰਿਸਕਾਰ ਕੀਤਾ ਜਾਂਦਾ ਸੀ, ਇਨਸਾਨ ਹੋਣ ਦੇ ਨਾਤੇ ਸਾਰੇ ਹੀ ਇਨਸਾਨੀ ਹੱਕ ਖੋਹ ਲਏ ਗਏ ਸਨ, ਅੰਗ੍ਰੇਜ਼ ਸਿਪਾਹੀਆਂ ਦੀ ਤਨਖ਼ਾਹ ਦੇ ਮੁਕਾਬਲੇ ਉਹਨਾਂ ਨੂੰ ਐਵੇਂ ਨਾ ਮਾਤਰ ਤਨਖ਼ਾਹ ਹੀ ਮਿਲਦੀ ਸੀ ਅਤੇ ਤਰੱਕੀ ਦਾ ਬਿਲਕੁਲ ਕੋਈ ਮੌਕਾ ਨਹੀਂ ਹੁੰਦਾ ਸੀ। ਇਸ ਪ੍ਰਕਾਰ ਦੇ ਰੋਸ ਭਰੇ, ਤੱਸਲੀ ਹੀਨ, ਹਾਲਾਤ ਵਿਚ, ਜਿਹੜਾ ਅੰਤ ਨੂੰ ਅੰਗ੍ਰੇਜ਼ੀ ਹਕੂਮਤ ਦੇ ਖ਼ਿਲਾਫ਼ ਵੱਡਾ ਵਿਦਰੋਹ ਹੋ ਕੇ ਉਭਰਿਆ, ਦੇ ਪਿੱਛੇ ਸਿਪਾਹੀਆਂ ਨੂੰ ਇਹ ਵੀ ਡਰ ਸੀ ਕਿ ਸਰਕਾਰ ਉਹਨਾਂ ਦੇ ਧਰਮ ਵਿਚ ਨਾ ਦਖ਼ਲ ਦੇਣ ਲੱਗ ਜਾਵੇ। ਜਿਹੜੇ ਸਰਕਾਰ ਨੇ ਕਾਰਤੂਸ ਦਿੱਤੇ ਸਨ ਉਹਨਾਂ 'ਤੇ ਗਾਂ ਅਤੇ ਸੂਰ ਦੀ ਚਰਬੀ ਦਾ ਥਿੰਦਾ ਲਾਇਆ ਹੁੰਦਾ ਸੀ ਅਤੇ ਉਸਨੂੰ ਦੰਦੀ ਵੱਢਣਾ ਭਾਰਤੀ ਸਿਪਾਹੀਆਂ ਨੇ ਆਪਣੇ ਧਰਮ ਅਤੇ ਅਕੀਦੇ ਵਿਚ ਦਖ਼ਲ ਅੰਦਾਜ਼ੀ ਸਮਝਿਆ, ਜਿਸ ਕਾਰਨ ਸਥਾਨੀ ਹਲਚਲ ਹੋਈ। ਜਨਵਰੀ 1857 ਦੇ ਅੰਤ ਵਿਚ, ਜਿਹੜੀ ਛੇਤੀ ਨਾਲ ਕਲਕੱਤੇ ਨੇੜੇ ਦੀ ਛਾਉਣੀਆਂ (22 ਜਨਵਰੀ) ਤੋਂ ਹੋਰ ਥਾਵਾਂ 'ਤੇ, ਜਿਵੇਂ ਬਰਹਾਮਪੁਰ (25 ਜਨਵਰੀ) ਅਤੇ ਬੈਰਕਪੁਰ (ਮਾਰਚ ਦੇ ਅਖ਼ੀਰ ਵਿਚ)। ਅਪ੍ਰੈਲ ਦੇ ਮਹੀਨੇ ਵਿਚ ਕਈ ਅੱਗਾਂ ਛਾਉਣੀਆਂ ਵਿਚ ਲੱਗੀਆਂ, ਆਲਾਹਾਬਾਦ, ਆਗਰਾ ਅਤੇ ਅੰਬਾਲਾ ਵਿਚ। ਮਦਰਾਸ, ਬੰਬਈ ਦੀ ਅਤੇ ਮੇਰਠ ਦੀ ਲਾਈਟ ਕਵੈਲਰੀ ਰਜਮੈਂਟ ਦੁਆਰਾ ਵਿਦਰੋਹ। ਇਸਦੇ ਮਗਰੋਂ ਛੇਤੀ ਹੀ 10 ਅਤੇ 11 ਮਈ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ, ਜਿਸਦੇ ਫਲ ਸਰੂਪ ਬਾਗ਼ੀਆਂ ਦਾ ਦਿੱਲੀ 'ਤੇ ਕਬਜ਼ਾ ਹੋ ਗਿਆ। ਉਸਦੇ ਛੇਤੀ ਮਗਰੋਂ ਹੀ ਸਾਰੀ ਦੀ ਸਾਰੀ ਬੰਗਾਲ ਸੈਨਾ ਨੇ ਵਿਦਰੋਹ ਕਰ ਦਿੱਤਾ।

ਭਾਵੇਂ ਕਾਰਤੂਸਾਂ ਉੱਪਰ ਧਰਮ ਵਿਰੋਧੀ ਥਿੰਦੇ ਨੇ ਪਿਸਤੌਲ ਦੇ ਘੋੜੇ ਦਾ ਵਿਦਰੋਹ ਵਾਸਤੇ ਕੰਮ ਕੀਤਾ, ਪਰ ਇਹ ਸਿੱਟਾ ਕੱਢ ਲੈਣਾ ਬਿਲਕੁਲ ਗ਼ਲਤ ਹੋਵੇਗਾ ਕਿ ਬੰਗਾਲ ਸੈਨਾ ਦਾ ਵਿਦਰੋਹ ਕੇਵਲ ਧਾਰਮਿਕ ਕਾਰਨ ਕਰਕੇ ਹੀ ਇਕ ਜੰਗ ਸੀ, ਜੋ ਵੱਖਰੇ ਧਰਮ ਵਾਲਿਆਂ ਦੇ ਵਿਰੁੱਧ ਸੀ। ਬੰਗਾਲ ਸੈਨਾ ਦੇ ਓਹੀ ਸਿਪਾਹੀ ਜਿਹੜੇ ਕਾਰਤੂਸ ਨੂੰ ਦੰਦੀ ਨਹੀਂ ਵੱਢਣਾ ਚਾਹੁੰਦੇ ਸਨ ਤੇ ਈਸਟ ਇੰਡੀਆ ਕੰਪਨੀ ਦੇ ਵਿਰੁੱਧ ਬਗ਼ਾਵਤ 'ਤੇ ਉੱਤਰ ਆਏ ਸਨ, ਸੂਰ ਅਤੇ ਗਾਂ ਦੇ ਥਿੰਦੇ ਕਾਰਨ, ਅੰਗ੍ਰੇਜ਼ੀ ਫ਼ੌਜਾਂ ਦੇ ਖ਼ਿਲਾਫ਼ ਲੜਦੇ ਉਹ ਉਹਨਾਂ ਕਾਰਤੂਸਾਂ ਨੂੰ ਹੀ ਦੰਦੀ ਵੱਢ ਰਹੇ ਸਨ। ਇੰਝ ਥਿੰਦੇ ਕੀਤੇ ਹੋਏ ਕਾਰਤੂਸਾਂ ਨੂੰ ਵਰਤਣ ਤੋਂ ਇਨਕਾਰ ਕਰਨਾ ਤਾਂ ਹੋਰ ਕਈ ਕਾਰਨਾਂ ਕਰਕੇ, ਨਸਲੀ ਵਿਤਕਰਾ, ਰੰਗ ਭੇਦ, ਧਾਰਮਿਕ ਤ੍ਰਿਸਕਾਰ, ਆਦਿ ਕਾਰਨ ਭਰੇ ਪੀਤੇ ਹੋਏ

ਸਿਪਾਹੀਆਂ ਦਾ ਰੋਸ ਪ੍ਰਗਟਾਵਾ ਸੀ, ਜਿਸ ਦੇ ਨਾਲ ਨਾਲ ਸੋਸ਼ਣ ਅਤੇ ਡਕੈਤੀ ਜੋ ਹੋਰ ਲੋਕਾਂ ਉੱਪਰ ਕੀਤੇ ਜਾਂਦੇ ਸਨ। ਨਾ ਹੀ ਇਹ ਕੇਵਲ ਫ਼ੌਜੀ ਬਗਾਵਤ ਹੀ ਸੀ। ਜਦ ਬਾਗ਼ੀ ਫ਼ੌਜ ਨੇ ਦਿੱਲੀ ਲਾਲ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ ਅਤੇ ਬਹਾਦਰ ਸ਼ਾਹ ਨੂੰ ਹਿੰਦੁਸਤਾਨ ਦੇ ਸ਼ਹਿਨਸ਼ਾਹ ਵਜੋਂ ਤਖ਼ਤ 'ਤੇ ਬਿਠਾ ਦਿੱਤਾ ਸੀ, ਤਾਂ ਇਹ ਸਪਸ਼ਟ ਸੁਨੇਹਾ ਦਿੱਤਾ ਗਿਆ ਸੀ ਕਿ ਮੁਗ਼ਲ ਬਾਦਸ਼ਾਹ ਹੀ ਅਸਲੀ ਹੁਕਮਰਾਨ ਹੈ ਅਤੇ ਸ਼ਾਸਨ ਦਾ ਚਿੰਨ੍ਹ ਹੈ ਅਤੇ ਅੰਗ੍ਰੇਜ਼ੀ ਲੋਕ ਤਾਂ ਲੁਟੇਰੇ ਸਨ ਜਿਹਨਾਂ ਨੂੰ ਹਰਾਉਣਾ ਹੈ ਅਤੇ ਦੇਸ ਵਿਚੋਂ ਬਾਹਰ ਕੱਢਣਾ ਹੈ।

ਇਨਕਲਾਬੀ ਢੰਗ ਨਾਲ ਬਹਾਦਰ ਸ਼ਾਹ ਨੂੰ ਬੰਗਾਲ ਸੈਨਾ ਦੇ ਸਿਪਾਹੀਆਂ ਦੁਆਰਾ ਸ਼ਹਿਨਸ਼ਾਹ ਘੋਸ਼ਿਤ ਕਰਨਾ ਸੰਸਾਰ ਭਰ ਵਿਚ ਮਾਨਤਾ ਪ੍ਰਾਪਤ ਕਾਰਜ ਗਿਣਿਆ ਗਿਆ ਸੀ ਜਿਹੜਾ ਚਾਰਲਸ ਬਾਲ ਨੇ ਇਹਨਾਂ ਸ਼ਬਦਾਂ ਵਿਚ ਬਿਆਨ ਕੀਤਾ ਸੀ – *"ਮੇਰਠ ਦੇ ਸਿਪਾਹੀਆਂ ਨੇ ਇਕ ਪਲ ਵਿਚ ਹੀ ਆਪਣਾ ਨੇਤਾ, ਝੰਡਾ ਅਤੇ ਪ੍ਰਯੋਜਨ ਲੱਭ ਲਿਆ। ਵਿਦਰੋਹ ਇਕ ਇਨਕਲਾਬੀ ਜੰਗ ਵਿਚ ਬਦਲ ਗਿਆ।*[6] ਇਤਿਹਾਸਕਾਰ ਬਿਪਨ ਚੰਦਰਾ ਦੇ ਸ਼ਬਦਾਂ ਵਿਚ, *"ਇਕੋ ਹੀ ਕਾਰਜ ਨਾਲ, ਸਿਪਾਹੀਆਂ ਨੇ ਵਿਦਰੋਹ ਨੂੰ ਇਨਕਲਾਬੀ ਜੰਗ ਵਿਚ ਬਦਲ ਦਿੱਤਾ।" (ਮਾਡਰਨ ਇੰਡੀਆ)*

ਬਹਾਦਰ ਸ਼ਾਹ, ਇਕ ਤਕੜਾ ਕ੍ਰਿਸ਼ਮਈ ਅਤੇ ਪ੍ਰੇਰਣਾ ਸਰੋਤ ਹੋਣ ਦੀ ਬਜਾਏ, ਇਕ ਮੰਦਬੁੱਧੀ ਬੁੱਢੜਾ ਸੀ, ਪਰ ਇਸ ਇਤਿਹਾਸਿਕ ਸੰਘਰਸ਼ ਵਿਚ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਸੀ। ਮਹਾਨ ਅਕਬਰ ਦਾ ਹੱਕੀ ਵਾਰਿਸ ਹੋਣ ਦੇ ਨਾਤੇ, ਉਸਨੂੰ ਭਾਰਤੀ ਜਨਤਾ ਅਤੇ ਜਾਗੀਰਦਾਰ ਭਾਰਤ ਦਾ ਰਵਾਇਤੀ ਸ਼ਾਸਕ ਗਿਣਦੇ ਸਨ। ਇਹ ਵੀ ਮੰਨਦੇ ਸਨ ਕਿ ਲਾਰਡ ਲੇਕ ਦੇ 15 ਸਤੰਬਰ 1803 ਨੂੰ ਜਮਨਾ ਪਾਰ ਕਰਨ ਮਗਰੋਂ, ਅੰਗ੍ਰੇਜ਼ ਦਿੱਲੀ ਵਿਚ ਪਹਿਲੀ ਵਾਰ ਆਏ ਸਨ, ਅਤੇ ਉਸਨੂੰ ਮੁਗ਼ਲ ਵੰਸ਼ ਦੇ ਪਰਛਾਵੇਂ ਵਜੋਂ ਰੱਖੀ ਛਡਿਆ ਸੀ, ਇਹ ਉਹ ਅਧਿਕਾਰ ਕਿਵੇਂ ਵਰਤਦਾ ਸੀ, ਇਸ ਦਾ ਕੋਈ ਮਤਲਬ ਨਹੀਂ ਸੀ। ਪਰ ਜਦ ਇਹ ਸਪਸ਼ਟ ਹੋ ਗਿਆ ਕਿ *"ਅੰਗ੍ਰੇਜ਼ ਇਸ ਵੰਸ਼ ਨੂੰ ਸਮਾਪਤ ਕਰਨਾ ਚਾਹੁੰਦੇ ਹਨ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇਧਰ ਉੱਧਰ ਖਿੰਡਾਅ ਦੇਣਾ ਚਾਹੁੰਦੇ ਹਨ, ਤਾਂ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਅਤਿ ਗਹਿਰੀਆਂ ਭਾਵਨਾਵਾਂ ਜਾਗ ਉੱਠੀਆਂ ਸਨ। ਬ੍ਰਿਟਿਸ਼ ਓਦੋਂ ਇਕ ਜਵਾਲਾਮੁਖੀ 'ਤੇ ਬੈਠੇ ਸਨ ਜਿਹੜਾ ਕਿਸੇ ਪਲ ਵੀ ਫਟਣ ਲਈ ਅਤੇ ਮਾਰੂ ਹਿੰਸਾ ਬਣਨ ਲਈ ਤਿਆਰ ਸੀ।"*[7]

ਸਪੱਸ਼ਟ ਤੌਰ 'ਤੇ ਇਹ ਉਸੇ ਤੱਥ ਨੂੰ ਮੰਨਣ ਵਾਲੀ ਗੱਲ ਸੀ ਕਿ ਬਾਗ਼ੀ ਭਾਰਤੀ ਸਿਪਾਹੀਆਂ ਨੇ ਬਹਾਦਰ ਸ਼ਾਹ ਦੇ ਸਿਰ 'ਤੇ ਤਾਜ ਰੱਖ ਦਿੱਤਾ। ਐਸਾ ਕਰਨ ਨਾਲ, ਉਹਨਾਂ ਨੇ ਅੰਗ੍ਰੇਜ਼ ਨੂੰ ਇਸ ਰਵਾਇਤੀ ਚਿੰਨ੍ਹ ਤੋਂ ਵੰਚਿਤ ਕਰ ਦਿੱਤਾ ਜਿਸ ਨਾਲ ਉਹ ਭਾਰਤੀ ਲੋਕਾਂ 'ਤੇ ਰਾਜ ਕਰ ਸਕਦੇ ਸਨ ਅਤੇ ਉਹਨਾਂ ਨੂੰ ਕਾਬੂ ਵਿਚ ਰੱਖ ਸਕਦੇ ਸਨ। ਉਹਨਾਂ ਨੇ ਇਸ ਚਿੰਨ੍ਹ ਨੂੰ ਅੰਗ੍ਰੇਜ਼ਾਂ ਦੇ ਖ਼ਿਲਾਫ਼ ਯੁੱਧ ਕਰਨ ਲਈ ਵਰਤਿਆ। ਇਕ ਤਾਜਦਾਰ ਬਾਦਸ਼ਾਹ, ਮੁਗ਼ਲ ਖ਼ਾਨਦਾਨ ਦਾ ਵਾਰਿਸ, ਜਿਸ ਨੂੰ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਫ਼ੌਜ ਦੀ ਹਿਮਾਇਤ ਹਾਸਿਲ ਸੀ, ਇਹ ਸਾਰਿਆਂ ਨੂੰ ਆਪਸ ਵਿਚ ਜੋੜਨ ਦਾ ਕਾਰਨ ਬਣ ਗਿਆ ਤਾਂ ਜੋ ਵਿਦੇਸ਼ੀ ਸਰਕਾਰ ਦੇ ਵਿਰੁੱਧ ਹਰ ਪ੍ਰਕਾਰ ਦਾ ਵਿਦਰੋਹ ਕੀਤਾ ਜਾ ਸਕੇ। ਬ੍ਰਿਟਿਸ਼ ਰਾਜ ਤੋਂ ਮੁਕਤ ਹੋਈ ਦਿੱਲੀ ਅਤੇ ਇਕ ਮੁਗ਼ਲ ਦੇ ਲਾਲ ਕਿਲ੍ਹੇ ਦੇ ਤਖ਼ਤ 'ਤੇ ਬੈਠਣ ਨਾਲ ਇਹ ਹੋਣਾ ਹੀ ਸੀ, ਤੇ ਹੋਇਆ ਵੀ, ਕਿ ਇਹ ਇਕ ਆਜ਼ਾਦ ਭਾਰਤੀ ਰਾਸ਼ਟਰ ਦਾ ਸ਼ਕਤੀਸ਼ਾਲੀ ਯੁੱਧ-ਘੋਸ਼ ਬਣ ਗਿਆ। ਇਹ ਅਫ਼ਸੋਸ ਦੀ ਗੱਲ ਹੈ ਕਿ ਕੁਝ

ਭਾਰਤੀ ਇਤਿਹਾਸਕਾਰ ਅਤੇ ਬੁੱਧੀਜੀਵੀ ਇਹ ਨਹੀਂ ਮੰਨਦੇ – ਸ਼ੁਕਰ ਹੈ ਚਾਹੇ ਉਹਨਾਂ ਦੀ ਗਿਣਤੀ ਪਿਛਲੇ ਕੁਝ ਦਹਾਕਿਆਂ ਵਿਚ ਬਹੁਤ ਸੁੰਗੜ ਗਈ ਹੈ। ਇਸ ਤੱਥ ਦੀ ਅਹਿਮੀਅਤ ਨੂੰ ਬ੍ਰਿਟਿਸ਼ ਅਧਿਕਾਰੀ ਮੰਨਦੇ ਸਨ ਜੋ ਉਹਨਾਂ ਲਈ ਇਕ ਬਹੁਤ ਹੀ ਖ਼ਤਰਨਾਕ ਗੱਲ ਬਣ ਗਈ ਸੀ। ਇਸੇ ਲਈ ਉਹਨਾਂ ਨੇ ਦਿੱਲੀ ਨੂੰ ਐਨੀ ਸਾਰੀ ਅਹਿਮੀਅਤ ਦਿੱਤੀ ਸੀ ਅਤੇ ਇਸ 'ਤੇ ਕਬਜ਼ਾ *ਕਰਨਾ ਆਪਣੀ ਪਹਿਲ ਗਿਣਦੇ ਸਨ, ਭਾਵੇਂ ਫ਼ੌਜੀ ਦ੍ਰਿਸ਼ਟੀਕੋਣ ਤੋਂ, ਇਸਦੀ ਐਨੀ ਅਹਿਮੀਅਤ ਨਹੀਂ ਸੀ। ਇਹ ਟੀਚਾ ਪੂਰਾ ਕਰਨ ਲਈ ਲਾਰੈਂਸ ਪੰਜਾਬ* ਨੂੰ, ਜੋ ਹੁਣੇ ਹੁਣੇ ਹੀ ਫ਼ਤਹਿ ਕੀਤਾ ਗਿਆ ਸੀ ਅਤੇ ਅਜੇ ਵੀ ਹਲਚਲ ਵਿਚ ਹੀ ਸੀ, ਆਪਣੀ ਫ਼ੌਜ ਤੋਂ, ਕਾਬਲ ਅਫ਼ਸਰਾਂ ਤੋਂ ਅਤੇ ਕਮਾਂਡਰਾਂ ਤੋਂ ਵਾਂਝਿਆਂ ਕਰ ਦੇਣਾ ਚਾਹੁੰਦਾ ਸੀ, ਤਾਂ ਜੋ ਦਿੱਲੀ ਫ਼ਤਹਿ ਕੀਤੀ ਜਾ ਸਕੇ। ਇਹੀ ਵਿਚਾਰ ਕੰਮ ਕਰ ਰਿਹਾ ਸੀ ਐਲਗਿਨ ਦੇ ਕੇਨਿੰਗ, ਗਵਰਨਰ ਜਨਰਲ ਆਫ਼ ਇੰਡੀਆ ਨਾਲ ਸਮਝੌਤੇ ਪਿੱਛੇ, ਕਿ ਸਾਰੇ ਹੀ ਸੈਨਿਕ ਜੋ ਇੰਗਲੈਂਡ ਦੀ ਦੂਸਰੀ ਅਫ਼ੀਮ ਜੰਗ ਲਈ ਚੀਨ ਦੇ ਵਿਰੁੱਧ ਵਰਤਣੇ ਸਨ, ਅਤੇ ਆਪ ਕਲਕੱਤੇ ਆਇਆ ਵੀ ਤਾਂ ਜੋ ਅੰਗ੍ਰੇਜ਼ੀ ਸੈਨਾ ਅਤੇ ਪ੍ਰਸ਼ਾਸਨ ਦਾ ਮਨੋਬਲ ਵਧਾਇਆ ਜਾ ਸਕੇ।

ਲਖਨਊ ਵਿਚ ਇਕ ਹੋਰ ਆਜ਼ਾਦ ਕੀਤਾ ਸਰਕਾਰੀ ਕੇਂਦਰ ਬਣ ਗਿਆ। ਫਲਸਰੂਪ, ਦਿੱਲੀ ਅਤੇ ਲਖਨਊ ਦਾ ਰਣਨੀਤਿਕ ਮਹੱਤਵ ਬਹੁਤ ਵਧ ਗਿਆ, ਇਨਕਲਾਬੀਆਂ ਵਾਸਤੇ ਵੀ ਅਤੇ ਅੰਗ੍ਰੇਜ਼ਾਂ ਲਈ ਵੀ। ਮਟਕਾਫ਼ ਦੇ ਸ਼ਬਦਾਂ ਵਿਚ, *"ਭਾਰਤ ਦੇ ਹਰ ਇਕ ਕੋਨੇ ਦਾ ਜਿੱਥੇ ਵੀ ਵਿਦਰੋਹ ਹੋਇਆ ਆਪਣਾ ਹੀ ਇਤਿਹਾਸ ਸੀ, ਪਰ ਦਿੱਲੀ ਅਤੇ ਲਖਨਊ ਦੇ ਆਲੇ-ਦੁਆਲੇ, ਸਭ ਤੋਂ ਵੱਧ ਦਿਲਚਸਪੀ ਸੀ। ਉੱਤਰੀ ਭਾਰਤ ਵਿਚ ਇਹਨਾਂ ਤੋਂ ਇਕ ਕੇਂਦਰ 'ਤੇ ਬਾਗ਼ੀ ਸਿਪਾਹੀ ਇਕੱਠੇ ਹੋ ਗਏ, ਜਦ ਹਰ ਇਕ ਰੈਜਮੈਂਟ ਇਕ ਮਗਰੋਂ ਦੂਸਰੀ ਬਗ਼ਾਵਤ ਕਰ ਰਹੀ ਸੀ ਅਤੇ ਇਹ ਦਿੱਲੀ ਹੀ ਸੀ ਜਿਸਨੇ ਬ੍ਰਿਟਿਸ਼ ਉੱਚਤਾ ਦਾ ਫ਼ੈਸਲਾ ਦਿੱਤਾ।"*[8]

ਇਕੱਲਾ ਲਖਨਊ ਰਾਜਧਾਨੀ ਹੀ ਨਹੀਂ ਸੀ ਸਗੋਂ ਸਾਰਾ ਅਵਧ ਹੀ ਹਥਿਆਰ ਲੈ ਕੇ ਬਾਗ਼ੀ ਹੋਈ ਬੈਠੇ ਸਨ। ਰੈਡ ਪੈਂਫਲਟ ਦੇ ਲਿਖਾਰੀ ਦੇ ਅਨੁਸਾਰ, "ਰੈਗੂਲਰ ਸਿਪਾਹੀ ਹੀ ਨਹੀਂ ਸਗੋਂ ਸਾਬਕਾ ਰਾਜੇ ਦੀ ਸੈਨਾ ਦੇ 60,000 ਸਿਪਾਹੀ, ਜ਼ਿੰਮੀਦਾਰ ਅਤੇ ਉਹਨਾਂ ਦੇ ਮਜ਼ਾਰੇ, 250 ਕਿਲੇ, ਜਿਹਨਾਂ ਵਿਚੋਂ ਬਹੁਤਿਆਂ ਉੱਪਰ ਭਾਰੀ ਤੋਪਾਂ ਬੀੜੀਆਂ ਹੋਈਆਂ ਸਨ, ਸਾਡੇ ਵਿਰੁੱਧ ਕਾਰਵਾਈ ਕਰ ਰਹੇ ਸਨ। ਉਹਨਾਂ ਨੇ ਕੰਪਨੀ ਦੇ ਰਾਜ ਦੇ ਮੁਕਾਬਲੇ ਆਪਣੇ ਰਾਜਿਆਂ ਦੀ ਪ੍ਰਭੁਸੱਤਾ ਕਾਇਮ ਕਰ ਲਈ ਸੀ, ਅਤੇ ਉਹਨਾਂ ਪ੍ਰਤੀ, ਇਕ ਸੁਰ ਹੋ ਕੇ, ਆਪਣੀ ਹਿਮਾਇਤ ਦਾ ਐਲਾਨ ਕਰ ਦਿੱਤਾ ਸੀ। ਪੈਨਸ਼ਨਰਾਂ ਨੇ ਵੀ ਜੋ ਪਹਿਲਾਂ ਫ਼ੌਜ ਵਿਚ ਨੌਕਰੀ ਕਰ ਚੁੱਕੇ ਸਨ, ਸਾਡੇ ਖ਼ਿਲਾਫ਼ ਐਲਾਨ ਕਰ ਦਿੱਤਾ ਸੀ ਅਤੇ ਅੰਤਮ ਸਿਪਾਹੀ ਤਕ ਬਗ਼ਾਵਤ ਵਿਚ ਸ਼ਾਮਿਲ ਹੋ ਗਏ ਸਨ।"[9]

ਇੰਜ ਅਵਧ ਵਿਚ ਕੰਪਨੀ ਦਾ ਰਾਜ ਇਕ ਹਰਮਨ ਪਿਆਰੀ ਹਥਿਆਰਬੰਦ ਬਗ਼ਾਵਤ ਦੇ ਸਾਹਮਣੇ ਸੀ ਜਿਸ ਦੀ ਅਗਵਾਈ ਬਾਗ਼ੀ ਸਿਪਾਹੀ ਕਰ ਰਹੇ ਸਨ, ਜੋ ਸਥਾਨਕ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ ਅਤੇ ਕੰਪਨੀ ਦੇ ਦਮਨਕਾਰੀ ਰਾਜ ਨੂੰ ਓਥੋਂ ਪੁੱਟ ਕੇ ਰਿਵਾਇਤੀ ਰਾਜ ਘਰਾਣੇ ਨੂੰ ਰਾਜ ਗੱਦੀ 'ਤੇ ਬਿਠਾਉਣਾ ਚਾਹੁੰਦੇ ਸਨ।

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਜੋ ਲੋਕ 1857 ਦੇ ਵਿਦਰੋਹ ਵਿਚ ਸ਼ਾਮਿਲ ਹੋਏ

ਉਹ ਇਹੋ ਚਾਹੁੰਦੇ ਸਨ ਕਿ ਕੰਪਨੀ ਦੇ ਘ੍ਰਿਣਿਤ ਰਾਜ ਦਾ ਖ਼ਾਤਮਾ ਕੀਤਾ ਜਾਵੇ ਅਤੇ ਇਸਦੀ ਥਾਂ 'ਤੇ ਆਪਣੀ ਪ੍ਰਭੂਤਵ ਦੇਸੀ ਹਕੂਮਤ ਬਣਾਈ ਜਾਵੇ। ਇਹ ਉਹਨਾਂ ਦੀ ਵਿਦੇਸ਼ੀ ਰਾਜ ਪ੍ਰਤੀ ਨਫ਼ਰਤ ਸੀ ਅਤੇ ਇਸਨੂੰ ਹਟਾ ਦੇਣ ਦਾ ਪੱਕਾ ਇਰਾਦਾ ਤੇ ਇਸਦੀ ਥਾਂ ਆਪਣੀ ਦੇਸੀ ਸਰਕਾਰ ਬਣਾਉਣੀ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੇ ਗੱਦੀ ਤੋਂ ਲਾਹੇ ਹੋਏ ਬਾਦਸ਼ਾਹ ਨੂੰ ਮੁੜ ਕਿਉਂ ਗੱਦੀ ਨਸ਼ੀਨ ਕਰਨਾ ਚਾਹਿਆ, ਮੁਗ਼ਲ ਬਾਦਸ਼ਾਹ ਨੂੰ ਮੁੜ ਕਿਉਂ ਤਾਜ-ਤਖ਼ਤ ਦਿੱਤਾ ਅਤੇ ਮਰਾਠਾ ਪੇਸ਼ਵਾ ਅਤੇ ਅਵਧ ਦੇ ਨਵਾਬ ਨੂੰ ਆਪਣਾ ਸ਼ਾਸਕ ਮੰਨਿਆ। ਪੀ.ਸੀ. ਜੋਸ਼ੀ ਬਿਲਕੁਲ ਠੀਕ ਕਹਿੰਦਾ ਹੈ . . . . .*"ਉਸ ਵੇਲੇ ਬਣੇ ਹਾਲਾਤ ਵਿਚ ਜਦ ਅੰਗ੍ਰੇਜ਼ ਦੇ ਖ਼ਿਲਾਫ਼ ਵੱਡੀ ਏਕਤਾ ਕਾਇਮ ਹੋ ਗਈ ਸੀ, ਤਾਂ ਹਟਾਏ ਗਏ ਰਾਜੇ, ਪੇਸ਼ਵਾ ਅਤੇ ਨਵਾਬਾਂ ਨੂੰ ਪਹਿਲ ਦੇਣੀ ਸੁਭਾਵਕ ਹੀ ਸੀ ਅਤੇ ਹਿੰਮਤ ਅਤੇ ਸ਼ਕਤੀ ਕਾਇਮ ਰੱਖਣੀ ਅਤੇ ਸਾਡੇ ਸਾਸ਼ਕਾਂ ਦੀਆਂ ਕਮੀਆਂ ਅਤੇ ਸੀਮਾਵਾਂ ਵੱਲ ਧਿਆਨ ਦੇਣਾ, ਸਾਡੇ ਆਪਣੇ ਢੰਗ ਨਾਲ ਹੀ, ਸਾਰੀ ਆਪਣੀ ਸ਼ਕਤੀ ਅਨੁਸਾਰ। ਇਹੀ ਕੁਝ ਭਾਰਤੀ ਇਨਕਲਾਬੀਆਂ ਨੇ 1857 ਵਿਚ ਕੀਤਾ। ਉੱਨੀਵੀਂ ਸਦੀ ਵਿਚ ਜਾਂ ਕਿਸੇ ਹੋਰ ਬਸਤੀਵਾਦੀ ਲਹਿਰ ਕੋਲ, ਐਸੀ ਸੂਝ ਬੂਝ ਅਤੇ ਵਿਚਾਰ ਉਹਨਾਂ ਕੋਲ ਨਹੀਂ ਸਨ, ਜਿਹੜੇ ਭਾਰਤੀ ਕੌਮੀ ਸੁਤੰਤਰਤਾ ਲਹਿਰ ਕੋਲ ਹੋਣੇ ਚਾਹੀਦੇ ਸਨ, ਪਰ 1857 ਦੀ ਰਾਸ਼ਟਰ ਵਿਆਪੀ ਬਗ਼ਾਵਤ ਨੂੰ ਅੱਜ ਦੇ ਆਧੁਨਿਕ ਆਜ਼ਾਦੀ ਸੰਘਰਸ਼ ਦੇ ਸੰਦਰਭ ਵਿਚ ਦੇਖਣਾ ਬਿਲਕੁਲ ਇਤਿਹਾਸਿਕ ਨਹੀਂ ਹੋਵੇਗਾ ਅਤੇ ਨਾ ਹੀ ਵਿਗਿਆਨਕ, ਕਿਸੇ ਤਰ੍ਹਾਂ ਵੀ।"*[10]

ਬੰਗਾਲ ਸੈਨਾ ਦੀ ਬਗ਼ਾਵਤ ਇਹ ਵਿਰੋਧਾਭਾਸ ਸੀ ਕਿ ਸਿਪਾਹੀ, ਇਕ ਪਾਸੇ, ਵਿਦੇਸ਼ੀ ਰਾਜ ਦੇ ਸੰਦ ਸਨ, ਅਤੇ ਦੂਸਰੇ ਪਾਸੇ, ਉਹ ਇਸ ਸਮਾਜ ਵਿਚੋਂ ਅਤੇ ਦੇਸ ਵਿਚੋਂ ਸਨ, ਆਬਾਦੀ ਦਾ ਹਰ ਵਰਗ, ਕਿਸਾਨੀ ਤੋਂ ਲੈ ਕੇ ਜਾਗੀਰਦਾਰ ਅਤੇ ਕਾਰੀਗਰ, ਬੜੀ ਤੇਜ਼ੀ ਨਾਲ ਤਬਾਹ ਕੀਤੇ ਜਾ ਰਹੇ ਸਨ, ਉਸੇ ਵਿਦੇਸ਼ੀ ਰਾਜ ਦੇ, ਜਿਸਦੇ ਸੰਦ ਉਹ ਆਪ ਸਨ। ਸਿਪਾਹੀ ਵੀ ਆਖ਼ਿਰਕਾਰ ਵਰਦੀ ਵਿਚ ਕਿਸਾਨ ਹੀ ਤਾਂ ਸਨ। ਬੰਗਾਲ ਸੈਨਾ ਦਾ ਤੀਜਾ ਹਿੱਸਾ (40,000) ਅਵਧ ਵਿਚੋਂ ਸੀ, ਜਿਸਦੇ ਨਵਾਬ, ਵਾਜਿਦ ਅਲੀ ਸ਼ਾਹ, ਨੂੰ ਥੋੜ੍ਹਾ ਚਿਰ ਪਹਿਲਾਂ ਹੀ ਹਮਲਾਵਰ ਅੰਗ੍ਰੇਜ਼ੀ ਸੈਨਾ ਦੁਆਰਾ ਕੈਦ ਕੀਤਾ ਗਿਆ ਸੀ, ਗੱਦੀ ਤੋਂ ਉਤਾਰ ਦਿੱਤਾ ਸੀ, ਜੋ ਉਸ ਵੇਲੇ ਦੇ ਅਹਿਦਨਾਮੇ, ਕੰਪਨੀ ਅਤੇ ਅਵਧ ਦੇ ਵਿਚਕਾਰ, ਦੀ ਸਰਾਸਰ ਖ਼ਿਲਾਫ਼ਵਰਜ਼ੀ ਸੀ ਅਤੇ ਕੌਮਾਂ ਵਿਚਲੇ ਕਾਨੂੰਨ ਦੀ ਉਲੰਘਣਾ ਸੀ। ਉਹਨਾਂ ਦੀ ਆਪਣੇ ਅਵਧ ਦੇ ਹਾਕਮ ਨਾਲ ਜੋ ਵੀ ਵਿਰੋਧਤਾ ਹੋਵੇ, ਬੰਗਾਲ ਸੈਨਾ ਦੇ ਸਿਪਾਹੀ ਅਤੇ ਜਾਗੀਰਦਾਰ, ਇਸ ਘਿਨਾਉਣੇ ਕਾਰੇ ਤੋਂ ਦੁਖੀ ਤਾਂ ਜ਼ਰੂਰ ਹੋਏ ਹੋਣਗੇ ਕਿਉਂਕਿ ਵਿਦੇਸ਼ੀ ਹਮਲਾਵਰ ਨੇ ਐਡੇ ਵੱਡੇ ਰਾਜ ਨੂੰ ਸਿਫ਼ਰ ਕਰ ਦਿੱਤਾ ਸੀ।

ਈਸਟ ਇੰਡੀਆ ਕੰਪਨੀ ਦੁਆਰਾ ਕੀਤੇ ਗਏ ਅਹਿਦਨਾਮਿਆ 'ਤੇ ਅਮਲ ਨਾ ਕਰਨਾ, ਜੋ ਦੇਸੀ ਰਿਆਸਤਾਂ ਅਤੇ ਵਿਦੇਸ਼ੀ ਸਰਕਾਰ ਵਿਚਕਾਰ ਇਕ ਸਮਝੌਤਾ ਸੀ ਅਤੇ ਆਜ਼ਾਦ ਇਲਾਕਿਆਂ 'ਤੇ ਹਿੰਸਕ ਢੰਗ ਨਾਲ ਕਬਜ਼ਾ ਕਰਨਾ ਸਮਝੌਤਿਆਂ ਦੀ ਘੋਰ ਉਲੰਘਣਾ ਕਰਕੇ, ਅਤੇ ਸਾਰੇ ਦੇਸ਼ ਵਿਚ ਸਾਰੀ ਜ਼ਮੀਨ ਜ਼ਬਤ ਕਰ ਲੈਣਾ, ਇਹ ਸਭ ਕੁਝ. . . "ਗੱਦਾਰੀ ਸੀ ਅਤੇ ਅੰਗ੍ਰੇਜ਼ੀ ਸਰਕਾਰ ਦਾ ਦੇਸੀ ਲੋਕਾਂ ਵੱਲ ਵਧ ਰਿਹਾ ਭੈੜਾ ਵਤੀਰਾ ਸੀ ", ਮਾਰਕਸ ਨੇ ਮਈ 1858 ਵਿਚ ਲਿਖਿਆ ਸੀ, "ਜੋ ਉਸਦਾ ਬਦਲਾ ਲੈ ਰਹੇ ਹਨ "।[11]

ਈਸਟ ਇੰਡੀਆ ਕੰਪਨੀ ਦੀਆਂ ਹਰਕਤਾਂ ਤੋਂ ਡਰ ਕੇ, ਬਹੁਤ ਸਾਰੀਆਂ ਦੇਸੀ ਰਿਆਸਤਾਂ

ਦੇ ਰਾਜਿਆਂ ਨੇ, ਚਾਹੇ ਦੇਰ ਨਾਲ ਸਹੀ, ਵਿਦ੍ਰੋਹ ਵਿਚ ਸ਼ਮੂਲੀਅਤ ਕਰ ਲਈ ਸੀ ਅਤੇ ਬੜਾ ਸਤਿਕਾਰ ਵਾਲਾ ਅਤੇ ਵੀਰਤਾ ਭਰਪੂਰ ਕਾਰਜ ਨਿਭਾਇਆ ਸੀ, 1857-59 ਦੀ ਭਾਰਤੀ ਲੋਕਾਂ ਦੀ ਜੰਗ ਵਿਚ ਜਿਹੜੀ ਸਾਮਰਾਜੀ ਅੰਗ੍ਰੇਜ਼ੀ ਰਾਜ ਦੇ ਵਿਰੁੱਧ ਸੀ।

ਨਹਿਰੂ, ਜੋ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਬਣਿਆ ਸੀ, ਦਾ ਵਿਚਾਰ ਸੀ ਕਿ 1857 ਦੀ ਬਗ਼ਾਵਤ ਅਸਲ ਵਿਚ "ਜਗੀਰਦਾਰਾਂ ਦੀ ਬਗ਼ਾਵਤ ਸੀ, ਜਿਸਦੇ ਮੋਢੀ ਜਗੀਰਦਾਰ ਸਨ ਅਤੇ ਉਹਨਾਂ ਦੇ ਅਨੁਯਾਈ ਜਿਹਨਾਂ ਦੀ ਹਿਮਾਇਤ ਬਹੁਤ ਵੱਧ ਫੈਲ ਚੁੱਕੀ ਵਿਦੇਸ਼ੀ ਵਿਰੁੱਧ ਭਾਵਨਾ ਸੀ ਜੋ ਆਮ ਲੋਕਾਂ ਵਿਚ ਘਰ ਕਰ ਚੁੱਕੀ ਸੀ।"[12]

ਹੋਰ ਵੀ ਜਗਿਆਸਾ ਵਾਲੀ ਗੱਲ ਹੈ ਕਿ, ਸਵਰਗਵਾਸ ਹੋ ਚੁੱਕੇ ਈ ਐਮ ਐਸ ਨੰਬੂਦਰੀਪਾਦ, ਜੋ ਭਾਰਤ ਵਿਚ ਕਮਿਉਨਿਸਟ ਲਹਿਰ ਦੇ ਵੱਡੇ ਆਗੂ ਸਨ, ..... "ਬੁਰਜੁਆ ਕੌਮਪ੍ਰਸਤਾਂ ਵੱਲ ਅਤੇ ਕੌਮੀ ਇਤਿਹਾਸਕਾਰਾਂ ਵੱਲ ਨਫ਼ਰਤ ਨਾਲ ਦੇਖਦੇ ਸਨ, ਜੋ 1857-59 ਦੇ ਸੰਘਰਸ਼ ਨੂੰ ਆਜ਼ਾਦੀ ਦੀ ਪਹਿਲੀ ਜਦੋ ਜਹਿਦ ਕਹਿੰਦੇ ਸਨ.", ਇਸ ਬਨਾਉਟੀ ਬਿਨਾਹ 'ਤੇ ਕਿ ਮਦਰਾਸ ਅਤੇ ਬੰਬੇ ਸੇਨਾਵਾਂ ਨੇ ਵਿਦਰੋਹ ਵਿਚ ਹਿੱਸਾ ਤਾਂ ਕੀ ਲੈਣਾ ਸੀ, ਬਗ਼ਾਵਤ ਨੂੰ ਦਬਾਉਣ ਲਈ ਅੰਗ੍ਰੇਜ਼ ਦੀ ਸਹਾਇਤਾ ਕਰਦੀਆਂ ਰਹੀਆਂ ਅਤੇ ਇਹ ਬਗ਼ਾਵਤ ਦੱਖਣ ਅਤੇ ਪੂਰਬੀ ਭਾਰਤ ਵਿਚ ਨਹੀਂ ਫੈਲੀ। ਪੀ ਸੀ ਜੋਸ਼ੀ ਦੇ ਸ਼ਬਦਾਂ ਵਿਚ "ਐਸੇ ਅਫ਼ਸੋਸਜਨਕ ਵਿਚਾਰ ਅੰਗ੍ਰੇਜ਼ੀ ਰਾਜ ਇਤਿਹਾਸਿਕ ਸੋਚ ਉਪਰ ਭੈੜੇ ਅਸਰ ਦਾ ਸੰਕੇਤ ਸੀ, ਭਾਰਤੀ ਵਿਚਾਰਵਾਨਾਂ 'ਤੇ ਅਤੇ ਵਿਦਵਾਨਾ 'ਤੇ ਅਤੇ ਭਾਰਤੀ ਸੋਚ ਸ਼ਕਤੀ ਦੀ ਕਮਜ਼ੋਰੀ ਜੋ ਅਜੇ ਕਾਬੂ ਨਹੀਂ ਕੀਤੀ ਗਈ ਸੀ।"

## ਫ਼ੌਜੀ ਬਗ਼ਾਵਤ ਨਹੀਂ, ਕੌਮੀ ਜੰਗ ਸੀ

ਬਰੀਕੀ ਨਾਲ ਹਾਲਾਤ ਨੂੰ ਦੇਖਣ-ਸਮਝਣ ਵਾਲੇ, ਬੁਰਜੁਆ ਵੀ ਅਤੇ ਜਨ ਸਾਧਾਰਨ ਵੀ, ਉਸ ਵੇਲੇ ਦੇ ਇਤਿਹਾਸਿਕ ਘਟਨਾਕ੍ਰਮ ਵਿਚ 1857 ਦੇ ਵਿਦਰੋਹ ਨੂੰ ਫ਼ੌਜੀ ਬਗ਼ਾਵਤ ਨਹੀਂ ਗਿਣ ਰਹੇ ਸਨ, ਸਗੋਂ ਆਜ਼ਾਦੀ ਦੀ ਜੰਗ ਸਮਝ ਰਹੇ ਸਨ। ਆਪਣੇ ਇਕ ਲੇਖ "ਭਾਰਤੀ ਸਵਾਲ', ਮਿਤੀ 28 ਜੁਲਾਈ 1857, ਮਾਰਕਸ, ਡਿਜ਼ਰੇਲੀ, ਜੋ ਉਸ ਵੇਲੇ ਇੰਗਲੈਂਡ ਵਿਚ, ਵਿਰੋਧੀ ਦਲ ਦਾ ਨੇਤਾ ਸੀ ਦੁਆਰਾ ਕੀਤਾ ਸੰਖੇਪ ਵਿਸ਼ਲੇਸ਼ਣ ਨੂੰ ਹੂਬਹੂ ਪੇਸ਼ ਕਰਦਾ ਹੈ "ਐਂਗਲੋ ਇੰਡੀਅਨ ਐਂਪਾਇਰ ਦਾ ਪਤਨ" . . . .ਤੇ ਪੁਛਦਾ ਹੈ 'ਕੀ ਜੋ ਹਲਚਲ ਭਾਰਤ ਵਿਚ ਹੋ ਰਹੀ ਹੈ ਇਸ ਗੱਲ ਦਾ ਸੰਕੇਤ ਹੈ ਕਿ ਇਹ ਮਿਲਟਰੀ ਬਗ਼ਾਵਤ ਹੈ ਜਾਂ ਕੌਮੀ ਬਗ਼ਾਵਤ ਹੈ? ਕੀ ਇਹ ਸੈਨਿਕਾਂ ਦਾ ਅਚਾਨਕ ਉਠਿਆ ਉਬਾਲ ਹੀ ਹੈ ਜਾਂ ਇਕ ਸੋਚੀ ਸਮਝੀ ਸੰਗਠਤ ਸਾਜ਼ਿਸ਼?"[13]

ਡਿਜ਼ਰੇਲੀ ਅੱਗੇ ਕਹਿੰਦਾ ਹੈ ਕਿ ਭਾਰਤ ਵਿਚ ਅੰਗ੍ਰੇਜ਼ੀ ਰਾਜ ਇਸ ਆਧਾਰ 'ਤੇ ਸਥਾਪਿਤ ਕੀਤਾ ਗਿਆ ਸੀ ਕਿ 'ਵੰਡੋ ਤੇ ਰਾਜ ਕਰੋ' ਪਰ ਇਹ ਅਸੂਲ ਅਸਲ ਵਿਚ ਵੱਖ-ਵੱਖ ਕੌਮਾਂ ਦੇ ਆਦਰ, ਧਰਮ ਵਿਚ ਨਾ ਦਖ਼ਲ ਦੇਣ ਅਤੇ ਜ਼ਮੀਨ ਜਾਇਦਾਦ ਦਾ ਆਦਰ ਕਰਨ ਹਿਤ ਵਰਤਿਆ ਗਿਆ। ਪਰ ਕੁਝ ਚਿਰ ਤੋਂ, ਡਿਜ਼ਰੇਲੀ ਕਹਿੰਦਾ ਹੈ, ਹਿੰਦ ਸਰਕਾਰ ਦੁਆਰਾ ਇਕ ਨਵਾਂ ਅਸੂਲ ਅਪਨਾ ਲਿਆ ਗਿਆ, ਕੌਮੀਅਤ ਨੂੰ ਤਬਾਹ ਕਰਨ ਦਾ ਅਸੂਲ, ਸਥਾਨੀ ਰਾਜਿਆਂ ਦੀ ਜਬਰਨ ਤਬਾਹੀ, ਜਾਇਦਾਦਾਂ ਵਿਚ ਦਖ਼ਲ ਅੰਦਾਜ਼ੀ ਅਤੇ ਲੋਕਾਂ ਦੇ ਧਰਮ ਵਿਚ ਦਖ਼ਲ।

1848 ਵਿਚ, ਮਾਲੀ ਮੁਸ਼ਕਿਲਾਂ ਦੇ ਕਾਰਨ, ਕੰਪਨੀ ਨੇ ਇਹ ਫ਼ੈਸਲਾ ਕੀਤਾ ਕਿ ਆਪਣਾ ਮਾਲੀਆ ਹੋਰ ਇਲਾਕੇ ਫ਼ਤਹਿ ਕਰਕੇ ਵਧਾਇਆ ਜਾਵੇ, ਭਾਵ ਸਥਾਨਕ ਰਾਜਿਆਂ

'ਤੇ ਇਸਦਾ ਭਾਰ ਪਾਇਆ ਜਾਵੇ, ਅਤੇ ਇਹ ਟੀਚਾ ਇੱਥੋਂ ਤਕ ਪੂਰਾ ਕਰਨ ਦਾ ਯਤਨ ਕੀਤਾ ਗਿਆ ਕਿ ਰਾਜਿਆਂ ਨੂੰ ਮੁਤਬੰਨਾ ਬਣਾਉਣ ਦੀ ਆਗਿਆ ਨਹੀਂ ਦਿੱਤੀ ਗਈ, ਤੇ ਜੋ ਕੋਈ ਰਾਜਾ ਬਿਨਾ ਔਲਾਦ ਦੇ ਮਰ ਜਾਂਦਾ ਸੀ ਤਾਂ ਉਸਦੀ ਰਿਆਸਤ ਅੰਗ੍ਰੇਜ਼ੀ ਇਲਾਕੇ ਨਾਲ ਰਲਾ ਲਈ ਜਾਂਦੀ ਸੀ। ਇਸ ਢੰਗ ਨਾਲ 1848 ਤੋਂ 1854 ਤਕ ਇਕ ਦਰਜਨ ਤੋਂ ਵੱਧ ਭਾਰਤੀ ਰਿਆਸਤਾਂ ਦੇ ਰਾਜਿਆਂ ਦੀਆਂ ਰਿਆਸਤਾਂ ਖੋਹ ਲਈਆਂ ਗਈਆਂ ਅਤੇ ਕੰਪਨੀ ਦੇ ਅਧੀਨ ਹੋ ਗਈਆਂ, ਸਮੇਤ ਰਿਆਸਤ ਬਰਾਰ ਦੇ, ਜਿਸਦਾ ਰਕਬਾ 80,000 ਮੁਰੱਬਾ ਮੀਲ ਸੀ ਅਤੇ ਆਬਾਦੀ 40 ਤੋਂ 50 ਲੱਖ ਸੀ, ਅਤੇ ਬਹੁਤ ਵੱਡੀ ਖ਼ਜ਼ਾਨੇ ਦੀ ਤਾਂ ਗੱਲ ਹੀ ਕੀ ਕਰਨੀ। ਡਿਜ਼ਰੇਲੀ ਇਸ ਪ੍ਰਕਾਰ ਖੋਹੀਆਂ ਰਿਆਸਤਾਂ ਦੀ ਸੂਚੀ ਦਿੰਦਾ ਹੈ, ਅਵਧ ਦੇ ਰਲੇਵੇਂ ਸਮੇਤ, ਜਿਸ ਨਾਲ ਕੰਪਨੀ ਦੀ ਸਿੱਧੀ ਟੱਕਰ ਹਿੰਦੂ ਅਤੇ ਮੁਸਲਮਾਨਾਂ ਨਾਲ ਇਕੋ ਜਿਹੀ ਹੋ ਗਈ। ਕਿਉਂਕਿ ਮੁਤਬੰਨਾ ਬਣਾਉਣਾ ਕੇਵਲ ਰਾਜੇ ਦਾ ਹੀ ਅਧਿਕਾਰ ਨਹੀਂ ਸੀ, ਸਗੋਂ ਹਰ ਭਾਰਤੀ 'ਤੇ ਲਾਗੂ ਸੀ, ਜਿਸਦੀ ਕੋਈ ਜ਼ਮੀਨੀ ਜਾਇਦਾਦ ਹੁੰਦੀ ਸੀ ਅਤੇ ਜੋ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਦਾ ਸੀ। ਇਸ ਨਾਲ ਸਾਰਾ ਹੀ ਜ਼ਮੀਨ ਜਾਇਦਾਦ ਵਾਲਾ ਸਮਾਜ ਭੈਭੀਤ ਹੋ ਗਿਆ ਸੀ ਜਦ ਸਤਾਰਾ ਅਤੇ ਬਰਾਰ ਦੀਆਂ ਰਿਆਸਤਾਂ 'ਤੇ ਕਬਜ਼ਾ ਕਰ ਲਿਆ ਗਿਆ। "ਕਿਹੜਾ ਬੰਦਾ ਸੁਰੱਖਿਤ ਸੀ?" ਡਿਜ਼ਰੇਲੀ ਅਲੰਕਾਰੀ ਢੰਗ ਨਾਲ ਪੁੱਛਦਾ ਹੈ?[14]

ਇਸਦੇ ਇਲਾਵਾ, ਬਸਤੀਵਾਦੀ ਸਰਕਾਰ ਨੇ, ਆਪਣੀ ਆਮਦਨ ਵਧਾਉਣ ਲਈ, ਆਪਣੇ ਤੇ ਇਹ ਜ਼ਿੰਮਾ ਲੈ ਲਿਆ ਕਿ ਸਾਰੀਆਂ ਹੀ ਭਾਰਤੀ ਜ਼ਮੀਨਾਂ ਦੀ ਮਲਕੀਅਤ ਦਾ ਮੁੜ ਜਾਇਜ਼ਾ ਲਿਆ ਜਾਵੇ, ਜਿਸ ਦੇ ਫਲਸਰੂਪ, ਸਰਕਾਰ ਨੇ ਮਾਲਕਾਂ ਤੋਂ ਜ਼ਮੀਨਾਂ ਖੋਹ ਲਈਆਂ, ਜਿਸ ਨਾਲ ਕੰਪਨੀ ਦੇ ਖ਼ਜ਼ਾਨੇ ਵਿਚ ਇਕ ਮਿਲੀਅਨ ਪਾਊਂਡ ਤੋਂ ਵੱਧ ਸਾਲਾਨਾ ਮਾਲੀਆ ਆ ਗਿਆ – ਜੋ ਉਹਨਾਂ ਦਿਨਾਂ ਵਿਚ ਇਕ ਬਹੁਤ ਹੀ ਵੱਡੀ ਰਕਮ ਸੀ। ਰਿਆਸਤਾਂ ਦੇ ਜਬਰੀ ਰਲਾਅ ਨਾਲ ਅਤੇ ਜਾਗੀਰਦਾਰਾਂ ਦੀ ਜ਼ਮੀਨਾਂ ਖੋਹ ਲੈਣ ਨਾਲ ਵੀ ਸੰਤੁਸ਼ਟ ਨਾ ਹੋਈ ਸਰਕਾਰ ਨੇ ਸਥਾਨੀ ਪੈਨਸ਼ਨ ਧਾਰਕਾਂ ਦੀਆਂ ਪੈਨਸ਼ਨਾਂ ਬੰਦ ਕਰ ਦਿੱਤੀਆਂ। ਡਿਜ਼ਰੇਲੀ ਦਾ ਕਹਿਣਾ ਸੀ, "ਇਹ ਨਵੇਂ ਢੰਗ ਨਾਲ ਜ਼ਬਤ ਕਰਨਾ ਦਾ ਰਾਹ ਸੀ, ਜਿਹੜਾ ਹੈਰਾਨ ਕਰਨ ਵਾਲਾ ਸੀ ਅਤੇ ਬਹੁਤ ਵੱਡੀ ਪੱਧਰ ਤੇ ਅਪਣਾਇਆ ਜਾ ਰਿਹਾ ਸੀ ਅਤੇ ਸਦਮੇ ਦੀ ਪੱਧਰ ਦਾ ਸੀ।"[15]

ਉਪਰੋਕਤ ਵਿਵਰਣ ਤੋਂ ਡਿਜ਼ਰੇਲੀ ਇਸ ਸਿੱਟੇ 'ਤੇ ਪਹੁੰਚਦਾ ਹੈ, ਜਿਸਦਾ ਮਾਰਕਸ ਠੀਕ ਹੀ ਹਵਾਲਾ ਦਿੰਦਾ ਹੈ ". . . . ਹੁਣ ਹੋ ਰਹੀ ਹਲਚਲ (1857 ਦੀ ਬਗ਼ਾਵਤ) ਫ਼ੌਜੀ ਬਗ਼ਾਵਤ ਨਹੀਂ ਹੈ, ਸਗੋਂ ਕੌਮੀ ਬਗ਼ਾਵਤ ਹੈ ਜਿਸਦੇ ਸਿਪਾਹੀ ਤਾਂ ਕੇਵਲ ਹਥਿਆਰ ਹੀ ਹਨ।"[16] ਡਿਜ਼ਰੇਲੀ ਅੰਤ ਵਿਚ ਸਰਕਾਰ ਨੂੰ ਮਸ਼ਵਰਾ ਦਿੰਦਾ ਹੈ ਕਿ ਭਾਰਤ ਵਿਚ ਅੰਦਰੂਨੀ ਸੁਧਾਰ ਕਰੇ ਬਜਾਏ ਇਸਦੇ ਕਿ ਹਮਲੇ ਦੀ ਨੀਤੀ ਹੀ ਅਪਣਾਈ ਰੱਖੇ ਜੋ ਓਦੋਂ ਹੋ ਰਿਹਾ ਸੀ।

31 ਜੁਲਾਈ 1857 'ਤੇ ਲਿਖਦੇ (ਡਿਸਪੈਚਜ਼ ਫਰਾਮ ਇੰਡੀਆ), ਅਤੇ ਬਹੁਤ ਵੱਡੀ ਪੱਧਰ 'ਤੇ ਫੈਲੇ ਹੋਏ ਵਿਦਰੋਹ 'ਤੇ ਬਲ ਦਿੰਦੇ ਹੋਏ, ਇਸ ਦੇ ਸਥਾਨੀ ਰਾਜਿਆਂ ਨਾਲ ਸੰਬੰਧ ਬਾਰੇ, ਅਤੇ ਅੰਗ੍ਰੇਜ਼ੀ ਸਰਕਾਰ ਦੀ ਕੋਸ਼ਿਸ਼ ਇਹ ਸਿੱਧ ਕਰਨ ਲਈ ਕਿ ਇਹ ਕੇਵਲ ਫੌਜੀ ਬਗ਼ਾਵਤ ਹੀ ਹੈ, ਮਾਰਕਸ ਨੇ ਪਹਿਲਾਂ ਹੀ ਜਾਣ ਲਈ ਹੋਈ ਸਥਿਤੀ ਬਾਰੇ ਕਿਹਾ ਸੀ – "ਹੌਲੀ ਹੌਲੀ ਹੋਰ ਤੱਥ ਵੀ ਰਿਸਨ ਲੱਗ ਪੈਣਗੇ ਜਿਹੇ ਜਾਨ ਬੁੱਲ ਨੂੰ ਮੰਨਣ ਤੇ ਮਜਬੂਰ ਕਰਨਗੇ ਕਿ ਜੋ ਉਹ ਫ਼ੌਜੀ ਬਗ਼ਾਵਤ ਕਹਿੰਦਾ ਹੈ, ਅਸਲ ਵਿਚ ਕੌਮੀ ਵਿਦਰੋਹ ਹੈ।"[17]

ਮਾਰਕਸ ਇਸ ਗੱਲ ਨੂੰ ਸਿਰੇ ਤੋਂ ਖ਼ਾਰਜ ਕਰਦਾ ਹੈ ਕਿ ਭਾਰਤੀ ਜਨਤਾ ਦੀ ਹਮਦਰਦੀ

ਅੰਗ੍ਰੇਜ਼ਾਂ ਨਾਲ ਹੈ। ਮਾਰਕਸ ਨੇ ਲਿਖਿਆ– "ਇਹ ਕਹਿਣਾ ਕਿ ਹਿੰਦੂਆਂ ਦੀ ਬੇਧਿਆਨੀ ਸੀ, ਜਾਂ ਉਹਨਾਂ ਦੀ ਅੰਗ੍ਰੇਜ਼ਾਂ ਨਾਲ ਹਮਦਰਦੀ ਸੀ, ਬਿਲਕੁਲ ਬਕਵਾਸ ਹੈ", ਉਸਨੇ ਅੱਗੇ ਕਿਹਾ, ਜਦ ਕਿ ਰਾਜੇ ਆਪਣੇ ਮੌਕੇ ਦੀ ਤਾਕ ਵਿਚ ਸਨ, "ਬੰਗਾਲ ਪ੍ਰੈਜ਼ੀਡੈਂਸੀ ਦੇ ਲੋਕ, ਥੋੜੇ ਜਿਹੇ ਯੂਰਪੀਨਾਂ ਨੇ ਨਹੀਂ ਕਾਬੂ ਕੀਤੇ ਹੋਏ ਸਨ ਅਤੇ ਅਰਾਜਕਤਾ ਦਾ ਲੁਤਫ਼ ਲੈ ਰਹੇ ਸਨ – ਪਰ ਉੱਥੇ ਕੋਈ ਨਹੀ ਸੀ ਜਿਸਦੇ ਵਿਰੁੱਧ ਉਹ ਉੱਠ ਸਕਦੇ. .. " ਜੋ ਵੀ ਹੋਵੇ, 'ਇਹ ਕਿ ਐਸੀ ਸਾਜ਼ਿਸ਼ ਦੇ ਪ੍ਰਭਾਵ ਜੋ ਬੰਗਾਲ ਫ਼ੌਜ ਨੇ ਪ੍ਰਦਰਸ਼ਿਤ ਕੀਤੇ ਸਨ, ਐਡੀ ਪੱਧਰ 'ਤੇ ਸਰਅੰਜ਼ਾਮ ਨਹੀਂ ਦਿੱਤੇ ਜਾ ਸਕਦੇ ਸਨ। ਸਥਾਨਕ ਲੋਕਾਂ ਦੇ ਸਹਿਯੋਗ ਅਤੇ ਸ਼ਮੂਲੀਅਤ ਬਿਨਾਂ, ਐਸਾ ਤੱਥ ਭਾਸਦਾ ਹੈ ਕਿ ਅੰਗ੍ਰੇਜ਼ ਨੂੰ ਖਾਣ ਪੀਣ ਦਾ ਸਾਮਾਨ ਅਤੇ ਸਵਾਰੀ ਪ੍ਰਾਪਤ ਕਰਨਾ ਕਿੰਨਾ ਕਠਿਨ ਹੋ ਗਿਆ ਹੈ – ਉਹਨਾਂ ਦੇ ਫ਼ੌਜੀ ਦਸਤਿਆਂ ਦਾ ਬਹੁਤ ਹੀ ਹੌਲੀ ਇੱਕਠੇ ਹੋਣ ਦਾ ਵੱਡਾ ਕਾਰਨ ਸੀ ਕਿ ਕਿਸਾਨੀ ਵੀ ਕਿਸੇ ਪ੍ਰਕਾਰ ਖ਼ੁਸ਼ ਨਹੀਂ ਦਿਖਾਈ ਦਿੰਦੀ ਸੀ।[18]

ਉਸ ਵੇਲੇ ਦੇ ਕਈ ਅੰਗ੍ਰੇਜ਼ ਇਤਿਹਾਸਕਾਰਾਂ ਅਤੇ ਲਿਖਾਰੀਆਂ ਨੇ 1857 ਦੇ ਵਿਦਰੋਹ ਦਾ ਕੌਮੀ ਆਚਰਣ ਖੁੱਲ੍ਹਮ ਖੁੱਲ੍ਹਾ ਸਵੀਕਾਰ ਕੀਤਾ ਸੀ। ਮਿਸਾਲ ਵਜੋਂ, ਜਸਟਿਨ ਮੈਕਾਰਥੀ ਨੇ ਲਿਖਿਆ – "ਅਸਲ ਗੱਲ ਤਾਂ ਇਹ ਸੀ ਕਿ ਭਾਰਤ ਦੇ ਉੱਤਰੀ ਅਤੇ ਉੱਤਰ ਪੱਛਮੀ ਸੂਬਿਆਂ ਵਿਚ ਬਗ਼ਾਵਤ ਸਥਾਨਕ ਨਸਲਾਂ ਦੀ ਅੰਗ੍ਰੇਜ਼ੀ ਸੱਤਾ ਦੇ ਵਿਰੁੱਧ ਸੀ। ਇਹ ਕੇਵਲ ਸਿਪਾਹੀ ਨਹੀਂ ਸਨ ਜਿਹੜੇ ਬਗ਼ਾਵਤ 'ਤੇ ਉੱਤਰ ਆਏ ਸਨ – ਇਹ ਕਿਸੇ ਤਰ੍ਹਾਂ ਵੀ ਮਿਲਟਰੀ ਬਗ਼ਾਵਤ ਨਹੀਂ ਸੀ। ਇਹ ਤਾਂ ਫ਼ੌਜੀ ਗਿਲੇ, ਕੌਮੀ ਨਫ਼ਰਤ, ਧਾਰਮਿਕ ਕੱਟੜਤਾ, ਅੰਗ੍ਰੇਜ਼ ਦਾ ਭਾਰਤ 'ਤੇ ਕਬਜ਼ਾ ਕਰਨ 'ਤੇ ਰਲਵਾਂ ਮਿਲਵਾਂ ਪ੍ਰਤਿਕਰਮ ਸੀ। ਸਥਾਨਕ ਰਾਜੇ ਅਤੇ ਸਥਾਨਕ ਸਿਪਾਹੀ ਇਸ ਵਿਚ ਸ਼ਾਮਿਲ ਸਨ। ਮੁਸਲਮਾਨਾਂ ਅਤੇ ਹਿੰਦੂਆਂ ਨੇ ਆਪਣੇ ਪੁਰਾਣੇ ਰੋਸੇ ਭੁਲਾ ਦਿੱਤੇ ਸਨ ਅਤੇ ਇਸਾਈਆਂ ਦੇ ਵਿਰੁੱਧ ਦੋਵੇਂ ਇਕੱਠੇ ਹੋ ਗਏ ਸਨ।[19]

ਇਕ ਚਿੱਠੀ, ਜੋ ਈਸਟ ਇੰਡੀਆ ਕੰਪਨੀ ਦੇ ਖ਼ੁਫ਼ੀਆ ਕੋਰਟ ਆਫ਼ ਡਾਇਰੈਕਟਰਜ਼ ਨੇ ਗਵਰਨਰ ਜਨਰਲ ਨੂੰ 19 ਅਪ੍ਰੈਲ 1858 ਨੂੰ ਲਿਖੀ ਸੀ, ਵਿਚ ਕਿਹਾ ਸੀ – 'ਅਵਧ ਦੀ ਜੰਗ ਵਿਚ ਰਾਜੇ ਦਾ ਅਚਾਨਕ ਗੱਦੀ ਤੋਂ ਲਾਹ ਦੇਣ ਦਾ ਪ੍ਰਤੀਕਰਮ ਇਹ ਸੀ ਕਿ ਇਹ ਸੰਘਰਸ਼ ਹਰਮਨ ਪਿਆਰਾ ਹੋ ਗਿਆ ਅਤੇ ਨਾਲ ਹੀ ਵੱਡੀ ਗਿਣਤੀ ਵਿਚ ਜਾਗੀਰਦਾਰਾਂ ਦੀ ਹਿਮਾਇਤ ਖੁੱਸ ਗਈ ਕਿਉਂਕਿ ਉਹਨਾਂ ਦੀਆਂ ਜ਼ਮੀਨਾਂ ਅਤੇ ਜਾਗੀਰਾਂ ਤੋਂ ਉਹਨਾਂ ਨੂੰ ਵਾਂਝਿਆਂ ਕਰ ਦਿੱਤਾ ਗਿਆ ਸੀ।

"ਐਸੇ ਹਾਲਾਤ ਵਿਚ, ਇਹ ਬਗ਼ਾਵਤ ਦੀ ਲੜਾਈ ਕੇਵਲ ਅਵਧ ਵਿਚ ਇਕ ਕੌਮੀ ਜੰਗ ਬਣ ਗਈ ਹੈ, ਕੇਵਲ ਬਗ਼ਾਵਤ ਨਹੀਂ ਰਹੀ।[20]

ਨਿਰਸੰਦੇਹ, ਅਵਧ ਦੀ ਬਗਾਵਤ ਵਧੇਰੇ ਅੱਗੇ ਵਧ ਗਈ ਸੀ ਹੋਰ ਥਾਵਾਂ ਨਾਲੋਂ ਅਵਧ ਵਿਚ ਇਹਦੀਆਂ ਜੜ੍ਹਾਂ ਬਹੁਤ ਡੂੰਘੀਆਂ ਲੱਗ ਗਈਆਂ ਸਨ, ਅਤੇ ਇਸਨੂੰ ਬਹੁਤ ਵੱਡੀ ਹਿਮਾਇਤ ਹਾਸਲ ਸੀ ਅਤੇ ਇਸਦੇ ਸਾਹਮਣੇ ਹੋਰ ਕੁਝ ਨਹੀਂ ਟਿਕਦਾ ਸੀ। ਪਰ ਹੋਰ ਥਾਵਾਂ 'ਤੇ ਵੀ ਲੋਕ ਦੁਸ਼ਮਣ ਦਾ ਸਾਹਮਣਾ ਕਰ ਰਹੇ ਸਨ, ਇਕੋ ਜਿਹੇ ਮਸਲੇ ਸਨ, ਸਮਸਿਆਵਾਂ ਸਨ। ਇਸ ਵਿਚ ਹਿੱਸਾ ਲੈਣ ਵਾਲੇ ਲੋਕ ਅਤੇ ਨੇਤਾ ਲੋਕ ਵੀ ਐਨੇ ਵੱਖ ਨਹੀਂ ਸਨ ਅਵਧ ਵਾਲਿਆਂ ਨਾਲੋਂ। ਜੇ ਕੋਈ ਫ਼ਰਕ ਸੀ ਤਾਂ ਕੇਵਲ ਦਰਜੇ ਦਾ ਹੀ ਸੀ। ਇਸ ਲਈ ਇਹ ਮੰਨਣਾ ਕਿ ਅਵਧ ਦੀ ਜੰਗ ਆਜ਼ਾਦੀ ਵਾਸਤੇ ਸੀ ਤੇ ਹੋਰ ਥਾਵਾਂ 'ਤੇ ਨਹੀਂ ਇਸ ਦਾ ਬਹੁਤਾ ਇਤਿਹਾਸਕ ਮਹੱਤਵ ਨਹੀਂ। ਨਾਲ ਹੀ, ' . . . ਵਿਗਿਆਨਕ ਪੱਖ ਦੀ ਮੰਗ ਹੈ ਕਿ ਇਸ ਬਗ਼ਾਵਤ ਦਾ ਸਹੀ ਆਚਰਨ

ਇਸਦੇ ਆਰਜ਼ੀ ਸਮੇਂ, ਜਿਵੇਂ ਭਾਰਤ ਵਿਚ 1857 ਦਾ, ਅਧਿਐਨ ਕਰਨਾ ਚਾਹੀਦਾ ਹੈ ਜਦ ਇਸਨੇ ਸਭ ਤੋਂ ਵੱਧ ਉੱਚੀ ਸਿਖਰ ਛੂਹ ਲਈ ਸੀ ਜਿਵੇਂ ਅਵਧ ਵਿਚ।"[21]

ਜਨਤਾ ਵਿਚ ਕੰਪਨੀ ਦੇ ਰਾਜ ਪ੍ਰਤੀ ਐਨੀ ਨਫ਼ਰਤ ਸੀ ਕਿ ਜਿਹੜੇ ਭਾਰਤੀ ਅਫ਼ਸਰ ਜ਼ਿਲਿਆਂ ਵਿਚ ਅੰਗ੍ਰੇਜ਼ ਦਾ ਸਾਥ ਦੇ ਰਹੇ ਸਨ ਉਹਨਾਂ ਨੂੰ ਅਛੂਤ ਗਿਣਿਆ ਜਾਣ ਲੱਗ ਪਿਆ। ਉਹ ਕੇਵਲ ਛੇਕ ਹੀ ਨਹੀਂ ਦਿੱਤੇ ਗਏ ਸਨ ਸਗੋਂ ਉਹਨਾਂ ਨੂੰ ਆਪਣੀ ਜਾਨ ਦਾ ਵੀ ਖ਼ਤਰਾ ਹੋ ਗਿਆ ਸੀ, ਜਦ ਉਹ ਆਪਣੇ ਪਿੰਡਾਂ ਵਿਚ ਜਾਣ ਦੀ ਹਿੰਮਤ ਕਰਦੇ ਸਨ। ਹੈਰਾਨੀ ਦੀ ਗੱਲ ਨਹੀਂ ਸੀ ਕਿ ਬਹੁਤ ਸਾਰੇ ਬਗ਼ਾਵਤ ਵਿਚ ਸ਼ਾਮਿਲ ਹੋ ਗਏ ਜਾਂ ਬਾਗ਼ੀਆਂ ਵੱਲ ਸੁਹਿਰਦ ਨਿਰਪੱਖ ਹੋ ਗਏ। ਜਦ ਅੰਗ੍ਰੇਜ਼ਾਂ ਨੇ ਲਖਨਊ ਨੂੰ ਦਰੜ ਦਿੱਤਾ ਤਾਂ ਕੁਝ ਬੇਗਮਾਂ ਅੰਗ੍ਰੇਜ਼ਾਂ ਦੇ ਹੱਥ ਲੱਗੀਆਂ। ਜਦ ਕਪਤਾਨ ਨੇ ਪੁਛਿਆ, 'ਤੁਸੀਂ ਨਹੀ ਸੋਚਦੇ ਕਿ ਸੰਘਰਸ਼ ਖ਼ਤਮ ਹੋ ਗਿਆ ਹੈ," ਤਾਂ ਉਹਨਾਂ ਨੇ ਜਵਾਬ ਦਿੱਤਾ, "ਉਲਟਾ, ਸਾਨੂੰ ਪੂਰਾ ਯਕੀਨ ਹੈ ਕਿ ਤੁਸੀਂ ਹਰਾ ਦਿੱਤੇ ਜਾਓਗੇ।"[22]

ਵੱਡੀ ਹਾਰ ਦੌਰਾਨ ਵੀ ਐਨੀ ਮੁਖ਼ਾਲਫਤ ਸੀ ਅਤੇ ਅਜ਼ਾਦਵਾਦੀ ਸੋਚ ਸੀ, ਜਿਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਮਹਾਨ ਕੌਮੀ ਵਿਦਰੋਹ ਦੁਆਰਾ ਕਿੰਨੀ ਇਨਕਲਾਬੀ ਭਾਵਨਾ ਜਗਾਈ ਗਈ ਸੀ। ਕਈ ਕੌਮੀ ਵਿਦਵਾਨ, ਜਿਵੇਂ ਆਰ ਸੀ ਮਜੂਮਦਾਰ, ਨਿੱਕੇ ਨਿੱਕੇ ਵੇਰਵਿਆਂ ਵਿਚ ਉਲਝੇ ਰਹੇ, ਜਿਵੇਂ ਕੁਝ ਕੋਝੀ ਗੰਢ ਤੁਪ ਬਸਤੀਵਾਦੀ ਸਰਕਾਰੀ ਅਫ਼ਸਰਾਂ ਅਤੇ ਕੁਝ ਜਾਗੀਰਦਾਰਾਂ ਵਿਚਕਾਰ ਜੋ ਵਿਦਰੋਹ ਦੇ ਲੀਡਰ ਸਨ, ਉਨ੍ਹਾਂ ਦੀ ਦ੍ਰਿਸ਼ਟੀ ਇਹਨਾਂ ਗੰਢਤੁੱਪਾਂ ਕਾਰਨ ਧੁੰਦਲਾ ਗਈ ਸੀ, ਇਸ ਲਈ ਉਹ ਸਾਰੇ ਨੇਤਾਵਾਂ ਨੂੰ ਕੋਸਦੇ ਹਨ। ਉਹ ਇਸ ਤੱਥ ਨੂੰ ਪੂਰੀ ਤਰ੍ਹਾਂ ਅੱਖੋਂ ਓਹਲੇ ਕਰਦੇ ਹਨ ਕਿ 1857 ਦੇ ਵਿਦਰੋਹ ਨੇ ਕੁਝ ਅਸਾਧਾਰਨ ਅਤੇ ਬਹਾਦਰ ਵਿਅਕਤੀ ਪੈਦਾ ਕੀਤੇ ਸਨ ਜਿਹਨਾਂ 'ਤੇ ਹਰ ਆਜ਼ਾਦੀ ਦੇ ਸਮਰਥਕ ਨੂੰ ਮਾਣ ਹੋਣਾ ਚਾਹੀਦਾ ਹੈ। ਇਹਨਾਂ ਵਿਦਰੋਹ ਕਰਨ ਵਾਲੇ ਜਾਗੀਰਦਾਰਾਂ ਅਤੇ ਨੇਤਾਵਾਂ, ਜਿਵੇਂ ਨਾਨਾ ਸਾਹਿਬ, ਤਾਂਤੀਆ ਤੋਪੇ, ਰਾਣੀ ਲਕਸ਼ਮੀਬਾਈ ਝਾਂਸੀ, ਬਖ਼ਤ ਅਹਮਦ ਖ਼ਾਨ, ਕੰਵਰ ਸਿੰਘ, ਜਗਦੀਸ਼ਪੁਰ ਤੇ ਅਮਰ ਸਿੰਘ, ਦੇ ਨਾਉ ਤਾਂ ਸਾਡੇ ਜਨ-ਗਾਨ ਦਾ ਹਿੱਸਾ ਬਣ ਗਏ ਹਨ ਅਤੇ ਬਹੁਤ ਹੀ ਸਤਿਕਾਰੇ, ਪਿਆਰੇ ਅਤੇ ਸ਼ਰਧਾ ਭਰਪੂਰ ਅਤੇ ਨਿੱਘੇ ਨਾਮ ਹਨ।

ਅੰਗ੍ਰੇਜ਼ ਇਤਹਾਸਕਾਰਾਂ ਨੂੰ ਵੀ ਇਹਨਾਂ ਬਾਗ਼ੀ ਸੂਰਬੀਰਾਂ ਨੂੰ ਸ਼ਰਧਾਂਜਲੀ ਦੇਣੀ ਪਈ ਸੀ। ਮੈਲੇਸਨ, ਫ਼ਾਇਜ਼ਾਬਾਦ ਦੇ ਮੌਲਵੀ ਅਹਿਮਦੁੱਲਾਹ ਨੂੰ ਹੇਠ ਲਿਖੇ ਢੰਗ ਨਾਲ ਖ਼ਿਰਾਜੇ ਤਸਕੀਨ ਪੇਸ਼ ਕਰਦਾ ਹੈ –

"ਮੌਲਵੀ ਇਕ ਅਦੁੱਤੀ ਪੁਰਖ ਸੀ ..ਉਸਦੇ ਮਿਲਟਰੀ ਲੀਡਰ ਹੋਣ ਦੇ ਵਿਦਰੋਹ ਦੌਰਾਨ ਬਹੁਤ ਸਬੂਤ ਦਿੱਤੇ ਗਏ ਸਨ। ਹੋਰ ਕੋਈ ਵਿਅਕਤੀ ਐਨੇ ਮਾਣ ਨਾਲ ਨਹੀਂ ਕਹਿ ਸਕਦਾ ਕਿ ਉਸਨੇ ਦੋ ਵਾਰ ਮੈਦਾਨ ਜੰਗ ਵਿਚ ਸੀ, ਕੌਲਿਨ ਕੈਂਬਲ ਨੂੰ ਅਸਫ਼ਲ ਕੀਤਾ ਸੀ! ਜੇ ਕੋਈ ਦੇਸ਼ ਭਗਤ ਐਸਾ ਪੁਰਖ ਹੈ ਜੋ ਸਾਜ਼ਿਸ਼ ਕਰਦਾ ਹੈ ਅਤੇ ਆਜ਼ਾਦੀ ਲਈ ਲੜਦਾ ਹੈ, ਆਪਣੀ ਮਾਤ ਭੂਮੀ ਦੀ, ਜੋ ਗ਼ਲਤ ਢੰਗ ਨਾਲ ਬਰਬਾਦ ਕੀਤੀ ਗਈ ਹੈ, ਤਾਂ ਬਿਲਕੁਲ ਬਿਨ੍ਹਾ ਸ਼ੱਕ ਉਹ ਮੌਲਵੀ ਹੀ ਸੀ, ਸੱਚਾ ਦੇਸ਼ ਭਗਤ ਹੈ। ਉਸਨੇ ਕਤਲ ਨਾਲ ਆਪਣੀ ਤਲਵਾਰ ਦਾਗ਼ੀ ਨਹੀਂ ਕੀਤੀ ਸੀ, ਉਸਨੇ ਕਿਸੇ ਕਤਲ ਵਿਚ ਕੋਈ ਵਿਉਂਤ ਨਹੀਂ ਬਣਾਈ ਸੀ, ਉਹ ਮਰਦਾਨਗੀ ਨਾਲ ਲੜਿਆ ਸੀ, ਇੱਜ਼ਤ ਨਾਲ ਅਤੇ ਬੜੇ ਜ਼ੋਰ ਨਾਲ ਵਿਦੇਸ਼ੀਆਂ ਦੇ ਵਿਰੁੱਧ, ਜਿਨਾਂ ਨੇ ਉਸਦੇ ਦੇਸ਼ 'ਤੇ ਕਬਜ਼ਾ ਕੀਤਾ ਹੋਇਆ ਸੀ, ਅਤੇ ਉਸਦੀ ਯਾਦ ਅੱਜ ਹਰ ਦੇਸ਼ ਦੇ ਬਹਾਦਰ ਅਤੇ ਸੱਚੇ ਦਿਲ ਵਾਲੇ ਇਨਸਾਨ ਤੋਂ ਸਤਿਕਾਰ ਦਾ ਹੱਕ ਰਖਦੀ ਹੈ।"[23]

ਅਰਨੈਸਟ ਜੋਨਜ਼, ਪ੍ਰਸਿੱਧ ਚਾਰਟਿਸਟ ਨੇਤਾ, ਨੇ ਆਪਣੇ 'ਪੀਪਲਜ਼ ਪੇਪਰ' ਵਿਚ 1857 ਦੇ ਵਿਦਰੋਹ ਬਾਰੇ ਕੁਝ ਲੇਖ-ਲੜੀ ਲਿਖੀ। ਇਹ ਲੇਖ ਪ੍ਰੋਲੇਤਾਰੀ ਅੰਤਰ-ਰਾਸ਼ਟਰਵਾਦ ਦੇ ਸਰਵ ਸ੍ਰੇਸ਼ਠ ਨਮੂਨੇ ਹਨ, ਜਿਹਨਾਂ ਦਾ ਅੱਜ ਦੇ ਪ੍ਰੋਲਤਾਰੀ ਅੰਦੋਲਨਾਂ ਨੂੰ ਅਨੁਸਰਣ ਕਰਨਾ ਚਾਹੀਦਾ ਹੈ। ਅਜਿਹੇ ਸਮੇਂ ਜਦ ਐਂਗਲੋ-ਅਮਰੀਕਨ ਸਾਮਰਾਜ ਇਰਾਕ ਅਤੇ ਅਫ਼ਗਾਨਿਸਤਾਨ ਵਿਚ ਲੁੱਟ ਖਸੁੱਟ ਦੀ ਜੰਗ ਲੜ ਰਿਹਾ ਹੈ, ਤਬਾਹੀ ਮਚਾ ਰਿਹਾ ਹੈ, ਮਾਲ ਜਾਨ ਦੀ ਵੱਡੀ ਪੱਧਰ 'ਤੇ ਬਰਬਾਦੀ ਕਰ ਰਿਹਾ ਹੈ। ਜੋਨਜ਼ ਦੇ ਸ਼ਬਦ ਕਿਰਤੀ ਵਰਗ ਨੂੰ ਕਹਿੰਦੇ ਹਨ ਕਿ "ਆਪਣੇ ਅੰਤਰਰਾਸ਼ਟਰੀ ਫ਼ਰਜ਼ ਨੂੰ ਪਛਾਣੇ ਅਤੇ ਉਹਨਾਂ ਦਾ ਸਾਥ ਦੇਵੇ ਜਿਹਨਾਂ ਉਪਰ ਹਮਲੇ ਹੋਏ ਹਨ ਅਤੇ ਜਿਹਨਾਂ ਦਾ ਆਪਣੀ ਹੀ ਸ਼ਾਸ਼ਕ ਸ਼੍ਰੇਣੀ ਵੱਲੋਂ ਦਮਨ ਹੋ ਰਿਹਾ ਹੈ।" ਪਹਿਲੀ ਅਗਸਤ 1857 ਨੂੰ ਜੋਨਜ਼ ਨੇ ਲਿਖਿਆ *"ਜਿਵੇਂ ਅਸੀ ਆਪਣੇ ਪਾਠਕਾਂ ਨੂੰ ਯਕੀਨ ਦੁਆਇਆ ਸੀ ਕਿ 1857 ਦਾ ਵਿਦਰੋਹ (ਭਾਰਤ ਵਿਚ) ਸ਼ੁਰੂ ਤੋਂ ਹੀ ਫ਼ੌਜੀ ਬਗ਼ਾਵਤ ਨਹੀਂ ਸਗੋ ਕੌਮੀ ਵਿਦਰੋਹ ਸੀ।"* ਇਸਤੋਂ ਪਹਿਲਾਂ 4 ਜੁਲਾਈ ਨੂੰ, ਭਾਰਤ ਦੀ ਆਜ਼ਾਦੀ ਨੂੰ ਇੰਗਲੈਂਡ ਦੇ ਕਿਰਤੀ ਵਰਗ ਦੀ ਆਜ਼ਾਦੀ ਨਾਲ ਜੋੜਦੇ ਹੋਏ, ਉਸਨੇ ਆਪਣੇ ਦੇਸ਼ ਵਾਸੀਆਂ ਲਈ ਢੋਲ ਪਿੱਟ ਕੇ ਇਹ ਸੱਦਾ ਦਿੱਤਾ ਸੀ "ਇੰਗਲੈਂਡ ਦੇ ਲੋਕੋ ਤੁਹਾਨੂੰ ਮਜਬੂਰ ਕੀਤਾ ਜਾਵੇਗਾ ਕਿ ਤੁਸੀਂ ਆਪਣਾ ਖ਼ੂਨ ਅਤੇ ਪੈਸਾ ਦੁਨੀਆ ਦੀ ਇਕ ਬਹੁਤ ਹੀ ਪਵਿੱਤਰ ਲਹਿਰ ਨੂੰ ਦਬਾਉਣ ਵਿਚ ਖ਼ਰਚ ਕਰੋਗੇ . . . . ਮੇਰੇ ਹਮਵਤਨੋ, ਤੁਹਾਨੂੰ ਕੁਝ ਚੰਗੇਰਾ ਕਰਨਾ ਚਾਹੀਦਾ ਹੈ ਨਾਂ ਕਿ ਹੋਰਨਾਂ ਦੀ ਆਜ਼ਾਦੀ ਨੂੰ ਕੁਚਲੋ-ਅਤੇ ਆਪਣੀ ਆਜ਼ਾਦੀ ਲਈ ਸੰਘਰਸ਼ ਕਰੋ।"

ਭਾਵੇਂ ਫੌਜੀ ਬਗ਼ਾਵਤ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਦੇ ਪੰਜੇ 'ਚੋਂ ਆਜ਼ਾਦ ਕਰਾਉਣ ਲਈ ਇਕ ਮਹੱਤਵਪੂਰਨ ਯਤਨ ਸੀ, ਇਹ ਬਿਲਕੁਲ ਨਹੀਂ ਭੁੱਲਣਾ ਚਾਹੀਦਾ ਕਿ ਸਿਪਾਹੀ ਤਾਂ ਕੇਵਲ ਹਥਿਆਰ ਹੀ ਸਨ, ਜੋ ਸਾਰੀ ਕੌਮ ਦੀ, ਕੌਮ ਦੇ ਸਾਰੇ ਵਰਗਾਂ ਦੀ, ਵਿਦੇਸ਼ੀ ਤਾਕਤ ਦੇ ਹਮਲਾਵਰਾਂ ਅਤੇ ਡਾਕੂਆਂ ਪ੍ਰਤੀ ਇਕੱਠੀ ਨਫ਼ਰਤ ਦੀ ਨੁਮਾਇੰਦਗੀ ਕਰਦੇ ਸਨ। ਅਸਲ ਵਿਚ ਇਸ ਵਿਦਰੋਹ ਦੇ ਪਿੱਛੇ ਤਾਂ ਸਾਰੇ ਹੀ ਸਾਧਾਰਨ ਲੋਕ ਸਨ ਜਿਹੜੇ ਬਸਤੀਵਾਦੀ ਸਾਮਰਾਜ ਦੇ ਸਤਾਏ ਹੋਏ ਸਨ। ਕਿਸਾਨਾਂ ਲਈ ਤਾਂ, ਜੋ ਟੈਕਸਾਂ ਦੇ ਭਾਰ ਹੇਠ ਕੁਚਲੇ ਜਾ ਰਹੇ ਸਨ, ਟੈਕਸ ਇਕੱਠੇ ਕਰਨ ਵਾਲਿਆ ਨੂੰ ਪਰ੍ਹੇ ਸੁੱਟਣ ਦਾ ਇਹ ਯੋਗ ਅਵਸਰ ਸੀ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਕਿਸਾਨ-ਕਿਰਤੀ ਵਰਗ, ਭਾਵ ਕਿਸਾਨ, ਵੱਡੇ ਜਾਗੀਰਦਾਰ ਨਹੀਂ, ਸਭ ਤੋਂ ਵੱਧ ਦੁਖੀ ਸਨ ਅਤੇ ਬ੍ਰਿਟਿਸ਼ ਰਾਜ ਦੇ ਜਾਰੀ ਰਹਿਣ ਦੇ ਖ਼ਿਲਾਫ ਵੱਡੇ ਬਾਗ਼ੀ ਭਾਵ ਵਿਚ ਸਨ ਅਤੇ ਵਿਦਰੋਹ ਵਿਚ ਵੱਧ ਚੜ੍ਹ ਕੇ ਪੂਰੇ ਜੋਸ਼ ਨਾਲ ਹਿੱਸਾ ਲੈ ਰਹੇ ਸਨ।[24]

ਈਸਟ ਇੰਡੀਆ ਕੰਪਨੀ ਨੇ ਕਿਸਾਨਾਂ ਉੱਪਰ ਬਹੁਤ ਭਾਰੀ ਟੈਕਸ ਹੀ ਨਹੀਂ ਲਗਾਏ ਸਨ ਬਲਕਿ ਲੁੱਟ ਖਸੁੱਟ ਵੀ ਕਰਾਈ ਜਾ ਰਹੀ ਸੀ, ਹਿੰਸਾ ਵਰਤੀ ਜਾ ਰਹੀ ਸੀ ਅਤੇ ਤਸੀਹੇ ਦਿੱਤੇ ਜਾ ਰਹੇ ਸਨ ਇਕ ਵਿੱਤੀ ਸੰਸਥਾ ਦੇ ਤੌਰ 'ਤੇ। ਆਪਣੇ ਲੇਖ "ਭਾਰਤ ਵਿਚ ਤਸੀਹਾਂ ਦੀ ਤਫ਼ਤੀਸ਼" ਵਿਚ ਮਾਰਕਸ ਲਿਖਦਾ ਹੈ "ਕੁਝ ਕੁ ਗ਼ੈਰ ਕਾਨੂੰਨੀ ਹਰਕਤਾਂ ਦਾ ਵੇਰਵਾ ਦੇਣ ਮਗਰੋਂ, ਜੋ ਈਸਟ ਇੰਡੀਆ ਕੰਪਨੀ ਨੇ ਕੀਤੀਆਂ ਸਨ ਅਤੇ ਲੁੱਟ-ਖੋਹ ਅਤੇ ਹਿੰਸਾ ਦੀ ਹੱਦ ਤੀਕ ਪੁੱਜ ਗਏ ਸਨ, ਅੰਤ ਵਿਚ ਕਹਿੰਦਾ ਹੈ," ਅਸੀ ਇਥੇ ਬਹੁਤ ਹੀ ਸੰਖੇਪ ਵਿਚ ਹਾਲ ਦਸਿਆ ਹੈ ਅਤੇ ਅੰਗ੍ਰੇਜ਼ੀ ਰਾਜ ਦੇ ਧੁੰਦਲੇ ਕਾਂਡ ਦਾ ਵਿਵਰਣ ਪ੍ਰਗਟਾਇਆ ਹੈ। ਇਹਨਾਂ ਤੱਥਾਂ ਦੀ ਹੋਂਦ ਵਿਚ, ਨਿਰਪੱਖ ਅਤੇ ਵਿਚਾਰਵਾਨ ਸੱਜਣ ਸ਼ਾਇਦ ਇਸ ਨਤੀਜੇ 'ਤੇ ਪੁੱਜਣ ਕਿ ਕੀ ਲੋਕ ਆਪਣੇ ਸਤਾਉਣ ਵਾਲਿਆਂ ਨੂੰ ਵਗਾਹ ਮਾਰਨ ਦਾ ਹੱਕ ਨਹੀਂ ਰੱਖਦੇ ਅਤੇ ਉਹਨਾਂ ਨੂੰ ਦੇਸ ਵਿੱਚੋਂ ਕੱਢ ਦੇਣ ਲਈ

ਯਤਨ ਨਹੀਂ ਕਰ ਸਕਦੇ, ਜਿਹਨਾਂ ਨੇ ਆਪਣੀ ਪਰਜਾ ਨੂੰ ਐਨਾ ਜ਼ਿਆਦਾ ਸਤਾਇਆ ਹੈ? ਤੇ ਜੇ ਇੰਗਲੈਂਡ ਐਸੇ ਖ਼ੂਨੀ ਸਾਕੇ ਇਸ ਤਰ੍ਹਾਂ ਕਰੀ ਜਾਏਗਾ, ਤਾਂ ਭਾਰਤੀਆਂ ਨੂੰ ਇਹ ਵਿਦਰੋਹ ਕਰਨ ਦਾ ਦੋਸ਼ ਕਰਨਾ ਹੀ ਪਵੇਗਾ, ਵਿਦਰੋਹ ਅਤੇ ਸੰਘਰਸ਼, ਉਹਨਾਂ ਜ਼ੁਲਮਾਂ ਦੇ ਖ਼ਿਲਾਫ਼, ਜੋ ਉਹਨਾਂ ਉੱਪਰ ਢਾਏ ਗਏ ਹਨ?"[25]

ਜਿਵੇਂ ਉੱਪਰ ਕਿਹਾ ਗਿਆ ਹੈ, ਅਵਧ ਦੇ ਤੱਲੁਕਦਾਰਾਂ (ਵੱਡੇ ਜਾਗੀਰਦਾਰ) ਦੀ ਵੱਡੀ ਗਿਣਤੀ ਅਤੇ ਰਾਜਿਆਂ ਦੇ ਦਰਬਾਰ ਬਾਗ਼ੀਆਂ ਦਾ ਸਾਥ ਦੇ ਰਹੇ ਸਨ। ਦੇਸੀ ਰਿਆਸਤਾਂ ਦੇ ਰਾਜੇ, ਜਿਹੜੇ ਕੰਪਨੀ ਦੇ ਹੋਰ ਇਲਾਕੇ ਵਧਾਉਣ ਅਤੇ ਅਵਧ 'ਤੇ ਕਬਜ਼ਾ ਕਰਨ ਤੋਂ ਨਾਰਾਜ਼ ਸਨ, ਵੱਡੇ ਜ਼ਿਮੀਂਦਾਰ ਅਤੇ ਕਿਸਾਨ, ਜਿਹਨਾਂ ਤੇ ਬਹੁਤ ਭਾਰੀ ਟੈਕਸ ਲੱਗ ਰਹੇ ਸਨ ਅਤੇ ਜਿਹਨਾਂ ਦੀ ਲੁੱਟ ਖਸੁੱਟ ਹੋ ਰਹੀ ਸੀ, ਸਭ ਬਾਗ਼ੀਆਂ ਨਾਲ ਰਲ ਗਏ ਸਨ। ਮਾਲੀਏ ਦੇ ਮਾਹਲ-ਵਾਰੀ ਪ੍ਰਬੰਧ ਹੇਠ, 1822 ਤੋਂ ਲੈ ਕੇ ਅਵਧ ਸਭ ਤੋਂ ਵਧ ਟੈਕਸਾਂ ਵਾਲਾ ਇਲਾਕਾ ਬਣ ਗਿਆ ਸੀ। ਇਸ ਪ੍ਰਬੰਧ ਹੇਠ ਜ਼ਮੀਨੀ ਟੈਕਸ ਦਾ ਰੇਟ ਕਦੇ ਵੀ ਵਧਾਇਆ ਜਾ ਸਕਦਾ ਸੀ ਅਤੇ ਕਿਸਾਨਾਂ ਨੂੰ ਸਮੂਹਿਕ ਤੌਰ 'ਤੇ ਇਸਦੀ ਅਦਾਇਗੀ ਲਈ ਜ਼ਿੰਮੇਵਾਰ ਠਹਰਾਇਆ ਜਾਂਦਾ ਸੀ ਜਿਸ ਦੇ ਫਲਸਰੂਪ ਟੈਕਸ ਨਾ ਦੇਣ ਦੀ ਹਾਲਤ ਵਿਚ ਜ਼ਮੀਨਾਂ ਜ਼ਬਤ ਹੋ ਜਾਂਦੀਆਂ ਸਨ, ਉਹਨਾਂ ਦੀਆਂ ਵੀ ਜਿਹੜੇ ਟੈਕਸ ਨਾ ਦੇਣ ਦੇ ਦੋਸ਼ੀ ਨਹੀਂ ਹੁੰਦੇ ਸਨ ਅਤੇ ਕਦੇ ਵੀ ਟੈਕਸ ਤੋਂ ਖੁੰਝੇ ਨਹੀਂ ਸਨ।

ਇਸ ਤੋਂ ਇਲਾਵਾ, ਕਿਸਾਨ ਅੰਗ੍ਰੇਜ਼ ਦੇ ਅਦਾਲਤੀ ਢਾਂਚੇ ਤੋਂ ਵੀ ਦੁਖੀ ਸਨ, ਜਿਸ ਵਿਚ ਕਦੇ ਵੀ ਨਾ ਮੁੱਕਣ ਵਾਲੇ ਮੁੱਕਦਮੇ ਅਤੇ ਕਾਗ਼ਜ਼ੀ ਕਾਰਵਾਈ ਚੱਲਦੀ ਰਹਿੰਦੀ ਸੀ, ਲੁੱਟ ਵਰਗੇ ਅਦਾਲਤੀ ਖ਼ਰਚੇ ਹੁੰਦੇ ਸਨ, ਭ੍ਰਿਸ਼ਟਾਚਾਰ ਅਤੇ ਅਦਾਲਤ ਵਿਚ ਗਵਾਹਾਂ ਦੀ ਪੈਸੇ ਨਾਲ ਖ਼ਰੀਦੋ-ਫ਼ਰੋਖਤ, ਜਿਸ ਵਿਚ ਵਕੀਲਾਂ ਅਤੇ ਅਦਾਲਤ ਦੇ ਅਫ਼ਸਰਾਂ ਨੂੰ ਵੱਡੇ ਗੱਫੇ ਮਿਲਦੇ ਸਨ ਅਤੇ ਸ਼ਾਹੂਕਾਰਾਂ ਦੀ ਮੌਜ ਲੱਗ ਜਾਂਦੀ ਸੀ ਪਰ ਆਮ ਲੋਕ ਅਤੇ ਕਿਸਾਨ ਆਪਣੀ ਜ਼ਮੀਨ ਜਾਇਦਾਦ ਤੋਂ ਹੱਥ ਧੋ ਬੈਠਦੇ ਸਨ। ਇਸ ਲਈ 1857 ਇਕ ਮੁਕਤੀ ਮਿਲਣ ਦਾ ਮੌਕਾ ਸੀ ਅਤੇ ਕਿਰਤੀ ਵਰਗ ਲਈ ਆਪਣੇ ਸੋਸ਼ਕਾਂ ਅਤੇ ਦੁਖੀ ਕਰਨ ਵਾਲਿਆਂ ਲਈ ਹਿਸਾਬ ਕਰਨ ਦਾ ਸਮਾਂ ਸੀ। ਇਸੇ ਕਰਕੇ ਵਿਦਰੋਹ ਦੇ ਦੌਰਾਨ, ਭਾਰਤੀ ਲੋਕਾਂ ਨੇ ਆਪਣੀ ਨਾਰਾਜ਼ਗੀ ਰੱਜ ਕੇ ਉਘਾੜੀ। ਅਦਾਲਤਾਂ, ਪੁਲੀਸ ਥਾਣਿਆਂ , ਖਜਾਨਿਆਂ, ਹਥਿਆਰ ਦੇ ਗੋਦਾਮਾਂ, ਉਹਨਾਂ ਦਫਤਰਾਂ ਨੂੰ ਜਿਹਨਾਂ ਵਿਚ ਜ਼ਮੀਨਾਂ ਅਤੇ ਮਾਲੀਏ ਦੇ ਰਿਕਾਰਡ ਪਏ ਸਨ ਅਤੇ ਸ਼ਾਹੂਕਾਰਾਂ ਦੀਆਂ ਵਹੀਆਂ ਨੂੰ ਪੂਰੀ ਤਰ੍ਹਾਂ ਤਬਾਹ ਕੀਤਾ।

ਸਾਰੇ ਭਾਰਤ ਦੇ ਸ਼ਹਿਰਾਂ ਵਿਚਲੇ ਕਾਰੀਗਰ, ਵਿਸ਼ੇਸ਼ ਕਰ ਅਵਧ ਦੇ, ਅਤਿ ਦਰਜੇ ਦੀ ਗ਼ਰੀਬੀ 'ਚੋਂ ਲੰਘ ਰਹੇ ਸਨ। ਨਵਾਬ ਦੇ ਗੱਦੀ ਤੋਂ ਲਾਹੇ ਜਾਣ ਮਗਰੋਂ ਅਤੇ ਅਦਾਲਤਾਂ ਨੂੰ ਬਰਖ਼ਾਸਤ ਕਰਨ ਮਗਰੋਂ ਉਹਨਾਂ ਦੇ ਕੰਮਕਾਜ ਠੱਪ ਹੋ ਗਏ ਸਨ। ਹਾਲਤ ਹੋਰ ਵੀ ਭੈੜੀ ਹੋ ਗਈ ਜਦ ਅੰਗ੍ਰੇਜ਼ੀ ਕਾਰਖ਼ਾਨਿਆਂ ਵਿਚ ਬਣਿਆ ਮਾਲ ਭਾਰਤ ਵਿਚ ਹੜ੍ਹ ਵਾਂਗ ਆਉਣ ਲੱਗ ਪਿਆ ਜਿਸਦੇ ਕਾਰਨ ਭਾਰਤੀ ਕਾਰੀਗਰਾਂ ਨੂੰ ਪ੍ਰਤਿਯੋਗਤਾ ਦਾ ਕੋਈ ਮੌਕਾ ਹੀ ਨਾ ਰਿਹਾ।

ਐਲ ਈ ਐਸ ਰੀਸ ਨੇ ਲਿਖਿਆ "*ਇਹ ਕਿ ਲਖਨਊ ਦੇ ਲੋਕ ਸਾਡੇ ਖ਼ਿਲਾਫ ਉੱਠ ਖੜ੍ਹੇ ਹੋਣ ਇਹ ਤਾਂ ਸੰਭਵ ਸੀ. . . . ਅਸੀ ਉਹਨਾਂ ਦਾ ਪਿਆਰ ਪਾਉਣ ਲਈ ਕੁਝ ਵੀ ਨਹੀਂ ਕੀਤਾ ਸੀ ਅਤੇ ਉਹਨਾਂ ਦੀ ਨ਼ਫਰਤ ਕਮਾਉਣ ਲਈ ਬਹੁਤ ਕੁਝ ਕੀਤਾ ਸੀ*"

ਲਖਨਊ ਦੀਆਂ ਘਟਨਾਵਾਂ ਦਾ 1857 ਵਿਚ ਈਸਟ ਇੰਡੀਆ ਕੰਪਨੀ ਦਾ ਤਜਾਰਤੀ

ਏਕਾਧਿਕਾਰ ਖ਼ਤਮ ਕਰ ਦਿੱਤਾ ਗਿਆ ਸੀ, ਜਿਸ ਨਾਲ ਖੁੱਲੀ ਤਜਾਰਤ ਦਾ ਭਾਰਤ 'ਤੇ ਹਮਲਾ ਕਰਨ ਦਾ ਰਾਹ ਪੱਧਰਾ ਹੋ ਗਿਆ ਸੀ, ਜਿਸ ਦੇ ਫਲਸਰੂਪ 1833 ਦੇ ਮਗਰੋਂ *"ਭਾਰਤ ਦੇ ਹੱਥਖੱਡੀ ਵਾਲੇ ਜੁਲਾਹੇ ਤਾਂ ਬਿਲਕੁਲ ਤਬਾਹ ਹੀ ਹੋ ਗਏ ਸਨ", ਸਮਝੋ "ਇਨਸਾਨੀ ਨਸਲ ਹੀ ਤਬਾਹ ਹੋ ਗਈ ਸੀ",* ਖੇਤੀ ਅਤੇ ਉਦਯੋਗਿਕ ਦਾ ਜੋੜ ਬਿਲਕੁਲ ਟੁੱਟ ਗਿਆ ਸੀ, ਅਤੇ ਕਰੋੜਾਂ ਲੋਕਾਂ ਲਈ ਇਹ ਆਫ਼ਤ ਦਾ ਸਮਾਂ ਆ ਗਿਆ ਸੀ।[26]

ਸ਼ਹਿਰਾਂ ਦੇ ਪੜ੍ਹੇ ਲਿਖੇ ਵਰਗ ਵੀ, ਜਿਹਨਾਂ ਨੇ ਆਧੁਨਿਕ ਵਿਚਾਰ ਅਪਣਾ ਲਏ ਸਨ, ਵਿਦਰੋਹੀਆਂ ਨਾਲ ਹਮਦਰਦੀ ਰੱਖਦੇ ਸਨ ਅਤੇ ਬਗ਼ਾਵਤੀ ਅਖ਼ਬਾਰਾਂ, ਇਸ਼ਤਿਹਾਰ ਅਤੇ ਅਪੀਲਾਂ ਜਾਰੀ ਕਰਨ ਵਿਚ ਸਹਾਈ ਹੁੰਦੇ ਸਨ।

ਅਜੇ ਕੋਈ ਬਹੁਤ ਦੇਰ ਨਹੀਂ ਹੋਈ ਸੀ, ਜਦ ਈਸਟ ਇੰਡੀਆ ਕੰਪਨੀ ਨੇ 60,000 ਸਿਪਾਹੀ ਬੰਗਾਲ ਸੇਨਾ ਵਿਚੋਂ ਕੱਢ ਦਿੱਤੇ ਸਨ, ਜਿਹਨਾਂ ਵਿਚ ਬਹੁਤੇ ਅਵਧ ਦੇ ਇਲਾਕੇ ਦੇ ਸਨ। ਸਮਾਜ ਦੇ ਜਿਹੜੇ ਵਰਗਾਂ 'ਚੋਂ ਇਹ ਸਿਪਾਹੀ ਭਰਤੀ ਕੀਤੇ ਗਏ ਸਨ, ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਕੰਪਨੀ ਨੇ ਵੱਡੀ ਪੱਧਰ 'ਤੇ 1833 ਦੇ ਮਗਰੋ ਸਾਰੀਆਂ ਟੈਕਸ-ਮੁਕਤ ਜ਼ਮੀਨਾਂ ਵਾਪਸ ਲੈ ਲਈਆਂ ਸਨ, ਜਿਹੜੀਆਂ ਉਹਨਾਂ ਨੂੰ ਅੰਗ੍ਰੇਜ਼ਾਂ ਦੇ ਸਮੇਂ ਤੋਂ ਪਹਿਲਾਂ ਦੀਆਂ ਮਿਲੀਆਂ ਹੋਈਆਂ ਸਨ। ਇਸਦੇ ਫਲਸਰੂਪ, ਵਿਦਰੋਹ ਨੂੰ ਵੱਡੀ ਹਿਮਾਇਤ ਮਿਲ ਗਈ ਸਾਰੇ ਹੀ ਵਰਗਾਂ ਤੋਂ ਜਿਹੜੇ ਅੰਗ੍ਰੇਜ਼ ਦੀਆਂ ਨੀਤੀਆਂ ਅਤੇ ਹਰਕਤਾਂ ਤੋਂ ਦੁਖੀ ਸਨ। ਹਰ ਥਾਂ ਅੰਗ੍ਰੇਜ਼ ਹਾਕਮ ਲੋਕਾਂ ਦੀ ਰੁਜ਼ਗਾਰ ਮਾਰਨ ਵਾਲੇ ਅਤੇ ਉਹਨਾਂ ਦੇ ਰਹਿਣ ਸਹਿਣ ਢੰਗ ਨੂੰ ਤਬਾਹ ਕਰਨ ਵਾਲੇ ਸਮਝੇ ਜਾਣ ਲੱਗ ਪਏ ਸਨ। ਉਹਨਾਂ ਨੇ ਪਿੰਡਾਂ ਦੀ ਸਾਰੀ ਆਰਥਿਕਤਾ ਖੇਰੂੰ-ਖੇਰੂੰ ਕਰ ਦਿੱਤੀ ਸੀ ਅਤੇ ਉਹ ਲੋਕ ਵਿਦੇਸ਼ੀਆਂ ਦੀ ਲੁੱਟ ਅਤੇ ਡਕੈਤੀ ਦਾ ਸਹਿਜ ਸ਼ਿਕਾਰ ਬਣ ਗਏ ਸਨ। ਮਾਲੀਆ ਨੀਯਤ ਕਰਨਾ, ਫਸਲਾਂ ਦੀ ਬੀਜਾਈ ਦਾ ਸਿਲਸਿਲਾ ਬਦਲਣਾ ਅਤੇ ਦਸਤਕਾਰੀ ਬੰਦ ਕਰਨਾ, ਕਿਉਂਕਿ ਅੰਗ੍ਰੇਜ਼ੀ ਕਾਰਖ਼ਾਨਿਆਂ ਦਾ ਮਾਲ ਮੰਡੀਆਂ ਵਿਚ ਪੂਰੀ ਤਰ੍ਹਾਂ ਠੂਸ ਦਿੱਤਾ ਗਿਆ ਸੀ, ਜਿਸ ਨਾਲ ਦੇਸੀ ਲੋਕ ਗ਼ਰੀਬੀ ਦੇ ਮੂੰਹ ਵਿਚ ਧੱਕ ਦਿੱਤੇ ਗਏ ਸਨ, ਜੋ ਭੈੜੀ ਹਾਲਤ ਹਰ ਪਾਸੇ ਦਿਖਾਈ ਦਿੰਦੀ ਸੀ। ਉਸ ਵੇਲੇ ਇਹ ਹਾਲਤ ਸੀ ਕਿ ਬ੍ਰਿਟਿਸ਼ ਬਸਤੀਵਾਦ ਅਤੇ ਭਾਰਤੀਆਂ ਵਿਚਕਾਰ ਦਾ ਵਿਰੋਧ ਭਾਵਨਾ ਬਹੁਤ ਹੀ ਤਿੱਖੀ ਹੋ ਗਈ ਸੀ, ਵਿਸ਼ੇਸ਼ ਕਰ ਉਹਨਾਂ ਇਲਾਕਿਆਂ ਵਿਚ ਜਿੱਥੋਂ ਬੰਗਾਲ ਸੈਨਾ ਲਈ ਫ਼ੌਜੀ ਭਰਤੀ ਕੀਤੇ ਜਾਂਦੇ ਸਨ। ਇਸ ਵਿਦਰੋਹ ਰਾਹੀਂ ਅਵਧ ਦੇ ਹਰ ਵਰਗ ਦੇ ਲੋਕਾਂ ਦਾ ਕੰਪਨੀ ਪ੍ਰਤੀ ਗੁੱਸਾ ਅਤੇ ਨਫ਼ਰਤ ਭਿਆਨਕ ਰੂਪ ਵਿਚ ਪ੍ਰਗਟ ਕੀਤਾ ਗਿਆ, ਅਤੇ ਉਹਨਾਂ ਦੀ ਤੀਬਰ ਇੱਛਾ ਦਰਸਾਈ ਗਈ ਕਿ ਕਿਹੜੀ ਘੜੀ ਕੰਪਨੀ ਦੀ ਹਕੂਮਤ ਨੂੰ ਲਾਹ ਕੇ ਪਰ੍ਹੇ ਸੁੱਟ ਦਿੱਤਾ ਜਾਵੇ। ਬੰਗਾਲ ਸੈਨਾ ਦਾ ਵਿਦਰੋਹ ਇਹੋ ਜਿਹੀ ਭਾਵਨਾ ਹੀ ਤਾਂ ਦਰਸਾਉਂਦਾ ਸੀ, ਅਤੇ ਕੰਪਨੀ ਰਾਜ ਨੂੰ ਖ਼ਤਮ ਕਰ ਦੇਣ ਦਾ ਹੀ ਉਪਰਾਲਾ ਸੀ, ਲੱਖਾਂ ਕਰੋੜਾਂ ਲੋਕਾਂ ਦੁਆਰਾ ਬਹੁਤ ਵੱਡੀ ਪੱਧਰ ਅਤੇ ਬਹੁਤ ਵੱਡੇ ਦੂਰ ਦੂਰ ਤਕ ਫੈਲੇ ਇਲਕੇ ਵਿਚ। ਇਸ ਤੋਂ ਸਿੱਧ ਹੁੰਦਾ ਹੈ ਕਿ ਕਿੰਨੀ ਤੇਜ਼ੀ ਨਾਲ ਇਹ ਵਿਦਰੋਹ ਫੈਲਿਆ ਸੀ ਐਡੇ ਵੱਡੇ ਦੇਸ ਦੇ ਹਿੱਸੇ ਵਿਚ, ਲਗਭਗ ਦੇਸ਼ ਦੇ ਤੀਜੇ ਹਿੱਸੇ ਵਿਚ ਅਤੇ ਦੇਸ਼ ਦੀ ਚੌਥਾਈ ਆਬਾਦੀ ਵਿਚ। ਇਹ ਵਿਦਰੋਹ ਸੀ ਜੋ ਵਾਪਰਨ ਦੇ ਇੰਤਜਾਰ ਵਿਚ ਸੀ – *"ਜਦ ਵੀ ਉਕਸਾਹਟ ਅਤੇ ਮੌਕਾ ਇੱਕਠੇ ਹੋ ਜਾਣ "* – ਜਿਵੇਂ ਫ਼ਰੈਡਰਿਕ ਬੈਲੀਡੇ, ਲੈਫ. ਗਵਰਨਰ, ਬੰਗਾਲ ਨੇ, ਮਗਰੋਂ 1858 ਵਿਚ ਕਿਹਾ ਸੀ।

***

*ਸਾਹਮਣੇ ਪੇਸ਼ ਕੀਤਾ ਜਾਂਦਾ ਸੀ, ਜਿਹਨਾਂ ਕੋਲ ਜ਼ਿੰਦਗੀ ਬਖਸ਼ਣ ਜਾਂ ਮੌਤ ਦੀ ਸਜ਼ਾ ਦੇਣ ਦਾ ਪੂਰਾ ਅਧਿਕਾਰ ਸੀ। ਇਹਨਾਂ ਜੱਜਾਂ ਵਿਚ ਰਹਿਮ ਵਰਗੀ ਕੋਈ ਚੀਜ਼ ਨਹੀਂ ਸੀ। ਜੋ ਵੀ ਉਹਨਾਂ ਦੇ ਸਾਹਮਣੇ ਪੇਸ਼ ਹੋਇਆ ਉਸਨੂੰ ਮੌਤ ਦੀ ਸਜ਼ਾ ਦਿੱਤੀ ਗਈ। ਸ਼ਹਿਰ ਦੇ ਖੁੱਲ੍ਹੇ ਥਾਂ 'ਤੇ ਫਾਂਸੀ ਦੇ ਫੰਦੇ ਲਟਕਾਏ ਗਏ ਅਤੇ ਰੋਜ਼ ਪੰਜ-ਛੇ ਦੋਸ਼ੀਆਂ ਨੂੰ ਫਾਂਸੀ ਦਿੱਤੀ ਜਾਂਦੀ ਸੀ। ਅੰਗ੍ਰੇਜ਼ ਅਫ਼ਸਰ ਨਾਲ ਬੈਠਦੇ ਸਨ, ਸਿਗਾਰਾਂ ਦੇ ਸੂਟੇ ਲਗਾਈ ਜਾਂਦੇ ਸਨ ਅਤੇ ਬੇਚਾਰੇ ਮਾਸੂਮਾਂ ਦੀ ਕਰਾਹਣ ਅਤੇ ਚੀਕ ਪੁਕਾਰ ਵੱਲ ਦੇਖੀ ਜਾਂਦੇ ਸਨ।"*[27]

ਵਿਲੀਅਮ ਰੱਸਲ, 'ਦੀ ਟਾਈਮਜ਼' ਦਾ ਜੰਗੀ ਸੰਵਾਦਦਾਤਾ ਬਣਕੇ ਇਕ ਸਾਲ ਵਾਸਤੇ ਭਾਰਤ ਵਿਚ ਜਨਵਰੀ 1858 ਵਿਚ ਪਹੁੰਚਿਆ ਸੀ, ਨੇ ਆਪ ਦੇਖਿਆ. . . 'ਉਜਾੜ ਬਣੇ ਸ਼ਹਿਰ ਦੀਆਂ ਤਬਾਹ ਕੀਤੀਆਂ ਗਲੀਆਂ ਵਿਚ, ਜਿਸ ਦੇ ਹਰ ਘਰ ਉਪਰ ਤੋਪਾਂ ਜਾਂ ਬੰਦੂਕਾਂ ਦੇ ਨਿਸ਼ਾਨ ਦਿਸਦੇ ਸਨ .... *"ਮੈਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਮੈਂ ਇਕ ਐਸੇ ਸ਼ਹਿਰ ਵਿਚ ਹਾਂ ਜਿਸ ਬਾਰੇ ਕਿਸੇ ਪੁਰਾਣੇ ਰਾਹੀ ਨੇ ਕਿਹਾ ਸੀ ਕਿ ਲੰਡਨ, ਪੈਰਿਸ ਅਤੇ ਐਮਸਟਰਡਮ ਤਿੰਨਾਂ ਨੂੰ ਮਿਲਾ ਕੇ ਐਡਾ ਵੱਡਾ ਤੇ ਸੋਹਣਾ ਸ਼ਹਿਰ ਸੀ. . . ਜਿਸਦੀ ਆਬਾਦੀ ਉਹਨਾਂ ਤੋਂ ਵੱਡੀ ਸੀ ਅਤੇ ਵਧੇਰੇ ਅਮੀਰ ਸੀ।"*[28]

## ਲੁੱਟ ਖਸੁੱਟ

ਪ੍ਰਾਈਜ਼ ਏਜੰਟ ਨੇ ਐਲਾਨ ਕੀਤਾ ਕਿ ਫ਼ਤਹਿ ਕਰਨ ਮਗਰੋਂ ਸਾਰਾ ਸ਼ਹਿਰ ਫ਼ੌਜ ਦੀ ਪ੍ਰਾਪਰਟੀ ਬਣ ਗਿਆ ਅਤੇ ਇਸ ਲਈ ਕਾਨੂੰਨੀ 'ਇਨਾਮ'। ਪੂਰੇ ਤਿੰਨ ਮਹੀਨੇ ਇਹ ਕਾਨੂੰਨੀ ਤੌਰ 'ਤੇ ਮਸ਼ਕੂਕ ਨਿਯਮ ਲਾਗੂ ਰਿਹਾ, ਜਿਸ ਦੌਰਾਨ ਦਿੱਲੀ ਦੀ ਬੇਰੋਕ ਟੋਕ ਲੁੱਟ ਹੁੰਦੀ ਰਹੀ - ਸੱਬਾਥ (ਸ਼ਨੀਵਾਰ) ਵਾਲੇ ਦਿਨ ਵੀ ਕੋਈ ਚੈਨ ਨਾ ਹੋਈ, ਲੁਟੇਰਿਆਂ ਦੁਆਰਾ ਅਤੇ ਜਿਹਨਾਂ ਨੂੰ ਉਹ ਲੁੱਟ ਰਹੇ ਸਨ। ਕਰਨਲ ਬਰਨ, ਦਿੱਲੀ ਦੇ ਮਿਲਟਰੀ ਗਵਰਨਰ ਨੇ 24 ਅਕਤੂਬਰ 1857 ਨੂੰ ਪ੍ਰਾਪਰਟੀ ਦੇ ਨੁਕਸਾਨ ਦਾ ਅਤੇ ਅੰਗ੍ਰੇਜ਼ਾਂ ਦੁਆਰਾ ਕੀਤੀ ਤਬਾਹੀ ਦਾ ਅੰਦਾਜ਼ਾ ਲਾਇਆ, ਜੋ ਦੋ ਕਰੋੜ ਰੁਪਏ (20 ਮਿਲੀਅਨ ਰੁਪਏ) ਸੀ ਅਤੇ ਨਾਲ ਕਿਹਾ ਕਿ 15 ਲੱਖ ਦੇ ਕਰੀਬ ਪ੍ਰਾਈਜ਼ ਏਜੰਟਾਂ ਦੁਆਰਾ ਵਸੂਲਿਆ ਜਾਵੇਗਾ। ਤਦ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੰਗ੍ਰੇਜ਼ ਸਿਪਾਹੀਆਂ ਦੀਆਂ ਪਤਨੀਆਂ ਗਿਰਜੇ ਵਿਚ ਬਹੁਤ ਹੀ ਵਧੀਆ ਪੁਸ਼ਾਕਾਂ ਵਿਚ ਆਉਂਦੀਆਂ ਦਿਸਦੀਆਂ ਸਨ, ਜਿਹੜੀਆਂ ਉਹਨਾਂ ਦੇ ਪਤੀਆਂ ਦੀ ਤਨਖ਼ਾਹ ਨਾਲ ਨਹੀਂ ਖ਼ਰੀਦੀਆਂ ਜਾ ਸਕਦੀਆਂ ਸਨ. . . . *'ਮੈਂ ਦੇਖ ਕੇ ਹੈਰਾਨ ਹੁੰਦਾ ਹਾਂ ਕਿ ਹਰ ਕੋਈ ਅਫ਼ਸਰ ਜੋ ਕਬਜ਼ਾ ਕਰਨ ਵੇਲੇ ਉਥੇ ਹਾਜ਼ਰ ਸੀ, ਝੱਟ ਰਿਟਾਇਰ ਹੋ ਜਾਵੇ, ' ਵਿਲੀਅਮ ਮੁਈਰ ਨੇ ਰਿਪੋਰਟ ਕੀਤੀ ਸੀ, ਜੋ ਅਸਿਸਟੈਂਟ ਸਰਜਨ ਸੀ (ਰਿਕਾਰਡ ਆਫ਼ ਦੀ ਇੰਟੈਲੀਜੈਂਸ ਡਿਪਾਰਟਮੈਂਟ, ਗਵਰਨਮੈਂਟ ਆਫ਼ ਨਾਰਥ ਵੈਸਟਰਨ ਪ੍ਰਾਵਿੰਸਿਜ਼ ਆਫ਼ ਇੰਡੀਆ - 1857 ਦੇ ਗ਼ਦਰ ਦੌਰਾਨ- ਸੰਪਾ. ਕੋਲਟਸਟਰੀਮ, ਪੋਥੀ 1 ਪੰ.239).* ਕਈ ਅੰਗ੍ਰੇਜ਼ ਅਫ਼ਸਰਾਂ ਨੇ ਲੁੱਟ ਲਈ ਅਤੇ ਲੁੱਟ ਦੇ ਕੀਮਤੀ ਮਾਲ ਨੂੰ ਢੋਣ ਲਈ ਆਪਣੇ ਨੌਕਰਾਂ ਨੂੰ ਵਰਤਿਆ।

ਬਹੁਤ ਸਾਰੀਆਂ ਬਹੁਤ ਹੀ ਕੀਮਤੀ ਧਾਰਮਿਕ, ਦਵਾਈ-ਦਾਰੂ ਸੰਬੰਧੀ ਲਿਖਤਾਂ, ਜਿਹਨਾਂ ਨੂੰ ਕੋਈ ਵੀ ਸਰਕਾਰ ਸਾਂਭ-ਸੰਭਾਲ ਕੇ ਰੱਖਣਾ ਚਾਹੇ, ਸਭ ਪ੍ਰਾਈਜ਼ ਏਜੰਟਾਂ ਦੇ ਹਥੌੜੇ ਥੱਲੇ ਆ ਗਈਆਂ।

ਕਾਂਡ 2

# ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਦਮਨ

ਅੰਤ ਨੂੰ 1857 ਦਾ ਵਿਦਰੋਹ ਦਬਾ ਦਿੱਤਾ ਗਿਆ। ਦਿੱਲੀ ਅੰਗ੍ਰੇਜ਼ੀ ਫ਼ੌਜ ਦੇ ਕਬਜ਼ੇ ਵਿਚ 20 ਸੰਤਬਰ 1857 ਨੂੰ ਆ ਗਈ। ਲਖਨਊ, ਵਿਦਰੋਹ ਦਾ ਦੂਸਰਾ ਕੇਂਦਰ ਵੀ 21 ਮਾਰਚ 1958 ਨੂੰ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਹੋ ਗਿਆ। ਜੋ ਜ਼ੁਲਮ ਢਾਇਆ ਗਿਆ ਇਸ ਦਮਨ ਦੇ ਮਗਰੋਂ ਉਹ ਵਹਿਸ਼ੀਪੁਣੇ ਦੀਆਂ ਸਭ ਹੱਦਾਂ ਟੱਪ ਗਿਆ ਤੇ ਬਿਆਨੋਂ ਬਾਹਰਾ ਸੀ। ਅੰਗ੍ਰਜ਼ੀ ਅਖ਼ਬਾਰਾਂ ਅਤੇ ਸਿਆਸਤਦਾਨ ਵਿਦਰੋਹੀਆਂ ਦੁਆਰਾ ਕੀਤੇ ਜ਼ੁਲਮਾਂ ਦੀਆਂ ਕਹਾਣੀਆਂ ਫੈਲਾਉਣ ਲੱਗ ਪਏ ਜਿਸ ਨਾਲ ਆਪਣੀਆਂ ਜ਼ੁਲਮੀ ਤੇ ਕਾਲੀਆਂ ਕਰਤੂਤਾਂ ਤੇ ਪਰਦਾ ਪਾਇਆ ਜਾ ਸਕੇ ਜੋ ਉਹਨਾਂ ਨੇ ਗ਼ਦਰ ਦੇ ਦਿਨਾਂ ਵਿਚ ਅਤੇ ਵਿਦਰੋਹ ਦੇ ਮਗਰੋਂ ਕੀਤੀਆਂ ਸਨ।

## ਦਿੱਲੀ 'ਤੇ ਕਬਜ਼ਾ

ਦਿੱਲੀ 'ਤੇ ਕਬਜ਼ਾ ਕਰਨ ਮਗਰੋਂ ਅੰਗ੍ਰੇਜ਼ ਨੇ ਅੰਧਾ ਧੁੰਦ ਤਰੀਕੇ ਨਾਲ ਸਾਰੇ ਸ਼ਹਿਰ 'ਤੇ ਬੰਬਬਾਰੀ ਕੀਤੀ, ਮਗਰੋਂ ਪੂਰੀ ਦੀ ਪੂਰੀ ਲੁੱਟ ਮਾਰ ਕੀਤੀ, ਅਤੇ ਸ਼ਹਿਰ ਦੇ ਲੋਕਾਂ ਕੋਲ ਕੇਵਲ ਇਕੋ ਰਾਤ ਸੀ ਜਦ ਉਹ ਸ਼ਹਿਰ ਦੇ ਤਿੰਨ ਦਰਵਾਜ਼ਿਆਂ ਥਾਣੀ ਬਾਹਰ ਨਿਕਲ ਸਕਦੇ ਸਨ – ਅਜਮੇਰੀ ਗੇਟ, ਤੁਰਕਮਾਨ ਗੇਟ ਅਤੇ ਦਿੱਲੀ ਗੇਟ, ਜਿਹੜੇ ਅਜੇ ਵੀ ਬਾਗ਼ੀਆਂ ਦੇ ਕਬਜ਼ੇ ਵਿਚ ਸਨ। ਸ਼ਹਿਰੋਂ ਇਸ ਪ੍ਰਕਾਰ ਦੀ ਜਾਨ ਬਚਾਈ ਦਾ ਨਿਕਾਸ, ਜਿਸ ਵਿਚ ਬੱਚੇ ਮਾਵਾਂ ਤੋਂ ਨਿੱਖੜ ਗਏ, ਪਤੀ ਪਤਨੀਆਂ ਤੋਂ। ਸ਼ਹਿਰ ਵਿਚ ਵੜਦੇ ਹੀ ਜੋ ਲੋਕ ਬਚੇ ਸਨ ਉਹਨਾਂ ਦਾ ਬੁਰੀ ਤਰ੍ਹਾਂ ਨਾਲ ਅੰਗ੍ਰੇਜ਼ਾਂ ਨੇ ਕਤਲ ਕੀਤਾ, ਹਰ ਇਕ ਬੰਦਾ ਜੋ ਸਾਹਮਣੇ ਆਇਆ ਮਾਰ ਦਿੱਤਾ ਗਿਆ – ਬੱਚੇ ਅਤੇ ਔਰਤਾਂ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਫਾਹੇ ਦੇਣਾ, ਗੋਲੀ ਮਾਰਨੀ, ਬਾਰੂਦ ਨਾਲ ਉੜਾਉਣਾ, ਕਤਲ, ਸਾਰੇ ਇਲਾਕੇ ਨੂੰ ਅੱਗ ਲਾਉਣਾ, ਆਮ ਗੱਲ ਹੋ ਗਈ ਸੀ।

ਜਿਹੜੇ ਦਿੱਲੀ ਤੋਂ ਭੱਜ ਗਏ, ਜੋ ਲੱਖਾਂ ਦੀ ਗਿਣਤੀ ਵਿਚ ਸਨ, ਔਰਤਾਂ ਅਤੇ ਬੱਚੇ, ਬੇਘਰੇ ਹੋ ਭਟਕ ਰਹੇ ਸਨ, ਇੱਕ ਪੈਸਾ ਵੀ ਉਹਨਾਂ ਦੇ ਕੋਲ ਨਹੀਂ ਸੀ, ਕਿਤੇ ਵੀ, ਜਦ ਕਿ ਅੰਗ੍ਰੇਜ਼ ਸਿਪਾਹੀ, ਇੱਕ ਇਕ ਘਰ, ਇਕ ਇਕ ਗਲੀ ਵਿਚ ਵਿਚ ਵੜ ਕੇ ਸਭ ਕੁਝ ਲੁੱਟ ਰਹੇ ਸਨ। ਕੀਮਤੀ ਵਸਤਾਂ ਰੱਖ ਰਹੇ ਸਨ ਤੇ ਬਾਕੀ ਦੀਆਂ ਜੋ ਨਹੀਂ ਚੁੱਕ ਕੇ ਲਿਜਾ ਸਕਦੇ ਸਨ ਤਬਾਹ ਕਰ ਰਹੇ ਸਨ।

*"ਇਕ ਮਿਲਟਰੀ ਗਵਰਨਰ ਦੀ ਨਿਯੁਕਤੀ ਕਰ ਦਿੱਤੀ ਗਈ ਸੀ ਪਰ ਉਹ ਸਿਪਾਹੀਆਂ ਨੂੰ ਰੋਕਣ ਲਈ ਕੁਝ ਵੀ ਨਾ ਕਰ ਸਕਿਆ, ਇਸ ਢੰਗ ਨਾਲ ਉਸਦੇ ਆਲੇ ਦੁਆਲੇ ਦੇ ਲੋਕ ਭੂਤਰੇ ਹੋਏ ਸਨ। ਦੇਸੀ ਲੋਕਾਂ ਨੂੰ ਟੋਲੀਆਂ ਵਿਚ ਮਿਲਟਰੀ ਕਮਿਸ਼ਨ ਜਾਂ ਸਪੈਸ਼ਲ ਕਮਿਸ਼ਨ ਦੇ*

## ਜ਼ੁਲਮ ਜਿਹਨਾਂ ਦਾ ਸਿਪਾਹੀਆਂ ਤੇ ਦੋਸ਼ ਲਾਇਆ ਗਿਆ

ਅੰਗ੍ਰੇਜ਼ ਸਰਕਾਰ ਨੇ ਇਹ ਮਿੱਥ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਉਹਨਾਂ ਦੀ ਵਹਿਸ਼ੀਅਤ ਅਸਲ ਵਿਚ ਸਿਪਾਹੀਆਂ ਦੁਆਰਾ ਕੀਤੇ ਗਏ ਅੱਤਿਆਚਾਰ ਦਾ ਬਦਲਾ ਲਊ ਕਾਰਵਾਈ ਸੀ, ਜਿਵੇਂ ਯੂਰਪੀਨਾਂ ਦਾ ਮਹਿਲ ਵਿਚ 16 ਮਈ 1857 ਨੂੰ ਕੀਤਾ ਕਤਲ। ਅਸਲ ਵਿਚ ਅਤਿਆਚਾਰੀ ਚਲਨ ਅਤੇ ਜ਼ੁਲਮ ਢਾਉਣੇ ਤਾਂ ਪੂਰਵ ਨਿਰਧਾਰਿਤ ਨੀਤੀ ਦੇ ਅਧੀਨ ਹੋਇਆ ਸੀ, ਜਿਹੜੀ ਅੰਗ੍ਰੇਜ਼ਾਂ ਨੇ 1857 ਦੀ ਬਗ਼ਾਵਤ ਤੋਂ ਬਹੁਤ ਪਹਿਲਾਂ, ਦੌਰਾਨ ਅਤੇ ਮਗਰੋਂ ਵੀ ਅਪਨਾਈ ਹੋਈ ਸੀ।

"ਆਪਣੀ ਡਾਇਰੀ ਦੇ ਅੰਤ ਵਿਚ 1859 ਵਿਚ, ਵਿਲੀਅਮ ਰੱਸਲ ਇਸ ਪ੍ਰਕਾਰ ਬਿਆਨ ਕਰਦਾ ਹੈ – *'ਭਾਰਤ 'ਤੇ ਰਾਜ ਕਰਨ ਦੀ ਕਠਿਨਾਈ ਨੂੰ ਮੈਂ ਬੜੀ ਗਹਰਾਈ ਨਾਲ ਮਹਿਸੂਸ ਕਰਦਾ ਹਾਂ, ਕਿਉਂਕਿ ਇਹ ਰਾਜ ਹੁਣ ਤਾਕਤ ਦੇ ਆਸਰੇ ਕੀਤਾ ਜਾ ਰਿਹਾ ਹੈ, ਜਿਹੜੀ ਬਹੁਤ ਥੋੜ੍ਹੇ ਲੋਕ ਵਰਤ ਰਹੇ ਹਨ ਅਤੇ ਦੇਸੀਆਂ ਨੂੰ ਹੀ ਅਤਿਆਚਾਰ ਦੇ ਸੰਦ ਬਣਾ ਰਹੇ ਹਨ। ਇਹ ਤਾਕਤ ਹੀ ਸਾਡੇ ਸਾਸ਼ਨ ਦਾ ਆਧਾਰ ਹੈ, ਇਸ ਵਿਚ ਮੈਨੂੰ ਕੋਈ ਸ਼ੱਕ ਨਹੀਂ ਹੈ– ਕਿਉਂਕਿ ਮੈਨੂੰ ਹੋਰ ਕੁਝ ਵੀ ਤਾਕਤ ਦੇ ਸਿਵਾਏ ਦਿਖਾਈ ਨਹੀਂ ਦਿੰਦਾ ਸਾਡੇ ਪਰਜਾ ਨਾਲ ਸੰਬੰਧਾਂ ਵਿਚ।'*"[29]

*"ਅਤਿਆਚਾਰ ਦਾ ਜਵਾਬ ਅਤਿਆਚਾਰ ਨਾਲ ਦੇਣ 'ਤੇ ਮੈਂ ਰੋਸ ਪ੍ਰਗਟ ਕਰਦਾ ਹਾਂ . . . . . ਈਸਾ ਮਸੀਹ ਦੇ ਨਾਮ ਅਗੇ ਮੱਥਾ ਟੇਕਣ ਦੀ ਬਜਾਏ, ਅਸੀਂ ਮੋਲੋਚ ਦੀ ਪੂਜਾ ਨੂੰ ਫਿਰ ਤੋਂ ਸੰਜੀਵ ਕਰ ਰਹੇ ਹਾਂ"*, ਬੈਂਜਾਮਿਨ ਡਿਜ਼ੇਰੇਲੀ ਦਾ ਭਾਸ਼ਨ ਨਿਊਪੋਰਟ ਪੈਗਲਨ ਵਿਖੇ, ਸਿਤੰਬਰ, 1857।

ਮਾਰਕਸ ਸਭ ਤੋਂ ਪਹਿਲਾ ਸੀ ਜਿਸ ਨੇ ਅਜਿਹੇ ਸ਼ੋਰ ਸ਼ਰਾਬੇ ਦਾ ਵਿਰੋਧ ਕੀਤਾ ਸੀ ਜੋ ਅੰਗ੍ਰੇਜ਼ਾਂ ਦੁਆਰਾ ਬਾਗ਼ੀਆਂ ਦੀਆਂ ਕਥਿਤ ਜ਼ੁਲਮੀ ਕਾਰਵਾਈਆਂ ਬਾਰੇ ਪੈਦਾ ਕੀਤਾ ਜਾ ਰਿਹਾ ਸੀ। ਬਾਗ਼ੀਆਂ ਦੀਆਂ ਵਧੀਕੀਆਂ ਨੂੰ ਨਾ ਵੀ ਨਕਾਰਦੇ ਹੋਏ, ਉਹ ਉਹਨਾਂ ਨੂੰ ਇਸ ਤਰ੍ਹਾਂ ਵਿਚਾਰਦਾ ਸੀ ਕਿ ਇਹ ਅੰਗ੍ਰੇਜ਼ਾਂ ਦੇ ਆਪਣੇ ਹੀ ਜ਼ੁਲਮ ਸਿਤਮ ਦਾ ਜਵਾਬ ਸੀ। *"ਕਿੰਨਾ ਵੀ ਘਿਨਾਉਣਾ ਚਲਨ ਕਿਉਂ ਨਾ ਹੋਵੇ ਬਾਗ਼ੀਆਂ ਦਾ," ਉਸਨੇ ਨਿਊਯਾਰਕ ਡੇਲੀ ਟ੍ਰਿਬਿਊਨ 16 ਸਿਤੰਬਰ 1857 ਵਿਚ ਲਿਖਿਆ ਸੀ, 'ਇਹ ਇਕ ਮੋੜਵੀਂ ਕਾਰਵਾਈ ਹੈ, ਸਮੁੱਚੇ ਤੌਰ 'ਤੇ, ਇੰਗਲੈਂਡ ਦੀ ਆਪਣੀ ਕਰਤੂਤ ਦੀ ਜੋ ਉਹਨਾਂ ਨੇ ਭਾਰਤ ਵਿਚ ਦਿਖਾਈ*[30] *ਪੂਰਬੀ ਸ਼ਾਹਿਨਸ਼ਾਹਤ ਦੀ ਸਥਾਪਨਾ ਕਰਨ ਵਿਚ ਹੀ ਨਹੀਂ ਸਗੋਂ ਮਜ਼ਬੂਤੀ ਨਾਲ਼ ਚੱਲ ਰਹੇ ਸ਼ਾਸਨ ਕਾਲ ਵਿਚ ਵੀ ਪਿਛਲੇ ਦਸ ਸਾਲਾਂ ਵਿਚ। ਇਸ ਸ਼ਾਸਨ ਕਾਲ ਨੂੰ ਕੀ ਕਹਿਣਾ ਚਾਹੀਦਾ ਹੈ, ਐਨਾ ਹੀ ਕਹਿਣਾ ਕਾਫ਼ੀ ਹੈ ਕਿ ਇਹ ਤਸੀਹੇ ਦੇਣ ਵਾਲਾ ਸ਼ਾਸਨ ਕਾਲ ਸੀ ਜਿਸ ਵਿਚ ਪੈਸਾ ਲੁੱਟਣਾ ਹੀ ਮੁੱਖ ਮੰਤਵ ਸੀ."* ਉਹ ਅੱਗੇ ਕਹਿੰਦਾ ਹੈ –*"ਇਨਸਾਨੀ ਇਤਿਹਾਸ ਵਿਚ ਕੁਝ ਹੁੰਦਾ ਹੈ ਜਿਸਨੂੰ ਬੁਰਾਈ ਦਾ ਬਦਲਾ ਕਹਿੰਦੇ ਹਨ–ਅਤੇ ਇਹ ਇਸ ਬਦਲਾਖੋਰੀ ਦਾ ਨਿਯਮ ਹੈ ਕਿ ਇਹ ਸੰਦ ਜ਼ੁਲਮ ਸਹਿਣ ਵਾਲਿਆਂ ਨੇ ਨਹੀਂ ਢਾਲਿਆ ਹੁੰਦਾ, ਸਗੋਂ ਜ਼ੁਲਮ ਕਰਨ ਵਾਲੇ ਨੇ ਆਪ ਬਣਾਇਆ ਹੁੰਦਾ ਹੈ।"*[31]

ਆਪਣੇ ਹੀ ਜ਼ਾਲਿਮਾਨਾ ਕਰਤਬ ਨੂੰ ਦੇਖਦੇ ਹੋਏ ਅੰਗ੍ਰੇਜ਼ ਲਈ ਕੋਈ ਕਾਰਨ ਨਹੀਂ ਸੀ ਕਿ ਉਹ ਇਸ ਪ੍ਰਕਾਰ ਦਾ ਘਮੰਡੀ ਢੌਂਗ ਕਰੇ। ਅੰਗ੍ਰੇਜ਼ਾਂ ਦੀ ਚੀਨ ਦੇ ਵਿਰੁੱਧ ਪਹਿਲੀ ਅਫ਼ੀਮ

ਜੰਗ (1839-42) ਦਾ ਹਵਾਲਾ ਦਿੰਦੇ ਹੋਏ, ਮਾਰਕਸ ਅੱਗੇ ਲਿਖਦਾ ਹੈ – "*ਇਹਨਾਂ ਦਾ ਸਮੀਕਰਨ ਸਿਪਾਹੀਆਂ ਦੇ ਅੱਤਿਆਚਾਰਾਂ ਵਿਚ ਲੱਭਣ ਲਈ, ਜੋ ਲੰਡਨ ਦੇ ਅਖ਼ਬਾਰ ਬਹਾਨਾ ਕਰਦੇ ਸਨ, ਸਾਨੂੰ ਮੱਧਕਾਲ ਵੱਲ ਨਹੀਂ ਪਰਤਣਾ ਚਾਹੀਦਾ, ਤੇ ਨਾ ਹੀ ਸਮਕਾਲੀ ਇੰਗਲੈਂਡ ਦੇ ਇਤਹਾਸ ਵੱਲ। ਅਸੀਂ ਜੋ ਵੀ ਚਾਹੁੰਦੇ ਹਾਂ ਉਹ ਚੀਨ ਦੀ ਪਹਿਲੀ ਜੰਗ ਦਾ ਅਧਿਐਨ ਹੈ, ਐਸਾ ਵਾਕਿਆ, ਜੋ ਜਿਵੇਂ ਬੀਤੇ ਕੱਲ ਵਿਚ ਹੋਇਆ ਹੋਵੇ। ਓਦੋਂ ਅੰਗ੍ਰੇਜ਼ੀ ਸਿਪਾਹੀਆਂ ਨੇ ਐਸੇ ਜ਼ੁਲਮ ਕੀਤੇ ਜੋ ਕੇਵਲ ਮਜ਼ਾ ਲੈਣ ਲਈ ਹੀ ਕੀਤੇ ਸਨ–ਉਹਨਾਂ ਦਾ ਜੋਸ਼ ਨਾ ਤਾਂ ਧਾਰਮਿਕ ਕੱਟੜਤਾ ਹੀ ਜਾਇਜ਼ ਠਹਿਰਾ ਸਕਦੀ ਸੀ ਤੇ ਨ ਹੀ ਵਿਜੇਤਾ ਕੌਮ ਪ੍ਰਤੀ ਨਫ਼ਰਤ ਅਤੇ ਨਾ ਹੀ ਬਹਾਦਰ ਦੁਸ਼ਮਣ ਦੁਆਰਾ। ਔਰਤਾਂ ਦੀ ਬੇਪਤੀ, ਬੱਚਿਆਂ ਦਾ ਘਾਣ, ਪਿੰਡਾਂ ਦੇ ਪਿੰਡਾਂ ਦਾ ਭੁੰਨ ਸੁੱਟਣਾ, ਉਹਨਾਂ ਲਈ ਕੇਵਲ ਮੌਜ ਮੇਲਾ ਹੀ ਸੀ, ਜਿਸ ਬਾਰੇ ਚੀਨੀ ਅਫ਼ਸਰਾਂ ਨੇ ਨਹੀਂ ਸਗੋਂ ਬ੍ਰਿਟਿਸ਼ ਅਫਸਰਾਂ ਨੇ ਆਪ ਲਿਖਿਆ ਸੀ।*"[32]

ਮਾਰਕਸ ਕਈ ਮਿਸਾਲਾਂ ਦਿੰਦਾ ਲਿਖਦਾ ਹੈ ਕਿ, "*ਜੰਗ ਜੋ ਓਦੋਂ ਲੜੀ ਜਾ ਰਹੀ ਸੀ ਬਹੁਤ ਹੀ ਵੱਡੀ ਗ਼ਲਤੀ ਹੋਵੇਗੀ ਇਹ ਮੰਨ ਲੈਣਾ ਕਿ ਸਾਰਾ ਹੀ ਅਤਿਆਚਾਰ ਫ਼ੌਜੀਆਂ ਵੱਲੋਂ ਹੋਇਆ, ਅਤੇ ਇਨਸਾਨੀ ਮਿਹਰਬਾਨੀ ਦਾ ਸਾਰਾ ਦੁੱਧ ਅੰਗ੍ਰੇਜ਼ਾਂ ਵੱਲ ਬਹਿ ਰਿਹਾ ਹੈ।*"[33]

ਮਾਰਕਸ ਆਪਣੇ ਪਾਠਕਾਂ ਨੂੰ ਕਹਿੰਦਾ ਹੈ ਕਿ ਉਹ ਕਦੇ ਨਾ ਭੁੱਲਣ . . . "ਕਿ ਅੰਗ੍ਰੇਜ਼ਾਂ *ਵੱਲੋਂ ਜ਼ੁਲਮ ਕੀਤੇ ਤਾਂ ਉਹਨਾਂ ਦੀ ਬਹਾਦਰੀ ਦੀ ਗਾਥਾ ਹੈ, ਜਿਹੜੀ ਛੇਤੀ ਨਾਲ ਸੁਣਾਈ ਗਈ, ਜਿਸ ਵਿਚ ਬਹੁਤ ਅਕਾ ਦੇਣ ਵਾਲੇ ਵੇਰਵੇ ਸਨ, ਦੇਸੀਆਂ ਦੀਆਂ ਵਧੀਕੀਆਂ, ਜਿਹੜੀਆਂ ਬਹੁਤ ਸਦਮਾ ਦੇਣ ਵਾਲੀਆਂ ਸਨ, ਜਾਣ ਬੁੱਝ ਕੇ ਵਧਾ ਚੜ੍ਹਾ ਕੇ ਬਿਆਨ ਕੀਤੀਆਂ ਗਈਆਂ ਸਨ। ਮਿਸਾਲ ਦੇ ਤੌਰ 'ਤੇ, ਬਿਉਰੇ ਵਾਰ ਵਰਣਨ ਜੋ ਪਹਿਲਾਂ 'ਦੀ ਟਾਈਮਜ਼' ਵਿਚ ਛਪਿਆ, ਫੇਰ ਘੁੰਮਦਾ ਘੁੰਮਾਉਂਦਾ ਲੰਡਨ ਪ੍ਰੈਸ ਵਿਚ ਆਇਆ, ਕਿ ਦਿੱਲੀ ਅਤੇ ਮੇਰਠ ਵਿਚ ਅਤਿਆਚਾਰ ਕਿਹਨਾਂ ਤੋਂ ਸ਼ੁਰੂ ਹੋਏ। ਕਿਸੇ ਡਰਪੋਕ ਬੰਦੇ ਵੱਲੋਂ ਜੋ ਬੰਗਲੌਰ, ਮੈਸੂਰ, ਹਜ਼ਾਰ ਮੀਲ ਤੋਂ ਵੱਧ ਦੂਰ ਸੀ, ਜਿਵੇਂ ਕਾਂ ਦੀ ਉਡਾਰੀ ਹੁੰਦੀ ਹੈ, ਭਾਵ ਘਟਨਾ ਸਥਲ ਤੋਂ ਬਹੁਤ ਦੂਰ ਸੀ। ਦਿੱਲੀ ਦਾ ਅਸਲੀ ਹਾਲ ਇਕ ਅੰਗ੍ਰੇਜ਼ ਪਾਦਰੀ ਵੱਲੋ ਦਸਿਆ ਗਿਆ ਜਿਹੜਾ ਐਨਾ ਭਿਆਨਕ ਸੀ ਕਿ ਕਿਸੇ ਹਿੰਦੂ ਵਿਦਰੋਹੀ ਦੇ ਖਵਾਬ ਖ਼ਿਆਲ ਵਿਚ ਵੀ ਨਹੀਂ ਆ ਸਕਦਾ*" ਤੇ ਹੋਰ ਕਹਿੰਦਾ ਹੈ ਕਿ ਜਿਵੇਂ ਡਰਾਉਣੇ ਢੰਗ ਨਾਲ ਵੱਢ-ਟੁੱਕ ਕੀਤੇ ਸਨ ਉਹ ਤਾਂ ਯੂਰਪੀ ਅਹਿਸਾਸ ਲਈ ਬਹੁਤ ਹੀ ਦੁਖਾਵੇਂ ਸਨ, ਵਧੇਰੇ ਦੁਖਦਾਈ ਜਿੰਨੇ ਕੈਂਟਨ ਆਬਾਦੀ ਉੱਪਰ ਲਾਲ ਅੱਗ ਦੇ ਗੋਲੇ ਸੁਟਣੇ, ਇਕ ਮਾਨਚੇਸਟਰ ਪੀਸ ਸੁਸਾਇਟੀ ਦੇ ਸੈਕਟਰੀ ਵੱਲੋਂ, ਜਾਂ ਅਰਬਾਂ ਦਾ ਇਕ ਫ਼ਰਾਂਸਿਸੀ ਮਾਰਸ਼ਲ ਦੁਆਰਾ ਇਕ ਗੁਫਾ ਵਿਚ ਭੁੰਨੇ ਜਾਣਾ .."[34]

ਉਹਨਾਂ ਦੀਆਂ ਪੁਰਾਣੇ ਖ਼ੂਨੀ ਦੌਰ ਦੀਆਂ ਗਰਜਾਂ ਨੂੰ ਨੰਗਿਆਂ ਕਰਦੇ ਹੋਏ ਜੋ ਬਦਲੇ-ਖ਼ੋਰੀ ਅਤੇ ਨਫ਼ਰਤ ਦਾ ਪ੍ਰਗਟਾਵਾ ਸੀ," ਮਾਰਕਸ ਆਪਣਾ ਲੇਖ ਸਮਾਪਤ ਕਰਦੇ ਕਹਿੰਦਾ ਹੈ . .. "ਜਿਵੇਂ ਦਿੱਲੀ ਜੈਰੀਕੋ ਦੀਆਂ ਕੰਧਾਂ ਵਾਂਗ, ਹਵਾ ਦੇ ਕੇਵਲ ਝੋਂਕੇ ਅੱਗੇ ਨਹੀਂ ਡਿੱਗ ਪਈ ਸੀ, ਜਾਨ ਬੁੱਲ ਦੇ ਕੰਨਾਂ ਵਿਚ ਤਾਂ ਕੇਵਲ ਬਦਲਾ ਹੀ ਸੁਣਾਈ ਦੇ ਰਿਹਾ ਹੈ, ਅਤੇ ਉਹ ਭੁੱਲ ਜਾਂਦਾ ਹੈ ਕਿ ਇਸ ਸਾਰੀ ਸ਼ਰਾਰਤ ਦੀ ਰੂਪ ਰੇਖਾ ਬਣਾਉਣ ਵਾਲੀ ਉਸਦੀ ਆਪਣੀ ਸਰਕਾਰ ਹੀ ਸੀ ਜਿਸ ਨੂੰ ਐਨੀ ਖ਼ਤਰਨਾਕ ਹੱਦ ਤਕ ਜਾਣ ਦਿੱਤਾ ਗਿਆ।"[35]

## ਲਖਨਊ 'ਤੇ ਕਬਜ਼ਾ

ਲਖਨਊ ਉੱਪਰ ਹਮਲੇ ਵਿਚ, ਅੰਗ੍ਰੇਜ਼ ਦੀ ਸੰਗੀਨ ਬਾਰੇ ਐਂਗਲਜ਼ ਨੇ ਲਿਖਿਆ ਹੈ, "ਇਹਨਾਂ ਹਮਲਿਆਂ ਵਿਚ ਐਨੇ ਬੰਦਿਆਂ ਦੀ ਜਾਨ ਲਈ, ਜੋ ਬੇਚਾਰੇ ਸਹਿਮੇ ਡਰੇ ਹੋਏ ਸਨ , ਜਿੰਨੀ ਕਿਸੇ ਜੰਗ ਵਿਚ ਨਹੀਂ ਲਈ ਗਈ ਜਿਹੜੀ ਅੰਗ੍ਰੇਜ਼ਾਂ ਨੇ ਯੂਰਪ ਵਿਚ ਲੜੀ ਜਾਂ ਅਮਰੀਕਾ ਵਿਚ, ਸਾਰੀਆਂ ਨੂੰ ਮਿਲਾ ਕੇ।"[36]

21 ਮਾਰਚ 1858 ਨੂੰ ਲਖਨਊ (ਰਿਆਸਤ ਅਵਧ ਦੀ ਰਾਜਧਾਨੀ) ਨੇ ਅੰਧਾ ਧੁੰਦ ਲੁੱਟ ਮਾਰ ਲਈ ਰਾਹ ਖੋਲ੍ਹ ਦਿੱਤਾ, "ਇਹ ਜ਼ਰੂਰ ਸੁਖਦ ਨਜ਼ਾਰਾ ਹੋਵੇਗਾ," ਏਂਗਲਜ਼ ਨੇ ਕਿਹਾ, "ਆਜ਼ਾਦੀ ਪ੍ਰੇਮੀ ਜਾਨ ਬੁੱਲ ਵਾਸਤੇ ਅੰਗ੍ਰੇਜ਼ ਸਿਪਾਹੀਆਂ ਨੂੰ ਹੀਰੇ ਮੋਤੀ, ਕੀਮਤੀ ਹਥਿਆਰ, ਕੱਪੜੇ ਅਤੇ ਹੋਰ ਸਾਰਾ ਕੁਝ ਅਵਧ ਦੇ ਨਵਾਬ ਦਾ ਲੁੱਟਦੇ ਹੋਏ ਦੇਖ ਕੇ।' ਅੱਗੇ ਚੱਲ ਕੇ ਐਂਗਲਜ਼ ਤਬਾਹੀ, ਬਰਬਾਦੀ, ਵਹਿਸ਼ੀਪਨ, ਲਾਕਾਨੂੰਨੀ ਅਤੇ ਚੋਰੀ ਦੀ ਹੇਠ ਲਿਖੀ ਤਸਵੀਰ ਖਿੱਚਦਾ ਹੈ, ਜੋ ਉਸ ਵੇਲੇ ਅੰਗ੍ਰੇਜ਼ ਦੀ ਕਾਰਗੁਜ਼ਾਰੀ ਸੀ, ਅਤੇ ਹੁਣ ਵੀ ਹੈ, ਜਿਵੇਂ ਕੋਈ ਵੀ ਆਇਰਿਸ਼ਮੈਨ, ਇਰਾਕੀ ਜਾਂ ਅਫ਼ਗ਼ਾਨ ਗਵਾਹੀ ਦੇਵੇਗਾ – ਸਾਰਾ ਕੁਝ ਹੀ ਗੋਇਬਲ ਵਰਗਾ ਪ੍ਰਾਪੇਗੰਡਾ ਸੀ, ਪੈਸਾ ਕਮਾਉਣ ਵਾਲੇ ਕਥਿਤ ਇਨਸਾਨੀ ਹਮਦਰਦੀ ਵਾਲੇ ਕਾਤਿਲਾਂ ਦਾ –

"ਇਹ ਕੈਸੀ ਹਾਲਤ ਹੈ ਇਸ ਤਹਿਜ਼ੀਬ ਯਾਫ਼ਤਾ ਫ਼ੌਜ ਦੀ ਉੱਨੀਵੀਂ ਸਦੀ ਵਿਚ? ਜੇ ਐਸੀ ਬਰਾਬਰਤਾ ਕਿਸੇ ਹੋਰ ਫ਼ੌਜ ਨੇ ਦੁਨੀਆ ਵਿਚ ਇਸਦਾ ਦਸਵਾਂ ਹਿੱਸਾ ਵੀ ਕੀਤੀ ਹੁੰਦੀ ਤਾਂ, ਤਾਂ ਬ੍ਰਿਟਿਸ਼ ਪ੍ਰੈਸ ਨੇ ਉਹਨਾਂ ਦੀ ਕਿਵੇਂ ਬਦਨਾਮੀ ਕਰਨੀ ਸੀ ! ਪਰ ਇਹ ਸਾਰੇ ਕਾਰੇ ਅੰਗ੍ਰੇਜ਼ ਫ਼ੌਜ ਦੇ ਸਨ ਅਤੇ ਸਾਨੂੰ ਦਸਿਆ ਜਾ ਰਿਹਾ ਹੈ ਕਿ ਐਸੀ ਕਾਰਵਾਈ ਕਿਸੇ ਵੀ ਜੰਗ ਦਾ ਸਾਧਾਰਨ ਸਿੱਟਾ ਹੁੰਦਾ ਹੈ। ਬ੍ਰਿਟਿਸ਼ ਅਫ਼ਸਰ ਅਤੇ ਸਿਪਾਹੀ ਭਾਵੇਂ ਜਿੰਨੇ ਮਰਜ਼ੀ ਚਾਂਦੀ ਦੇ ਚਮਚੇ, ਹੀਰੇ ਜੜੇ ਕੰਗਨ, ਅਤੇ ਹੋਰ ਯਾਦਗਾਰੀ ਚੀਜ਼ਾਂ ਜੋ ਵੀ ਸਾਹਮਣੇ ਆਉਣ ਲੁੱਟ ਲੈਣ–ਅਤੇ ਜੇ ਕੈਂਬਲ ਨੂੰ ਮਜਬੂਰ ਹੋ ਕੇ ਆਪਣੀ ਫ਼ੌਜ ਤੋਂ ਹਥਿਆਰ ਖੋਹਣੇ ਪੈਣ ਜਦ ਜੰਗ ਲੱਗੀ ਹੋਈ ਸੀ, ਤਾਂ ਇਸਦੇ ਕੋਈ ਫ਼ੌਜੀ ਕਾਰਨ ਜ਼ਰੂਰ ਹੋਣਗੇ, ਪਰ ਨਿਸ਼ਚੇ ਹੀ ਕੋਈ ਵੀ ਉਹਨਾਂ ਨੂੰ ਹਫ਼ਤੇ ਭਰ ਦੇ ਆਰਾਮ, ਜਾਂ ਛੁੱਟੀ, ਐਨੀ ਸਾਰੀ ਥਕਾਵਟ ਮਗਰੋਂ ਦਾ ਗਿਲਾ ਨਹੀਂ ਕਰ ਸਕਦਾ।"

ਏਂਗਲਜ਼ ਅੱਗੇ ਕਹਿੰਦਾ ਹੈ, "ਅਸਲ ਗੱਲ ਤਾਂ ਇਹ ਹੈ ਕਿ, ਕੋਈ ਵੀ ਐਸੀ ਫ਼ੌਜ ਨਹੀਂ ਹੈ ਯੂਰਪ ਜਾਂ ਅਮਰੀਕਾ ਵਿਚ ਜਿਹੜੀ ਅੰਗ੍ਰੇਜ਼ੀ ਫ਼ੌਜ ਜਿੰਨੀ ਜ਼ਾਲਮ ਅਤੇ ਵਹਿਸ਼ੀ ਹੋਵੇ। ਲੁੱਟ, ਹਿੰਸਾ, ਕਤਲ – ਤਾਂ ਸਮੇਂ–ਸਤਿਕਾਰਤ ਵਿਸ਼ੇਸ਼ ਹੱਕ ਹੁੰਦਾ ਹੈ, ਅੰਗ੍ਰੇਜ਼ ਸਿਪਾਹੀ ਦਾ ਪੂਰਾ ਆਪਣਾ ਹੱਕ। ਜੋ ਬਹੁਤ ਭਿਆਨਕ ਅਤਿਆਚਾਰ ਕਈ ਦਿਨ, ਬਾਦਾਜੋਜ ਅਤੇ ਸਾਨ ਸੇਬਾਸਤੀਅਨ ਨੂੰ, ਪੈਨਿਨਸੁਲਰ ਜੰਗ ਵਿਚ, ਫ਼ਤਿਹ ਕਰਨ ਵੇਲੇ ਕੀਤੇ ਸਨ, ਉਸਦਾ ਕੋਈ ਸਮੀਕਰਨ ਕਿਸੇ ਹੋਰ ਕੌਮ ਦੇ ਇਤਿਹਾਸ ਵਿਚ ਨਹੀਂ ਹੈ, ਫ਼ਰਾਂਸ ਦੇ ਇਨਕਲਾਬ ਦੇ ਸ਼ੁਰੂ ਤੋਂ ਲੈ ਕੇ – ਅਤੇ ਮੱਧਕਾਲੀ ਵਰਤੋਂ, ਜੋ ਹਰ ਥਾਂ 'ਤੇ ਵਿਵਰਜਿਤ ਕਰ ਦਿੱਤੀ ਗਈ ਸੀ, ਕਿਸੇ ਸ਼ਹਿਰ ਨੂੰ ਲੁੱਟਣ ਦੇ ਸੰਬੰਧ ਵਿਚ, ਉਹ ਅਜੇ ਵੀ ਅੰਗ੍ਰੇਜ਼ਾਂ ਦਾ ਪੁੱਖ਼ਤਾ ਨਿਯਮ ਹੈ। ਦਿੱਲੀ ਵਿਚ, ਹੁਕਮਨ ਦਬਾਓ ਕਾਰਨ ਇਕ ਅਪਵਾਦ ਹੋਇਆ (ਪਰ ਇੱਥੇ ਵੀ ਉਹਨਾਂ ਕੋਈ ਘੱਟ ਨਹੀਂ ਕੀਤੀ ਜੋ ਪਹਿਲਾਂ ਦਸਿਆ ਜਾ ਚੁੱਕਾ ਹੈ, ਪਰ ਫ਼ੌਜ ਜਿਸਨੂੰ ਵਾਧੂ ਤਨਖ਼ਾਹ ਦੇ ਕੇ ਖ਼ਰੀਦਿਆ ਗਿਆ, ਬੁੜਬੁੜਾਉਂਦੀ ਰਹੀ ਅਤੇ ਹੁਣ ਲਖਨਊ ਵਿਚ ਉਹਨਾਂ ਉਹ ਕੀਤਾ ਜੋ ਦਿੱਲੀ ਨਹੀਂ ਕਰ ਸਕੇ)।

ਪੂਰੇ ਬਾਰਾਂ ਦਿਨ ਅਤੇ ਰਾਤ ਲਖਨਊ ਵਿਚ ਕੋਈ ਬ੍ਰਿਟਿਸ਼ ਫ਼ੌਜ ਨਹੀਂ ਸੀ – ਕੁਝ ਨਹੀਂ ਕੇਵਲ ਲਾਕਾਨੂੰਨੀ ਸੀ, ਸ਼ਰਾਬਨੋਸ਼ੀ, ਜ਼ਾਲਮਾਨਾ ਭੀੜ, ਜੋ ਡਾਕੂਆਂ ਦੀ ਟੋਲੀ ਦਾ ਰੂਪ ਧਾਰ ਚੁੱਕੀ ਸੀ, ਸਗੋਂ ਉਸਤੋਂ ਵੀ ਵੱਧ ਹਿੰਸਕ ਅਤੇ ਲਾਲਚੀ, ਉਹਨਾਂ ਸਿਪਾਹੀਆਂ ਤੋਂ ਜਿਹੜੇ ਉੱਥੋਂ ਕੱਢ ਦਿੱਤੇ ਗਏ ਸਨ। ਲਖਨਊ 'ਤੇ ਕਬਜ਼ਾ 1858 ਵਿਚ ਅੰਗ੍ਰੇਜ਼ ਮਿਲਟਰੀ ਵਾਸਤੇ ਸਦਾ ਹੀ ਇਕ ਸ਼ਰਮਨਾਕ ਧੱਬਾ ਰਹੇਗਾ।[38]

## ਸ਼ੈਤਾਨੀਅਤ ਭਰਿਆ ਨਸਲਵਾਦ

ਉਸ ਵੇਲੇ ਕਿਸ ਪ੍ਰਕਾਰ ਦਾ ਸ਼ੈਤਾਨੀਅਤ ਭਰਪੂਰ ਨਸਲਵਾਦ ਅੰਗ੍ਰੇਜ਼ੀ ਸਰਕਾਰੀ ਹਲਕਿਆਂ ਵਿਚ ਘਰ ਕਰ ਗਿਆ ਸੀ ਉਸਦਾ ਅੰਦਾਜ਼ਾ ਜਨਰਲ ਨਿਕਲਸਨ, ਜੋ ਮਿਊਟਿਨੀ ਦਾ ਨਾਇਕ ਸੀ, ਦੇ ਹੇਠਲੇ ਸ਼ਬਦਾਂ ਤੋਂ ਲਾਇਆ ਜਾ ਸਕਦਾ ਹੈ, ਉਸਨੇ ਆਪਣੇ ਮਿੱਤਰ ਐਡਵਰਡਜ਼ ਨੂੰ ਲਿਖਿਆ ਸੀ, "ਇਕ ਬਿੱਲ ਪਾਸ ਕੀਤਾ ਜਾਵੇ ਕਿ ਜਿਉਂਦਿਆਂ ਨੂੰ ਕੁਟਿਆ ਜਾਵੇ, ਨਾਕਾਰਾ ਕੀਤਾ ਜਾਵੇ, ਜਲਾਇਆ ਜਾਵੇ ਜਿਹਨਾਂ ਨੇ ਔਰਤਾਂ ਅਤੇ ਬੱਚਿਆਂ ਨੂੰ ਦਿੱਲੀ ਵਿਚ ਕਤਲ ਕੀਤਾ। ਐਸੇ ਕੁਕਰਮ ਕਰਨ ਵਾਲਿਆਂ ਨੂੰ ਖ਼ਾਲੀ ਫ਼ਾਂਸੀ ਦੇਣੀ ਪਾਗਲਪਨ ਹੈ। ਕਿੰਨਾ ਚੰਗਾ ਹੁੰਦਾ ਮੈ ਦੁਨੀਆ ਦੇ ਉਸ ਭਾਗ ਵਿਚ ਹੁੰਦਾ, ਜਿੱਥੇ ਮੈਂ ਲੋੜ ਪੈਣ 'ਤੇ ਕਾਨੂੰਨ ਆਪਣੇ ਹੱਥ ਵਿਚ ਲੈ ਸਕਦਾ।"[39]

ਨਸਲਵਾਦੀ ਅਤੇ ਜ਼ਾਲਮ ਸਭਿਅਤਾ ਦੇ ਇਸ ਨਸਲੀ ਅਤੇ ਜ਼ਾਲਮ ਪ੍ਰਤੀਨਿਧੀ ਲਈ ਐਨਾ ਹੀ ਕਾਫ਼ੀ ਨਹੀਂ ਸੀ ਕਿ ਉਹ ਆਪਣੇ ਦੁਸ਼ਮਣਾਂ ਨੂੰ ਫਾਂਸੀ ਚਾੜ੍ਹ ਦੇਵੇ, ਫਾਂਸੀ ਦੇਣ ਤੋਂ ਪਹਿਲਾ ਕੁਟਾਪਾ ਅਤੇ ਮਗਰੋਂ ਨੋਕਦਾਰ ਲੱਕੜੀ ਦੇ ਜੰਗਲੇ 'ਤੇ ਵੀ ਘੜੀਸਣਾ, ਇਸ ਭਿਆਨਕ ਸਭਿਅਤਾ ਦੇ ਪ੍ਰਤੀਨਿਧੀ ਦੇ ਕੇਵਲ ਖੇਲ ਤਮਾਸ਼ੇ ਹੀ ਲਈ ਸੀ। ਉਹ ਦੋ ਤਰ੍ਹਾਂ ਨਾਲ ਗ਼ਲਤ ਹੈ। ਪਹਿਲੇ, ਇਹ ਅੰਗ੍ਰੇਜ਼ ਹੀ ਸਨ ਜੋ ਇਸ ਜੁਰਮ ਲਈ ਜਿੰਮੇਵਾਰ ਸਨ, ਜਿਹੜਾ ਬਾਗ਼ੀਆਂ ਸਿਰ ਮੜ੍ਹਿਆ ਜਾ ਰਿਹਾ ਸੀ। ਦੂਸਰੇ, ਬ੍ਰਿਟਿਸ਼ ਅਫ਼ਸਰਾਂ ਨੇ ਕਦੇ ਵੀ ਮਹਿਸੂਸ ਨਹੀਂ ਕੀਤਾ ਸੀ ਕਿ ਕਾਨੂੰਨ ਉਹਨਾਂ ਦੇ ਰਾਹ ਵਿਚ ਕੋਈ ਹੱਦ ਨੀਯਤ ਕਰਦਾ ਹੈ। ਉਹ ਆਪਣੇ ਕਾਨੂੰਨ ਦਾ ਹੀ ਪੂਰੀ ਤਰ੍ਹਾਂ ਉਲੰਘਣ ਕਰਦੇ ਸਨ ਅਤੇ ਆਪਣੇ ਆਚਰਣ ਦੇ ਨਿਯਮਾਂ ਦਾ ਵੀ ਜੋ ਸਭਿਅਕ ਲੋਕਾਂ ਵਿਚ ਹੁੰਦੇ ਹਨ – ਉਹ ਖ਼ੁਦ ਹੀ ਕਾਨੂੰਨ ਸਨ ਅਤੇ ਜਿਹਨਾਂ 'ਤੇ ਉਹ ਆਪਣਾ ਅਧਿਕਾਰ ਵਰਤਦੇ ਸਨ, ਦੇਸੀ ਲੋਕ ਇਸ ਤੋਂ ਪੂਰੀ ਤਰ੍ਹਾਂ ਜਾਣੂ ਸਨ। ਭਾਰਤ ਵਿਚ ਅੰਗ੍ਰੇਜ਼ੀ ਨੌਕਰਸ਼ਾਹੀ ਕੇਵਲ ਦੁਨੀਆ ਦੇ ਉਸ ਹਿੱਸੇ ਵਿਚ ਹੀ ਸੀ, ਹਿੰਦੁਸਤਾਨੀ ਸ਼ਾਹਿਨਸ਼ਾਹਤ ਵਿਚ, ਜਿੱਥੇ ਉਹ ਕਾਨੂੰਨ ਆਪਣੇ ਹੱਥਾਂ ਵਿਚ ਲੈ ਸਕਦੇ ਸਨ – ਅਤੇ ਅਕਸਰ ਲੈਂਦੇ ਰਹਿੰਦੇ ਸਨ।

ਉਹਨਾਂ ਦੀਆਂ (ਅੰਗ੍ਰੇਜ਼ੀ ਫ਼ੌਜ ਦੀਆਂ) ਵਹਿਸ਼ੀ ਹਰਕਤਾਂ ਦੇ ਬਹੁਤ ਸਬੂਤ ਮੌਜੂਦ ਹੋਣ ਕਾਰਨ, ਕੁਝ ਲੋਕ ਜੋ ਬ੍ਰਿਟਿਸ਼ ਬਸਤੀਵਾਦ ਦੇ ਖਿਮਾਜਾਚਕ ਸਨ, ਇਸ ਖੋਜ ਨਾਲ ਉਭਰੇ ਕਿ ਦੋਨੋ ਪਾਸਿਆਂ ਨੇ ਹੀ ਬਹੁਤ ਜ਼ੁਲਮ ਕੀਤੇ ਸਨ ਜਿਹਨਾਂ ਨੂੰ ਭੁੱਲ ਜਾਣਾ ਹੀ ਸਭ ਤੋਂ ਚੰਗੀ ਗੱਲ ਹੋਵੇਗੀ। ਜਿੰਨੀ ਵੱਡੀ ਪੱਧਰ 'ਤੇ ਅੰਗ੍ਰੇਜ਼ ਨੇ ਅਤਿਆਚਾਰ ਅਤੇ ਵਹਿਸ਼ੀ ਹਰਕਤਾਂ ਕੀਤੀਆਂ ਸਨ, ਉਸਦੇ ਬਰਾਬਰ ਬਾਗ਼ੀਆਂ ਦੀ ਕਰਤੂਤ ਤਾਂ ਕੁਝ ਵੀ ਨਹੀਂ ਸੀ, ਕਿਤੇ ਕਿਤੇ ਕੋਈ ਛੋਟੀ-ਮੋਟੀ ਕਾਰਵਾਈ ਸੀ। ਉਹਨਾਂ ਨੂੰ ਤੱਕੜੀ ਵਿਚ ਬ੍ਰਿਟਿਸ਼ ਅਤਿਆਚਾਰੀਆਂ ਬਰਾਬਰ ਤੋਲਨਾ, ਭਾਵ ਜ਼ਾਲਮ ਅਤੇ ਮਜ਼ਲੂਮ ਨੂੰ ਬਰਾਬਰ ਕਹਿ ਦੇਣਾ ਬਿਲਕੁਲ ਉਲਟੀ ਗੱਲ ਹੋਵੇਗੀ।

## ਬਾਗ਼ੀਆਂ ਦਾ ਆਚਰਨ

1857 ਦੀ ਬਗ਼ਾਵਤ ਅਵਧ ਵਿਚ ਆਪਣੇ ਸਿਖਰ 'ਤੇ ਪਹੁੰਚੀ। ਜਦ ਵਿਦਰੋਹ ਬਹੁਤ ਸਰਗਰਮ ਸੀ, ਬਾਗ਼ੀਆਂ ਦਾ ਆਚਰਨ ਓਦੋਂ ਵੀ ਸੱਚੀਂ ਪ੍ਰਸ਼ੰਸ਼ਾਯੋਗ ਸੀ। ਫ਼ਾਰੈਸਟ[40] ਓਦੋਂ ਵੀ ਆਤਮ ਸੰਜਮ ਵਾਲੇ, ਅਨੁਸਾਸ਼ਨ ਵਿਚ ਰਹਿਣ ਵਾਲੇ ਅਤੇ ਜਿਹਨਾਂ ਨੂੰ ਅਵਧ ਵਿਚ ਇਨਸਾਨੀ ਕਦਰ ਦੀ ਸੂਝ ਹੈ ਸੀ, ਬਾਗ਼ੀਆਂ ਨੂੰ ਸ਼ਰਧਾਂਜਲੀ ਦਿੰਦਾ ਹੈ – "ਸਿਪਾਹੀਆਂ ਨੇ ਬਗ਼ਾਵਤ ਕੀਤੀ ਅਤੇ ਲੋਕਾਂ ਨੇ ਆਪਣੀ ਵਫ਼ਾਦਾਰੀ ਲਾਹ ਕੇ ਪਰ੍ਹੇ ਸੁੱਟੀ, ਪਰ ਨਾ ਕੋਈ ਬਦਲੇ ਦੀ ਕਾਰਵਾਈ ਕੀਤੀ ਤੇ ਨਾ ਹੀ ਕੋਈ ਜ਼ੁਲਮ। ਬਹਾਦਰ ਅਤੇ ਉਗਰ ਹੋਏ ਲੋਕ, ਕੁਝ ਕੁ ਨੂੰ ਛੱਡ ਕੇ, ਜਿਹਨਾਂ ਨੇ ਸ਼ਾਸ਼ਕ ਕੌਮ ਦੇ ਦੌੜੇ ਜਾਂਦੇ ਲੋਕਾਂ ਨਾਲ ਮਿਹਰਬਾਨੀ ਵਾਲਾ ਸਲੂਕ ਕੀਤਾ ਅਤੇ ਅਵਧ ਦੇ ਅਹਿਲਕਾਰਾਂ ਦਾ ਉੱਚ ਪੱਧਰੀ ਸ਼ਿਸ਼ਟਾਚਾਰ ਬਿਲਕਲ ਦਿਖਾਈ ਦਿੰਦਾ ਸੀ ਜਦ ਉਹ ਹੇਠਾਂ ਲੱਥੇ ਮਾਲਿਕਾਂ ਨਾਲ ਵਰਤਦੇ ਸਨ।"[41]

ਬ੍ਰਿਟਿਸ਼ ਔਰਤਾਂ ਦੀ ਨਾਨਾ ਸਹਿਬ ਦੀਆਂ ਫ਼ੌਜਾਂ ਦੁਆਰਾ ਕਾਨ੍ਹਪੁਰ ਵਿਖੇ ਕਥਿਤ ਬੇਪਤੀ ਅਤੇ ਅੰਗ ਵੱਢਣ ਬਾਰੇ ਵਾਰਤਾ ਆਮ ਮਸ਼ਹੂਰ ਹੈ। ਅੰਗ੍ਰਜ਼ੀ ਪ੍ਰੈਸ ਨੇ ਅਤੇ ਬੁਲਾਰਿਆਂ ਨੇ ਇਸ ਦਾ ਬਹੁਤ ਭੰਡੀ ਪ੍ਰਚਾਰ ਕੀਤਾ ਅਤੇ ਭਾਰਤ ਵਿਰੋਧੀ ਭਾਵਨਾਵਾਂ ਨੂੰ ਬਹੁਤ ਉਕਸਾਇਆ, ਸਿਖਰ ਤਕ ਲੈ ਗਏ। ਇਥੋ ਤਕ ਕਿ ਸਰਕਾਰੀ ਬ੍ਰਿਟਿਸ਼ ਇਤਿਹਾਸਕਾਰ ਕੇ ਅਤੇ ਮਾਲੇਸਨ, ਨੇ ਵੀ ਇਹਨਾਂ ਕਹਾਣੀਆਂ ਨੂੰ ਮਨ ਘੜਤ ਅਤੇ ਜੋਸ਼ੀਲੀ ਕਲਪਨਾ ਹੀ ਕਿਹਾ।

*"ਜ਼ੁਲਮ ਸਿਤਮ ਨੂੰ ਭੱਦਰ ਭਾਸ਼ਾ ਵਿਚ ਕਹਿਣਾ – ਨਾ ਕਹੀ ਜਾਣ ਵਾਲੀ ਸ਼ਰਮਨਾਕ ਗੱਲ – ਜਿਸ ਵਿਚ ਕੁਝ ਲੇਖਕਾਂ ਨੇ ਇਸ ਕਤਲੇਆਮ ਨੂੰ ਲਿਆ, ਜੋ ਬਿਲਕੁਲ ਮਨ ਘੜਤ ਸੀ, ਜੋਸ਼ੀਲੀ ਕਲਪਨਾ ਦੀ ਉਪਜ, ਜਿਸ 'ਤੇ ਝਟ ਯਕੀਨ ਕਰ ਲਿਆ ਗਿਆ ਸੀ, ਜੋ ਬਿਨਾ ਕੋਈ ਪੁੱਛ ਪੜਤਾਲ ਕੀਤੇ ਅਤੇ ਬਿਨਾ ਸੋਚੇ ਸਮਝੇ ਫੈਲਾ ਦਿੱਤੀ ਗਈ ਸੀ। ਕਿਸੇ ਦਾ ਵੀ ਵੱਢ–ਟੁੱਕ ਨਹੀਂ ਕੀਤਾ ਗਿਆ ਸੀ, ਕਿਸੇ ਦੀ ਵੀ ਪੱਤ ਨਹੀਂ ਲੁੱਟੀ ਗਈ ਸੀ। ਇਹ ਸਰਕਾਰੀ ਅਹੁਦੇਦਾਰਾਂ ਦੁਆਰਾ ਬਿਲਕੁਲ ਸਪੱਸ਼ਟ ਢੰਗ ਨਾਲ ਕਿਹਾ ਗਿਆ ਹੈ ਜਿਹਨਾਂ ਨੇ ਬਹੁਤ ਬਾਰੀਕੀ ਨਾਲ ਸਾਰੇ ਹੀ ਹਾਲਾਤ ਦੀ ਤਫ਼ਤੀਸ਼ ਕੀਤੀ ਸੀ, ਜੋ ਜੂਨ ਅਤੇ ਜੁਲਾਈ ਵਿਚ ਵਿਚਰੇ ਸਨ।"*[42]

ਦਿੱਲੀ ਦੇ ਬਾਰੇ ਵੀ, ਐਸੀਆਂ ਕਹਾਣੀਆਂ ਘੜੀਆਂ ਗਈਆਂ ਸਨ ਕਿ ਅੰਗ੍ਰੇਜ਼ ਔਰਤਾਂ ਨੂੰ ਮਜਬੂਰ ਕੀਤਾ ਗਿਆ ਸੀ ਕਿ ਉਹ ਨੰਗੀਆਂ ਹੋ ਕੇ ਸੜਕ ਤੇ ਚੱਲਣ, ਅਤੇ ਕਈਆਂ ਦੀਆਂ ਛਾਤੀਆਂ ਕੱਟ ਦਿੱਤੀਆਂ ਗਈਆਂ ਸਨ – ਅਤੇ ਨਿੱਕੀਆਂ ਕੁੜੀਆਂ ਨੂੰ ਵੀ ਨਹੀ ਬਖ਼ਸ਼ਿਆ ਸੀ। ਗੋਰੇ ਪਾਦਰੀ ਹੀ ਅਜਿਹੀਆਂ ਅਫ਼ਵਾਹਾਂ ਫੈਲਾਉਣ ਵਿਚ ਸਭ ਤੋਂ ਵੱਧ ਸ਼ੋਰ ਮਚਾ ਰਹੇ ਸਨ। ਪਰ ਸੀ ਵਿਲੀਅਮ ਮੂਈਰ, ਖ਼ੁਫ਼ੀਆ ਮਹਿਕਮੇ ਦੇ ਮੁਖੀ, ਨੇ ਸਾਰਾ ਰਿਕਾਰਡ ਸਾਫ਼ ਕੀਤਾ, ਤੇ ਕਿਹਾ *" ਭਾਵੇਂ ਬਹੁਤ ਖ਼ੂਨ ਖ਼ਰਾਬਾ ਅਤੇ ਜ਼ੁਲਮ ਹੋਇਆ ਸੀ, ਪਰ ਜੋ ਕਹਾਣੀਆਂ ਔਰਤਾਂ ਦੀ ਬੇਪਤੀ ਬਾਰੇ ਫੈਲਾਈਆਂ ਜਾ ਰਹੀਆਂ ਹਨ, ਜਿੱਥੋ ਤਕ ਮੇਰੇ ਦੇਖਣ–ਸਮਝਣ ਦੀ ਗੱਲ ਹੈ ਅਤੇ ਤਫ਼ਤੀਸ਼ਾਂ ਚੋਂ ਸਾਹਮਣੇ ਆਇਆ ਹੈ, ਉਹਨਾਂ ਦਾ ਕੋਈ ਠੀਕ ਸਬੂਤ ਨਹੀਂ ਹੈ।"*[43]

ਇਹ ਧਿਆਨ ਗੋਚਰੀ ਗੱਲ ਹੈ ਕਿ ਜਦ ਵੀ ਬਾਗ਼ੀ ਸਿਪਾਹੀਆਂ ਨੇ ਔਰਤਾਂ ਜਾਂ ਬੱਚਿਆਂ ਦੀ ਬੇਹੁਰਮਤੀ ਦੀ ਕੋਈ ਗੱਲ ਸੁਣੀ–ਦੇਖੀ ਤਾਂ ਉਹਨਾਂ ਦੇ ਲੀਡਰਾਂ ਨੇ ਬਹੁਤ ਸਖ਼ਤ ਸ਼ਬਦਾਂ ਵਿਚ ਉਹਨਾਂ ਦੀ ਨਿਖੇਧੀ ਕੀਤੀ।

ਅਜਿਹਾ ਉਸ ਵੇਲੇ ਕੀਤਾ ਜਦ ਜੰਗ ਸਿਖਰਾਂ 'ਤੇ ਸੀ, ਐਸੇ ਘ੍ਰਿਣਿਤ ਦੁਸ਼ਮਨ ਦੇ ਵਿਰੁੱਧ, ਭਾਵ ਬ੍ਰਿਟਿਸ਼ ਬਸਤੀਵਾਦ ਦੇ ਨਾਲ, ਇਹ ਸਿੱਧ ਕਰਦਾ ਹੈ ਕਿ ਬਾਗ਼ੀ ਧਿਰ ਵਿਚ ਕਿੰਨਾ ਉੱਚਾ ਆਚਰਨ ਸੀ। ਖ਼ੈਰਾਬਾਦ ਦਾ ਅਲਾਮਾ ਫ਼ਜ਼ਲੇ ਹੱਕ ਆਪਣੇ ਜੰਗੀ ਜਰਨਲ (ਰੋਜ਼ਨਾਮਚੇ) ਵਿਚ ਲਿਖਦਾ ਹੈ . . . .*'ਬਾਗ਼ੀ ਸਿਪਾਹੀਆਂ ਵਿਚ ਅਜਿਹੇ ਵੀ ਸਨ ਜੋ ਮਾੜੇ ਕੰਮ ਕਰਨ ਵਾਲੇ ਸਨ ਅਤੇ ਹੱਦੋਂ ਪਾਰ ਹੋ ਗਏ ਸਨ ਅਤੇ ਉਹਨਾਂ ਨੇ ਜ਼ਿਆਦਤੀਆਂ ਕੀਤੀਆਂ, ਜ਼ੁਲਮ ਢਾਹੇ। ਔਰਤਾਂ ਅਤੇ ਬੱਚਿਆਂ ਨੂੰ ਵੀ ਮਾਰਿਆ ਗਿਆ। ਉਹਨਾਂ ਔਰਤਾਂ ਅਤੇ ਬੱਚਿਆਂ ਨੂੰ ਮਾਰ ਕੇ ਆਪਣੀ ਐਨੀ ਜ਼ਿਆਦਾ ਬੇਇਜ਼ਤੀ ਅਤੇ ਬਦਨਾਮੀ ਕਰਵਾਈ।"*[44]

## ਅੰਗ੍ਰੇਜ਼ਾਂ ਦੁਆਰਾ ਜ਼ੁਲਮ ਸਿਤਮ

ਜੇ ਅੰਗ੍ਰੇਜ਼ਾਂ ਦੁਆਰਾ ਫੈਲਾਈਆਂ ਜ਼ੁਲਮ ਸਿਤਮ ਅਤੇ ਹਨ੍ਹੇਰਗਰਦੀ ਦੀਆਂ ਕਹਾਣੀਆਂ ਬਹੁਤ ਕਰਕੇ ਮਨਘੜਤ ਹੀ ਸਨ ਅਤੇ ਜਨੂੰਨੀ ਦਿਮਾਗ਼ ਦੀ ਉਪਜ ਸਨ, ਅੰਗ੍ਰੇਜ਼ਾਂ ਦੁਆਰਾ ਕੀਤੀਆਂ ਵਹਿਸ਼ੀ ਕਰਤੂਤਾਂ ਤਾਂ ਐਡੀ ਪੱਧਰ ਦੀਆਂ ਸਨ ਕਿ ਲਾਰਡ ਕੈਨਿੰਗ ਨੂੰ ਵੀ ਚਿੰਤਾ ਹੋ ਗਈ ਸੀ। ਗਵਰਨਰ ਜਨਰਲ ਦੀ ਕੌਂਸਲ ਦੀ ਕਾਰਵਾਈ, ਮਿਤੀ 24 ਦਿਸੰਬਰ 1857, ਵਿਚ ਇਹ ਲਿਖਿਆ ਹੈ –

*". . . ਅਣਗਿਣਤ ਫਾਂਸੀਆਂ, ਹਰ ਪ੍ਰਕਾਰ ਦੇ ਕਸੂਰਵਾਰਾਂ ਲਈ ਹੀ ਨਹੀਂ, ਉਹਨਾਂ ਨੂੰ ਵੀ ਜਿਹਨਾਂ ਦਾ ਕਸੂਰ ਬੜਾ ਸ਼ੱਕੀ ਹੀ ਸੀ, ਅਤੇ ਪਿੰਡਾਂ ਨੂੰ ਆਮ ਅੱਗਾਂ ਲਾਉਣੀਆਂ ਤੇ ਲੁੱਟਣਾ, ਜਿਸ ਨਾਲ ਹਰ ਕੋਈ, ਬਿਨਾ ਕਿਸੇ ਉਮਰ ਜਾਂ ਲਿੰਗ ਦੇ ਲਿਹਾਜ਼ ਨਾਲ ਮਾਸੂਮ ਅਤੇ ਕਸੂਰਵਾਰ, ਨੂੰ ਅੰਧਾਂ ਧੁੰਦ ਸਜ਼ਾਵਾਂ ਦਿੱਤੀਆਂ ਗਈਆਂ ਸਨ ਅਤੇ ਕੁਝ ਹਾਲਾਤ ਵਿਚ ਤਾਂ, ਮਾਰ ਦਿੱਤੇ ਗਏ ਸਨ, ਜਿਸ ਨਾਲ ਸਾਰੇ ਲੋਕਾਂ ਵਿਚ ਬਹੁਤ ਨਿਰਾਸ਼ਾ ਅਤੇ ਗੁੱਸਾ ਫੈਲ ਗਿਆ ਸੀ, ਜਿਹੜੇ ਉਂਜ ਸਰਕਾਰ ਦੇ ਵਿਰੁੱਧ ਨਹੀਂ ਸਨ। ਇਹ ਕਿ ਖੇਤੀਬਾੜੀ ਦਾ ਨਾਸ ਹੋ ਜਾਣ ਨਾਲ ਕਾਲ ਪੈ ਜਾਣਾ ਦਿਸ ਰਿਹਾ ਸੀ . . . . ਅਤੇ ਅੰਤ ਵਿਚ, ਸਰਕਾਰੀ ਅਫ਼ਸਰਾਂ ਦੇ ਕੰਮਾਂ ਨਾਲ ਅਫ਼ਵਾਹਾਂ ਨੂੰ ਹੋਰ ਹਵਾ ਦਿੱਤੀ ਗਈ ਸੀ ਕਿ ਸਰਕਾਰ ਹਿੰਦੂ ਅਤੇ ਮੁਸਲਮਾਨਾਂ, ਸਾਰਿਆਂ ਨੂੰ ਹੀ ਸਤਾਉਣ ਉਪਰ ਤੁਲੀ ਹੋਈ ਹੈ।"*[45]

ਕੋਰਟ ਮਾਰਸ਼ਲ ਕਰਨਾ ਵੀ ਪੂਰਾ ਢੌਂਗ ਹੀ ਸੀ ਅਤੇ ਪੂਰੀ ਲਾਕਾਨੂੰਨੀ ਕਾਰਵਾਈ ਸੀ। ਟੀ ਆਰ ਹੋਮਜ਼, ਆਪਣੀ ਪੁਸਤਕ *ਹਿਸਟਰੀ ਆਫ਼ ਦੀ ਇੰਡੀਅਨ ਮਿਉਟਿਨੀ,* ਵਿਚ ਐਸੀ ਕਾਰਵਾਈ ਦੀਆਂ ਕੁਝ ਝਲਕਾਂ ਦਿਖਾਉਂਦਾ ਹੈ – 'ਅਫ਼ਸਰ ਜਿਹੜੇ ਕੋਰਟ ਮਾਰਸ਼ਲ ਵਿਚ ਬੈਠੇ ਸਨ ਸਹੁੰ ਖਾ ਕੇ ਕਹਿ ਰਹੇ ਸਨ ਕਿ ਉਹ ਆਪਣੇ ਕੈਦੀਆਂ ਨੂੰ ਭਾਵੇ ਕਸੂਰਵਾਰ ਹੋਣ ਅਤੇ ਭਾਵੇਂ ਬੇਕਸੂਰ, ਫਾਂਸੀ ਚਾੜ੍ਹ ਦੇਣਗੇ ਤੇ ਜੇ ਕੋਈ ਐਸੇ ਖੁੱਲ੍ਹਮ ਖੁੱਲ੍ਹਾ ਬਦਲੇ ਦੇ ਵਿਰੁੱਧ ਆਵਾਜ਼ ਉਠਾਉਣ ਦੀ ਜੁਰਅਤ ਕਰਦਾ ਸੀ ਤਾਂ ਉਸਨੂੰ ਗੁੱਸੇ ਵਿਚ ਆਏ ਹੋਏ ਸਾਥੀਆਂ ਵੱਲੋਂ ਝੱਟ ਚੁੱਪ ਕਰਾ ਦਿੱਤਾ ਜਾਂਦਾ ਸੀ। ਜਿਹਨਾਂ ਨੂੰ ਝੂਠੀ ਅਤੇ ਝਟ ਪਟ ਦੀ ਕਾਰਵਾਈ ਵਿਚ ਮੌਤ ਦੀ ਸਜ਼ਾ ਮਿਲਦੀ ਸੀ, ਅਨਪੜ੍ਹ ਗੋਰਿਆਂ ਵੱਲੋਂ, ਫਾਹੇ ਲਾਉਣ ਤੋਂ ਪਹਿਲਾਂ, ਉਹਨਾਂ ਦਾ ਮਖ਼ੌਲ ਉੜਾਇਆ ਜਾਂਦਾ ਸੀ ਅਤੇ ਤਸੀਹੇ ਦਿੱਤੇ ਜਾਂਦੇ ਸਨ, ਜਦ ਕਿ ਪੜ੍ਹੇ ਲਿਖੇ ਅਫ਼ਸਰ ਦੇਖਦੇ ਹੀ ਰਹਿ ਜਾਂਦੇ ਸਨ ਅਤੇ ਸਭ ਕੁਝ ਮਨਜ਼ੂਰ ਕਰੀ ਜਾਂਦੇ ਸਨ।"[46]

ਹੋਰ ਕੋਈ ਨਹੀ, ਬਲਕਿ ਲਾਰਡ ਅਲਫਿਨਸਟੋਨ, ਬੰਬਈ ਦਾ ਗਵਰਨਰ, ਸਰ ਜਾਨ ਲਾਰੈਂਸ ਨੂੰ ਦਿੱਲੀ ਉਪਰ ਕਬਜ਼ਾ ਕਰਨ ਬਾਰੇ ਲਿਖਦਿਆਂ, ਆਪਣੇ ਆਪ ਨੂੰ ਇਸ ਪ੍ਰਕਾਰ ਬਿਆਨ

ਕਰਦਾ ਹੈ –

*'ਜਦ ਘੇਰਾ ਖ਼ਤਮ ਹੋਇਆ, ਸਾਡੀ ਫ਼ੌਜ ਦੁਆਰਾ ਜੋ ਜ਼ੁਲਮ ਢਾਏ ਗਏ, ਉਹ ਦਿਲ-ਚੀਰਵੇਂ ਹਨ। ਸਾਰਿਆਂ ਤੋਂ ਆਮ ਬਦਲਾ ਲਿਆ ਜਾ ਰਿਹਾ ਹੈ, ਬਿਨਾ ਕਿਸੇ ਸੱਜਣ ਜਾਂ ਮਿੱਤਰ ਦੀ ਤਮੀਜ਼ ਦੇ। ਜਿੱਥੇ ਲੁਟ ਦੀ ਗੱਲ ਹੈ, ਅਸੀਂ ਤਾਂ ਨਾਦਿਰ ਸ਼ਾਹ ਤੋਂ ਵੀ ਅੱਗੇ ਲੰਘ ਗਏ ਹਾਂ।'*[47]

ਜਿਹਨਾਂ ਨੂੰ ਜਾਨੋਂ ਮਾਰਿਆ ਗਿਆ ਉਹਨਾਂ ਦੀ ਗਿਣਤੀ, ਭਰੋਸੇਯੋਗ ਸਰੋਤਾਂ ਅਨੁਸਾਰ, 27,000 ਸੀ।

ਇਕ ਬ੍ਰਿਟਿਸ਼ ਅਫ਼ਸਰ, ਜਿਹੜਾ ਐਕਟਿਵ ਸਰਵਿਸ ਵਿਚ ਸੀ, ਆਪਣੀ 'ਹਿਸਟਰੀ ਆਫ਼ ਦੀ ਸੀਜ' ਵਿਚ ਬਹੁਤ ਹੀ ਭਿਆਨਕ ਦ੍ਰਿਸ਼ ਪੇਸ ਕਰਦਾ ਹੈ ਜੋ ਕੁਝ ਅੰਬਾਲੇ ਤੋਂ ਦਿੱਲੀ ਤਕ ਵਾਪਰਿਆ।

*"ਸੈਂਕੜੇ ਭਾਰਤੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, ਝਟਪਟ ਕੀਤੇ ਗਏ ਕੋਰਟ ਮਾਰਸ਼ਲ ਵਿਚ। ਉਹਨਾਂ ਨੂੰ ਬਹੁਤ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ, ਜਦ ਕਿ ਉਹਨਾਂ ਲਈ ਫਾਂਸੀ ਦੇ ਤਖ਼ਤੇ ਲਗਾਏ ਜਾ ਰਹੇ ਸਨ। ਉਹਨਾਂ ਦੇ ਸਿਰਾਂ ਦੇ ਵਾਲ ਫੜ ਕੇ ਪੁੱਟੇ ਜਾ ਰਹੇ ਸਨ, ਸੰਗੀਨਾ ਨਾਲ ਉਹਨਾਂ ਦੇ ਸਰੀਰ ਚੀਰੇ ਜਾ ਰਹੇ ਸਨ ਤੇ ਫੇਰ ਉਹਨਾਂ ਨੂੰ ਉਹ ਕਰਨ ਨੂੰ ਕਿਹਾ ਜਾਂਦਾ ਸੀ ਜੋ ਉਹ ਕਦੇ ਵੀ ਨਾ ਕਰਦੇ ਭਾਵੇਂ ਮੌਤ ਹੀ ਸਹਿਣੀ ਪੈਂਦੀ, ਬਰਛੀਆਂ ਨਾਲ ਗਾਂ ਦਾ ਮਾਸ ਉਹਨਾਂ ਬੇਚਾਰੇ ਹਿੰਦੂ ਪੇਂਡੂਆਂ ਦੇ ਮੂੰਹਾਂ ਵਿਚ ਤੁੰਨਿਆ ਜਾ ਰਿਹਾ ਸੀ।"*[48]

ਘੇਰਾ ਹਟਾਉਣ ਮਗਰੋਂ ਦਿੱਲੀ ਵਿਚ ਜੋ ਹੋਇਆ ਓਹੀ ਲਖਨਊ ਵਿਚ ਦੁਹਰਾਇਆ ਗਿਆ ਜਦ ਸਿਪਾਹੀ ਅਤੇ ਬੱਚੇ ਮਾਰੇ ਗਏ ਜੇਤੂ ਗੋਰਿਆਂ ਦੁਆਰਾ, ਜਿਹਨਾਂ ਵਿਚੋਂ ਇਕ ਸਾਨੂੰ ਜੋ ਕੁਝ ਉਥੇ ਵਰਤਿਆ ਉਸਦਾ ਬਿਆਨ ਦਿੰਦਾ ਹੈ–

*"ਜਦ ਲਖਨਊ 'ਤੇ ਕਬਜ਼ਾ ਹੋਇਆ ਤਾਂ, ਅੰਧਾ ਧੁੰਦ ਕਤਲੋ-ਗ਼ਾਰਤ ਦਾ ਮੌਸਮ ਸ਼ੁਰੂ ਹੋ ਗਿਆ। ਬਿਨਾ ਕਿਸੇ ਤਮੀਜ਼ ਦੇ ਸਭ ਮਾਸੂਮ ਮਾਰੇ ਗਏ ਜੋ ਵੀ ਉਹਨਾਂ ਦੇ ਹੱਥ ਚੜ੍ਹੇ – ਚਾਹੇ ਸਿਪਾਹੀ ਸਨ ਜਾਂ ਅਵਧ ਦੇ ਪਿੰਡਾਂ ਦੇ ਲੋਕ, ਕੋਈ ਸਵਾਲ ਨਹੀਂ ਪੁੱਛਿਆ ਜਾਂਦਾ, ਬਸ ਕਾਲੀ ਚਮੜੀ ਹੋਣਾ ਹੀ ਕਾਫ਼ੀ ਸੀ। ਇਕ ਰੱਸੇ ਦਾ ਟੁਕੜਾ ਅਤੇ ਦਰੱਖਤ ਦੀ ਟਾਹਣੀ ਜਾਂ ਫੇਰ ਬੰਦੂਕ ਦੀ ਗੋਲੀ ਉਹਦੇ ਸਿਰ ਵਿਚੋਂ ਦੀ, ਜੋ ਝਟ ਹੀ ਬੇਚਾਰੇ ਸ਼ੈਤਾਨ ਦੀ ਹੋਂਦ ਖ਼ਤਮ ਕਰ ਦਿੱਤੀ ਜਾਂਦੀ।*[49]

ਪਿੰਡਾਂ ਵਿਚ ਆਪਣੀ ਮੁਹਿੰਮ ਦੌਰਾਨ, ਬ੍ਰਿਟਿਸ਼ ਸਿਪਾਹੀ ਇੰਜ ਕਰਦੇ ਜਿਵੇਂ ਸ਼ਿਕਾਰ ਪਾਰਟੀ ਟਰਕੀ (ਇਕ ਪ੍ਰਕਾਰ ਦਾ ਵੱਡਾ ਕੁਕੜ) ਨੂੰ ਸ਼ੂਟ ਕਰਦੀ ਹੈ। ਜਨਰਲ ਨੀਲ ਦੇ ਪਿੰਡਾਂ ਵਿਚ ਦੀ ਮਾਰਚ ਦੌਰਾਨ ਬਨਾਰਸ ਅਤੇ ਅਲਾਹਾਬਾਦ ਅਤੇ ਕਾਨ੍ਹਪੁਰ ਵਿਚਕਾਰ, ਬ੍ਰਿਟਿਸ਼ ਫ਼ੌਜ ਕੀ ਕਰਤੂਤ ਕਰਦੀ ਸੀ, ਉਹ ਕੇਅ ਅਤੇ ਮਾਲੇਸਨ ਬਿਆਨ ਕਰਦੇ ਹਨ –

ਫਾਹੇ ਦੇਣ ਵਾਲੇ ਵਲੰਟੀਅਰਾਂ ਦੀਆਂ ਪਾਰਟੀਆਂ ਪਿੰਡਾਂ ਵਿਚ ਗਈਆਂ। ਅਣਜਾਣੇ ਫਾਹੇ ਦੇਣ ਵਾਲਿਆਂ ਦੀ ਕਮੀ ਨਹੀਂ ਸੀ। ਇਕ ਬੰਦਾ ਬੜੇ ਮਾਣ ਅਤੇ ਕਲਾਤਮਕ ਢੰਗ ਨਾਲ ਦੱਸਦਾ ਕਿ ਉਸਨੇ ਕਿੰਨੇ ਬੰਦਿਆਂ ਨੂੰ ਫਾਹੇ ਲਾਇਆ ਹੈ, ਅੰਬ ਦੇ ਰੁੱਖਾਂ ਨਾਲ ਟੰਗ ਕੇ, ਅਤੇ ਇਸ ਜ਼ੁਲਮ ਦੇ ਸਹਿਣ ਵਾਲੇ ਰੱਸੇ ਨਾਲ ਇਕੱਠੇ ਹੋ ਕੇ ਆਠਾ (ਅੱਠ ਦਾ ਹਿੰਸਾ-ਅੰਗ੍ਰੇਜ਼ੀ) ਬਣ ਜਾਂਦੇ ਸਨ।"[50]

ਭਾਰਤ ਵਿਚ ਅੰਗ੍ਰੇਜ਼ੀ ਫ਼ੌਜ ਨੇ ਇਸ ਹੱਦ ਤਕ ਜ਼ੁਲਮ ਢਾਏ ਸਨ ਕਿ ਇੰਗਲੈਂਡ ਵਿਚਲੇ ਨਰਮ ਖ਼ਿਆਲੀ ਲੋਕ, ਜੋ ਉੱਚ ਪਦਵੀਆਂ ਤੇ ਬੈਠੇ ਸਨ, ਇਹ ਸੋਚਦੇ ਸਨ ਕਿ ਇੰਝ ਕਰਨ ਨਾਲ ਦੇਸ਼ ਵਿਚਲੀ ਆਜ਼ਾਦੀ ਨੂੰ ਖ਼ਤਰਾ ਹੋ ਗਿਆ ਹੈ। ਭਾਰਤ ਵਿਚ ਅੰਗ੍ਰੇਜ਼ੀ ਫੌਜ ਨੇ ਇਸ ਹੱਦ ਤਕ ਜ਼ੁਲਮ ਢਾਏ ਸਨ ਕਿ ਇੰਗਲੈਂਡ ਵਿਚ ਨਰਮ ਖਿਆਲੀ ਲੋਕ ਜੋ ਉੱਚੇ ਅਹੁਦਿਆਂ 'ਤੇ ਬੈਠੇ ਸਨ,

ਇਹ ਸੋਚਦੇ ਸਨ ਕਿ ਇੰਝ ਕਰਨ ਨਾਲ ਦੇਸ਼ ਵਿੱਚ ਵੀ ਆਜ਼ਾਦੀ ਨੂੰ ਖਤਰਾ ਹੋ ਗਿਆ ਹੈ।

ਗਰੇਟਰ ਬ੍ਰਿਟੇਨ ਵਿਚ, ਸਰ ਚਾਰਲਸ ਡਾਈਕ, ਇਹ ਕਹਿੰਦੇ ਹਨ –"ਜੋ ਇਸ ਗੱਲ ਤੇ ਸ਼ਕ ਕਰਦੇ ਹਨ ਕਿ ਭਾਰਤ ਦੀ ਮਿਲਟਰੀ ਸਰਵਿਸ ਸਿਪਾਹੀਆਂ ਨੂੰ ਦੂਸਰਿਆਂ ਦੀ ਜ਼ਿੰਦਗੀ ਬਾਰੇ ਲਾਪਰਵਾਹ ਬਣਾ ਦਿੰਦੀ ਹੈ, ਜਾਇਦਾਦ ਦੇ ਹੱਕ ਬਾਰੇ ਅਲ਼ਗਰਜ਼ ਬਣਾ ਦਿੰਦੀ ਹੈ, ਅਤੇ ਇਨਸਾਨੀ ਆਦਰ ਸਤਿਕਾਰ ਸੰਬੰਧੀ ਸ਼ਰਮਨਾਕ ਬਣਾ ਦਿੰਦੀ ਹੈ, ਸ਼ਾਇਦ ਉਹ ਪੱਤਰ ਨਹੀਂ ਚੇਤੇ ਰੱਖ ਰਹੇ ਜਿਹੜੇ ਉਹਨਾਂ ਕੋਲ 1857 ਵਿਚ ਪਹੁੰਚੇ ਸਨ, ਜਿਹਨਾਂ ਵਿਚ ਇਕ ਅਫ਼ਸਰ, ਜੋ ਹਾਈ ਕਮਾਂਡ ਵਿਚ ਸੀ ਜਦੋਂ ਕਾਨ੍ਹਪੁਰ ਵੱਲ ਮਾਰਚ ਕੀਤਾ ਸੀ, ਰਿਪੋਰਟ ਕਰਦਾ ਹੈ, 'ਕਾਫ਼ੀ ਸਾਰੇ ਲੋਕਾਂ ਦਾ ਸਫ਼ਾਇਆ ਕੀਤਾ ਗਿਆ, ਇਹ ਧਿਆਨ ਰਖਿਆ ਜਾਵੇ ਕਿ ਬਾਗ਼ੀ ਜੋ ਇਸ ਪ੍ਰਕਾਰ ਫਾਹੇ ਲਾਏ ਗਏ ਸਨ ਜਾਂ ਬੰਦੂਕਾਂ ਨਾਲ ਉੜਾਏ ਗਏ ਸਨ, ਉਹਨਾਂ ਕੋਲ ਕੋਈ ਹਥਿਆਰ ਨਹੀਂ ਸੀ, ਅਤੇ ਉਹ ਤਾਂ ਪਿੰਡਾਂ ਦੇ ਲੋਕ ਸਨ ਜਿਹਨਾਂ ਨੂੰ ਸ਼ੱਕ ਵਿਚ ਹੀ ਫੜਿਆ ਗਿਆ ਸੀ। ਇਸ ਮਾਰਚ ਦੌਰਾਨ, ਬਹੁਤ ਜ਼ੁਲਮ ਕੀਤੇ ਗਏ, ਪਿੰਡਾਂ ਦੇ ਪਿੰਡ ਜਲਾ ਦਿੱਤੇ ਗਏ ਅਤੇ ਮਾਸੂਮ ਲੋਕਾਂ ਦਾ ਕਤਲ ਕੀਤਾ ਗਿਆ ਜਿਸ ਨੂੰ ਦੇਖ ਕੇ ਮੁਹੰਮਦ ਤੁਗ਼ਲਕ ਵੀ ਸ਼ਰਮਿੰਦਾ ਹੋ ਜਾਂਦਾ ਅਤੇ ਇਹ ਸਾਰੇ ਹੀ ਇਤਿਹਾਸ ਨੂੰ ਝੁਠਲਾਉਂਦਾ ਹੈ ਕਿ ਐਸੇ ਅਤਿਆਚਾਰ ਜੋ ਬਾਰ ਬਾਰ ਹੋ ਰਹੇ ਸਨ ਕਿਤੇ ਸਾਡੇ ਦੇਸ ਵਿਚਲੀ ਆਜ਼ਾਦੀ ਲਈ ਮਾਰੂ ਨ ਹੋਣ।"[51]

## 1857 ਨੂੰ ਯਾਦ ਕਰਨ ਦੀ ਪ੍ਰਸੰਗਕਤਾ

ਉਪਰ ਦਿੱਤਾ ਹਾਲ ਪੜ੍ਹਨ ਮਗਰੋਂ, ਕੁਝ ਐਸੇ ਹਨ ਜੋ ਕਹਿਣਗੇ ਕਿ ਇਹ ਦੁਹਰਾਈ ਜਾਣਾ ਬੇਮਾਨੀ ਹੈ ਕਿ ਜੋ ਅਤਿਆਚਾਰ ਅੰਗ੍ਰੇਜ਼ੀ ਫ਼ੌਜਾਂ ਨੇ ਭਾਰਤ ਵਿਚ 150 ਸਾਲ ਪਹਿਲਾਂ ਕੀਤੇ। ਉਹਨਾਂ ਘਟਨਾਵਾਂ ਨੂੰ ਚੇਤੇ ਕਰਕੇ ਦੋਹਾਂ ਦੇਸਾਂ ਵਿਚ ਅਤੇ ਲੋਕਾਂ ਵਿਚ ਸੁਲਾਹ–ਸਫ਼ਾਈ ਵਿਚ ਰੁਕਾਵਟ ਪੈਂਦੀ ਹੈ, ਅਤੇ ਜੋ ਕੁਝ ਹੋਇਆ ਹੈ ਭੁੱਲ ਜਾਣਾ ਚਾਹੀਦਾ ਹੈ – ਬੀਤ ਗਿਆ ਸੋ ਬੀਤ ਗਿਆ – ਐਸਾ ਵਤੀਰਾ ਇਤਿਹਾਸਕ ਤੱਥ ਨੂੰ ਦਬਾਉਣ ਦੇ ਬਰਾਬਰ ਹੈ ਅਤੇ ਸਾਡਾ ਇਤਿਹਾਸ ਤੋਂ ਸਬਕ ਨਾ ਲੈਣਾ ਦਰਸਾਉਂਦਾ ਹੈ। ਇਕ ਚੀਨੀ ਅਖਾਣ ਹੈ ਕਿ ਜਿਸ ਨੂੰ ਭਵਿੱਖ ਦਾ ਗਿਆਨ ਹੈ, ਉਸਨੂੰ ਅਤੀਤ ਦਾ ਵੀ ਪਤਾ ਹੋਣਾ ਚਾਹੀਦਾ ਹੈ, ਪਿਛਲੀਆ 1857 ਦੀਆਂ ਘਟਨਾਵਾਂ ਨੂੰ ਚੇਤੇ ਕਰਨ ਦਾ ਇਹ ਮਤਲਬ ਨਹੀਂ ਕਿ ਸਾਰੇ ਹੀ ਅੰਗ੍ਰੇਜ਼ਾਂ ਨੂੰ ਕਟਹਿਰੇ ਵਿਚ ਖੜ੍ਹੇ ਕਰਨਾ ਹੈ, ਕਿਉਂਕਿ ਇਹ ਓਹ ਲੋਕ ਨਹੀਂ ਜਿਹਨਾਂ ਨੇ ਇਹ ਘੋਰ ਅਤਿਆਚਾਰ ਭਾਰਤੀਆ ਉੱਪਰ ਕੀਤੇ। ਇਹ ਤਾਂ ਬ੍ਰਿਟਿਸ਼ ਸਰਮਾਏਦਾਰੀ ਅਤੇ ਬਸਤੀਵਾਦ ਸੀ ਜਿਹੜਾ ਇਹਨਾਂ ਜੁਰਮਾਂ ਲਈ ਦੋਸ਼ੀ ਸੀ। ਇਹੀ ਜਾਨਣ ਦੀ ਲੋੜ ਹੈ ਕਿ ਬ੍ਰਿਟਿਸ਼ ਸਰਮਾਏਦਾਰੀ, ਆਪਣੇ ਵੱਡੇ ਸਾਥੀ ਅਮਰੀਕਾ ਦੇ ਨਾਲ ਰਲ ਕੇ ਓਹੀ ਕੁਝ ਇਰਾਕ ਅਤੇ ਅਫ਼ਗ਼ਾਨਿਸਤਾਨ ਵਿਚ ਕਰ ਰਹੀ ਹੈ ਅਤੇ 1857 ਦੇ ਮਗਰੋਂ ਕੁਝ ਵੀ ਭਲੇ ਲਈ ਨਹੀਂ ਬਦਲਿਆ ਹੈ। ਅੱਜ ਇਹ ਬਿਲਕੁਲ ਵਿਨਾਸ਼ ਵਾਲੇ, ਗਲੇ ਸੜੇ ਅਤੇ ਅੰਤਲੇ ਸਾਹਾਂ ਵਾਲੇ, ਪੜਾਅ ਤੇ ਪੁੱਜ ਚੁੱਕੀ ਹੈ, ਅਤੇ ਵਧੇਰੇ ਖ਼ਤਰਨਾਕ ਹੈ, ਇਤਿਹਾਸ ਦੇ ਪਹਿਲੇ ਸਮੇਂ ਨਾਲੋਂ ਵੀ, ਅਤੇ ਅੱਜ ਉਹ 1857 ਨਾਲੋਂ ਵੀ ਵਧੇਰੀ ਗਿਣਤੀ ਵਿਚ ਨਸਲਕੁਸ਼ੀ ਕਰ ਰਹੀ ਹੈ ਅਤੇ ਇਹ ਇੰਗਲੈਂਡ ਦੇ ਆਪਣੇ ਪ੍ਰੋਲੇਤਾਰੀ ਅਤੇ ਵਿਦੇਸ਼ਾਂ ਵਿਚ ਦੱਬੇ ਕੁਚਲੇ ਲੋਕਾਂ ਦੀ ਸਾਂਝੀ ਦੁਸ਼ਮਣ ਹੈ। ਇਸਨੂੰ ਪਰ੍ਹੇ ਵਗਾਹ ਸੁੱਟਣ ਨਾਲ ਅਤੇ ਸਮਾਜਵਾਦ ਸਥਾਪਿਤ ਕਰਨ ਨਾਲ ਹੀ ਸ਼ਾਂਤੀ, ਖੁਸ਼ਹਾਲੀ ਅਤੇ ਖ਼ੁਸ਼ੀ ਮਿਲ ਸਕੇਗੀ, ਬ੍ਰਿਟਿਸ਼ ਪ੍ਰੋਲੇਤਾਰੀ ਨੂੰ ਅਤੇ ਦਲਿਤ ਲੋਕਾਂ ਨੂੰ।

***

ਕਾਂਡ 3

# ਬਗ਼ਾਵਤ ਦੇ ਅਸਫ਼ਲ ਹੋਣ ਦੇ ਕਾਰਨ ਅਤੇ ਇਸ ਦੀ ਵਿਰਾਸਤ

ਹੁਣ ਅਸੀਂ ਐਸੀਂ ਅੰਗ੍ਰੇਜ਼ੀ ਰਾਜ ਦੇ ਵਿਰੁੱਧ ਐਡੀ ਵੱਡੀ ਪੱਧਰ 'ਤੇ ਹੋਈ ਬਗ਼ਾਵਤ ਦੀ ਅਸਫ਼ਲਤਾ ਦੇ ਕਾਰਨਾਂ ਵੱਲ ਸੰਖੇਪ ਤੌਰ 'ਤੇ ਜਾਂਦੇ ਹਾਂ। ਇਸਦੀ ਅਸਫ਼ਲਤਾ ਦੇ ਕਈ ਕਾਰਣ ਸਨ। ਪਹਿਲਾ, ਬਗ਼ਾਵਤ ਲਗਭਗ ਆਰਥਿਕ ਅਕੇ ਸਿਆਸੀ ਨੀਤੀਆਂ, ਜੋ ਈਸਟ ਇੰਡੀਆ ਕੰਪਨੀ, ਜੋ ਭਾਰਤ 'ਤੇ ਰਾਜ ਕਰ ਰਹੀ ਸੀ, ਨੇ ਅਪਨਾਈਆਂ ਸਨ, ਦੇ ਜਵਾਬ ਵਿਚ 1857 ਦੀ ਬਿਨ੍ਹਾ ਕਿਸੇ ਤਿਆਰੀ ਦੇ ਆਪਣੇ ਆਪ ਹੀ ਉੱਠ ਪਈ ਵਿਰੋਧੀ ਕਾਰਵਾਈ ਸੀ, ਜਿਸਨੇ ਭਾਰਤ ਦੇ ਹਰ ਵਰਗ ਦੇ ਲੋਕਾਂ ਨੂੰ, ਉੱਚੀ ਜਾਗੀਰਦਾਰੀ ਤੋਂ ਲੈ ਕੇ ਹੇਠਲੀ ਪੱਧਰ ਦੀ ਕਿਸਾਨੀ ਅਤੇ ਕਾਰੀਗਰਾਂ ਨੂੰ ਸਰਕਾਰ ਦੇ ਵਿਰੋਧ ਵਿਚ ਖੜ੍ਹੇ ਕਰ ਦਿੱਤਾ ਸੀ। ਜਦ ਐਸੇ ਵਾਸਤਵਿਕ ਹਾਲਾਤ ਬਣ ਗਏ, ਵੱਡੇ ਜਾਗੀਰਦਾਰ ਵੀ ਆਪਣੇ ਰੋਸਿਆਂ ਨੂੰ ਲੈ ਕੇ, ਬਗ਼ਾਵਤ ਨਾਲ ਰਲ ਗਏ, ਜਿਹਨਾਂ ਦਾ ਇਹੀ ਬਿਆਨਿਆ ਟੀਚਾ ਸੀ ਕਿ ਵਿਦੇਸ਼ੀ ਹਾਕਮਾਂ ਨੂੰ ਦੇਸ ਵਿਚੋਂ ਕੱਢਣਾ ਹੈ। ਉਸ ਸਮੇਂ ਵਿਅਕਤੀਗਤ ਕਾਰਨ ਅਤੇ ਸਾਰੀ ਕੌਮ ਦੇ ਕਾਰਨ ਆਪਸ ਵਿਚ ਮਿਲ ਗਏ – ਜਿਸ ਦਾ ਸਿੱਟਾ ਇਹ ਨਿਕਲਿਆ ਕਿ ਜਾਗੀਰਦਾਰਾਂ ਅਤੇ ਤੱਲੁਕਦਾਰਾਂ (ਵੱਡੇ ਜਾਗੀਰਦਾਰ) ਨੇ ਹਥਿਆਰਬੰਦ ਬਗ਼ਾਵਤ ਵਿਚ ਸ਼ਾਮਿਲ ਹੋ ਕੇ ਦੇਸ਼ਭਗਤੀ ਦੀ ਭੂਮਿਕਾ ਨਿਭਾਈ।

## ਕੋਈ ਕੇਂਦਰੀ ਸੰਗਠਨ ਨਹੀਂ ਸੀ

ਇਸ ਬਗ਼ਾਵਤ ਨੂੰ ਅੱਗੇ ਚਲਾਉਣ ਵਾਸਤੇ ਕੋਈ ਕੇਂਦਰੀ ਸੰਗਠਨ ਨਹੀਂ ਸੀ। ਉਸ ਵੇਲੇ ਭਾਰਤ ਵਿਚ ਨਾ ਤਾਂ ਬੁਰਜੁਆ ਅਤੇ ਨਾ ਹੀ ਪ੍ਰੋਲੇਤਾਰੀ ਵਰਗ ਹੋਂਦ ਵਿਚ ਆਏ ਸਨ ਜੋ ਇਸ ਬਗ਼ਾਵਤ ਦੀ ਅਗਵਾਈ ਕਰ ਸਕਦੇ ਅਤੇ ਇਸ ਨੂੰ ਅੱਗੇ ਵੱਲ ਧੱਕਦੇ। ਫਲਸਰੂਪ, ਕੋਈ ਸਿਆਸੀ ਪਾਰਟੀਆਂ ਨਹੀਂ ਸਨ (ਜਿਵੇਂ ਪੈਰਿਸ ਵਿਚ ਜੈਕੋਬਿਨ ਕਲੱਬ, ਜੋ ਫ਼ਰਾਂਸਿਸੀ ਇਨਕਲਾਬ ਵੇਲੇ ਮੌਜੂਦ ਸੀ)। ਅਜੇ ਆਰਥਿਕ ਅਤੇ ਰਾਜਨੀਤਿਕ ਵਿਕਾਸ ਐਨਾ ਨਹੀਂ ਹੋਇਆ ਸੀ ਕਿ ਇਹਨਾਂ ਹਾਲਾਤ ਲਈ ਜ਼ਮੀਨ ਤਿਆਰ ਕੀਤੀ ਜਾ ਸਕੇ, ਜੋ ਕਿਸੇ ਵੀ ਸੰਘਰਸ਼ ਲਈ ਬਹੁਤ ਜ਼ਰੂਰੀ ਹੈ। ਭਾਵੇਂ ਬਾਗ਼ੀਆਂ ਦੀ ਦਿੱਲੀ 'ਤੇ ਨਜ਼ਰ ਸੀ, ਇਹ ਨਜ਼ਰ ਬਹੁਤ ਕਰਕੇ ਜਾਗੀਰਦਾਰੀ ਸੋਚ ਨੇ ਧੁੰਦਲਾ ਦਿੱਤੀ ਸੀ, ਕਿਉਂਕਿ ਇਸ ਵਿਚ ਆਧੁਨਿਕ ਰਾਜ ਦਾ ਪੱਖ ਪ੍ਰਗਟ ਨਹੀਂ ਸੀ।

## ਕੇਂਦਰੀ ਕਮਾਂਡ ਦੀ ਘਾਟ

ਦੂਸਰੇ, ਇਕ ਕੇਂਦਰੀ ਕਮਾਂਡ ਦੀ ਘਾਟ ਸੀ, ਭਾਵ ਇਕ ਇੱਕਲੀ ਮਿਲਟਰੀ ਕਮਾਂਡ ਅਤੇ ਚੰਗੀ ਤਰ੍ਹਾਂ ਨਿਯੋਜਿਤ ਕਾਰਜ ਸ਼ੈਲੀ ਅਤੇ ਯੋਜਨਾ, ਜੋ ਅਸਫ਼ਲਤਾ ਲਈ ਵੱਡੇ ਕਾਰਨ ਬਣੇ। ਜਦ ਕਿ ਬ੍ਰਿਟਿਸ਼ ਲੋਕ ਰਣਨੀਤੀ ਬਣਾ ਸਕਦੇ ਸਨ ਫ਼ੈਸਲਾ ਕਰ ਸਕਦੇ ਸਨ, ਅਤੇ ਫੌਜ

ਦੀ ਆਵਾਜਾਈ ਸਾਰੇ ਹੀ ਮਹੱਤਵਪੂਰਨ ਕੇਂਦਰਾਂ 'ਤੇ ਲਾਗੂ ਕਰ ਸਕਦੇ ਸਨ ਅਤੇ ਆਪਣੀ ਫ਼ੌਜੀ ਤਾਕਤ ਨੂੰ ਲੋੜ ਪੈਣ 'ਤੇ ਇਕਮੁੱਠ ਕਰ ਸਕਦੇ ਸਨ ਅਹਿਮ ਠਿਕਾਣਿਆਂ ਉੱਪਰ, ਬਾਗ਼ੀ ਫ਼ੌਜਾਂ ਕੋਲ ਐਸੀ ਕੋਈ ਸਮੁੱਚੀ ਨੀਤੀ ਨਹੀਂ ਸੀ, ਨਾ ਹੀ ਰਣਨੀਤੀ ਅਤੇ ਕਾਰਵਾਈ ਦੀ ਯੋਜਨਾ। ਬਾਗ਼ੀਆਂ ਦੀ ਇਹ ਬਹੁਤ ਗੰਭੀਰ ਕਮਜ਼ੋਰੀ ਸੀ ਕਿ ਉਹ ਕਿਸੇ ਬੰਦੇ ਨੂੰ ਲੱਭਣ ਵਿਚ ਅਸਫ਼ਲ ਰਹੇ *"ਜਿਸ ਨੂੰ ਉਹ ਆਪਣੀ ਸਰਵਉੱਚ ਕਮਾਨ ਸੰਭਾਲ ਸਕਦੇ, "* ਜੋ ਇਕ ਬਹੁਤ ਹੀ ਜ਼ਰੂਰੀ ਅਤੇ ਪਹਿਲਾ ਪੱਖ ਚਾਹੀਦਾ ਸੀ ਗੰਭੀਰ ਅਤੇ ਲੰਬੀ ਲੜਾਈ ਅੰਗ੍ਰੇਜ਼ਾਂ ਦੇ ਖ਼ਿਲਾਫ਼ ਲੜਨ ਲਈ। ਕੋਈ ਵੀ ਬਾਗ਼ੀ ਸਿਪਾਹੀ ਕਦੀ ਫ਼ੌਜ ਵਿਚ ਅਫ਼ਸਰ ਨਹੀਂ ਰਿਹਾ ਸੀ, ਕਦੇ ਕਿਸੇ ਨੇ ਕੋਈ ਕਮਾਂਡ ਨਹੀਂ ਕੀਤੀ ਸੀ ਅਤੇ ਸਦਾ ਹੀ ਅੰਗ੍ਰੇਜ਼ ਅਫ਼ਸਰਾਂ ਦੇ ਅਧੀਨ ਲੜਦੇ ਰਹੇ ਸਨ। ਭਾਵੇਂ, ਜਿਵੇਂ ਆਪਣੇ ਅੰਗ੍ਰੇਜ਼ ਦੀ ਸਫਲਤਾ ਪੂਰਵਕ ਦਿੱਲੀ ਦੇ ਜਿੱਤ ਦੇ ਵਿਸ਼ਲੇਸ਼ਨ ਵਿਚ ਏਂਗਲਜ਼ ਲਿਖਦਾ ਹੈ, ਬਾਗ਼ੀਆਂ ਦੀਆਂ ਚਾਲਾਂ ਤੋਂ ਪਤਾ ਲੱਗਦਾ ਸੀ ਕਿ *"ਵਿਗਿਆਨਕ ਯੁੱਧ ਨੀਤੀ ਦੇ ਕੁਝ ਅੰਸ਼ ਸਿਪਾਹੀਆਂ ਵਿਚ ਵੀ ਆ ਚੁੱਕੇ ਸਨ"* ਪਰ ਜਾਂ ਤਾਂ ਇਹ ਚਾਲਾਂ *"ਬਹੁਤ ਸਪੱਸ਼ਟ ਨਹੀਂ ਸਨ ਜਾਂ ਸ਼ਕਤੀਸ਼ਾਲੀ ਨਹੀਂ ਸਨ, ਜੋ ਪ੍ਰਭਾਵੀ ਢੰਗ ਨਾਲ ਕਾਰਜ ਸਿੱਧ ਹੁੰਦੀਆਂ..ਜਾਂ ਸੰਗਠਨ ਦੀ ਅਣਹੋਂਦ ਅਤੇ ਕਮਾਂਡ ਦੀ ਕਮੀ ਨੇ ਜੋ ਕੁਝ ਪ੍ਰਾਪਤ ਕੀਤਾ ਜਾ ਸਕਦਾ ਸੀ ਨਾ ਹੋਣ ਦਿੱਤਾ ਅਤੇ ਸਭ ਕੋਸ਼ਿਸ਼ਾਂ ਨਾਕਾਮ ਹੋ ਗਈਆਂ।"*[52]

ਅੰਗ੍ਰੇਜ਼ ਦਿੱਲੀ ਉੱਪਰ ਨ੍ਹੇਰੀ ਵਾਂਗ ਛਾ ਜਾਣ ਵਿਚ ਸਫ਼ਲ ਹੋਏ *"ਕਿਸੇ ਬੜੀ ਅਸਾਧਾਰਨ ਬਹਾਦਰੀ ਨਾਲ ਨਹੀਂ, ਭਾਵੇ ਵਿਅਕਤੀਗਤ ਬਹਾਦਰੀ ਦੇ ਕਾਰਨਾਮੇ ਜਿਵੇਂ ਹਰ ਲੜਾਈ ਵਿੱਚ ਹੁੰਦਾ ਹੈ, ਦੋਨੋ ਪਾਸੇ ਦਿਖਾਈ ਦਿੱਤੇ .."* ਪਰ *"ਵਧੇਰੇ ਉੱਦਮਸ਼ੀਲਤਾ, ਆਚਰਨ ਦੀ ਮਜ਼ਬੂਤੀ, ਸਮਝ ਅਤੇ ਯੁੱਧ ਕਲਾ"*[53] ਅੰਗ੍ਰਜ਼ਾਂ ਨੂੰ ਸਮੇਂ ਸਿਰ ਕੁਮਕ ਵੀ ਮਿਲਦੀ ਰਹੀ ਦਿੱਲੀ ਉੱਪਰ ਕਬਜਾਂ ਕਰਨ ਲਈ, ਜਦ ਕਿ ਬਾਗ਼ੀ ਸਿਪਾਹੀ ਨਾਇਤਫ਼ਾਕੀ, ਵਖਰੇਵਾਂ ਅਤੇ ਢਹਿੰਦੀ ਕਲਾ ਦਾ ਸ਼ਿਕਾਰ ਹੋ ਰਹੇ ਸਨ।

## ਜਾਗੀਰਦਾਰੀ ਵਿਚ ਪਤਨ ਅਤੇ ਗ਼ੱਦਾਰੀ

ਤੀਸਰੇ, ਜਾਗੀਰਦਾਰੀ ਆਗੂਆਂ ਦੀ ਅੰਦਰੂਨੀ ਕਮਜ਼ੋਰੀ ਨੇ ਵੀ ਹਾਰ ਦੇ ਵਿਚ ਹਿੱਸਾ ਪਾਇਆ। ਬਹਾਦਰ ਸ਼ਾਹ ਜ਼ਫ਼ਰ, ਜੋ ਮੁਗ਼ਲੀ ਖ਼ਾਨਦਾਨ ਵਿਚੋਂ ਬੇਦਖ਼ਲ ਕੀਤਾ ਹੋਇਆ ਸੀ, ਨੂੰ ਬਾਗ਼ੀਆਂ ਨੇ ਆਪਣਾ ਸ਼ਹਿਨਸ਼ਾਹ ਬਣਾਉਣ ਦਾ ਐਲਾਨ ਕਰ ਦਿੱਤਾ, ਜਿਸਨੂੰ ਨਾ ਕੋਈ ਤਜਰਬਾ ਸੀ, ਨਾ ਕੋਈ ਫ਼ੈਸਲਾ ਲੈ ਸਕਦਾ ਸੀ, ਇਰਾਦੇ ਦਾ ਕਮਜ਼ੋਰ ਸੀ ਅਤੇ ਅਤੇ ਆਪਣੀ ਚਹੇਤੀ ਪਤਨੀ (ਜ਼ੀਨਮ ਮਹਲ) ਦੇ ਕਹੇ 'ਤੇ ਚੱਲਦਾ ਸੀ, ਜਿਹੜੀ, ਆਪਣੇ ਪਰਿਵਾਰ ਦੇ ਹੋਰ ਬੰਦਿਆਂ ਸਮੇਤ, ਖ਼ੁਫ਼ੀਆ ਤੌਰ 'ਤੇ ਅੰਗ੍ਰੇਜ਼ਾਂ ਨਾਲ ਰਲੀ ਹੋਈ ਸੀ, ਤਾਂ ਜੋ ਬਗ਼ਾਵਤ ਨੂੰ ਕਿਸੇ ਸਮਝੌਤੇ ਦੁਆਰਾ ਖ਼ਤਮ ਕੀਤਾ ਜਾ ਸਕੇ ਜਿਸ ਅਨੁਸਾਰ *"ਉਹਨਾਂ ਨੂੰ ਪੈਨਸ਼ਨ ਦੀ ਗਾਰੰਟੀ ਅਤੇ ਬਾਦਸ਼ਾਹਤ ਦੇ ਸਾਰੇ ਵਿਸ਼ੇਸ਼ ਅਧਿਕਾਰ ਮਿਲ ਜਾਣ, ਜਿਵੇਂ ਪਹਿਲਾਂ ਸਨ . . . ."*[54]

ਜਿਵੇਂ ਦੇਸ਼ ਭਗਤੀ ਦੇ ਗੁਣ, ਬਹਾਦਰੀ, ਹਿੰਮਤ ਅਤੇ ਸਮਰਪਨ ਭਾਰਤ ਨੂੰ ਅੰਗ੍ਰੇਜ਼ ਤੋਂ ਆਜ਼ਾਦ ਕਰਾਉਣ ਲਈ ਇਹਨਾਂ ਜਾਗੀਰਦਾਰੀ ਤੱਤਾਂ ਵਿਚ ਮੌਜੂਦ ਸਨ – ਰਾਣੀ ਝਾਂਸੀ, ਨਾਨਾ ਸਾਹਿਬ, ਮੌਲਵੀ ਅਹਿਮਦੁਲਾਹ, ਤਾਂਤਿਆ ਤੋਪੇ, ਬੇਗਮ ਹਜ਼ਰਤ ਮਹਲ, ਕੁੰਵਰ ਸਿੰਘ ਅਤੇ ਅਮਰ ਸਿੰਘ ਜਗਦੀਸ਼ਪੁਰ ਦੇ। ਓਸੇ ਤਰ੍ਹਾਂ ਹੀ ਜਾਗੀਰਦਾਰੀ ਦਾ ਪਤਨ ਭਾਵ ਵੱਡੀ

ਗਿਰਾਵਟ ਵੀ ਸਾਹਮਣੇ ਆ ਰਹੇ ਸਨ ਉਹਨਾਂ ਦੀ ਖ਼ੁਦਗਰਜ਼ੀ, ਡਰਾਕਲ ਰੰਗਤ, ਅਤੇ ਗ਼ੱਦਾਰੀ ਵਿਚੋਂ ਨਾਲ ਹੀ ਉਹਨਾਂ ਦੀ ਆਚਰਨ ਦੀ ਗਿਰਾਵਟ, ਭੋਗ ਵਿਲਾਸੀ ਜੀਵਨ, ਸ਼ਰਾਬਨੋਸ਼ੀ, ਆਦਿ, 'ਚੋਂ। ਅਲਾਮਾ ਫ਼ਜ਼ਲੇ ਹੱਕ, ਜਿਹੜਾ ਬਾਦਸ਼ਾਹ ਦੇ ਅਤੇ ਦਰਬਾਰ ਦੇ ਨਜ਼ਦੀਕ ਸੀ, ਇਹ ਕਹਿਣ ਮਗਰੋਂ ਕਿ ਕੋਈ ਫ਼ੈਸਲਾ ਨਾ ਲੈਣ ਜੋਗੇ ਬਾਦਸ਼ਾਹ ਉੱਪਰ ਤਾਂ ਉਸਦੀ ਬੇਗਮ ਅਤੇ ਵਜ਼ੀਰ ਅਤੇ ਕੁਝ ਉਸ ਦੇ ਪਰਿਵਾਰ ਦੇ ਬੰਦੇ ਹੀ ਰਾਜ ਕਰਦੇ ਸਨ, ਜਿਹੜੇ ਬਾਗ਼ੀਆਂ ਦੇ ਪੱਕੇ ਦੁਸ਼ਮਣ ਸਨ ਅਤੇ ਅੰਗ੍ਰੇਜ਼ਾਂ ਦੇ ਨੇੜੇ ਸਨ – ਇਹ ਸਦਮਾ ਦੇਣ ਵਾਲਾ ਨਜ਼ਾਰਾ ਮਿਲਦਾ ਹੈ ਕਿ ਕਿਸ ਤਰ੍ਹਾਂ ਉਹ ਨਾਲਾਇਕ ਸਨ, ਕਿਸੇ ਕੰਮ ਦੇ ਨਹੀਂ ਸਨ ਅਤੇ ਵਿਭਚਾਰੀ ਸਨ, ਜਿਹਨਾਂ ਦੀ ਅਗਵਾਈ ਬਾਦਸ਼ਾਹ ਦੇ ਬੇਟੇ ਅਤੇ ਪੋਤਰੇ ਕਰਦੇ ਸਨ।

"(ਬਹਾਦਰ ਸ਼ਾਹ ਨੇ) *ਆਪਣੇ ਹੀ ਕੁਝ ਪੁੱਤਰਾਂ ਅਤੇ ਪੋਤਰਿਆਂ ਨੂੰ, ਫ਼ੌਜ ਦੇ ਅਫ਼ਸਰ ਬਣਾ ਦਿੱਤਾ ਹੋਇਆ ਸੀ, ਜਿਹੜੇ ਬਿਲਕੁਲ ਬੇਵਕੂਫ਼ ਸਨ, ਬੇਈਮਾਨ ਸਨ, ਅਤੇ ਡਰਪੋਕ ਸਨ। ਉਹ ਇਮਾਨਦਾਰ ਅਤੇ ਸਿਆਣੇ ਵਿਅਕਤੀਆਂ ਨੂੰ ਨਫ਼ਰਤ ਕਰਦੇ ਸਨ। ਉਹਨਾਂ ਨੇ ਕਦੇ ਲੜਾਈ ਦੇਖੀ ਹੀ ਨਹੀਂ ਸੀ ਤੇ ਨਾ ਹੀ ਉਹਨਾਂ ਨੂੰ ਤਲਵਾਰਬਾਜ਼ੀ ਅਤੇ ਨੇਜ਼ਾਬਾਜ਼ੀ ਦਾ ਕੋਈ ਤਜਰਬਾ ਸੀ। ਉਹ ਤਾਂ ਆਪਣੇ ਸਲਾਹਕਾਰ ਅਤੇ ਸਾਥੀ ਭੈੜੇ ਅਤੇ ਨੀਚ ਲੋਕਾਂ ਵਿਚੋਂ ਚੁਣਦੇ ਸਨ। ਇਹ ਨਾ ਤਜਰਬੇਕਾਰ ਲੋਕ ਆਪ ਐਸ਼ੋ ਇਸ਼ਰਤ ਅਤੇ ਫ਼ਜ਼ੂਲ ਖ਼ਰਚੀ ਵਿਚ ਫਸੇ ਹੋਏ ਸਨ ਅਤੇ ਸਦਾ ਭੋਗ ਵਿਲਾਸ ਦੇ ਹੜ੍ਹ ਵਿਚ ਹੀ ਡੁੱਬੇ ਰਹਿੰਦੇ ਸਨ। ਉਹ ਗ਼ਰੀਬੀ ਦੇ ਮਾਰੇ ਅਚਾਨਕ ਹੀ ਅਮੀਰੀ ਭੋਗਣ ਲੱਗ ਪਏ ਸਨ ਤੇ ਜਦ ਉਹਨਾਂ ਕੋਲ ਅਮੀਰੀ ਹੋ ਗਈ ਤਾਂ ਉਹ ਬਰਬਾਦ ਕਰਨ ਵਾਲੀ ਅਯਾਸ਼ੀ ਵੱਲ ਤੁਰ ਪਏ। ਉਹ ਲੋਕਾਂ ਤੋਂ ਵੱਡੀਆਂ ਰਕਮਾਂ ਉਧਾਰ ਲੈਂਦੇ ਸਨ, ਇਹ ਬਹਾਨਾ ਕਰਕੇ ਕਿ ਫ਼ੌਜ ਲਈ ਰਸਦ ਖ਼ਰੀਦਣੀ ਹੈ ਅਤੇ ਜੋ ਵੀ ਮਿਲਦਾ ਸੀ ਉਹ ਹੜੱਪ ਕਰ ਲੈਂਦੇ ਸਨ। ਸ਼ਹਿਰ ਦੀਆਂ ਉੱਚ ਕੋਟੀ ਦੀਆਂ ਵੇਸਵਾਵਾਂ ਉਹਨਾਂ ਨੂੰ ਫ਼ੌਜ ਦੇ ਕਿਸੇ ਵੀ ਕੰਮ ਆਉਣ ਤੋਂ ਨਕਾਰਾ ਬਣਾ ਰਹੀਆਂ ਸਨ ਅਤੇ ਉਹ ਫ਼ੌਜਾਂ ਦੀ ਅਗਵਾਈ ਕਰਨ ਦੀ ਥਾਂ ਆਪਣੀਆਂ ਰਖੇਲਾਂ ਨਾਲ ਰੰਗ ਰਲੀਆਂ ਮਨਾ ਰਹੇ ਸਨ ਅਤੇ ਕਦੇ ਵੀ ਰਾਤ ਨੂੰ ਫ਼ੌਜ ਦੇ ਨਾਲ ਗਸ਼ਤ ਕਰਨ ਨਹੀਂ ਜਾਂਦੇ ਸਨ . . . ਉਹ ਰਾਤਾਂ ਸੌਂ ਕੇ ਅਤੇ ਦਿਨ ਸ਼ਰਾਬਾਂ ਪੀ ਕੇ ਗੁਜ਼ਾਰਦੇ ਸਨ। ਜਦ ਉਹ ਸੁੱਤੇ ਉਠਦੇ ਸਨ ਅਤੇ ਹੋਸ਼ ਵਿਚ ਆਉਂਦੇ ਸਨ, ਤਾਂ ਉਹਨਾਂ ਨੂੰ ਸ਼ਰਮ ਆਉਂਦੀ ਸੀ ਤੇ ਆਪਣੇ ਆਪ 'ਤੇ ਹੈਰਾਨ ਹੁੰਦੇ ਸਨ।"*[55]

ਜੋ ਫ਼ਜ਼ਲ ਹੱਕ ਨੇ ਲਿਖਿਆ ਹੈ ਉਸਦੀ ਪੂਰੀ ਤਸਦੀਕ ਬ੍ਰਿਟਿਸ਼ ਇਤਹਾਸਕਾਰਾਂ, ਅਫ਼ਸਰਾਂ ਅਤੇ ਜਾਸੂਸਾਂ ਦੀਆਂ ਲਿਖਤਾਂ ਤੋਂ ਹੁੰਦੀ ਹੈ। ਐਸੀ ਗ਼ੱਦਾਰੀ ਨੇ ਤਾਂ ਬਾਗ਼ੀ ਸਿਪਾਹੀਆਂ ਵਿਚ ਬਿਲਕੁਲ ਹਫਰਾ-ਤਫ਼ਰੀ ਮਚਾ ਦਿੱਤੀ ਹੋਈ ਸੀ ਅਤੇ ਉਹਨਾਂ ਦਾ ਮਨੋਬਲ ਡੇਗ ਦਿੱਤਾ ਸੀ।

ਓਹੀ ਫ਼ਜ਼ਲ ਹੱਕ, ਜਿਹੜਾ ਪੜ੍ਹਿਆ ਲਿਖਿਆ ਦੇਸ਼ ਭਗਤ ਸੀ ਅਤੇ ਹਾਲਾਤ ਦਾ ਚਸ਼ਮਦੀਦ ਗਵਾਹ ਸੀ, ਇਸੇ ਤਰ੍ਹਾਂ ਦੀ ਭੈੜੀ ਤਸਵੀਰ ਅਵਧ ਦੇ ਦਰਬਾਰੀਆਂ ਦੀ ਪੇਸ਼ ਕਰਦਾ ਹੈ ਅੰਤਲੇ ਸਮੇਂ ਵਿਚਲੀ ਜਦ ਬਗ਼ਾਵਤ ਹੋਈ ਸੀ ਅਤੇ ਜਦ ਬਾਗ਼ੀ ਸਿਪਾਹੀ ਹਾਰ ਰਹੇ ਸਨ। ਉਹ ਇੰਜ ਬਿਆਨ ਕਰਦਾ ਹੈ –

*"ਨਵਾਬ ਦੀ ਸਰਕਾਰ ਦੇ ਸਾਰੇ ਹੀ ਅਫ਼ਸਰ ਅਤੇ ਵਜ਼ੀਰ ਬਿਲਕੁਲ ਨਿਕੰਮੇ ਸਨ, ਡਰਪੋਕ ਸਨ ਅਤੇ ਕਾਇਰ ਸਨ, ਬੇਅਕਲ ਸਨ ਅਤੇ ਬੇਈਮਾਨ ਸਨ। ਉਹ ਨਾ ਸਿਆਣੇ ਸਨ ਤੇ ਨਾ ਹੀ ਭਰੋਸੇਯੋਗ ਸਨ। ਉਹਨਾਂ ਵਿਚ ਅਨਪੜ੍ਹ ਸਨ, ਆਰਾਮ ਪ੍ਰਸਤ ਸਨ, ਬੇਤੁਕੇ ਸਨ, ਰੌਲਾ*

*ਪਾਉਣ ਵਾਲੇ ਸਨ, ਸੁਸਤ ਸਨ ਅਤੇ ਕਮਜ਼ੋਰ ਸਨ ਜਿਹੜੇ ਕੇਵਲ ਚਾਪਲੂਸੀ ਕਰਦੇ ਸਨ, ਪਿੱਛੇ ਲੱਗੂ ਝੋਲੀ ਚੁੱਕ ਸਨ। ਉਹ ਆਪਣੇ ਕੀਤੇ ਪ੍ਰਣ ਅਤੇ ਦਿੱਤੇ ਬਚਨ ਤੋੜਦੇ ਸਨ . . . ਉਹ ਬਿਲਕੁਲ ਦੰਭੀ ਸਨ, ਜੋ ਈਸਾਈਆਂ (ਭਾਵ ਅੰਗ੍ਰਜ਼ਾਂ) ਦੀ ਹਿਮਾਇਤ ਕਰਨ ਲੱਗ ਪਏ ਸਨ, ਉਹਨਾਂ ਨਾਲ ਰਲੇ ਹੋਏ ਸਨ ਅਤੇ ਜਿੱਤ ਵਿਚ ਉਹਨਾਂ ਦੀ ਮਦਦ ਤੇ ਉੱਤਰੇ ਸਨ."*[56]

## ਅਵਧ ਵਿਚ ਜਾਗੀਰਦਾਰ ਨੇਤਾਵਾਂ ਦੀ ਦੋਹਰੀ ਭੂਮਕਾ

ਫ਼ਜ਼ਲ ਹੱਕ ਆਪਣੇ ਸ਼ਬਦਾਂ ਵਿਚ ਦੱਸਦਾ ਹੈ, ਬਿਨਾ ਸ਼ੱਕ, ਜੋ ਰੂਹਾਨੀ ਕਮਜ਼ੋਰੀ ਹੈ। ਅਵਧ ਦੇ ਦਰਬਾਰ ਵਿਚ ਅਤੇ ਇਸਦੀ ਨੇਤਾਵਾਂ ਵਿਚ ਸੀ। ਇਸਦੇ ਨਾਲ ਹੀ ਅਵਧ ਵਿਚ ਜੋ ਜਗੀਰਦਾਰ ਲੀਡਰਾਂ ਦੀ ਭੂਮਿਕਾ ਰਹੀ, ਬਗ਼ਾਵਤ ਦੇ ਦੌਰਾਨ, ਉਸਦਾ ਠੀਕ ਅੰਦਾਜ਼ਾ ਲਗਾਉਣ ਵਿਚ ਹੇਠ ਲਿਖੀ ਤਸਵੀਰ ਸਾਹਮਣੇ ਆਉਂਦੀ ਹੈ। ਬਗ਼ਾਵਤ ਦੇ ਪਹਿਲੇ ਮਰਹਲੇ ਵਿਚ, ਥੋੜ੍ਹਿਆਂ ਨੂੰ ਛੱਡ, ਸਾਰੇ ਹੀ ਵੱਡੇ ਜਾਗੀਰਦਾਰ ਬਾਗ਼ੀ ਸਿਪਾਹੀਆਂ ਦੇ ਹਿਮਾਇਤੀ ਬਣ ਗਏ ਸਨ ਪਰ ਉਹਨਾ ਕੋਈ ਸਰਗਰਮ ਹਿੱਸਾ ਨਹੀਂ ਸੀ ਲਿਆ, ਅਤੇ ਉਡੀਕਣ ਤੇ ਵੇਖਣ ਦੀ ਨੀਤੀ ਹੀ ਅਪਣਾਈ ਹੋਈ ਸੀ ਉਹਨਾਂ ਨੇ, ਕਿ ਕੌਣ ਜਿੱਤਦਾ ਹੈ। ਦੂਸਰੇ ਮਰਹਲੇ ਵਿਚ, ਜਿਹੜਾ ਲਾਰਡ ਕੈਨਿੰਗ ਦੀ ਮਾਰਚ 1858 ਦੇ ਐਲਾਨ ਨਾਲ ਸ਼ੁਰੂ ਹੁੰਦਾ ਹੈ, ਜਿਸ ਅਨੁਸਾਰ, ਸਾਰੇ ਹੀ ਜਾਗੀਰਦਾਰਾਂ ਦੀਆਂ, ਛੇ ਤੱਲੁਕਦਾਰਾਂ ਨੂੰ ਛੱਡ ਕੇ, ਜ਼ਮੀਨਾਂ ਜ਼ਬਤ ਕਰ ਲਈਆਂ ਗਈਆਂ ਸਨ, ਇਸ ਲਈ ਜਾਗੀਰਦਾਰ ਸਾਰੇ ਦੇ ਸਾਰੇ ਹੀ ਬਾਗ਼ੀਆਂ ਨਾਲ ਰਲ ਗਏ ਸਨ। ਆਖ਼ਰੀ ਮਰਹਲੇ ਵਿਚ, ਲਖਨਊ ਦੇ ਫ਼ਤਹਿ ਹੋਣ ਮਗਰੋਂ ਅਤੇ ਇਹ ਜਾਣ ਕੇ ਕਿ ਅੰਗ੍ਰੇਜ਼ ਜਿੱਤ ਰਹੇ ਹਨ, ਬਹੁਤੇ ਜਾਗੀਰਦਾਰ ਅੰਗ੍ਰੇਜ਼ ਦੀ ਈਨ ਮੰਨਣ ਲਈ ਸ਼ਰਤਾਂ ਦੀ ਜਾਚਨਾ ਕਰ ਰਹੇ ਸਨ। ਹੋਰ ਤਾਂ ਹੋਰ ਅਵਧ ਦੀ ਮਲਕਾ, ਜਿਸਦੀ ਭੂਮਿਕ ਬਹੁਤੀ ਦੇਸ਼ ਭਗਤੀ ਦੀ ਹੀ ਰਹੀ ਸੀ, ਨੇ ਵੀ ਆਪਣਾ ਏਲਚੀ ਬ੍ਰਿਟਿਸ਼ ਹਾਈ ਕਮਾਂਡ ਕੋਲ ਭਜਿਆ ਸੀ, ਜਦ ਉਹ ਨੇਪਾਲ ਵੱਲ ਜਾ ਰਹੀ ਸੀ ਆਪਣੇ ਹਿਮਾਇਤੀਆਂ ਅਤੇ ਫ਼ੌਜੀਆਂ ਨਾਲ।

ਇੰਜ ਇਹ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਜਾਗੀਰਦਾਰੀ ਦੇਸ਼ ਭਗਤੀ ਦੇ ਦੋ ਪੱਖ ਸਨ। ਜਦ ਬਗ਼ਾਵਤ ਉਤਾਂਹ ਵੱਲ ਵਧ ਰਹੀ ਸੀ, ਦਬਾਅ ਅਤੇ ਲੋਕਾਂ ਦੀ ਵਿਦੇਸ਼ੀ ਰਾਜ ਪ੍ਰਤੀ ਆਮ ਨਫ਼ਰਤ ਦੇ ਕਾਰਨ, ਵੱਡੇ ਜਾਗੀਰਦਾਰ ਵਿਦਰੋਹੀਆਂ ਨਾਲ ਰਲ ਗਏ ਸਨ ਅਤੇ ਫ਼ੈਸਲਾਕੁੰਨ ਅਤੇ ਹਾਂ ਪੱਖੀ ਦੇਸ਼ਭਗਤੀ ਦੀ ਭੂਮਿਕਾ ਅਦਾ ਕਰ ਰਹੇ ਸਨ। ਪਰ ਜਦ ਵਿਦਰੋਹੀ ਲਹਿਰ ਥੱਲੇ ਵੱਲ ਨੂੰ ਜਾਣ ਲੱਗੀ, ਅਤੇ ਟੁੱਟ ਫੁੱਟ ਸ਼ੁਰੂ ਹੋ ਗਈ, ਤਾਂ ਉਹਨਾਂ ਦੇ ਆਦਰਸ਼ ਦਾ ਕਮਜ਼ੋਰ ਪੱਖ ਸਾਹਮਣੇ ਆ ਗਿਆ ਤੇ ਭਾਰੂ ਹੋ ਗਿਆ ਅਤੇ ਉਹ ਕਾਇਰ ਗ਼ੱਦਾਰ ਬਣ ਗਏ। ਇਸ ਪ੍ਰਕਾਰ, ਇਕ ਵਰਗ ਦੇ ਤੌਰ 'ਤੇ, *"ਉਹਨਾਂ ਨੇ ਦੋਹਰੀ ਭੂਮਿਕਾ ਅਦਾ ਕੀਤੀ, ਨਾ ਤਾਂ ਖ਼ਾਲਿਸ ਦੇਸ਼ ਭਗਤ ਹੀ ਰਹੇ ਅਤੇ ਨਾ ਹੀ ਪੂਰੀ ਤਰ੍ਹਾਂ ਖ਼ੁਦਗਰਜ਼ ਗ਼ੱਦਾਰ।"*[57]

## ਦੇਸੀ ਰਿਆਸਤਾਂ ਦੀ ਗ਼ੱਦਾਰੀ

ਚੌਥੇ, ਜਾਗੀਰਦਾਰਾਂ ਦੇ ਬਰਖ਼ਾਸਤ ਕੀਤੇ ਅਤੇ ਜ਼ਮੀਨਾਂ ਤੋ ਵਾਂਝੇ ਕੀਤੇ ਵਰਗ ਦੇ ਇਲਾਵਾ, ਦੇਸੀ ਰਿਆਸਤਾਂ ਦੇ ਰਾਜੇ ਸਨ। ਭਾਵੇਂ ਉਹਨਾਂ 'ਚੋਂ ਬੁਹਤ ਸਾਰੇ, ਬ੍ਰਿਟਿਸ਼ ਵਿਰੋਧੀ ਸ਼ਕਤੀ ਸ਼ਾਲੀ ਭਾਵਨਾ ਕਾਰਨ, ਅਤੇ ਹਰ ਦਰਬਾਰ ਵਿਚ ਇਕ ਸੰਗਠਤ ਧੜਾ ਹੋਣ ਕਾਰਨ, ਜਿਹੜਾ ਬਾਗ਼ੀਆਂ

ਦੀ ਹਿਮਾਇਤ ਕਰਨ ਦੇ ਹੱਕ ਵਿਚ ਸੀ, ਉਹਨਾਂ ਨੇ ਨਿਰਪੱਖਤਾ ਦਾ ਕੋਝਾ ਵਤੀਰਾ ਅਪਣਾਇਆ, ਅਤੇ ਉਹਨਾਂ ਵਿਚੋਂ ਇਕ ਅਹਿਮ ਵਰਗ ਨੇ ਪੂਰੀ ਤਰ੍ਹਾਂ ਬ੍ਰਿਟਿਸ਼ ਸਰਕਾਰ ਦੀ ਵਫ਼ਾਦਾਰੀ ਨਿਭਾਈ। ਜਦ ਇਨਕਲਾਬੀ ਪੱਖ ਨੀਵਾਂ ਹੋਣ ਲੱਗ ਪਿਆ ਤਾਂ ਸਾਰੇ ਦੇ ਸਾਰੇ ਹੀ ਆਪਣੀ ਵਫ਼ਾਦਾਰੀ ਜਤਾਉਣ ਲਈ ਅੰਗ੍ਰੇਜ਼ ਵੱਲ ਹੋ ਗਏ। ਇਹਨਾਂ ਰਾਜਿਆਂ ਦੀ ਭੂਮਿਕਾ ਇਨਕਲਾਬ ਦੀ ਹੋਣੀ ਬਣਨ ਵਿਚ ਅਹਿਮ ਸਿੱਧ ਹੋਈ। ਰਾਜਿਆਂ ਨੇ ਜਾਣੋ ਬ੍ਰਿਟਿਸ਼ ਰਾਜ ਨੂੰ ਬਚਾ ਲਿਆ 1857-58 ਵਿਚ ਅਤੇ ਉਹਨਾਂ ਨੂੰ ਹੋਰ 90 ਸਾਲ ਰਾਜ ਕਰਨ ਵਿਚ ਮਦਦ ਦਿੱਤੀ, ਜਿਸ ਨਾਲ ਉਹ ਹਰ ਕਿਸਮ ਦਾ ਸੋਸ਼ਣ ਕਰ ਸਕੇ ਅਤੇ ਭਾਰਤੀ ਜਨਤਾ ਨੂੰ ਵਧੇਰੇ ਦੁਖੀ ਕਰ ਸਕੇ। ਇਥੇ ਕੁਝ ਅਹਿਮ ਮਿਸਾਲਾਂ ਹਨ ਜਦ ਅੰਗ੍ਰੇਜ਼ਾਂ ਦੀ ਮੌਕੇ ਸਿਰ ਮਦਦ ਕੀਤੀ ਗਈ, ਪੂਰੀ ਤਰ੍ਹਾਂ ਝੋਲੀ ਚੁੱਕ, ਕਾਇਰ ਅਤੇ ਗ਼ੱਦਾਰ ਰਾਜਿਆ ਦੁਆਰਾ। ਨਿਜ਼ਾਮ ਹੈਦਰਾਬਾਦ, ਜਿਹੜਾ ਦੱਖਣੀ ਭਾਰਤ ਵਿਚ ਬਹੁਤ ਅਹਿਮ ਸੀ, ਬੜੇ ਅਦਬ ਨਾਲ ਅੰਗ੍ਰੇਜ਼ਾਂ ਦੀ ਹਿਮਾਇਤ ਵਿਚ ਖੜਾ ਹੋਇਆ ਅਤੇ ਦੱਖਣ ਵੱਲੋ ਫ਼ੌਜੀ ਬਾਗ਼ੀਆਂ ਨੂੰ ਹਿਮਾਇਤ ਰੋਕਣ ਵਿਚ ਸਫ਼ਲ ਹੋਇਆ। ਨਿਊਟਨ ਨੇ ਲਿਖਿਆ, *"ਜੇ ਹੈਦਰਾਬਾਦ ਬਾਗ਼ੀ ਹੋ ਜਾਂਦਾ, ਤਾਂ ਅਸੀ ਸਾਰੇ ਦੱਖਣ ਅਤੇ ਦੱਖਣੀ ਭਾਰਤ ਵਿਚ ਬਗ਼ਾਵਤ ਤੋਂ ਬਚ ਨਾ ਸਕਦੇ।"* [58]

ਰਾਜਸਥਾਨ ਦੀਆਂ ਰਿਆਸਤਾਂ ਦੇ ਰਾਜੇ, ਜਿਹੜੇ ਸਦਾ ਹੀ ਆਪਣੀ ਪ੍ਰਾਚੀਨ ਅਤੇ ਸਤਿਕਾਰਤ ਵੰਸ ਦਾ ਫ਼ਖ਼ਰ ਕਰਦੇ ਸਨ ਅਤੇ ਜੰਗੀ ਰਿਵਾਇਤ ਵਾਲੇ ਅਖਵਾਉਂਦੇ ਸਨ, ਬਿਲਕੁਲ ਤਲਵੇ ਚੱਟਣ ਵਾਲੇ ਸਿੱਧ ਹੋਏ, ਆਪਣੀ ਪਰਜਾ ਦੀ ਉਮੀਦ ਦੇ ਉਲਟ, ਅਤੇ ਆਪਣੀਆਂ ਫ਼ੌਜਾਂ ਨੂੰ ਅੰਗ੍ਰੇਜ਼ਾਂ ਦੇ ਹਵਾਲੇ ਕਰ ਦਿੱਤਾ ਤਾਂ ਜੋ ਮਹਾਨ ਬਗ਼ਾਵਤ ਨੂੰ ਦਬਾ ਸਕਣ। ਮਾਲੇਸਨ ਨੇ ਲਿਖਿਆ, *"ਜੇ ਰਾਜਪੁਤਾਨਾ ਬਾਗ਼ੀ ਹੋ ਜਾਂਦਾ," "ਤਾਂ ਇਹ ਮੁਸ਼ਕਿਲ ਹੋਣਾ ਸੀ ਕਿ ਆਗਰਾ ਕਿਵੇਂ ਟਿਕ ਸਕਦਾ, ਅਤੇ ਦਿੱਲੀ ਅੱਗੇ ਸਾਡੀ ਫ਼ੌਜ ਕਿਵੇਂ ਆਪਣੀ ਥਾਂ ਬਣਾਈ ਰੱਖ ਸਕਦੀ ਸੀ?"* [59]

ਮੱਧ ਭਾਰਤ ਵਿਚ ਗਵਾਲੀਅਰ ਦੀ ਕੁੰਜੀਵਤ ਹੋਂਦ ਸੀ। ਸਿੰਧੀਆਂ ਉੱਪਰ ਜਨਤਾ ਦਾ ਬਹੁਤ ਹੀ ਦਬਾਅ ਸੀ ਕਿ ਉਹ ਬਗ਼ਾਵਤ ਵਿਚ ਸ਼ਾਮਿਲ ਹੋਵੇ, ਪਰ ਉਸਨੇ ਇਕ ਨਾ ਮੰਨੀ। ਜੇ ਉਹ ਆਪ ਹੀ ਆਪਣੇ 20,000 ਸਿਪਾਹੀਆਂ ਨੂੰ ਲੈ ਕੇ ਉੱਠ ਖੜਾ ਹੁੰਦਾ, ਜਿਹੜੇ ਬਗ਼ਾਵਤ ਵਿਚ ਸ਼ਾਮਿਲ ਹੋਣਾ ਚਾਹੁੰਦੇ ਸਨ, ਤਾਂ ਇਹ ਕਦਮ ਅੰਗ੍ਰੇਜ਼ਾਂ ਲਈ ਬਹੁਤ ਘਾਤਕ ਹੋਣਾ ਸੀ ਅਤੇ ਨਿਸ਼ਚੇ ਹੀ ਆਗਰਾ ਅਤੇ ਲਖਨਊ ਬਾਗ਼ੀਆਂ ਦੇ ਹੱਥ ਚਲਾ ਜਾਂਦਾ, ਅਤੇ ਜਨਰਲ ਹੈਵਲੌਕ ਆਲਾਹਾਬਾਦ ਵਿਚ ਬੰਦ ਹੋ ਜਾਂਦਾ ਜਾਂ ਉਥੇ ਦੇ ਛੋਟੇ ਕਿਲ੍ਹੇ ਵਿਚ ਹੁੰਦਾ ਜਾਂ ਫਿਰ ਓਥੋਂ ਦੀ ਲੰਘ ਜਾਂਦਾ। ਸਿੰਧੀਆ ਦੀਆਂ ਫ਼ੌਜਾਂ ਬਨਾਰਸ ਵਿਚ ਦੀ ਮਾਰਚ ਕਰਦੀਆਂ ਕਲਕੱਤੇ ਪਹੁੰਚ ਜਾਂਦੀਆਂ, ਕਿਉਂਕਿ ਉਥੇ ਕਿਲਾਬੰਦੀ ਕਰਨ ਲਈ ਅੰਗ੍ਰੇਜ਼ ਫ਼ੌਜ ਹੈ ਨਹੀਂ ਸੀ ਤੇ ਕੋਈ ਉਹਨਾਂ ਨੂੰ ਰੋਕ ਨਹੀਂ ਸਕਦਾ ਸੀ। [60]

ਇਨਜ਼ ਨੇ ਲਿਖਿਆ, "ਸਿੰਧੀਆ ਦੀ ਵਫ਼ਾਦਾਰੀ ਨੇ ਭਾਰਤ ਨੂੰ ਅੰਗ੍ਰੇਜ਼ਾਂ ਲਈ ਬਚਾ ਲਿਆ,"। [61]

ਪਟਿਆਲਾ ਅਤੇ ਜੀਂਦ ਦੇ ਸਿਖ ਰਾਜਿਆਂ ਅਤੇ ਕਰਨਾਲ ਦੇ ਨਵਾਬ ਨੇ ਆਪਣੀਆ ਫ਼ੌਜਾਂ ਅਤੇ ਵਸੀਲੇ ਅੰਗ੍ਰੇਜ਼ ਲੁਟੇਰਿਆਂ ਦੇ ਹਵਾਲੇ ਕਰ ਦਿੱਤੇ ਅਤੇ ਇਹ ਵੀ ਪ੍ਰਣ ਕੀਤਾ ਕਿ ਉਹ ਆਪਣੇ ਭਰਤੀ ਕੀਤੇ ਹੋਏ ਫ਼ੌਜੀਆਂ ਨਾਲ ਅੰਗ੍ਰੇਜ਼ ਦੇ ਮੁੱਖ ਟਿਕਾਣੇ ਅੰਬਾਲਾ ਅਤੇ ਦਿੱਲੀ

ਵਿਚਕਾਰ ਦੀ ਸੜਕ ਉਹਨਾਂ ਵਾਸਤੇ ਸਾਫ਼ ਰੱਖਣਗੇ, ਤਾਂ ਜੋ ਹਰ ਪ੍ਰਕਾਰ ਦੀ ਕੁਮਕ ਉਹਨਾਂ ਨੂੰ ਪਹੁੰਚਦੀ ਰਹੇ ਜਦ ਉਹਨਾਂ ਨੇ ਦਿੱਲੀ, ਬਾਗ਼ੀਆਂ ਦੀ ਰਾਜਧਾਨੀ, ਉਪਰ ਘੇਰਾ ਘੱਤਿਆ ਹੋਇਆ ਸੀ।

ਅਖ਼ਬਾਰਾਂ ਪੜ੍ਹਨ ਮਗਰੋਂ ਮਾਰਕਸ ਨੇ ਆਪਣੇ ਰੋਜ਼ਨਾਮਚੇ ਵਿਚ ਲਿਖਿਆ – *'ਸਿੰਧੀਆ, ਅੰਗ੍ਰੇਜ਼ ਕੁੱਤਿਆਂ ਦਾ ਵਫ਼ਾਦਾਰ, ਨਾਲ ਹੀ ਉਸਦੀ ਫ਼ੌਜ, ਪਟਿਆਲੇ ਦਾ ਰਾਜਾ – ਸ਼ਰਮ ਆਉਣੀ ਚਾਹੀਦੀ ਸੀ – ਵੱਡੀ ਫ਼ੌਜ ਭੇਜਦਾ ਹੈ ਗੋਰਿਆਂ ਦੀ ਮਦਦ ਕਰਨ ਲਈ।"* [62]

ਜਾਂਦੇ ਜਾਂਦੇ ਇਹ ਵੀ ਕਹਿ ਦਿੱਤਾ ਜਾਵੇ ਕਿ, ਭਾਵੇਂ ਉਹਨਾਂ ਦੇ ਰਾਜਿਆਂ ਨੇ ਅੰਗ੍ਰੇਜ਼ੀ ਮਾਲਕਾਂ ਦਾ ਸਾਥ ਦਿੱਤਾ, ਦੇਸੀ ਰਿਆਸਤਾਂ ਦੇ ਸਿਪਾਹੀ ਅਤੇ ਆਮ ਜਨਤਾ ਦਾ ਮਨ ਬਾਗ਼ੀਆਂ ਨਾਲ ਹੀ ਸੀ। ਮਹਾਰਾਜਾ ਇੰਦੌਰ ਦੇ ਸਿਪਾਹੀਆ ਨੇ ਬਗ਼ਾਵਤ ਕਰ ਦਿੱਤੀ ਅਤੇ ਅੰਗ੍ਰੇਜ਼ਾਂ ਨੂੰ ਜਬਰਦਸਦੀ ਰਿਆਸਤ ਵਿਚੋਂ ਬਾਹਰ ਕੱਢ ਦਿੱਤਾ। ਇਕ ਬਹੁਤ ਹੀ ਨਾਟਕੀ ਢੰਗ ਨਾਲ ਝਾਂਸੀ ਦੀ ਰਾਣੀ ਅਤੇ ਤਾਂਤੀਆ ਤੋਪੇ ਗਵਾਲੀਅਰ ਪਹੁੰਚੇ ਤਾਂ ਸਿੰਧੀਆ ਦੀ ਫੌਜ ਦੇ ਬਹੁਤੇ ਸਿਪਾਹੀ ਉਹਨਾਂ ਨਾਲ ਰਲ ਗਏ, ਅਤੇ ਸਿੰਧੀਆਂ ਨੂੰ ਆਪਣੇ ਥੋੜ੍ਹੇ ਜਿਹੇ ਪਿੱਛ ਲੱਗਾਂ ਦੇ ਨਾਲ ਰਿਆਸਤ ਵਿਚੋਂ ਨਿਕਲਣਾ ਪਿਆ ਤਾਂ ਜੋ ਅੰਗ੍ਰੇਜ਼ਾਂ ਦਾ ਆਗਰੇ ਦਾ ਕਿਲਾ ਸੁਰਖਿਅਤ ਰਖਿਆ ਜਾ ਸਕੇ। ਮਹਾਰਾਜਾ ਉਦੇਪੁਰ ਦੇ ਅਤੇ ਕੁਝ ਹੋਰ ਰਾਜਸਥਾਨ ਦੀਆਂ ਰਿਆਸਤਾਂ ਦੇ ਰਾਜੇ, ਕਈ ਵਾਰੀ, ਬਾਗ਼ੀਆਂ ਦੇ ਖ਼ਿਲਾਫ ਲੜਨ ਲਈ ਇੱਛਿਤ ਨਹੀ ਹੁੰਦੇ ਦਿਖਾਈ ਦਿੱਤੇ। ਇਹਨਾਂ ਸਾਰੀਆਂ ਘਟਨਾਵਾਂ ਨੇ ਮਾਲੇਸਨ ਨੂੰ ਇਹ ਲਿਖਣ ਲਈ ਮਜਬੂਰ ਕੀਤਾ –

*"ਇਹ ਪੂਰੀ ਤਰ੍ਹਾਂ ਸਪੱਸ਼ਟ ਸੀ ਕਿ ਜਦ ਪੂਰਬ ਦੇ ਲੋਕਾਂ ਦਾ ਜਨੂੰਨ ਪੂਰੀ ਤਰ੍ਹਾਂ ਜਾਗ ਜਾਂਦਾ ਹੈ, ਤਾਂ ਕੀ ਉਹਨਾ ਦੇ ਰਾਜੇ, ਪਿਤਾ ਅਤੇ ਹੋਰ ਸਾਰੇ, ਉਸਨੂੰ ਆਪਣਾ ਦੇਵਤਾ ਮੰਨਣ ਲੱਗ ਜਾਂਦੇ ਹਨ ਤੇ ਰਾਜਾ ਵੀ ਉਹਨਾਂ ਦੇ ਵਿਸ਼ਵਾਸ ਨੂੰ ਵਿੰਗਾ ਨਹੀਂ ਕਰ ਸਕਦਾ।"* [63]

ਜੋ ਪੂਰਵ–ਧਾਰਨਾ ਵਾਲੇ ਅੰਗ੍ਰੇਜ਼ ਇਤਿਹਾਸਕਾਰਾਂ ਨੂੰ ਮਜ਼ਬੀ ਜਨੂੰਨ ਭਾਸਦਾ ਹੈ ਉਹ ਬੜੀ ਸ਼ਿੱਦਤ ਵਾਲੀ ਕੌਮੀ ਭਾਵਨਾ ਤੋਂ ਘੱਟ ਨਹੀਂ ਸੀ, ਬ੍ਰਿਟਿਸ਼ ਵਿਰੋਧੀ ਭਾਵਨਾ, ਜਿਹੜੀ ਜਾਗੀਰਦਾਰੀ ਵਫ਼ਾਦਾਰੀਆਂ ਦੀ ਉਲੰਘਣਾ ਦੇ ਵੀ ਪਾਰ ਦਾ ਪ੍ਰਗਟਾਵ ਸੀ। ਫਲਸਰੂਪ, 1857 ਦੇ ਦੌਰਾਨ, ਜਦ ਰਾਜਿਆਂ ਨੇ ਪੂਰੀ–ਪੂਰੀ ਵਫ਼ਾਦਾਰੀ ਭਾਰਤੀਆਂ ਨੂੰ ਫਾਂਸੀ ਚਾੜ੍ਹਨ ਵਾਲਿਆ ਵੱਲ ਅਤੇ ਕਸਾਈਆਂ ਵੱਲ ਦਿਖਾਈ, ਉਹਨਾਂ ਦੇ ਸਿਪਾਹੀ, ਕਈ ਰਿਆਸਤਾਂ ਵਿਚ, ਜਦ ਉਹ ਬਾਗ਼ੀਆਂ ਨਾਲ ਹਮਦਰਦੀ ਦਿਖਾਉਂਦੇ ਰਹੇ, ਉਹ ਆਪਣੇ ਰਾਜਿਆਂ ਦੀ ਉਡੀਕ ਵਿਚ ਰਹੇ ਕਿ ਉਹ ਅੰਗ੍ਰੇਜ਼ ਦੇ ਖ਼ਿਲਾਫ਼ ਲੜਾਈ ਵਿਚ ਉਹਨਾਂ ਦੀ ਅਗਵਾਈ ਕਰਨ। ਕਿਉਂਕਿ ਰਾਜੇ ਤਾਂ ਉਹਨਾਂ ਨੂੰ ਛੱਡ ਕੇ ਅੰਗ੍ਰੇਜ਼ ਨਾਲ ਰਲ ਗਏ ਸਨ, ਆਮ ਲੋਕ ਨੇਤਾਹੀਣ ਹੋ ਗਏ ਸਨ ਅਤੇ ਉਹਨਾਂ ਦਾ ਰੋਸ ਅਣਪ੍ਰਗਟਾਇਆ ਹੀ ਰਿਹਾ ਸੀ, ਸਿਵਾਏ ਛੋਟੀਆਂ ਛੋਟੀਆਂ ਸਥਾਨਕ ਬਗ਼ਾਵਤਾਂ ਦੇ, ਜਿਹਨਾਂ 'ਤੇ ਆਸਾਨੀ ਨਾਲ ਕਾਬੂ ਪਾ ਲਿਆ ਗਿਆ।

## ਰਾਜਿਆਂ ਨੇ ਐਸਾ ਸ਼ਰਮਨਾਕ ਢੰਗ ਕਿਉਂ ਅਪਨਾਇਆ?

ਇਹ ਸਵਾਲ ਉੱਠਦਾ ਹੈ– ਰਾਜਿਆ ਅੰਦਰ – ਉਹਨਾਂ ਨੇ ਇਸ ਤਰ੍ਹਾਂ ਕਿਉਂ ਆਪਣੀ ਇੱਜ਼ਤ ਅਤੇ ਕੌਮੀ ਫਰਜ਼ ਗੁਆਇਆ ਅਤੇ ਅੰਗ੍ਰੇਜ਼ੀ ਬਸਤੀਵਾਦ ਦੀ ਨੀਵੀਂ ਸੇਵਾ ਨਿਭਾਈ। ਜਵਾਬ ਇਸੇ ਵਿਚ ਹੈ ਕਿ ਇਹ ਸਬਸਿਡੀਅਰੀ ਅਲਾਇੰਸ (ਦੋ–ਅਮਲੀ) ਜੰਗਾਲ ਲਾਉਣ

ਵਰਗਾ ਪ੍ਰਭਾਵ ਸੀ, ਜਿਸਨੇ ਉਹਨਾਂ ਨੂੰ ਬੜੀ ਦੇਰ ਤੋਂ ਫੰਦੇ ਵਿਚ ਲਿਆ ਹੋਇਆ ਸੀ। ਇਸਦੇ ਅੰਤਰਗਤ, ਹਰ ਰਿਆਸਤ ਵਿਚ ਕੰਪਨੀ ਦੇ ਸਿਪਾਹੀ ਭੇਜੇ ਹੋਏ ਸਨ ਅਤੇ ਉਥੇ ਦਾ ਅੰਗ੍ਰੇਜ਼ ਰੈਜ਼ੀਡੈਂਟ (ਏਜੰਟ) ਅਸਲੀ ਰਾਜਾ ਹੁੰਦਾ ਸੀ। ਇਸ ਬੰਦੋਬਸਤ ਤਹਿਤ *"ਇਕ ਕੁਦਰਤੀ ਰੁਝਾਣ ਹੁੰਦਾ ਸੀ ਕਿ ਹਰ ਦੇਸ ਦੀ ਸਰਕਾਰ ਨੂੰ, ਜਿੱਥੇ ਇਹ ਲਾਗੂ ਹੁੰਦਾ ਸੀ, ਕਮਜ਼ੋਰ ਪਰ ਦਮਨਕਾਰੀ ਬਣਾਇਆ ਜਾਵੇ, ਸਮਾਜ ਦੇ ਉੱਚੇ ਵਰਗਾਂ ਵਿਚ ਇੱਜ਼ਤ ਦੀ ਭਾਵਨਾ ਨੂੰ ਕਮਜ਼ੋਰ ਕੀਤਾ ਜਾਵੇ ਅਤੇ ਸਾਰੇ ਲੋਕਾਂ ਨੂੰ ਨੀਚ ਭਾਵਨਾ ਵਾਲੇ ਗ਼ਰੀਬ ਬਣਾਇਆ ਜਾਵੇ। ਭਾਰਤ ਵਿਚ ਭੈੜੀ ਸਰਕਾਰ ਦੀ ਕੁਦਰਤੀ ਦਵਾਈ ਹੈ ਚੁੱਪ ਚਾਪ ਦੀ ਮਹਿਲ ਵਿਚ ਬਗ਼ਾਵਤ, ਜਾਂ ਹਿੰਸਕ ਬਗਾਵਤ, ਜਾਂ ਬਾਹਰੀ ਫ਼ਤਿਹ। ਪਰ ਬ੍ਰਿਟਿਸ਼ ਫ਼ੌਜ ਦੀ ਹਾਜ਼ਰੀ ਇਸ ਦਾਵਾਈ ਦੇ ਸਾਰੇ ਮੌਕੇ ਕੱਟ ਦਿੰਦੀ ਸੀ, ਜਦ ਉਹ ਰਾਜੇ ਦੀ ਸਹਾਇਤਾ ਕਰਦੀ ਸੀ ਤਾਂ ਜ ਉਹ ਗੱਦੀ 'ਤੇ ਬਣਿਆ ਰਹੇ, ਵਿਦੇਸ਼ੀ ਜਾਂ ਘਰੇਲੂ ਦੁਸ਼ਮਣ ਦੇ ਵਿਰੁੱਧ ਹੋ ਕੇ।"*[64]

ਦੂਸਰੀ ਥਾਂ, ਬ੍ਰਿਟਿਸ਼ ਲੋਕ ਜਾਗੀਰਦਾਰੀ ਵੰਡ ਨੂੰ, ਆਪਸੀ ਅਵਿਸ਼ਵਾਸ ਨੂੰ, ਸਿੱਖਾਂ ਅਤੇ ਰਾਜਪੂਤਾਂ ਦੀਆਂ ਇਤਹਾਸਕ ਯਾਦਾਂ ਨੂੰ ਮੁਗ਼ਲਾਂ ਦੇ ਵਿਰੁੱਧ ਉੱਤਰ ਵਿਚ, ਮਰਾਠਾ ਰਾਜਿਆਂ ਦੀਆਂ ਨਿਜ਼ਾਮ ਦੇ ਵਿਰੁੱਧ ਦੱਖਣ ਵਿਚ, ਅਤੇ ਮੁਗ਼ਲ ਉੱਤਰ ਵਿਚ, ਆਪਣੇ ਹਿਤ ਵਿਚ ਵਰਤਣ ਦੇ ਯੋਗ ਹੋ ਗਏ ਸਨ। ਸੰਖੇਪ ਵਿਚ, ਅੰਗ੍ਰੇਜ਼ ਬੜੀ ਸਫਲਤਾ ਨਾਲ "ਵੰਡੋ ਤੇ ਰਾਜ ਕਰੋ" ਦੀ ਖੇਡ ਖੇਡ ਰਹੇ ਸਨ 1857-58 ਦੀ ਬਗ਼ਾਵਤ ਨੂੰ ਕੁਚਲਣ ਲਈ ਜਿਹੜੀ ਉਹਨਾਂ ਨੇ ਪਹਿਲਾਂ ਵੀ ਭਾਰਤ ਨੂੰ ਫ਼ਤਹਿ ਕਰਨ ਲਈ ਸਫਲਤਾ ਨਾਲ ਖੇਡੀ ਸੀ। ਅੰਤ ਵਿਚ ਬਗ਼ਾਵਤ ਕੁਚਲ ਦਿੱਤੀ ਗਈ ਭਾਰਤੀਆਂ ਦੀ ਸਹਾਇਤਾ ਨਾਲ ਹੀ, ਜਿਸ ਪ੍ਰਕਾਰ ਹਿੰਦੁਸਤਾਨੀਆਂ ਦੀ ਗੁਲਾਮੀ ਹਿੰਦੁਸਤਾਨੀਆਂ ਨੂੰ ਵਰਤ ਕੇ ਹੀ ਹੋਈ ਸੀ।

ਮਾਰਕਸ ਨੇ 1853 ਵਿਚ ਲਿਖਿਆ, *"ਜੇ ਸਾਨੂੰ ਭਾਰਤ ਦੇ ਪਿਛਲੇ ਇਤਿਹਾਸ ਦਾ ਬਿਲਕੁਲ ਪਤਾ ਨਹੀਂ ਸੀ," "ਕੀ ਇਹ ਇਕ ਨਾ ਝੁਠਲਾਇਆ ਜਾਣ ਵਾਲ ਤੱਥ ਨਹੀਂ ਹੋਣਾ ਸੀ ਕਿ ਹੁਣ ਵੀ ਭਾਰਤ ਨੂੰ ਅੰਗ੍ਰੇਜ਼ੀ ਗ਼ੁਲਾਮੀ ਹੇਠ ਰੱਖਿਆ ਹੈ ਤਾਂ ਉਹ ਭਾਰਤੀ ਫ਼ੌਜ ਨੇ ਹੀ ਭਾਰਤੀਆਂ ਦੇ ਖ਼ਰਚੇ 'ਤੇ।"*[65]

"ਰੋਮਨ ਨਿਯਮ 'ਵੰਡੋ ਤੇ ਰਾਜ ਕਰੋ' ਇਕ ਬਹੁਤ ਵੱਡਾ ਨਿਯਮ ਸੀ ਜਿਸ ਅਧੀਨ ਗ੍ਰੇਟ ਬ੍ਰਿਟੇਨ 'ਤੇ ਲਗਭਗ 150 ਸਾਲ ਰਾਜ ਕੀਤਾ, ਭਾਵ ਆਪਣੀ ਹਿੰਦੁਸਤਾਨੀ ਸ਼ਾਹਿਨਸ਼ਾਹਤ ਨੂੰ ਬਣਾਈ ਰਖਿਆ। ਕਈ ਕੌਮਾ, ਕਬੀਲਿਆਂ, ਜਾਤੀਆਂ, ਮਜ਼ਹਬਾਂ,ਅਤੇ ਰਾਜਾਂ, ਜਿਸਦਾ ਸਮੂਹ ਪੂਰਾ ਭੂਗੋਲਿਕ ਇਕਾਈ ਬਣਾਉਂਦਾ ਹੈ, ਜਿਸਨੂੰ ਭਾਰਤ ਕਹਿੰਦੇ ਹਨ, ਦੀ ਨਾਰਾਜ਼ਗੀ ਦੇ ਬਾਵਜੂਦ, ਬ੍ਰਿਟਿਸ਼ ਰਾਜ ਦੇ ਇਹ ਨਿਯਮ ਬ੍ਰਿਟਿਸ਼ ਸਰਦਾਰੀ ਕਾਇਮ ਰੱਖਦਾ ਰਿਹਾ।" ਇਸ ਪ੍ਰਕਾਰ ਮਾਰਕਸ ਨੇ ਆਪਣੇ ਲੇਖ ਵਿਚ, ਜੋ ਨਿਊ ਯਾਰਕ ਦੇ ਡੇਲੀ ਟ੍ਰਿਬਿਊਨ ਵਿਚ 17 ਜੁਲਾਈ 1857 ਨੂੰ ਛਪਿਆ, ਵਿਚ ਲਿਖਿਆ ਸੀ, ਜਦ ਮਹਾਨ ਬਗ਼ਾਵਤ ਸ਼ੁਰੂ ਹੋ ਚੁੱਕੀ ਸੀ।[66]

ਬ੍ਰਿਟਿਸ਼ ਰੈਜ਼ੀਡੈਂਟਾਂ ਨੂੰ ਦੇਸੀ ਰਿਆਸਤਾਂ ਵਿਚ ਨਿਯੁਕਤ ਕਰਕੇ, ਅੰਗ੍ਰੇਜ਼ਾਂ ਨੇ ਉਥੇ ਬਰਬਾਦੀ ਲਿਆਂਦੀ, ਕਿਉਂਕਿ ਹੋਰ ਸਾਰੀਆ ਜਿੰਮੇਵਾਰੀਆਂ ਵਿਚ ਰੈਜ਼ੀਡੈਂਟ ਦੀ ਇਹ ਵੀ ਜਿੰਮੇਵਾਰੀ ਹੁੰਦੀ ਸੀ ਕਿ ਉਹ ਉਥੇ ਫੁੱਟ ਪੁਆਉਣ"[67] *ਬ੍ਰਿਟਿਸ਼ ਹਮਲਾਵਰਾਂ ਨੇ ਜਦ ਹਿੰਦੁਸਤਾਨ ਤੇ ਆਪਣੀ ਪਕੜ ਜਾਰੀ ਰੱਖਣ ਦੀ ਠਾਣ ਲਈ ਸੀ ਤਾਂ ਉਹਨਾਂ ਨੇ ਸਥਾਨੀ ਰਾਜਿਆਂ ਦੀ ਸ਼ਕਤੀ ਤੋੜਨੀ ਸ਼ੁਰੂ ਕੀਤੀ "ਜ਼ੋਰ ਨਾਲ ਵੀ ਅਤੇ ਝਗੜੇ ਪੁਆ ਕੇ ਵੀ" ਅਤੇ ਰੋਮਨ ਨੀਤੀ*

*ਅਪਨਾਉਂਦੇ ਹੋਏ ਉਹ ਆਪਣੇ ਹਿਮਾਇਤੀਆਂ ਨੂੰ ਮੋਟਾ ਕਰਦੇ ਰਹੇ ਜਿਵੇ ਅਸੀ ਬੌਲਦਾਂ ਨੂੰ ਮੋਟਾ ਕਰਦੇ ਹਾਂ (ਪਾਲਦੇ ਹਾਂ) ਕਿ ਉਹ ਖਾਣ ਦੇ ਕਾਬਲ ਹੋ ਜਾਣ।*[68]

ਉਸ ਵੇਲੇ (1858) ਹਿੰਦੁਸਤਾਨੀ ਰਿਆਸਤਾਂ ਦਾ ਕੋਈ 700,000 ਵਰਗ ਮੀਲ ਜ਼ਮੀਨ ਉਪਰ ਕਬਜ਼ਾ ਸੀ ਤੇ ਆਬਾਦੀ 5.3 ਕਰੋੜ ਸੀ। ਹੁਣ ਉਹ ਉਹਨਾਂ ਦੇ ਇਤਹਾਦੀ ਨਹੀਂ ਰਹੇ ਸਨ ਸਗੋਂ " ਉਹਨਾਂ ਦੇ ਅਧੀਨ ਹੋ ਗਏ ਸਨ, ਕਈ ਸਾਰੀਆਂ ਸ਼ਰਤਾਂ ਨਾਲ, ਕਈ ਪ੍ਰਕਾਰ ਦੀਆਂ ਰੋਕੜਾਂ ਦੇਣ ਨਾਲ ਅਤੇ ਕਈ ਪ੍ਰਕਾਰ ਦੇ ਸੁਰੱਖਿਆ ਪ੍ਰਬੰਧਾਂ ਨਾਲ। ਇਹਨਾਂ ਪ੍ਰਬੰਧਾਂ ਵਿਚ ਮੁਖ ਪ੍ਰਬੰਧ ਇਹ ਸੀ ਕਿ ਭਾਰਤੀ ਰਿਆਸਤਾਂ ਨੇ ਆਪਣੀ ਸਵੈ ਰਖਿਆ ਦੇ ਹੱਕ ਖੋਹ ਦਿੱਤੇ ਸਨ, ਰਾਜਨੀਤਕ ਹੱਕ ਵੀ ਮਾਰੇ ਗਏ ਸਨ, ਅਤੇ ਆਪਸੀ ਝਗੜਿਆਂ ਨੂੰ ਗਵਰਨਰ ਜਨਰਲ ਦੀ ਦਖ਼ਲਅੰਦਾਜ਼ੀ ਤੋਂ ਬਿਨਾ, ਨਿਪਟਾਉਣ ਦੇ ਹੱਕ ਵੀ ਖੁਸ ਗਏ ਸਨ. . . . .

*"ਜਿਹੜੀਆਂ ਸ਼ਰਤਾਂ 'ਤੇ ਉਹਨਾਂ ਨੂੰ ਆਪਣੀ ਦਿਖਾਵੇ ਦੀ ਆਜ਼ਾਦੀ ਰੱਖਣ ਦੀ ਇਜਾਜ਼ਤ ਸੀ, ਨਾਲ ਨਾਲ, ਉਹ ਬਿਲਕੁਲ ਗਲ ਸੜ ਜਾਣ ਵਾਲੀ ਆਜ਼ਾਦੀ ਸੀ ਜਿਸ ਵਿਚ ਕਦੇ ਸੁੱਧਾਰ ਨਹੀਂ ਹੋ ਸਕਦਾ ਸੀ। ਜਿਸਮਾਨੀ ਕਮਜ਼ੋਰੀ ਉਹਨਾਂ ਦੀ ਹੋਂਦ ਦਾ ਸੰਵਿਧਾਨਕ ਕਾਨੂੰਨ ਹੈ, ਜਿਵੇਂ ਹਰ ਹੋਂਦ ਦਾ ਹੁੰਦਾ ਹੈ, ਜੋ ਤਾਬੇਦਾਰੀ ਦੇ ਸਹਾਰੇ ਜੀਉਂਦੀ ਹੈ।"*[69]

ਇਹ ਤਾਬਿਆਦਾਰੀ ਇਤਹਾਦ ਦਾ ਇਹ ਪ੍ਰਬੰਧ ਸੀ, ਅਤੇ ਵੰਡੋ ਤੇ ਰਾਜ ਕਰੋ ਦੀ ਨੀਤੀ, ਜਿਹੜੀ ਅੰਗ੍ਰੇਜ਼ ਨੇ ਐਨੇ ਤਬਾਹਕੁਨ ਪ੍ਰਭਾਵ ਸਹਿਤ 1857-58 ਵਿਚ ਅਪਣਾਈ, ਕਿ ਫ਼ਿਟਚੈਟ ਨੇ ਹੇਠ ਲਿਖੇ ਸ਼ਰਾਰਤੀ ਖੁਸ਼ਫਹਿਮੀ, ਨਸਲਵਾਦੀ ਅਤੇ ਘਮੰਡੀ ਸੁਰ ਵਿਚ ਲਿਖਿਆ–

"ਸਾਰੀ ਕਹਾਣੀ ਦਾ ਕੀ ਪ੍ਰਗਟਾਵਾ ਹੈ! ਬ੍ਰਿਟਿਸ਼ ਕੌਮ ਦੀ ਸ਼ਾਹੀ ਸੂਝ ਬੂਝ ਦਾ!! ਹਾਡਸਨ ਦੇ ਸ਼ਬਦਾਂ ਵਿਚ, 'ਇਕ ਕੌਮ' ਜੋ ਆਪ ਇਕ ਡਰਾਮੇ ਵਿਚ ਬਹੁਤ ਹੀ ਚਮਕ ਦਮਕ ਵਾਲੀ ਅਭਿਨੇਤਾ ਸੀ – 'ਜੋ ਇਕ ਵੱਡੇ ਦੇਸ ਨੂੰ ਫ਼ਤਹਿ ਕਰ ਸਕਦੀ ਹੈ, ਪੰਜਾਬ ਵਰਗੇ ਨੂੰ *ਹਿੰਦੁਸਤਾਨੀ ਫ਼ੌਜ ਦੀ ਮਦਦ ਨਾਲ, ਅਤੇ ਫੇਰ ਫਤਹਿ ਕੀਤੇ ਹੋਏ ਸਿੱਖਾਂ ਦੀ ਸ਼ਕਤੀ ਨੂੰ ਉਸੇ ਫ਼ੌਜ ਦੇ ਵਿਰੁਧ ਵਰਤ ਸਕਦੀ ਹੈ ਜਿਸਨੇ ਉਹਨਾਂ ਨੂੰ ਨੀਚਾ ਦਿਖਾਇਆ ਸੀ, ਜਿਹੜੇ ਪੇਸ਼ਾਵਰ ਵਰਗੀ ਜਗ੍ਹਾ ਨੂੰ ਸਾਲਾਂ ਤਕ ਅਧੀਨ ਰੱਖ ਸਕੇ ਸਨ, ਅਫ਼ਗਾਨ ਕਬਾਇਲੀਆਂ ਦੇ ਤਿੱਖੇ ਦੰਦਾਂ ਦੇ ਬਾਵਜੂਦ, ਅਤੇ ਜਿਹੜੇ ਅਚਾਨਕ ਹੀ ਆਪਣੀਆਂ ਫੌਜਾਂ ਤੋ ਵਾਂਝੇ ਕਰ ਦਿੱਤੇ ਗਏ ਸਨ, ਉਹਨਾਂ ਕਬੀਲਿਆਂ ਨੂੰ ਉਹ ਬਾਗ਼ੀਆਂ ਦੇ ਵਿਰੁੱਧ ਵਰਤਣ ਵਿਚ ਸਫ਼ਲ ਹੋਏ ਸਨ, ਦੁਨੀਆ 'ਤੇ ਜ਼ਰੂਰ ਰਾਜ ਕਰੇਗੀ।*[70]

***

## ਕਾਂਡ 4

# 1857 ਦੇ ਮਗਰੋਂ

1857 ਦੀ ਬਗ਼ਾਵਤ ਇਕ ਇਤਿਹਾਸਕ ਮੀਲ ਮੱਥਰ ਹੈ ਜਿਸ ਉੱਪਰ ਇਕ ਪੜਾਅ ਦੇ ਅੰਤ ਅਤੇ ਦੂਸਰੇ ਪੜਾਅ ਦੇ ਅਰੰਭ ਦੀ ਭਾਰਤੀ ਇਤਿਹਾਸ ਵਿਚ ਸਰੱਹਦੀ ਰੇਖਾ ਹੈ। ਜਿੱਥੇ ਤਕ ਅੰਗ੍ਰੇਜ਼ੀ ਪੱਖ ਦੀ ਗੱਲ ਹੈ, ਇਸ ਨਾਲ ਈਸਟ ਇੰਡੀਆ ਕੰਪਨੀ ਦੇ ਰਾਜ ਦਾ ਖ਼ਾਤਮਾ ਹੋ ਗਿਆ ਅਤੇ ਬ੍ਰਿਟਿਸ਼ ਤਾਜਦਾਰ ਨੇ ਇਸਦਾ ਪ੍ਰਬੰਧ ਆਪਣੇ ਹੱਥ ਵਿਚ ਸਿੱਧਾ ਲੈ ਲਿਆ, ਅਤੇ ਇੰਞ ਉਦਯੋਗਿਕ ਬੁਰਜੂਆ ਦੇ ਤਜਾਰਤੀ ਏਕਾਧਿਕਾਰ ਦੀ ਜਿੱਤ ਉਪਰ ਪੱਕੀ ਮੁਹਰ ਲੱਗ ਗਈ।

ਅੱਗੇ, ਇਹ ਸੋਚਦੇ ਹੋਏ ਕਿ ਉਹ ਭਾਰਤ ਨੂੰ ਖੋਹ ਦੇਣ ਦੇ ਕਿੰਨਾ ਨੇੜੇ ਪੁੱਜ ਗਏ ਸਨ, ਭਾਰਤੀ ਜਾਗੀਰਦਾਰਾਂ ਦੀ ਨਾਰਾਜ਼ਗੀ ਅਤੇ ਬਰਖ਼ਾਸਤੀ ਕਾਰਨ, ਬ੍ਰਿਟਿਸ਼ ਸਾਸ਼ਕ ਵਰਗ ਨੇ ਆਪਣੀਆਂ ਨੀਤੀਆਂ ਵਿਚ ਭਾਰੀ ਤਬਦੀਲੀਆਂ ਕੀਤੀਆਂ, ਜਾਗੀਰਦਾਰ ਸ਼ਾਸਕਾਂ ਸੰਬੰਧੀ। ਹੁਣ ਤਕ ਅਪਨਾਈ ਜਾਂਦੀ ਰਹੀ ਨੀਤੀ ਜੋ ਜਾਗੀਰਦਾਰੀ ਹੱਕਾਂ 'ਤੇ ਹਮਲਾ ਕਰਦੀ ਸੀ ਨੂੰ ਛੱਡ ਦਿੱਤਾ ਅਤੇ ਬ੍ਰਿਟਿਸ਼ ਨੀਤੀ ਦਾ ਪ੍ਰਮੁੱਖ ਨਿਯਮ ਇਹ ਬਣ ਗਿਆ ਕਿ 1857 ਮਗਰੋਂ ਜਾਗੀਰਦਾਰਾਂ ਨਾਲ ਰਾਜ਼ੀਨਾਮਾ ਹੀ ਕਾਇਮ ਰਖਿਆ ਜਾਵੇ, ਜੋ ਮੁੱਖ ਸਮਾਜਕ ਆਧਾਰ ਹੋਵੇ ਅੰਗ੍ਰੇਜ਼ ਦੇ ਭਾਰਤ ਉਪਰ ਰਾਜ ਕਰਨ ਦਾ। ਪਹਿਲੀ ਨੀਤੀ, ਜਿਸ ਅਧੀਨ ਦੇਸੀ ਰਿਆਸਤਾਂ ਨੂੰ ਅੰਗ੍ਰੇਜ਼ੀ ਇਲਾਕਿਆਂ ਵਿਚ ਰਲਾ ਦਿੱਤਾ ਜਾਂਦਾ ਸੀ, "ਦੀ ਥਾਂ ਹੁਣ ਉਹਨਾਂ ਲਈ ਆਦਰ ਸਤਿਕਾਰ "ਉਹਨਾਂ ਦੇ ਹੱਕਾਂ, ਵਕਾਰ ਅਤੇ ਇੱਜ਼ਤ ਦੀ ਰਾਖੀ ਜਿਵੇਂ ਉਹ ਆਪਣੇ ਹੀ ਰਾਜੇ ਹੋਣ" ਜੋ ਸਾਡੇ ਆਪਣੇ ਰਾਜ ਦੀ ਸੁਰਖਿਆ ਲਈ ਜ਼ਰੂਰੀ ਸੀ, ਵਧ ਗਿਆ ਅਤੇ ਘਟਿਆ ਨਹੀਂ, ਜਦ ਦੇਸੀ ਰਾਜਿਆਂ ਨੂੰ ਆਪਣੇ ਹਿਮਾਇਤੀ ਅਤੇ ਹਿਤਕਾਰੀ ਬਣਾ ਲਿਆ ਗਿਆ"

(ਦੇਖੋ ਮਲਕਾ ਵਿਕਟੋਰੀਆ ਦਾ ਐਲਾਨ ਅਤੇ ਲਾਰਡ ਕੈਨਿੰਗ ਦਾ ਉਲੇਖ 30 ਅਪ੍ਰੈਲ 1858). ਇਸ ਨਵੇਂ ਪ੍ਰਬੰਧ ਅਧੀਨ, ਭਾਰਤੀ ਰਾਜਿਆਂ ਦੀ ਭੂਮਿਕਾ ਬਣ ਗਈ ਸੀ ਭਾਰਤ ਵਿਚ ਪੰਜਵਾ ਕਾਲਮ ਬਣਨਾ ਅਤੇ ਭਾਰਤੀਆਂ ਦੇ ਏਕੇ ਨੂੰ ਭੰਗ ਕਰਨਾ.

ਰਾਜਿਆਂ ਨੂੰ ਵੱਢੀ ਦੇਣ ਦਾ ਅਮਲ ਤਾਂ ਬਗ਼ਾਵਤ ਦੇ ਸਿਖਰ 'ਤੇ ਪੁੱਜਣ ਨਾਲ ਹੀ ਸ਼ੁਰੂ ਹੋ ਗਿਆ ਸੀ। ਉਹਨਾਂ ਦੀ ਆਜ਼ਾਦੀ ਦੇ ਸੰਘਰਸ਼ ਨਾਲ ਕੀਤੀ ਗ਼ਦਾਰੀ ਦੇ ਇਨਾਮ ਵਜੋਂ, ਦੋ ਤਿਹਾਈ ਤਅੱਲੁਕਦਾਰ (ਵੱਡੇ ਜਾਗੀਰਦਾਰ) ਆਪਣੀ ਜ਼ਮੀਨ ਵਾਪਸ ਲੈ ਸਕੇ ਸਨ, ਵਧੇਰੇ ਹਿਤਕਾਰੀ ਸ਼ਰਤਾਂ 'ਤੇ ਜਿਹੜੀਆਂ ਗ਼ਦਰ ਤੋਂ ਪਹਿਲਾਂ ਲਾਗੂ ਸਨ। ਜ਼ਮੀਂਦਾਰਾਂ ਨਾਲ ਮਿਹਰਬਾਨੀ ਦਾ ਪ੍ਰਗਟਾਵਾ ਕਰਦੇ ਹੋਏ, ਅਤੇ ਕਿਸਾਨੀ ਨੂੰ ਉਹਨਾਂ ਦੇ ਰਹਿਮੋ ਕਰਮ 'ਤੇ ਛੱਡਣਾ ਬ੍ਰਿਟਿਸ਼ ਨੀਤੀ ਦਾ ਮੁਖ ਮੰਤਵ ਹੋ ਗਿਆ, 1857 ਦੀ ਬਗ਼ਾਵਤ ਨੂੰ ਦਬਾ ਦੇਣ ਮਗਰੋਂ।

ਕਿਉਂਕਿ 1857 ਦੀ ਬਗ਼ਾਵਤ ਨੇ ਭਾਰਤ ਵਿਚ ਅੰਗ੍ਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾ

ਦਿੱਤੀਆਂ ਸਨ, ਫੌਜ ਨੂੰ, ਬਗ਼ਾਵਤ ਨੂੰ ਦਬਾਉਣ ਮਗਰੋਂ ਮੁੜ ਕੇ ਸੰਗਠਿਤ ਕੀਤਾ ਗਿਆ। ਜਦ ਕਿ ਬ੍ਰਿਟਿਸ਼ ਫੌਜੀਆਂ ਦੀ ਨਿਸਬਤ ਵਧਾ ਦਿੱਤੀ ਗਈ, ਹਿੰਦੁਸਤਾਨੀ ਫ਼ੌਜ ਕੋਲੋਂ ਤੋਪਖ਼ਾਨਾ ਵਾਪਸ ਲੈ ਲਿਆ ਗਿਆ। ਸਾਰੀਆਂ ਹੀ ਵੱਡੀਆਂ ਆਸਾਮੀਆਂ ਅੰਗ੍ਰੇਜ਼ ਅਫ਼ਸਰਾਂ ਲਈ ਰਾਖਵੀਆਂ ਰੱਖ ਲਈਆਂ ਗਈਆਂ, ਭਾਰਤੀ ਸੈਨਾ ਦਾ ਸੰਪਰਦਾਇਕ ਲੀਹਾਂ 'ਤੇ ਪੁਨਰਗਠਨ ਕੀਤਾ ਗਿਆ, ਅਤੇ ਭਰਤੀ ਸੈਨਾ ਕੇਵਲ ਕਥਿਤ 'ਮਾਰਸ਼ਲ ਰੇਸਿਜ਼' ਤਕ ਹੀ ਸੀਮਤ ਕਰ ਦਿੱਤੀ ਗਈ, ਜਿਵੇਂ ਪੰਜਾਬੀ, ਜਿਹਨਾਂ ਨੂੰ ਈਸਟ ਇੰਡੀਆ ਕੰਪਨੀ ਨੇ ਉਹਨਾਂ ਭਾਰਤੀ ਸਿਪਾਹੀਆਂ ਦੀ ਮਦਦ ਨਾਲ ਫ਼ਤਿਹ ਕੀਤਾ ਸੀ ਜਿਹੜੇ ਮਾਰਸ਼ਲ ਰੇਸਿਜ਼ (ਲੜਾਕੀਆਂ ਨਸਲਾਂ) ਵਿਚੋ ਨਹੀਂ ਭਰਤੀ ਕੀਤੇ ਗਏ ਸਨ ਅਤੇ ਜਿਹੜੇ ਬਗ਼ਾਵਤ ਦੌਰਾਨ ਅੰਗ੍ਰੇਜ਼ਾਂ ਲਈ ਐਨੇ ਖ਼ਤਰਨਾਕ ਸਿੱਧ ਹੋਏ ਸਨ।

ਸਮਾਜਕ ਪੱਧਰ 'ਤੇ, ਜਦ ਕਿ ਬਗ਼ਾਵਤ ਤੋਂ ਪਹਿਲਾਂ ਬ੍ਰਿਟਿਸ਼ ਲੋਕਾਂ ਨੂੰ ਕੁਝ ਸਮਾਜ ਸੁਧਾਰਾਂ, ਜਿਵੇਂ ਸਤੀ ਅਤੇ ਵਿਧਵਾ ਵਿਆਹ, ਆਦਿ ਲਈ ਨਾਲ ਜੋੜਿਆ ਗਿਆ ਸੀ, ਬਗ਼ਾਵਤ ਦੇ ਡਰਾਉਣੇ ਤਜਰਬੇ ਮਗਰੋਂ ਅਤੇ ਅੰਗ੍ਰੇਜ਼ਾਂ ਦੇ ਜਾਗੀਰਦਾਰਾਂ ਨਾਲ ਬਹੁਤ ਨੇੜੇ ਦੇ ਸੰਬੰਧ ਸਥਾਪਿਤ ਹੋਣ ਮਗਰੋਂ, ਹਰ ਇਕ ਗੱਲ ਜੋ ਪਿਛਾਂ ਖਿਚੂ ਸੀ, ਦੀ ਥਾਂ ਉਹ ਸਾਰੇ ਹੀ ਅਗਾਂਹ ਵਧੂ ਕਦਮਾਂ ਦੇ ਬੁਰੀ ਤਰ੍ਹਾਂ ਵਿਰੁੱਧ ਹੋ ਗਏ, ਕੁਝ ਚਿਰ ਮਗਰੋਂ, ਇਹ ਮਜਬੂਰ ਕਰਨ 'ਤੇ ਕੁਝ ਸੀਮਤ ਢੰਗ ਦਾ ਵੋਟ ਦਾ ਹੱਕ ਹਿੰਦੂ ਅਤੇ ਮੁਸਲਮਾਨਾਂ ਨੂੰ ਦੇ ਦਿੱਤਾ ਜਾਏ –ਵੱਖਰੇ ਵੋਟ ਦੇ ਹੱਕ ਦਿੱਤੇ ਗਏ – ਜਿਹੜਾ ਦੋ-ਕੌਮੀ ਸਿਧਾਂਤ ਦਾ ਪਹਿਲਾ ਪ੍ਰਗਟਾਵਾ ਸੀ, ਜਿਸਦਾ ਅੰਤ ਭਾਰਤ ਦੀ ਵੰਡ ਨਾਲ ਹੋਇਆ ਜਦ 1947 ਦੀ ਆਜ਼ਾਦੀ ਆਈ ਤਾਂ।

## ਸਭ ਕੁਝ ਦਾ ਕੁਝ ਲਾਭ ਨਾ ਹੋਇਆ

ਅੰਤ ਵਿਚ ਬ੍ਰਿਟਿਸ਼ ਰਾਜ ਦੀ ਗਿਰਾਵਟ ਨੂੰ ਹਿੰਦੁਸਤਾਨੀਆਂ ਦੇ ਹੱਥੋ ਰੋਕਣ ਲਈ ਕੋਈ ਢੰਗ ਵੀ ਕੰਮ ਨਾ ਆਇਆ। 1857 ਦੀ ਯਾਦ ਅਤੇ ਉਹਨਾ ਬਹਾਦਰੀ ਦੇ ਦਿਨਾਂ ਦੇ ਕਾਰਨਾਮਿਆਂ ਦੀ ਯਾਦ ਕਦੇ ਮੱਧਮ ਨਾ ਹੋਈ। ਪੁਨਰ ਸੰਗਠਿਤ ਫ਼ੌਜ ਵੀ ਉਸ ਬਹਾਦਰੀ ਦੇ ਸਮੇਂ ਨੂੰ ਨਾ ਭੁੱਲ ਸਕੀ। ਆਧੁਨਿਕ ਭਾਰਤੀ ਕੌਮੀ ਲਹਿਰ ਦੇ ਵੀਹਵੀਂ ਸਦੀ ਦੇ ਅਰੰਭ ਵਿਚ ਸ਼ੁਰੂ ਹੋਣ ਨਾਲ ਫ਼ੌਜ ਵੀ, ਹੋ ਰਹੀਆਂ ਇਤਿਹਾਸਕ ਘਟਨਾਵਾਂ 'ਤੇ ਪੂਰੀ ਤਰ੍ਹਾਂ ਅਛੂਹੀ ਨਾ ਰਹਿ ਸਕੀ। ਅਪ੍ਰੈਲ 1930 ਵਿਚ ਜਦ ਕੌਮੀ ਲਹਿਰ ਸਿਖਰ 'ਤੇ ਸੀ, ਗੜ੍ਹਵਾਲੀ ਸਿਪਾਹੀਆਂ ਨੇ ਪੇਸ਼ਾਵਰ ਵਿਚ ਲੋਕਾਂ 'ਤੇ ਗੋਲੀ ਚਲਾਉਣ ਤੋਂ ਨਾਂਹ ਕਰ ਦਿੱਤੀ – ਮੁਸਲਮਾਨਾਂ ਦੀ ਭੀੜ ਉੱਪਰ ਹਿੰਦੂ ਸਿਪਾਹੀਆਂ ਦੀ ਇਹ ਨਾਂਹ ਸੀ ਜਿਹੜੇ ਆਪਣੇ ਰੈਂਕ ਛੱਡ ਕੇ ਭੀੜ ਨਾਲ ਜਾ ਲੜੇ ਅਤੇ ਕਈਆਂ ਨੇ ਆਪਣੇ ਹਥਿਆਰ ਵੀ ਫੜਾ ਦਿੱਤੇ। ਦੂਸਰੀ ਵਿਸ਼ਵ ਵਿਆਪੀ ਜੰਗ ਦੇ ਅੰਤ 'ਤੇ ਅਤੇ ਸੁਤੰਤਰਤਾ ਸੰਗ੍ਰਾਮ ਦੀ ਉੱਚੀ ਉੱਠ ਰਹੀ ਲਹਿਰ ਸਮੇਂ, ਭਾਰਤੀ ਫ਼ੌਜ ਵਿਚ ਅਤੇ ਏਅਰ ਫੋਰਸ ਵਿਚ ਛੋਟੇ ਛੋਟੇ ਵਿਦਰੋਹ ਹੋਣ ਮਗਰੋਂ, ਭਾਰਤੀ ਨੇਵੀ ਨੇ 18 ਫਰਵਰੀ 1946 ਵਿਚ, ਇਕ ਇਤਿਹਾਸਕ ਵਿਦਰੋਹ ਕੀਤਾ ਜਿਸ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ (ਐਟਲੀ) ਨੂੰ ਮਜਬੂਰ ਕੀਤਾ ਅਗਲੇ ਦਿਨ ਕੈਬਿਨੇਟ ਮਿਸ਼ਨ ਨੂੰ ਭਾਰਤ ਭੇਜਣ ਲਈ ਤਾਂ ਜੋ ਭਾਰਤ ਦੀ ਅੰਗ੍ਰੇਜ਼ਾਂ ਤੋਂ ਆਜ਼ਾਦੀ ਲਈ ਗੱਲ ਬਾਤ ਕੀਤੀ ਜਾ ਸਕੇ।

ਅੰਗ੍ਰੇਜ਼ੀ ਪੜ੍ਹਿਆ ਸਮਝਦਾਰ ਵਰਗ, ਜੋ ਬ੍ਰਿਟਿਸ਼ ਨੇ ਸਸਤੀ, ਪਰ ਕਾਬਲ ਅਤੇ ਸਿਆਸਤ

ਮੁਕਤ ਸ਼੍ਰੇਣੀ ਪ੍ਰਾਪਤ ਕਰਨ ਲਈ ਬਣਾਇਆ ਸੀ ਤਾਂ ਜੋ ਪ੍ਰਸ਼ਾਸਨ ਦੀਆਂ ਜ਼ਰੂਰੀ ਸੇਵਾਵਾਂ ਨੂੰ ਹੇਠਲੇ ਪੱਧਰ 'ਤੇ ਚਲਾਈ ਰਖਿਆ ਜਾ ਸਕੇ, ਅਤੇ ਜਿਹੜੀ ਆਮ ਕਰਕੇ ਅੰਗ੍ਰੇਜ਼ ਦੀ ਵਫ਼ਾਦਾਰ ਹੀ ਰਹੀ ਸੀ 1857–58 ਵਿਚ, ਉਹ ਵੀ ਹੁਣ ਅੰਗ੍ਰੇਜ਼ੀ ਰਾਜ ਦੀ ਦਮਨਕਾਰੀ ਅਤੇ ਸੋਸ਼ਕ ਨੀਤੀ ਤੋਂ ਨਿਰਾਸ਼ ਹੋ ਗਈ। ਇਸਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਇਨਸਾਨੀ ਬਰਾਬਰੀ ਅਤੇ ਸਿਆਸੀ ਲੋਕ ਰਾਜ ਦਾ ਜੋ ਢੋਲ ਅੰਗ੍ਰੇਜ਼ ਉੱਚੀ ਉੱਚੀ ਵਜਾਉਂਦੇ ਹਨ ਉਹ ਭਾਰਤ ਵਿਚ ਅਮਲ ਵਿਚ ਨਹੀਂ ਲਿਆਇਆ ਜਾ ਰਿਹਾ ਸੀ। ਉਹਨਾਂ ਨੂੰ ਇਹ ਵੀ ਗਿਆਨ ਹੋ ਗਿਆ ਕਿ ਅੰਗ੍ਰੇਜ਼ਾਂ ਨੇ ਭਾਰਤ ਨੂੰ ਭਾਰਤੀਆਂ ਦੇ ਭਲੇ ਲਈ ਫ਼ਤਹਿ ਨਹੀਂ ਕੀਤਾ ਸੀ। ਭਾਰਤ ਤਾਂ ਉਹਨਾਂ ਨੇ ਤਲਵਾਰ ਦੇ ਜ਼ੋਰ 'ਤੇ ਫ਼ਤਹਿ ਕੀਤਾ ਸੀ ਇੰਗਲੈਂਡ ਦੇ ਭਲੇ ਲਈ, ਫ਼ਾਇਦੇ ਲਈ ਅਤੇ ਇਸਨੂੰ ਉਹ ਤਲਵਾਰ ਦੇ ਜ਼ੋਰ 'ਤੇ ਫੜੀ ਬੈਠੇ ਹਨ ਕੇਵਲ ਇੰਗਲੈਂਡ ਦੇ ਹਿਤ ਵਿਚ ਹੀ।

ਭਾਰਤੀ ਬੁੱਧੀਜੀਵੀਆਂ ਦੇ ਮਨ ਵਿਚ, ਬ੍ਰਿਟਿਸ਼ ਰਾਜ ਦੇ 1857 ਵਿਚ ਪੂਰੇ ਸਮਰਥਕ ਹੋਣ ਅਤੇ ਅਤੇ ਮਗਰੋਂ ਪੂਰੇ ਨਿਰਾਸ ਹੋਣ ਦੇ ਵਿਚਕਾਰ ਦਾ ਸਮਾਂ, ਰਾਬਿੰਦਰਨਾਥ ਟੈਗੋਰ ਦੇ ਸ਼ਬਦਾਂ ਵਿਚ 1941 ਵਿਚ ਦ੍ਰਿਸ਼ਟੀਮਾਨ ਹੁੰਦਾ ਹੈ। ਆਪਣੇ 80ਵੇਂ ਜਨਮ ਦਿਨ ਮੌਕੇ ਉਸਨੇ ਆਪਣਾ ਹੇਠ ਲਿਖਿਆ ਦਿਲਖਿਚਵਾਂ ਅਤੇ ਇਮਾਨਦਾਰੀ ਵਾਲਾ ਭਾਸ਼ਣ ਦਿੱਤਾ ਸੀ, ਜਦ ਉਸਦਾ ਆਪਣਾ ਮਨ ਵੀ ਬ੍ਰਿਟਿਸ਼ ਹਾਕਮਾਂ ਵੱਲੋਂ ਬਦਲ ਗਿਆ ਸੀ।

*"ਜਦ ਮੈਂ ਪਿਛਲੇ ਬਹੁਤ ਸਾਰੇ ਸਾਲਾਂ ਵੱਲ ਝਾਤੀ ਮਾਰਦਾ ਹਾਂ ਤਾਂ ਪ੍ਰਤੱਖ ਤੌਰ 'ਤੇ ਆਪਣੇ ਵਿਕਾਸ ਦੇ ਇਤਹਾਸ ਵੱਲ ਦੇਖਦਾ ਹਾਂ, ਤਾਂ ਮੈਂ ਉਸ ਤਬਦੀਲੀ 'ਤੇ ਹੈਰਾਨ ਹੁੰਦਾ ਹਾਂ ਜੋ ਮੇਰੇ ਆਪਣੇ ਵਤੀਰੇ ਵਿਚ ਆਈ ਹੈ ਅਤੇ ਮੇਰੇ ਦੇਸ਼ ਵਾਸੀਆਂ ਦੀ ਮਾਨਸਿਕਤਾ ਵਿਚ ਆਈ ਹੈ – ਇਕ ਤਬਦੀਲੀ ਜਿਸ ਦੇ ਵਿਚ ਇਕ ਬਹੁਤ ਵੱਡੇ ਦੁਖਾਂਤ ਦਾ ਕਾਰਨ ਭਰਿਆ ਪਿਆ ਹੈ।*

*". . .ਉਸ ਵੇਲੇ ਦੇ ਪੜ੍ਹੇ ਲਿਖੇ ਲੋਕ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਪੜ੍ਹਨ ਲੱਗ ਪਏ ਸਨ। ਉਹ ਦਿਨ ਰਾਤ ਬਰਕ ਅਤੇ ਮੈਕਾਲੇ ਦੇ ਲੰਮੇ ਲੰਮੇ ਵਾਕਾਂ ਵਿਚ ਉਲਝੇ ਰਹਿੰਦੇ ਸਨ, ਉਹਨਾਂ ਦੀਆਂ ਵਿਚਾਰ ਗੋਸ਼ਟੀਆਂ ਸ਼ੈਕਸਪੀਅਰ ਦੇ ਡਰਾਮਿਆਂ ਅਤੇ ਬਾਇਰਨ ਦੀ ਕਵਿਤਾ 'ਤੇ ਹੁੰਦੀਆਂ ਸਨ, ਅਤੇ ਸਭ ਤੋਂ ਉੱਪਰ, ਉੱਨੀਵੀਂ ਸਦੀ ਦੀ ਖ਼ੁਲ੍ਹਦਿਲੀ ਉੱਪਰ. . . .*

*" ਉਸ ਵੇਲੇ ਕੌਮੀ ਆਜ਼ਾਦੀ ਸੰਬੰਧੀ ਭਾਵੇਂ ਕੁਝ ਕੁ ਯਤਨ ਹੋਏ ਸਨ, ਪਰ ਦਿਲ ਵਿਚ ਸਾਡੇ ਅੰਗ੍ਰੇਜ਼ ਕੌਮ ਦੀ ਖ਼ੁੱਲ੍ਹਦਿਲੀ ਲਈ ਸ਼ਰਧਾ ਵਸੀ ਹੋਈ ਸੀ। ਇਹ ਯਕੀਨ ਐਨਾ ਪੱਕਾ ਹੋ ਚੁੱਕਾ ਸੀ ਕਿ ਸਾਡੇ ਨੇਤਾਵਾਂ ਦੀਆਂ ਭਾਵਨਾਵਾਂ ਵਿਚ ਇਹ ਨਿਸ਼ਚਾ ਘਰ ਕਰ ਗਿਆ ਸੀ ਕਿ ਜੇਤੂ ਲੋਕ ਆਪਣੇ ਆਪ ਹੀ ਆਜ਼ਾਦੀ ਲਈ ਗ਼ੁਲਾਮਾਂ ਦਾ ਰਾਹ ਪੱਧਰਾ ਕਰ ਦੇਣਗੇ। . . .*

*"ਐਸੀ ਅਤਿ ਦੀ ਨਿਰਭਰਤਾ, ਸਾਡੇ ਸਾਸ਼ਕਾਂ ਦੇ ਦਾਨੀ ਸੁਭਾਅ ਉੱਪਰ, ਨਿਸਚੇ ਹੀ ਕੋਈ ਮਾਣ ਵਾਲੀ ਗੱਲ ਨਹੀਂ ਸੀ। ਜੋ ਕਮਾਲ ਦੀ ਗੱਲ ਸੀ ਉਹ ਇਹ ਸੀ ਕਿ ਅਸੀਂ ਇਨਸਾਨੀ ਮਹਾਨਤਾ ਨੂੰ ਕਿੰਨਾ ਉੱਚਾ ਦਰਜਾ ਦੇ ਰਹੇ ਸਾਂ ਭਾਵੇਂ ਇਹ ਵਿਦੇਸ਼ੀ ਵਿਚ ਹੀ ਦਿਖਾਈ ਦੇ ਰਹੀ ਸੀ. . . .*

*" . . . . ਕੁਦਰਤੀ ਤੌਰ 'ਤੇ ਮੈਂ ਅੰਗ੍ਰੇਜ਼ਾਂ ਨੂੰ ਆਪਣੇ ਦਿਲ ਦੇ ਤਖ਼ਤ ਉੱਪਰ ਬਿਠਾ ਦਿੱਤਾ ਸੀ। ਇਸੇ ਤਰ੍ਹਾਂ ਹੀ ਮੇਰੇ ਜੀਵਨ ਦਾ ਪਹਿਲਾ ਕਾਂਡ ਬੀਤਿਆ ਸੀ। ਤੇ ਫੇਰ ਸਮਾਂ ਆ ਗਿਆ ਜੁਦਾ ਹੋਣ ਦਾ, ਵੱਖਰੇ ਰਾਹ ਦਾ, ਜਦ ਦੁਖਦਾਈ ਨਿਰਾਸ਼ਾ ਦਾ ਅਹਿਸਾਸ ਹੋਇਆ ਤੇ ਮੈਨੂੰ ਪਤਾ ਲੱਗਣ ਲੱਗ ਪਿਆ ਕਿ ਜਿਹੜੇ ਲੋਕ ਇਨਸਾਨੀਅਤ ਦੀ ਸੱਭਿਅਤਾ ਦੇ ਸਰਵਉੱਚ ਤੱਥ ਪ੍ਰਵਾਨ*

*ਕਰਦੇ ਸਨ ਉਹ ਪੂਰੀ ਤਰ੍ਹਾਂ ਇਸ ਤੋਂ ਮੁਨਕਰ ਹੋ ਜਾਂਦੇ ਸਨ ਜਦ ਵੀ ਉਹਨਾਂ ਦਾ ਆਪਣਾ ਕੌਮੀ ਹਿਤ ਸਾਹਮਣੇ ਆਉਂਦਾ ਸੀ।"*[71]

## ਸਥੂਲ ਆਧਾਰ

ਵਿਚਾਰ ਵਿਚ ਤਬਦੀਲੀ ਲਈ ਇਹ ਸਥੂਲ ਆਧਾਰ ਅਤੇ ਭਾਰਤੀ ਬੁੱਧੀ ਜੀਵੀਆਂ ਦਾ ਬ੍ਰਿਟਿਸ਼ ਰਾਜ ਪ੍ਰਤੀ ਵਤੀਰਾ ਆਰਥਿਕ ਵਿਕਾਸ ਕਰਕੇ ਬਣਿਆ ਸੀ ਜੋ ਮਹਾਂ-ਉਪਦੀਪ ਵਿਚ ਹੋਇਆ ਸੀ, ਜਦ ਅੰਗ੍ਰੇਜ਼ਾਂ ਨੇ ਸ਼ੋਸ਼ਣ ਸੰਬੰਧੀ ਆਪਣੀ ਨੀਤੀ ਬਦਲੀ ਸੀ। 1857 ਤੋਂ ਪਹਿਲਾਂ ਵੀ ਇਹ ਦਿਸਣ ਲੱਗ ਪਿਆ ਸੀ ਕਿ ਭਾਰਤ ਹੁਣ ਉਸੇ ਤਰ੍ਹਾਂ ਨਹੀਂ ਲੁੱਟਿਆ ਜਾ ਸਕੇਗਾ ਅਤੇ ਇਸਦੀ ਉਪਜਾਊ ਸਮਰੱਥਾ ਬੁਰੀ ਤਰ੍ਹਾਂ ਬਰਬਾਦ ਕੀਤੀ ਜਾਵੇਗੀ, ਜਿਸ ਤਰ੍ਹਾਂ ਕਰਨ ਦੀ ਕੰਪਨੀ ਦੀ ਆਦਤ ਸੀ। ਭਾਰਤ ਨੂੰ ਇੰਗਲੈਂਡ ਦੇ ਉਦਯੋਗਿਕ ਬੁਰਜੁਆ ਲਈ ਨਫ਼ੇ ਦਾ ਸਰੋਤ ਬਣਾਈ ਰੱਖਣ ਲਈ, ਇਸਦੀ ਉਪਜਾਊ ਸ਼ਕਤੀ ਨੂੰ ਵਿਕਸਿਤ ਕਰਨਾ ਜ਼ਰੂਰੀ ਸੀ, ਕਿਉਂਕਿ ਇੰਗਲੈਂਡ ਆਪਣੀ ਉਪਜ ਨੂੰ ਨਿਰਯਾਤ ਕਰਨਾ ਜਾਰੀ ਨਹੀਂ ਰੱਖ ਸਕਦਾ ਸੀ – ਵਿਸ਼ੇਸ਼ ਕਰ ਕੱਪੜਾ, ਬਗ਼ੈਰ ਭਾਰਤ ਤੋਂ ਇਸਦੀ ਉਪਜ ਆਯਾਤ ਕਰਨ ਦੇ। ਭਾਰਤ ਨੂੰ ਨਿਰਯਾਤ ਕਰਨ ਦੇ ਸਮਰਥ ਬਣਾਉਣ ਲਈ ਉਸਦੀ ਉਪਜ ਸਮਰੱਥਾ ਨਵੇਂ ਸਿਰੇ ਵਧਾਉਣ ਦੀ ਲੋੜ ਸੀ, ਕੰਪਨੀ ਦੇ ਕੁਸਾਸ਼ਨ ਦੁਆਰਾ ਪੂਰੀ ਤਰ੍ਹਾਂ ਇਸ ਨੂੰ ਬਰਬਾਦ ਕਰਨ ਮਗਰੋਂ। ਇਸ ਪ੍ਰਕਾਰ ਮਾਰਕਸ ਨੇ ਆਪਣੀ ਭਵਿੱਖ ਵਾਚੀ ਸੋਚ ਨਾਲ ਇਹ ਗੱਲ ਕਹੀ ਸੀ ਮਹਾਨ ਬਗ਼ਾਵਤ ਤੋਂ ਚਾਰ ਸਾਲ ਪਹਿਲਾਂ –

*"ਹੁਣ ਤਕ ਬ੍ਰਿਟੇਨ ਦੀਆਂ ਸਾਸ਼ਕ ਸ਼੍ਰੇਣੀਆਂ ਕੇਵਲ ਭਾਰਤ ਦੀ ਤਰੱਕੀ ਲਈ ਅਚਾਨਕ ਵਰਗੀ, ਚਲਾਊ ਅਤੇ ਅਪਵਾਦੀ ਦਿਲਚਸਪੀ ਹੀ ਲੈਂਦੀਆਂ ਰਹੀਆਂ ਸਨ। ਕੁਲੀਨ ਵਰਗ ਤਾਂ ਇਸਨੂੰ ਫ਼ਤਹਿ ਕਰਨਾ, ਪੈਸੇ ਦੀ ਖਾਣ ਬਣਾਉਣਾ ਅਤੇ ਲੁਟਣਾ ਹੀ ਚਾਹੁੰਦੇ ਸਨ ਤੇ ਮਿੱਲਾਂ ਦੇ ਜ਼ੋਰ ਨਾਲ ਦੱਬੀ ਰਖਣਾ ਤੇ ਘਟੀਆ ਬਣਾਈ ਜਾਣਾ ਚਾਹੁੰਦੇ ਰਹੇ ਸਨ। ਪਰ ਹੁਣ ਹਾਲਾਤ ਬਦਲ ਗਏ ਸਨ। ਮਿੱਲ ਮਾਲਕਾਂ ਨੂੰ ਪਤਾ ਲੱਗ ਗਿਆ ਹੈ ਕਿ ਭਾਰਤ ਨੂੰ ਇਕ ਪੁਨਰ-ਉਤਪਾਦੀ ਦੇਸ ਬਣਾਉਣਾ ਉਹਨਾਂ ਲਈ ਵੱਡੀ ਅਹਿਮੀਅਤ ਬਣ ਚੁੱਕਾ ਹੈ ਅਤੇ ਇਸ ਦਿਸ਼ਾ ਵਿਚ ਇਹ ਜ਼ਰੂਰੀ ਹੈ ਕਿ, ਸਭ ਤੋਂ ਵੱਧ, ਇਸਨੂੰ ਆਬ-ਪਾਸ਼ੀ (ਖੇਤੀ ਲਈ ਪਾਣੀ ਦੀ ਸੁਵਿਧਾ) ਦਾ ਤੋਹਫ਼ਾ ਦਿੱਤਾ ਜਾਵੇ ਅਤੇ ਅੰਦਰੂਨੀ ਆਵਾਜਾਈ ਸੁਧਾਰੀ ਜਾਵੇ।"*[72]

1857 ਦੇ ਦਮਨ ਮਗਰੋਂ, ਬ੍ਰਿਟੇਨ ਵਾਸਤੇ ਹੋਰ ਕੋਈ ਚਾਰਾ ਨਹੀਂ ਸੀ ਸਿਵਾਏ ਇਸਦੇ ਕਿ ਭਾਰਤ ਦੀ ਆਰਥਿਕ ਸ਼ਕਤੀ ਵਧਾਉਣ ਲਈ ਆਰਥਿਕ ਕਦਮ ਚੁੱਕੇ ਜਾਣ। ਇਹ ਮਾਮਲਾ ਹੋਰ ਵੀ ਛੇਤੀ ਕਰਨ ਯੋਗ ਹੋ ਗਿਆ ਸੀ ਜਦੋਂ 1857 ਦੇ ਛੇਤੀ ਮਗਰੋਂ ਹੀ ਅਮਰੀਕਾ ਦੀ ਸਿਵਿਲ ਵਾਰ (ਅਸੈਨਿਕ ਯੁੱਧ) ਸ਼ੁਰੂ ਹੋ ਗਈ ਸੀ। ਇਸ ਯੁੱਧ ਦੌਰਾਨ, ਜਦ ਯੂਨੀਅਨ ਦੀਆਂ ਫ਼ੌਜਾਂ ਕਨਫ਼ੈਡਰੇਟ ਦਾ ਰਾਹ ਬੰਦ ਕਰ ਲੱਗੀਆਂ, ਦੱਖਣ ਦੀਆਂ ਗੁਲਾਮ ਰਿਆਸਤਾਂ ਤੋਂ ਕਪਾਹ ਦੀ ਪੂਰਤੀ ਲੰਕਾਸ਼ਾਇਰ ਦੀਆਂ ਮਿੱਲਾਂ ਵਾਸਤੇ ਤਕਰੀਬਨ ਬੰਦ ਹੋ ਗਈ। ਕਪਾਹ ਦੀ ਪੂਰਤੀ ਦਾ ਹੋਰ ਸਰੋਤ ਲੱਭਣ ਲਈ, ਭਾਰਤ ਨੂੰ ਕਪਾਹ ਦੀ ਪੂਰਤੀ ਕਰਨ ਦਾ ਬਹੁਤ ਜਲਦੀ ਨਾਲ ਵੱਡਾ ਸਾਧਨ ਬਣਾਉਣਾ ਜ਼ਰੂਰੀ ਹੋ ਗਿਆ। ਹੋਰ ਵੱਡੀ ਗੱਲ ਇਹ ਕਿ ਕਪਾਹ ਦੀ ਉਪਜ ਹੀ ਨਹੀਂ ਕਰਨੀ ਸੀ ਸਗੋਂ ਹਜ਼ਾਰਾਂ ਮੀਲ ਦੂਰ ਬੰਦਰਗਾਹਾਂ 'ਤੇ ਵੀ ਇਸਨੂੰ ਪਹੁੰਚਾਉਣਾ ਸੀ ਤਾਂ ਜੋ

ਇੰਗਲੈਂਡ ਭੇਜੀ ਜਾ ਸਕੇ। ਇਸ ਲਈ ਰੇਲਾਂ ਦਾ ਜਾਲ ਵਿਛਾਉਣਾ ਬਹੁਤ ਜ਼ਰੂਰੀ ਸੀ – ਇਸਦੀ ਤਾਂ ਦੋਹਰੀ ਲੋੜ ਹੋ ਗਈ ਸੀ ਕਿਉਂ ਇੰਗਲੈਂਡ ਨੂੰ 1857–58 ਦੇ ਸਾਲਾਂ ਵਿਚ ਗਿਆਨ ਹੋ ਗਿਆ ਸੀ ਕਿ ਉਹਨਾਂ ਲਈ ਫ਼ੌਜਾਂ ਨੂੰ ਲੈ ਕੇ ਜਾਣਾ, ਫ਼ੌਜੀ ਸਾਮਾਨ ਢੋਣਾ ਅਤੇ ਹੋਰ ਪੂਰਤੀ ਦੀਆਂ ਵਸਤਾਂ ਲੈ ਕੇ ਜਾਣੀਆਂ ਕਿੰਨਾ ਮੁਸ਼ਕਿਲ ਕੰਮ ਸੀ। ਇਸੇ ਕਾਰਨ ਹੀ ਇੰਗਲੈਂਡ ਨੇ, ਭਾਰਤ ਦੀ ਉਪਜਾਊ ਸ਼ਕਤੀ ਨੂੰ ਮੁੜ ਸੁਰਜੀਤ ਕਰਨ ਲਈ ਭਾਫ਼ ਦੇ ਇੰਜਨ ਵਾਲੀ ਰੇਲ ਅਤੇ ਨਹਿਰਾਂ ਦੇ ਪ੍ਰਬੰਧ ਉਪਲਬਧ ਕਰਾਉਣ ਦੀ ਨੀਤੀ ਅਪਣਾਈ।

ਜਦ ਕਿ 1857 ਤੋਂ ਪਹਿਲਾਂ *"ਇੰਗਲੈਂਡ ਨੇ ਭਾਰਤੀ ਸਮਾਜ ਨੂੰ ਪੂਰੀ ਤਰ੍ਹਾਂ ਤੋੜ ਦੇਣ ਦਾ ਯਤਨ ਕੀਤਾ ਸੀ, ਅਤੇ ਜਿਸ ਪੁਨਰ ਨਿਰਮਾਣ ਦਾ ਕੋਈ ਸੰਕੇਤ ਨਹੀਂ ਸੀ,"* ਜਿਸਦੇ ਫਲਸਰੂਪ, "ਉਸਦੀ ਪੁਰਾਣੀ ਦੁਨੀਆ ਦਾ ਖੁੱਸ ਜਾਣਾ, ਅਤੇ ਨਵੀਂ ਦਾ ਕੋਈ ਲਾਭ ਨਾ ਹੋਣਾ" ਹਿੰਦੂਆਂ ਲਈ ਇਕ ਮੰਦ ਭਾਗੀ ਅਤੇ ਦੁਖਦਾਈ ਕਾਰਨ ਬਣ ਗਿਆ ਸੀ ਅਤੇ ਬ੍ਰਿਟੇਨ ਰਾਜ ਹੇਠਲੇ ਹਿੰਦੁਸਤਾਨ ਵਿਚੋਂ ਇਸਦਾ ਸਾਰਾ ਪੁਰਾਤਨ ਇਤਹਾਸ ਵੱਖ ਹੋ ਗਿਆ ਸੀ." ਇੰਗਲੈਂਡ ਭਾਰਤੀ ਖੇਤੀਬਾੜੀ ਅਤੇ ਉਸਦੀ ਉਪਜ ਨੂੰ ਬਰਬਾਦ ਕਰਨ ਵਿਚ ਵੀ ਸਫਲ ਹੋਇਆ ਸੀ, ਕਿਉਂਕਿ ਕਿਸੇ ਵੀ ਸਾਰਵਜਨਕ ਕਾਰਜ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ। "ਬ੍ਰਿਟੇਨ ਦੀ ਭਾਫ਼ ਅਤੇ ਸਾਇੰਸ ਨੇ ਖੇਤੀ–ਬਾੜੀ ਅਤੇ ਉਦਯੋਗ ਵਿਚਲਾ ਜੋੜ ਜੜ੍ਹੋਂ ਉਖਾੜ ਮਾਰਿਆ ਸੀ।"[73]

## ਸਮਾਜਕ ਇਨਕਲਾਬ

ਪੁਨਰ ਜੀਵਨ ਅਤੇ ਪੁਨਰ ਨਿਰਮਾਣ ਦਾ ਸਮਾਂ, ਅਸਲ ਵਿਚ 1857 ਦੇ ਮਗਰੋਂ ਸ਼ੁਰੂ ਹੋਣਾ ਸੀ। ਪੁਰਾਣੇ ਭਾਰਤੀ ਸਮਾਜ ਦੀ ਤਬਾਹੀ – ਗ੍ਰਾਮੀਣ ਪ੍ਰਬੰਧ – ਅਤੇ ਪੁਨਰ ਜੀਵਨ ਦਾ ਆਧਾਰ ਤਿਆਰ ਕਰਨਾ, *ਇਸ ਲਈ ਬ੍ਰਿਟੇਨ ਆਪਣੇ ਕੋਝੇ ਹਿਤਾਂ ਲਈ ਹੀ ਸਰਗਰਮ ਹੋਇਆ ਸੀ ਅਤੇ ਇਸਨੂੰ ਲਾਗੂ ਕਰਨ ਲਈ ਮੂਰਖਤਾ ਵਾਲੀ ਨੀਤੀ ਅਪਣਾ ਰਿਹਾ ਸੀ।* ਫੇਰ ਵੀ ਇਸਦੇ ਸਾਰੇ ਹੀ ਦੋਸ਼ਾਂ ਦੇ ਬਾਵਜੂਦ, *ਬ੍ਰਿਟੇਨ ਇਕ ਅਚੇਤਨ ਸੰਦ ਬਣ ਗਿਆ ਇਤਿਹਾਸ ਦਾ, ਭਾਰਤ ਦੇ ਸਮਾਜ ਵਿਚ ਇਸ ਮੂਲਭੂਤ ਇਨਕਲਾਬ ਲਿਆਉਣ ਵਾਸਤੇ"*[74]

ਜੋ ਵੀ ਕਦਮ ਬ੍ਰਿਟੇਨ ਨੇ ਚੁੱਕੇ ਭਾਰਤ ਨੂੰ ਇਕ ਯੋਗ ਪ੍ਰਸ਼ਾਸਨ ਦੇਣ ਵਾਸਤੇ, ਇਸ ਦਾ ਹੋਰ ਚੰਗੀ ਤਰ੍ਹਾਂ ਸੋਸ਼ਣ ਕਰਨ ਲਈ, ਅੰਤ ਨੂੰ ਇਸਦੇ ਰਾਜ ਅਤੇ ਸਰਦਾਰੀ ਨੂੰ ਭਾਰਤ ਵਿਚ ਕਮਜ਼ੋਰ ਕਰਨ ਦਾ ਕਾਰਨ ਬਣਿਆ। ਜਿਹੜੀਆਂ ਬ੍ਰਿਟਿਸ਼ ਸੰਗੀਨਾਂ ਨੇ ਰਾਜਨੀਤਕ ਏਕਤਾ ਲਿਆਂਦੀ ਸੀ, ਜਿਹੜੀ ਬਿਜਲੀ, ਟੈਲੀਗਰਾਫ਼ (ਤਾਰ ਸੇਵਾ), ਭਾਫ਼ ਇੰਜਨ ਦੀਆਂ ਰੇਲਾਂ ਅਤੇ ਨਹਿਰੀ ਪ੍ਰਬੰਧ ਅਤੇ ਭਾਰਤ ਵਿਚ ਉਦਯੋਗੀਕਰਨ ਦੀ ਸ਼ੁਰੂਆਤ, ਭਾਰਤੀ ਸੈਨਾ ਦੀ ਆਧੁਨਿਕ ਯੂਰਪੀ ਢੰਗ ਨਾਲ ਪੁਨਰ ਸੰਗਠਨ, ਪ੍ਰੈਸ ਦਾ ਸ਼ੁਰੂ ਹੋਣਾ ਅਤੇ ਸਥਾਨਕ ਬੁੱਧੀਜੀਵੀਆਂ ਦਾ ਉਭਰਨਾ 'ਜਿਹੜੀ ਬ੍ਰਿਟਿਸ਼ ਸਰਕਾਰ ਦੀ ਜ਼ਰੂਰਤ ਸੀ ਅਤੇ ਯੂਰਪੀਅਨ ਵਿਗਿਆਨ ਦੇ ਅਨੁਕੂਲ ਸੀ – ਇਹ ਸਭ ਕੁਝ ਮਿਲ ਕੇ ਅੰਗ੍ਰੇਜ਼ ਦੇ ਵਿਰੁੱਧ ਬਗ਼ਾਵਤ ਦੇ ਕਾਰਨ ਬਣ ਗਏ। ਨਿਰਸੰਦੇਹ, ਬ੍ਰਿਟਿਸ਼ ਸ਼ਾਸ਼ਕ ਵਰਗ ਨੇ, ਹੋਰਾਂ ਤੋਂ ਇਲਾਵਾ, ਰੇਲਵੇ ਦਾ ਭਾਰਤ ਵਿਚ ਨਿਰਮਾਣ ਕਰਨਾ, ਵਿਸ਼ੇਸ਼ ਕਰਕੇ ਕਪਾਹ ਦੀ ਢੋਆ–ਢੁਆਈ ਵਾਸਤੇ ਅਤੇ ਹੋਰ ਕੱਚੇ ਮਾਲ ਦੀ ਪੂਰਤੀ ਵਾਸਤੇ, ਅੱਗੇ ਨਾਲੋਂ ਬਹੁਤ ਥੋੜ੍ਹੇ ਖ਼ਰਚ 'ਤੇ, ਤਾਂ ਜੋ ਇੰਗਲੈਂਡ ਦੀਆਂ ਮਿੱਲਾਂ ਨੂੰ ਕੱਚਾ ਮਾਲ ਮਿਲ ਸਕੇ।

ਪਰ ਮਸ਼ੀਨਰੀ ਜਦ ਇਕ ਵਾਰੀ ਭਾਰਤ ਦੇ ਆਵਾਜਾਈ ਪ੍ਰੰਬਧ ਵਿਚ ਦਾਖ਼ਲ ਹੋ ਗਈ, ਉਸ ਦੇਸ਼ ਵਿਚ ਜਿਸ ਵਿਚ ਲੋਹੇ ਅਤੇ ਕੋਇਲੇ ਦੀ ਬਹੁਤਾਤ ਸੀ, ਜਿਸ ਨਾਲ ਇਸਦਾ ਭਾਰਤ ਵਿਚ ਹੀ ਨਿਰਮਾਣ ਸੰਭਵ ਹੋਏ ਬਿਨਾ ਨਹੀਂ ਰਹਿ ਸਕਦਾ ਸੀ, ਕਿਉਂਕਿ ਇਹ ਸੰਭਵ ਨਹੀਂ ਸੀ ਕਿ *"ਰੇਲਵੇ ਦੇ ਜਾਲ ਨੂੰ ਐਡੇ ਵੱਡੇ ਦੇਸ ਵਿਚ ਫੈਲਾਉਣਾ ਅਤੇ ਉਦਯੋਗ ਵਿਕਾਸ ਨ ਕਰਨਾ, ਜਿਸ ਨਾਲ ਸਥਾਨਕ ਪੱਧਰ 'ਤੇ ਹੀ ਰੇਲਵੇ ਦੀਆਂ ਲੋੜਾਂ ਦੀ ਪੂਰਤੀ ਹੋ ਸਕਦੀ ਅਤੇ ਜਿਸ ਵਿਚ ਇਹ ਜ਼ਰੂਰ ਉਭਰ ਕੇ ਆਏ ਕਿ ਉਦਯੋਗਿਕ ਵਸਤਾਂ ਰੇਲਵੇ ਦੇ ਸਿਵਾਏ ਹੋਰ ਉਦਯੋਗਾਂ ਦੇ ਕੰਮ ਵੀ ਆਉਣ। ਇੰਝ, ਭਾਰਤ ਵਿਚ ਰੇਲਵੇ ਪ੍ਰਬੰਧ ਆਧੁਨਿਕ ਉਦਯੋਗ ਦਾ ਮੋਹਰੀ ਬਣ ਗਿਆ।"*[75]

ਮਾਰਕਸ ਨੂੰ ਇਹ ਪੂਰਾ ਪਤਾ ਸੀ ਕਿ ਆਰਥਿਕ ਕਦਮ, ਜਿਹੜੇ ਬ੍ਰਿਟਿਸ਼ ਬੁਰਜੁਆ ਨੂੰ ਚੁਕਣ ਲਈ ਮਜਬੂਰ ਹੋਣਾ ਪਿਆ ਸੀ, ਆਪਣੇ ਆਪ ਵਿਚ ਕਾਫ਼ੀ ਨਹੀਂ ਸਨ ਚੁੱਕੇ ਗਏ ਜਾਂ ਮੁਕਤੀ ਵਾਸਤੇ ਜਾਂ ਸਮਾਜ ਵਿਚ ਕਿਸੇ ਹੋਰ ਪਦਾਰਥਕ ਤਬਦੀਲੀ ਭਾਰਤ ਦੀ ਜਨਤਾ ਵਾਸਤੇ। ਇਹ ਕਰਨ ਲਈ, ਉਪਜਾਊ ਸ਼ਕਤੀਆਂ ਦੇ ਵਿਕਾਸ ਦੇ ਇਲਾਵਾ, ਇਹਨਾਂ ਦੋ ਲੋਕਾਂ ਦੇ ਹਿਤ ਵਿਚ ਹੋਣਾ ਵੀ ਜ਼ਰੂਰੀ ਹੈ। ਜੋ ਉਸਦੀ ਸੋਚ ਸੀ ਉਹ ਇਹੀ ਸੀ ਕਿ *ਬ੍ਰਿਟਿਸ਼ ਬੁਰਜੁਆ ਦੋਹਾਂ ਲਈ ਪਦਾਰਥਕ ਆਧਾਰ ਬਣਾ ਰਿਹਾ ਹੈ।' ਅਗੇ ਕਹਿੰਦਾ ਹੈ 'ਕੀ ਬੁਰਜੁਆ ਨੇ ਇਸ ਤੋਂ ਵੱਧ ਕੁਝ ਕੀਤਾ ਹੈ? ਕੀ ਉਸਨੇ ਕੋਈ ਅਜਿਹੀ ਤਰੱਕੀ ਕੀਤੀ ਹੈ ਜਿਸ ਵਿਚ ਵਿਅਕਤੀਆਂ ਅਤੇ ਲੋਕਾਂ ਨੂੰ ਖ਼ੂਨ ਅਤੇ ਗਰਦ ਵਿਚੋਂ ਦੀ, ਪੀੜ ਅਤੇ ਜ਼ਲਾਲਤ ਵਿਚੋਂ ਦੀ ਨਾ ਘੜੀਸਿਆ ਹੋਵੇ?*[76]

ਮਾਰਕਸ ਦਾ ਇਹ ਵਿਚਾਰ ਠੀਕ ਹੀ ਸੀ ..."ਭਾਰਤੀਆਂ ਲਈ ਉਹ ਫਲ ਤੋੜਨੇ ਜਿਹਨਾ ਦਾ ਬੀਜ ਅੰਗ੍ਰੇਜ਼ ਬੁਰਜੁਆ ਦੁਆਰਾ ਉਹਨਾਂ ਦੇ ਸਮਾਜ ਵਿਚ ਸੁਟਿਆ ਗਿਆ ਸੀ, ਬਣਦੇ ਹੀ ਸਨ", ਜਾਂ ਤਾਂ ਬ੍ਰਿਟਿਸ਼ ਬੁਰਜੁਆ ਨੂੰ ਬ੍ਰਿਟੇਨ ਦੀ ਪ੍ਰੋਲਤਾਰੀ ਨੇ ਪਰ੍ਹੇ ਸੁਟਣਾ ਸੀ ਤੇ ਜਾਂ ਭਾਰਤੀਆਂ ਨੇ ਸਾਬਤ ਕਰਨਾ ਸੀ ਕਿ ਉਹ ਐਨੇ ਮਜ਼ਬੂਤ ਹੋ ਗਏ ਹਨ ਕਿ ਅੰਗ੍ਰੇਜ਼ ਦਾ ਜੂੱਲਾ ਲਾਹ ਕੇ ਪਰ੍ਹੇ ਸੁੱਟ ਦੇਣ। ਜੋ ਵੀ ਹੈ, ਮਾਰਕਸ ਭਾਰਤ ਦੀ ਪੁਨਰ ਜੀਵਨੀ ਸ਼ਕਤੀ 'ਤੇ ਆਸ਼ਾਵਾਦੀ ਸੀ, ਜਿਸ ਦਾ ਪਦਾਰਥਕ ਆਧਾਰ ਤਦ ਬ੍ਰਿਟਿਸ਼ ਸ਼ਾਸਕ ਬਣਾ ਰਹੇ ਸਨ, ਭਾਵੇਂ ਬਹੁਤ ਹੀ ਭੈੜੇ ਅਤੇ ਖ਼ੁਦਗ਼ਰਜ਼ੀ ਵਾਲੇ ਢੰਗ ਨਾਲ। ਉਹ ਇਸ ਬਾਰੇ ਆਪਣੇ ਵਿਚਾਰ ਬੜੇ ਉਤਸ਼ਾਹ ਨਾਲ, ਇਕ ਜ਼ੋਰਦਾਰ ਫੁੱਵਾਰੇ ਵਾਂਗਰ ਪ੍ਰਗਟਾ ਕਰਦਾ ਹੈ –

"ਸਾਰੀਆਂ ਹੀ ਘਟਨਾਵਾਂ, ਅਸੀ ਬਿਲਕੁਲ ਠੀਕ ਉਮੀਦ ਨਾਲ ਦੇਖ ਸਕਦੇ ਹਾਂ ਜਿਹੜੀਆਂ ਤਕਰੀਬਨ ਤਕਰੀਬਨ ਦੂਰਗਾਮੀ ਪਰ ਉਸ ਮਹਾਨ ਦੇਸ ਦੇ ਪੁਨਰਜੀਵਨ ਨਾਲ ਸੰਬੰਧਿਤ ਸਨ, ਪ੍ਰਿੰਸ ਸਾਲਟਿਕੋਫ ਦੇ ਸ਼ਬਦਾਂ ਵਿਚ, *ਬਹੁਤ ਹੀ ਨੀਵੀਆਂ ਅਤੇ ਘਟੀਆ ਸ਼੍ਰੇਣੀਆਂ ਵਿਚ ਵੀ, ਇਟਾਲੀਅਨਾਂ ਨਾਲੋਂ ਵੀ ਵਧੇਰੇ ਸੂਖ਼ਮ ਅਤੇ ਚੁਸਤ, ਜਿਹਨਾਂ ਦੀ ਅਧੀਨਗੀ ਵੀ ਕਿਸੇ ਸ਼ਾਂਤ ਕੁਲੀਨ ਵਰਗ ਨਾਲ ਪਾਸਕੂ ਹੋ ਜਾਂਦੀ ਹੈ, ਜਿਸਨੇ ਆਪਣੇ ਕੁਦਰਤੀ ਢਿੱਲੇਪਨ ਦੇ ਬਾਵਜੂਦ, ਬ੍ਰਿਟਿਸ਼ ਅਫ਼ਸਰਾਂ ਨੂੰ ਆਪਣੀ ਬਹਾਦਰੀ ਨਾਲ ਹੈਰਾਨ ਕੀਤਾ ਹੈ, ਜਿਹਨਾਂ ਦਾ ਦੇਸ ਸਾਡੀਆਂ ਭਾਸ਼ਾਵਾਂ ਦਾ ਅਤੇ ਧਰਮਾਂ ਦਾ ਸਰੋਤ ਰਿਹਾ ਹੈ, ਅਜੇ ਜੋ ਪੁਰਾਣੇ ਜਰਮਨਾਂ ਵਿਚ ਜਾਟ ਵਰਗੀ ਪ੍ਰਤਿਨਿਧਤਾ ਕਰਦੇ ਹਨ ਅਤੇ ਬ੍ਰਾਹਮਣਾਂ ਵਿਚ ਯੂਨਾਨੀਆਂ ਦੀ."*[77]

## ਵਿਰੋਧ ਦੇ ਨਵੇਂ ਕੇਂਦਰ

ਨਿਸਚੇ ਹੀ, ਭਾਵੇ ਹੌਲੀ ਹੀ ਸਹੀ, ਹਾਲਾਤ ਓਵੇਂ ਹੀ ਸਾਹਮਣੇ ਆਏ ਜਿਵੇਂ ਮਾਰਕਸ ਨੇ

ਭਵਿੱਖ-ਬਾਣੀ ਕੀਤੀ ਸੀ। ਜੋ ਕਦਮ ਅੰਗ੍ਰੇਜ਼ ਹੁਕਮਰਾਨਾਂ ਨੇ ਚੁੱਕੇ ਉਸ ਨਾਲ ਦੋ ਨਵੇਂ ਸ਼ਕਤੀਸ਼ਾਲੀ ਕੇਂਦਰ ਪੈਦਾ ਹੋ ਗਏ, ਅੰਗ੍ਰੇਜ਼ ਦੇ ਵਿਰੋਧ ਵਿਚ - ਬੁਰਜੁਆ ਅਤੇ ਪ੍ਰੋਲੇਤਾਰੀ- ਨਵੀਂ ਪੁਨਰ ਸੰਗਠਿਤ ਕੀਤੀ ਭਾਰਤੀ ਫ਼ੌਜ ਦੇ ਇਲਾਵਾ। ਉੱਨੀਵੀਂ ਸਦੀ ਦੇ ਦੂਜੇ ਅੱਧ ਵਿਚ ਭਾਰਤੀ ਬੁਰਜੁਆ ਬਣਨ ਦਾ ਅਮਲ ਸ਼ੁਰੂ ਹੋਇਆ। 1853 ਵਿਚ ਬੰਬਈ ਵਿਚ ਪਹਿਲੀ ਕੱਪੜਾ ਮਿਲ ਸਫ਼ਲਤਾ ਨਾਲ ਸਥਾਪਿਤ ਹੋਈ। ਚੌਥਾ ਸਦੀ ਮਗਰੋਂ, 1880 ਤਕ, 156 ਮਿੱਲਾਂ ਬਣ ਗਈਆਂ ਜਿਹਨਾਂ ਵਿਚ 44,000 ਕਿਰਤੀ ਕੰਮ ਕਰ ਰਹੇ ਸਨ। 1890 ਤਕ, ਮਿੱਲਾਂ ਦੀ ਗਿਣਤੀ ਵਧ ਕੇ 193 ਹੋ ਗਈ ਅਤੇ ਕਿਰਤੀਆਂ ਦੀ ਗਿਣਤੀ 1,61,000 ਹੋ ਗਈ। 1930 ਤਕ ਕਾਰਖ਼ਾਨਿਆਂ, ਖ਼ਾਣਾਂ, ਰੇਲਵੇ ਅਤੇ ਨਹਿਰਾਂ ਦੇ ਮਹਿਕਮੇ (ਸਮੇਤ ਜਾਤਾ-ਜਾਤ) ਵਿਚ ਕੰਮ ਕਰਦੇ ਕਰਮਚਾਰੀਆਂ ਦੀ ਗਿਣਤੀ 3.2 ਮਿਲੀਅਨ ਅਤੇ ਕਾਰਖ਼ਾਨਿਆਂ ਦੀ ਗਿਣਤੀ ਵਧ ਕੇ 8,148 ਹੋ ਗਈ।[78] ਕਪੜਾ ਉਦਯੋਗ ਸ਼ੁਰੂ ਤੋਂ ਹੀ ਭਾਰਤੀਆਂ ਦੁਆਰਾ ਪੈਸਾ ਲਾਕੇ ਚਲਾਇਆ ਜਾ ਰਿਹਾ ਸੀ ਅਤੇ ਉਹਨਾਂ ਦੇ ਨਿਯੰਤਰਣ ਵਿਚ ਸੀ ਅਤੇ ਆਪਣੀ ਹੋਂਦ ਕਾਇਮ ਰੱਖਣ ਲਈ ਇਸਨੂੰ ਸੰਘਰਸ਼ ਕਰਨਾ ਪੈ ਰਿਹਾ ਸੀ, ਕਿਉਂਕਿ ਇਸ ਨੂੰ ਬਹੁਤ ਹੀ ਸਖ਼ਤ ਮੁਕਾਬਲਾ ਕਰਨਾ ਪੈ ਰਿਹਾ ਸੀ ਬ੍ਰਿਟਿਸ਼ ਪ੍ਰਤੀਯੋਗਤਾ ਦਾ ਅਤੇ ਓਨਾ ਹੀ ਭਾਰਤ ਵਿਚਲੇ ਬ੍ਰਿਟਿਸ਼ ਹਾਕਮਾਂ ਦਾ। ਆਰਥਿਕ ਹਿਤ ਦਾ ਟਕਰਾਅ ਭਾਰਤ ਦੇ ਉੱਪਰ ਉਠ ਰਹੇ ਬੁਰਜੁਆ ਅਤੇ ਬ੍ਰਿਟਿਸ਼ ਬੁਰਜੁਆ ਵਿਚ, ਜਦ ਕਿ ਸਾਰਕਾਰ ਨੇ ਕਪਾਹ ਦੇ ਭਾਰਤ ਵਿਚ ਆਯਾਤ ਤੋਂ ਸਭ ਡਿਊਟੀਆਂ ਹਟਾ ਦਿੱਤੀਆਂ ਸਨ, ਜਿਵੇ ਲੰਕਾਸ਼ਾਇਰ ਦੇ ਉਦਗੋਪਤੀਆਂ ਨੇ ਮੰਗ ਕੀਤੀ ਸੀ। ਅਜਿਹੇ ਕਦਮ ਨਾਲ ਉਭਰ ਰਹੀ ਭਾਰਤੀ ਬੁਰਯੁਆ ਸ਼੍ਰੇਣੀ ਦੇ ਹਿਤਾਂ ਦਾ ਤਾਂ ਘਾਣ ਹੋਣਾ ਹੀ ਸੀ ਅਤੇ ਉਹਨਾਂ ਵਿਚ ਘੋਰ ਰੋਹ ਵੀ ਆ ਜਾਣਾ ਕੁਦਰਤੀ ਗੱਲ ਸੀ।

ਉਸੇ ਵੇਲੇ ਇਕ ਹੋਰ ਛੋਟੇ ਬੁਰਜੁਆ ਬੁੱਧੀਜੀਵੀ ਵਰਗ ਦਾ ਜਨਮ ਹੋ ਗਿਆ - ਜਿਸ ਵਿਚ ਸਨ ਵਕੀਲ, ਡਾਕਟਰ, ਅਧਿਆਪਕ ਅਤੇ ਪ੍ਰਸ਼ਾਸਕ, ਜਿਹੜੇ ਪੱਛਮੀ ਵਿਦਿਆ ਵਿਚ ਨਿਪੁੰਨ ਸਨ ਅਤੇ ਜਿਹਨਾਂ ਨੂੰ ਲੋਕਰਾਜੀ ਆਜ਼ਾਦੀ ਦੇ ਆਦਰਸ਼ਾਂ ਦੀ ਪੂਰੀ ਪੂਰੀ ਸੂਝ ਸੀ, ਇਹ ਵਰਗ ਤੇਜ਼ੀ ਨਾਲ ਉੱਪਰ ਉਠ ਰਿਹਾ ਸੀ। ਚਾਹੇ ਇਹ ਦੋਨੋ ਪੱਖ ਹੀ - ਪੂੰਜੀਪਤੀ ਉਦਯੋਗ ਅਤੇ ਨਵਾਂ ਬੁੱਧੀਜੀਵੀ ਵਰਗ - ਸ਼ੁਰੂ ਵਿਚ ਛੋਟੇ ਹੀ ਸਨ, ਪਰ ਇਕ ਨਵੀਂ ਸ਼੍ਰੇਣੀ ਉਭਰ ਪਈ ਸੀ ਜਿਸਨੇ ਬ੍ਰਿਟਿਸ਼ ਬੁਰਜੁਆ ਨੂੰ ਆਪਣੀ ਪ੍ਰਤੀਦਵੰਦੀ ਗਿਣਨਾ ਸੀ ਅਤੇ ਆਪਣੀ ਤਰੱਕੀ ਦੀ ਰਾਹ ਵਿਚ ਰੋੜਾ ਸਮਝਣਾ ਸੀ। ਇਸ ਸ਼੍ਰੇਣੀ ਨੇ ਲਗ ਭਗ ਪਹਿਲਾਂ ਅਤੇ ਸਪੱਸ਼ਟ ਰੂਪ ਵਿਚ, ਭਾਰਤੀ ਕੌਮੀ ਮੁਫ਼ਾਦ ਦਾ ਪ੍ਰਗਟਾਵਾ ਬਣਨਾ ਸੀ ਅਤੇ ਬ੍ਰਿਟਿਸ਼ ਵਿਰੋਧੀ ਸੰਘਰਸ਼ ਦਾ ਅਗਵਾਈ ਕਰਤਾ ਬਣਨਾ ਸੀ।

ਇਸੇ ਦੌਰਾਨ, ਉੱਨੀਵੀਂ ਸਦੀ ਦੇ ਦੂਸਰੇ ਅੱਧ ਵਿਚ ਭਾਰਤੀ ਕਿਸਾਨੀ ਵਿੱਚ ਬਹੁਤ ਭਿਆਨਕ ਗ਼ਰੀਬੀ ਅਤੇ ਨਿਰਾਸ਼ਾ ਛਾ ਗਈ, ਜੋ ਬ੍ਰਿਟਿਸ਼ ਪੂੰਜੀ ਦੇ ਅੰਦਰ ਆਉਣ ਦਾ ਸਮੁੱਚਾ ਪ੍ਰਭਾਵ ਸੀ। ਜੇ ਉੱਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਸੱਤ 'ਕਾਲ ਪਏ, ਜਿਸ ਨਾਲ 1.5 ਮਿਲੀਅਨ ਲੋਕ ਮਾਰੇ ਗਏ, ਦੂਸਰੇ ਅੱਧ ਵਿਚ 24 'ਕਾਲ ਪਏ ਅਤੇ 28.5 ਮਿਲੀਅਨ ਲੋਕਾਂ ਦੀ ਮੌਤ ਹੋਈ। ਇਸ ਨਾਲ ਕਿਸਾਨਾਂ ਦੀਆਂ ਬਗ਼ਾਵਤਾਂ, ਵਿਸ਼ੇਸ਼ ਕਰ ਦੱਖਣ (ਦੇਸ ਦੇ ਦੱਖਣ) ਵਿਚ ਹੋਈਆਂ।

ਇਸ ਪ੍ਰਕਾਰ 1870 ਤੋਂ ਅੱਗੇ ਤਕ ਐਸੇ ਹਾਲਾਤ ਪੈਦਾ ਹੋ ਗਏ ਕਿ ਨਿਸਚੇ ਹੀ ਭਾਰਤੀ

ਸੁਤੰਤਰਤਾ ਸੰਘਰਸ਼ ਦੀ ਆਧੁਨਿਕ ਲਹਿਰ ਬਣ ਉੱਠੀ। ਹੁਣ ਬੁਰਜੁਆ ਵੀ ਸਨ ਅਤੇ ਪ੍ਰੋਲੇਤਾਰੀ ਵੀ, ਭਾਵੇਂ ਦੋਨੋ ਛੋਟੇ ਹੀ ਸਨ, ਪਰ ਵਧ ਰਹੇ ਸਨ, ਅਤੇ ਨਾਲ ਹੀ ਬਹੁਤ ਹੀ ਵੱਡੀ ਗਿਣਤੀ ਵਿਚ ਗ਼ਰੀਬੀ ਨਾਲ ਜੂਝਦੀ ਕਿਸਾਨੀ ਸੀ – ਜਿਹੜੀ ਅੰਸਤੁਸ਼ਟ ਸੀ, ਨਾਰਾਜ਼ ਸੀ ਅਤੇ ਆਪਣੀ ਬਦਹਾਲੀ ਦਾ ਜ਼ਿੰਮੇਵਾਰ ਵਿਦੇਸ਼ੀ ਹਾਕਮਾਂ ਦੀ ਨੀਤੀ ਨੂੰ ਠਹਿਰਾ ਰਹੀ ਸੀ। ਇਸ ਵਿਚ ਹੈਰਾਨੀ ਨਹੀਂ ਕਿ 1885 ਵਿਚ ਇਕ ਅੰਗ੍ਰੇਜ਼ ਪ੍ਰਸਾਸ਼ਕ, ਏ. ਓ. ਹਊਮ, ਦੀ ਅਗਵਾਈ ਵਿਚ ਇੰਡੀਅਨ ਨੈਸ਼ਨਲ ਕਾਂਗ੍ਰਸ ਦੀ ਸਥਾਪਨਾ ਹੋਈ, ਜਿਹੜੀ ਇਕ ਸੇਫ਼ਟੀ ਵਾਲਵ (ਸੁਰੱਖਿਆ ਦਾ ਸਾਧਨ) ਭਾਵ ਅੰਗ੍ਰੇਜ਼ੀ ਰਾਜ ਲਈ ਭਾਰਤੀ ਲੋਕਾਂ ਦੇ ਵਿਰੁੱਧ, ਕਿਸੇ ਵਿਦਰੋਹ ਦੇ ਵਿਰੁੱਧ, ਇਕ ਸੁਰੱਖਿਆ ਦਾ ਢੰਗ ਬਣ ਗਈ। ਬ੍ਰਿਟਿਸ਼ ਸਾਮਰਾਜ ਨੂੰ ਵੀ ਮਜਬੂਰ ਹੋ ਕੇ ਐਸੇ ਖ਼ਤਰੇ ਭਰਪੂਰ ਕਦਮ, ਭਾਵੇਂ ਨਰਮ ਜਿਹੇ, ਚੁੱਕਣੇ ਪਏ ਕਿ ਹਊਮ ਦੁਆਰਾ ਉਭਰ ਰਹੇ ਭਾਰਤੀ ਬੁਰਜੁਆਂ ਲਈ, ਇਕ ਪਲੇਟਫ਼ਾਰਮ ਬਣ ਜਾਵੇ ਜਿਸ ਥਾਣੀ ਉਹਨਾਂ ਦੀਆਂ ਮੰਗਾਂ ਰੂਪ ਰੇਖਾ ਦੇ ਕੇ ਪੇਸ਼ ਕੀਤੀਆਂ ਜਾਣ ਅਤੇ ਨਾਲ ਹੀ ਮੰਗਾਂ ਦੀ ਖਾਤਰ ਇਨਕਲਾਬੀ ਢੰਗਾਂ ਦਾ ਵਿਰੋਧ ਕਰਨ ਦਾ ਇਕ ਪ੍ਰੋਗਰਾਮ ਨਿਸ਼ਚਿਤ ਹੋ ਗਿਆ। ਭਾਰਤੀ ਬੁਰਜੁਆ, [illegible] ਪਾਰਟੀ ਅਤੇ ਗਾਂਧੀ ਦੀ ਅਗਵਾਈ ਵਿਚ, ਇਹ ਦੋਹਰਾ ਪਰ ਘ੍ਰਿਣਿਤ ਕਾਰਜ ਬੜੀ ਸਫ਼ਲਤਾ ਨਾਲ ਕਰਨ ਲੱਗ ਪਿਆ, ਜਿਹੜਾ ਬ੍ਰਿਟਿਸ਼ ਬੁਰਜੁਆ ਦੇ ਨਾਲ ਤਾਂ ਟੱਕਰ ਖਾਂਦਾ ਸੀ ਅਤੇ ਬ੍ਰਿਟਿਸ਼ ਵਿਰੋਧੀ ਸੰਘਰਸ਼ ਦੀ ਅਗਵਾਈ ਕਰਨਾ ਚਾਹੁੰਦਾ ਸੀ, ਤੇ ਨਾਲ ਹੀ ਪਲੇਗ ਵਾਂਗ ਹਰ ਇਨਕਲਾਬੀ ਪ੍ਰੋਗਰਾਮ ਅਤੇ ਢੰਗ ਦਾ, ਜਿਸ ਨਾਲ ਇਸਦੇ ਆਪਣੇ ਵਿਸ਼ੇਸ਼ ਅਧਿਕਾਰ ਮਿਟਦੇ ਸਨ, ਬ੍ਰਿਟਿਸ਼ ਸਾਮਰਾਜ ਸਮੇਤ।

ਸਹੀ ਅਰਥਾਂ ਵਿਚ ਸਾਮਰਾਜ ਵਿਰੋਧੀ ਪ੍ਰੋਗਰਾਮ ਅਪਣਾਉਣ ਅਤੇ ਇਨਕਲਾਬੀ ਢੰਗ ਦਾ ਸੰਘਰਸ਼ ਕਰਨ ਦਾ ਮਾਣ ਗ਼ਦਰ ਪਾਰਟੀ, ਜੋ 1913 ਵਿਚ ਬਣਾਈ ਗਈ ਸੀ, ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ (ਜੋ ਜਨਵਰੀ 1925 ਵਿਚ ਬਣੀ) ਅਤੇ ਇਸਦੀ ਵਾਰਿਸ ਹਿੰਦੁਸਤਾਨ ਸੋਸ਼ਲਿਸਟ ਐਸੋਸੀਏਸ਼ਨ (ਜੋ 1928 ਵਿਚ ਬਣੀ), ਭਾਰਤੀ ਕਿਰਤੀ ਸ਼੍ਰੇਣੀ ਅਤੇ ਕਿਸਾਨੀ ਨੂੰ ਜਾਂਦਾ ਹੈ। ਜ਼ਾਲਮਾਨਾ ਢੰਗ ਦੇ ਦਮਨ ਅਤੇ ਇਨਕਲਾਬੀਆਂ ਉਪਰ ਦਿਖਾਵੇ ਦੇ ਮੁਕੱਦਮੇ, ਇਹ ਸਭ ਇਕੱਠੇ ਹੋ ਕੇ, ਇਕ ਪਾਸੇ, ਅਤੇ ਦੂਸਰੇ ਪਾਸੇ, ਕਾਂਗਰਸ ਪਾਰਟੀ, ਪ੍ਰਤਿਨਿਧੀ ਬੁਲਾਰਾ ਭਾਰਤੀ ਸੋਸ਼ਿਤ ਵਰਗਾਂ ਦਾ, ਨੂੰ ਸਹੂਲਤਾਂ ਦੇਣੀਆਂ, ਨਾਲ ਬ੍ਰਿਟਿਸ਼ ਸਾਮਰਾਜੀਏ ਸਾਮਰਾਜ ਵਿਰੋਧੀ ਅਤੇ ਜਾਗੀਰਦਾਰੀ ਵਿਰੋਧੀ ਸੰਘਰਸ਼ ਨੂੰ ਨਾਕਾਮ ਕਰਨ ਵਿਚ ਸਫ਼ਲ ਹੋ ਗਏ, ਜਿਸਦਾ ਸਿੱਟਾ ਇਹ ਨਿਕਲਿਆ ਕਿ ਬ੍ਰਿਟਿਸ਼ ਰਾਜ ਦੇ ਅੰਤ ਵਿਚ ਭਾਰਤ ਦੀ ਵੰਡ ਹੋ ਗਈ, ਦੋ ਵੱਖਰੇ ਦੇਸ ਬਣ ਗਏ, ਬਹੁਤ ਵੱਡੀ ਪੱਧਰ 'ਤੇ ਹੋਏ ਫਿਰਕੂ ਫ਼ਸਾਦਾਂ, ਜਿਹਨਾਂ ਵਿਚ ਕਤਲੇਆਮ ਹੋਏ, ਦੇ ਮਗਰੋਂ। ਇਹ ਦੋਨੋ ਦੇਸਾਂ ਤੇ ਸੋਸ਼ਣ ਕਰਨ ਵਾਲੇ ਵਰਗਾਂ ਦਾ ਰਾਜ ਰਿਹਾ, ਜਿਹਨਾਂ ਵਿਚ ਜਨ ਸਾਧਾਰਨ ਦੇ ਹਿਤਾਂ ਦਾ ਘਾਣ ਹੁੰਦਾ ਰਿਹਾ, ਉਹਨਾਂ ਦੀ ਕੋਈ ਪੁੱਛ ਨਹੀਂ ਰਹੀ ਅਤੇ ਜਿਹੜੀ ਅਣਗਹਿਲੀ ਹੁਣ ਵੀ ਜਾਰੀ ਹੈ। ਜੋ ਬ੍ਰਿਟਿਸ਼ ਸਾਮਰਾਜੀਏ ਨਾ ਪ੍ਰਾਪਤ ਕਰ ਸਕੇ ਉਹ ਸੀ ਭਾਰਤ ਨੂੰ ਆਪਣੇ ਘੁੱਟੀ-ਮੀਚੀ ਹੋਈ ਗ੍ਰਿਫਤ 'ਚੋਂ ਪੂਰੀ ਤਰ੍ਹਾਂ ਤਿਲਕਣ ਨਾ ਦੇਣਾ। ਅਤੇ ਇਹ ਸਮਝੋ 1857-59 ਦੇ ਸ਼ਾਨਦਾਰ ਘਟਨਾਕ੍ਰਮ, ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ, ਦਾ ਨਤੀਜਾ ਹੈ ਅਤੇ ਰਾਜਨੀਤਕ ਤੇ ਆਰਥਿਕ ਕਦਮ ਜਿਹੜੇ ਬ੍ਰਿਟਿਸ਼ ਹਾਕਮਾਂ ਨੂੰ ਮਜਬੂਰਨ ਚੁੱਕਣੇ ਪਏ।

ਆਪਣੀ ਵੱਲੋ ਭਾਰਤੀ ਲੋਕਾਂ ਨੇ ਬਿਲਕੁਲ ਵੱਖਰੇ ਸਿੱਟੇ ਕੱਢੇ 1857-59 ਦੇ ਘਟਨਾਕ੍ਰਮ 'ਚੋਂ ਆਪਣੀ ਜਦੋ ਜਹਿਦ ਦੇ ਅਗਲੇ ਪੜਾਅ ਵਾਸਤੇ। ਇਹ ਦੇਖਦਿਆਂ ਕਿ ਰਾਜੇ ਅਤੇ ਹੋਰ ਵੱਡੀ ਗਿਣਤੀ ਵਿਚ ਜਾਗੀਰਦਾਰ, ਜਿਹਨਾਂ ਨੂੰ ਉਹ ਪਹਿਲਾਂ ਆਪਣੇ ਕੁਦਰਤੀ ਆਗੂ ਸਮਝਦੇ ਸਨ,

ਨੇ ਉਹਨਾਂ ਨਾਲ 1857 ਵਿੱਚ ਗ਼ੱਦਾਰੀ ਕੀਤੀ ਸੀ। ਜਨ ਸਾਧਾਰਨ ਨੇ ਇਹ ਨਤੀਜਾ ਕੱਢਿਆ ਸੀ ਕਿ ਸਫ਼ਲ ਹੋਣ ਲਈ, ਉਹਨਾਂ ਦਾ ਸੰਘਰਸ਼ ਜਾਗੀਰਦਾਰ ਵਿਰੋਧੀ ਅਤੇ ਬ੍ਰਿਟਿਸ਼ ਵਿਰੋਧੀ ਹੋਣਾ ਚਾਹੀਦਾ ਹੈ।

## ਕੌਮੀ ਚੇਤਨਾ ਨੂੰ ਗ੍ਰਹਿਣ ਕਰਨਾ

ਹੋਰ ਵਾਧੇ ਦੀ ਗੱਲ, ਕਿ 1857 ਦੀ ਬਗ਼ਾਵਤ, ਅਤੇ ਬ੍ਰਿਟਿਸ਼ ਹਾਕਮਾਂ ਦੁਆਰਾ, ਨਾਲ ਇਸਦੇ ਬੇਰਹਿਮੀ ਨਾਲ ਦਮਨ ਕਰਕੇ ਆਮ ਲੋਕਾਂ ਦੇ ਮਨ ਵਿਚ ਇਹ ਧਾਰਨਾ ਘਰ ਕਰ ਗਈ ਕਿ ਭਾਰਤ ਸਾਰੇ ਹੀ ਭਾਰਤੀਆਂ ਦਾ ਸਾਂਝਾ ਘਰ ਹੈ। 1857 ਤੋਂ ਪਹਿਲਾਂ, ਆਪਣੇ ਦੇਸ ਪਿਆਰ ਦਾ ਅਰਥ ਸੀ ਕਿ ਕੇਵਲ ਆਪਣੀ ਰਿਆਸਤ ਨੂੰ, ਜੋ ਕਿਸੇ ਰਿਵਾਇਤੀ ਰਾਜੇ ਦੇ ਅਧੀਨ ਹੁੰਦੀ ਸੀ, ਹੀ ਪਿਆਰ ਕਰਨਾ। ਜਾਗੀਰਦਾਰੀ ਦੁਸ਼ਮਨੀਆਂ ਅਤੇ ਰਾਜਿਆਂ ਦੇ ਆਪਸੀ ਟਕਰਾਅ ਇਸ ਸੰਕਲਪ ਦੇ ਰਾਹ ਵਿਚ ਰੋੜਾ ਬਣਦੇ ਸਨ, ਕਿ ਭਾਰਤ ਸਾਰੇ ਹੀ ਭਾਰਤੀਆਂ ਦਾ ਘਰ ਹੈ। ਹੋਰ ਵੀ ਮਹੱਤਵਪੂਰਨ ਗੱਲ ਇਹ ਕਿ ਐਸੇ ਸੰਕਲਪ ਵਾਸਤੇ – ਟੈਲੀਗਰਾਫ਼, ਰੇਲਵੇ, ਭਾਫ-ਇੰਜਨ, ਨਹਿਰੀ ਸਿਲਸਿਲੇ ਅਤੇ ਮਸ਼ੀਨੀ ਉਦਯੋਗ – ਇਹਨਾਂ ਦੀ ਬੁਨਿਆਦ ਅਜੇ ਨਹੀਂ ਰੱਖੀ ਗਈ ਸੀ। 1857 ਦੀ ਬਗ਼ਾਵਤ ਨੇ ਇਸ ਸੰਕਲਪ ਦੇ ਪੋਸ਼ਣ ਵਿਚ ਬਹੁਤ ਮਦਦ ਕੀਤੀ। ਲੰਡਨ ਦੇ *ਦੀ ਟਾਈਮਜ਼* ਨੇ ਇਸ ਸੰਕਲਪ ਦੇ ਉਭਾਰ ਨੂੰ ਇਸ ਪ੍ਰਕਾਰ ਲਿਖਿਆ ਸੀ –

*"ਕਈਆਂ 'ਚੋਂ ਇਕ ਵੱਡਾ ਸਿੱਟਾ ਜਿਹੜਾ 1857-58 ਦੀ ਬਗ਼ਾਵਤ ਦਾ ਨਿਕਲਿਆ, ਉਹ ਹੈ ਸੀ ਕਿ ਹਰ ਹਿੱਸੇ ਦੇ ਭਾਰਤੀ ਇਕ ਦੂਸਰੇ ਦੇ ਜਾਣੂ ਹੋ ਗਏ। ਅਸੀਂ ਦੇਖਿਆ ਕਿ ਜੰਗ ਦੀ ਲਹਿਰ ਨੇਪਾਲ ਦੀਆਂ ਸਰਹੱਦਾਂ ਤੋਂ ਲੈ ਕੇ ਗੁਜਰਾਤ ਦੀ ਸਰੱਹਦ ਤੱਕ, ਰਾਜਪੁਤਾਨਾਂ ਦੇ ਮਾਰੂਥਲਾਂ ਤੋਂ ਸਾਰੇ ਹੀ ਭਾਰਤ ਵਿਚ ਅਤੇ ਸਾਰੇ ਸੰਘਰਸ਼ ਨੂੰ ਇਕ ਕੌਮੀ ਰੰਗਤ ਦਿੱਤੀ ਗਈ। ਛੋਟੀਆਂ-ਮੋਟੀਆਂ ਰਿਆਸਤਾਂ ਦੇ ਨਿੱਕੇ-ਨਿੱਕੇ ਹਿਤ, ਅਗਿਆਨ ਜਿਹੜਾ ਇਕ ਨਿੱਕੀ ਰਿਆਸਤ ਦੇ ਲੋਕਾਂ ਵਿਚ ਦੂਸਰੀਆਂ ਬਾਰੇ ਸੀ, ਦੂਸਰੇ ਦੇ ਰਸਮਾਂ ਰਿਵਾਜਾਂ ਬਾਰੇ, ਰਵਾਇਤਾਂ ਬਾਰੇ – ਇਹ ਸਭ ਕੁਝ ਖਿੰਡ-ਪੁੰਡ ਗਿਆ ਹੈ ਅਤੇ ਹੁਣ ਕੌਮੀ ਪੱਧਰ 'ਤੇ ਘਟਨਾਵਾਂ ਦਾ ਜਾਇਜ਼ਾ ਲਿਆ ਜਾਂਦਾ ਹੈ, ਸਾਰੇ ਹੀ ਦੇਸ ਵਿਚ।"* ਕੁਝ ਕੁ ਵਿਰੋਧ ਭਾਸ ਵਿਚ। ਟਾਈਜ਼ ਅੰਤ ਵਿਚ ਕਹਿੰਦਾ ਹੋਇਆ ਸਿੱਟਾ ਕੱਢਦਾ ਹੈ– *"ਅਸੀ ਇਹ ਮੰਨ ਸਕਦੇ ਹਾਂ ਕਿ 1857 ਦੀ ਬਗ਼ਾਵਤ ਵਿਚ, ਕੋਈ ਕੌਮੀ ਭਾਵਨਾ ਨਹੀਂ ਜਾਗੀ ਸੀ, ਪਰ ਅਸੀਂ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਇਸਨੂੰ ਦਬਾਉਣ ਵਿਚ ਸਾਡੇ ਯਤਨਾਂ ਨਾਲ ਨਵੇਂ ਬੂਟੇ ਦੇ ਬੀਜ ਬੀਜੇ ਗਏ ਹਨ ਅਤੇ ਇੰਝ ਆਉਂਦੇ ਸਾਲਾਂ ਵਿਚ ਲੋਕਾਂ ਵੱਲੋਂ ਵਧੇਰੇ ਸ਼ਕਤੀਸ਼ਾਲੀ ਕੋਸ਼ਿਸ਼ ਕਰਨ ਦੀ ਨੀਂਹ ਰੱਖ ਹੋ ਗਈ ਹੈ।"*[79]

ਇਹ ਸੱਚ ਨਹੀ ਹੈ ਕਿ ਕੋਈ ਕੌਮੀ ਭਾਵਨਾ ਨਹੀਂ ਉਭਰੀ ਸੀ 1857 ਦੀ ਬਗ਼ਾਵਤ ਵਿਚ। ਅਸਲ ਵਿਚ, ਜੋ 1857 ਦੀ ਬਗ਼ਾਵਤ ਪਹਿਲੀਆਂ ਬ੍ਰਿਟਿਸ਼ ਵਿਰੋਧੀ ਜੰਗਾਂ ਤੋਂ ਇਸ ਨੂੰ ਵਖਰਾਉਂਦੀ ਹੈ ਉਹ ਹੈ ਕਿ ਜਿੱਥੇ ਪਹਿਲੀਆਂ ਜੰਗਾਂ ਵਿਚ ਕਿਸੇ ਇਕ ਰਿਆਸਤ ਦੇ ਲੋਕ ਅੰਗ੍ਰੇਜ਼ ਦੇ ਵਿਰੁੱਧ ਲੜਦੇ ਸਨ (ਪਲਾਸੀ ਵਿਚ ਬੰਗਾਲੀ, ਕਰਨਾਟਕ ਅਤੇ ਮੈਸੂਰ ਵਿਚ ਟੀਪੂ ਸੁਲਤਾਨ ਦੀ ਅਗਵਾਈ ਵਿਚ ਅਤੇ ਪੰਜਾਬ ਵਿਚ ਸਿੱਖ), ਇਸਦੇ ਉਲਟ 1857 ਵਿਚ, ਲੋਕ ਜੋ ਦੇਸ ਦੇ ਬਹੁਤ ਵੱਡੇ ਇਲਾਕੇ ਵਿਚ ਲੜੇ ਉਹ ਵੱਖ ਵੱਖ ਕੌਮਾਂ, ਮਜ਼ਹਬਾਂ ਅਤੇ ਜਾਤੀਆਂ ਦੇ ਲੋਕ ਸਨ, ਵੱਖ ਵੱਖ ਰਿਆਸਤਾਂ ਦੇ ਸਨ, ਸਾਰੇ ਇਕੱਠੇ ਹੋ ਕੇ ਬ੍ਰਿਟਿਸ਼ ਰਾਜ ਨੂੰ ਖ਼ਤਮ ਕਰਨ ਲਈ ਲੜੇ, ਐਸੀ ਏਕਤਾ ਜੋ ਕਦੇ ਪਹਿਲਾਂ ਨਹੀਂ ਦਿਖਾਈ ਦਿੱਤੀ ਸੀ। ਮਾਰਕਸ ਦੇ ਸ਼ਬਦਾਂ ਵਿਚ –

*"ਪਹਿਲਾਂ ਭਾਰਤੀ ਫ਼ੌਜ ਵਿਚ ਬਗ਼ਾਵਤਾਂ ਹੋਈਆਂ ਸਨ, ਪਰ ਜੋ ਹੁਣ ਵਾਲੀ ਬਗ਼ਾਵਤ ਹੈ ਇਸਦਾ ਵੱਖ ਰੰਗ ਰੂਪ ਹੈ, ਅਤੇ ਮਾਰੂ ਚਿਹਨ ਹਨ। ਇਹ ਪਹਿਲਾ ਮੌਕਾ ਹੈ ਕਿ ਸਿਪਾਹੀ ਰਜਮੈਂਟਾਂ ਨੇ ਆਪਣੇ ਯੂਰਪੀਨ ਅਫ਼ਸਰਾਂ ਨੂੰ ਕਤਲ ਕੀਤਾ ਹੈ, ਹਿੰਦੂ ਅਤੇ ਮੁਸਲਮਾਨ ਆਪਣੇ ਆਪਸੀ ਤਫ਼ੱਰਕਾਤ (ਧਰਮ ਤੇ ਜਾਤ) ਭੁੱਲ ਕੇ, ਇਕ ਸਾਂਝੇ ਮਾਲਿਕ ਦੇ ਵਿਰੁੱਧ ਇਕੱਠੇ ਹੋਏ ਹਨ, ਹਿੰਦੂਆਂ ਤੋਂ ਹਲਚਲ ਸ਼ੁਰੂ ਹੋ ਕੇ ਇਕ ਮੁਸਲਮਾਨ ਨੂੰ ਦਿੱਲੀ ਦੀ ਰਾਜ ਗੱਦੀ ਉਪਰ ਬਿਠਾ ਕੇ ਖ਼ਤਮ ਹੁੰਦੀ ਹੈ, ਅਤੇ ਇਹ ਮਿਊਟਿਨੀ ਕੁਝ ਕੁ ਇਲਾਕਿਆਂ ਤਕ ਸੀਮਿਤ ਨਹੀਂ ਹੈ।"*[80]

ਗਵਰਨਰ ਜਨਰਲ ਅਤੇ ਵਾਇਸਰਾਏ, ਚਾਰਸ ਕੈਨਿੰਗ, ਚਾਰਸਲ ਵੁੱਡ, ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ ਨੂੰ ਆਪਣੀ ਇਕ 8 ਅਗਸਤ 1859 ਦੀ ਚਿੱਠੀ ਵਿਚ ਲਿਖਣ ਲਈ ਮਜਬੂਰ ਹੁੰਦਾ ਹੈ – " ਜਿਹੜਾ ਘਮਸਾਨ ਅਸੀਂ ਦੇਖਿਆ ਹੈ ਇਹ ਬਹੁਤਾ ਕੌਮੀ ਜੰਗ ਵਰਗਾ ਹੈ, ਲੋਕਲ ਬਗ਼ਾਵਤ ਨਹੀਂ। ਇਸਦਾ ਪਾਸਾਰ, ਲੱਗਾ ਸਮਾਂ, ਖ਼ਰਚੇ ਦੀ ਪੱਧਰ ਅਤੇ ਕੁਝ ਇਸ ਦੇ ਨੈਤਿਕ ਪੱਖ, ਕੁਝ ਪਹਿਲੇ ਕਹੇ ਰੂਪ ਵਾਲੇ ਹਨ।"[81]

ਮਗਰੋਂ ਇਸਨੂੰ ਮਿਊਟਿਨੀ ਕਿਹਾ ਜਾਣ ਲੱਗਾ, ਕੌਮੀ ਜੰਗ ਦੀ ਬਜਾਏ, ਇਕ ਹੋਰ ਮਿੱਥ ਸੀ ਜੋ ਜੇਤੂਆਂ ਨੇ ਖੜ੍ਹਾ ਕੀਤਾ, ਇਸ ਕੌਮੀ ਜੰਗ ਨੂੰ ਮਾਮੂਲੀ ਬਗ਼ਾਵਤ, ਸ਼ਾਂਤੀ ਭੰਗ ਕਰ ਲਈ, ਦੇ ਤੌਰ 'ਤੇ ਪੇਸ਼ ਕਰਨ ਲਈ ਅਤੇ ਇਸ ਦਾ ਬੇਰਿਹਮੀ ਨਾਲ ਕੀਤਾ ਦਮਨ ਅਤੇ ਭਾਰਤੀਆਂ ਦਾ ਇਸ ਪ੍ਰਕਾਰ ਦਬਾਉਣਾ ਅਤੇ ਕਹਿ ਦੇਣਾ ਕਿ ਸ਼ਾਂਤੀ ਸਥਾਪਿਤ ਕਰ ਦਿੱਤੀ ਗਈ ਹੈ ਅਤੇ ਆਮ ਵਾਂਗ ਹਾਲਾਤ ਹੋ ਗਏ ਹਨ।

## ਨਤੀਜਾ

ਅਸਲ ਵਿਚ, ਅੰਗ੍ਰੇਜ਼ਾਂ ਦੇ ਵਿਰੁੱਧ ਭਾਰਤੀ ਸੁੰਤਰਤਾ ਸੰਘਰਸ਼ ਦੇ ਇਤਿਹਾਸਕ ਸੰਦਰਭ ਵਿਚ, ਜਿਸ ਗੱਲ 'ਤੇ ਜ਼ੋਰ ਦੇਣ ਦੀ ਲੋੜ ਹੈ ਉਹ ਹੈ 'ਇਹ ਸੀਮਾ ਜਕੜੀ ਨਹੀਂ ਅਤੇ 1857 ਦੀ ਤੰਗ ਨਜ਼ਰੀਏ ਵਾਲੀ 1857 ਦੀ ਜੰਗ ਨਹੀ, ਸਗੋਂ ਇਸ ਦੀ ਹੁੰਝ, ਚੌੜਾਈ ਅਤੇ ਗਹਿਰਾਈ ਹੈ ਜੋ ਧਿਆਨ ਮੰਗਦੀ ਹੈ।"[82] ਨਿਸ਼ਚੇ ਹੀ ਕੁਝ ਮਨਫ਼ੀ ਪੱਖ ਵੀ ਸਨ ਜੋ ਪਹਿਲਾਂ ਦੱਸੇ ਜਾ ਚੁੱਕੇ ਹਨ। ਫੇਰ ਵੀ, 1857 ਦੇ ਘਟਨਾਕ੍ਰਮ ਨੇ ਇਕ ਪੱਕਾ ਪ੍ਰਭਾਵ ਇਹ ਛਡਿਆ, ਆਜ਼ਾਦੀ ਘੋਲ ਦੇ ਘੁਲਾਟੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ। 1857 ਮਗਰੋਂ ਬ੍ਰਿਟਿਸ਼ ਸਰਕਾਰ ਕਦੇ ਚੈਨ ਨਾਲ ਨਾ ਬੈਠ ਸਕੀ, ਜੋ ਅੱਜ ਦੀ ਆਧੁਨਿਕ ਆਜ਼ਾਦੀ ਦੀ ਕੌਮੀ ਲਹਿਰ ਲਈ ਪ੍ਰੇਰਨਾ ਸਰੋਤ ਸੀ, ਜਿਹੜੀ ਵੀਹਵੀਂ ਸਦੀ ਦੇ ਅਰੰਭ ਵਿਚ ਸ਼ੁਰੂ ਹੋ ਗਈ ਸੀ। ਗ਼ਦਰੀ ਇਨਕਲਾਬੀਏ, ਆਪਣੇ ਆਪਨੂੰ ਉਸ ਨਾਲ ਜੋੜਦੇ ਅਤੇ ਆਪਣੇ ਸੰਘਰਸ਼ ਨੂੰ 1857 ਦੇ ਸੰਘਰਸ਼ – ਗ਼ਦਰ – ਦਾ ਹੀ ਜਾਰੀ ਰੱਖਣਾ ਦੱਸਦੇ ਹਨ, ਅਤੇ ਆਪਣੀ ਪਾਰਟੀ ਦਾ ਨਾਮ ਹੀ ਇਸਦੇ ਨਾਮ ਤੇ ਰਖਿਆ ਹੈ। ਇਹ ਰਵਾਇਤ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਜਾਰੀ ਰੱਖੀ, ਜਿਹੜੇ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਵਿਚ ਸਨ, ਅਤੇ ਨਾਲ ਹੀ ਨਵੀਂ ਉਭਰ ਰਹੀ ਕਿਰਤੀ ਸ਼੍ਰੇਣੀ ਅਤੇ ਭਾਰਤ ਦੀ ਕਮਿਊਨਿਸਟ ਲਹਿਰ। ਐਸਾ ਸੀ 1857 ਦੇ ਗ਼ਦਰ ਦਾ ਅਸਰ, ਐਸਾ ਸੀ ਉਸਦਾ ਪ੍ਰੇਰਨਾ ਸਰੋਤੀ ਪ੍ਰਭਾਵ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ, ਐਸੀ ਸੀ ਇਸਦੀ ਪਕੜ ਭਾਰਤੀ ਕੌਮੀ ਸੋਚ ਅਤੇ ਚੇਤਨਾ ਉੱਪਰ ਕਿ ਡਾ. ਆਰ ਸੀ ਮਜੂਮਦਾਰ ਵਰਗੇ ਇਤਹਾਸਕਾਰ ਵੀ ਇਹ ਨਤੀਜਾ ਕੱਢਣ ਲਈ ਮਜਬੂਰ ਹੋ ਗਏ –

*"1857 ਦੀ ਬਗ਼ਾਵਤ ਨਿਸਚੇ ਹੀ ਇਤਿਹਾਸ ਵਿਚ ਪਹਿਲੀ ਵੱਡੀ ਅਤੇ ਸਿੱਧੀ ਚੁਣੌਤੀ*

*ਸੀ ਭਾਰਤ ਵਿਚ ਅੰਗ੍ਰੇਜ਼ੀ ਰਾਜ ਵਾਸਤੇ, ਜੋ ਐਨੀ ਵੱਡੀ ਪੱਧਰ 'ਤੇ ਦਿੱਤੀ ਗਈ ਸੀ। ਇਸ ਲਈ, ਇਸ ਨੇ ਆਮ ਭਾਵਨਾ ਨੂੰ ਦੇਸ਼ ਦੀ ਆਜ਼ਾਦੀ ਲਈ ਇਕ ਕੌਮੀ ਲਹਿਰ ਵਜੋਂ ਪ੍ਰੇਰਿਆ ਤਾਂ ਜੋ ਬ੍ਰਿਟਿਸ਼ ਹਕੂਮਤ ਦਾ ਜੂਲਾ ਲਾਹ ਕੇ ਪਰ੍ਹੇ ਸੁਟਿਆ ਜਾ ਸਕੇ, ਜਿਹੜੀ ਅੱਧੀ ਸਦੀ ਮਗਰੋਂ ਸ਼ੁਰੂ ਹੋਈ। 1857-58 ਦੀ ਸਿਮਰਤੀ ਨੇ ਅਗਲੀ ਲਹਿਰ ਨੂੰ ਸ਼ਕਤੀ ਦਿੱਤੀ, ਸੰਘਰਸ਼ ਕਰਨ ਵਾਲਿਆਂ ਨੂੰ ਹਿੰਮਤ ਦਿੱਤੀ, ਅਤੇ ਘੋਰ ਯੁੱਧ ਲਈ ਕੌਮੀ ਆਧਾਰ ਦਿੱਤਾ ਅਤੇ ਇਸ ਦਾ ਨੈਤਿਕ ਬਲ ਵੀ ਵਧਾਇਆ, ਜਿਸਦੀ ਕੀਮਤ ਦੀ ਅਤਿਕਥਨੀ ਅਸੰਭਵ ਹੈ। 1857 ਦੀ ਬਗਾਵਤ ਦੀ ਯਾਦ .... ਜੋ ਇਕ ਪਵਿੱਤਰ ਯਾਦ ਹੈ, ਨੇ ਅੰਗ੍ਰੇਜ਼ੀ ਰਾਜ ਦਾ ਵਧੇਰੇ ਨੁਕਸਾਨ ਕੀਤਾ, ਬਗ਼ਾਵਤ ਨਾਲੋਂ ਵੀ ਕਿਤੇ ਵੱਧ।"*[83]

1857 ਦੀ ਯਾਦ ਸੁਤੰਤਰਤਾ ਸੰਗ੍ਰਾਮ ਦੀ ਸੰਗਰਾਮੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆ ਦੀ ਪ੍ਰੇਰਣਾ ਸਰੋਤ ਬਣਦੀ ਰਹੀ। 1944 ਵਿਚ, ਰੰਗੂਨ ਵਿਚ ਬਹਾਦਰ ਸ਼ਾਹ, ਆਖਿਰੀ ਮੁਗਲ ਬਾਦਸ਼ਾਹ ਦੇ ਮਕਬਰੇ ਉੱਪਰ, ਜਿਸਨੂੰ ਅੰਗ੍ਰਜਾਂ ਨੇ ਦੇਸ ਨਿਕਾਲਾ ਦੇ ਕੇ ਬਰਮਾ ਵਿਚ ਭੇਜ ਦਿੱਤਾ ਸੀ, ਮਹਾਨ ਗ਼ਦਰ ਨੂੰ ਦਬਾਉਣ ਮਗਰੋਂ ਇਕ ਰਸਮ ਅਦਾ ਕੀਤੀ ਗਈ ਜਿਸ ਵਿਚ ਇੰਡੀਅਨ ਨੈਸ਼ਨਲ ਆਰਮੀ ਦੇ ਬੰਦਿਆਂ ਨੇ, ਇਹ ਪ੍ਰਣ ਲਿਆ ਕਿ ਉਹ ਦੇਸ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਮੁਕਤ ਕਰਾਉਣਗੇ। ਲੋਕਾਂ ਨੂੰ ਹਥਿਆਰਬੰਦ ਸੰਘਰਸ਼ ਲਈ ਲਲਕਾਰ ਮਾਰਦੇ ਹੋਏ ਸੁਭਾਸ਼ ਚੰਦਰ ਬੋਸ ਨੇ 1857 ਦੇ ਨਾਇਕਾਂ ਦੇ ਜੈਕਾਰੇ ਨੂੰ ਯਾਦ ਕੀਤਾ ਸੀ - ਦਿੱਲੀ ਵੱਲ ਦਾ ਰਸਤਾ ਹੀ ਆਜ਼ਾਦੀ ਦਾ ਰਾਸਤਾ ਹੈ। ਅਤੇ 1947 ਵਿਚ, ਲਾਲ ਕਿਲੇ ਤੋਂ ਹੀ, ਜੋ 1857 ਦੀ ਬਗ਼ਾਵਤ ਦਾ ਮੁੱਖ ਦਫ਼ਤਰ ਸੀ, ਜੋ ਸਾਰੇ ਉਪ ਮਹਾਦੀਪ ਵਿਚ ਬਸਤੀਵਾਦ ਦੇ ਪੂਰਵ ਦੀ ਪ੍ਰਭੁਸੱਤਾ ਦਾ ਚਿਹਨ ਜਾਣਿਆ ਜਾਂਦਾ ਸੀ, ਆਜ਼ਾਦ ਭਾਰਤ ਦਾ ਝੰਡਾ ਲਹਿਰਾਇਆ ਗਿਆ ਸੀ। ਇਹ ਪੂਰੀ ਤਰ੍ਹਾਂ ਮੰਨਦੇ ਹੋਏ ਕਿ ਭਾਰਤ ਦੀ ਆਜ਼ਾਦੀ ਕਾਂਗਰਸ ਪਾਰਟੀ ਦੀ ਅਗਵਾਈ ਵਿਚ ਅਤੇ ਪਾਕਿਸਤਾਨ ਦੀ ਮੁਸਲਿਮ ਲੀਗ ਦੀ ਅਗਵਾਈ ਵਿਚ, ਆਈ ਸੀ, ਇਸਦੇ ਨਾਲ ਆਮ ਲੋਕਾਂ ਦੀ ਆਰਥਿਕ ਆਜ਼ਾਦੀ ਨਾ ਆਈ, ਪਰ ਫੇਰ ਵੀ ਇਹ ਇਤਿਹਾਸਕ ਘਟਨਾ ਸੀ, ਜਿਸਦੇ ਨਾਲ ਦੂਸਰੀ ਵਿਸ਼ਵ ਜੰਗ ਦੇ ਮਗਰੋਂ ਏਸ਼ੀਆ ਅਤੇ ਅਫ਼ਰੀਕਾ ਦੇ ਦੇਸਾਂ ਵਿਚ ਬਸਤੀਵਾਦ ਦੇ ਖਾਤਮੇ ਦਾ ਅਮਲ ਸ਼ੁਰੂ ਹੋਇਆ। ਨਾਲ ਹੀ, ਭਾਰਤ ਨੂੰ ਗੁਆ ਕੇ ਅੰਗ੍ਰੇਜ਼ੀ ਬੁਰਜੂਆ ਦੀ ਆਣੀ ਸਰਦਾਰੀ ਅਤੇ ਚੌਧਰ ਦਾ ਅੰਤ ਹੋ ਗਿਆ ਅਤੇ ਸਾਮਰਾਜੀ ਸ਼ਕਤੀ ਨੂੰ ਯੂ ਐਸ ਏ ਦੇ ਨਿੱਕੇ ਭਾਈਵਾਲ ਦੀ ਭੂਮਿਕਾ ਅਦਾ ਕਰਨੀ ਮੰਨਣੀ ਪਈ। ਭਾਰਤੀ ਉਪ ਮਹਾਦੀਪ ਦੇ ਲੋਕਾਂ ਲਈ, ਇਕ ਨਵਾਂ ਕਾਂਡ ਖੁੱਲ੍ਹ ਗਿਆ - ਉਹਨਾਂ ਦੀ ਆਰਥਿਕ ਅਤੇ ਸਮਾਜੀ ਆਜ਼ਾਦੀ ਦਾ, ਇਕ ਸੰਘਰਸ਼ ਜਿਹੜਾ ਜਾਰੀ ਹੈ ਅਤੇ ਜਿਹੜਾ ਕਈ ਵਿਚਕਾਰਲੇ ਜੋੜਾਂ ਦੁਆਰਾ, ਆਪਣੇ ਆਪ ਨੂੰ 1857 ਦੇ ਮਾਣ ਮੱਤੇ ਹਾਲਾਤ ਦੀ ਭਾਵਨਾ ਨਾਲ ਜੋੜਦਾ ਹੈ, ਜੋ ਉਸਦੇ ਘੁਲਾਟੀਆਂ ਵਿਚ ਕੰਮ ਕਰ ਰਹੀ ਸੀ, ਅਤੇ ਜੋ ਉਸਤੋਂ ਮਗਰਲੀਆਂ ਪੀੜ੍ਹੀਆਂ ਵਿਚ ਵੀ ਪ੍ਰਬਲ ਸੀ ਕਿਉਂ ਜੋ ਉਹ ਇਤਿਹਾਸਕ ਅਤੀਤ ਵੱਲ ਦੇਖਦੇ ਸਨ। ਬਿਲਕੁਲ ਇਸੇ ਕਰਕੇ ਹੀ ਅਸੀਂ ਹੁਣ ਤਕ 1857 ਨੂੰ ਬੜੇ ਮਾਣ ਅਤੇ ਉਤਸ਼ਾਹ ਨਾਲ ਚੇਤੇ ਕਰਦੇ ਹਾਂ, ਇਸਦੀ ਦੇਸ਼ ਭਗਤੀ ਦੀ ਇਨਕਲਾਬੀ ਭਾਵਨਾ, ਹੌਸਲੇ, ਬਿਲਕੁਲ ਪੱਕੀ ਦ੍ਰਿੜ੍ਹਤਾ ਅਤੇ ਆਤਮ ਸਮਰਪਣ ਵਾਲੀ ਬਹਾਦਰੀ।

ਗ਼ਦਰੀ ਇਨਕਲਾਬੀਆਂ ਨੇ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਦੀ ਭਾਵਨਾ ਅਤੇ ਝੰਡੇ ਨੂੰ ਫੜਿਆ, ਜਿਹੜੇ ਅਗਲੇ ਭਾਗ ਦੇ ਵਿਸ਼ੇ ਹਨ।

***

# ਭਾਗ ਦੂਸਰਾ

# .ਗਦਰ ਲਹਿਰ



ਸੋਹਣ ਸਿੰਘ ਭਕਨਾ



ਕਰਤਾਰ ਸਿੰਘ ਸਰਾਭਾ



ਬੰਤਾ ਸਿੰਘ ਸੰਘਵਾਲ

ਕਾਂਡ 5

# .ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ
# ਭਾਰਤੀ ਆਜ਼ਾਦੀ ਦੇ ਪੂਰਵ ਸੈਨਾਨੀਆਂ ਦੇ ਸੰਘਰਸ਼ ਨੂੰ ਸਲਾਮ

*ਇਹ ਸਾਲ .ਗਦਰ ਲਹਿਰ ਦੀ 100ਵੀਂ ਵਰ੍ਹੇਗੰਢ ਹੈ। ਸ਼ਰਧਾਂਜਲੀ ਵਜੋਂ, ਲਲਕਾਰ ਨੇ ਇਸ ਕਿਤਾਬ ਦੇ ਦੂਸਰੇ ਭਾਗ ਵਿਚ ਇਹਨਾਂ ਸਥਾਪਕਾਂ ਅਤੇ ਹਿੱਸਾ ਲੈਣ ਵਾਲਿਆਂ ਸੰਬੰਧੀ ਲੇਖ ਦਿੱਤੇ – ਜੋ ਬ੍ਰਿਟਿਸ਼ ਬਸਤੀਵਾਦ ਵਿਰੁੱਧ ਅਜੋਕੀ ਆਜ਼ਾਦੀ ਦੀ ਲੜਾਈ ਦੇ ਆਗੂ ਸਨ। ਇਸਦੇ ਅੱਗੇ ਜੋ ਦਿੱਤਾ ਜਾ ਰਿਹਾ ਹੈ ਉਹ .ਗਦਰ ਲਹਿਰ ਦਾ ਸੰਖੇਪ ਇਤਿਹਾਸ ਹੈ – ਇਸਦਾ ਆਦਿ, ਇਸਦੇ ਕਾਰਨ, ਦ੍ਰਿਸ਼ਟੀ ਅਤੇ ਪਹੁੰਚ, ਨਾਲ ਹੀ ਇਸਦਾ ਭਾਰਤੀ ਸੁਤੰਤਰਤਾ ਸੰਘਰਸ਼ ਵਿਚ ਯੋਗਦਾਨ, ਇਸਦੀ ਵਿਰਾਸਤ ਅਤੇ ਇਹ ਲੜਾਈ ਜਾਰੀ ਰੱਖਣ ਦਾ ਮਹੱਤਵ, ਭਾਰਤੀ ਜਨਤਾ ਦੀ ਲੋਕਰਾਜੀ ਇਨਕਲਾਬ ਲਿਆਉਣ ਦੀ ਜਦੋਜਹਿਦ, ਜੋ ਇਸ ਪੂੰਜੀ ਵਾਦ ਨੂੰ ਪਰ੍ਹੇ ਸੁੱਟ ਕੇ ਸਮਾਜਵਾਦ ਸਥਾਪਿਤ ਕਰਨਾ ਇਸ ਦੇ ਯਤਨ ਦਾ ਅਨਿੱਖੜਵਾਂ ਅੰਗ ਹੈ।*

ਭਾਰਤ ਦਾ ਅੰਗ੍ਰੇਜ਼ੀ ਰਾਜ ਵਿਰੁੱਧ ਲੜਾਈ ਲੜਨ ਦਾ ਅਰਸਾ ਓਨਾ ਹੀ ਲੰਬਾ ਹੈ ਜਿੰਨਾ ਅੰਗ੍ਰੇਜ਼ ਰਾਜ। 1857 ਜਿਸਨੂੰ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਕਹਿੰਦੇ ਹਨ, ਜਿਹੜੀਆਂ ਪਹਿਲੀਆਂ ਲੜਾਈਆਂ ਨਾਲੋ ਬਹੁਤ ਹੀ ਵੱਧ ਅਹਿਮ ਸੀ ਜਿਹੜੀਆਂ ਬ੍ਰਿਟੇਨ ਦੇ ਪੰਜੇ ਵਿਚੋਂ ਮੁਕਤ ਹੋਣ ਲਈ ਭਾਵ ਆਜ਼ਾਦੀ ਖ਼ਾਤਿਰ ਲੜੀਆਂ ਗਈਆਂ ਸਨ। ਪਰ ਇਹ ਅੰਤਿਮ ਅਤੇ ਬਹੁਤ ਹੀ ਆਧੁਨਿਕ ਪੜਾਅ ਸੀ ਆਜ਼ਾਦੀ ਦੀ ਲਹਿਰ ਦਾ ਜਿਹੜੀ 1913 ਵਿਚ ਸ਼ੁਰੂ ਹੋਈ – .ਗਦਰ ਪਾਰਟੀ ਦੀ ਸਥਾਪਨਾ ਨਾਲ – ਵਿਦਰੋਹ ਦੀ ਪਾਰਟੀ – ਭਾਰਤੀ ਇਨਕਲਾਬੀਆਂ ਦੁਆਰਾ ਜਿਹੜੇ ਓਦੋਂ ਕਨੇਡਾ ਅਤੇ ਅਮਰੀਕਾ (ਯੂ ਐਸ ਏ) ਰਹਿੰਦੇ ਸਨ। .ਗਦਰ ਪਾਰਟੀ ਦੀ ਸਥਾਪਨਾ ਹੋਣ ਨਾਲ, ਭਾਰਤ ਵਿਚਲੀ ਇਨਕਲਾਬੀ ਲਹਿਰ ਨੇ ਇਕ ਵੱਡਾ ਅਗਾਂਹ ਵੱਲ ਦਾ ਕਦਮ ਚੁਕਿਆ – ਕਿਉਂਕਿ ਇਹ ਪਾਰਟੀ ਆਪਣੇ ਦ੍ਰਿਸ਼ਟੀਕੋਣ ਵਿਚ ਅੰਤਰਾਸ਼ਟਰੀ ਵੀ ਸੀ ਅਤੇ ਧਰਮ ਨਿਰਪੱਖ ਵੀ। ਇਹ ਇਨਕਲਾਬੀ ਕੰਮ ਲਈ ਫ਼ੌਜ ਵਿਚ ਦੀ ਅਹਿਮੀਅਤ ਨੂੰ ਮੰਨਦੀ ਸੀ, ਇਸ ਮੰਤਵ ਨਾਲ ਕਿ ਬ੍ਰਿਟਿਸ਼ ਸਾਮਰਾਜੀ ਰਾਜ ਦੇ ਵਿਰੁੱਧ ਵਿਦਰੋਹ ਨੂੰ ਉਕਸਾਇਆ ਜਾਵੇ, ਅਤੇ ਇਸਦੀ ਵੱਡੀ ਹਿਮਾਇਤ ਕਿਸਾਨਾਂ ਵੱਲੋਂ ਸੀ ਜਿਹੜੇ ਫੈਕਟਰੀ ਮਜ਼ਦੂਰ ਬਣ ਚੁੱਕੇ ਸਨ, ਪਹਿਲੇ ਇਨਕਲਾਬੀਆਂ ਵਾਂਗ ਨਹੀਂ, ਜਿਹੜੇ ਆਮ ਤੌਰ 'ਤੇ ਵਿਸ਼ੇਸ਼ ਅਧਿਕਾਰਾਂ ਵਾਲੇ ਲੋਕਾਂ ਵੱਲੋਂ ਸੀ।

.ਗਦਰ ਲਹਿਰ, ਭਾਵੇਂ ਇਸਦਾ ਬਹੁਤ ਬੇਰਹਿਮੀ ਨਾਲ ਅੰਗ੍ਰੇਜ਼ਾਂ ਦੁਆਰਾ ਦਮਨ ਕੀਤਾ

ਗਿਆ ਸੀ, ਆਪਣੇ ਪਿੱਛੇ ਇਕ ਅਮੀਰ ਇਨਕਲਾਬੀ ਵਿਰਸਾ ਛੱਡ ਗਈ ਅਤੇ ਸੁਤੰਤਰਤਾ ਲਹਿਰ ਦੇ ਉਪਰ ਇਕ ਅਮਿਟ ਛਾਪ ਲਗਾ ਗਈ, ਜੋ ਇਲਕਲਾਬੀਆਂ ਦੀ ਸਾਰੀ ਪੀੜ੍ਹੀ ਵਾਸਤੇ ਪ੍ਰੇਰਣਾ ਸਰੋਤ ਬਣ ਗਈ, ਆਪਣੇ ਹੌਸਲੇ, ਆਤਮ ਬਲੀਦਾਨ ਵਰਗੀ ਵੀਰਤਾ ਨਾਲ। ਇਸਨੇ ਇਕ ਹਫ਼ਤਾਵਾਰ ਪਤ੍ਰਿਕਾ ਜਾਰੀ ਕੀਤੀ, ਗ਼ਦਰ, ਜਿਸਦੇ ਪਹਿਲੇ ਅੰਕ ਵਿਚ ਬੜੀ ਦਲੇਰੀ ਨਾਲ ਕਿਹਾ ਗਿਆ ਸੀ –

*"ਅੱਜ ਵਿਦੇਸ਼ੀ ਧਰਤੀਆਂ ਉਪਰ ਅੰਗ੍ਰੇਜ਼ੀ ਰਾਜ ਦੇ ਵਿਰੁੱਧ ਜੰਗ ਸ਼ੁਰੂ ਹੁੰਦੀ ਹੈ। ਸਾਡਾ ਨਾਮ ਕੀ ਹੈ? ਮਿਉਟਿਨੀ।(ਗ਼ਦਰ) ਇਸਦਾ ਕੰਮ ਕੀ ਹੈ? ਮਿਉਟਿਨੀ। ਮਿਉਟਿਨੀ ਕਿੱਥੇ ਛਿੜੇਗੀ? ਭਾਰਤ ਵਿਚ। ਉਹ ਸਮਾਂ ਛੇਤੀ ਆ ਜਾਵੇਗਾ ਜਦ ਬੰਦੂਕ ਅਤੇ ਖ਼ੂਨ, ਕਲਮ ਅਤੇ ਸਿਆਹੀ ਦੀ ਥਾ ਲੈ ਲੈਣਗੇ।"*

ਸਮੇ ਸਮੇ, ਗ਼ਦਰ ਆਪਣੇ ਕਾਲਮਾਂ ਵਿਚ ਹੇਠ ਲਿਖੇ ਇਸ਼ਤਿਹਾਰ ਛਾਪਦੀ ਰਹੀ –

*"ਲੋੜ ਹੈ – ਜੋਸ਼ੀਲੇ ਅਤੇ ਬਹਾਦਰ ਸਿਪਾਹੀਆਂ ਦੀ ਹਿੰਦੁਸਤਾਨ ਵਿਚ ਗ਼ਦਰ ਲਿਆਉਣ ਵਾਸਤੇ। ਤਨਖ਼ਾਹ – ਮੌਤ। ਇਨਾਮ – ਸ਼ਹੀਦੀ ਪੈਨਸ਼ਨ – ਆਜ਼ਾਦੀ। ਕਾਰਜ ਖੇਤਰ – ਹਿੰਦੁਸਤਾਨ."*

ਗ਼ਦਰੀ ਲੋਕ ਬਹੁਤ ਵੱਡੇ ਧੀਰਜ ਅਤੇ ਹਿੰਮਤ ਨਾਲ ਫਾਂਸੀਆਂ 'ਤੇ ਚੜ੍ਹੇ, ਤੋਪਾਂ ਅੱਗੇ ਰੱਖ ਕੇ ਉੜਾਏ ਗਏ। ਸਭ ਤੋਂ ਛੋਟੀ ਉਮਰ ਦਾ ਗ਼ਦਰੀ ਯੋਧੇ, ਕਰਤਾਰ ਸਿੰਘ ਸਰਾਭੇ ਨੇ ਇਹ ਸ਼ਬਦ ਕਹਿੰਦੇ ਹੋਏ ਮੌਤ ਵਿਆਹੀ –

*'ਮੈਨੂੰ ਉਮਰ ਭਰ ਦੀ ਜੇਲ ਜਾਂ ਮੌਤ ਦੀ ਸਜ਼ਾ ਮਿਲੇਗੀ, ਪਰ ਮੈਨੂੰ ਦੂਸਰਾ ਬਦਲ ਵਧੇਰੇ ਚੰਗਾ ਲੱਗਦਾ ਹੈ ਤਾਂ ਜੋ ਮੈਂ ਫੇਰ ਜਨਮ ਲੈ ਕੇ ਇਕ ਬਾਰ ਫੇਰ ਭਾਰਤ ਦੀ ਆਜ਼ਾਦੀ ਲਈ ਲੜਾਂ। ਮੈਂ ਵਾਰ ਵਾਰ ਮਰਾਂ ਜਦ ਤਕ ਭਾਰਤ ਆਜ਼ਾਦ ਨਾ ਹੋ ਜਾਵੇ। ਇਹੀ ਮੇਰੀ ਆਖ਼ਰੀ ਤਮੰਨਾ ਹੈ।"*

1849 ਵਿਚ ਈਸਟ ਇੰਡੀਆ ਕੰਪਨੀ ਨੇ ਪੰਜਾਬ ਫ਼ਤਹਿ ਕਰ ਲਿਆ ਸੀ। ਅੱਠ ਸਾਲ ਮਗਰੋਂ, ਭਾਰਤੀ ਆਜ਼ਾਦੀ ਦੀ ਪਹਿਲੀ ਜੰਗ ਛਿੜ ਪਈ ਸੀ। ਇਹ 1857 ਦਾ ਵਿਦਰੋਹ ਅਸਫ਼ਲ ਰਿਹਾ ਸੀ ਕਿਉਂਕਿ ਜਾਗੀਰਦਾਰਾਂ ਅਤੇ ਰਾਜਿਆਂ ਨੇ ਗ਼ੱਦਾਰੀ ਕੀਤੀ ਸੀ ਅਤੇ ਸਿੱਖ ਫ਼ੌਜ ਦੀ ਮਦਦ ਨਾਲ ਜਦ ਅੰਗ੍ਰੇਜ਼ਾਂ ਨੂੰ ਦਿੱਲੀ ਵਿਚੋਂ ਕੱਢਿਆ ਜਾ ਰਿਹਾ ਸੀ।

1857 ਦੇ ਵਿਦਰੋਹ ਮਗਰੋਂ ਅੰਗ੍ਰੇਜਾਂ ਲਈ ਪੰਜਾਬ ਬਹੁਤ ਮਹੱਤਵਪੂਰਨ ਬਣ ਗਿਆ ਸੀ। ਭਾਵੇਂ ਇਹ ਕੇਵਲ ਸਾਰੇ ਭਾਰਤ ਦੀ ਧਰਤੀ ਦਾ ਤੇਰਵ੍ਹਾਂ ਹਿੱਸੀ ਹੀ ਸੀ, ਇਹ ਅੰਗ੍ਰੇਜ਼ ਦੀ ਫ਼ੌਜ ਲਈ 60 ਫ਼ੀਸਦੀ ਸਿਪਾਹੀ ਦਿੰਦਾ ਸੀ। ਇਹ ਅੰਗ੍ਰੇਜ਼ ਹਾਕਮਾਂ ਦਾ ਡਰ ਸੀ ਕਿ ਸਮਾਜਕ ਤੌਰ 'ਤੇ ਜਾਗਰੂਕ ਅਤੇ ਗਤੀਸ਼ੀਲ, ਵਿਦਿਅਕ ਅਤੇ ਸਿਆਸੀ ਲਹਿਰ ਸਾਰੇ ਸੂਬੇ ਵਿਚ ਜਨਤਕ ਲਹਿਰ ਨਾ ਬਣ ਜਾਵੇ ਅਤੇ ਫ਼ੌਜ ਵਿਚ ਵੀ ਇਸਦਾ ਅਸਰ ਹੋ ਜਾਵੇ ਜਿਸ ਨਾਲ ਬ੍ਰਿਟਿਸ਼ ਸਰਕਾਰ ਦੇ ਮੁੱਖ ਥੰਭ ਨੂੰ ਨੁਕਸਾਨ ਪਹੁੰਚੇ – ਇਸ ਲਈ ਸਰਕਾਰ ਦਾ ਇਹੀ ਪੂਰਾ–ਪੂਰਾ ਯਤਨ ਸੀ ਕਿ ਫ਼ੌਜ ਸਿਆਸੀ ਪ੍ਰਭਾਵ ਤੋਂ ਦੂਰ ਹੀ ਰਹੇ।

ਭਾਰਤ ਨੂੰ ਅੰਗ੍ਰੇਜ਼ਾਂ ਦਾ ਹੀ ਬਣਾਈ ਰੱਖਣ ਲਈ, ਪੰਜਾਬ ਵਿਚ ਸ਼ਾਂਤੀ ਕਾਇਮ ਰੱਖਣੀ ਜ਼ਰੂਰੀ ਸੀ, ਜਿਸ ਵਾਸਤੇ ਇਹ ਵੱਡੀ ਲੋੜ ਸੀ ਕਿ ਪੰਜਾਬ ਨੂੰ ਸਭਿਆਚਾਰਕ ਤੌਰ 'ਤੇ, ਵਿਦਿਆਕ ਪੱਖੋਂ, ਸਮਾਜਕ ਅਤੇ ਸਿਆਸੀ ਪੱਖੋਂ ਕਮਜ਼ੋਰ ਰੱਖਿਆ ਜਾਵੇ।

ਈਸਟ ਇੰਡੀਆ ਕੰਪਨੀ, ਜਿਸਦਾ1857 ਤੋਂ ਪਹਿਲਾਂ ਭਰਤ 'ਤੇ ਰਾਜ ਸੀ, ਦਾ ਇਕ

ਡਾਇਰੈਕਟਰ ਇਸ ਗੱਲੋਂ ਝੂਰਦਾ ਹੈ ਕਿ ਅੰਗ੍ਰੇਜ਼ਾਂ ਨੇ ਅਮਰੀਕਾ ਗੁਆ ਲਿਆ ਸੀ, ਇਹ ਬੇਵਕੂਫ਼ੀ ਕਰਕੇ ਕਿ ਉਥੇ ਸਕੂਲ ਅਤੇ ਕਾਲਜ ਸਥਾਪਿਤ ਕਰ ਦਿੱਤੇ ਸਨ, ਜਿਹੜੀ ਗ਼ਲਤੀ ਕਿਸੇ ਹਾਲਤ ਵਿਚ ਵੀ ਭਾਰਤ ਵਿਚ ਨਾ ਦੁਹਰਾਈ ਜਾਵੇ। ਇਸ ਲਈ ਹਰ ਭਾਰਤੀ ਨੂੰ ਜੋ ਉੱਚੀ ਪੜ੍ਹਾਈ ਕਰਨੀ ਚਾਹੁੰਦਾ ਸੀ, ਪੜ੍ਹਣ ਲਈ ਇੰਗਲੈਂਡ ਜਾਣਾ ਪੈਂਦਾ ਸੀ। ਬ੍ਰਿਟਿਸ਼ ਸਰਕਾਰ, ਜਿਸਨੇ 1857 ਦੇ ਮਗਰੋਂ ਰਾਜ ਪ੍ਰਬੰਧ ਈਸਟ ਇੰਡੀਆ ਕੰਪਨੀ ਪਾਸੋਂ ਲਿਆ ਸੀ , ਨੇ ਇਹੀ ਨੀਤੀ ਜਾਰੀ ਰੱਖੀ, ਭਾਵੇਂ ਇਹ ਪੂਰੀ ਤਰ੍ਹਾਂ ਨਾ ਲਾਗੂ ਕੀਤੀ ਜਾ ਸਕੀ ਕਿਉਂਕਿ ਇਕ ਪਾਸੇ ਵਫ਼ਾਦਾਰ ਅਤੇ ਕਹਿਣੇਕਾਰ ਕਲਰਕਾਂ ਦੀ ਲੋੜ ਸੀ ਤਾਂ ਜੋ ਪ੍ਰਸ਼ਾਸਨ ਚਲਾਇਆ ਜਾ ਸਕੇ, ਅਤੇ ਦੂਸਰੇ ਪਾਸੇ, ਕ੍ਰਿਸਚੀਅਨ ਮਿਸ਼ਨਰੀ ਸਿੱਖਿਆ ਅਤੇ ਧਰਮ ਪ੍ਰਚਾਰ, ਜਿਸ ਦਾ ਹੁੰਗਾਰਾ ਭਾਰਤੀਆਂ ਵੱਲੋਂ ਮਿਲੇ, ਇਸ ਲਈ ਕਿਸੇ ਰੂਪ ਵਿਚ ਤਾਂ ਪੜ੍ਹਾਈ ਕਰਾਉਣੀ ਹੀ ਪੈਣੀ ਸੀ। ਇਥੋਂ ਤਕ ਕਿ ਬ੍ਰਿਟਿਸ਼ ਹਾਕਮ ਚੀਫ਼ ਖ਼ਾਲਸਾ ਦੀਵਾਨ ਦੇ ਲੀਡਰਾਂ, ਜਿਹੜੇ ਅੰਗ੍ਰੇਜ਼ਾਂ ਦੇ ਪੱਕੇ ਵਫ਼ਾਦਾਰ ਸਨ, ਦਾ ਵੀ ਭਰੋਸਾ ਨਹੀਂ ਕਰਦੇ ਸਨ, ਕਿ ਉਹ ਮੁੱਢਲੀ ਸਿਖਿਆ ਲਈ ਅਧਿਆਪਕ ਉਪਲਬਧ ਕਰਾਉਣ, ਸਿੱਖ ਬੱਚਿਆਂ ਦੀ ਪੜ੍ਹਾਈ ਵਾਸਤੇ ਜੋ ਜਵਾਨ ਹੋ ਰਹੀ ਸੀ ਇਸ ਡਰੋਂ ਕਿ ਇਹ ਸਿਆਸੀ ਸ਼ਰਾਰਤ ਦਾ ਸਰੋਤ ਨ ਬਣ ਜਾਵੇ – ਘੋਰ ਖ਼ਤਰਾ ਨ ਪੈਦਾ ਕਰ ਦੇਵੇ। ਜੇ ਇਹੀ ਬਦਲ ਸੀ ਕਿ ਮੁੱਢਲੀ ਸਿਖਿਆ ਵੀ ਨਾ ਦਿੱਤੀ ਜਾਵੇ, ਤਾਂ ਇੰਜ ਹੀ ਸਹੀ। ਇਸਦੀ ਨੀਤੀ ਸੀ ਕਿ ਪੰਜਾਬੀਆਂ ਨੂੰ ਗ਼ਰੀਬ, ਅਨਪੜ੍ਹ ਅਤੇ ਪਿਛੜੇ ਜਿਹੇ ਹੀ ਰਖਿਆ ਜਾਵੇ।

ਸਰਕਾਰ ਨੇ ਕਿਤਾਬਾਂ ਪ੍ਰਕਾਸ਼ਿਤ ਕਰਨ ਦਾ ਜਿੰਮਾ ਲਿਆ ਜਿਹਨਾਂ ਨਾਲ ਸਿੱਖ ਇਤਿਹਾਸ ਵਿਚ ਵਿਗਾੜ ਲਿਆਂਦੇ ਜਾਣ, ਤਾਂ ਜੋ ਉਹਨਾਂ ਦੀ ਅੰਗ੍ਰੇਜ਼ਾਂ ਪ੍ਰਤੀ ਵਫ਼ਾਦਾਰੀ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ, ਅਤੇ ਉਹਨਾਂ ਦੀ ਇਹ ਕਹਿ ਕੇ ਪਿੱਠ ਠੋਕੀ ਜਾਏ ਕਿ ਉਹ ਸਭ ਤੋਂ ਬਹਾਦਰ ਹਨ, ਵਫ਼ਾਦਾਰ ਹਨ ਅਤੇ ਅੰਗ੍ਰੇਜ਼ੀ ਰਾਜ ਦੀ ਸਮਰਪਿਤ ਪ੍ਰਜਾ ਹਨ।

ਚੀਫ਼ ਖ਼ਾਲਸਾ ਦੀਵਾਨ ਦੇ ਅਤਿ ਦੇ ਵਫ਼ਾਦਾਰ ਵੀ ਸ਼ੱਕ ਦੀ ਨਜ਼ਰ ਨਾਲ ਹੀ ਦੇਖੇ ਜਾਂਦੇ ਸਨ, ਕਿਸੇ ਹੋਰ ਕਾਰਨ ਕਰਕੇ ਨਹੀ ਬਸ ਇਹੀ ਕਿ ਉਹ ਏਕਤਾ, ਕੁਰਬਾਨੀ, ਕੌਮ ਲਈ ਸਿੱਖਾਂ ਵਿਚ ਆਈ ਗਿਰਾਵਟ ਬਾਰੇ, ਅਛੂਤਾਂ ਦੀ ਸਿੱਖਾਂ ਵਜੋਂ ਧਰਮ-ਬਦਲੀ ਕਰਨ ਬਾਰੇ, ਸਿੱਖ ਬੱਚਿਆਂ ਨੂੰ ਸਿਖਿਆ ਪ੍ਰਦਾਨ ਕਰਨ ਬਾਰੇ, ਸਿੱਖ ਮਰਯਾਦਾ ਵਿਚੋਂ ਅਸਿੱਖ ਰਸਮਾਂ ਹਟਾਉਣ ਲਈ, ਘਰਾਂ ਵਿਚ ਵੀ ਅਤੇ ਸਿੱਖ ਗੁਰਦੁਆਰਿਆਂ ਵਿਚ ਵੀ, ਐਸੀਆਂ ਗੱਲਾਂ ਕਰਦੇ ਸਨ। ਅੰਗ੍ਰੇਜ਼ ਤਾਂ ਸਿਰਫ਼ ਇਕੋ ਵਫ਼ਾਦਾਰੀ ਚਾਹੁੰਦੇ ਸਨ – ਉਹਨਾ ਦੇ ਤਾਜ ਦੀ।

## ਪਰਵਾਸ ਕਿਉਂ?

ਸਜ਼ਾ ਵਰਗਾ ਜ਼ਮੀਨੀ ਮਾਮਲਾ, ਬਹੁਤ ਭਾਰੇ ਅਸਿੱਧੇ ਟੈਕਸ, ਜ਼ਮੀਨਾਂ ਦੀ ਟੁਕੜਿਆਂ ਵਿਚ ਵੰਡ, ਸ਼ਾਹੂਕਾਰਾਂ ਕੋਲੋਂ ਲਏ ਹੋਏ ਵੱਡੇ ਕਰਜ਼ੇ, ਇਸ ਸਭ ਕੁਝ ਨੇ ਪੰਜਾਬੀ ਕਿਸਾਨੀ ਦੀ, ਉਨੀਵੀਂ ਸਦੀ ਦੇ ਦੂਸਰੇ ਅੱਧ ਵਿਚ, ਹਾਲਤ ਬਹੁਤ ਖ਼ਰਾਬ ਕਰ ਦਿਤੀ ਸੀ। ਫ਼ੌਜ ਵਿਚ ਭਰਤੀ ਹੋਣ ਦੇ ਸਿਵਾਏ ਹੋਰ ਕੋਈ ਕੰਮ ਕਾਰ ਦਾ ਵਸੀਲਾ ਨਹੀਂ ਸੀ, ਜਿਸ ਦੇ ਵਿਚ ਬਹੁਤ ਖ਼ਤਰਾ ਹੁੰਦਾ ਸੀ ਅਤੇ ਬੜੀ ਕੰਜੂਸੀ ਵਾਲੀ ਤਨਖ਼ਾਹ ਨੌਂ ਜਾਂ ਦਸ ਰੁਪਏ ਮਿਲਦੀ ਸੀ।[85]

ਆਖ਼ਿਰਕਾਰ ਅਤਿ ਦੀ ਗ਼ਰੀਬੀ ਦੀ ਹਾਲਤ ਵਿਚ, ਜਿਸਨੇ ਪਰਵਾਸ ਲਈ ਮਜਬੂਰ ਕੀਤਾ, ਕਈ ਲੋਕ ਜ਼ਮੀਨ ਦਾ ਮਾਲੀਆ ਤੇ ਹੋਰ ਟੈਕਸ ਨਹੀਂ ਦੇ ਸਕਦੇ ਸਨ, ਸਿੱਧੇ ਅਤੇ

ਅਸਿੱਧੇ, ਅਤੇ ਕਈ ਆਪਣੇ ਕਰਜ਼ੇ ਮੋੜਨ ਦਾ ਢੰਗ ਲੱਭ ਰਹੇ ਸਨ, ਜਾਂ ਆਪਣੀ ਆਰਥਿਕਤਾ ਸੁਧਾਰਨਾ ਚਾਹੁੰਦੇ ਸਨ।

ਸਿਪਾਹੀਆਂ ਦੀ ਭਰਤੀ ਪੰਜਾਬ ਵਿਚੋਂ ਕੀਤਾ ਜਾਂਦੀ ਸੀ, ਅਤਿ ਦੇ ਗ਼ਰੀਬ ਹੋਏ ਕਿਸਾਨਾਂ ਵਿਚੋਂ, ਜਿਹੜੇ ਪੰਜਾਬ ਦੀ ਆਬਾਦੀ ਦਾ 70 ਪ੍ਰਤੀਸ਼ਤ ਸਨ। ਫੌਜ ਵਿਚ ਆਪਣੀ ਹਾਲਤ ਤੋਂ ਬਹੁਤ ਅਸੰਤੁਸ਼ਟ, ਉਹਨਾਂ ਵਿਚੋਂ ਬਹੁਤ ਸਾਰੇ ਅਸਤੀਫ਼ਾ ਦੇ ਕੇ ਬਾਹਰ ਚਲੇ ਗਏ ਤਾਂ ਜੋ ਆਪਣੀ ਹਾਲਤ ਸੁਧਾਰ ਸਕਣ। ਲਗਭਗ 90 ਫ਼ੀਸਦੀ ਲੋਕ ਅਮਰੀਕਾ ਅਤੇ ਕੈਨੇਡਾ ਵਿਚ ਗਏ ਜਿਹੜੇ ਪੁਰਾਣੇ ਸਿਪਾਹੀ ਸਨ ਬ੍ਰਿਟਿਸ਼ ਫ਼ੌਜ ਦੇ, ਤੇ ਹੋਰ ਪਰਵਾਸੀ ਬਹੁਤ ਥੋੜ੍ਹੇ ਸਨ।

ਇਸਦੇ ਇਲਾਵਾ, ਕੁਝ ਲੋਕ ਅਜਿਹੇ ਸਨ ਜੋ ਸਿਆਸੀ ਤੌਰ 'ਤੇ ਜਾਗਰੂਕ ਹੋ ਚੁੱਕੇ ਸਨ ਜਿਹੜੇ 1905-7 ਦੇ ਬਸਤੀਵਾਦ ਐਕਟ ਵਿਰਧੀ ਅੰਦੋਲਨ ਵਿਚ ਸ਼ਾਮਿਲ ਹਏ ਸਨ ਜਿਵੇਂ ਅਜੀਤ ਸਿੰਘ (ਭਗਤ ਸਿੰਘ ਦੇ ਚਾਚਾ ਜੀ) ਅਤੇ ਲਾਲਾ ਲਾਜਪਤ ਰਾਏ, ਵੀ ਵਿਦੇਸ਼ ਦੌੜ ਗਏ ਸਨ ਸਰਕਾਰ ਦੁਆਰਾ ਗਿਰਫ਼ਤਾਰੀ ਅਤੇ ਤਸੀਹੇ ਤੋਂ ਡਰਦੇ।

ਸ਼ੁਰੂ ਵਿਚ ਇਹ ਭੁੱਖ ਦੇ ਸਤਾਏ ਹੋਏ ਲੋਕ ਮਲੇਸ਼ੀਆ, ਸਿੰਘਾਪੁਰ ਅਤੇ ਚੀਨ ਵੱਲ ਗਏ ਸਨ - ਅਤੇ ਕਈ ਤਾਂ ਉਹਨਾਂ ਥਾਵਾਂ 'ਤੇ ਬ੍ਰਿਟਿਸ਼ ਪੁਲੀਸ ਵਿਚ ਭਰਤੀ ਕਰ ਲਏ ਗਏ ਜਾਂ ਕੇਵਲ ਚੌਕੀਦਾਰਾਂ ਦੇ ਤੌਰ 'ਤੇ ਨੌਕਰ ਹੋ ਗਏ, ਚੀਨੀ ਅਤੇ ਮਲਾਈ ਸੌਦਾਗਰਾਂ ਕੋਲ, ਜਾਂ ਗਾਰਡ ਬਣ ਗਏ ਜਾਂ ਰੇਲਵੇ ਵਿਚ ਭਰਤੀ ਹੋਏ।

ਇਹਨਾਂ ਦੇਸਾਂ ਦੇ ਬੰਦਰਗਾਹ ਸ਼ਹਿਰਾਂ ਵਿਚ, ਜਿਥੇ ਉਹ ਪਹਿਲਾਂ ਗਏ, ਉਥੇ ਉਹਨਾਂ ਨੂੰ ਕੈਨੇਡਾ ਅਤੇ ਅਮਰੀਕਾ ਤੋਂ ਆਉਂਦੇ ਯਾਤਰੀ ਮਿਲੇ, ਉਹਨਾਂ ਤੋਂ ਉਹਨਾਂ ਦੇਸਾਂ ਦੀ ਖ਼ੁਸ਼ਹਾਲੀ ਦੀਆਂ ਕਹਾਣੀਆਂ ਸੁਣੀਆਂ, ਅਤੇ ਇਹ ਵੀ ਪਤਾ ਲੱਗਾ ਕਿ ਉੱਥੇ ਬਿਲਕੁਲ ਕਿਸੇ ਵੀ ਹੁਨਰ ਹੀਣੇ ਬੰਦੇ ਨੂੰ ਕੰਮ ਕਰਨ ਲਈ ਚੰਗੀ ਮਜ਼ਦੂਰੀ ਮਿਲ ਜਾਂਦੀ ਹੈ, ਜਿਹੜੀ ਇਥੋਂ ਦੀ ਸਫ਼ੈਦ ਕਲੋਨੀ ਦੀ ਮਜ਼ਦੂਰੀ ਨਾਲੋ ਦਸ ਗੁਣਾ ਵੱਧ ਸੀ। ਬਸ ਇਸੇ ਕਰਕੇ ਹੀ ਉਹ ਕੈਨੇਡਾ ਵੱਲ ਗਏ, ਜਿਹੜੀ ਅੰਗ੍ਰੇਜ਼ੀ ਬਸਤੀ ਸੀ, ਅਤੇ ਯੂ ਐਸ ਏ ਵੱਲ ਗਏ। ਕਈਆਂ ਨੇ ਫ਼ੌਜ ਵਿਚੋ ਅਸਤੀਫ਼ੇ ਦਿੱਤੇ ਤਾਂ ਜੋ ਵਿਦੇਸ਼ ਵਿਚ ਜਾ ਕੇ ਵਧੇਰੇ ਚੰਗੇ ਕੰਮ ਮਿਲ ਸਕਣ।

'ਹਜ਼ਾਰਾਂ ਹੀ ਉਤਸ਼ਾਹੀ ਸਿੱਖ ਆਪਣੀ ਹਾਲਤ ਸੁਧਾਰਨ ਲਈ 1907 ਤੋਂ ਲੈ ਕੇ ਵੱਡੀ ਗਿਣਤੀ ਵਿਚ ਦੂਰ ਪੂਰਬ, ਕੈਨੇਡਾ ਦੇ ਪੈਸੀਫਿਕ ਕੋਸਟ ਅਤੇ ਯੂ ਐਸ ਏ ਵੱਲ ਗਏ, ਉਹਨਾਂ ਵਿਚੋਂ ਬਹੁਤੇ ਪੁਰਾਣੇ ਸਿਪਾਹੀ ਸਨ . . . .[86]

ਇਹ ਪਰਵਾਸੀ ਵਫ਼ਾਦਾਰ ਬ੍ਰਿਟਿਸ਼ ਪਰਜਾ ਸਨ ਜਿਨਾਂ ਨੇ ਅੰਗ੍ਰੇਜ਼ ਦੀਆਂ ਆਪਣਾ ਰਾਜ ਖੇਤਰ ਵਧਾਉਣ ਦੀਆਂ ਜੰਗਾਂ ਵਿਚ ਹਿੱਸਾ ਲਿਆ ਸੀ ਅਤੇ ਉਮੀਦ ਰੱਖਦੇ ਸਨ ਕਿ ਉਹਨਾਂ ਦਾ ਹੱਸ ਕੇ ਬ੍ਰਿਟਿਸ਼ ਕਲੋਨੀ ਵਿਚ ਸਵਾਗਤ ਕੀਤਾ ਜਾਵੇਗਾ, ਆਦਰ ਮਿਲੇਗਾ, ਪਰ ਉਹਨਾਂ ਨੂੰ ਨਫ਼ਰਤ, ਬੇਇਜ਼ਤੀ ਅਤੇ ਵਿਤਕਰੇ ਦਾ ਸਾਹਮਣਾ ਕਰਨ ਪਿਆ। ਉਹਨਾਂ ਨੂੰ ਇਹ ਮਹਿਸੂਸ ਕਰਨ ਵਿਚ ਕੁਝ ਸਮਾਂ ਲੱਗਾ ਕਿ ਅਸਲ ਵਿਚ ਉਹਨਾਂ ਦੇ ਬ੍ਰਿਟਿਸ਼ ਹਾਕਮ ਸ਼ਾਂਤੀ, ਇਨਸਾਫ਼ ਅਤੇ ਕਾਨੂੰਨ ਦੇ ਰਾਜ ਦੇ ਹਾਮੀ ਨਹੀਂ ਸਨ।

ਕੈਨੇਡਾ ਦੀ ਜ਼ਿੰਦਗੀ ਦੀ ਸਚਾਈ, ਜਿੱਥੇ ਉਹਨਾਂ ਨੂੰ ਹਰ ਮੋੜ ਦੇ ਬੇਇਜ਼ਤੀ ਸਹਿਣ ਕਰਨੀ ਪੈਂਦੀ, ਨੇ ਉਹਨਾਂ ਦੇ ਭੁਲੇਖੇ ਤੋੜ ਦਿੱਤੇ ਤੇ ਹੌਲੀ-ਹੌਲੀ ਇਹਨਾਂ ਕਿਰਤੀਆਂ ਨੂੰ ਬਦਲ ਕੇ ਮਾਣ ਮੱਤੇ ਅਤੇ ਬਾਗ਼ੀ ਵਿਅਕਤੀ, ਪੱਕੇ ਸੁਤੰਤਰਤਾ ਸੰਗ੍ਰਾਮੀ ਬਣਾ ਦਿੱਤਾ, ਜਿਹੜੇ ਭਾਰਤ

ਨੂੰ ਆਜ਼ਾਦ ਕਰਵਾਉਣ ਹਿਤ ਅਤੇ ਅੰਗ੍ਰੇਜ਼ ਦੇ ਗੁਲਾਮੀ ਦੇ ਭਾਰੇ ਬੂਟਾਂ ਦੇ ਤਲਵਿਆਂ ਹੇਠੋਂ ਕੱਢਣ ਲਈ। ਆਤਮ ਬਲੀਦਾਨ ਲਈ ਸਦਾ ਤਤਪਰ ਰਹਿੰਦੇ ਸਨ।

1908 ਤਕ, ਤਕਰੀਬਨ 5,200 ਭਾਰਤੀ ਕੈਨੇਡਾ ਪਹੁੰਚ ਗਏ ਸਨ, ਅਤੇ ਚੀਨ ਅਤੇ ਜਾਪਾਨੀ ਪਰਵਾਸੀਆਂ ਦੀ ਗਿਣਤੀ, ਜਿਹੜੇ ਕਈ ਦਹਾਕਿਆਂ ਤੋਂ ਆ ਰਹੇ ਸਨ, ਲਗਭਗ 50,000 ਸੀ।

ਸਰੀਰਕ ਤੌਰ 'ਤੇ ਬਹੁਤ ਤਕੜੇ, ਬਹੁਤੇ ਪੰਜਾਬੀਆਂ ਨੇ ਲੱਕੜੀ ਦਾ ਪੇਸ਼ਾ ਅਪਣਾਇਆ ਜਿਸ ਲਈ ਤਕੜੇ ਬੰਦਿਆਂ ਦੀ ਲੋੜ ਹੁੰਦੀ ਹੈ। ਕਿਸਾਨੀ ਪਿਛੋਕੜ ਤੋਂ ਆਏ ਕਰਕੇ, ਕਈਆਂ ਨੇ ਖੇਤੀ ਸ਼ੁਰੂ ਕਰ ਦਿੱਤੀ ਕਿਸਾਨ ਮਜ਼ਦੂਰਾਂ ਦੇ ਤੌਰ 'ਤੇ – ਅਤੇ ਕਿਤੇ ਕਿਤੇ ਖੇਤਾਂ ਦੇ ਮਾਲਿਕ ਵੀ ਬਣ ਗਏ। ਕਈ ਹੋਰ ਤਰਖਾਣ, ਜੁਲਾਹੇ, ਕਾਰੀਗਰ ਜਾਂ ਬਿਜਲੀ ਦੇ ਕਾਰੀਗਰ ਬਣ ਗਏ। ਕਿਉਂਕਿ ਕੈਨੇਡਾ ਵਿਚ ਟਰੇਡ ਯੂਨੀਅਨਾਂ ਤੇ ਲਾਈਆਂ ਹੋਈਆਂ ਬੰਦਸ਼ਾਂ ਉਹਨਾਂ ਨੂੰ ਉਹਨਾਂ ਵਣਜਾਂ ਵਿਚ ਜਾਣ ਤੋਂ ਰੋਕਦੀਆਂ ਸਨ ਜਿਹਨਾਂ ਵਿਚ ਉਹਨਾਂ ਨੂੰ ਮੁਹਾਰਤ ਸੀ, ਉਹ ਕੋਈ ਵੀ ਕੰਮ ਕਰ ਲੈਂਦੇ ਸਨ ਜੋ ਮਿਲ ਜਾਂਦਾ ਸੀ। ਭਾਰਤੀ ਆਮ ਕਰਕੇ ਸਾਰੇ ਹੀ ਬ੍ਰਿਟਿਸ਼ ਕੋਲੰਬੀਆ ਵਿਚ ਕੇਂਦਰਿਤ ਸਨ ਅਤੇ ਬਹੁਤਾ ਵੈਨਕੂਵਰ ਅਤੇ ਵਿਕਟੋਰੀਆ ਵਿਚ ਕੰਮ ਕਰਦੇ ਸਨ ਜਾਂ ਲਾਗਲੇ ਇਲਾਕਿਆਂ ਦੇ ਖੇਤਾਂ ਵਿਚ। ਉਹਨਾਂ ਨੇ ਉੱਥੇ ਗੁਰਦੁਆਰੇ ਵੀ ਬਣਾਏ ਉਹਨਾਂ ਸਾਰੇ ਸ਼ਹਿਰਾਂ ਵਿਚ ਅਤੇ ਵਿਕਟੋਰੀਆ ਵਿਚ ਉਹਨਾਂ ਕੋਲ 300,000 ਡਾਲਰ ਦੀ ਪ੍ਰਾਪਰਟੀ ਸੀ ਅਤੇ ਵੈਨਕੂਵਰ ਵਿਚ 200,000 ਡਾਲਰ ਦੀ।

## ਪਰਵਾਸ ਦਾ ਵਿਰੋਧ

ਕਿਉਂਕਿ ਏਸ਼ੀਆ ਦੇ ਲੋਕਾਂ ਦੀ ਗਿਣਤੀ ਬਹੁਤ ਵਧ ਰਹੀ ਸੀ, ਇਸਦੇ ਵਿਰੋਧ ਨੇ ਆਪਣਾ ਭੱਦਾ ਸਿਰ ਚੁੱਕ ਲਿਆ ਇਸ ਨਾਅਰੇ ਨਾਲ 'ਕੈਨੇਡਾ ਨੂੰ ਗੋਰੇ ਲੋਕਾਂ ਦੀ ਧਰਤੀ ਹੀ ਬਣਾਈ ਰੱਖੋ', ਨਸਲੀ ਨਫ਼ਰਤ ਅਤੇ ਮਜ਼ਦੂਰ ਪ੍ਰਤਿਯੋਗਤਾ ਨੂੰ ਹਥਿਆਰ ਵਾਂਗ ਵਰਤ ਕੇ ਇਹ ਮੰਗ ਉਠ ਪਈ।

ਕੈਨੇਡੀਅਨ ਸਰਕਾਰ ਤਾਂ ਬਹੁਤ ਹੀ ਰਾਜ਼ੀ ਸੀ ਉਹਨਾਂ ਨੂੰ ਖ਼ੁਸ਼ ਕਰਨ ਲਈ, ਕਿਉਂਕ ਇਸਦੇ ਪਿੱਛੇ ਰਾਜਨੀਤਿਕ ਕਾਰਨ ਸੀ ਕਿ ਸਥਾਨਕ ਗੋਰੇ ਲੋਕਾਂ ਨਾਲ ਮੇਲ ਜੋਲ ਕਰਕੇ ਏਸ਼ੀਅਨ ਲੋਕ, ਵਿਸੇਸ਼ ਕਰ ਭਾਰਤੀ, ਨਸਲੀ ਬਰਾਬਰੀ ਅਤੇ ਖ਼ੁਦਮੁਖ਼ਤਾਰੀ ਦੇ ਸੁਪਨੇ ਲੈਣ ਲੱਗ ਜਾਣਗੇ ਅਤੇ ਇੰਜ ਭਾਰਤ ਵਿਚ ਅਤੇ ਹੋਰ ਏਸ਼ੀਅਨ ਬਸਤੀਆਂ ਵਿਚ ਬ੍ਰਿਟਿਸ਼ ਰਾਜ ਨੂੰ ਨੁਕਸਾਨ ਪਹੁੰਚਾਉਣਗੇ।

ਬ੍ਰਿਟਿਸ਼ ਸਰਕਾਰ ਨੇ, ਪਰਦੇ ਪਿੱਛੇ ਰਹਿ ਕੇ, ਕੈਨੇਡੀਅਨ ਅਧਿਕਾਰੀਆਂ ਦੀ ਕਾਰਵਾਈ ਦਾ ਸਮਰਥਨ ਕੀਤਾ ਤਾਂ ਜੋ ਭਾਰਤੀਆਂ ਦੀ ਕੈਨੇਡਾ ਵਿਚ ਆਮਦ ਬਿਲਕੁਲ ਬੰਦ ਕਰ ਦਿੱਤੀ ਜਾਵੇ, ਇਸ ਨੂੰ ਇਹ ਸੋਚ ਕੇ ਕਿ ਇਹ ਕੁਦਰਤੀ ਹੈ ਅਤੇ ਲੋੜੀਂਦਾ ਹੈ ਆਰਥਿਕ, ਸਾਮਾਜਿਕ, ਰਾਜਨੀਤਿਕ ਅਤੇ ਕੌਮੀ ਕਾਰਨਾਂ ਕਰਕੇ ਕਿ ਕੈਨੇਡਾ ਗੋਰਿਆਂ ਦੇ ਦੇਸ ਹੀ ਰਹੇ। ਕੈਨੇਡਾ ਜੋ ਸਵਾਇਤ ਡੋਮੀਨੀਅਨ ਦੇ ਤੌਰ 'ਤੇ ਵਿਚਰ ਰਿਹਾ ਸੀ ਇਸਦਾ ਪ੍ਰਮੁੱਖ ਜੱਜ ਸੀ, ਬ੍ਰਿਟਿਸ਼ ਸਰਕਾਰ ਦੀ ਸੋਚ ਵਿਚ।

ਆਪਣੇ 1858 ਦੇ ਐਲਾਨ ਵਿਚ, 1857 ਦੀ ਆਜ਼ਾਦੀ ਦੀ ਪਹਿਲੀ ਜੰਗ ਨੂੰ ਦਬਾਉਣ

ਮਗਰੋਂ, ਮਲਕਾ ਵਿਕਟੋਰੀਆ ਨੇ ਕਿਹਾ ਸੀ – *"ਅਸੀਂ ਆਪਣੇ ਆਪ ਨੂੰ ਸਾਡੇ ਹਿੰਦੁਸਤਾਨੀ ਇਲਾਕਿਆਂ ਵਿਚ ਰਹਿੰਦੇ ਉਥੋਂ ਦੇ ਲੋਕਾਂ ਨਾਲ ਗੂੜ੍ਹੀ ਤਰ੍ਹਾਂ ਬੱਝੇ ਸਮਝਦੇ ਹਾਂ, ਉਸੇ ਤਰ੍ਹਾਂ ਜਿਸ ਤਰਾਂ ਅਸੀ ਆਪਣੀ ਸਾਰੀ ਪਰਜਾ ਨਾਲ"* ਭੋਲੇਪਨ ਵਿਚ ਭਾਰਤੀਆਂ ਨੇ ਇਸ ਐਲਾਨ ਦੀ ਈਮਾਨਦਾਰੀ ਉੱਪਰ ਵੱਡਾ ਭਰੋਸਾ ਕੀਤਾ ਪਰ ਉਹ ਤਾਂ ਭਾਰਤੀਆਂ ਨੂੰ ਭਰਮਾਉਣ ਵਾਲੀ ਹੀ ਗੱਲ ਸੀ ਅਤੇ ਭਾਰਤੀ ਲੋਕਾਂ ਨਾਲ ਵੱਡਾ ਧੋਖਾ, ਭਾਵੇ ਬ੍ਰਿਟਿਸ਼ ਵਿਚਾਰਵਾਨਾਂ ਨੂੰ ਇਹ ਪੱਕਾ ਪਤਾ ਸੀ ਕਿ ਮਲਕਾ ਦੇ ਬਚਨ ਪੂਰੀ ਤਰਾਂ ਤੋੜ ਕੇ ਨਿਭਾਉਣੇ ਸਨ ਅਤੇ ਉਮੀਦਾਂ ਲਾਈਆਂ ਕਦੇ ਪੂਰੀਆਂ ਨਹੀਂ ਕਰਨੀਆਂ ਸਨ।

ਬਸ ਹਰ ਤਰੀਕੇ ਨਾਲ ਭਾਰਤੀਆਂ ਦਾ ਕੈਨੇਡਾ ਵਿਚ ਦਾਖ਼ਲਾ ਬੰਦ ਕਰ ਦਿੱਤਾ ਗਿਆ ਸੀ।

ਭਾਰਤੀ ਯੂ ਐਸ ਏ ਓਦੋਂ ਹੀ ਪੁੱਜਣ ਲੱਗੇ ਸਨ ਜਦ ਉਹ ਕੈਨੇਡਾ ਗਏ ਸਨ, ਪਹਿਲਾਂ ਪਹਿਲ ਯੂ ਐਸ ਏ ਵਿਚ 1904 ਵਿਚ। 1907 ਤੋਂ ਪਹਿਲਾਂ, ਯੂ ਐਸ ਏ ਵਿਚ ਬਹੁਤ ਹੀ ਥੋੜ੍ਹੇ ਭਾਰਤੀ ਸਨ, ਅਤੇ ਇਹਨਾਂ 'ਚੋਂ ਬਹੁਤੇ ਮਜ਼ਦੂਰ ਤਬਕੇ ਦੇ ਨਹੀਂ ਸਨ। ਉਸੇ ਸਾਲ, 1972 ਭਾਰਤੀਆਂ ਨੂੰ ਯੂ ਐਸ ਏ ਵਿਚ ਦਾਖ਼ਲ ਮਿਲਿਆ ਸੀ ਅਤੇ 1908 ਵਿਚ ਹੋਰ 1710 ਆ ਗਏ ਸਨ। ਇਸਦੇ ਛੇਤੀ ਹੀ ਮਗਰੋਂ, ਇਮੀਗਰੇਸ਼ਨ ਨਿਯਮ ਬਹੁਤ ਸਖ਼ਤ ਹੋ ਗਏ ਪਾਬੰਦੀ ਲਾਉਣ ਵਿਚ ਕਿਉਂਕਿ ਕੈਨੇਡਾ ਅਤੇ ਯੂ ਐਸ ਵਿਚ ਭਾਰਤ ਵਿਰੋਧੀ ਫ਼ਸਾਦ ਹੋਏ ਸਨ। ਇਹਨਾਂ ਬੰਦਸ਼ਾਂ ਦੇ ਬਾਵਜੂਦ ਵੀ, ਭਾਰਤੀ ਲੋਕ ਪਿੱਠ ਪਿਛਲੇ ਰਾਹ, ਭਾਵ ਫਿਲੀਪਾਇਨ ਥਾਣੀ ਯੂ ਐਸ ਵਿਚ ਦਾਖ਼ਲ ਹੁੰਦੇ ਰਹੇ।

ਕੈਨੇਡਾ ਅਤੇ ਯੂ ਐਸ ਵਿਚ ਰਹਿੰਦੇ ਭਾਰਤੀਆਂ ਦੀ ਜ਼ਮੀਰ ਨੂੰ ਕਿੰਝ ਹਲੂਣਾ ਮਿਲਿਆ ਉਹ ਇੰਝ ਹੋਇਆ ਕਿ ਕੈਨੇਡਾ ਵਿਚ ਚੀਨੀਆਂ ਤੇ ਜਾਪਾਨੀਆਂ ਨਾਲ ਬਹੁਤ ਚੰਗਾ ਸਲੂਕ ਕੀਤਾ ਜਾਂਦਾ ਸੀ ਜਿਹੜੇ ਭਾਰਤੀਆਂ ਵਾਂਗ ਨਹੀਂ, ਬ੍ਰਿਟਸ਼ ਪਰਜਾ ਵੀ ਨਹੀਂ ਸਨ। ਜਾਪਾਨੀਆਂ ਅਤੇ ਚੀਨੀਆਂ ਦਾ ਬਹੁਤ ਆਸਾਨੀ ਨਾਲ ਦਾਖ਼ਲਾ ਹੀ ਨਹੀਂ ਹੋ ਜਾਂਦਾ ਸੀ ਸਗੋਂ, ਸਗੋਂ ਉਹ ਆਪਣੇ ਬੀਵੀ ਬੱਚਿਆਂ ਨੂੰ ਵੀ ਨਾਲ ਲਿਆ ਸਕਦੇ ਸਨ ਜਾਂ ਕੰਮ ਤੇ ਲੱਗਣ ਮਗਰੋਂ ਉਹਨਾਂ ਨੂੰ ਆਪਣੇ ਕੋਲ ਮੰਗਵਾ ਸਕਦੇ ਸਨ। ਉਹਨਾਂ ਨੂੰ ਸ਼ਹਿਰੀਅਤ ਵੀ ਮਿਲ ਜਾਂਦੀ ਸੀ ਅਤੇ ਵੋਟ ਪਾਉਣ ਦਾ ਅਧਿਕਾਰ ਵੀ। ਇਸਦੇ ਉਲਟ, ਹਿੰਦੂਆ! (ਇਹ ਸ਼ਬਦ ਸਾਰੇ ਹੀ ਭਾਰਤੀਆਂ ਲਈ, ਭਾਵੇ ਹਿੰਦੂ, ਮੁਸਲਮਾਨ ਜਾਂ ਸਿੱਖ ਹੋਣ, ਓਦੋਂ ਵਰਤਿਆ ਜਾਣ ਲੱਗ ਪਿਆ ਸੀ) ਲਈ ਐਸੀ ਕੋਈ ਸਹੂਲਤ ਨਹੀਂ ਸੀ।

ਇਸਦੇ ਮਗਰੋਂ ਬਹੁਤ ਦੇਰ ਨਹੀਂ ਲੱਗੀ ਜਦ ਭਾਰਤੀਆਂ ਨੂੰ ਸਮਝ ਆਈ ਕਿ ਉਹ ਨਫਰਤ, ਅਤੇ ਵਿਤਕਰੇ ਦੇ ਨਿਸ਼ਾਨੇ ਬਣਾਏ ਜਾਂਦੇ ਹਨ ਕੇਵਲ ਇਕੋ ਕਾਰਨ ਕਰਕੇ ਕਿ ਉਹ ਗ਼ੁਲਾਮ ਲੋਕ ਹਨ, ਉਹਨਾਂ ਦੀ ਜਨਮ ਭੂਮੀ ਦੀ ਗੁਲਾਮੀ ਹੀ ਉਹਨਾਂ ਦੀਆਂ ਸਾਰੀਆਂ ਮੁਸ਼ਕਿਲਾਂ ਦੀ ਜੜ੍ਹ ਹੈ। ਇਸ ਲਈ ਜਿੰਨੀ ਛੇਤੀ ਉਹ ਗ਼ੁਲਾਮੀ ਚੋਂ ਨਿਕਲਣ ਓਨਾ ਹੀ ਚੰਗਾ ਹੋਵੇਗਾ ਕਿਉਂਕਿ ਭਾਰਤ ਨੂੰ ਜ਼ਾਲਮ ਵਿਦੇਸ਼ੀ ਰਾਜ ਤੋਂ ਮੁਕਤ ਕਰਾਏ ਬਿਨਾ ਭਾਰਤੀਆਂ ਨੂੰ ਕਦੇ ਵੀ ਤੇ ਕਿਤੇ ਵੀ ਬਰਾਬਰੀ ਦੇ ਹੱਕ ਨਹੀਂ ਮਿਲਣਗੇ। ਉਹਨਾਂ ਦੀ ਇਸ ਆਈ ਸਮਝ ਨੂੰ ਹੋਰ ਮਦਦ ਮਿਲੀ ਉਹਨਾਂ ਦੇ ਵਿਦੇਸ਼ ਵਿਚ ਰਹਿਣ ਤੋਂ, ਸਹੂਲਤਾਂ ਤੋਂ ਜਿਹਨਾਂ ਵਿਚ ਬਹੁਤ ਸਾਰੀਆ ਬੁਰਜੁਆ ਆਜ਼ਾਦੀਆਂ ਅਤੇ ਖੁੱਲ੍ਹਾਂ ਪ੍ਰਵਾਨਿਤ ਸਨ। ਵਿਤਕਰਿਆਂ ਦਾ ਸਮੁੱਚਾ ਅਸਰ ਇਹ

ਹੋਇਆ ਕਿ ਇਹ ਇੰਗਿਲਿਸ਼ ਸਾਮਰਾਜ ਦੇ ਵਫ਼ਾਦਾਰ ਲੋਕ, ਜੋ ਵਿਤਕਰੇ ਭੋਗ ਰਹੇ ਸਨ, ਬਾਗ਼ੀ ਬਣ ਗਏ ਅਤੇ ਬ੍ਰਿਟਿਸ਼ ਬਸਤੀਵਾਦ ਅਤੇ ਸਾਮਰਾਜ ਦੇ ਦੁਸ਼ਮਣ ਬਣ ਗਏ।

ਕੈਨੇਡਾ ਦੀਆਂ ਖ਼ੁਫ਼ੀਆ ਏਜੰਸੀਆਂ ਡਰ ਗਈਆਂ ਕਿ ਪੰਜਾਬ ਅਤੇ ਬੰਗਾਲ ਤੋਂ ਕੁਝ ਭਾਰਤੀ ਕੈਨੇਡਾ ਪਹੁੰਚ ਗਏ ਹਨ, ਨਾਲ ਅਖ਼ਬਾਰ ਲਿਆਏ ਹਨ ਜਿਹੜੇ ਭਾਰਤੀ ਪਰਵਾਸੀਆਂ ਦੇ ਮਸਲੇ ਨੂੰ ਉਹਨਾਂ ਦੀ ਗ਼ੁਲਾਮੀ ਨਾਲ ਜੋੜ ਰਹੇ ਹਨ। ਹੋਰ ਤੇ ਹੋਰ, ਉਹਨਾਂ ਦਾ ਪ੍ਰਾਪੇਗੰਡਾ ਸੀ ਉਪਜਾਊ ਧਰਤੀ ਲੱਭਣਾ, ਬੁਰਾ ਸਲੂਕ ਬਰਦਾਸ਼ਤ ਕਰਦੇ ਹੋਏ ਉੱਤਰ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਵਿਚ।

ਇਕ, ਇਹੋ ਜਿਹੇ ਰੋਸ਼ਨ ਦਿਮਾਗ਼ ਪੰਜਾਬੀ, ਰਾਮ ਨਾਥ ਪੁਰੀ, ਜਿਹੜਾ ਅਮਰੀਕਾ ਵਿਚ 1906 ਦੇ ਅੰਤ ਵਿਚ ਪੁੱਜਾ ਸਾਂ, ਨੇ 1907 ਵਿਚ ਹਿੰਦੁਸਤਾਨ ਐਸੋਸਾਇਸ਼ਨ ਸਥਾਪਿਤ ਕੀਤਾ ਸਾਨਫਰਾਂਸਿਸਕੋ ਵਿਚ, ਜਿਸਦੀਆ ਬ੍ਰਾਂਚਾਂ ਵੈਨਕੂਵਰ ਅਤੇ ਹੋਰ ਥਾਹੀਂ ਵੀ ਸਨ। ਇਸਦੇ ਮੈਂਬਰ ਬਣਨ ਦੀ ਮੁੱਖ ਸ਼ਰਤ ਸੀ ਮੈਂਬਰ ਜਾਤ-ਪਾਤ, ਰੰਗ ਭੇਦ ਅਤੇ ਧਰਮ ਦੇ ਵਿਚਾਰ ਨੂੰ ਤਿਆਗੇਗਾ। ਇਸਨੇ ਉਰਦੂ ਭਾਸ਼ਾ ਵਿਚ ਇਕ ਰਸਾਲਾ ਕਢਿਆ - *ਸਰਕੁਲਰ-ਏ-ਆਜ਼ਾਦੀ* ਜਿਸ ਨੂੰ ਸਰਕਾਰੀ ਅਧਿਕਾਰੀਆਂ ਨੇ ਬਿਲਕੁਲ ਠੀਕ ਸਮਝਿਆ ਕਿ ਇਹ ਬਗ਼ਾਵਤੀ ਸੁਰ ਦਾ ਪਰਚਾ ਹੈ। ਇਸਦੇ ਵਿਚ ਲੇਖ ਛਪਦੇ ਸਨ ਜਿਹਨਾਂ ਵਿਚ ਭਾਰਤ ਉਪਰ ਅੰਗ੍ਰੇਜ਼ੀ ਰਾਜ ਪ੍ਰਤੀ ਨਫਰਤ ਅਤੇ ਦੁਸ਼ਮਨੀ ਦੀ ਭਾਵਨਾ ਉਭਾਰੀ ਜਾਂਦੀ ਸੀ। ਬੰਗਾਲ ਦਾ ਇਨਕਲਾਬੀ, ਤਾਰਕ ਨਾਥ, ਇਸ ਲਹਿਰ ਨਾਲ ਸੰਬੰਧਿਤ ਸੀ ਅਤੇ *ਸਰਕੁਲਰ-ਏ-ਆਜ਼ਾਦੀ* ਦੇ ਬੰਦ ਹੋ ਜਾਣ ਮਗਰੋਂ, ਉਸਨੇ ਇੰਗਲਿਸ਼ ਵਿਚ *ਫ਼ਰੀ ਹਿੰਦੁਸਤਾਨ* ਕੱਢਿਆ। ਉਹ ਬੜਾ ਕਾਬਲ ਲੀਡਰ ਸੀ। ਉਹ ਪਹਿਲੀ ਇਨਕਲਾਬੀ ਸੁਸਾਇਟੀ ਜੋ 1903 ਵਿਚ ਕਲਕੱਤੇ ਸਥਿਾਪਿਤ ਹੋਈ ਸੀ, ਦਾ ਮੈਂਬਰ ਸੀ। ਉਹ ਸਾਂਨਫ਼ਰਾਂਸਿਸਕੋ ਪਹੁੰਚ ਕੇ ਬਰਕਲੇ ਯੂਨੀਵਰਸਿਟੀ ਦਾ ਵਿਦਿਆਰਥੀ ਬਣ ਗਿਆ।

ਭਾਰਤ ਵਿਚ ਬ੍ਰਿਟਿਸ਼ ਗੁਲਾਮੀ ਦੇ ਵਿਰੁੱਧ ਲੜਦੇ ਹੋਏ, *ਫ਼ਰੀ ਹਿੰਦੁਸਤਾਨ* ਨੇ ਕੈਨੇਡਾ ਅਤੇ ਕੈਲੇਫ਼ੋਰਨੀਆ ਵਿਚ ਭਾਰਤੀਆਂ ਨੂੰ ਪੜ੍ਹਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਇਸ ਮੰਤਵ ਲਈ ਕਿ ਉਹਨਾਂ ਨੂੰ ਭਾਰਤ ਦੀ ਆਜ਼ਦੀ ਦੀ ਲੜਾਈ ਵਾਸਤੇ ਤਿਆਰ ਕੀਤਾ ਜਾਏ।

ਉਸ ਵੇਲੇ, ਕੈਨੇਡਾ ਅਤੇ ਯੂ ਐਸ ਵਿਚ ਭਾਰਤੀਆਂ ਦੀ ਗਿਣਤੀ ਕੋਈ 10,000 ਹੋ ਗਈ ਸੀ ਅਤੇ ਉਹਨਾਂ ਵਿਚ 95 ਫ਼ੀਸਦੀ ਸਿੱਖ ਸਨ। ਇਹਨਾਂ ਵਿਚ ਬਹੁਤ ਸਾਰੇ ਤਕੜੇ ਪੰਜਾਬ ਦੇ ਕਿਸਾਨ ਸਨ ਜਿਹੜੇ ਬੜੇ ਨਿਯੰਤਰਣ ਵਿਚ ਰਹਿਣ ਵਾਲੇ ਸਨ, ਫ਼ੌਜੀ ਪਿਛੋਕੜ ਦੇ ਸਨ ਅਤੇ ਟਰੇਨਿੰਗ ਲੈ ਚੁੱਕੇ ਸਨ। ਰਾਜਸੀ ਮੁਹਿਮ ਵਾਲੇ 1857 ਦੀ ਅਸਫ਼ਲਤਾ ਦੀ ਸਚਾਈ ਭੁੱਲੇ ਨਹੀਂ ਸਨ ਕਿਉਂਕਿ, ਹੋਰਨਾਂ ਤੋਂ ਇਲਾਵਾ, ਜੋ ਮਿਲਟਰੀ ਹਿਮਾਇਤ ਪੰਜਾਬੀਆਂ ਨੇ ਦਿੱਤੀ ਸੀ, ਮੁੱਖ ਤੌਰ ਤੇ ਸਿੱਖਾਂ ਨੇ, ਆਪਣੇ ਗ਼ੱਦਾਰੀ ਰਾਜਿਆਂ ਦੀ ਅਗਵਾਈ ਵਿਚ। ਇਸ ਲਈ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅੱਗੇ ਲਈ ਕੋਈ ਵੀ ਬਗ਼ਾਵਤ ਸਫ਼ਲ ਨਹੀਂ ਹੋ ਸਕੇਗੀ ਜਦ ਤਕ ਉਸ ਵਿਚ ਸਿੱਖ ਇਨਕਿਲਾਬੀ ਨਾ ਸ਼ਾਮਿਲ ਹੋਣ। ਇਸ ਲਈ ਉਹਨਾਂ ਦਾ ਇਸ ਗੱਲ 'ਤੇ ਜ਼ੋਰ ਸੀ ਕਿ ਪੰਜਾਬੀ ਨੌਜਵਾਨ ਕਿਰਤੀਆਂ ਦੇ ਮਨਾਂ ਵਿਚ ਅੰਗ੍ਰੇਜ਼ਾਂ ਵਾਸਤੇ ਪ੍ਰਜਵਲੰਤ (ਦਗ਼ਦੀ) ਨਫ਼ਰਤ ਦੀ ਅੱਗ ਭਰ ਦਿੱਤੀ ਜਾਵੇ ਅਤੇ ਉਹਨਾ ਵਿਚ ਇਹ ਚੇਤਨਾ ਜਗਾਈ ਜਾਵੇ ਕਿ ਉਹਨਾਂ ਨੇ ਭਾਰਤ ਨੂੰ ਆਜ਼ਾਦ ਕਰਨ ਦੀ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਹੈ। ਇਸਦੇ ਇਲਾਵਾ, ਇਹ ਕਿਰਤੀ, ਜਿਹੜੇ ਪੰਜਾਬ ਤੋਂ ਆਏ ਸਨ ਅਤੇ ਜਿਹਨਾਂ ਨੇ ਮਿਲਟਰੀ ਟਰੇਨਿੰਗ ਵੀ ਲਈ

ਹੋਈ ਸੀ, ਉਹਨਾਂ ਦਾ ਭਾਰਤੀ ਫ਼ੌਜੀਆਂ ਅਤੇ ਰੈਜਮੈਂਟਾਂ ਨਾਲ ਬੜਾ ਕੀਮਤੀ ਸੰਪਰਕ ਸੀ, ਜਿਹੜਾ ਅੰਗ੍ਰੇਜ਼ਾਂ ਦੇ ਵਿਰੁੱਧ ਬਗਾਵਤ ਦੀ ਸਫ਼ਲਤਾ ਵਿਚ ਅਹਿਮ ਭੂਮਕਾ ਨਿਭਾ ਸਕਦਾ ਸੀ।

ਜਿਹਨਾਂ ਹਾਲਾਤ ਵਿਚ ਭਾਰਤੀ ਪਰਵਾਸੀ ਰਹਿ ਰਹੇ ਸਨ, ਐਸਾ ਵਿਚਾਰ ਬਹੁਤ ਹੀ ਛੂਤ ਵਰਗਾ ਸਿੱਧ ਹੋਇਆ। ਜਿਵੇਂ ਜਿਵੇਂ ਉਹਨਾਂ ਨੂੰ ਇਸ ਵਿਚਾਰ ਦੀ ਪੂਰੀ ਸਮਝ ਆਈ, ਉਹਨਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਦੀ ਇੱਛਾ ਦੀ ਅੱਗ ਭੜਕ ਉੱਠੀ। ਇਕ ਇਕ ਕਰਕੇ ਉਹ, ਜਿਹਨਾਂ ਦਾ ਮਿਲਟਰੀ ਪਿਛੋਕੜ ਸੀ, ਇਸ ਨਤੀਜੇ 'ਤੇ ਪੁੱਜੇ ਕਿ ਜੋ ਤਗਮੇ ਉਹਨਾਂ ਨੇ ਬ੍ਰਿਟਿਸ਼ ਫ਼ੌਜ ਦੀ ਨੌਕਰੀ ਕਰਕੇ ਜਿੱਤੇ ਸਨ ਉਹ ਗੁਲਾਮੀ ਦੇ ਮੈਡਲ ਸਨ, ਅਤੇ ਇਹ ਮੈਡਲ ਇਹ ਦਰਸਾਉਂਦੇ ਹਨ ਕਿ ਉਹ ਭਾੜੇ ਦੇ ਟੱਟੂ ਹੋ ਕੇ ਲੜੇ ਸਨ ਆਪਣੇ ਹੀ ਲੋਕਾਂ ਦੇ ਵਿਰੁੱਧ ਅਤੇ ਹੋਰ ਕਈ ਆਜ਼ਾਦ ਲੋਕਾਂ ਦੇ ਵਿਰੁੱਧ। ਇਸ ਲਈ ਇਹ ਮੈਡਲ, ਬਟਨ, ਵਰਦੀਆਂ ਅਤੇ ਬਿੱਲੇ ਕਦੇ ਵੀ ਨਾ ਲਗਾਏ ਜਾਣ ਅਤੇ ਸੁੱਟ ਦਿੱਤੇ ਜਾਣ। ਕਈਆਂ ਨੇ ਆਮ ਪਬਲਿਕ ਵਿਚ ਇਹ ਮੈਡਲ ਸੁੱਟ ਦਿੱਤੇ ਅਤੇ ਹੋਰ ਕਈਆਂ ਨੇ ਆਪਣੇ ਸਰਟੀਫਿਕੇਟ ਕਿ ਉਹਨਾਂ ਦੀ ਇੱਜ਼ਤ ਨਾਲ ਬ੍ਰਿਟਿਸ਼ ਆਰਮੀ ਵਿਚੋਂ ਰਿਟਾਇਰਮੈਂਟ ਹੋਈ ਹੈ। ਅੱਗ ਵਿਚ ਜਲਾ ਦਿੱਤੇ ਪੁਰਾਣੇ ਸਿੱਖ ਫ਼ੌਜੀਆਂ ਨੇ ਤਾਂ ਸ਼ਹਿਰ ਦੇ ਮੇਅਰ ਦਾ ਇਹ ਸੱਦਾ ਵੀ ਠੁਕਰਾ ਦਿੱਤਾ ਕਿ ਗਵਰਨਰ ਜਨਰਲ ਦੇ ਆਉਣ 'ਤੇ ਮਿਲਟਰੀ ਰਿਵਿਊ ਵਿਚ ਸ਼ਾਮਿਲ ਹੋਣ।

ਭਾਵੇ ਬਹੁਤਾ ਕਰਕੇ ਅਨਪੜ੍ਹ ਹੀ ਸਨ, ਸਿੱਖ ਕਿਸਾਨਾਂ ਨੇ ਬੜੇ ਤਲਖ਼ ਤਜਰਬੇ ਨਾਲ ਐਨਾ ਕੁਝ ਸਿਖਿਆ ਸੀ ਜਿੰਨਾ ਪੜ੍ਹੇ ਲਿਖੇ ਭਾਰਤੀ, ਜਿਹੜੇ ਹੁਣ ਬ੍ਰਿਟਿਸ਼ ਸਾਮਰਾਜਵਾਦ ਦੇ ਨਿਮਾਣੇ ਸੇਵਕ ਬਣੇ ਹੋਏ ਸਨ, ਨਹੀਂ ਸਿੱਖ ਸਕੇ ਸਨ। ਭਾਰਤੀ ਪਰਵਾਸੀਆਂ ਵਿਚ ਸਿਆਸੀ ਚੇਤਨਾ ਬਹੁਤ ਵਧ ਰਹੀ ਸੀ ਤੇ ਇਸ ਨਾਲ ਬ੍ਰਿਟੇਨ, ਕੈਨੇਡਾ ਅਤੇ ਇੰਡੀਆ ਦੀਆਂ ਸਰਕਾਰਾਂ ਨੂੰ ਕੰਨ ਹੋ ਗਏ ਸਨ ਕਿ ਹੋਰ ਭਾਰਤੀਆਂ ਦਾ ਕੈਨੇਡਾ ਵਿਚ ਦਾਖ਼ਲਾ ਰੋਕਿਆ ਜਾਵੇ। ਇਸ ਦਿਸ਼ਾ ਵਿਚ ਬਹੁਤ ਸਾਰੀਆਂ ਸੇਵਾਵਾਂ ਦਾ ਪ੍ਰਯੋਗ ਕੀਤਾ ਗਿਆ। ਓਹੀ ਭਾਰਤੀ ਜਿਹੜੇ ਸਿੱਧੇ ਭਾਰਤ ਤੋਂ ਆਉਂਦੇ ਸਨ ਦਾਖ਼ਲ ਹੋ ਸਕਦੇ ਸਨ। ਕਿਉਂਕਿ ਭਾਰਤ ਤੋਂ ਕੈਨੇਡਾ ਲਈ ਕੋਈ ਸਿੱਧਾ ਰਾਸਤਾ ਨਹੀ ਸੀ, ਇਸ ਨਿਯਮ ਦਾ ਅਸਰ ਸੀ, ਜੋ ਇੱਛਾ ਸੀ ਸਰਕਾਰ ਦੀ, ਭਾਰਤ ਤੋਂ ਕੈਨੇਡਾ ਦੇ ਪਰਵਾਸ ਤੇ ਪੂਰੀ ਪਾਬੰਦੀ। ਜਿਹਨਾਂ ਦੀ ਕੈਨੇਡਾ ਵਿਚ ਜ਼ਮੀਨ ਵੀ ਹੈ ਸੀ ਉਹਨਾਂ ਦੇ ਪਰਿਵਾਰਾਂ ਨੂੰ ਵੀ ਜਾਣ ਲਈ ਹਰ ਇਕ ਦੇ ਆਪਣੇ ਕੋਲ 200 ਡਾਲਰ ਹੋਣੇ ਚਾਹੀਦੇ ਸਨ (ਜੋ ਉਹਨੀ ਦਿਨੀ ਬਹੁਤ ਵੱਡੀ ਰਕਮ ਸੀ)। ਜਦ ਕਿ ਹੋਰ ਬ੍ਰਿਟਿਸ਼ ਪਰਜਾ ਛੇ ਮਹੀਨੇ ਉਥੇ ਰਹਿਣ ਮਗਰੋਂ ਵੋਟ ਦਾ ਅਧਿਕਾਰ ਪ੍ਰਾਪਤ ਕਰ ਸਕਦੀ ਸੀ, ਭਾਰਤੀਆਂ ਨੂੰ ਇਸ ਹੱਕ ਤੋਂ ਇਨਕਾਰ ਸੀ। ਕਿਉਂਕਿ ਯੂ ਐਸ ਅਤੇ ਜਰਮਨੀ ਜਾਂ ਜਾਪਾਨ ਵਿਚ ਭਾਰਤੀਆਂ ਨੂੰ ਇਸ ਹੱਕ ਤੋਂ ਇਨਕਾਰ ਨਹੀਂ ਸੀ, ਇਹ ਜ਼ਰੂਰੀ ਸੀ ਕਿ ਉਹ ਇਸ ਨਤੀਜੇ ਤੇ ਪੁੱਜਣ ਕਿ ਬ੍ਰਿਟਿਸ਼ ਟੈਰੀਟਰੀ ਨਾਲੋਂ ਉਹ ਹੋਰ ਥਾਵਾਂ 'ਤੇ ਵਧੇਰੇ ਸੁਖੀ ਹਨ।

1907 ਦੇ ਅੰਤ ਵਿਚ ਇਕ ਫ਼ਸਾਦ ਹੋਇਆ ਜੋ ਪਰਵਾਸੀਆਂ, ਵਿਸ਼ੇਸ਼ਕਰ ਭਾਰਤੀਆਂ, ਦੇ ਵਿਰੁੱਧ ਸੀ। ਇਹ ਫ਼ਸਾਦ ਲੇਬਰ ਮਾਰਕਿਟ ਵਿਚ ਪ੍ਰਤਿਯੋਗਤਾ ਦੇ ਕਾਰਨ ਹੋਇਆ ਸੀ ਅਤੇ 1907-8 ਦੇ ਆਰਥਿਕ ਸੰਕਟ ਕਰਕੇ ਹੋਇਆ ਸੀ, ਇਸ ਵਿਚ ਵਾਧਾ ਕੀਤਾ ਸੀ ਉਹਨਾਂ ਪੂਰਵ ਧਾਰਾਨਾਵਾਂ ਨੇ ਜਿਸ ਕਾਰਨ ਹਿੰਸਾ ਵੀ ਹੋਈ ਸੀ। ਇਸ ਦੇ ਇਲਾਵਾ, ਭਰੋਸੇਯੋਗ ਸੂਤਰਾਂ ਅਨੁਸਾਰ, ਬ੍ਰਿਟਿਸ਼ ਏਜੰਟ ਪਰਦੇ ਪਿੱਛੇ ਰਹਿ ਕੇ, ਇਹਨਾਂ ਫ਼ਸਾਦਾਂ ਦੇ ਪਿੱਛੇ ਸਨ। ਅਮਰੀਕਾ ਦੇ

ਇਕ ਛੋਟੇ ਜਿਹੇ ਕਸਬੇ ਔਰੇਗਨ – ਜਿੱਥੇ ਬਹੁਤ ਵੱਡੀ ਗਿਣਤੀ ਵਿਚ ਆਰਾ ਮਿੱਲਾਂ ਸਨ – ਇਹ ਫ਼ਸਾਦ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਫੈਲ ਗਏ। ਆਰਾ ਮਿੱਲਾਂ ਤੋਂ ਸ਼ੁਰੂ ਹੋ ਕੇ ਭਾਰਤੀਆਂ ਦੇ ਖ਼ਿਲਾਫ਼ ਨਫ਼ਰਤ ਹੋਰ ਆਰਥਿਕ ਸੈਕਟਰਾਂ ਵਿਚ ਵੀ ਫੈਲ ਗਈ, ਰੇਲਵੇ ਅਤੇ ਟਰਾਮ ਕਾਰਾਂ ਤੋਂ ਲੈ ਕੇ ਹੋਟਲਾਂ, ਸਿਨਮਿਆਂ ਅਤੇ ਪਾਰਕਾਂ ਵਿਚ ਵੀ।

ਐਨ ਉਸੇ ਵੇਲੇ, ਇਕ ਜਹਾਜ਼ ਪਹੁੰਚਿਆ ਜਿਸ ਵਿਚ ਕੋਈ ਇਕ ਹਜ਼ਾਰ ਭਾਰਤੀ ਸਨ। ਵੈਨਕੂਵਰ ਦੇ ਲੋਕਾਂ ਨੇ, ਜਹਾਜ਼ ਦੇ ਦਾਖ਼ਲੇ ਪ੍ਰਤੀ ਆਪਣੀ ਵਿਰੋਧਤਾ ਦਿਖਾਉਂਦੇ ਹੋਏ, ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਇਕ ਤਾਰ ਦਿੱਤੀ ਜਿਸਦਾ ਉਸਨੇ ਜਵਾਬ ਦਿੱਤਾ 'ਜੇ ਹਿੰਦੂ ਬਿਲਕੁਲ ਕੰਗਾਲ ਹਨ ਤਾਂ ਉਹਨਾਂ ਨੂੰ ਵਾਪਸ ਭੇਜ ਦਿੱਤਾ ਜਾਵੇਗਾ।' ਇਹ ਚੰਗੀ ਤਰ੍ਹਾਂ ਜਾਣਦੇ ਹੋਏ ਕਿ ਭਾਰਤੀਆਂ ਵਿਚ ਬਹੁਤ ਬੇਚੈਨੀ ਹੋਵੇਗੀ, ਕੈਨੇਡੀਅਨ ਸਰਕਾਰ ਉਹਨਾਂ ਤੋਂ ਪੱਲਾ ਛੁਡਾਉਣਾ ਚਾਹੁੰਦੀ ਸੀ। ਇਹੀ ਸੋਚ ਕੇ, ਕੈਨੇਡੀਅਨ ਸਰਕਾਰ ਨੇ ਇਹ ਯੋਜਨਾ ਘੜੀ ਕਿ ਉਹਨਾਂ ਭਾਰਤੀਆਂ ਨੂੰ ਕੇਨੇਡਾ ਛੱਡ ਦੇਣ ਲਈ ਮਨਾ ਲਿਆ ਜਾਵੇ ਅਤੇ ਉਹ ਬ੍ਰਿਟਿਸ਼ ਬਸਤੀ ਹਾਂਡੂਰਸ ਵਿਚ ਚਲੇ ਜਾਣ। ਭਾਰਤੀਆਂ ਨੇ ਇਸ ਸਾਜ਼ਿਸ਼ ਦਾ ਪੁਰਜ਼ੋਰ ਵਿਰੋਧ ਕੀਤਾ ਕਿਉਂਕਿ ਹਾਂਡੂਰਸ ਵਿਚ ਮੱਛਰ ਬਹੁਤ ਹੁੰਦੇ ਸਨ ਅਤੇ ਯੈਲੋ ਫ਼ੀਵਰ ਫੈਲਿਆ ਰਹਿੰਦਾ ਸੀ, ਅਤੇ ਉਥੇ ਕਿਰਤੀਆਂ ਦੀ ਮਜ਼ਦੂਰੀ ਐਨੀ ਘੱਟ ਸੀ ਕਿ ਢਿੱਡ ਭਰਨਾ ਵੀ ਮੁਹਾਲ ਹੁੰਦਾ ਸੀ। ਇਕ ਪੁਰਖ ਤੇਜਾ ਸਿੰਘ ਦੀਆਂ ਕੋਸ਼ਿਸ਼ਾਂ ਦੇ ਸਦਕੇ, ਜਿਸਨੇ ਲੋਕਾਂ ਸਾਹਮਣੇ ਕੁਝ ਭਾਸ਼ਣ ਦਿੱਤੇ ਜਿਹੜੇ ਅਖ਼ਬਾਰਾਂ ਵਿਚ ਵੱਡੀ ਪੱਧਰ 'ਤੇ ਛਪੇ, ਵੈਨਕੂਵਰ ਵਿਚ ਰਹਿੰਦੇ ਭਾਰਤੀ ਇਹ ਸਾਬਤ ਕਰ ਸਕੇ ਕਿ ਉਹ ਕੰਗਾਲ ਨਹੀਂ ਸਨ, ਉਹ ਤਾਂ ਜ਼ਮੀਨਾਂ ਦੇ ਮਾਲਿਕ ਸਨ ਜੋ ਹਜ਼ਾਰਾਂ ਡਾਲਰਾਂ ਦੀ ਕੀਮਤ ਦੀਆਂ ਸਨ ਅਤੇ ਇਸ ਲਈ ਇਹ ਬਹੁਤ ਵੱਡਾ ਅਨਿਆਂ ਹੋਵੇਗਾ ਜੇ ਨਵੇਂ ਆਏ ਭਾਰਤੀਆਂ ਨੂੰ ਹਾਂਡੂਰਸ ਜਾਣ ਲਈ ਮਜਬੂਰ ਕੀਤਾ ਜਾਵੇਗਾ।

ਸੀ ਆਈ ਡੀ ਇੰਸਪੈਕਟਰ ਹਾਪਕਿਨਸਨ ਦੀ ਅਸਫ਼ਲਤਾ ਦੇ ਮਗਰੋਂ, ਅਤੇ ਸਰਕਾਰੀ ਕਮਿਸ਼ਨਰ ਦੇ ਯਤਨਾਂ ਮਗਰੋਂ ਕਿ ਉਹ ਸਿੱਖ ਹਾਂਡੂਰਸ ਚਲੇ ਜਾਣ, ਕੈਨੇਡੀਅਨ ਸਰਕਾਰ ਨੇ ਹਾਂਡੂਰਸ ਦੀ ਸਰਕਾਰ ਦੇ ਗਵਰਨਰ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ , ਜਿਹੜਾ ਕੁਝ ਦੇਰ ਭਾਰਤ ਵਿਚ ਵੀ ਰਿਹਾ ਸੀ ਅਤੇ ਹਿੰਦੀ – ਪੰਜਾਬੀ ਚੰਗੀ ਤਰ੍ਹਾਂ ਬੋਲ ਸਕਦਾ ਸੀ। ਵੈਨਕੂਵਰ ਜਾ ਕੇ ਉਹ ਸਾਰੇ ਸਿੱਖਾਂ ਦੇ ਘਰ ਗਿਆ। ਪਰ ਉਹ ਅਸਫ਼ਲ ਰਿਹਾ ਉਹਨਾਂ ਨੂੰ ਮਨਾਉਣ ਵਿਚ ਕਿ ਉਹ ਕੈਨੇਡਾ ਛੱਡ ਕੇ ਹਾਂਡੂਰਸ ਚਲੇ ਜਾਣ। ਉਹ ਚਲਾ ਗਿਆ ਅਤੇ ਓਟਾਵਾ ਜਾ ਕੇ ਇਸ ਬਾਰੇ ਆਪਣੀ ਰਿਪੋਰਟ ਦੇ ਦਿੱਤੀ। ਉਸਨੇ ਆਪਣੀ ਰਿਪੋਰਟ ਵੈਕੂਵਰ ਵਰਲਡ ਨੂੰ ਵੀ ਪ੍ਰਕਾਸ਼ਤ ਕਰਨ ਲਈ ਭੇਜੀ। ਇਸ ਦੇ ਵਿਚ ਕਿਹਾ ਗਿਆ *"ਤੇਜਾ ਸਿੰਘ ਠੀਕ ਕਹਿੰਦਾ ਹੈ। ਸਿੱਖ ਠੀਕ ਹਾਲਤ ਵਿਚ ਹਨ। ਉਹ ਜਾਣਾ ਨਹੀਂ ਚਾਹੁੰਦੇ । ਇਹਨਾਂ ਹਾਲਾਤ ਵਿਚ, ਜੇ ਉਹਨਾਂ ਨੂੰ ਜਬਰਦਸਤੀ ਦੇਸ ਵਿਚੋਂ ਕੱਢਿਆ ਗਿਆ ਤਾਂ ਇਹ ਡਰ ਹੈ ਕਿ 50,000 ਸਿੱਖ ਸਿਪਾਹੀ ਭਾਰਤ ਵਿਚ ਕੰਟਰੋਲ ਤੋਂ ਬਾਹਰ ਹੋ ਜਾਣਗੇ ਅਤੇ ਉਹਨਾਂ ਨੂੰ ਕਾਬੂ ਕਰਨ ਲਈ ਸਾਨੂੰ ਦੋ ਲੱਖ ਗੋਰੇ ਸਿਪਾਹੀ ਭੇਜਣੇ ਪੈਣਗੇ। "*[87] ਇਸ ਨਾਲ ਕੈਨੇਡੀਅਨ ਸਰਕਾਰ ਝੁਕ ਗਈ ਅਤੇ ਭਾਰਤੀਆਂ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਨਹੀਂ ਜਾਣ ਦਿੱਤਾ ਗਿਆ। ਪਰ ਤੇਜਾ ਸਿੰਘ ਨੂੰ ਭਾਰਤੀਆਂ ਦੇ ਓਥੇ ਰਹਿਣ ਦੇ ਹੱਕ ਵਿਚ ਅਦਾ ਕੀਤੀ ਇਸ ਭੂਮਿਕਾ ਦੀ ਕੀਮਤ ਚੁਕਾਉਣੀ ਪਈ। ਉਸਦੀ ਯੂਨੀਵਰਸਿਟੀ ਨੇ ਉਸਨੂੰ ਆਖ਼ਰੀ ਟਰਮ ਪੂਰੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਡਿਗਰੀ ਇਮਤਿਹਾਨ ਵਿਚ

ਬੈਠਣ ਨਾ ਦਿੱਤਾ। ਯੂਨੀਵਰਸਿਟੀ ਸੈਨੇਟ ਦੇ ਪ੍ਰੈਜ਼ੀਡੈਂਟ ਨੇ ਉਸਨੂੰ ਕਿਹਾ, *". . .ਤੂੰ ਵਿਦਿਆਰਥੀ ਨਹੀਂ ਹੈਂ. . . .ਸਾਨੂੰ ਇਹ ਰਿਪੋਰਟ ਮਿਲੀ ਹੈ ....ਵੈਨਕੂਵਰ ਦੀਆਂ ਘਟਨਾਵਾਂ ਬਾਰੇ। ਅਸੀ ਤੈਨੂੰ ਇਹ ਡਿਗਰੀ ਨਹੀ ਪ੍ਰਦਾਨ ਕਰ ਸਕਦੇ।"* [88]

## ਪਾਖੰਡੀ ਬਹਾਨੇ

ਬਜਾਏ ਇਸਦੇ ਕਿ ਖੁੱਲ੍ਹੇ ਤੌਰ 'ਤੇ ਅਤੇ ਇਮਾਨਦਾਰੀ ਨਾਲ ਕਹਿ ਦੇਣ ਕਿ ਭਾਰਤੀਆਂ ਦਾ ਕੈਨੇਡਾ ਵਿਚ ਸਵਾਗਤ ਨਹੀਂ ਹੈ, ਕੈਨੈਡੀਅਨ ਅਤੇ ਬ੍ਰਿਟਿਸ਼ ਸਰਕਾਰਾਂ ਨੇ ਹਰ ਪ੍ਰਕਾਰ ਦੇ ਪਾਖੰਡੀ ਬਹਾਨੇ ਬਣਾਏ ਭਾਰਤੀਆਂ ਦਾ ਦਾਖ਼ਲਾ ਬੰਦ ਕਰਨ ਲਈ ਅਤੇ ਕਹੀ ਗਏ ਕਿ ਇਹ ਸਾਰਾ ਕੁਝ ਹਿੰਦੂਆਂ ਦੇ ਹਿਤ ਵਿਚ ਕੀਤਾ ਗਿਆ ਸੀ। ਇਥੇ ਹਨ ਕੁਝ ਮਿਸਾਲਾਂ ਬਿਲਕੁਲ ਨਿੱਕ-ਨਿੱਕੇ ਬਹਾਨਿਆਂ ਦੀਆਂ ਜਿਨ੍ਹਾਂ ਕਾਰਨ ਭਾਰਤੀਆਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕਿਆ ਗਿਆ ਸੀ – ਕਿ ਉੱਤਰ ਦੀ ਆਬੋ-ਹਵਾ ਭਾਰਤੀਆਂ ਲਈ ਠੀਕ ਨਹੀਂ ਹੈ, ਕਿ ਕੋਈ ਯੋਗ ਮੌਕੇ ਨਹੀਂ ਸਨ ਕੰਮ ਕਾਰ ਲੱਭਣ ਦੇ, ਕਿ ਭਾਰਤੀਆਂ ਨੂੰ ਕੈਨੇਡਾ ਵਿਚ ਬਹਤੁ ਤਕਲੀਫ਼ ਹੋਵੇਗੀ, ਕਿ ਉਹਨਾਂ ਦੇ ਦਾਖ਼ਲੇ ਨਾਲ ਨਸਲੀ ਖਿਚਾਅ ਪੈਦਾ ਹੋ ਜਾਵੇਗਾ ਕਿਉਂਕਿ ਲੇਬਰ ਮਾਰਕਿਟ ਵਿਚ ਕੰਪੀਟੀਸ਼ਨ ਬਹੁਤ ਹੋ ਜਾਵੇਗਾ, ਜਿਸ ਦੇ ਫਲਸਰੂਪ ਗੋਰੇ ਕਿਰਤੀਆਂ ਦਾ ਰਹਿਣ ਸਹਨਿ ਦਾ ਸਤਰ ਡਿੱਗ ਜਾਵੇਗਾ *"ਜਿਹੜੇ ਸ਼ਹਿਰੀ ਹੋਣ ਦੇ ਨਾਤੇ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਸਿਵਿਕ ਜ਼ਿੰਮੇਵਾਰੀਆਂ ਕਾਰਨ ਖ਼ਰਚ ਕਰਦੇ ਹਨ ਇਕ ਦਰਜਾ ਕਾਇਮ ਰੱਖਣ ਲਈ, ਜਿਸਦੀ ਹਿੰਦੂ ਕਿਰਤੀ ਪੂਰੀ ਅਣਗਹਿਲੀ ਕਰ ਸਕਦੇ ਹਨ।"* [89]

ਇਹ ਬੇਈਮਾਨ ਕਾਰਨ ਚੀਨੀਆਂ ਅਤੇ ਜਾਪਾਨੀਆਂ 'ਤੇ ਬਰਾਬਰ ਲਾਗੂ ਹੁੰਦੇ ਸਨ, ਜਿਹਨਾਂ ਦੀ ਕੈਨੇਡਾ ਵਿਚ ਹਾਜ਼ਰੀ ਭਾਰਤੀਆਂ ਨਾਲੋਂ ਅੱਠ ਗੁਣਾ ਵੱਧ ਸੀ ਅਤੇ ਜਿਹਨਾਂ ਨੂੰ, ਭਾਰਤੀਆਂ ਵਾਂਗ ਨਹੀਂ, ਆਪਣੇ ਪਰਿਵਾਰ ਲਿਆਉਣ ਦੀ ਵੀ ਇਜਾਜ਼ਤ ਦਿੱਤੀ ਹੋਈ ਸੀ। ਸਰਕਾਰ ਦੁਆਰਾ ਇਹ ਦਿੱਤੇ ਹੋਏ ਕਾਰਨਾਂ ਵੱਲ ਝੱਟਪਟ ਨਜ਼ਰ ਮਾਰਦੇ ਪਤਾ ਲੱਗਦਾ ਹੈ ਕਿ ਇਹ ਹਾਸੋ ਹੀਣੇ ਹਨ। ਇਹ ਦੇਖਦੇ ਹੋਏ ਕਿ ਪੰਜਾਬੀ ਤਾਂ ਅਤਿ ਦੀ ਸਰਦੀ ਅਤੇ ਗਰਮੀ ਸਹਿਣੀ ਗਿੱਝੇ ਹੋਏ ਸਨ, ਉਹਨਾਂ ਲਈ ਆਬੋ-ਹਵਾ ਠੀਕ ਨਾ ਹੋਣੀ ਤਾਂ ਕੋਈ ਮੰਨਣ ਯੋਗ ਬਹਾਨਾ ਨਹੀਂ। ਕੰਮ ਜਿਹੜੇ ਭਾਰਤੀ ਕਰ ਰਹੇ ਸਨ, ਜਾਂ ਕਰਨਾ ਚਾਹੁੰਦੇ ਸਨ, ਬਿਲਕੁਲ ਕੋਈ ਹੁਨਰ ਵਾਲੇ ਨਹੀਂ ਸਨ ਜਿਹਨਾਂ ਤੇ ਬਹੁਤ ਸਖ਼ਤ ਮਿਹਨਤ ਕਰਨੀ ਜ਼ਰੂਰੀ ਸੀ, ਜਿਵੇਂ, ਭਾਰ ਢੋਣਾ, ਰੁੱਖ ਢੋਣੇ, ਰੁੱਖ ਵੱਢਣੇ, ਜੰਗਲ ਸਾਫ਼ ਕਰਨੇ – ਐਸੇ ਕੰਮ ਜਿਹਨਾਂ ਵਿਚ ਕੋਈ ਗੋਰੇ ਲੋਕਾਂ ਨਾਲ ਕੰਪੀਟੀਸ਼ਨ ਨਹੀਂ ਸੀ।

ਜਿਹੜੀ ਹੋਰ ਵੱਡੀ ਗੱਲ ਸੀ, ਇਸਦੇ ਵਿਚ ਕੋਈ ਸਰਕਾਰੀ ਖ਼ਰਚ ਨਹੀਂ ਹੁੰਦਾ ਸੀ, ਕਿਉਂਕਿ ਬੇਰੁਜ਼ਗਾਰੀ ਦੇ ਸਮੇਂ, ਉਹਨਾਂ ਦਾ ਧਿਆਨ ਜਾਂ ਉਹਨਾਂ ਦੇ ਮਿੱਤਰ ਰੱਖਦੇ ਸਨ ਜਾਂ ਸਿੱਖ ਗੁਰਦੁਆਰੇ।

ਜਿੱਥੇ ਤਕ ਨਸਲੀ ਤਣਾਅ ਦਾ ਸਵਾਲ ਹੈ, ਜਿਵੇਂ ਸਾਨੂੰ ਦੂਸਰੀ ਵੱਡੀ ਜੰਗ ਤੋਂ ਮਗਰੋਂ ਬ੍ਰਿਟਿਸ਼ ਤਜਰਬਾ ਹੈ, ਵੱਖ ਵੱਖ ਨਸਲਾਂ ਦੇ ਕਿਰਤੀਆਂ ਵਿਚਕਾਰ ਤਣਾਅ ਤਾਂ ਕੈਨੇਡੀਅਨ ਸਿਆਸਤਦਾਨਾਂ ਨੇ ਪਾਇਆ ਸੀ, ਆਪਣੇ ਇਲੈਕਸ਼ਨ ਦੇ ਹਿਤਾਂ ਨੂੰ ਮੁੱਖ ਰੱਖਦੇ ਹੋਏ। ਬੇਈਮਾਨ ਗੋਰੇ ਸਿਆਸਤਦਾਨਾਂ ਵੱਲੋ ਵੋਟਾਂ ਆਸਾਨੀ ਨਾਲ ਹਾਸਲ ਕੀਤੀਆਂ ਜਾ ਸਕਦੀਆਂ ਸਨ ਜੇ

ਉਹ ਗੋਰੇ ਵੋਟਰਾਂ ਨੂੰ ਵਿਦੇਸ਼ੀਆਂ ਦੇ ਵਿਰੁੱਧ ਉਕਸਾ ਸਕਣ – ਉਹ ਵਿਦੇਸ਼ੀ ਜਿਹੜੇ ਬਲੀ ਦੇ ਬੱਕਰੇ ਵਾਂਗ ਹੀ ਕੰਮ ਕਰਦੇ ਸਨ ਪੂੰਜੀਵਾਦੀ ਪ੍ਰਬੰਧ ਵਿਚਲੇ ਹਾਲਾਤ ਕਾਰਨ – ਜਿਵੇਂ, ਬੇਰੋਜ਼ਗਾਰੀ, ਬੇਘਰੇ ਹੋਣਾ, ਗ਼ਰੀਬੀ ਅਤੇ ਲਾਚਾਰੀ।

ਇਕ ਹੋਰ ਝੂਠਾ ਕਾਰਨ ਭਾਰਤੀਆਂ ਨਾਲ ਵਿਤਕਰਾ ਕਰਨ ਲਈ ਸੀ ਕਿ ਉਹ ਪਗੜੀ ਬੰਨ੍ਹਦੇ ਹਨ, ਉਹਨਾਂ ਦੀ ਅਜੀਬ ਸ਼ਕਲ ਅਤੇ ਅਣੋਖੇ ਜਿਹੇ ਰਿਵਾਜ ਅਤੇ ਆਦਤਾਂ ਉਹਨਾਂ ਦੇ ਕੈਨੇਡੀਅਨ ਸਮਾਜ ਵਿਚ ਘੁਲ ਮਿਲ ਜਾਣ ਦੇ ਰਾਹ ਵਿਚ ਰੁਕਾਵਟ ਬਣਦੇ ਸਨ। ਜੋ ਬਹੁਤ ਹੀ ਅਜੀਬ ਹੈ ਉਹ ਇਹ ਕਿ ਭਾਰਤ ਵਿਚ, ਆਪਣੇ ਇਲਾਕੇ ਨੂੰ ਵਧਾਉਣ ਹਿਤ, ਅੰਗ੍ਰੇਜ਼ ਆਪਣੇ 'ਤੇ ਫ਼ਖਰ ਮਹਿਸੂਸ ਕਰਦੇ ਸਨ ਕਿ ਉਹ ਸਿੱਖਾਂ ਦੇ ਧਰਮ ਦੇ ਰਖਿਅਕ ਹਨ ਅਤੇ ਉਹਨਾਂ ਸਿੱਖ ਸਿਪਾਹੀਆਂ ਨੂੰ ਸਜ਼ਾ ਦਿੰਦੇ ਸਨ ਜਿਹੜੇ ਸਿੱਖ ਰਹਿਤ ਮਰਯਾਦਾ 'ਤੇ ਪੂਰੇ ਨਹੀਂ ਉੱਤਰਦੇ ਸਨ ਜਿਵੇਂ ਬਿਨਾਂ ਕੱਟੇ ਦਾੜ੍ਹੀ ਰੱਖਣਾ ਅਤੇ ਹੋਰ ਨਿਸ਼ਾਨੀਆਂ, ਜਿਵੇ ਪਗੜੀ ਬੰਨ੍ਹਣਾ। ਫੇਰ ਵੀ ਕੈਨੇਡਾ ਵਿਚ ਇਹ ਸਿੱਖਾਂ ਦੇ ਖ਼ਿਲਾਫ਼ ਨਸਲੀ ਭੇਦ ਭਾਵ ਅਤੇ ਨਫ਼ਰਤ ਉਕਸਾਉਣ ਤੋਂ ਗੁਰੇਜ਼ ਨਹੀਂ ਕਰ ਰਹੇ ਸਨ ਕਿਉਂਕਿ ਉਹ ਦਾੜ੍ਹੀ ਨਹੀਂ ਕਟਾਉਂਦੇ ਸਨ ਅਤੇ ਪਗੜੀ ਬੰਨ੍ਹਦੇ ਸਨ।

ਇਕ ਹੋਰ ਝੂਠਾ ਇਲਜ਼ਾਮ ਭਾਰਤੀਆਂ ਦੇ ਖ਼ਿਲਾਫ਼ – ਜਿਹਨਾਂ ਵਿਚ ਬਹੁਤ ਵੱਡੀ ਗਿਣਤੀ ਵਿਚ ਸਿੱਖ ਸਨ – ਇਹ ਸੀ ਕਿ ਉਹ ਗੰਦੇ ਰਹਿੰਦੇ ਸਨ, ਬਿਮਾਰ ਸਨ ਅਤੇ ਭੈੜੇ (ਜੂੰਆਂ ਖਾਧੇ) ਸਨ, ਜਿਹੜੇ ਇਲਜ਼ਾਮਾਂ ਦਾ ਕਈ ਰੱਜੇ ਪੁੱਜੇ ਅਤੇ ਸਤਿਕਾਰ ਯੋਗ ਗੋਰਿਆਂ ਨੇ ਖੰਡਨ ਕੀਤਾ ਸੀ। ਹੈਨਰੀ ਐਚ ਗਲੈਡਸਟੋਨ, ਜੋ ਇੰਗਲੈਂਡ ਦੇ ਪ੍ਰਸਿੱਧ ਲਿਬਰਲ ਪ੍ਰਧਾਨ ਮੰਤਰੀ ਦਾ ਭਤੀਜਾ ਸੀ, ਜਿਹੜੇ ਵੈਨਕੂਵਰ ਟਾਊਨਹਾਲ ਵਿਚ 18 ਅਕਤੂਬਰ 1906 ਨੂੰ ਹੋਈ ਮੀਟਿੰਗ ਵਿਚ ਹਾਜ਼ਰ ਸੀ ਜਿਸ ਵਿਚ ਇਹ ਮਤੇ ਪਾਸ ਹੋਏ ਸਨ ਕਿ ਅਗੇ ਲਈ ਭਾਰਤੀਆਂ ਦਾ ਦਾਖ਼ਲਾ ਬੰਦ ਕਰ ਦਿੱਤਾ ਜਾਵੇ ਇਸ ਬਿਨ੍ਹਾ 'ਤੇ ਕਿ ਉਹ ਗੰਦੇ ਰਹਿੰਦੇ ਹਨ, ਉਹ ਉੱਠ ਕੇ ਇਸ ਮਤੇ ਦੇ ਵਿਰੁਧ ਖੜ੍ਹਾ ਹੋ ਗਿਆ ਸੀ ਤੇ ਕਿਹਾ ਸੀ ਕਿ ਉਸਨੇ ਭਾਰਤ ਵਿਚ 15 ਸਾਲ ਗੁਜ਼ਾਰੇ ਸਨ। ਉਸਨੇ ਮਗਰੋਂ ਇਕ ਲੇਖ ਲਿਖਿਆ ਸੀ, ਪੈਸੀਫਿਕ ਮੰਥਲੀ ਵਾਸਤੇ (ਵਾ.17, 1907) ਜਿਸ ਵਿਚ ਹੋਰ ਗੱਲਾਂ ਸਮੇਤ, ਉਸਨੇ ਕਿਹਾ ਸੀ – *'ਸਿੱਖ ਤਾਂ ਬਿਲਕੁਲ ਸਾਫ਼ ਸੁਥਰੇ ਰਹਿੰਦੇ ਹਨ ਅਤੇ ਮੈਂ ਉਹਨਾਂ ਨੂੰ ਬਹੁਤ ਹੀ ਚੰਗੇ ਇਨਸਾਨਾਂ ਦੀ ਕੌਮ ਗਿਣਦਾ ਹਾਂ।"* [90]

ਇਕ ਹੋਰ ਇਸੇ ਤਰ੍ਹਾਂ ਦੀ ਸਿਆਣੀ ਆਵਾਜ਼ ਨਸਲੀ ਪਾਗਲਪਨ ਵਿਰੁੱਧ ਉਠੀ ਸੀ ਡਾ. ਐਚ ਐਸ ਲਾਸਨ ਵੱਲੋਂ, ਜਿਹੜਾ ਕੈਨੇਡੀਅਨ ਰੇਲਵੇ ਸਟੀਮਰਜ਼ ਦੇ ਇਕ ਜਹਾਜ਼ ਦਾ ਸਰਜਨ ਸੀ। ਉਸਨੇ ਲਿਖਿਆ ਸੀ ਕਿ ਹਾਂਗ ਕਾਂਗ ਵਿਚ ਉਸਦੀ ਇਹ ਡਿਊਟੀ ਸੀ ਕਿ ਉਹ ਹਰ ਪਰਵਾਸੀ ਦੀ ਚੰਗੀ ਤਰਾਂ ਸਰੀਰਕ ਜਾਂਚ ਕਰੇ, ਤੇ ਕਿਹਾ ਸੀ *"ਚਾਹੇ ਸ਼ੁਰੂ ਵਿਚ ਮੇਰੇ ਮਨ ਵਿਚ ਵੀ ਐਸੀ ਪੂਰਵ-ਧਾਰਨਾਂ ਸੀ ਉਹਨਾਂ ਬਾਰੇ, ਮੇਰੀ ਇਹ ਧਾਰਨਾ ਖ਼ਤਮ ਹੋ ਗਈ ਜਦ ਹਜ਼ਾਰਾਂ ਦੀ ਗਿਣਤੀ ਵਿਚ ਉਹ ਮੇਰੇ ਹੱਥੋਂ ਪਾਸ ਹੋ ਕੇ ਲੰਘੇ ਅਤੇ ਮੈਂ ਉਹਨਾਂ ਦਾ ਮੁਕਾਬਲਾ ਗੋਰੇ ਮੁਸਾਫ਼ਰਾ ਨਾਲ ਕਰਦਾ ਸੀ ਜਿਹੜੇ ਮੈ ਐਟਲਾਂਟਿਕ 'ਤੇ ਤੱਕੇ ਸਨ। ਵਿਸ਼ੇਸ ਕਰਕੇ ਮੈਂ ਸਿੱਖਾਂ ਦਾ ਹਵਾਲਾ ਦਿੰਦਾ ਹਾਂ ਅਤੇ ਮੈਂ ਜ਼ਰਾ ਵੀ ਕੋਈ ਅਤਿਕਥਨੀ ਨਹੀਂ ਕਰ ਰਿਹਾ ਜਦ ਮੈਂ ਕਹਿੰਦਾ ਹਾਂ ਕਿ ਉਹ ਆਪਣੀਆਂ ਆਦਤਾਂ ਵਿਚ ਸੌ ਫ਼ੀਸਦੀ ਸਾਫ਼ ਸੁਥਰੇ ਸਨ ਅਤੇ ਸਭ ਬੀਮਾਰੀਆਂ ਤੋਂ ਮੁਕਤ ਸਨ, ਚੰਗੇਰੇ ਸਨ ਯੂਰਪੀਨ ਮੁਸਾਫ਼ਰਾਂ ਨਾਲੋਂ, ਜਿਹਨਾਂ ਦੇ ਸੰਪਰਕ ਵਿਚ ਮੈਂ ਆਇਆ ਸਾਂ। ਸਿੱਖਾਂ ਨੇ ਮੇਰੇ 'ਤੇ ਬਹੁਤ ਹੀ ਚੰਗਾ ਪ੍ਰਭਾਵ ਪਾਇਆ ਸੀ, ਬਿਲਕੁਲ ਸਾਫ਼ ਸੁਥਰੇ ਹੋਣ ਵਜੋਂ, ਈਮਾਨਦਾਰ*

*ਹੋਣ ਵਜੋਂ। ਮੇਰੇ ਹੁਣੇ ਦੇ ਪ੍ਰਭਾਵ, ਖਾਣਾਂ ਦੇ ਕੈਂਪ ਵਿਚ ਹਜ਼ਾਰਾਂ ਗੋਰੇ ਲੋਕਾਂ ਦੇ ਵਿਚ, ਜਿੱਥੇ ਅਨੈਤਿਕਤਾ ਆਮ ਫੈਲੀ ਹੋਈ ਹੈ, ਰਹਿਣ ਨਾਲ ਮੇਰਾ ਸਿੱਖਾਂ ਵਾਸਤੇ ਆਦਰ ਹੋਰ ਵੀ ਵਧ ਗਿਆ ਹੈ।"*[91]

ਅਸਲੀ ਕਾਰਨ, ਬਿਨਾ ਕਿਸੇ ਸ਼ੱਕ ਦੇ, ਤਾਂ ਸਿਆਸੀ ਸੀ, ਕਿਉਂਕਿ ਕੈਨੇਡਾ ਅਤੇ ਯੂ ਐਸ ਵਿਚ ਰਹਿੰਦੇ ਭਾਰਤੀਆਂ ਵਿਚ ਕਿਤੇ ਆਜ਼ਾਦੀ, ਖ਼ੁਦਮੁਖ਼ਤਾਰੀ ਅਤੇ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਦੀ ਬੀਮਾਰੀ ਨਾ ਪੈ ਜਾਵੇ। ਉਹਨਾਂ ਦੁਆਰਾ ਯੂ ਐਸ ਦੇ ਲੋਕਾਂ ਦਾ ਇਤਿਹਾਸ ਜਾਣ ਜਾਣਾ ਬਿਲਕੁਲ ਸੰਭਵ ਸੀ ਜਿਹਨਾਂ ਨੇ ਹਥਿਆਰਬੰਦ ਸੰਘਰਸ਼ ਕਰਕੇ ਅੰਗ੍ਰੇਜ਼ੀ ਬਸਤੀਵਾਦ ਤੋਂ ਅਠਾਰਵੀਂ ਸਦੀ ਦੇ ਅੰਤ ਵਿਚ ਮੁਕਤੀ ਪਾਈ ਸੀ ਅਤੇ ਇਕ ਲੋਕਰਾਜੀ ਗਣਤੰਤਰ ਸਥਾਪਿਤ ਕੀਤਾ ਸੀ।

ਨਸਲੀ ਬੇਇੱਜ਼ਤੀ, ਘਟੀਆ ਅਤੇ ਵਿਤਕਰੇ ਭਰਪੂਰ ਵਿਹਾਰ ਜਿਹੜਾ ਭਾਰਤੀਆਂ ਨੂੰ ਹਰ ਪਾਸੇ ਮਿਲਦਾ ਸੀ ਉਹਨਾਂ ਲਈ ਇਹ ਡੂੰਘਾਈ ਨਾਲ ਵਿਚਾਰਨ ਦੀ ਗੱਲ ਸੀ ਕਿ ਆਪਣੀ ਇਸ ਦਸ਼ਾ ਬਾਰੇ ਸੋਚਣ। ਇਸ ਨਾਲ ਇਕ ਐਸਾ ਨਿਰੰਤਰ ਕੋਸ਼ਿਸ਼ ਸ਼ੁਰੂ ਹੋ ਗਈ, ਜਿਸ ਨਾਲ ਉਹਨਾਂ ਨੇ ਮਹਿਸੂਸ ਕੀਤਾ ਕਿ ਭਾਰਤ ਦੀ ਬ੍ਰਿਟਿਸ਼ ਬਸਤੀਵਾਦੀ ਗੁਲਾਮੀ ਤੋਂ ਆਜ਼ਾਦੀ ਹੀ ਇਕ ਸ਼ਰਤ ਸੀ, ਜਿਸ ਨਾਲ ਭਾਰਤੀਆਂ ਨੂੰ ਬਰਾਬਰ ਦਾ ਸਲੂਕ ਮਿਲ ਸਕਦਾ ਸੀ, ਭਾਰਤ ਵਿਚ ਅਤੇ ਭਾਰਤ ਤੋਂ ਬਾਹਰ ਵੀ। ਇਹੀ ਭਾਵਨਾ ਸੀ ਜਿਸਨੇ ਉਹਨਾਂ ਨੂੰ ਹਾਸੋਹੀਣੇ ਬੁੱਧੂਆਂ ਤੋਂ ਜਿਹੜੇ ਬ੍ਰਿਟਿਸ਼ ਅਦਾਲਤੀ ਇਨਸਾਫ਼ ਦੇ ਗੁਣ ਗਾਉਂਦੇ ਸਨ, ਸਿਆਸੀ ਤੌਰ 'ਤੇ ਸੁਚੇਤ ਹੋਏ ਬਾਗ਼ੀਆਂ ਵਿਚ ਬਦਲ ਦਿੱਤਾ, ਜਿਹੜੇ ਕੋਈ ਸਮਝੌਤਾ ਵੀ ਨਾ ਕਰਨ ਵਾਲੇ ਬ੍ਰਿਟਿਸ਼ ਸਾਮਰਾਜ ਦੇ ਦੁਸ਼ਮਣ ਬਣ ਗਏ – ਭਾਵੇਂ ਅਜੇ ਨਹੀ।

ਜਦ ਕੈਨੇਡਾ ਵਿਚ ਭਾਰਤੀ ਅਜੇ ਆਪਣੀਆਂ ਨਾਰਾਜ਼ਗੀਆਂ ਨੂੰ ਠੀਕ ਕਰਾਉਣ ਵਿਚ ਰੁੱਝੇ ਹੋਏ ਸਨ, ਕੈਨੇਡੀਅਨ ਸਰਕਾਰ ਨੇ,ਆਪਣੇ ਕਾਨੂੰਨਾਂ ਦੀ ਅਣਦੇਖੀ ਕਰਦੇ ਹੋਏ, ਭਾਈ ਭਗਵਾਨ ਸਿੰਘ ਨੂੰ, ਜੋ ਕਿ ਇਕ ਬਹੁਤ ਹੀ ਸਤਿਕਾਰ ਯੋਗ ਗ੍ਰੰਥੀ ਸੀ ਅਤੇ ਬਹੁਤ ਚੰਗਾ ਬੁਲਾਰਾ ਸੀ ਅਤੇ ਇਨਕਲਾਬੀ ਕਵੀ ਸੀ ਦੇਸ ਵਿਚੋਂ ਕੱਢ ਦਿੱਤਾ।

ਕੈਨੇਡੀਅਨ ਅਫ਼ਸਰਾਂ ਨੇ ਉਸਨੂੰ ਫੜ ਲਿਆ, ਉਸਦਾ ਮੂੰਹ ਠੂਸ ਕੇ ਬੰਨ੍ਹ ਦਿੱਤਾ ਅਤੇ ਜਬਰਦਸਤੀ ਜਹਾਜ਼ *ਐਸ ਐਸ ਐਂਪਰੈਸ ਆਫ਼ ਜਾਪਾਨ* ਵਿਚ 19 ਨਵੰਬਰ 1913 ਨੂੰ ਲੈ ਗਏ। ਉਸਦੇ ਖ਼ਿਲਾਫ਼ ਇਲਜ਼ਾਮ ਇਹ ਸੀ ਕਿ ਉਹ ਦੇਸ ਵਿਚ ਗੈਰ ਕਾਨੂੰਨੀ ਤੌਰ 'ਤੇ ਦਾਖ਼ਲ ਹੋਇਆ ਹੈ। ਉਸਨੂੰ ਛੁਡਾਉਣ ਦੇ ਸਾਰੇ ਹੀ ਯਤਨ ਨਿਸਫ਼ਲ ਰਹੇ। ਉਸਦੇ ਜਾਣ ਲਗਿਆ ਕਹੇ ਸ਼ਬਦ ਵਿਰੋਧੀ ਸਨ – *"ਸਾਡੀਆਂ ਬੇੜੀਆਂ ਸੰਗਲ ਨਹੀਂ ਹਨ, ਸਾਡੇ ਗਹਿਣੇ ਹਨ।"* – ਉਸਨੇ ਕਿਹਾ ਸੀ ਤੇ ਨਾਲ ਇਹ ਵੀ ਕਿਹਾ ਸੀ *"ਤੁਸੀਂ ਸਾਨੂੰ ਜੇਲ੍ਹ ਭੇਜ ਸਕਦੇ ਹੋ ਜਾਂ ਫਾਹੇ ਲਾ ਸਕਦੇ ਹੋ। ਸਾਨੂੰ ਤੁਹਾਡੀਆਂ ਤਲਵਾਰਾਂ ਦਾ ਕੋਈ ਡਰ ਨਹੀਂ ਹੈ।"*[92]

ਇਸੇ ਦੌਰਾਨ, ਐਚ ਐਚ ਸਟੀਵਨ, ਪਾਰਲੀਮੈਂਟ ਦੇ ਮੈਂਬਰ, ਪੱਕੇ ਨਸਲਵਾਦੀ ਅਤੇ ਬਦਨਾਮ ਹਿੰਦੂ ਵਿਰੋਧੀ, ਨੇ ਇਹ ਮੁਹਿੰਮ ਸ਼ੁਰੂ ਕਰ ਦਿੱਤੀ ਕਿ ਸਾਰੇ ਹੀ ਭਾਰਤੀਆਂ ਨੂੰ ਕੈਨੇਡਾ ਵਿਚੋਂ ਕੱਢ ਦਿੱਤਾ ਜਾਵੇ। ਇਥੇ ਕੁਝ ਮਿਸਾਲਾਂ ਦਿੰਦੇ ਹਾਂ ਉਸਦੀ ਗਾਲੀ ਗਲੋਚ ਅਤੇ ਨਸਲੀ ਭੰਡੀ ਪ੍ਰਚਾਰ ਦੀਆਂ *"ਜੇ ਹਿੰਦੂਆਂ ਨੂੰ ਆਪਣੇ ਪਰਿਵਾਰ ਇਥੇ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਗਈ ਤਾਂ, ਹਰ ਕੋਈ ਹਿੰਦੂ ਆਪਣੇ ਨਾਲ ਚਾਰ ਕੁੜੀਆਂ ਆਪਣੀਆਂ ਧੀਆਂ ਕਹਿ ਕੇ ਲੈ*

*ਆਵੇਗਾ, ਜਿਹੜੀਆਂ ਅਸਲ ਵਿਚ ਉਸਦੀਆਂ ਪਤਨੀਆਂ ਹੋਣਗੀਆਂ।" . . ."ਉਹਨਾਂ ਦਾ ਧਰਮ ਅਤੇ ਬੁੱਧੀ – ਕੂੜਾ ਹਨ" "ਇਥੇ ਕੌਣ ਹੈ,"* ਉਸਨੇ ਉਥੇ ਵੈਨਕੂਵਰ ਮੀਟਿੰਗ ਵਿਚ ਬੈਠੇ ਗੋਰਿਆਂ ਨੂੰ 30 ਸਿਤੰਬਰ 1913 ਨੂੰ ਪੁਛਿਆ, *"ਜਿਹੜਾ ਆਪਣੀ ਧੀ ਨੂੰ ਕਿਸੇ ਇੰਡੀਅਨ ਨਾਲ ਵਿਆਹੁਣਾ ਚਾਹੇਗਾ?" 'ਜੇ ਤੁਸੀ ਸੁਖ ਦੀ ਜਿੰਦਗੀ ਜਿਉਣੀ ਚਾਹੁੰਦੇ ਹੋ, ਤਾਂ ਭਾਰਤੀਆਂ ਨੂੰ ਇਥੋਂ ਕੱਢ ਦਿਉ, ਆਪਣੇ ਸਭੰ ਸਾਮਾਨ ਸਮੇਤ।"* [93]

ਇਸੇ ਦੌਰਾਨ, ਭਾਰਤੀ, ਅਜੇ ਵੀ ਬ੍ਰਿਟਿਸ਼ ਇਨਸਾਫ਼ ਅਤੇ ਈਮਾਨਦਾਰੀ ਦੇ ਭੰਬਲ ਭੂਸੇ ਵਿਚ ਫਸੇ ਹੋਏ, ਆਪਣੇ ਆਪ ਨੂੰ ਬ੍ਰਿਟਿਸ਼ ਰਾਜ ਦੇ ਬਹੁਤ ਹੀ ਵੱਡੇ ਵਫ਼ਾਦਾਰ ਗਿਣਦੇ ਹੋਇਆਂ ਨੇ ਇਕ ਡੈਪੂਟੇਸ਼ਨ ਓਟਾਵਾ ਭੇਜਿਆ, 15 ਦਸੰਬਰ 1911 ਨੂੰ, ਤਾਂ ਜੋ ਕੈਨੇਡੀਅਨ ਸਰਕਾਰ ਅੱਗੇ ਅਰਜ਼ੀ ਦੇਵੇ ਕਿ ਉਹਨਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣ। ਤੇਜਾ ਸਿੰਘ, ਜਿਹੜਾ ਚਾਰ ਮੈਂਬਰੀ ਡੈਪੂਟੇਸ਼ਨ ਦਾ ਮੁਖੀ ਸੀ, ਨੇ ਅਰਜ਼ੀ ਵਿਚ ਲਿਖਿਆ, ਇਕ ਬਹੁਤ ਹੀ ਢਿੱਡ ਰਿੜਕਦੀ ਝੋਲੀ ਚੁੱਕਵੀਂ ਦਸਤਾਵੇਜ਼, ਜੋ ਇਥੇ ਤੀਕ ਕਈ ਸਿੱਖਾਂ ਦੀ ਭਾਰਤ ਦੀ ਪਹਿਲੀ ਆਜ਼ਾਦੀ ਦੀ ਜੰਗ ਨੂੰ ਦਬਾਉਣ ਲਈ ਅਦਾ ਕੀਤੀ ਸ਼ਾਨਦਾਰ ਭੂਮਿਕਾ ਅਤੇ ਅੰਗ੍ਰੇਜ਼ਾਂ ਪ੍ਰਤੀ ਵਫ਼ਾਦਾਰੀ ਅਤੇ ਸਦਾ ਲਈ ਬ੍ਰਿਟਿਸ਼ ਰਾਜ ਦੇ ਵਫ਼ਾਦਾਰ ਰਹਿਣ ਦਾ ਪ੍ਰਣ ਵੀ ਦਰਸਾਇਆ ਅਤੇ ਇਹ ਬੇਨਤੀ ਕੀਤੀ ਕਿ ਕੈਨੇਡਾ ਵਿਚ ਭਾਰਤੀਆਂ ਤੋਂ ਪਾਬੰਦੀਆਂ ਹਟਾ ਦਿੱਤੀਆਂ ਜਾਣ। ਹੋਰ ਵਿਸ਼ੇਸ਼ ਕਰਕੇ ਇਹ ਕਿਹਾ ਕਿ ਆਪਣੇ ਪਰਿਵਾਰਾਂ ਨੂੰ ਭਾਰਤ ਮੰਗਵਾਉਣ ਲਈ 200 ਡਾਲਰ ਦੀ ਦਾਖ਼ਲਾ ਫੀਸ ਵੀ ਮਾਫ਼ ਕਰ ਦਿੱਤੀ ਜਾਵੇ ਅਤੇ ਲਾਗਾਤਾਰ ਨਾ ਟੁੱਟਵੇ ਸਮੁੰਦਰੀ ਸਫ਼ਰ ਦੀ ਸ਼ਰਤ ਵੀ ਵਾਪਸ ਲੈ ਲਈ ਜਾਵੇ।

ਪਰ ਡੈਪੂਟੇਸ਼ਨ ਖ਼ਾਲੀ ਹੱਥ ਮੁੜ ਕੇ ਆਇਆ, ਜਦ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕੋਰੇ ਸ਼ਬਦਾਂ ਵਿਚ ਕਹਿ ਦਿੱਤਾ *"ਸਾਡੀ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਸਿੱਖ ਕੈਨੇਡੀਅਨ ਨਹੀਂ ਬਣ ਸਕਦੇ, ਅਪਣੀਆਂ ਪਤਨੀਆਂ ਅਤੇ ਬੱਚਿਆਂ ਪਰਿਵਾਰਾਂ ਨੂੰ ਕੈਨੇਡਾ ਨਹੀਂ ਲਿਆ ਸਕਦੇ, ਸਿਵਾਏ ਓਦੋਂ ਜਦ ਕੋਈ ਅਸੰਭਵ ਹਾਲਤ ਉੱਠ ਪਵੇ।"*

ਐਨਾ ਡਿੱਗ ਕੇ ਆਪਣੀ ਵਫ਼ਾਦਾਰੀ ਦਾ ਯਕੀਨ ਦੁਆਉਣਾ ਵੀ ਸਭ ਕੁਝ ਡੋਰੇ (ਬੋਲ਼ੇ) ਕੰਨਾਂ ਉਪਰ ਹੀ ਪਿਆ। ਇਹ ਦਲੀਲ ਕਿ, ਕਿਉਂਕਿ ਬ੍ਰਿਟਿਸ਼ ਪਰਜਾ ਦੇ ਬੰਦਿਆਂ ਨੂੰ ਬ੍ਰਿਟਿਸ਼ ਰਾਜ ਦੇ ਕਿਸੇ ਹਿੱਸੇ ਵਿਚ ਵੀ ਰਹਿਣ ਦਾ ਅਧਿਕਾਰ ਹੈ ਅਤੇ ਇੰਡੀਅਨ ਅਤੇ ਕੈਨੇਡੀਅਨ ਉਸੇ ਰਾਜ ਦੀ ਪਰਜਾ ਹਨ, ਉਹਨਾਂ ਨੂੰ ਬਰਾਬਰ ਦਾ ਹੱਕ ਹੋਣਾ ਚਾਹੀਦਾ ਹੈ, ਵੀ ਕਿਸੇ ਕੰਮ ਨਾ ਆਈ।

ਜਦ ਕਿ ਭਾਰਤੀਆਂ ਦੀ ਬ੍ਰਿਟਿਸ਼ ਤਾਜ ਪ੍ਰਤੀ ਵਫ਼ਾਦਾਰੀ ਬਾਰੇ ਕੋਈ ਸ਼ੱਕ ਨਹੀਂ ਸੀ, ਇਹ ਆਪਣੇ ਆਪ ਵਿਚ ਹੀ ਨਾਕਾਫ਼ੀ ਕਾਰਨ ਸੀ ਕੈਨੇਡਾ ਵਿਚ ਦਾਖ਼ਲ ਹੋਣ ਵਾਸਤੇ, ਜਿਸ ਤਰ੍ਹਾਂ ਦਾ ਬ੍ਰਿਟਿਸ਼ ਸੰਬੰਧ ਸੀ, ਡੈਪੂਟੇਸ਼ਨ ਨੂੰ ਸਾਫ਼ ਅਤੇ ਨਿਸਚਿਤ ਤੌਰ 'ਤੇ ਦੱਸ ਦਿੱਤਾ ਗਿਆ ਸੀ। ਇਸ ਵਿਚ ਸ਼ੱਕ ਨਹੀਂ ਕਿ ਐਸੇ ਕੈਨੇਡੀਅਨ ਵੀ ਸਨ, ਜਿਹੜੇ ਭਾਰਤੀਆਂ ਲਈ ਚੰਗੀ ਅਤੇ ਸ਼ੁਕਰਗੁਜ਼ਾਰਾਨਾ ਭਾਵਨਾ ਵਾਲੇ ਸਨ। ਪਰ ਉਹਨਾਂ ਦੀ ਬਹੁਤ ਹੀ ਥੋੜੀ ਗਿਣਤੀ ਹੀ ਨਹੀਂ ਸੀ ਕੈਨੇਡੀਅਨ ਆਬਾਦੀ ਵਿਚ, ਸਗੋਂ ਉਹਨਾਂ ਦੀਆਂ ਸਾਰੀਆਂ ਦਲੀਲਾਂ ਭਾਰਤੀਆਂ ਨੂੰ ਕੈਨੇਡਾ ਵਿਚ ਰਹਿਣ ਦਿੱਤਾ ਜਾਵੇ, ਬੰਦਸ਼ਾਂ ਹਟਾ [94] ਦਿੱਤੀਆਂ ਜਾਣ, ਸਾਰੀਆਂ ਗੱਲਾਂ ਬ੍ਰਿਟਿਸ਼ ਰਾਜ ਦੇ ਹੱਕ ਵਿਚ ਸਨ ਅਤੇ ਜਿਸ ਲਈ ਸਿੱਖਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਸੀ,

ਉਹਨਾਂ ਦੀ ਸਫ਼ਲਤਾ ਵਿਚ। *"ਜੇ ਉਹ ਸ਼ਾਹਨਸ਼ਾਹਤ ਦੀਆਂ ਜੰਗਾਂ ਵਿਚ ਸ਼ਾਨਦਾਰ ਭੂਮਿਕਾ ਨਿਭਾਉਣ ਦੇ ਕਾਬਲ ਹਨ ਤਾਂ ਕੀ ਉਹ ਇਸ ਦੇ ਲਾਭ ਦੇ ਭਾਈਵਾਲ ਨਹੀਂ ਬਣ ਸਕਦੇ?"* ਰੈਵ. ਡਾ. ਵਿਲਕੀ, ਜਿਹੜਾ ਭਾਰਤੀਆਂ ਵਾਸਤੇ ਇਨਸਾਫ਼ ਦੀ ਮੁਹਿੰਮ ਚਲਾ ਰਿਹਾ ਸੀ, ਨੇ ਪੁਛਿਆ ਸੀ।

ਇਕ ਪੱਤਰ ਪ੍ਰੇਰਕ ਨੇ *ਟੋਰਾਂਟੋ ਟੈਲੀਗ੍ਰਾਫ਼* ਨੂੰ ਇੰਝ ਲਿਖਿਆ ਸੀ *"ਕੋਈ ਵੀ ਜੋ ਕਦੇ ਭਾਰਤ ਗਿਆ ਹੈ ਅਤੇ ਉਥੇ ਕਈ ਸਾਲ ਬਿਤਾਏ ਹਨ ਉਹ ਸਿੱਖਾਂ ਪ੍ਰਤੀ ਪ੍ਰਸ਼ੰਸਾ ਨਾਲ ਭਰ ਜਾਂਦਾ ਹੈ। ਉਹਨਾਂ ਨੇ ਅਤੀਤ ਵਿਚ ਇਕ ਸਾਊ ਦੁਸ਼ਮਣ ਅਤੇ ਹੁਣ ਅੰਗ੍ਰੇਜ਼ਾਂ ਦੇ ਬਹੁਤ ਹੀ ਪੱਕੇ ਮਿੱਤਰ ਵਜੋਂ ਭੂਮਿਕਾ ਨਿਭਾਈ ਹੈ ਅਤੇ ਐਨਾ ਕੁਝ ਕੀਤਾ ਹੈ ਬ੍ਰਿਟਿਸ਼ ਸ਼ਾਹਿਨਸ਼ਾਹਤ ਨੂੰ ਸਥਾਪਿਤ ਕਰਨ ਲਈ ਜਿਹੜਾ ਕੇਨੇਡਾ ਨੇ ਨਹੀਂ ਕੀਤਾ ਹੈ ਤੇ ਨਾ ਹੀ ਕਦੇ ਕਰ ਸਕਦਾ ਹੈ।"*[95]

ਇਹ ਸਾਰੀਆਂ ਬੇਨਤੀਆਂ ਭਾਰਤੀਆਂ ਦੁਆਰਾ ਅਤੇ ਉਹਨਾਂ ਦੇ ਕੇਨੇਡੀਅਨ ਮਿੱਤਰਾਂ ਦੁਆਰਾ, ਬਿਲਕੁਲ ਵੀ ਕਿਸੇ ਕੰਮ ਨ ਆਈਆਂ।

ਕੈਨੇਡੀਅਨ ਸਰਕਾਰ ਨੇ ਇਹ ਪੱਕੀ ਠਾਨੀ ਹੋਈ ਸੀ ਕਿ ਆਪਣੇ ਭਾਰਤੀਆਂ ਪ੍ਰਤੀ ਨਸਲੀ ਵਿਤਕਰੇ ਉੱਪਰ ਡਟੀ ਰਹੇ, ਅਤੇ ਉਹਨਾਂ ਦੀ ਐਨੀਆਂ ਨਿਮਰ ਬੇਨਤੀਆਂ ਦੀ ਰਤਾ ਵੀ ਪ੍ਰਵਾਹ ਨ ਕਰੇ।

## ਲੰਡਨ ਅਤੇ ਦਿੱਲੀ ਵੱਲ ਡੈਲੀਗੇਸ਼ਨ

ਇੰਡੀਅਨ ਲੀਗ ਅਤੇ ਖ਼ਾਲਸਾ ਦੀਵਾਨ ਸੁਸਾਇਟੀ ਦੀ ਅਗਵਾਈ ਵਿਚ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਨੇ ਓਟਾਵਾ ਭੇਜੇ ਨਿਸਫਲ ਡੈਪੂਟੇਸ਼ਨ ਮਗਰੋਂ ਤਿੰਨ ਮੈਂਬਰੀ ਡੈਲੀਗੇਸ਼ਨ ਲੰਡਨ ਅਤੇ ਦਿੱਲੀ ਭੇਜਿਆ, ਤਾਂ ਜੋ ਆਪਣੀਆਂ ਮੰਗਾਂ 'ਤੇ ਜ਼ੋਰ ਦਿੱਤਾ ਜਾਵੇ। ਇਹ ਡੈਲੀਗੇਸ਼ਨ ਅਪ੍ਰੈਲ 1913 ਦੇ ਪਹਿਲੇ ਹਫ਼ਤੇ ਵਿਚ ਲੰਡਨ ਪੁੱਜਾ। ਇਸਨੇ ਸੈਕਟਰੀ ਆਫ਼ ਸਟੇਟ ਇੰਡੀਆ ਪਾਸੋਂ ਸਮਾ ਮੰਗਿਆ। ਪਰ ਇਹ ਕੇਵਲ ਇੰਡੀਆ ਆਫ਼ਿਸ ਦੇ ਇਕ ਛੋਟੇ ਜਿਹੇ ਅਫ਼ਸਰ ਨੂੰ ਮਿਲਣ ਵਿਚ ਹੀ ਸਫਲ ਹੋਇਆ। ਲੰਡਨ ਵਿਚ ਸਰਕਾਰੀ ਸੋਚ ਇਹ ਸੀ ਕਿ ਭਾਰਤੀਆਂ ਦੇ ਗਿਲੇ ਸ਼ਿਕਵੇ ਕੈਨੇਡੀਅਨ ਸਰਕਾਰ ਹੀ ਰਫ਼ਾ ਦਫ਼ਾ ਕਰ ਸਕਦੀ ਹੈ।

ਜੋ ਕੇਵਲ ਹਾਂ ਪੱਖੀ ਸਿੱਟਾ ਨਿਕਲਿਆ ਸੀ, ਉਹ ਇਹੀ ਸੀ ਕਿ ਕੈਕਸਟਨ ਹਾਲ ਵਿਚ 14 ਮਈ ਨੂੰ ਇਕ ਪਬਲਿਕ ਜਲਸਾ, ਜਿਹੜਾ ਡੇਲੀਗੇਸ਼ਨ ਕਰ ਸਕਿਆ, ਜਿਸ ਵਿਚ ਆਪਣੇ ਮਸਲੇ ਬਿਆਨ ਕੀਤੇ ਜਾ ਸਕਣ, ਜੋ ਕੈਨੇਡਾ ਵਿਚ ਭਾਰਤੀਆਂ ਨਾਲ ਬੀਤ ਰਿਹਾ ਹੈ। 28 ਮਈ 1913 ਨੂੰ ਡੈਲੀਗੇਸ਼ਨ ਭਾਰਤ ਜਾਣ ਵਾਸਤੇ ਜਹਾਜ਼ੇ ਚੜ੍ਹ ਗਿਆ।

ਬੰਬਈ ਪੁੱਜ ਕੇ, ਉਹਨਾਂ ਨੂੰ ਡਾਕ ਰਾਹੀਂ ਇਕ ਚਿੱਠੀ ਮਿਲੀ ਜਿਸ ਵਿਚ ਲਿਖਿਆ ਸੀ – *"ਕੇਵਲ ਕੈਨੇਡੀਅਨ ਸਰਕਾਰ ਹੀ ਆਪਣੇ ਕਾਨੂੰਨਾਂ ਮੁਤਾਬਕ ਕੁਝ ਕਰ ਸਕਦੀ ਹੈ। ਸ਼ਾਹਿਨਸ਼ਾਹੀ ਸਰਕਾਰ ਕੈਨੇਡੀਅਨ ਸਰਕਾਰ ਦੇ ਕਾਨੂੰਨਾਂ ਤੋਂ ਉੱਪਰ ਨਹੀਂ ਜਾ ਸਕਦੀ।"*[96]

ਡੈਲੀਗੇਸ਼ਨ ਪੰਜਾਬ ਗਿਆ ਤੇ 6 ਜੁਲਾਈ 1913 ਨੂੰ ਲਾਹੌਰ ਪੁੱਜਾ। ਉੱਥੇ ਉਸਨੇ ਦੋ ਪਬਲਿਕ ਜਲਸੇ ਕੀਤੇ, ਉਹਨਾਂ ਵਿਚੋ ਦੂਸਰਾ ਜਲਸਾ, ਬਰੈਡਲਾ ਹਾਲ ਵਿਚ 18 ਅਗਸਤ 1913 ਨੂੰ ਹੋਇਆ ਜਿਹੜਾ ਬਹੁਤ ਪ੍ਰਭਾਵਸ਼ਾਲੀ ਸੀ ਜਿਸਦੇ ਵਿਚ ਵਫ਼ਾਦਾਰ ਵੀ ਅਤੇ ਸਰਕਾਰ ਦੇ ਆਲੋਚਕ ਵੀ ਸ਼ਾਮਿਲ ਹੋਏ – ਅਤੇ ਉਹਨਾਂ ਵਿਚੋਂ ਸਾਰਿਆਂ ਨੇ ਹੀ ਮਤੇ ਦੀ ਹਿਮਾਇਤ

ਕੀਤੀ ਜਿਸ ਵਿਚ ਭਾਰਤ ਸਰਕਾਰ ਨੂੰ ਕਿਹਾ ਗਿਆ ਸੀ ਕਿ ਆਪਣੇ ਨਾਗਰਿਕਾਂ ਦੇ ਕੈਨੇਡਾ ਵਿਚ ਸ਼ਿਕਵੇ ਦੂਰ ਕੀਤੇ ਜਾਣ। ਡੈਲੀਗੇਸ਼ਨ ਨੇ ਭਾਰਤੀਆਂ ਦੁਆਰਾ ਦਰਪੇਸ਼ ਸਾਰੀਆਂ ਮੁਸ਼ਕਿਲਾਂ ਅਤੇ ਮਸਲਿਆਂ ਦਾ ਖ਼ੁਲਾਸਾ ਕੀਤਾ, ਬੇਇਜ਼ਤੀ ਅਤੇ ਨਸਲੀ ਵਿਤਕਰੇ ਦੀ ਗੱਲ ਕੀਤੀ ਜੋ ਹਰ ਥਾਂ ਉਹਨਾਂ ਨਾਲ ਕੀਤਾ ਜਾਂਦਾ ਸੀ। ਉਹਨਾਂ ਦੀਆਂ ਦੋ ਮੰਗਾਂ ਸਨ – ਪਹਿਲੀ, ਕੈਨੇਡਾ ਜਾਣ ਵਾਲੇ ਭਾਰਤੀਆਂ 'ਤੋਂ ਪਾਬੰਦੀ ਹਟਾਈ ਜਾਵੇ ਅਤੇ, ਦੂਸਰੀ, ਜਿਹੜੇ ਬੰਦੇ ਕੈਨੇਡਾ ਵਿਚ ਰਹਿ ਰਹੇ ਸਨ ਉਹਨਾਂ ਨੂੰ ਆਪਣੇ ਪਰਿਵਾਰ ਉੱਥੇ ਮੰਗਵਾਉਣ ਦੀ ਇਜਾਜ਼ਤ ਦਿੱਤੀ ਜਾਵੇ।

ਇਸਦੇ ਮਗਰੋਂ ਡੈਲੀਗੇਸ਼ਨ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਗਿਆ, ਅੰਬਾਲਾ, ਲੁਧਿਆਣਾ, ਫ਼ਿਰੋਜ਼ਪੁਰ, ਜਲੰਧਰ ਅਤੇ ਅੰਮ੍ਰਿਤਸਰ, ਸਮੇਤ। ਗੁਜਰਾਂਵਾਲਾ ਅਤੇ ਸਿਆਲਕੋਟ ਦੇ ਅਕਤੂਬਰ ਵਿਚ ਹੋਏ ਜਲਸਿਆਂ ਮਗਰੋਂ ਡੈਲੀਗੇਸ਼ਨ ਦਾ ਸਰਕਾਰੀ ਦੌਰਾ ਖ਼ਤਮ ਹੋ ਗਿਆ।

ਇਸ ਦੌਰੇ ਦੌਰਾਨ ਡੈਲੀਗੇਟ ਮਾਈਕਲ ਓ–ਡਵਾਇਰ, ਲੈਫ. ਗਵਰਨਰ ਪੰਜਾਬ (ਜਿਹੜਾ ਮਗਰੋਂ ਜਲਿਆਂਵਾਲਾ ਬਾਗ਼ ਅੰਮ੍ਰਿਤਸਰ ਦਾ ਕਸਾਈ ਬਣਿਆ ਸੀ) ਨੂੰ ਮਿਲ ਸਕੇ ਅਤੇ ਨਾਲ ਹੀ ਵਾਇਸਰਾਏ, ਲਾਰਡ ਹਾਰਡਿੰਗ ਨੂੰ। ਪਰ ਕੁਝ ਵੀ ਹਾਂ ਪੱਖੀ ਪ੍ਰਾਪਤ ਨਾ ਹੋਇਆ ਇਹਨਾਂ ਮਿਲਣੀਆਂ ਵਿਚ, ਕਿਉਂਕਿ ਲੰਡਨ ਦੀ ਸ਼ਾਹੀ ਸਰਕਾਰ ਨੇ ਪਹਿਲਾਂ ਹੀ ਇਹ ਫ਼ੈਸਲਾ ਕਰ ਲਿਆ ਹੋਇਆ ਸੀ ਕਿ ਇਸ ਮਸਲੇ ਦਾ ਹਲ ਕੈਨੇਡਾ ਦੀ ਡੁਮੀਨੀਅਨ ਸਰਕਾਰ ਹੀ ਕਰ ਸਕਦੀ ਹੈ।

ਇਸ ਦੌਰੇ ਦਾ ਇਕੋ ਇਕ ਅਹਿਮ ਸਿੱਟਾ ਇਹ ਨਿਕਲਿਆ ਸੀ ਕਿ ਡੈਲੀਗੇਟ ਅੱਖੀਂ ਦੇਖੇ ਹਾਲਾਤ ਬਿਆਨ ਕਰ ਸਕੇ ਕਿ ਕਿਸ ਤਰ੍ਹਾਂ ਭਾਰਤੀ ਲੋਕ ਮੁਸ਼ਕਿਲਾਂ ਝੱਲ ਰਹੇ ਸਨ, ਅਤੇ ਇਹ ਵੀ ਦਸਿਆ ਕਿ ਕਿਸ ਪ੍ਰਕਾਰ ਭਾਰਤੀ ਅਧਿਕਾਰੀਆਂ ਦਾ ਵੀ ਉਹਨਾਂ ਪ੍ਰਤੀ ਵਤੀਰਾ ਸੀ। ਇਸ ਸੰਦਰਭ ਵਿਚ ਇਹ ਗੱਲ ਵਿਸ਼ੇਸ ਕਰਕੇ ਲਾਭਦਾਇਕ ਹੋਈ ਕਿ ਡੈਲੀਗੇਟ ਇੰਡੀਅਨ ਨੈਸ਼ਨਲ ਕਾਂਗ੍ਰਸ ਦੇ ਕਰਾਚੀ ਸੈਸ਼ਨ ਵਿਚ ਹਾਜ਼ਰ ਹੋ ਸਕੇ, ਜਿਸ ਵਿਚ ਉਹਨਾਂ ਦੀਆਂ ਮੰਗਾਂ ਦੀ ਹਿਮਾਇਤ ਵਿਚ ਮਤਾ ਪਾਸ ਕੀਤਾ ਗਿਆ ਕਿ ਕੈਨੇਡਾ ਵਿਚ ਰਹਿੰਦੇ ਭਾਰਤੀਆਂ ਨੂੰ ਆਪਣੇ ਪਰਿਵਾਰ ਲੈ ਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਅਤੇ ਲਗਾਤਾਰ ਸਮੁੰਦਰੀ ਸਫ਼ਰ ਦੀ ਸ਼ਰਤ ਹਟਾਉਣੀ ਚਾਹੀਦੀ ਹੈ। ਇਸ ਮਤੇ ਦੇ ਪਾਸ ਹੋਣ ਨਾਲ ਪ੍ਰਾਪੇਗੰਡਾ ਲਈ ਇਕ ਵੱਡਾ ਮੁੱਦਾ ਮਿਲ ਗਿਆ ਅਤੇ ਸਾਰੇ ਭਾਰਤੀਆਂ ਨੂੰ ਪਤਾ ਲੱਗ ਗਿਆ ਕਿ ਭਾਰਤੀ ਲੋਕ ਕੈਨੇਡਾ ਵਿਚ ਕਿਵੇਂ ਮੁਸ਼ਕਿਲਾਂ ਝੱਲ ਰਹੇ ਸਨ।

ਭਾਵੇਂ ਡੈਲੀਗੇਟਾਂ ਦਾ ਜਿੱਥੇ ਵੀ ਗਏ ਆਮ ਜਨਤਾ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ, ਇਸ ਨਾਲ ਪੰਜਾਬ ਅਤੇ ਕੇਂਦਰੀ ਸਰਕਾਰ ਵਿਚ ਸ਼ੱਕ ਅਤੇ ਵਿਰੋਧ ਵੀ ਜਾਗ ਪਿਆ।

ਓਡਵਾਇਰ ਤਾਂ ਵਿਸ਼ੇਸ਼ ਕਰਕੇ ਬਹੁਤ ਨਾਰਾਜ਼ ਹੋਇਆ ਜਿਸ ਪ੍ਰਕਾਰ ਡੈਲੀਗੇਸ਼ਨ ਦਾ ਪੰਜਾਬ ਵਿਚ ਸਵਾਗਤ ਕੀਤਾ ਜਾ ਰਿਹਾ ਸੀ ਅਤੇ ਪਬਲਿਕ ਜਲਸਿਆਂ ਵਿਚ ਆਮ ਲੋਕਾਂ ਅਤੇ ਸਾਰੀਆਂ ਹੀ ਜਾਤੀਆਂ ਦੁਆਰਾ ਅਜਿਹੀ ਏਕਤਾ ਦਾ ਪ੍ਰਦਰਸ਼ਨ ਹੋਇਆ ਸੀ ਜੋ ਪਹਿਲਾਂ ਕਦੇ ਨਹੀ ਦੇਖੀ ਗਈ ਸੀ। ਇਸ ਸਾਰੀ ਉਭਰੀ ਸਥਿਤੀ ਨੂੰ, ਲੈਫ. ਗਵਰਨਰ ਨੇ ਸੂਬੇ ਲਈ ਇਕ ਵੱਡਾ ਖ਼ਤਰਾ ਸਮਝਿਆ, ਜਿਹੜਾ ਸਿਪਾਹੀਆਂ ਦੀ ਭਰਤੀ ਲਈ ਕੇਂਦਰੀ ਸਥਾਨ ਸੀ।

ਉਸਨੇ ਲਿਖਿਆ, "ਉਹਨਾਂ ਨੇ ਸਾਰੇ ਹੀ ਸੂਬੇ ਵਿਚ ਜਲਸੇ ਕੀਤੇ," "ਜਿਹਨਾਂ ਵਿੱਚ ਸ਼ੱਕੀ ਵਫ਼ਾਦਾਰੀ ਵਾਲੇ ਲੋਕ ਵੀ ਸ਼ਾਮਿਲ ਹੋਏ। ਪਰ ਕੁਝ ਸਮੇ ਮਗਰੋਂ ਜਲਸੇ ਦੀ ਸੁਰ ਬਦਲ

ਗਈ। ਕੈਨੇਡਾ ਵਿਚ ਦਾਖ਼ਲੇ ਕਾਨੂੰਨਾਂ ਦੀ ਨੁਕਤਾਚੀਨੀ ਕਰਨ ਦੀ ਬਜਾਏ, ਤਕਰੀਰਾਂ ਬਹੁਤ ਖ਼ਤਰਨਾਕ ਅਤੇ ਭੜਕਾਊ ਬਣ ਗਈਆਂ। ਉਸ ਪੜਾਅ 'ਤੇ ਮੈਂ ਡੈਲੀਗੇਟਾਂ ਨੂੰ ਇਕ ਵਾਰਨਿੰਗ ਭੇਜੀ ਕਿ ਮੈਨੂੰ ਬਹੁਤ ਸਖ਼ਤ ਐਕਸ਼ਨ ਲੈਣ ਲਈ ਮਜਬੂਰ ਹੋਣਾ ਪਵੇਗਾ ਕਿਉਂਕਿ ਓਦੋ ਸੂਬੇ ਵਿਚ ਬਹੁਤ ਹੀ ਵੱਡੇ ਤਣਾਅ ਵਾਲੀ ਹਾਲਤ ਪੈਦਾ ਹੋ ਗਈ ਸੀ. . . ." [97]

***

ਕਾਂਡ 6

# ਕੋਮਾਗਾਟਾ ਮਾਰੂ ਦਾ ਲੰਬਾ ਸਫ਼ਰ

ਕੈਨੇਡਾ ਸਰਕਾਰ ਦੁਆਰਾ ਭਾਰਤੀਆਂ ਦੇ ਦਾਖ਼ਲੇ ਅੱਗੇ ਅੜਚਨਾਂ ਲਗਾਈਆਂ ਹੋਣ ਕਰਕੇ, ਅਤੇ ਭਾਰਤੀ ਸਰਕਾਰ ਅਤੇ ਇੰਗਲੈਂਡ ਦੀ ਸਰਕਾਰ ਵੱਲੋਂ ਉਹਨਾਂ ਦੀ ਇਸ ਮਾਮਲੇ ਵਿਚ ਕੋਈ ਮਦਦ ਕਰਨ ਤੋਂ ਇਨਕਾਰ ਨੂੰ ਮੁੱਖ ਰੱਖਦੇ ਹੋਏ, ਭਾਰਤੀ ਲੋਕਾਂ ਨੇ ਆਪਣੀ ਹੀ ਇਕ ਯੋਜਨਾ ਬਣਾਈ। ਗੁਰਦਿੱਤ ਸਿੰਘ, ਜਿਸਨੇ ਪੰਜਾਬੀਆਂ ਦੀ ਹਾਂਗ ਕਾਂਗ ਵਿਚ ਮੰਦਹਾਲੀ ਦੀ ਕਹਾਣੀ ਸੁਣ ਕੇ, ਜਿਹੜਾ ਉੱਥੇ ਕਈ ਮਹੀਨੇ ਫਸਿਆ ਰਿਹਾ ਸੀ ਕਿਉਂਕਿ ਕੋਈ ਵੀ ਜਹਾਜ਼ਰਾਨ ਕੰਪਨੀ ਉਹਨਾਂ ਨੂੰ ਕੈਨੇਡਾ ਲਈ ਟਿਕਟ ਦੇਣ ਲਈ ਤਿਆਰ ਨਹੀਂ ਸੀ ਕਿਉਂਕਿ ਕੇਨੇਡਾ ਅਤੇ ਭਾਰਤ ਤੋਂ ਐਸੀਆਂ ਹਿਦਾਇਤਾਂ ਮਿਲ ਚੁੱਕੀਆਂ ਸਨ, ਨੇ ਇਕ ਜਾਪਾਨੀ ਜਹਾਜ਼, *ਕੋਮਾਗਾਟਾ ਮਾਰੂ,* ਚਾਰਟਰ ਕੀਤਾ, ਉਹਨਾਂ ਨੂੰ ਟਿਕਟ ਦਿੱਤੇ, ਅਤੇ 4 ਅਪ੍ਰੈਲ 1914 ਨੂੰ ਕੈਨੇਡਾ ਲਈ ਚੱਲ ਪਏ। ਇਸ ਵਿਚ 372 ਮੁਸਾਫ਼ਰ ਸਨ (351 ਸਿੱਖ ਅਤੇ 21 ਪੰਜਾਬੀ ਮੁਸਲਮਾਨ)। ਇਹ 22 ਮਈ 1914 ਨੂੰ ਵੈਨਕੂਵਰ ਪੁੱਜਾ।

ਮੁਸਾਫ਼ਰਾਂ ਨੂੰ, ਜਿਹਨਾਂ ਵਿਚੋਂ ਬਹੁਤੇ ਬ੍ਰਿਟਿਸ਼ ਫ਼ੌਜ ਦੇ ਪੁਰਾਣੇ ਸਿਪਾਹੀ ਸਨ, ਜਹਾਜ਼ ਤੋਂ ਉੱਤਰਨ ਨਾ ਦਿੱਤਾ ਗਿਆ ਅਤੇ ਜਹਾਜ਼ ਨੂੰ ਬੰਦਰਗਾਹ ਦੇ ਵਿਚਕਾਰ ਰੁਕਣ ਲਈ ਹੁਕਮ ਦੇ ਦਿੱਤਾ ਗਿਆ। ਸਮੁੰਦਰ ਤਟ ਤੇ ਕਿਸੇ ਵੀ ਭਾਰਤੀ ਨੂੰ ਕੋਮਾਗਾਟਾ ਮਾਰੂ ਦੇ ਲਾਗੇ ਢੁੱਕਣ ਨ ਦਿੱਤਾ ਗਿਆ। ਇਸ ਪ੍ਰਕਾਰ ਮੁਸਾਫ਼ਰ ਭਾਰਤੀ ਲੋਕਾਂ ਤੋਂ ਵੈਨਕੂਵਰ ਵਿਚ ਪੂਰੀ ਤਰ੍ਹਾਂ ਹੀ ਕੱਟੇ ਰਹੇ, ਜਿਸ ਕਾਰਨ ਸਰਕਾਰ ਨੂੰ ਟੈਲੀਗਰਾਮ ਦਿੱਤੇ ਗਏ ਐਸੇ ਸਲੂਕ ਦੇ ਖ਼ਿਲਾਫ਼ ਜਿਸ ਤਰ੍ਹਾਂ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਕੀਤਾ ਗਿਆ। ਐਸਾ ਅੜਿੱਕਾ ਜਿਹੜਾ 8 ਹਫ਼ਤੇ ਪਿਆ ਰਿਹਾ, ਮੁਸਾਫ਼ਰਾਂ ਵਾਸਤੇ ਇਕ ਬਹੁਤ ਹੀ ਭਿਆਨਕ ਅਨੁਭਵ ਸਿੱਧ ਹੋਇਆ – ਉਹਨਾਂ ਕੋਲ ਨਾ ਖਾਣ ਨੂੰ ਕੁਝ ਸੀ ਨਾ ਪੀਣ ਨੂੰ ਪਾਣੀ ਸੀ, ਐਸਾ ਵਰਤਾਰਾ ਸੀ ਇਮੀਗਰੇਸ਼ਨ ਅਧਿਕਾਰੀਆਂ ਦਾ ਜਿਹਨਾਂ ਦਾ ਯਤਨ ਸੀ ਕਿ ਜਹਾਜ਼ ਵਾਪਸ ਚਲੇ ਜਾਣ ਲਈ ਮਜਬੂਰ ਹੋ ਜਾਵੇ। 19 ਜੁਲਾਈ ਦੇ ਸਵੇਰ ਨੂੰ 1.30 ਵਜੇ, ਇਮੀਗਰੇਸ਼ਨ ਅਧਿਕਾਰੀਆਂ ਨੇ, ਜਿਹਨਾਂ ਦੇ ਨਾਲ 150 ਅਫ਼ਸਰ ਸਨ, ਕੋਮਾਗਾਟਾ ਮਾਰੂ ਵਿਚ ਚੜਨ੍ਹ ਦੀ ਕੋਸ਼ਿਸ਼ ਕੀਤੀ ਤਾਂ ਜੋ ਉਹ ਸਵਾਰੀਆਂ ਨੂੰ ਧਮਕਾ ਕੇ ਚਲੇ ਜਾਣ ਲਈ ਮਜ਼ਬੂਰ ਕਰ ਸਕਣ। ਪਰ ਸਵਾਰੀਆਂ ਨੇ, ਕੋਇਲੇ ਦੇ ਟੁਕੜਿਆਂ ਨਾਲ ਮੋੜਵੀਂ ਲੜਾਈ ਕੀਤੀ ਅਤੇ ਹਮਲੇ ਨੂੰ ਪਛਾੜ ਦਿੱਤਾ, 'ਸੀ ਲਾਇਨ' (ਬੇੜੇ) ਨੂੰ ਮਜਬੂਰ ਕਰ ਦਿੱਤਾ ਕਿ ਉਹ ਬਦਨਾਮੀ ਵਿੱਚ ਪਿੱਛੇ ਮੁੜ ਜਾਵੇ, ਜਿਸ ਨਾਲ ਭਾਰਤੀ ਬਹੁਤ ਖ਼ੁਸ਼ ਹੋਏ, ਅਤੇ ਇਸਦੇ ਨਾਲ ਹੀ ਕੈਨੇਡੀਅਨ ਸਰਕਾਰ ਨੂੰ ਵੱਡਾ ਧੱਕਾ ਲੱਗਾ।

*"ਬੇੜੇ ਦਾ ਉੱਪਰਲਾ ਹਿੱਸਾ ਬਿਲਕੁਲ ਟੁੱਟ ਭੱਜ ਗਿਆ। ਉਸਨੂੰ ਤਟ ਵੱਲ ਮੁੜ ਜਾਣ*

*ਦਾ ਹੁਕਮ ਦਿੱਤਾ ਗਿਆ ਅਤੇ ਜ਼ਖ਼ਮੀ ਹੋਏ ਲੋਕਾਂ ਨੂੰ ਇਲਾਜ ਵਾਸਤੇ ਹਸਪਤਾਲ ਭੇਜਿਆ ਗਿਆ। ਕੋਮਾਗਾਟਾ ਦੇ ਮੁਸਾਫ਼ਰ ਬਹੁਤ ਖ਼ੁਸ਼ ਹੋਏ। ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਨੇ ਸਾਰੀ ਹੀ ਬ੍ਰਿਟਿਸ਼ ਫ਼ੌਜ ਨੂੰ ਹਰਾ ਦਿੱਤਾ ਹੈ ਅਤੇ ਇਸੇ ਲਈ ਖ਼ੁਸ਼ੀ ਮਨਾਈ।"*[98]

ਆਪਣੀ ਕੋਮਾਗਾਟਾ ਮਾਰੂ ਵਿਚ ਚੜ੍ਹਨ ਦੀ ਨਾਕਾਮ ਕੋਸ਼ਿਸ਼ ਮਗਰੋਂ, ਇਮੀਗਰੇਸ਼ਨ ਅਧਿਕਾਰੀਆਂ ਨੇ ਇਕ ਵੱਡਾ ਹਮਲਾ ਕਰਨ ਦੀ ਤਿਆਰੀ ਕੀਤੀ, ਜਿਸ ਲਈ ਜੰਗੀ ਜਹਾਜ਼ ਰੇਨਬੋ ਲਿਆ ਗਿਆ, ਜਿਹੜਾ ਤੋਪਾਂ ਨਾਲ ਲੈਸ ਸੀ। ਬਿਲਕੁਲ ਉਸੇ ਵੇਲੇ, ਕੈਨੇਡੀਅਨ ਪ੍ਰੈਸ ਨੇ, ਲੜਾਈ ਦੀ ਤਿਆਰੀ ਬਾਰੇ ਸੁਣ ਕੇ ਆਇਰਿਸ਼ ਫ਼ਿਉਜ਼ੀਲੀਅਰਜ਼, ਹਾਈਲੈਂਡਰਜ਼, ਅਤੇ ਛੇਵੀਂ ਰਜਮੈਂਟ ਨੂੰ ਅੱਧ ਭੁੱਖੇ ਅਤੇ ਬਿਨਾ ਹਥਿਆਰਾਂ ਦੇ ਭਾਰਤੀਆਂ ਵਿਰੁੱਧ, ਜਿਹੜੇ ਬੰਦਰਗਾਹ ਦੇ ਵਿਚਕਾਰ ਦੋ ਮਹੀਨਿਆਂ ਤੋਂ ਕੈਦ ਸਨ, ਵਰਤੇ ਜਾਣ 'ਤੇ ਇਤਰਾਜ਼ ਉਠਾਇਆ। ਪ੍ਰੈਸ ਦੇ ਇਸ ਪ੍ਰਕਾਰ ਇਤਰਾਜ਼ ਉਠਾਉਣ ਨਾਲ ਕੈਨੇਡੀਅਨ ਅਧਿਕਾਰੀ ਰਤਾ ਪਿਛਲੇ ਪੈਰੀਂ ਹੋ ਗਏ।

ਇਹ ਸਪੱਸ਼ਟ ਹੈ ਕਿ ਓਹੀ ਲੋਕ ਜੋ ਨਸਲੀ ਅਤੇ ਸਿਆਸੀ ਨਫ਼ਰਤ ਵਿਚ ਪਾਗਲ ਹੋ ਜਾਂਦੇ ਹਨ ਉਹਨਾਂ ਹਾਲਾਤ ਵਿਚ ਮਿਲਟਰੀ ਹਮਲੇ ਦੀ ਸੋਚਦੇ। ਅਤੇ ਉਹ ਵੀ ਓਦੋਂ ਜਦ ਪਹਿਲੀ ਸਾਮਰਾਜੀ ਜੰਗ ਹੋਣ ਵਾਲੀ ਸੀ ਜਿਸ ਵਿਚ ਪੰਜਾਬੀਆਂ ਨੇ ਬਹੁਤ ਭਾਰੀ ਕੁਰਬਾਨੀਆਂ ਦੇਣੀਆਂ ਸਨ ਬ੍ਰਿਟਿਸ਼ ਰਾਜ ਨੂੰ ਬਚਾਉਣ ਖ਼ਾਤਰ, ਸਮੇਤ ਕੈਨੇਡੀਅਨ ਬਸਤੀ ਦੇ।

ਪ੍ਰੈਸ ਦੇ ਵਿਰੋਧ ਕਾਰਨ, ਜੋ ਵੈਨਕੂਵਰ ਵਿਚ ਕੋਮਾਗਾਟਾ ਮਾਰੂ ਤਣਾਅ ਭਰਪੂਰ ਸਥਿਤੀ ਬਣ ਗਈ ਸੀ, ਅਤੇ ਬਿਨਾ ਹਥਿਆਰਾਂ ਦੇ ਜਹਾਜ਼ ਉਪਰ ਹਮਲਾ ਕਰਨ ਦਾ ਸੰਸਾਰ ਭਰ ਵਿਚ ਪ੍ਰਤਿਕਰਮ ਹੋਣਾ ਸੀ, ਇਹ ਸਭ ਕੁਝ ਦੇਖਦੇ ਹੋਏ ਅਧਿਕਾਰੀਆਂ ਨੇ ਜੰਗੀ ਜਹਾਜ਼ ਲੈ ਕੇ ਹਮਲੇ ਦਾ ਖ਼ਿਆਲ ਛੱਡ ਦਿੱਤਾ, ਅਤੇ ਇਸ ਦੀ ਥਾਂ ਤਟ ਉਤੇ ਮੌਜੂਦ ਭਾਰਤੀਆਂ ਦੀਆਂ ਸੇਵਾਵਾਂ ਮੰਗੀਆਂ ਤਾਂ ਜੋ ਕੋਈ ਅਮਨ ਸ਼ਾਂਤੀ ਨਾਲ ਮਸਲੇ ਦਾ ਹਲ ਨਿਕਲ ਸਕੇ। ਅੰਤ ਵਿਚ ਇਹ ਸਮਝੌਤਾ ਹੋਇਆ ਕਿ ਕੋਮਾਗਾਟਾ ਮਾਰੂ ਦੇ ਮੁਸਾਫ਼ਰ ਕੈਨੇਡੀਅਨ ਪਾਣੀਆਂ 'ਚੋ ਚਲੇ ਜਾਣਗੇ ਅਤੇ ਵਾਪਸੀ ਲਈ ਉਹਨਾਂ ਦੇ ਜਹਾਜ਼, ਜੋ ਅਜੇ ਵੀ ਬੰਦਰਗਾਹ ਦੇ ਵਿਚਕਾਰ ਖੜ੍ਹਾ ਸੀ, ਨੂੰ ਖਾਣ ਦਾ ਸਾਮਾਨ, ਪਾਣੀ, ਦਵਾਈਆਂ ਅਤੇ ਹੋਰ ਸਾਮਾਨ ਉਹਨਾਂ ਦੀ ਹਾਂਗ ਕਾਂਗ ਨੂੰ ਵਾਪਸੀ ਦੇ ਸਫ਼ਰ ਲਈ ਦਿੱਤਾ ਜਾਵੇਗਾ। ਇਸ ਸਮਝੌਤੇ ਨਾਲ ਜਹਾਜ਼ ਵਿਚਲੇ ਮੁਸਾਫ਼ਰ ਬਹੁਤ ਖ਼ੁਸ਼ ਹੋਏ, ਕਿਉਂਕਿ ਉਹਨਾਂ ਨੂੰ ਭਾਵੇਂ ਵਾਪਸ ਭੇਜਿਆ ਜਾ ਰਿਹਾ ਸੀ, ਉਹਨਾਂ ਨੇ ਬੜੀ ਹਿੰਮਤ ਨਾਲ ਮੁਕਾਬਲਾ ਕੀਤਾ ਸੀ ਅਤੇ ਸਾਰੇ ਸਾਮਾਨ ਅਦਿ ਦੇਣ ਵਾਸਤੇ ਉਹਨਾਂ ਦੀ ਮੰਗ ਮੰਨੀ ਗਈ ਸੀ।

ਉਹਨਾਂ ਦੇ ਹਾਂਗ ਕਾਂਗ ਤੋਂ ਕੈਨੇਡਾ ਵੱਲ ਦੇ ਸਫ਼ਰ ਦੇ ਸ਼ੁਰੂ ਵਿਚ, ਕੋਈ ਮੁਸਾਫ਼ਰ ਵੀ ਬਾਗ਼ੀ ਸੁਭਾਅ ਦਾ ਨਹੀਂ ਸੀ। ਅਸਲ ਵਿਚ, ਉਹ ਤਾਂ ਆਪਣੇ ਆਪ ਨੂੰ ਵਫ਼ਾਦਰ ਬ੍ਰਿਟਿਸ਼ ਪਰਜਾ ਸਮਝਦੇ ਸਨ। ਭਾਵੇਂ ਉਹਨਾਂ ਨੂੰ ਜਹਾਜ਼ ਵਿਚ ਗ਼ਦਰ ਪਾਰਟੀ ਦਾ ਕੁਝ ਲਿਟਰੇਚਰ ਮਿਲਿਆ ਸੀ, ਜਿਹੜੀ ਨਵੰਬਰ 1913 ਵਿਚ ਯੂ ਐਸ ਵਿਚ ਸਥਾਪਿਤ ਕੀਤੀ ਗਈ ਸੀ, ਪਰ ਇਸਦਾ ਉਹਨਾਂ 'ਤੇ ਕੋਈ ਖ਼ਾਸ ਅਸਰ ਨਹੀਂ ਹੋਇਆ ਸੀ। ਇਹ ਕੈਨੇਡਾ ਜਾਣ ਦਾ ਬੜਾ ਹੀ ਔਖਾ ਸਫ਼ਰ ਸੀ, ਫੇਰ ਅੱਠ ਹਫ਼ਤੇ ਵੈਨਕੂਵਰ ਵਿਚ ਫਸੇ ਰਹਿਣਾ, ਬਿਨਾ ਕਾਫ਼ੀ ਖ਼ੁਰਾਕ, ਪਾਣੀ ਅਤੇ ਹੋਰ ਲੋੜੀਂਦੀਆਂ ਵਸਤਾਂ ਦੇ, ਉਥੋਂ ਦੇ ਅਧਿਕਾਰੀਆਂ ਦੁਆਰਾ ਉਹਨਾਂ ਨੂੰ ਜਹਾਜ਼ ਤੋਂ ਉੱਤਰਨਾ ਲਈ ਮਨ੍ਹਾ ਕਰਨਾ, ਰੋਜ਼ ਦੀ ਮੁਸੀਬਤ, ਉਹਨਾਂ ਉਪਰ ਨਸਲੀ ਘਿਰਣਾ ਦੇ ਢੇਰ, ਇਮੀਗਰੇਸ਼ਨ ਅਧਿਕਾਰੀਆਂ ਵੱਲੋ ਤਾਕਤ ਦਾ ਇਸਤੇਮਾਲ ਅਤੇ ਇਕ ਜੰਗੀ ਜਹਾਜ਼ ਨੂੰ

ਉਹਨਾਂ ਦੇ ਵਿਰੁੱਧ ਝੋਕਣ ਦਾ ਡਰਾਵਾ ਤਾਂ ਜੋ ਉਹ ਵਾਪਸ ਮੁੜਨ ਲਈ ਮਜਬੂਰ ਹੋ ਜਾਣ ਬਿਨਾ ਵਾਪਸੀ ਲਈ ਕਿਸੇ ਰਸਦ ਦੇ – ਇਸ ਸਭ ਕੁਝ ਨੇ ਉਹਨਾਂ ਨੂੰ ਬਦਲ ਦਿੱਤਾ ਸੀ। ਪਹਿਲੀ ਵਾਰ ਉਹਨਾਂ ਨੇ ਮਹਿਸੂਸ ਕੀਤਾ ਕਿ ਬ੍ਰਿਟਿਸ਼ ਹੋਣ ਦਾ ਕੀ ਅਰਥ ਹੈ ਉਹਨਾਂ ਲੋਕਾਂ ਲਈ ਜੋ ਗੁਲਾਮ ਦੇਸ ਤੋਂ ਆਉਂਦੇ ਹਨ, ਜਿਹਨਾਂ ਦੀ ਸਹਾਇਤਾ ਲਈ ਲੋੜ ਦੇ ਸਮੇਂ ਨਾ ਕੈਨੇਡੀਅਨ, ਨਾ ਭਾਰਤੀ ਅਤੇ ਨਾ ਹੀ ਇੰਗਲੈਂਡ ਦੀ ਸ਼ਾਹੀ ਸਰਕਾਰ ਆਵੇਗੀ। ਹੁਣ ਉਹਨਾਂ ਨੂੰ ਪੂਰੀ ਸਮਝ ਆ ਗਈ ਸੀ ਕਿ ਇਹ ਤਿੰਨੋ ਸਰਕਾਰਾਂ ਭਾਰਤੀਆਂ ਵਿਰੁੱਧ ਨਕਸਲੀ ਵਿਤਕਰੇ ਲਈ ਆਪਸ ਵਿਚ ਮਿਲੀਆਂ ਹੋਈਆਂ ਸਨ। ਇਹ ਸਮਝ ਆ ਜਾਣ ਨਾਲ, ਉਨਾਂ ਨੇ ਆਪਣੇ ਜੀਵਨ ਭਾਰਤੀ ਲੋਕਾਂ ਦੀ ਬ੍ਰਿਟਿਸ਼ ਤੋਂ ਆਜ਼ਾਦੀ ਲਈ ਅਰਪਨ ਕਰਨ ਦਾ ਨਿਸਚਾ ਕਰ ਲਿਆ। *"ਆਜ਼ਾਦੀ ਜਾਂ ਇਸ ਦੀ ਲੜਾਈ ਵਿਚ ਮੌਤ"* ਇਹ ਓਦੋਂ ਤੋਂ ਉਹਨਾ ਜਾ ਨਾਅਰਾ ਬਣ ਗਿਆ ਸੀ।

ਇਸ ਅਨੁਭਵ ਦੇ ਮਗਰੋਂ, ਉਹ ਮਰ ਰਹੇ ਸਨ, ਭਾਰਤ ਵਾਪਸ ਪਰਤਨ ਲਈ ਅਤੇ ਭਾਰਤੀ ਲੋਕਾਂ ਨੂੰ ਦੱਸਣ ਲਈ ਕਿ ਉਹਨਾਂ ਨਾਲ ਵੈਂਕੂਵਰ ਵਿਚ ਕੀ ਬੀਤੀ ਸੀ? ਹੋਰ ਅਹਿਮ ਟਿਹ ਸੀ ਕਿ ਉਹਨਾਂ ਦੀ ਇਹ ਤੀਬਰ ਇੱਛਾ ਸੀ ਕਿ ਭਾਰਤੀ ਲੋਕ•ਇਹ ਜਾਨਣ ਵਿਸ਼ੇਸ਼ ਕਰ ਉਹ ਭਾਰਤੀ ਜਿਹੜੇ ਬ੍ਰਿਟਿਸ਼ ਫ਼ੌਜ ਦੀ ਨੌਕਰੀ ਕਰ ਰਹੇ ਸਨ, ਬ੍ਰਿਟਿਸ਼ ਰਾਜ ਦੇ ਫੈਲਾਉਣ ਅਤੇ ਉਹਨੂੰ ਬਚਾਉਣ ਲਈ ਉਹ ਆਪਣੀਆ ਜਾਨਾਂ ਕੁਰਬਾਨ ਕਰ ਰਹੇ ਸਨ, ਜਿਸ ਨਾਲ ਉਹ ਆਪਣੀ ਗੁਲਾਮੀ ਦੀਆਂ ਜੰਜੀਰਾਂ ਹੀ ਘੜ ਰਹੇ ਸਨ, ਅਤੇ ਇਸਦੇ ਬਜਾਏ, ਉਹ ਆਪਣੀਆਂ ਬੰਦੂਕਾਂ ਆਪਣੇ ਸੋਸ਼ਣਕਾਰੀਆਂ ਅਤੇ ਗੁਲਾਮ ਬਣਾਉਣ ਵਾਲਿਆਂ ਵੱਲ ਮੋੜ ਦੇਣ।

ਕੋਮਾਗਾਟਾ ਮਾਰੂ ਦਾ ਵਾਪਸੀ ਸਫ਼ਰ 23 ਜੁਲਾਈ 1914 ਨੂੰ ਸ਼ੁਰੂ ਹੋਇਆ। ਵੈਨਕੂਵਰ ਵਿਚ ਭਰਤੀਆਂ ਨੇ ਅਸਫ਼ਲ ਯਤਨ ਕੀਤੇ ਸਨ ਕਿ ਉਹਨਾਂ ਨੂੰ ਕੁਝ ਪਿਸਤੌਲ ਅਤੇ ਗੋਲੀਆਂ ਪਹੁੰਚਾ ਸਕਣ। ਪਰ ਜਦ ਕੋਮਾਗਾਟਾ ਮਾਰੂ ਯੋਕੋਹਾਮਾ (ਜਪਾਨ) 16 ਅਗਸਤ ਨੂੰ ਪਹੁੰਚਿਆ,, ਗ਼ਦਰ ਪਾਰਟੀ ਦੇ ਪ੍ਰਧਾਨ, ਸੋਹਣ ਸਿੰਘ ਭਕਨਾ, ਚੁੱਪ ਚਾਪ ਮੁਸਾਫ਼ਰਾਂ ਨੂੰ ਇਕ ਸੌ ਪਿਸਤੌਲ ਗੋਲੀਆਂ ਸਮੇਤ ਪਹੁੰਚਾਉਣ ਵਿਚ ਸਫ਼ਲ ਹੋ ਗਏ। ਉਹਨਾਂ ਨੇ ਉਹਨਾਂ ਨੂੰ ਲਿਟਰੇਚਰ ਵੀ ਦਿੱਤਾ ਅਤੇ ਗ਼ਦਰ ਪਾਰਟੀ ਦੇ ਉੱਦੇਸ਼ਾਂ ਅਤੇ ਦ੍ਰਿਸ਼ਟੀ ਬਾਰੇ ਵੀ ਦਸਿਆ।

ਬ੍ਰਿਟਿਸ਼ ਸਾਮਰਾਜੀ ਸਰਕਾਰ ਲਈ, ਜਿਹੜੀ ਹੁਣੇ ਹੁਣੇ ਹੀ ਪਹਿਲੇ ਸੰਸਾਰ ਯੁੱਧ ਵਿਚ ਕੁੱਦ ਚੁੱਕੀ ਸੀ, ਕੋਮਾਗਾਟਾ ਮਾਰੂ ਵਿਚਲੇ ਮੁਸਾਫ਼ਰ ਹਲਚਲ ਮਚਾਉਣ ਵਾਲੇ ਸਨ ਅਤੇ ਨਾਰਾਜ਼ ਸਨ, ਸ਼ਰਾਰਤ ਕਰਨ ਵਾਲੇ ਸਨ, 'ਲੋਕਾਂ ਦੇ ਅਮਨ ਅਮਾਨ ਲਈ ਖ਼ਤਰਾ ਸਾਬਤ ਹੋਣਗੇ। ਜੇ ਉਹਨਾਂ ਨੂੰ ਕਲਕੱਤੇ ਜਹਾਜ਼ ਤੋਂ ਉਤਰਨ ਦਿੱਤਾ ਗਿਆ। ਕਿਉਂਕਿ ਉਹਨਾ ਦੀ ਆਮਦ ਬਸਤੀਆਂ ਵੱਲ ਜਾਣ ਦੇ ਸੰਘਰਸ਼ ਵਿਚ ਵਾਧਾ ਕਰੇਗੀ ਅਤੇ ਇਸ ਸਭ ਕੁਝ ਦਾ ਫ਼ੌਜ ਦੇ ਮਨੋਬਲ ਤੇ ਬੁਰਾ ਅਸਰ ਪਵੇਗਾ। ਇਹ ਵੀ ਨਾਲ ਨਾਲ ਕਹਿ ਦਿੱਤਾ ਜਾਵੇ ਕਿ ਕੋਮਾਗਾਟਾ ਮਾਰੂ ਨੂੰ ਆਪਣੇ ਕਿਸੇ ਮੁਸਾਫ਼ਰ ਨੂੰ ਵੀ ਹਾਂਗ ਕਾਂਗ ਜਾਂ ਸਿੰਘਾਪੁਰ ਨਾ ਉੱਤਰਨ ਦਿੱਤਾ ਜਾਵੇ, ਉਹਨਾਂ ਨੂੰ ਵੀ ਜਿਹੜੇ ਉਹਨਾਂ ਦੋਵਾਂ ਥਾਵਾਂ ਦੇ ਰਹਿਣ ਵਾਲੇ ਸਨ, ਕਿਉਂਕਿ ਉਹਨਾਂ ਦਾ ਪੰਜਾਬੀ ਸਿਪਾਹੀਆਂ ਨਾਲ ਸਾਹਮਣਾ ਬ੍ਰਿਟਿਸ਼ ਸਰਕਾਰ ਲਈ ਮੁਸ਼ਕਿਲਾਂ ਪੈਦਾ ਕਰ ਸਕਦਾ ਸੀ।

21 ਅਗਸਤ ਨੂੰ ਕੋਬੇ ਪਹੁੰਚ ਕੇ, ਮੁਸਾਫ਼ਰਾਂ ਦਾ, ਬ੍ਰਿਟਿਸ਼ ਕੌਂਸਲ ਦੀ ਵੱਡੀ ਨਾਰਾਜ਼ਗੀ ਦੇ ਬਾਵਜੂਦ, ਬੜਾ ਨਿੱਘਾ ਯੋਧਿਆ ਵਰਗਾ ਸਵਾਗਤ ਹੋਇਆ, ਅਤੇ ਭਾਰਤੀਆਂ ਨੇ ਵੱਡੇ ਪੈਮਾਨੇ ਤੇ ਜਸ਼ਨ ਮਨਾਇਆ। ਕੋਬੇ ਵਿਖੇ, ਇਹ ਜਾਣਕੇ ਕਿ ਬ੍ਰਿਟਿਸ਼ ਸਰਕਾਰ ਦਾ ਵਿਰੋਧੀ

ਰਵੱਈਆ ਹੈ, ਗੁਰਦਿਤ ਸਿੰਘ, ਜਹਾਜ਼ ਦਾ ਚਾਰਟਰ ਕਰਤਾ, ਨੇ ਮੁਸਾਫ਼ਰਾਂ ਨੂੰ ਚੌਕੰਨੇ ਕੀਤਾ ਕਿ ਉਹਨਾਂ ਦੇ ਕੋਲ ਕੁਝ ਵੀ ਸ਼ੱਕੀ ਵਸਤੂ ਨਾ ਹੋਵੇ, ਨਾ ਕੋਈ ਇਲਕਲਾਬੀ ਲਿਟਰੇਚਰ ਜਾਂ ਕੋਈ ਹਥਿਆਰ, ਅਤੇ ਉਹ ਸਭ ਕੁਝ ਜਹਾਜ਼ ਵਿਚੋਂ ਸਮੁੰਦਰ ਵਿਚ ਸੁੱਟ ਦੇਣ। ਬਹੁਤਿਆਂ ਨੇ, ਪਰ ਸਾਰਿਆਂ ਨੇ ਨਹੀਂ, ਇਹ ਮਸ਼ਵਰਾ ਮੰਨ ਲਿਆ। ਕੋਮਾਗਾਟਾ ਮਾਰੂ ਕਲਕੱਤੇ ਨੇੜਲੀ ਬਜਬਜ ਬੰਦਰਗਾਹ 'ਤੇ 27 ਸਤੰਬਰ ਨੂੰ ਪੁੱਜਾ, ਜਿੱਥੇ ਮੁਸਾਫ਼ਰਾਂ ਦਾ ਬੰਦੂਕ ਦੀਆਂ ਗੋਲੀਆਂ ਨਾਲ ਸਵਾਗਤ ਕੀਤਾ ਗਿਆ, ਜਿਸ ਨਾਲ 18 ਮੁਸਾਫ਼ਰਾਂ ਦੀ ਜਾਨ ਚਲੀ ਗਈ ਅਤੇ ਹੋਰ ਬਹੁਤ ਸਾਰੇ ਜ਼ਖ਼ਮੀ ਹੋ ਗਏ। ਕਈ ਵੀਹਾਂ ਗ੍ਰਿਫ਼ਤਾਰ ਕਰ ਲਏ ਗਏ, ਜਦ ਕਿ 29, ਗੁਰਦਿੱਤ ਸਿੰਘ ਸਮੇਤ, ਗੁੰਮ ਗਏ ਦੱਸੇ ਗਏ।

ਮਾਸੂਮ ਲੋਕਾਂ ਦਾ ਇਹ ਕਤਲੇ-ਆਮ ਜਿਹੜੇ ਪਹਿਲਾਂ ਹੀ ਕੈਨੇਡੀਅਨ ਸਰਕਾਰ ਵੱਲੋਂ ਦਿੱਤੀਆਂ ਐਨੀਆਂ ਤਕਲੀਫ਼ਾਂ ਝੱਲ ਚੁੱਕੇ ਸਨ, ਭਾਰਤੀ ਅਤੇ ਇੰਗਲੈਂਡ ਦੀਆਂ ਸਰਕਾਰਾਂ ਨਾਲ ਮਿਲ ਕੇ ਦੇਸ ਵਿਚ ਐਨਾ ਕੋਹਰਾਮ ਮਚਾਇਆ ਕਿ ਭਾਰਤ ਸਰਕਾਰ ਨੂੰ ਮਜਬੂਰ ਹੋਣਾ ਪਿਆ ਕਿ ਇਕ ਇਨਕੁਆਇਰੀ ਕਮੇਟੀ ਨਿਯੁਕਤ ਕਰੇ, ਜਿਸ ਦੇ ਵਿਚ ਤਿੰਨ ਉੱਚ ਅਧਿਕਾਰੀ ਸਨ ਅਤੇ ਦੋ ਖ਼ੁਸ਼ਾਮਦੀ, ਜਿਹਨਾਂ ਤੋਂ ਉਮੀਦ ਸੀ ਕਿ ਸਾਰੇ ਮਾਮਲੇ ਉਪਰ ਚੂਨਾ ਫੇਰ ਦੇਣਗੇ ਅਤੇ ਅਤਿਆਚਾਰ ਦਾ ਸ਼ਿਕਾਰ ਹੋਏ ਲੋਕਾਂ ਨੂੰ ਅਸਲੀ ਦੋਸ਼ੀ ਠਹਿਰਾਉਣਗੇ।

ਇਸ ਪ੍ਰਕਾਰ ਕੋਮਾਗਾਟਾ ਮਾਰੂ ਦਾ ਲੰਬਾ ਸਫ਼ਰ ਖ਼ਤਮ ਹੋਇਆ। ਇਹ ਤਾਂ ਸ਼ੁਰੂ ਹੋਇਆ ਸੀ ਕੈਨੇਡਾ ਅਤੇ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਦਾ ਸੰਘਰਸ਼ ਜਾਰੀ ਰੱਖਣ ਲਈ ਕਿ ਉਹ ਕੈਨੇਡਾ ਅਤੇ ਯੂ ਐਸ ਜਾ ਕੇ ਕਿਤੇ ਵੀ ਰਹਿ ਸਕਣ, ਵਿਸ਼ੇਸ਼ ਕਰ ਗੋਰਿਆਂ ਦੀਆਂ ਬਸਤੀਆਂ ਵਿਚ, ਬ੍ਰਿਟਿਸ਼ ਪਰਜਾ ਦੇ ਤੌਰ ਤੇ, ਪਰ ਇਹ ਖ਼ਤਮ ਹੋਇਆ ਵਫ਼ਾਦਾਰ ਬ੍ਰਿਟਿਸ਼ ਪਰਜਾ ਦੇ ਪੂਰੀ ਤਰ੍ਹਾਂ ਬਦਲ ਜਾਣ ਨਾਲ, ਜਿਸਦਾ ਬ੍ਰਿਟਿਸ਼ ਇਨਸਾਫ਼ ਅਤੇ ਇਮਾਨਦਾਰੀ ਦਾ ਭਰਮ ਬੁਰੀ ਤਰਾਂ ਟੁੱਟ ਗਿਆ, ਤੇ ਉਹ ਉਸਨੂੰ ਉਖੜ ਸੁੱਟਣ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹੋ ਗਏ

ਇਸਦੇ ਮਗਰੋਂ, ਇਸ ਜਹਾਜ਼ ਦੇ ਬਹੁਤ ਸਾਰੇ ਮੁਸਾਫ਼ਰ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ। ਪਚੰਨਵੇ ਸਾਲ ਮਗਰੋਂ, ਕੈਨੇਡਾ ਦੇ ਸਿੱਖਾਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਸਨਮਾਨ ਦੀ ਮੰਗ ਮਨਵਾਈ ਅਤੇ ਮੁਆਫ਼ੀ ਵਜੋ ਕਾਮਾਗਾਟਾ ਮਾਰੂ ਸਿਮਰਤੀ ਪ੍ਰੌਜੈਕਟ ਲਈ ਖ਼ਰਚਾ ਕਰਨਾ ਮੰਨਿਆ। 23 ਮਈ, 2008 ਨੂੰ, ਬ੍ਰਿਟਿਸ਼ ਕੋਲੰਬੀਆ ਦੀ ਲੈਜਿਸਲੇਟਿਵ ਅਸੈਂਬਲੀ ਨੇ ਇਕ ਮਤ ਹੋ ਕੇ ਇਹ ਮਤਾ ਪਾਸ ਕੀਤਾ –" *ਕਿ ਇਹ ਕਾਨੂੰਨ ਸਾਜ਼ ਅਸੈਂਬਲੀ ਮਈ 23, 1914 ਦੀਆਂ ਘਟਨਾਵਾਂ ਵਾਸਤੇ ਮੁਆਫ਼ੀ ਮੰਗਦੀ ਹੈ, ਜਦ 376 ਮੁਸਾਫ਼ਰ ਕਾਮਾਗਾਟਾ ਜਹਾਜ਼ ਦੇ .... ਜਿਹਨਾਂ ਨੇ ਇਸ ਦੇਸ ਵਿਚ ਅਤੇ ਸਾਡੇ ਸੂਬੇ ਵਿਚ ਸ਼ਰਣ ਲੈਣੀ ਚਾਹੀ ਸੀ, ਦੂਰ ਭਜਾ ਦਿੱਤੇ ਗਏ ਸਨ ਅਤੇ ਉਹਨਾ ਨੂੰ ਕੋਈ ਇਨਸਾਫ਼ ਜਾ ਬਿਨਾ ਪੱਖਪਾਤ ਦਾ ਕੋਈ ਲਾਭ ਨਹੀਂ ਦਿੱਤਾ ਗਿਆ ਸੀ ਜੋ ਐਸੇ ਸਮਾਜ ਦੁਆਰਾ ਸੋਭਦਾ ਸੀ ਜਿੱਥੇ ਹਰ ਸਭਿਅਤਾ ਦੇ ਲੋਕਾਂ ਦਾ ਸਵਾਗਤ ਹੁੰਦਾ ਹੈ ਅਤੇ ਪ੍ਰਾਵਾਨ ਕੀਤੇ ਜਾਂਦੇ ਹਨ."*

2 ਅਗਸਤ 2008 ਨੂੰ, ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ, ਸਰੀ, ਬੀ ਸੀ, ਵਿਚ ਹੋਏ ਤੇਰ੍ਹਵੇਂ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਵਿਧੀਵਤ ਮੁਆਫ਼ੀ ਮੰਗੀ ਸੀ ਕਾਮਾਗਾਟਾ ਮਾਰੂ ਵਾਸਤੇ, ਸਪੱਸ਼ਟ ਹੈ ਇਸੇ ਇੱਛਾ ਨਾਲ ਕਿ ਬਹੁਤ ਵੱਡੀ ਗਿਣਤੀ ਵਾਲੇ ਸਿੱਖ ਵੋਟਰਾਂ ਨੂੰ ਖ਼ੁਸ਼ ਕੀਤਾ ਜਾਵੇ ਉਸ ਸੂਬੇ ਵਿਚ।

***

ਕਾਂਡ 7

# .ਗ਼ਦਰ ਪਾਰਟੀ ਦੀ ਸਥਾਪਨਾ

## ਪੈਸੀਫ਼ਿਕ ਕੋਸਟ ਹਿੰਦੀ ਐਸੋਸੀਏਸ਼ਨ

ਇਸੇ ਦੌਰਾਨ ਹਾਲਾਤ ਸਾਜ਼ਗਾਰ ਹੋ ਰਹੇ ਸਨ ਕਿ ਯੂ ਐਸ ਅਤੇ ਕੈਨੇਡਾ ਵਿਚ ਵਸਦੇ ਭਾਰਤੀਆਂ ਦਾ ਕੋਈ ਇਨਕਲਾਬੀ ਸੰਗਠਨ ਬਣ ਜਾਵੇ। ਜਿਵੇਂ ਪਹਿਲਾਂ ਸੰਕੇਤ ਦਿੱਤਾ ਗਿਆ ਹੈ, ਕੁਝ ਸਿਆਸੀ ਤੌਰ 'ਤੇ ਚੇਤੰਨ ਵਿਅਕਤੀਆਂ ਨੇ, ਜਿਵੇਂ ਰਾਮ ਨਾਥ ਪੁਰੀ ਅਤੇ ਤਾਰਕ ਨਾਥ ਦਾਸ, ਯਤਨ ਕਰ ਰਹੇ ਸਨ ਕਿ ਉਹਨਾਂ ਦੇ ਏਜੰਡੇ ਵਿਚ ਇਹ ਮਹੱਤਵ ਪੂਰਨ ਵਿਸ਼ਾ ਸ਼ਾਮਿਲ ਹੋ ਜਾਵੇ – ਬ੍ਰਿਟੇਨ ਦੁਆਰਾ ਭਾਰਤ ਨੂੰ ਗ਼ੁਲਾਮ ਬਣਾਈ ਰੱਖਣ ਨੂੰ ਖ਼ਤਮ ਕੀਤਾ ਜਾਵੇ। ਪਰ ਜੋ ਬਹੁਤ ਹੀ ਅਤਿਅੰਤ ਲੋੜ ਸੀ ਉਸ ਵੇਲੇ ਉਹ ਸੀ ਇਕ ਕੇਂਦਰੀ ਸੰਸਥਾ ਦੀ ਸਥਾਪਨਾ ਜਿਸ ਦਾ ਇਨਕਲਾਬੀ ਪ੍ਰੋਗਰਾਮ ਹੋਵੇ।

ਇਸ ਨੂੰ ਮੁੱਖ ਰੱਖਦੇ ਹੋਏ, ਕੁਝ ਭਾਰਤੀਆਂ ਨੇ ਆਪਸੀ ਸਲਾਹ ਕਰਕੇ ਰਜ਼ਾਮੰਦੀ ਜ਼ਾਹਰ ਕੀਤੀ ਕਿ ਆਰਾ ਮਿੱਲਾਂ ਦੇ ਕਿਰਤੀਆਂ ਦੀ ਮੀਟਿੰਗ ਪੋਰਟਲੈਂਡ, ਔਰੇਗਨ ਵਿਖੇ ਰੱਖੀ ਜਾਵੇ। ਐਸੀ ਮੀਟਿੰਗ ਕਿਸੇ ਵੇਲੇ ਜੁਲਾਈ 1912 ਵਿਚ ਹੋਈ, ਜਿਸ ਵਿਚ, ਹੋਰਨਾਂ ਤੋਂ ਇਲਾਵਾ, ਸੋਹਨ ਸਿੰਘ ਭਕਨਾ ਵੀ ਸ਼ਾਮਿਲ ਹੋਏ। ਇਸ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਇਕ ਸੰਗਠਨ ਸਥਾਪਿਤ ਕੀਤਾ ਜਾਵੇ ਜਿਸਦਾ ਨਾਮ ਪੈਸੇਫ਼ਿਕ ਕੋਸਟ ਹਿੰਦੀ ਐਸੋਸੀਏਸ਼ਨ (ਪੀ ਸੀ ਐਚ ਏ) ਰਖਿਆ ਜਾਵੇ ਜਿਸ ਦਾ ਦਫ਼ਤਰ ਪੋਰਟਲੈਂਡ ਵਿਖੇ ਹੋਵੇ। ਭਾਈ ਸੋਹਣ ਸਿੰਘ ਭਕਨਾ ਇਸਦੇ ਪ੍ਰਧਾਨ ਚੁਣੇ ਗਏ, ਗੁਰੂ ਦੱਤ, ਜਨਰਲ ਸਕੱਤਰ ਅਤੇ ਕਾਂਸ਼ੀ ਰਾਮ, ਖ਼ਜ਼ਾਨਚੀ। ਜਿਹੜਾ ਫ਼ੈਸਲਾ ਲਿਆ ਗਿਆ ਸੀ ਕਿ ਇਕ ਉਰਦੂ ਹਫ਼ਤਾਵਾਰੀ ਪਰਚਾ *ਹਿੰਦੁਸਤਾਨ* ਜਾਰੀ ਕੀਤਾ ਜਾਵੇ ਪਰ ਇਹ ਫ਼ੈਸਲਾ ਲਾਗੂ ਨਾ ਹੋ ਸਕਿਆ ਕਿਉਂਕਿ ਪੋਰਟਲੈਂਡ ਦੀ ਇਤਿਹਾਸਕ ਮੀਟਿੰਗ ਦੇ ਛੇਤੀ ਮਗਰੋਂ ਗੁਰੂ ਦੱਤ ਬੀਮਾਰ ਹੋ ਗਏ। ਪੀ ਸੀ ਐਚ ਏ ਦੇ ਮੈਂਬਰ ਬਿਲਕੁਲ ਅੱਕ ਗਏ ਅਤੇ ਕਾਹਲੇ ਪੈ ਗਏ। ਐਸੇ ਹਾਲਾਤ ਬਣ ਗਏ ਸਨ ਜਦ ਉਹ ਲਾਲਾ ਹਰਦਯਾਲ ਵੱਲ ਹੋਏ ਜੋ ਓਦੋਂ ਸਾਨ ਫ਼ਰਾਂਸਿਸਕੋ ਵਿਚ ਰਹਿੰਦਾ ਸੀ।

### ਲਾਲਾ ਹਰਦਯਾਲ

ਪਹਿਲਾਂ ਹਰਦਯਾਲ ਬਾਰੇ ਕੁਝ ਸ਼ਬਦ।

ਹਰਦਯਾਲ 1911 ਤੋਂ ਅਮਰੀਕਾ ਵਿਚ ਰਹਿ ਰਿਹਾ ਸੀ। ਅਮਰੀਕਾ ਪਹੁੰਚਣ ਤੋਂ ਪਹਿਲਾਂ ਉਹ ਕਈ ਹੋਰ ਦੇਸਾਂ ਵਿਚ ਵੀ ਗਿਆ ਸੀ। ਉਸਨੂੰ ਲੇਲੈਂਡ ਸਟੈਨਫ਼ੋਰਡ ਯੂਨੀਵਰਸਿਟੀ ਵਿਚ ਫਰਵਰੀ 1912 ਨੂੰ ਪ੍ਰੋਫ਼ੈਸਰ ਆਫ਼ ਇੰਡੀਅਨ ਫ਼ਿਲਾਸਫ਼ੀ ਅਤੇ ਸੰਸਕ੍ਰਿਤ ਦੀ ਪਦਵੀ ਪ੍ਰਦਾਨ

ਕੀਤੀ ਗਈ ਸੀ, ਪਰ ਉਸੇ ਸਾਲ ਦੇ ਸਿਤੰਬਰ ਵਿਚ, ਉਸਨੇ ਇਹ ਪਦ ਛੱਡ ਦਿੱਤਾ ਅਤੇ ਬਰਕਲੇ ਆ ਗਿਆ ਇਨਕਲਾਬੀ ਕੰਮ ਕਰਨ ਵਾਸਤੇ। ਉਸਨੇ ਦੋ-ਮੁਦਿਆਂ ਵਾਲਾ ਮਿਸ਼ਨ ਆਪਣੇ ਸਾਹਮਣੇ ਰਖਿਆ, ਪਹਿਲਾ ਅਮਰੀਕੀ ਲੋਕਾਂ ਦੇ ਧਿਆਨ ਵਿਚ ਲਿਆਂਦਾ ਜਾਵੇ ਕਿ ਬ੍ਰਿਟਿਸ਼ ਰਾਜ ਦੇ ਵਿਚ ਭਾਰਤੀਆਂ ਦੀ ਕਿੰਨੀ ਦੁਖਦਾਈ ਹਾਲਤ ਹੈ ਅਤੇ ਉਹਨਾਂ ਦੀ ਹਮਦਰਦੀ ਅਤੇ ਹਿਮਾਇਤ ਪ੍ਰਾਪਤ ਕੀਤੀ ਜਾਵੇ ਭਾਰਤ ਦੀ ਆਜ਼ਾਦੀ ਵਾਸਤੇ ਅਤੇ ਦੂਸਰਾ, ਭਾਰਤੀ ਪਰਵਾਸੀਆਂ ਵਿਚ ਇਹ ਜਾਗਰਿਤੀ ਲਿਆਂਦੀ ਜਾਵੇ ਇਕ ਉਹਨਾਂ ਦਾ ਭਾਰਤ ਦੀ ਆਜ਼ਾਦੀ ਲਿਆਉਣ ਸੰਬੰਧੀ ਕੀ ਫ਼ਰਜ਼ ਹੈ? ਇਸ ਦੋਹਰੇ ਮਿਸ਼ਨ ਦੀ ਪ੍ਰਾਪਤੀ ਵਾਸਤੇ, ਉਸਨੇ ਉਹਨਾਂ ਥਾਵਾਂ 'ਤੇ ਜਲਸਿਆਂ ਵਿਚ ਭਾਸ਼ਣ ਦਿੱਤੇ ਜਿੱਥੇ ਭਾਰਤੀ ਰਹਿੰਦੇ ਸਨ ਅਤੇ ਕੰਮ ਕਰਦੇ ਸਨ।

ਸਮਕਾਲੀਆਂ ਅਨੁਸਾਰ, ਉਹ ਸਭ ਤੋਂ ਵੱਧ ਜਾਣਿਆ ਜਾਂਦਾ ਇਨਕਲਾਬੀ ਸੀ, ਕਈ ਇਨਕਲਾਬੀ ਸੁਸਾਇਟੀਆਂ ਵਿਚ ਜਿਹੜੀਆਂ ਯੂ ਐਸ ਵਿਚ ਸਰਗਰਮ ਸਨ, ਵਿਸ਼ੇਸ਼ ਕਰ ਸਾਨਫ਼ਰਾਂਸਿਸਕੋ ਵਿਚ, ਜਿਹੜਾ ਇਹਨਾਂ ਸੁਸਾਇਟੀਆਂ ਦਾ ਕੇਂਦਰ ਸੀ, ਅਤੇ ਰੂਸ, ਆਇਰਲੈਂਡ, ਜਾਪਾਨ, ਤੁਰਕੀ, ਚੀਨ ਅਤੇ ਭਾਰਤ ਦੀਆਂ ਇਨਕਲਾਬੀ ਲਹਿਰਾਂ ਦੇ ਸੰਪਰਕ ਵਿਚ ਰਹਿ ਕੇ ਕੰਮ ਕਰ ਰਿਹਾ ਸੀ। ਹਰਦਯਾਲ, ਜਿਸ ਦੇ ਭਾਸ਼ਣ ਸੁਣਨ ਲਈ ਵੱਡੀ ਗਿਣਤੀ ਵਿਚ ਆਮ ਲੋਕ ਅਤੇ ਬੁੱਧੀਜੀਵੀ ਆਉਂਦੇ ਸਨ, ਇਹਨਾਂ ਸੁਸਾਇਟੀਆਂ ਦਾ ਵੱਡਾ ਮਿੱਤਰ ਸੀ ਅਤੇ ਰਾਹ ਦਸੇਰਾ ਸੀ। ਉਸਦੇ ਭਾਰਤ ਵਿਚ ਅੰਗ੍ਰੇਜ਼ੀ ਰਾਜ ਬਾਰੇ ਵਿਚਾਰਾਂ ਦਾ, ਜਿਹੜੇ ਉਹ ਹਰ ਜਲਸੇ ਵਿਚ ਦੁਹਰਾਉਂਦਾ ਸੀ, ਖ਼ੁਲਾਸਾ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ – ਭਾਰਤੀ ਧਨ-ਦੌਲਤ ਦਾ ਭਾਰਤ ਵਿਚੋਂ ਬ੍ਰਿਟੇਨ ਦੁਆਰਾ ਕੱਢ ਕੇ ਲਈ ਜਾਣਾ ਹੀ ਭਾਰਤ ਦੀ ਬਹੁਤ ਵਧ ਗਈ ਗ਼ਰੀਬੀ, ਬੀਮਾਰੀ ਅਤੇ 'ਕਾਲ ਪੈਣ ਦਾ ਕਾਰਨ ਸੀ ਅਤੇ ਵਿਅਕਤੀਗਤ ਆਜ਼ਾਦੀ ਤਾਂ ਬਿਲਕੁਲ ਹੀ ਗ਼ੈਰ ਹਾਜ਼ਰ ਸੀ ਅਤੇ ਭਾਰਤ ਵਿਚਲੀ *ਅੰਗ੍ਰੇਜ਼ੀ ਸਰਕਾਰ ਦੁਨੀਆ ਵਿਚ ਸਭ ਤੋਂ ਬੁਰੀ ਸਰਕਾਰ ਸੀ।* ਉਥੇ ਦੀ ਸਰਕਾਰ ਤਸੀਹੇ ਦੇਣਾ ਸਰਕਾਰੀ ਨੀਤੀ ਦਾ ਵੱਡਾ ਹਿੱਸਾ ਸਮਝਦੀ ਸੀ, ਅਦਾਲਤੀ ਪ੍ਰਬੰਧ ਬਿਲਕੁਲ ਭ੍ਰਸ਼ਟ ਹੋ ਚੁੱਕਾ ਸੀ ਬ੍ਰਿਟਿਸ਼ ਸਰਕਾਰ ਦੇ ਦਬਾਅ ਹੇਠ, ਭਾਰਤੀ ਧਿਰਾਂ ਨੂੰ ਮੁਕੱਦਮਿਆਂ ਵਿਚ ਕੋਈ ਇਨਸਾਫ਼ ਨਹੀਂ ਮਿਲਦਾ ਸੀ, ਵਿਸ਼ੇਸ਼ ਕਰ ਜਿੱਥੇ ਇਕ ਧਿਰ ਭਾਰਤੀ ਅਤੇ ਦੂਸਰੀ ਅੰਗ੍ਰੇਜ਼, ਅਤੇ ਐਸੀ ਸਰਕਾਰ ਵਿਚ ਕੋਈ ਵੀ ਸੁਧਾਰ ਨਹੀਂ ਕੀਤਾ ਜਾ ਸਕਦਾ ਅਤੇ ਇਸਨੂੰ ਲਾਹ ਕੇ ਪਰ੍ਹੇ ਸੁਟਣਾ ਹੀ ਬਣਦਾ ਹੈ। ਇਸਨੂੰ ਬ੍ਰਿਟਿਸ਼ ਚੁੜੇਲ ਕਹਿ ਕੇ, ਨਾ ਕਿ ਬ੍ਰਿਟਿਸ਼ ਸ਼ਾਹਿਨਸ਼ਾਹਤ, ਉਹ ਆਪਣੇ ਭਾਰਤੀ ਸਰੋਤਿਆਂ ਨੂੰ ਅਪੀਲ ਕਰਦਾ ਸੀ ਕਿ ਐਸੇ ਹਾਲਾਤ ਪੈਦਾ ਕਰਨ ਵਿਚ ਸਹਾਇਤਾ ਕਰਨ ਤਾਂ ਜੋ ਜ਼ਾਲਮ ਬ੍ਰਿਟਿਸ਼ ਸਰਕਾਰ ਨੂੰ ਗੱਦੀ ਤੋਂ ਲਾਹ ਕੇ ਪਰ੍ਹੇ ਮਾਰਿਆ ਜਾ ਸਕੇ। ਉਸਦੇ ਮਨ ਵਿਚ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਅੱਗ ਭੜਕ ਰਹੀ ਸੀ ਅਤੇ ਉਸਦਾ ਮਨ ਸੀ, 1913 ਤੋਂ ਵੀ ਪਹਿਲਾਂ, ਕਿ ਭਾਰਤੀਆਂ ਦੀ ਇਕ ਇਨਕਲਾਬੀ ਪਾਰਟੀ ਬਣਾਈ ਜਾਵੇ। ਪਰ ਇਸ ਪ੍ਰਕਾਰ ਦਾ ਕੁਝ ਵੀ ਨਾ ਹੋ ਸਕਿਆ। ਉਸਦੇ ਯਤਨ ਅੰਤ ਨੂੰ ਓਦੋਂ ਹੀ ਫਲਦਾਇਕ ਹੋਏ ਜਦ ਅਮਰੀਕਾ ਅਤੇ ਕੈਨੇਡਾ ਵਿਚਲੇ ਭਾਰਤੀਆਂ ਨੇ ਆਪਣੇ ਹੀ ਤਲਖ਼ ਤਜਰਬੇ ਦੀ ਬਿਨਾ 'ਤੇ ਇਹ ਨਤੀਜਾ ਕੱਢ ਲਿਆ ਸੀ ਕਿ ਭਾਰਤ ਦੀ ਆਜ਼ਾਦੀ, ਅਤੇ ਇਕ ਇਨਕਲਾਬੀ ਸੰਗਠਨ ਜਿਹੜਾ ਇਸ ਆਜ਼ਾਦੀ ਲਈ ਸਮਰਪਿਤ ਹੋਵੇ, ਪਹਿਲਾਂ ਬਣਨਾ ਜ਼ਰੂਰੀ ਹੈ ਤਾਂ ਜੋ ਇਸਨੂੰ ਮਾਣ ਸਤਿਕਾਰ ਪ੍ਰਾਪਤ ਹੋਵੇ – ਭਾਰਤ ਵਿਚ ਵੀ ਅਤੇ ਵਿਦੇਸ਼ ਵਿਚ ਵੀ (ਦੇਖੋ ਅੰਤਿਮ ਨੋਟ 1 ਹਰਦਯਾਲ ਦੀ ਮਗਰਲੀ ਗ਼ੱਦਾਰੀ ਬਾਰੇ)।

## ਪੀ ਸੀ ਐਚ ਏ ਦਾ ਗ਼ਦਰ ਪਾਰਟੀ ਵਿਚ ਰੂਪਾਂਤਰਣ

ਪੀ ਸੀ ਐਚ ਏ ਦੇ ਸੱਦੇ ਦੇ ਹੁੰਗਾਰੇ ਵਜੋਂ, ਹਰਦਯਾਲ ਅੰਤ ਵਿਚ ਸੇਂਟ ਜਾਨ ਆ ਗਿਆ, ਮਾਰਚ 1913 ਦੇ ਆਖ਼ਰੀ ਹਫ਼ਤੇ ਵਿਚ। 25 ਮਾਰਚ ਨੂੰ ਤਕਰੀਬਨ ਸ਼ਾਮ ਦੇ 9 ਵਜੇ, ਉਸਨੇ ਪੰਜਾਬੀਅ: ਦੇ ਇਕ ਇਕੱਠ ਵਿਚ ਭਾਸ਼ਣ ਦਿੱਤਾ, ਜਿਹੜੇ ਉਸਨੂੰ ਸੁਣਨ ਲਈ ਇਕੱਠੇ ਹੋਏ ਸਨ। ਉਸਨੇ ਕਿਹਾ, ਬ੍ਰਿਟਿਸ਼ ਰਾਜ ਭਾਰਤ ਦੀਆਂ ਸਾਰੀਆਂ ਮੁਸ਼ਕਿਲਾਂ ਦੀ ਜੜ੍ਹ ਹੈ, ਜਿਸ ਤੋਂ ਮੁਕਤੀ ਪਾਉਣ ਦਾ ਹੋਰ ਕੋਈ ਢੰਗ ਨਹੀਂ ਹੈ ਸਿਵਾਏ ਬ੍ਰਿਟਿਸ਼ ਬਸਤੀਵਾਦ ਦਾ ਖ਼ਾਤਮਾ ਕਰਨ ਦੇ। ਭਾਰਤ ਨੂੰ ਆਜ਼ਾਦ ਕਰਾਉਣ ਦੀ ਜਿੰਮੇਵਾਰੀ ਕਿਰਤੀਆਂ ਅਤੇ ਕਿਸਾਨਾਂ ਦੇ ਮੋਢਿਆਂ ਤੇ ਸੀ। ਉਹੀ ਇਹ ਕੰਮ ਸਿਰੇ ਚੜ੍ਹਾ ਸਕਦੇ ਸਨ, ਬਸ਼ਰਤੇ ਕਿ ਉਹਨਾਂ ਨੂੰ ਉਹਨਾਂ ਦੇ ਇਸ ਦੇਸ਼ ਭਗਤੀ ਤੇ ਫ਼ਰਜ਼ ਤੋਂ ਜਾਣੂੰ ਕਰਾਇਆ ਜਾ ਸਕੇ। ਉਸਨੇ ਆਪਣੇ ਸਰੋਤਿਆਂ ਨੂੰ, ਵਿਸ਼ੇਸ਼ਕਰ ਪੰਜਾਬੀਆਂ ਨੂੰ ਕਿਹਾ ਕਿ ਉਹ ਭਾਰਤ ਦੀ ਆਜ਼ਾਦੀ ਲਈ ਬਹੁਤ ਕੁਝ ਕਰ ਸਕਦੇ ਹਨ, ਕਿ ਅਮਰੀਕਾ ਵਰਗੇ ਬੁਰਜੁਆ ਦੇਸ ਭਾਰਤ ਨਾਲੋਂ। ਹੁਣ ਤਕ, ਉਸਨੇ ਅੱਗੇ ਕਿਹਾ, ਭਾਰਤੀ ਲੋਕ ਉਹਨਾਂ ਨੂੰ ਗ਼ੁਲਾਮ ਬਣਾਉਣ ਵਾਲਿਆਂ ਲਈ ਅਤੇ ਦਮਨਕਾਰੀਆਂ ਦੇ ਹਿਤ ਵਿਚ ਲੜਦੇ ਰਹੇ ਹਨ। ਹੁਣ ਉਹ ਇਕ ਲੋਕਰਾਜੀ ਇਨਕਲਾਬੀ ਸੰਗਠਣ ਬਣਾਉਣ, ਜਿਸ ਵਿਚ ਨਾ ਫ਼ਿਰਕਾਪ੍ਰਸਤੀ ਹੋਵੇ ਤੇ ਨਾ ਹੀ ਗੁੱਟਬਾਜੀ, ਅਤੇ ਕੇਵਲ 1857 ਵਾਲੇ ਗ਼ਦਰ ਦੀ ਭਾਵਨਾ ਹੋਵੇ। ਉਹ ਅਮਰੀਕਾ ਵਿਚ ਤਿਆਰੀ ਕਰਨ ਤਾਂ ਜੋ ਇਨਕਲਾਬੀ ਢੰਗ ਨਾਲ ਭਾਰਤ ਵਿਚ ਬ੍ਰਿਟਿਸ਼ ਰਾਜ ਦਾ ਖ਼ਾਤਮਾ ਕੀਤਾ ਜਾ ਸਕੇ ਅਤੇ ਤਦ ਉਹ ਭਾਰਤ ਜਾਣ ਅੰਗ੍ਰੇਜ਼ਾਂ ਨੂੰ ਬਾਹਰ ਕੱਢਣ ਲਈ ਅਤੇ ਉਥੇ ਇਕ ਜਮਹੂਰੀ ਸਰਕਾਰ ਦੀ ਸਥਾਪਨਾ ਕਰਨ, ਜਿਹੜੀ ਉਸਦੇ ਹਰ ਸ਼ਹਿਰੀ ਲਈ ਬਰਾਬਰ ਦਾ, ਭਾਵ ਇਕੋ ਜਿਹਾ ਸਲੂਕ ਕਰੇ ਭਾਵੇ ਉਸਦਾ ਕੋਈ ਮਜ਼ਹਬ, ਜਾਤ ਜਾਂ ਰੰਗ ਹੋਵੇ।

ਇਹ ਵੱਡਾ ਵਿਦਵਾਨ ਅਤੇ ਬੁਲਾਰਾ, ਜਿਹੜਾ ਆਪਣੇ ਸਰੋਤਿਆਂ ਨੂੰ ਪ੍ਰੇਰਿਤ ਕਰਦਾ ਸੀ ਅਤੇ ਉਹਨਾਂ ਵਿਚ ਉੱਜਲ ਭਵਿੱਖ ਲਈ ਭਰੋਸਾ ਭਰਦਾ ਸੀ, ਜਿਸਨੇ ਉਹਨਾਂ ਨੂੰ ਅਮਲੀ ਦਲੀਲਾਂ ਦੇ ਕੇ ਮਨਾਇਆ ਸੀ ਕਿ ਉਸਦੀ ਤਜਵੀਜ਼ ਨੂੰ ਮੰਨ ਕੇ ਉਰਦੂ ਅਤੇ ਪੰਜਾਬੀ ਵਿਚ ਇਕ ਹਫ਼ਤਾਵਾਰੀ ਪਰਚਾ ਕਢਿਆ ਜਾਵੇ ਜਿਸ ਵਿਚ ਇਨਕਲਾਬੀ ਪ੍ਰਾਪੇਗੰਡਾ ਛਾਪਿਆ ਜਾਵੇ ਭਾਰਤੀਆਂ ਵਾਸਤੇ ਤਾਂ ਜੋ ਉਹ ਭਾਰਤ ਨੂੰ ਅੰਗ੍ਰੇਜ਼ੀ ਹਕੂਮਤ ਦੇ ਵੱਡੇ ਬੂਟਾਂ ਦੇ ਤਲਵਿਆਂ ਹੇਠੋਂ ਕੱਢ ਸਕਣ। ਉਸਨੇ ਇਹ ਸਲਾਹ ਦਿੱਤੀ ਸੀ ਕਿ ਹਫ਼ਤਾਵਾਰੀ ਪਰਚੇ ਦਾ ਨਾਮ 'ਗ਼ਦਰ' ਰਖਿਆ ਜਾਵੇ, ਆਜ਼ਾਦੀ ਦੀ ਪਹਿਲੀ ਲੜਾਈ ਦੇ ਯੋਧਿਆਂ ਦਾ ਸਨਮਾਨ ਕਰਨ ਲਈ ਅਤੇ ਉਹਨਾਂ ਦੀ ਵਿਰਾਸਤ ਨੂੰ ਅੱਗੇ ਲੈ ਜਾਣ ਵਾਸਤੇ। ਗ਼ਦਰ ਹੈੱਡਮਾਸਟਰ (ਮੁਖ ਦਫ਼ਤਰ), ਜਿਸਦਾ ਨਾਮ "ਯੁਗਾਂਤਰ ਆਸ਼ਰਮ" ਰੱਖਣਾ ਸੀ ਸਾਨਫ਼ਰਾਂਸਿਸਕੋ ਵਿਚ ਹੋਣਾ ਸੀ। ਪਾਰਟੀ, ਇਸਦੇ ਹਫ਼ਤਾਵਾਰੀ ਪਰਚੇ ਦੇ ਨਾਮ 'ਤੇ ਗ਼ਦਰ ਪਾਰਟੀ ਕਹਾਉਣ ਲੱਗ ਪਈ ਅਤੇ ਇਸਦਾ ਹੈਡਕੁਆਟਰ ਵੀ ਗ਼ਦਰ ਆਸ਼ਰਮ ਕਿਹਾ ਜਾਣ ਲੱਗਾ।

ਇਹਨਾਂ ਬਹੁਤ ਅਹਿਮ, ਪਰ ਅਜੇ ਅਸਥਾਈ, ਫ਼ੈਸਲਿਆਂ ਨਾਲ, ਇਹ ਮੰਨ ਲਿਆ ਗਿਆ ਕਿ ਭਾਰਤੀ ਕਿਰਤੀਆਂ ਦੇ ਚੁਣੇ ਹੋਏ ਪ੍ਰਤੀਨਿਧੀਆਂ, ਜੋ ਔਰੇਗਨ ਦੀ ਸਟੇਟ ਵਿਚ ਮਜ਼ਦੂਰੀ ਕਰਦੇ ਸਨ, ਦੀ ਮਨਜ਼ੂਰੀ ਲੈ ਲਈ ਜਾਵੇ। ਕਈ ਸ਼ਹਿਰਾਂ ਵਿਚ ਕਈ ਮੀਟਿੰਗਾਂ ਕਰਨ ਮਗਰੋਂ, ਜਿਹਨਾਂ ਵਿਚ ਸਾਰੀ ਯੋਜਨਾ ਪੂਰੀ ਤਰ੍ਹਾਂ ਹਰਦਯਾਲ ਅਤੇ ਤਿੰਨ ਅਫ਼ਸਰਾਂ ਨੇ ਸਮਝਾਈ

ਸੀ, ਇਕ ਡੈਲੀਗੇਟਾਂ ਦੀ ਮੀਟਿੰਗ 21 ਸਿਤੰਬਰ 1913 ਨੂੰ ਅਸਟੋਰੀਆ ਵਿਖੇ ਕੀਤੀ ਗਈ, ਜਿਸ ਵਿਚ ਹਰਦਯਾਲ ਨੇ ਆਪਣੇ ਸੁਝਾਵਾਂ ਦਾ ਖ਼ੁਲਾਸਾ ਇਕ ਪ੍ਰਕਾਰ ਕੀਤਾ –

* ਸੰਗਠਨ ਦਾ ਨਾਮ ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੀਫ਼ਿਕ ਕੋਸਟ ਆਫ਼ ਅਮਰੀਕਾ ਰਖਿਆ ਜਾਵੇ ਜਿਹੜਾ ਮਗਰੋਂ ਗ਼ਦਰ ਪਾਰਟੀ ਕਰਕੇ ਜਾਣਿਆ ਜਾਣ ਲੱਗਾ।
* ਐਸੋਸੀਏਸ਼ਨ ਦਾ ਮੰਤਵ ਸੀ ਭਾਰਤ ਨੂੰ ਅੰਗ੍ਰੇਜ਼ ਦੇ ਜੂਲੇ ਤੋਂ ਆਜ਼ਾਦ ਕਰਾਉਣਾ, ਹਥਿਆਰਬੰਦ ਸੰਘਰਸ਼ ਦੁਆਰਾ, ਅਤੇ ਇਸਦੀ ਥਾਂ ਕੌਮੀ ਸਰਕਾਰ ਬਣਾਉਣੀ ਜਿਸ ਵਿਚ ਬਰਾਬਰੀ ਹੋਵੇ ਅਤੇ ਇਨਸਾਫ਼ ਹੋਵੇ।
* ਪਾਰਟੀ ਇਕ ਹਫ਼ਤਾਵਾਰੀ ਪਰਚਾ ਪ੍ਰਕਾਸ਼ਤ ਕਰੇ – *ਗ਼ਦਰ* – ਉਰਦੂ, ਪੰਜਾਬੀ ਅਤੇ ਹਿੰਦੀ ਵਿਚ।
* ਸੰਗਠਨ ਦਾ ਹੈਡਕੁਆਟਰ ਸਾਨਫ਼ਰਾਂਸਿਸਕੋ ਵਿਚ ਹੋਵੇ – ਜੋ ਬੰਦਰਗਾਹ ਸੀ ਅਤੇ ਇਨਕੱਲਾਬੀ ਕੇਂਦਰ।
* ਜਿਹੜੇ ਲੋਕ ਪਾਰਟੀ ਦੇ ਦਫ਼ਤਰ ਵਿਚ ਅਤੇ ਗ਼ਦਰ ਲਈ ਕੰਮ ਕਰਨ ਉਹ ਕੋਈ ਮੁਆਵਜ਼ਾ (ਤਨਖ਼ਾਹ) ਨਾ ਲੈਣ।
* ਪਾਰਟੀ ਦਾ ਹਰ ਮੈਂਬਰ ਹਰ ਮਹੀਨੇ ਇਕ ਡਾਲਰ ਮੈਂਬਰਸ਼ਿਪ ਫ਼ੀਸ ਵਜੋਂ ਦੇਵੇ।
* ਹਰ ਫ਼ੈਕਟਰੀ ਜਾਂ ਕਾਰਜਸ਼ਾਲਾ, ਜਿੱਥੇ ਭਾਰਤੀ ਕੰਮ ਕਰਦੇ ਹਨ, ਵਿੱਚ ਇਕ ਚੁਣੀ ਹੋਈ ਕਮੇਟੀ ਹੋਵੇ ਜਿਹੜੀ ਪਾਰਟੀ ਦੀ ਐਗਜ਼ੈਕਟਿਵ ਨਾਲ ਜੁੜੀ ਹੋਵੇ।
* ਡੈਲੀਗੇਟਾਂ ਦੁਆਰਾ ਚੁਣੀ ਹੋਈ ਕਮੇਟੀ ਹਫ਼ਤਾਵਾਰੀ ਪਰਚੇ, ਪ੍ਰੈਸ ਅਤੇ ਹੋਰ ਕੰਮਾਂ ਲਈ ਜ਼ਿੰਮੇਵਾਰ ਹੋਵੇ।
* ਚੁਣੀ ਹੋਈ ਕਮੇਟੀ ਆਪਣੇ ਮੈਂਬਰਾਂ ਵਿਚੋਂ ਹੀ ਇਕ ਤਿੰਨ ਮੈਂਬਰੀ ਕਮਿਸ਼ਨ ਦੀ ਚੋਣ ਕਰੇ, ਜਿਸਦੀ ਪੁਲੀਟੀਕਲ ਅਤੇ ਖ਼ੁਫ਼ੀਆ ਕੰਮ ਦੀ ਜ਼ਿੰਮੇਵਾਰੀ ਹੋਵੇ।
* ਧਰਮ ਹਰ ਇਕ ਮੈਂਬਰ ਦਾ ਆਪਣਾ ਵਿਅਕਤੀਗਤ ਮਾਮਲਾ ਹੋਵੇ ਤੇ ਧਾਰਮਿਕ ਸਵਾਲਾਂ 'ਤੇ ਕੋਈ ਗੱਲ ਬਾਤ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।
* ਹਰ ਮੈਂਬਰ ਦੀ ਇਹ ਪੱਕੀ ਡਿਉਟੀ ਹੋਵੇਗੀ ਕਿ ਉਹ ਗ਼ੁਲਾਮੀ ਦੇ ਖ਼ਿਲਾਫ਼ ਲੜੇ ਅਤੇ ਸੰਘਰਸ਼ ਦੀ ਹਿਮਾਇਤ ਕਰੇ ਜਿੱਥੇ ਵੀ ਇਹ ਹੋ ਰਿਹਾ ਹੋਵੇ।
* ਪਾਰਟੀ ਨਾਲ ਜੁੜੀਆਂ ਸੰਸਥਾਵਾਂ (ਬਾਡੀਜ਼) ਦਾ ਹਰ ਸਾਲ ਇਲੈਕਸ਼ਨ ਹੋਵੇ।

ਉਪਰੋਕਤ ਤਜਵੀਜ਼ਾਂ ਇਕ ਮਤੇ ਨਾਲ ਪਾਸ ਕੀਤੀਆਂ ਗਈਆਂ, ਖ਼ੁਸ਼ੀ ਵਿਚ ਮਾਰੀਆਂ ਤਾਲੀਆਂ ਨਾਲ।

ਫੇਰ ਉਸ ਮੀਟਿੰਗ ਵਿਚ ਇਕ ਅੱਠ ਮੈਂਬਰੀ ਕਮੇਟੀ ਦੀ ਚੋਣ ਹੋਈ ਜਿਸਦੇ ਪ੍ਰਧਾਨ ਸੋਹਣ ਸਿੰਘ ਭਕਨਾ, ਲਾਲਾ ਹਰਦਯਾਲ ਜਨਰਲ ਸੈਕਟਰੀ ਅਤੇ ਪੰਡਿਤ ਕਾਂਸ਼ੀ ਰਾਮ ਖ਼ਜ਼ਾਨਚੀ ਬਣੇ। ਇਹੋ ਤਿੰਨੇ ਕਮਿਸ਼ਨ ਦੇ ਮੈਂਬਰ ਵੀ ਚੁਣੇ ਗਏ ਜਿਸ ਨੇ ਪਾਰਟੀ ਦੇ ਖ਼ੁਫ਼ੀਆ ਅਤੇ ਗੁਪਤ ਕੰਮਾਂ ਦਾ ਚਾਰਜ ਲਿਆ।

ਫ਼ੰਡ ਇਕੱਠੇ ਕਰਨ ਦੀ ਅਪੀਲ ਮਗਰੋਂ, ਥਾਂ 'ਤੇ ਹੀ ਦਸ ਹਜ਼ਾਰ ਡਾਲਰ ਇਕੱਠੇ ਹੋ ਗਏ।

## 1 ਨਵੰਬਰ 1913 - *ਗ਼ਦਰ ਦਾ ਜਨਮ*

ਸੰਗਠਨ ਨੂੰ ਕੰਮ ਸ਼ੁਰੂ ਕਰਨ ਲਈ ਕੁਝ ਸਮਾਂ ਲੱਗਾ। ਅੰਤ ਵਿਚ ਗ਼ਦਰ ਦਾ ਪਹਿਲਾ ਉਰਦੂ ਅੰਕ ਛਪਿਆ, ਸੱਤ ਮਹੀਨੇ ਦੀ ਦੇਰ ਮਗਰੋਂ, 1 ਨਵੰਬਰ 1913 ਨੂੰ। ਇਸੇ ਤਰੀਕ ਤੋਂ ਹੀ ਗ਼ਦਰ ਪਾਰਟੀ ਦਾ ਜਨਮ ਵੀ ਲੱਭਿਆ ਜਾ ਸਕਦਾ ਹੈ। – ਐਸੀ ਤਰੀਕ ਜਿਸ ਨਾਲ ਸਹੀ ਅਰਥਾਂ ਵਿਚ ਭਾਰਤੀਆਂ ਦੀ ਆਜ਼ਾਦੀ ਦੇ ਬਾਸਤੀਵਾਦ ਦੇ ਵਿਰੁੱਧ ਸੰਘਰਸ਼ ਦਾ ਆਧੁਨਿਕ ਪੜਾਅ ਸ਼ੁਰੂ ਹੁੰਦਾ ਹੈ। 1857 ਦੇ ਗ਼ਦਰ ਨੂੰ ਅਤੇ ਇਸਦੀ ਵਿਰਾਸਤ ਨੂੰ ਜਾਰੀ ਰੱਖਦੇ ਹੋਏ, ਗ਼ਦਰ ਲਹਿਰ ਨੇ ਇਕ ਵੱਡਾ ਕਦਮ ਅਗਾਂਹ ਵੱਲ ਪੁਟਿਆ।

*ਗ਼ਦਰ* ਬ੍ਰਿਟਿਸ਼ ਸਾਮਰਾਜ ਦਾ ਸਭ ਤੋਂ ਵੱਧ ਖੂੰਖਾਰ ਦੁਸ਼ਮਣ ਸੀ ਅਤੇ ਉਸ ਸਮੇਂ ਦੇ ਸਰਵਉੱਤਮ ਬੁੱਧੀਜੀਵੀ, ਹਰਦਯਾਲ, ਦੁਆਰਾ ਇਸਦਾ ਸੰਪਾਦਨ ਹੁੰਦਾ ਸੀ, ਜਿਸਨੂੰ ਸਭ ਤੋਂ ਵੱਧ ਅੰਗ੍ਰਜ਼ੀ ਡਿਪਲੋਮੇਸੀ ਦੇ ਦਾਅ ਪੇਚਾਂ ਦਾ ਪਤਾ ਸੀ ਕਿ, ਨਾਲ ਹੀ ਪਾਖੰਡ, ਧੋਖੇਬਾਜ਼ੀ ਅਤੇ ਗ਼ੱਦਾਰੀ ਦਾ ਵੀ, ਜੋ ਰਾਜ ਕਰ ਰਹੇ ਬ੍ਰਿਟਿਸ਼ ਆਚਰਣ ਦੇ ਸਹੀ ਅੰਗ ਸਨ। ਉਹ ਇਹ ਵੀ ਜਾਣਦਾ ਸੀ, ਕਿ ਬ੍ਰਿਟਿਸ਼ ਰਾਜ ਦੇ ਜ਼ੁਲਮ ਸਿਤਮ ਨੂੰ ਕਿਸ ਤਰ੍ਹਾਂ ਨੰਗਾ ਕੀਤਾ ਜਾਵੇ ਜਿਸ ਨਾਲ ਉਹ ਭਾਰਤ ਉੱਪਰ ਦਮਨ ਚੱਕਰ ਚਲਾ ਰਹੇ ਸਨ।

*ਗ਼ਦਰ* ਦੇ ਪਹਿਲੇ ਅੰਕ ਵਿਚ ਦਲੇਰੀ ਨਾਲ ਐਲਾਨ ਕੀਤਾ ਗਿਆ

*"ਭਾਰਤ ਦੇ ਇਤਿਹਾਸ ਵਿਚ ਅੱਜ ਇਕ ਨਵਾਂ ਯੁਗ ਸ਼ੁਰੂ ਹੁੰਦਾ, 1 ਨਵੰਬਰ, 1913 ਨੂੰ ਕਿਉਂਕਿ ਵਿਦੇਸ਼ੀ ਧਰਤੀ ਤੇ ਸਾਡੀ ਆਪਣੀ ਭਾਸ਼ਾ ਵਿਚ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਜੰਗ ਸ਼ੁਰੂ ਹੁੰਦੀ ਹੈ. . .*

*"ਸਾਡਾ ਨਾਮ ਕੀ ਹੈ? .. . . ਗ਼ਦਰ (ਬਗਾਵਤ, ਮਿਉਟਿਨੀ)।*

*"ਸਾਡਾ ਕੰਮ ਕੀ ਹੈ?. . . . ਮੁਖਾਲਫ਼ਤ ਵਿਚ ਉੱਪਰ ਉਠਣ ਦਾ ਪ੍ਰਦਰਸ਼ਨ*

*"ਇਹ ਪ੍ਰਦਰਸ਼ਨ ਕਿੱਥੇ ਕੀਤਾ ਜਾਵੇਗਾ ? .. . . ਭਾਰਤ ਵਿਚ*

*" ਇਹ ਕਦ ਛਿੜੇਗਾ? . . . . . . ਥੋੜ੍ਹੇ , ਸਾਲਾਂ ਵਿਚ ਹੀ*

*"ਕਿਉਂ? ਕਿਉਂਕਿ ਲੋਕ ਹੋਰ ਦੇਰ ਤਕ ਜਬਰ ਅਤੇ ਜ਼ੁਲਮ ਨਹੀਂ ਸਹਿ ਸਕਦੇ ਜੋ ਬ੍ਰਿਟਿਸ਼ ਰਾਜ ਵਿਚ ਉਹਨਾਂ ਉੱਪਰ ਹੋ ਰਿਹਾ ਹੈ ਅਤੇ ਆਜ਼ਾਦੀ ਲਈ ਲੜਨ ਅਤੇ ਮਰਨ ਲਈ ਤਿਆਰ ਹਨ। ਇਹ ਹਰ ਭਾਰਤੀ ਦਾ ਫ਼ਰਜ਼ ਹੈ ਕਿ ਇਸ ਬਗ਼ਾਵਤ ਲਈ ਤਿਆਰੀ ਕਰੇ।"*

ਲਗਭਗ ਮਾਰਕਸੀ ਸ਼ਬਦਾਵਲੀ ਵਿਚ, ਅੱਗੇ ਕਿਹਾ ਗਿਆ– *"ਉਹ ਸਮਾਂ ਛੇਤੀ ਹੀ ਆਵੇਗਾ ਜਦ ਬੰਦੂਕਾਂ ਅਤੇ ਲਹੂ, ਕਲਮਾਂ ਅਤੇ ਸਿਆਹੀ ਦੀ ਥਾਂ ਲੈ ਲੈਣਗੇ"*

ਇਸਨੇ ਜਰਮਨੀ ਵੱਲ ਆਜ਼ਾਦੀ ਦੀ ਲੜਾਈ ਦੀ ਹਿਮਾਇਤ ਲਈ ਤੱਕਿਆ " . . . . *ਕਿਉਂਕਿ ਉਹ (ਜਰਮਨ) ਅਤੇ ਸਾਡਾ ਸਾਂਝਾ ਦੁਸ਼ਮਣ ਹੈ. . . ਜਰਮਨੀ ਸਾਡੀ ਸਹਾਇਤਾ ਲੈ ਸਕਦਾ ਹੈ ਅਤੇ ਇਹ ਸਾਨੂੰ ਵੀ ਵੱਡੀ ਸਹਾਇਤਾ ਦੇ ਸਕਦਾ ਹੈ।*

ਗ਼ਦਰ ਦੇ ਪ੍ਰਕਾਸ਼ਿਤ ਹੋਣ ਨਾਲ, ਭਾਰਤੀ ਪਰਵਾਸੀਆਂ ਦੀ ਚੇਤਨਾ ਵਿਚ ਇਕ ਵੱਡੀ ਤਬਦੀਲੀ ਆ ਗਈ। ਛੋਟੇ-ਛੋਟੇ ਝਗੜਿਆਂ ਅਤੇ ਗਿਲੇ ਸ਼ਿਵਿਆਂ ਦੀ ਥਾਂ ਭਾਈਚਾਰੇ ਅਤੇ ਏਕੇ ਦੀ ਭਵਨਾ ਨੇ ਲੈ ਲਈ। ਪੁਰਾਣੀ ਖ਼ੁਦਗਰਜ਼ੀ ਦੀ ਜਗ੍ਹਾ, ਬੇਗ਼ਰਜ਼ੀ ਅਤੇ ਕੁਰਬਾਨੀ ਨੇ ਲੈ ਲਈ ਅਤੇ ਆਜ਼ਾਦੀ ਪ੍ਰਾਪਤ ਕਰਨ ਦੀ ਉਗਰ ਭਾਵਨਾ ਜਾਗ ਪਈ। ਬਹੁਤ ਵੱਡੀ ਗਿਣਤੀ

ਵਿਚ ਭਾਰਤੀ ਪਰਵਾਸੀ ਤਕੜੇ ਇਨਕਲਾਬੀ ਬਣ ਗਏ, ਆਜ਼ਾਦੀ ਵਾਸਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ।

ਕੈਨੇਡਾ ਅਤੇ ਯੂ ਐਸ ਦੁਆਰਾ ਬੰਦਸ਼ੀ, ਵਿਤਕਰੇ ਭਰਪੂਰ ਅਤੇ ਨਸਲੀ ਭੇਦ ਦੀਆਂ ਨੀਤੀਆਂ, ਅਤੇ ਪਰਦੇ ਪਿੱਛੇ ਬ੍ਰਿਟਿਸ਼ ਸਰਕਾਰ ਦੀਆਂ ਕਰਤੂਤਾਂ ਜਿਹਨਾਂ ਨਾਲ ਅਤਿ ਦੁਖੀ ਕਰਨ ਵਾਲੇ ਹਾਲਾਤ ਪੈਦਾ ਕੀਤੇ ਗਏ ਸਨ, ਨੇ ਹਜ਼ਾਰਾਂ ਭਾਰਤੀਆਂ ਨੂੰ ਜੋ ਰੁਜ਼ਗਾਰੀ ਦੀ ਖ਼ਾਤਰ ਘੁੰਮ ਰਹੇ ਸਨ – ਫਿਲਪਾਇਨ ਤੋਂ ਚੀਨ, ਜਾਪਾਨ, ਮਲਾਇਆ ਦੀਆ ਰਿਆਸਤਾਂ ਅਤੇ ਨਿਊਜ਼ੀਲੈਂਡ, ਅਰਜਨਟਾਇਨਾ ਤੋਂ ਪਾਨਾਮਾ, ਯੂ ਐਸ ਅਤੇ ਕੈਨੇਡਾ ਪਰ ਕਿਤੇ ਵੀ ਉਹਨਾਂ ਦਾ ਸਾਵਾਗਤ ਨਹੀਂ ਸੀ ਹੁੰਦਾ। ਉਹਨਾਂ ਦਾ ਇਸ ਤਰਾਂ ਐਨੀਆਂ ਥਾਵਾਂ 'ਤੇ ਘੁਮੰਣ ਨਾਲ ਗ਼ਦਰ ਪਾਰਟੀ ਲਈ ਇਹਨਾਂ ਅਤੇ ਹੋਰ ਥਾਵਾਂ 'ਤੇ ਗ਼ਦਰ ਸੰਗਠਨ ਖ੍ਹੋਲਣ ਦਾ ਚੰਗਾ ਅਵਸਰ ਮਿਲਿਆ। ਕਿਰਤੀਆਂ ਨਾਲ ਉਹਨਾਂ ਦੇ ਸੰਪਰਕ ਦੁਆਰਾ, ਪੰਜਾਬੀ ਕਿਸਾਨਾਂ ਨੇ, ਜਿਹੜੇ ਬ੍ਰਿਟਿਸ਼ ਫ਼ੌਜ ਦੇ ਸਾਬਕਾ ਸਿਪਾਹੀ ਸਨ ਕਈ ਥਾਂਵਾਂ ਦੇ ਇਨਕਲਾਬੀਆਂ ਨਾਲ ਗੂੜ੍ਹੇ ਸੰਬੰਧ ਕਾਇਮ ਕਰ ਲਏ, ਜਿਹੜੇ ਸਾਮਰਾਜਵਾਦ ਅਦੇ ਉਸਦੇ ਪਿੱਠੂਆਂ ਦੇ ਵਿਰੁੱਧ ਸੰਘਰਸ਼ ਕਰ ਰਹੇ ਸਨ।

*ਗ਼ਦਰ* ਦੇ ਛਪਣ ਨਾਲ ਭਾਰਤੀ ਪਰਵਾਸੀਆਂ ਵਿਚ ਤੂਫ਼ਾਨ ਮਚ ਗਿਆ ਕਿਉਂਕਿ ਇਹ ਉਹਨਾਂ ਦੀ ਇੱਛਾ ਦੀ ਪ੍ਰਤਿਨਿਧਤਾ ਕਰਦਾ ਸੀ। ਜਿੱਥੇ ਵੀ ਇਹ ਪਹੁੰਚਦਾ, ਉਥੇ ਹੀ ਉਸੇ ਵੇਲੇ ਗ਼ਦਰ ਇਕਾਈਆਂ ਸਥਾਪਿਤ ਹੋਣ ਲੱਗ ਪਈਆਂ। ਪਹਿਲੇ ਅੰਕ ਦੇ ਕੁਝ ਮਹੀਨਿਆਂ ਵਿਚ ਹੀ, ਇਸ ਦਾ ਨਾਮ ਘਰ ਘਰ ਲਿਆ ਜਾਣ ਲੱਗ ਪਿਆ, ਅਤੇ ਇਸਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ, ਨਵੇਂ ਛਾਪੇਖ਼ਾਨੇ ਦੇ ਪ੍ਰਬੰਧ ਕਰਨੇ ਪਏ। ਭਾਵੇਂ ਇਹ ਪਰਚਾ ਮੁਫ਼ਤ ਹੀ ਭੇਜਿਆ ਜਾਂਦਾ ਸੀ, ਹਰ ਕਿਸੇ ਨੂੰ ਜੋ ਮੰਗਦਾ ਸੀ, ਇਸ ਲਈ ਪੈਸੇ ਦੀ ਕੋਈ ਕਮੀ ਨਹੀਂ ਸੀ ਕਿਉਂਕਿ ਪਾਠਕ ਇਸ ਲਈ ਖੁੱਲੇ ਦਿਲ ਨਾਲ ਦਾਨ ਦਿੰਦੇ ਸਨ ਜੋ ਇਸਦਾ ਪ੍ਰਕਾਸ਼ਨ ਜਾਰੀ ਰਹੇ।

*ਗ਼ਦਰ* ਦਾ ਪਹਿਲਾ ਪੰਜਾਬੀ ਅੰਕ 8 ਦਿਸੰਬਰ 1913 ਨੂੰ ਪ੍ਰਕਾਸ਼ਿਤ ਹੋਇਆ। ਉਰਦੂ ਅਤੇ ਪੰਜਾਬੀ ਰੂਪ ਦੇ ਪਰਚਿਆਂ ਦੀ ਪੱਕੇ ਤੌਰ 'ਤੇ ਇਹ ਵਿਸ਼ੇਸ਼ਤਾ ਹੁੰਦੀ ਕਿ ਐਸੇ ਵਿਸ਼ਿਆਂ 'ਤੇ ਲੇਖ ਛਪਦੇ 'ਐਕਸਪੋਜ਼ਰ ਸ਼ੀਟ (ਪ੍ਰਗਟਾਵ ਪੰਨਾ)', ਐਵੀਡੈਂਸ ਆਫ਼ ਸਟੈਟਿਸਟਿਕਸ (ਅੰਕੜਿਆਂ ਦੀ ਗਵਾਹੀ) ਅਤੇ '1857 ਦੇ ਗ਼ਦਰ ਦਾ ਇਤਿਹਾਸ'। ਪਹਿਲੇ ਦੋ ਸਿਰਲੇਖਾਂ ਹੇਠ ਬ੍ਰਿਟਿਸ਼ ਸਾਮਰਾਜ ਦੁਆਰਾ ਭਾਰਤੀਆਂ ਦਾ ਸੋਸ਼ਣ ਅਤੇ ਖੁਲ੍ਹਮ ਖੁੱਲ੍ਹਾ ਲੁੱਟ ਨੂੰ ਚੰਗੀ ਤਰਾਂ ਨੰਗਿਆਂ ਕੀਤਾ ਜਾਂਦਾ ਸੀ ਜਿਸਦੇ ਫਲਸਰੂਪ ਬੀਮਾਰਆਂ ਵਧਦੀਆਂ ਸਨ ਅਤੇ 'ਕਾਲ ਪੈਂਦੇ ਸਨ। ਨਾਲ ਹੀ ਭਾਰਤੀਆਂ ਵਾਸਤੇ ਬੁਨਿਆਦੀ ਆਜ਼ਾਦੀ ਮਾਨਣ ਦਾ ਬ੍ਰਿਟਿਸ਼ ਅਧਿਕਾਰੀਆਂ ਵੱਲੋਂ ਇਨਕਾਰ ਸੀ ਅਤੇ ਬਹੁਤ ਹੀ ਜ਼ੁਲਮ ਅਤੇ ਬੇਰਿਹਮੀ ਨਾਲ ਭਾਰਤ ਉੱਪਰ ਰਾਜ ਕੀਤਾ ਜਾ ਰਿਹਾ ਸੀ। ਤੀਸਰਾ ਵਿਸ਼ਾ ਹੁੰਦਾ ਸੀ 1857 ਦੇ ਸੰਬੰਧ ਵਿਚ, ਜਿਹੜਾ ਬਹੁਤਾ ਕਰਕੇ ਬਹੁਤ ਅਹਿਮ ਹੁੰਦਾ ਸੀ ਕਿਉਂਕਿ ਇਸ ਨਾਲ ਆਜ਼ਾਦੀ ਦੀ ਪਹਿਲੀ ਲੜਾਈ ਵਿਚ ਦਿਖਾਈ ਵੀਰਤਾ ਵੱਲ ਪਾਠਕਾਂ ਦਾ ਧਿਆਨ ਖਿਚਿਆ ਜਾਂਦਾ ਸੀ, ਉਹਨਾਂ ਨੂੰ ਚੇਤੇ ਕਰਾਇਆ ਜਾਂਦਾ ਸੀ ਕਿ ਕਿਵੇਂ ਭਾਰਤੀ ਲੋਕਾਂ ਨੇ, ਫ਼ੌਜ ਦੇ ਸਿਪਾਹੀਆਂ ਨੇ ਇਨਕਲਾਬੀ ਢੰਗ ਨਾਲ ਆਪਣੀ ਭੂਮਿਕਾ ਨਿਭਾਈ ਸੀ, ਦੇਸ਼ ਭਗਤੀ ਦਾ ਉਤਮ ਨਮੂਨਾ ਪੇਸ਼ ਕੀਤਾ ਸੀ ਤੇ ਵਿਦੇਸ਼ੀ ਸਰਕਾਰ ਨੂੰ ਪਰ੍ਹੇ ਸੁੱਟਣ ਵਿਚ ਲਗਭਗ ਸਫਲ ਵੀ ਹੋ ਗਏ ਸਨ, ਅਤੇ ਨਾਲ ਹੀ ਉਹਨਾਂ ਦਾ ਧਿਆਨ ਉਸ ਅਹਿਮ ਸਮੇਂ ਦੀ ਹਿੰਦੂ-ਮੁਸਲਿਮ ਏਕਤਾ ਵੱਲ ਵੀ ਲਿਆਇਆ ਜਾਂਦਾ ਸੀ ਕਿ ਜੇ ਗ਼ਦਾਰ ਸਿੱਖ ਰਾਜੇ ਵਿਸ਼ੇਸ਼

ਕਰ, ਅਤੇ ਹੋਰ ਵੀ ਦੇਸੀ ਰਾਜੇ ਆਮ ਤੌਰ 'ਤੇ, ਅੰਗ੍ਰੇਜ਼ਾਂ ਦਾ ਸਾਥ ਦੇ ਕੇ ਲੋਕਾਂ ਨਾਲ ਧੋਖਾ ਨਾ ਕਰਦੇ, ਭਾਰਤ ਵਿਚੋਂ ਅੰਗ੍ਰੇਜ਼ੀ ਰਾਜ ਨੱਬੇ ਸਾਲ ਪਹਿਲਾਂ ਖ਼ਤਮ ਹੋ ਜਾਣਾ ਸੀ।

*ਗ਼ਦਰ* ਲਗਾਤਾਰ ਹਿੰਦੂ-ਮੁਸਲਿਮ ਏਕਤਾ ਪੁਰ ਜ਼ੋਰ ਦੇਂਦਾ ਰਿਹਾ। ਮਸਲਾ ਇਹ ਨਹੀਂ ਸੀ, ਇਹ ਕਹਿੰਦਾ, ਕਿ ਹਿੰਦੂ ਮੁਸਲਮਾਨਾਂ ਦੇ ਖ਼ਿਲਾਫ਼ ਸਨ, ਸਗੋਂ ਹਿੰਦੂ ਅਤੇ ਮੁਸਲਮਾਨ ਭਾਰਤੀਆਂ ਦਾ ਸ਼ੋਸ਼ਣ ਕਰਨ ਵਾਲੇ ਬ੍ਰਿਟੇਨ ਦੇ ਖ਼ਿਲਾਫ਼ ਸਨ।

ਗ਼ਦਰ ਦਾ ਪਾਠਕ ਵਰਗ ਕੇਵਲ ਕੈਨੇਡਾ ਅਤੇ ਯੂ ਐਸ ਤਕ ਸੀਮਤ ਨਹੀਂ ਸੀ। ਇਹ ਸਾਰੇ ਦੇਸਾਂ ਵਿਚ ਪੁੱਜਦਾ ਸੀ ਜਿੱਥੇ ਵੀ ਭਾਰਤੀ ਕਿਰਤੀ ਰਹਿੰਦੇ ਸਨ। ਇਸਦੇ ਵੱਡੇ ਵੱਡੇ ਬੰਡਲ ਬਣਾ ਕੇ ਇਹ ਹਾਂਗ ਕਾਂਗ, ਸ਼ੰਘਾਈ, ਮਲਾਇਆ ਦੀਆਂ ਰਿਆਸਤਾਂ, ਪਨਾਂਗ, ਸਿੰਘਾਪੁਰ, ਫਿਲੀਪਾਈਨਜ਼, ਸਿਆਮ (ਥਾਈਲੈਂਡ), ਅਰਜਟੀਨਾ, ਬਰਮਾ, ਇੰਡੋਨੇਸ਼ੀਆ, ਵੀਆਨਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਦੱਖਣੀ ਅਫ਼ਰੀਕਾ ਭੇਜਿਆ ਜਾਂਦਾ ਸੀ।

ਹੋਰ ਪਰਚੇ ਵੀ ਸਨ ਜਿਹੜੇ ਵਿਦੇਸ਼ਾਂ ਵਿਚ ਭਾਰਤੀਆਂ ਵੱਲੋਂ ਕੱਢੇ ਗਏ ਸਨ ਗ਼ਦਰ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਜਿਹੜੇ ਵਿਰੋਧ-ਪ੍ਰਗਟਾਵਾ ਕਰਦੇ ਸਨ। ਪਰ ਜੋ ਇਸਦੇ ਵਿਚ ਇਨਕਲਾਬੀ ਭਾਵਨਾ ਸੁਸੱਜਿਤ ਹੁੰਦੀ ਸੀ, ਇਸਦੀ ਪਹੁੰਚ ਦਾ ਦਾਇਰਾ, ਅਤੇ ਜਨ ਅੰਦੋਲਨ ਜੋ ਇਸਨੇ ਪੈਦਾ ਕਰਨ ਵਿਚ ਸਹਾਇਤਾ ਕੀਤੀ, ਪਹਿਲੇ ਸਾਰੇ ਹੀ ਯਤਨਾਂ ਤੋਂ ਅੱਗੇ ਲੰਘ ਗਿਆ। ਇਹ ਭਾਰਤੀਆਂ, ਵਿਸ਼ੇਸ਼ਕਰ ਬ੍ਰਿਟਿਸ਼ ਫ਼ੌਜ ਦੇ ਸਿਪਾਹੀਆਂ ਵਿਚ ਇਸ ਗੱਲ 'ਤੇ ਜ਼ੋਰ ਪਾ ਕੇ ਉਹਨਾਂ ਨੂੰ ਪ੍ਰਭਾਵਿਤ ਕਰਦਾ ਸੀ ਕਿ ਉਹ ਬ੍ਰਿਟਿਸ਼ ਰਾਜ ਦੇ ਵਿਰੁੱਧ ਬਗ਼ਾਵਤ ਵਿਚ ਉੱਠ ਪੈਣ। ਇਹ ਪਰਚਾ ਬਹੁਤ ਵੱਡੀ ਗਿਣਤੀ ਵਿਚ ਕਈ ਥਾਵਾਂ ਤੋਂ, ਯੂ ਐਸ ਅਤੇ ਕੈਨੇਡਾ ਦੇ ਸਿਵਾਏ, ਭੇਜਿਆ ਜਾਂਦਾ ਸੀ। ਚਾਹੇ ਸਰਕਾਰ ਭਾਰਤ ਵਿਚ ਅਤੇ ਹੋਰ ਅੰਗ੍ਰੇਜ਼ੀ ਬਸਤੀਆਂ ਵਿਚ ਪਰਚਿਆਂ ਨੂੰ ਜ਼ਬਤ ਕਰ ਲੈਂਦੀ ਸੀ, ਫੇਰ ਵੀ ਕੁਝ ਕਾਪੀਆਂ ਲੰਘ ਜਾਂਦੀਆਂ ਸਨ ਅਤੇ ਬੜੀ ਚਾਹ ਨਾਲ ਪੜ੍ਹੀਆਂ ਜਾਂਦੀਆਂ ਸਨ – ਕਈ ਜਗ੍ਹਾ ਤਾਂ ਸਮੁਚੇ ਤੌਰ 'ਤੇ ਆਮ ਜਲਸਿਆਂ ਵਿਚ।

ਇਸਦੇ ਉਰਦੂ ਅਤੇ ਪੰਜਾਬੀ ਦੀ ਲਗਾਤਾਰ ਚਲ ਰਹੇ ਐਡੀਸ਼ਨਾਂ ਦੇ ਇਲਾਵਾ, *ਗ਼ਦਰ* ਦੇ ਕਦੇ ਕਦੇ ਹਿੰਦੀ, ਗੁਜਰਾਤੀ ਅਤੇ ਇਕ ਪਸ਼ਤੋ ਵਿਚ ਵੀ ਐਡੀਸ਼ਨ ਨਿੱਕਲੇ। *ਗ਼ਦਰ* ਦੇ ਹਰ ਪੰਜਾਬੀ ਅੰਕ ਵਿਚ ਇਕ ਦੋ ਕਵਿਤਾਵਾਂ ਵੀ ਹੁੰਦੀਆਂ। ਭਾਵੇਂ ਕੁਰੱਖਤ ਅਤੇ ਕਾਵਿ ਸੂਹਜ ਵਿਹੂਣੀਆਂ, ਇਹ ਕਵਿਤਾਵਾਂ ਹਰਮਨ ਪਿਆਰੇ ਢੰਗ ਨਾਲ ਲਿਖੀਆਂ ਜਾਂਦੀਆਂ ਸਨ ਤੇ ਪਾਠਕਾਂ ਨੂੰ ਬਹੁਤ ਪਸੰਦ ਆਉਂਦੀਆਂ ਸਨ। ਕੋਈ ਅਜਿਹੀਆਂ 37 ਕਵਿਤਾਵਾਂ ਦਾ ਸੰਗ੍ਰਹਿ ਕਿਤਾਬ ਦੀ ਸ਼ਕਲ ਵਿਚ – *ਗ਼ਦਰ ਦੀ ਗੂੰਜ*– ਦੇ ਨਾਮ ਹੇਠ ਛਪਿਆ ਸੀ। ਇਸਦਾ ਪਹਿਲਾ ਐਡੀਸ਼ਨ, 10,000 ਦਾ, ਝੱਟਪਟ ਵਕ ਗਿਆ ਸੀ ਅਤੇ ਪਾਠਕਾਂ ਦੁਆਰਾ ਬਹੁਤ ਸਰਾਹਿਆ ਗਿਆ ਸੀ। ਕਵਿਤਾਵਾਂ ਬਿਲਕੁਲ ਗ਼ਦਰ ਦੀ ਸਿਆਸੀ ਸੁਰ ਦੇ ਅਨੁਕੂਲ ਹੀ ਹੁੰਦੀਆਂ ਸਨ। ਉਹ ਭਾਰਤੀਆਂ ਨੂੰ ਉਹਨਾਂ ਨੂੰ ਗ਼ੁਲਾਮ ਬਣਾਉਣ ਵਾਲੇ ਬ੍ਰਿਟਿਸ਼ ਰਾਜ ਦੇ ਵਿਰੁੱਧ ਤਲਵਾਰ ਚੁੱਕਣ ਲਈ ਉਕਸਾਉਂਦੀਆਂ ਸਨ, ਆਮ ਜਨਤਾ ਦੀ ਨਾਰਾਜ਼ਗੀ ਵਧਾਉਂਦੀਆਂ ਸਨ ਅਤੇ ਗ਼ੁਲਾਮੀ ਦੀ ਬਹੁਤ ਹੀ ਭੱਦੀ ਅਤੇ ਦੁਖਦਾਈ ਤਸਵੀਰ ਨੂੰ ਨੰਗਿਆਂ ਕਰਦੀਆਂ ਸਨ। ਉਹ ਭਾਰਤੀ ਸਿਪਾਹੀਆਂ ਨੂੰ ਉਹਨਾਂ ਦੁਆਰਾ ਅੰਗ੍ਰੇਜ਼ ਦੀ ਸਹਾਇਤਾ ਵਿਚ ਦੂਸਰੇ ਦੇਸਾਂ 'ਤੇ ਹਮਲੇ ਕਰਨ ਲਈ ਅਤੇ ਆਪਣੇ ਦੇਸ ਨੂੰ ਅੰਗ੍ਰੇਜ਼ਾਂ ਦੇ ਕਬਜ਼ੇ ਵਿਚੋਂ ਖ਼ੁਦ ਨਾ ਲੈਣ ਲਈ, ਫਿਟਕਾਰ ਦੀਆਂ ਸਨ।

*ਡੀ ਚੈਂਚਈਆ, ਇਕ ਦੱਖਣ ਭਾਰਤੀ, ਗ਼ਦਰ ਲਹਿਰ ਦੇ ਮੈਂਬਰ, ਨੇ ਗ਼ਦਰ ਦੁਆਰਾ ਅਮਰੀਕਾ ਵਿਚ ਰਹਿੰਦੇ ਪਰਵਾਸੀਆਂ ਦੇ ਰੂਪਾਂਤਰਿਤ ਪ੍ਰਭਾਵ ਬਾਰੇ ਲਿਖਿਆ ਸੀ –*

*"ਯੂ ਐਸ ਦੇ ਪੰਜਾਬੀ ਮਜ਼ਦੂਰ ਇਸ ਲਹਿਰ ਵੱਲ ਖਿੱਚੇ ਗਏ। ਉਹ ਆਪ ਹੀ ਲੇਖ, ਕਵਿਤਾਵਾਂ, ਆਦਿ ਲਿਖਣ ਲੱਗੇ। ਉਹਨਾਂ ਵਿਚੋਂ ਕਈ ਬੁੱਧੀਜੀਵੀ ਹੋ ਉੱਭਰੇ। ਉਹ ਇਮਾਨਦਾਰ ਅਤੇ ਬਹਾਦਰ ਸਨ। ਇਹ ਮਜ਼ਦੂਰ, ਜੋ ਥੋੜ੍ਹਾ ਚਿਰ ਪਹਿਲਾਂ ਬਿਲਕੁਲ ਅਨਜਾਣ ਅਤੇ ਅਨਪੜ੍ਹ ਸਨ, ਅਚਾਨਕ ਸਿਆਸੀ ਤੌਰ 'ਤੇ ਚੇਤੰਨ ਹੋ ਗਏ, ਵੱਡੇ ਦੇਸ਼ ਭਗਤ ਅਤੇ ਪੂਰੀ ਤਰ੍ਹਾਂ ਇਨਕਲਾਬੀ ਬਣ ਗਏ। ਫਲਸਰੂਪ, ਗ਼ਦਰ ਲਹਿ ਉਹਨਾਂ ਦੇ ਹੱਥ ਵਿਚ ਤੇਜ਼ੀ ਨਾਲ ਪਹੁੰਚ ਗਈ।"* [99]

ਕਵਿਤਾਵਾਂ ਦੇ ਤਿੰਨ ਛੋਟੇ ਕਿਤਾਬਚਿਆਂ ਦੇ ਇਲਾਵਾ, ਗ਼ਦਰ ਪਾਰਟੀ ਨੇ ਕਈ ਸੰਖੇਪ, ਬਹੁਤ ਹਰਮਨ ਪਿਆਰੇ ਅਤੇ ਜਾਣਕਾਰੀ ਭਰਪੂਰ ਪੈਂਫਲਟ ਵੀ ਕੱਢੇ, ਜਿਹਨਾਂ ਵਿਚ ਬ੍ਰਿਟਿਸ਼ ਸਾਮਰਾਜ ਦੇ ਜੁਰਮਾਂ ਨੂੰ, ਇਸਦੀ ਬੁਰਛੇਗਰਦੀ ਜੋ ਸਰਕਾਰ ਦੀ ਨੀਤੀ ਦਾ ਭਾਗ ਸੀ, ਪੁਲਿਸ ਅਤੇ ਅਦਾਲਤਾਂ ਵਿਚ ਫੈਲੇ ਵੱਡੇ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਜਾਂਦਾ ਸੀ। ਉਹ ਬਹੁਤ ਸਾਰੇ ਫਿਰਕੂ, ਸਿਆਸੀ ਅਤੇ ਧਾਰਮਿਕ ਸੰਗਠਨਾਂ, ਸੰਸਥਾਨਾਂ ਨੂੰ ਜਿਹੜੇ ਭਾਰਤ ਵਿਚ ਚੱਲ ਰਹੇ ਸਨ, ਦੀ ਵੀ ਨੁਕਤਾਚੀਨੀ ਕਰਦੇ ਸਨ। ਇਹਨਾਂ 'ਚੋਂ ਬਹੁਤ ਪੈਂਫਲਟ ਹਰਦਯਾਲ ਦੇ ਲਿਖੇ ਹੁੰਦੇ ਸਨ, ਜਿਸਦਾ ਸਭ ਤੋਂ ਤਿੱਖਾ ਨੁਕਤਾਚੀਨੀ ਹਮਲਾ ਕਾਂਗਰਸ ਪਾਰਟੀ ਅਤੇ ਇਸਦੇ ਲੀਡਰਾਂ ਉੱਪਰ ਹੁੰਦਾ ਸੀ ਜਿਹਨਾਂ ਨੂੰ ਉਹ ਨਿਕੰਮੇ ਕੁਰਸੀਆਂ ਦੇ ਚਾਹਵਾਨ ਕਹਿੰਦਾ ਸੀ। ਉਸ ਵੇਲੇ ਉਸਦੀ ਦਲੀਲ ਦਾ ਮੁੱਖ ਜੋਰ ਹੁੰਦਾ ਸੀ ਕਿ ਸਿਵਾਏ ਗ਼ਦਰ ਪਾਰਟੀ ਦੇ ਕਿਸੇ ਹੋਰ ਸੰਗਠਨ ਦੀ ਲੋੜ ਨਹੀਂ ਹੈ, ਜਿਹੜੀ ਆਜ਼ਾਦੀ ਅਤੇ ਬਰਾਬਰੀ ਦੇ ਨਿਯਮਾਂ ਨੂੰ ਮੁੱਖ ਰੱਖ ਕੇ ਬਣਾਈ ਗਈ ਸੀ। ਜੋ ਲੋਕ ਭਾਰਤ ਦੀ ਆਜ਼ਾਦੀ ਲਈ ਕੰਮ ਕਰਨਾ ਚਾਹੁੰਦੇ ਹਨ, ਉਹ ਜ਼ੋਰ ਨਾ ਕਹਿੰਦਾ ਸੀ, ਉਹ ਅੰਗ੍ਰੇਜ਼ੀ ਰਾਜ ਦੇ ਖ਼ਿਲਾਫ਼ ਕੰਮ ਕਰਨਾ ਸ਼ੁਰੂ ਕਰ ਦੇਣ, ਤੇ ਜੇ ਨਹੀਂ ਕਰ ਸਕਦੇ, ਤਾਂ ਹੱਟੀ ਬੰਦ ਕਰ ਦੇਣ।

ਆਪਣੇ ਲੇਖ, 'ਬਰਾਬਰੀ ਦਾ ਅਰਥ' ਵਿਚ, ਹਰਦਯਾਲ ਨੇ ਘ੍ਰਿਣਿਤ ਵੰਡੀਆਂ, ਜੋ ਹਿੰਦੂਆਂ ਵਿਚ ਜਾਤ ਦੇ ਆਧਾਰ 'ਤੇ ਪਾਈਆਂ ਸਨ, ਦੀ ਬਹੁਤ ਨਿਖੇਧੀ ਕੀਤੀ ਅਤੇ ਆਰਥਿਕ ਬਰਾਬਰੀ ਦੀ ਲੋੜ 'ਤੇ ਜ਼ੋਰ ਪਾਇਆ, *"ਮਾਲਕ ਅਤੇ ਗੁਲਾਮ ਵਿਚ ਬਰਾਬਰੀ ਹੋ ਹੀ ਨਹੀਂ ਹੋ ਸਕਦੀ,"* ਉਸਨੇ ਲਿਖਿਆ, "ਚਾਹੇ ਦੋਵੇਂ ਮੁਸਲਮਾਨ ਹੋਣ, ਸਿੱਖ *ਜਾਂ* ਵੈਸ਼ਨਵ. . *ਅਮੀਰ ਆਦਮੀ ਸਦਾ ਹੀ ਗ਼ਰੀਬ* ਉੱਪਰ ਰਾਜ ਕਰੇਗਾ. . *ਆਰਥਿਕ ਬਰਾਬਰੀ ਦੇ ਬਿਨਾ, ਭਾਈਚਾਰਾ ਤਾਂ ਇਕ ਸੁਪਨਾ ਹੀ ਹੈ।"* [100]

## ਹਰਦਯਾਲ ਨੂੰ ਯੂ ਐਸ ਵਿਚੋ ਭੱਜਣ ਲਈ ਮਜਬੂਰ ਕੀਤਾ ਗਿਆ

ਗ਼ਦਰ ਪਾਰਟੀ ਦੀਆਂ ਗਤੀਵਿਧੀਆਂ, ਇਸਦਾ ਵੱਧ ਰਿਹਾ ਪ੍ਰਭਾਵ, ਹਫ਼ਤਾਵਾਰੀ ਗ਼ਦਰ ਦੀ ਗਿਆਨ ਭਰਪੂਰ ਭੂਮਿਕਾ ਅਤੇ ਤਿੱਖੇ ਤਰਾਰੇ ਲੇਖ ਅਤੇ ਹਰਦਯਾਲ ਦੇ ਕਿਤਾਬਚੇ, ਸਭ ਨੇ ਰਲ ਕੇ ਇਕ ਡਰ ਜਿਹਾ ਪੈਦਾ ਕਰ ਦਿੱਤਾ, ਵਿਸ਼ੇਸ਼ਕਰ ਜਦ ਗ਼ਦਰ ਪਾਰਟੀ ਦਾ ਸਾਹਿਤ ਭਾਰਤੀ ਸਿਪਾਹੀਆਂ ਨੂੰ ਚੰਗਾ ਲੱਗਣ ਲੱਗ ਪਿਆ। ਇਸ ਪ੍ਰਕਾਰ, ਬ੍ਰਿਟਿਸ਼ ਸਰਕਾਰ ਦੇ ਕਹਿਣ 'ਤੇ ਕੈਲੀਫ਼ੋਰਨੀਆ ਦੇ ਅਧਿਕਾਰੀਆਂ ਨੇ ਹਰਦਯਾਲ ਦੇ ਵਿਰੁੱਧ ਵਾਰੰਟ ਜਾਰੀ ਕਰ ਦਿੱਤਾ ਕਿ ਉਸਨੂੰ ਯੂ ਐਸ ਤੋਂ ਬਾਹਰ ਕੱਢ ਦਿਤਾ ਜਾਵੇ, ਇਸ ਕਾਰਨ ਕਿ ਉਹ ਅਨਾਰਕੀ ਹੈ ਅਤੇ ਦੋ ਸਾਲ

ਪਹਿਲਾਂ ਉਸਨੇ ਰੂਸ ਦੇ ਜ਼ਾਰ ਦੇ ਵਿਰੁੱਧ ਭਾਸ਼ਣ ਦਿੱਤਾ ਸੀ। ਹਰਦਯਾਲ ਨਾਰਾਜ਼ ਹੋਇਆ ਸੀ ਕਿ ਇਕ ਪ੍ਰਭੁੱਤਵ ਦੇਸ, ਯੂ ਐਸ, ਬ੍ਰਿਟਿਸ਼ ਐਂਬੈਸੀ ਤੋਂ ਹਿਦਾਇਤਾਂ ਪ੍ਰਵਾਨ ਕਰਦਾ ਸੀ। 27 ਮਾਰਚ 1914 ਨੂੰ ਉਸਨੇ ਅਮਰੀਕਨ ਪ੍ਰੈਸ ਦੇ ਨਾਮ ਇਕ ਬਿਆਨ ਜਾਰੀ ਕੀਤਾ, ਜਿਸ ਵਿਚ ਹੋਰ ਗੱਲਾਂ ਤੋਂ ਇਲਾਵਾ, ਉਸਨੇ ਧਿਆਨ ਦਿਵਾਇਆ "*. . . ਘ੍ਰਿਣਿਤ ਅਤੇ ਬ੍ਰਿਟਿਸ਼ ਪੱਖੀ ਯੂ ਐਸ ਏ ਦੀ ਬ੍ਰਿਟਿਸ਼ ਪ੍ਰਤੀ ਗੁਲਾਮੀ ਦੀ ਭਾਵਨਾ ਵੱਲ, ਜਿਹੜਾ ਪ੍ਰਧਾਨ ਵਿਲਸਨ ਦੀ ਵਿਦੇਸ਼ ਨੀਤੀ ਦਾ ਉੱਘੜਵਾਂ ਅੰਗ ਹੈ. . . .*"[101]

ਹਰਦਯਾਲ ਨੇ ਆਪਣੇ ਬਿਆਨ ਵਿਚ ਠੀਕ ਹੀ ਕਿਹਾ ਸੀ ਕਿਉਂਕਿ ਇਹ ਗੱਲ ਛੇਤੀ ਹੀ ਸਾਹਮਣੇ ਆ ਰਹੀ ਸੀ ਕਿ ਉਸਦੇ ਖ਼ਿਲਾਫ਼ ਜੋ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਇਆ ਸੀ ਉਹ ਅਰਨੈਸਟ ਸਕਾਟ, ਬ੍ਰਿਟਿਸ਼ ਅੰਬੈਸੀ ਦੇ ਸੈਕਟਰੀ, ਦੇ ਕਹਿਣ 'ਤੇ ਹੋਇਆ ਸੀ। ਹਰਦਯਾਲ, ਦਲੇਰੀ ਨਾਲ ਕਹਿੰਦਿਆਂ ਕਿ ਉਸਦੀ ਜੀਵਨ ਦਾ ਮਿਸ਼ਨ ਹੈ ਕਿ ਭਾਰਤ ਤੇ ਵਿਚ ਇਨਕਲਾਬ ਲਿਆਂਦਾ ਜਾਵੇ, ਅਤੇ ਇਹ ਵੀ ਇਨਕਾਰ ਕੀਤਾ ਕਿ ਉਹ ਅਨਾਰਕੀ ਹੀ ਜਾਂ ਉਸਨੇ ਵਿਅਕਤੀਆਂ ਦੇ ਕਤਲ ਲਈ ਵਕਾਲਤ ਕੀਤੀ ਹੈ। ਯੂ ਐਸ ਪ੍ਰੈਸ ਨੇ ਹਰਦਯਾਲ ਦੇ ਬਿਆਨ ਨੂੰ ਸਹੀ ਠਹਿਰਾਇਆ ਅਤੇ ਕੈਲੀਫੋਰਨੀਆ ਦੇ ਅਧਿਕਾਰੀਆਂ ਵੱਲੋਂ ਉਸਦੀ ਗ੍ਰਿਫ਼ਤਾਰੀ ਨੂੰ ਗ਼ਲਤ ਕਹਿ ਕੇ ਭੰਡਿਆ।

ਹਰਦਯਾਨ ਨੇ ਆਪਣੇ ਪੱਖ ਵਿਚ, *ਬ੍ਰਿਟਿਸ਼ ਰੂਲ ਇਨ ਇੰਡੀਆ,* ਵਿਲੀਅਮ ਜੈਨਿਗੰ ਬਰਾਯਨ, ਉਸ ਵੇਲੇ ਦੇ ਯੂ ਐਸ ਸੈਕਟਰੀ ਅਫ਼ ਸਟੇਟ, ਦੇ ਕਿਤਾਬਚੇ ਨੂੰ ਆਧਾਰ ਬਣਾਇਆ ਸੀ। ਇਹ 1906 ਵਿਚ ਲਿਖਿਆ ਗਿਆ ਸੀ, ਜਿਸ ਵਿਚ ਬਹੁਤ ਵਧੀਆਂ ਢੰਗ ਨਾਲ ਭਾਰਤ ਵਿਚ ਬ੍ਰਿਟਿਸ਼ ਸਾਮਰਾਜੀ ਰਾਜ ਦੀ ਤਿੱਖੀ ਨੁਕਤਾਚੀਨੀ ਕੀਤੀ ਗਈ ਸੀ। ਇਸ ਪੈਂਫਲਟ ਨੂੰ ਬ੍ਰਿਟਿਸ਼ ਅਧਿਕਾਰੀਆਂ ਦੁਆਰਾ ਵਿਦਰੋਹੀ ਠਹਿਰਾਇਆ ਗਿਆ ਸੀ, ਪਰ ਫੇਰ ਵੀ ਇਹ ਬ੍ਰਿਟੇਨ ਵਿਚ ਛਪ ਗਿਆ ਸੀ। ਹਰਦਯਾਲ ਦੀ ਇਹ ਦਲੀਲ ਸੀ ਕਿ ਉਸਦਾ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਹਮਲਾ ਬਰਾਯਨ ਦੇ ਹਮਲੇ ਨਾਲੋਂ ਵਧੇਰੇ ਤਿੱਖਾ ਨਹੀਂ ਹੈ।

ਹਰਦਯਾਲ ਨੂੰ ਇਕ ਹਜ਼ਾਰ ਡਾਲਰ ਦੀ ਜ਼ਮਾਨਤ ਤੇ ਰਿਹਾ ਕਰ ਦਿੱਤਾ ਗਿਆ ਸੀ, ਅਤੇ ਆਪਣੇ ਆਪ ਨੂੰ 10 ਅਪ੍ਰੈਲ 1914 ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਹੁਕਮ ਦਿੱਤਾ ਗਿਆ ਸੀ। ਆਪਣੀ ਅਗਜ਼ੈਕਟਿਵ ਕਮੇਟੀ ਦੀ ਸਲਾਹ 'ਤੇ, ਜਿਸਦਾ ਵਿਚਾਰ ਸੀ ਕਿ ਇਹ ਬਹੁਤ ਸੰਭਵ ਹੈ ਕਿ ਉਸਨੂੰ ਬ੍ਰਿਟਿਸ਼ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਜਾਵੇ, ਹਰਦਯਾਲ ਜ਼ਮਾਨਤ ਤੋਂ ਭੱਜ ਗਿਆ ਅਤੇ ਸਵਿਟਜ਼ਰਲੈਂਡ ਚਲਾ ਗਿਆ।

ਜਿਵੇਂ ਸਾਨਫ਼ਰਾਂਸਿਸਕੋ ਕਰਾਨੀਕਲ ਨੇ ਓਦੋਂ ਲਿਖਿਆ ਸੀ – "*ਪ੍ਰਧਾਨ ਵਿਲਸਨ ਨੂੰ ਵਿਸ਼ੇਸ਼ ਕਰਕੇ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਹਰਦਯਾਲ ਹੁਣ ਯੂ ਐਸ ਦੀ ਧਰਤੀ ਉੱਪਰ ਨਹੀਂ ਹੈ। ਉਸਨੂੰ ਲਗਾਤਾਰ ਮਿਲਦੇ ਮਿਹਣੇ ਨਹੀਂ ਸਹਿਣੇ ਪੈਣਗੇ ਕਿ ਇਸ ਇਕੱਲੇ ਵਿਅਕਤੀ ਨੂੰ ਦੇਸੋਂ ਬਾਹਰ ਕੱਢਿਆ ਹੈ, ਕੇਵਲ ਗ੍ਰੇਟ ਬ੍ਰਿਟੇਨ ਦੇ ਹੁਕਮ ਦੀ ਲਗਭਗ ਪਾਲਣਾ ਕਰਦੇ ਹੋਏ (12 ਮਈ, 1914)।*"[102]

ਅਮਰੀਕਾ ਤੋਂ ਭੱਜਣ ਤੋਂ ਪਹਿਲਾਂ, ਹਰਦਯਾਲ ਨੇ ਆਪਣੇ ਜ਼ਿੰਮੇਦਾਰੀ ਦਾ ਚਾਰਜ ਆਪਣੀ ਪਾਰਟੀ ਦੇ ਸਾਥੀਆਂ ਨੂੰ ਦੇ ਦਿੱਤਾ। ਸੰਤੋਖ ਸਿੰਘ ਨੇ ਉਸਦੀ ਥਾਂ ਲਈ ਜਨਰਲ ਸੈਕਟਰੀ ਦੇ ਤੌਰ 'ਤੇ, ਜਿਸਦੇ ਨਾਮ ਉਸਨੇ ਬੈਂਕ ਅਕਾਊਂਟ ਵੀ ਟਰਾਂਸਫਰ ਕਰ ਦਿੱਤਾ। ਹਰਨਾਮ

ਸਿੰਘ ਕੋਟਲਾ *ਗ਼ਦਰ* ਦਾ ਐਡੀਟਰ-ਇਨ-ਚਾਰਜ ਬਣਿਆ। ਤਿੰਨ ਮੈਂਬਰੀ ਕਮਿਸ਼ਨ ਵਿਚ ਹੁਣ ਸਨ - ਭਕਨਾ, ਸੰਤੋਖ ਸਿੰਘ ਅਤੇ ਕਾਂਸ਼ੀ ਰਾਮ। ਹੋਰਨਾਂ ਤੋਂ ਇਲਾਵਾ, ਜਵਾਨ ਇਨਕਲਾਬੀ ਕਰਤਾਰ ਸਿੰਘ ਸਰਾਭਾ *ਗ਼ਦਰ* ਹਫ਼ਤਾਵਾਰੀ ਦੇ ਐਡੀਟੋਰੀਅਲ ਬੋਰਡ ਵਿਚ ਨਿਯੁਕਤ ਹੋ ਗਿਆ। ਇਹ ਪੂਰੀ ਤਰ੍ਹਾਂ ਸੰਭਵ ਲੱਗਦਾ ਹੈ ਕਿ ਸਰਕਾਰ ਨੇ ਪੁਲਿਸ ਨਾਲ ਮਿਲ ਕੇ ਉਸਦੀ ਯੂ ਐਸ ਵਿਚੋਂ ਬਚ ਨਿਕਲਣ ਵਿਚ ਸਹਾਇਤਾ ਕੀਤੀ ਸੀ।

ਬ੍ਰਿਟਿਸ਼ ਸਰਕਾਰ ਦੀਆਂ ਉਮੀਦਾਂ ਦੇ ਉਲਟ, ਹਰਦਯਾਲ ਦੇ ਯੂ ਐਸ ਵਿਚੋਂ ਨਿਕਲ ਜਾਣ ਨਾਲ ਗ਼ਦਰ ਪਾਰਟੀ ਨੂੰ ਕੋਈ ਨੁਕਸਾਨ ਨਹੀਂ ਹੋਇਆ। ਨਵੇਂ ਲੋਕ ਅੱਗੇ ਆ ਗਏ ਅਤੇ ਇਨਕਲਾਬੀ ਕੰਮ ਨੂੰ ਅੱਗੇ ਤੋਰਨ ਲੱਗ ਪਏ ਤਾਂ ਜੋ ਭਾਰਤ ਵਚ ਗ਼ਦਰ ਦਾ ਕੰਮ ਚਲਾਇਆ ਜਾਵੇ। ਸੋਹਣ ਸਿੰਘ ਭਕਨਾ ਨੇ ਆਪਣਾ ਕੰਮ ਛੱਡ ਦਿੱਤਾ ਅਤੇ ਕੁਲਵਕਤੀ ਪਾਰਟੀ ਦਾ ਕੰਮ ਕਰਨ ਲੱਗ ਪਿਆ, ਉਹਨਾਂ ਇਲਾਕਿਆਂ ਦੇ ਦੌਰੇ 'ਤੇ ਜਾਂਦਾ ਜਿੱਥੇ ਬਹੁਤੇ ਭਾਰਤੀ ਸਮੁੱਚੇ ਤੌਰ 'ਤੇ ਰਹਿੰਦੇ ਸਨ, ਜਲਸੇ ਕਰਦਾ, ਫੰਡ ਇਕੱਠੇ ਕਰਦਾ, ਅਤੇ ਨਵੀਆਂ ਇਕਾਈਆਂ ਸਥਾਪਿਤ ਕਰਦਾ। ਲੀਡਰ ਸਾਰੇ ਵਧੇਰੇ ਇਕ ਜੁਟ ਹੋ ਗਏ, ਜਦ ਕਿ ਖ਼ੁਫੀਆ ਅਤੇ ਲੁਕਿਆ ਕੰਮ ਅਜੇ ਵੀ ਤਿੰਨ ਮੈਂਬਰੀ ਕਮਿਸ਼ਨ ਕੋਲ ਹੀ ਸੀ।

ਉਤਸ਼ਾਹਪੂਰਨ, ਦੂਰ-ਦਰਸ਼ੀ ਅਤੇ ਗੰਭੀਰ ਇਨਕਲਾਬੀ ਹੋਣ ਕਰਕੇ, ਗ਼ਦਰੀ ਅਗਾਂਹ ਦੀ ਯੋਜਨਾ ਬਣਾਉਂਦੇ ਸਨ। ਭਵਿੱਖ ਵਿਚ ਹਵਾਈ ਜੰਗ ਦੀ ਅਹਿਮੀਅਤ ਸਮਝਦੇ ਹੋਏ, ਉਹਨਾਂ ਨੇ ਫ਼ੈਸਲਾ ਕੀਤਾ ਕਿ ਉਹਨਾਂ ਵਿਚੋਂ ਕੁਝ ਸਾਥੀਆਂ ਨੂੰ ਹਵਾਈ ਜਹਾਜ਼ ਚਲਾਉਣ ਦੀ ਸਿਖਲਾਈ ਲਈ ਭੇਜਿਆ ਜਾਵੇ। ਇਸ ਲਈ ਕਰਤਾਰ ਸਿੰਘ ਸਰਾਭਾ ਨੂੰ ਜਰਮਨੀ ਭੇਜਿਆ ਗਿਆ, ਅਤੇ ਇਹ ਮਾਣ ਵਾਲੀ ਗੱਲ ਹੈ ਉਸ ਲਈ ਕਿ ਉਸਨੇ ਛੇ ਮਹੀਨਿਆਂ ਦਾ ਕੋਰਸ ਚਾਰ ਮਹੀਨੇ ਵਿਚ ਹੀ ਪੂਰਾ ਕਰ ਲਿਆ। ਮਾਸਟਰ ਊਧਮ ਸਿੰਘ ਕਸੇਲ, ਜਿਹੜਾ ਪਹਿਲਾਂ ਹਾਂਗ ਕਾਂਗ ਫ਼ੌਜ ਵਿਚ ਕੰਮ ਕਰ ਚੁੱਕਾ ਸੀ, ਨੇ ਤੋਪ ਚਲਾਉਣੀ ਸਿੱਖੀ, ਅਤੇ ਉਸਨੂੰ ਵਿਦਿਆਰਥੀਆਂ ਦੇ ਗੁੱਟਾਂ ਨੂੰ ਹਥਿਆਰਾਂ ਦੀ ਟਰੇਨਿੰਗ ਲਈ ਭੇਜਿਆ ਗਿਆ। ਹਰਨਾਮ ਸਿੰਘ ਟੁੰਡੀਲਾਟ ਨੇ ਬੰਬ ਬਣਾਉਣ ਦਾ ਕੰਮ ਸਿਖਿਆ ਅਤੇ ਇਕ ਅਚਾਨਕ ਹੋਏ ਧਮਾਕੇ ਵਿਚ ਉਸਦਾ ਸੱਜੇ ਹੱਥ ਦਾ ਐਨੀ ਬੁਰੀ ਤਰ੍ਹਾਂ ਨੁਕਸਾਨ ਹੋਇਆ ਕਿ ਉਹਦਾ ਨਿੱਕਾ ਨਾਮ ਟੁੰਡੀ ਲਾਟ (ਜਨਰਲ ਸਟੰਪ) ਪੈ ਗਿਆ। ਗ਼ਦਰੀ ਇਨਕਲਾਬੀ ਇਸ ਗੱਲ ਤੋਂ ਬਹੁਤ ਦੁਖੀ ਸਨ ਅਤੇ ਸਖ਼ਤ ਘ੍ਰਿਣਾ ਕਰਦੇ ਸਨ ਕਿ ਭਾਰਤੀ ਸਿਪਾਹੀ ਬ੍ਰਿਟਿਸ਼ ਝੰਡੇ ਹੇਠ ਲੜਦੇ ਸਨ ਅਤੇ ਭਾਰਤ ਦੀ ਗ਼ੁਲਾਮੀ ਨੂੰ ਹੋਰ ਪੱਕਾ ਕਰਦੇ ਸਨ। ਉਹਨਾਂ ਨੇ ਭਾਰਤੀਆਂ ਨੂੰ ਸਹੀ ਮਸ਼ਵਰਾ ਦਿੱਤਾ ਕਿ ਉਹ ਬ੍ਰਿਟਿਸ਼ ਫ਼ੌਜ ਵਿਚ ਭਰਤੀ ਨਾ ਹੋਣ ਅਤੇ ਐਸੀ ਭਰਤੀ ਨੂੰ ਸ਼ਰਮ ਦਾ ਬਿੱਲਾ ਸਮਝਣ। ਇਸ ਪ੍ਰਾਪੇਗੰਡੇ ਦੇ ਫਲਸਰੂਪ, ਅਮਰੀਕਾ ਅਤੇ ਕੈਨੇਡਾ ਵਿਚਲੇ ਭਾਰਤੀ, ਐਸੀ ਡੀਂਗ ਮਾਰਨੋ ਹਟ ਗਏ - "ਅਸੀਂ ਬਰਮਾ ਨੂੰ ਹਰਾਇਆ, ਅਸੀਂ ਅਫ਼ਗਾਨਿਸਤਾਨ ਫ਼ਤਹਿ ਕੀਤਾ, ਅਸੀ ਚੀਨ ਨੂੰ ਜਿੱਤਿਆ ਉਹ ਬ੍ਰਿਟਿਸ਼ ਸਾਮਰਾਜ ਦੀ ਹੋਰ ਦੇਸ ਫ਼ਤਹਿ ਕਰਨ ਵਿਚ ਮਦਦ ਕਰਨਾ ਸ਼ਰਮ ਦਾ ਬਾਇਸ ਸਮਝਦੇ ਸਨ ਅਤੇ ਉਹਨਾਂ ਵਿਚ ਬ੍ਰਿਟਿਸ਼ ਸਾਮਰਾਜ ਵਿਰੋਧੀ, ਗ਼ੁਲਾਮੀ ਵਿਰੋਧੀ ਐਨੀ ਵੱਡੀ ਭਾਵਨਾ ਹੋ ਗਈ ਸੀ ਕਿ ਉਹ ਗ਼ੁਲਾਮ ਬਣਾਉਣ ਵਾਲੇ ਬ੍ਰਿਟਿਸ਼ ਲੋਕਾਂ ਨਾਲ ਹੱਦ ਦਰਜੇ ਦੀ ਨਫ਼ਰਤ ਕਰਨ ਲੱਗ ਪਏ ਸਨ।[103]

***

ਕਾਂਡ 8

# ਬਗਾਵਤ ਲਈ ਤਿਆਰੀ - ਭਾਰਤ ਵਾਪਸੀ

## ਭਾਰਤ ਵਾਪਸੀ

ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨਾਲ ਬਦਸਲੂਕੀ ਮਗਰੋਂ ਅਤੇ ਉਸਤੋਂ ਵੀ ਭੈੜਾ ਸਲੂਕ ਜਦ ਉਹ ਕਲਕੱਤੇ ਪਹੁੰਚੇ ਸਨ, ਸਤੰਬਰ 1914 ਵਿਚ, ਦੇ ਮਗਰੋਂ ਵਿਦੇਸ਼ ਵਿਚ ਰਹਿੰਦੇ ਭਾਰਤੀਆਂ ਨੇ ਫ਼ੈਸਲਾ ਕੀਤਾ ਕਿ ਉਹ ਮਰ ਜਾਣਗੇ ਪਰ ਬ੍ਰਿਟਿਸ਼ ਗੁਲਾਮੀ ਵਿਚ ਨਹੀਂ ਰਹਿਣਗੇ। ਹਫ਼ਤਾਵਾਰੀ *'ਗ਼ਦਰ'* ਪਹਿਲਾਂ ਹੀ ਭਾਰਤੀਆਂ ਨੂੰ ਅਪੀਲਾਂ ਕਰਨ ਲੱਗ ਪਿਆ ਹੋਇਆ ਸੀ ਕਿ ਉਹ ਭਾਰਤ ਪਰਤ ਆਉਣ ਅਤੇ ਅੰਗ੍ਰੇਜ਼ ਦੇ ਖ਼ਿਲਾਫ਼ ਹਥਿਆਰ ਚੁੱਕ ਲੈਣ। ਪਰਚਾ ਉਹਨਾਂ ਨੂੰ ਕਹਿ ਰਿਹਾ ਸੀ ਕਿ ਆਪਣੀਆਂ ਸਭ ਵਸਤਾਂ ਗ਼ਦਰ ਪਾਰਟੀ ਦਫ਼ਤਰ ਵਿਚ ਜਮ੍ਹਾ ਕਰ ਦੇਣ ਅਤੇ ਛੇਤੀ ਨਾਲ ਭਾਰਤ ਚਲੇ ਜਾਣ। ਗ਼ਦਰ ਦੀ ਅਪੀਲ ਨੂੰ ਚੰਗਾ ਭਰਵਾਂ ਅਤੇ ਜੋਸ਼ੀਲਾ ਹੁੰਗਾਰਾ ਮਿਲਿਆ ਅਤੇ ਸੈਂਕੜੇ ਭਾਰਤੀ ਜੋ ਵੀ ਪਹਿਲਾਂ ਜਹਾਜ਼ ਮਿਲਦਾ ਭਾਰਤ ਵਾਪਸੀ ਲਈ ਚੱਲ ਪਏ।

ਬ੍ਰਿਟਿਸ਼ ਸਾਮਰਾਜ ਪਹਿਲੇ ਸੰਸਾਰ ਯੁੱਧ ਵਿਚ ਕੁੱਦ ਚੁਕਾ ਸੀ ਜਦ ਕਾਮਾਗਾਟਾਮਾਰੂ ਅਜੇ ਭਾਰਤ ਜਾਣ ਲਈ ਰਾਸਤੇ ਵਿਚ ਹੀ ਸੀ। ਗ਼ਦਰੀ ਯੋਧਿਆਂ ਨੇ ਸਮਝਿਆ ਕਿ ਇਹ ਚੰਗਾ ਮੌਕਾ ਹੈ ਹਥਿਆਰਬੰਦ ਸੰਘਰਸ਼ ਨਾਲ ਭਾਰਤ ਨੂੰ ਆਜ਼ਾਦ ਕਰਾਉਣ ਦਾ ਜਦ ਬ੍ਰਿਟੇਨ ਦੇ ਸਾਰੇ ਯਤਨ ਯੂਰਪੀਨ ਜੰਗੀ ਮੈਦਾਨ ਵਿਚ ਕੇਂਦਰਿਤ ਸਨ। ਉਹਨਾਂ ਨੇ ਪੈਸੇਫ਼ਿਕ ਤਟ (ਕੋਸਟ) ਦੇ ਕਈ ਸ਼ਹਿਰਾਂ ਵਿਚ, ਯੂ ਐਸ ਅਤੇ ਕੈਨੇਡਾ ਵਿਚ ਮੀਟਿੰਗਾਂ ਕੀਤੀਆਂ, ਜਿਹਨਾਂ ਨੂੰ ਗ਼ਦਰੀ ਲੀਡਰਾਂ ਨੇ ਸੰਬੋਧਨ ਕੀਤਾ, ਅਤੇ ਉਹਨਾਂ ਦੇ ਭਾਸ਼ਣਾਂ ਦਾ ਇਸੇ ਗੱਲ 'ਤੇ ਜ਼ੋਰ ਹੁੰਦਾ ਸੀ ਕਿ ਭਾਰਤੀ ਲੋਕ ਆਪਣੇ ਕੰਮ ਛੱਡ ਦੇਣ, ਭਾਰਤ ਪਰਤ ਜਾਣ ਅਤੇ ਭਾਰਤ ਨੂੰ ਬ੍ਰਿਟਿਸ਼ ਸਰਕਾਰ ਦੇ ਪੰਜੇ ਤੋਂ ਛੁਡਾ ਲੈਣ। ਸਭ ਤੋਂ ਵੱਧ ਅਹਿਮ ਮੀਟਿੰਗਾਂ ਫਰਿਜਨੋ ਅਤੇ ਸੈਕਰਾਮੈਂਟੋ ਵਿਚ ਹੋਈਆਂ, ਦੂਸਰੀ ਥਾਂ 'ਤੇ 5000-6000 ਸਰੋਤੇ ਇਕੱਠੇ ਹੋਏ ਅਤੇ ਥਾਂ 'ਤੇ ਹੀ ਹਥਿਆਰ ਖ਼ਰੀਦਣ ਲਈ ਛੇ ਹਜ਼ਾਰ ਡਾਲਰ ਇਕੱਠੇ ਕੀਤੇ ਗਏ।

ਗ਼ਦਰ ਪਾਰਟੀ ਦੇ ਬਹੁਤੇ ਲੀਡਰ, ਯੂ ਐਸ ਅਤੇ ਕੈਨੇਡਾ ਤੋਂ ਵੱਡੀ ਗਿਣਤੀ ਵਿਚ ਭਾਰਤੀ, ਭਾਰਤ ਵੱਲ ਚੱਲ ਪਏ ਤਾਂ ਜੋ ਬ੍ਰਿਟੇਨ ਦੇ ਵਿਰੁੱਧ ਜੰਗ ਵਿਚ ਹਿੱਸਾ ਲੈ ਸਕਣ। ਇਸ ਵੱਡੀ ਨਿਕਾਸੀ ਭੀੜ ਦੇ ਨਾਲ ਜਾਪਾਨ, ਹਾਂਗ ਕਾਂਗ, ਸ਼ੰਘਾਈ, ਮਨੀਲਾ, ਹੋਲੋਲੂਲੋ ਅਤੇ ਹੋਰ ਬਹੁਤ ਥਾਵਾਂ ਤੋਂ ਵੀ ਲੋਕ ਜੁੜਨੇ ਸ਼ੁਰੂ ਹੋ ਗਏ, ਜਿੱਥੇ ਜਿੱਥੇ *ਗ਼ਦਰ* ਪਹੁੰਚਦਾ ਸੀ ਅਤੇ ਸ਼ੌਕ ਨਾਲ ਪੜ੍ਹਿਆ ਜਾਂਦਾ ਸੀ।

ਸਰ ਮਾਈਕਲ ਓਡਵਾਇਰ, ਲੈਫ.ਗਵਰਨਰ, ਪੰਜਾਬ, ਅਨੁਸਾਰ ਅੱਠ ਹਜ਼ਾਰ ਤੋਂ ਵੱਧ ਭਾਰਤੀ ਪਰਦੇਸਾਂ ਤੋਂ ਜੰਗ ਦੇ ਪਹਿਲੇ ਦੋ ਸਾਲਾਂ ਵਿਚ ਵਾਪਸ ਆਏ। ਕਿਉਂਕਿ ਸਰਕਾਰ ਨੂੰ,

ਆਪਣੇ ਬਹੁਤ ਵੱਡੇ ਅਤੇ ਦੂਰ-ਦੂਰ ਤਕ ਫੈਲੇ ਹੋਏ ਜਾਸੂਸਾਂ ਅਤੇ ਏਜੰਟਾਂ ਦੇ ਜਾਲ ਕਾਰਨ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਵਾਪਸ ਆ ਰਹੇ ਪਰਵਾਸੀਆਂ ਦੀ ਕੀ ਮਨਸ਼ਾ ਹੈ, ਸਰਕਾਰ ਲਗਭਗ ਸਾਰੇ ਹੀ ਗ਼ਦਰ ਪਾਰਟੀ ਲੀਡਰਾਂ ਨੂੰ ਫੜਨ ਵਿਚ ਸਫ਼ਲ ਹੋਈ। ਨੌਜਵਾਨ ਇਨਕਲਾਬੀ, ਕਰਤਾਰ ਸਿੰਘ ਸਰਾਭਾ ਅਤੇ ਕੁਝ ਹੋਰ ਜਾਲ ਵਿਚੋਂ ਬਚ ਨਿਕਲੇ।

## ਭਾਰਤ ਵਿਚ ਹਾਲਾਤ - ਅਫ਼ਸੋਸਨਾਕ ਸਚਾਈ

ਜਿਸ ਹਾਲਾਤ ਦਾ ਗ਼ਦਰੀ ਯੋਧਿਆਂ ਨੇ ਅੰਦਾਜ਼ਾ ਲਗਾਇਆ ਸੀ ਉਹ ਉਲਟ ਨਿਕਲੇ। ਜਦ ਕਿ ਭਾਰਤ ਨੂੰ ਆਜ਼ਾਦ ਕਰਾਉਣ ਦੀ ਲਹਿਰ ਯੂ ਐਸ ਅਤੇ ਕੈਨੇਡਾ ਵਿਚ ਤਾਂ ਬਹੁਤ ਹੀ ਸਰਗਰਮ ਸੀ, ਉਸ ਵੇਲੇ ਭਾਰਤ ਵਿਚ ਬ੍ਰਿਟੇਨ ਦੇ ਖ਼ਿਲਾਫ਼ ਕੋਈ ਕੁਸਕ ਵੀ ਨਹੀਂ ਰਿਹਾ ਸੀ। ਗ਼ਦਰੀ ਨੇਤਾਵਾਂ ਨੂੰ ਹਾਲਾਤ ਦੇ ਬਾਰੇ ਠੀਕ ਜਾਣਕਾਰੀ ਨਹੀਂ ਦਿੱਤੀ ਗਈ ਸੀ ਕਿ ਹਾਲਾਤ ਕਿਸ ਪ੍ਰਕਾਰ ਦੇ ਹਨ ਭਾਰਤੀ ਉਪ ਮਹਾਦੀਪ ਵਿਚ, ਜਿੱਥੇ ਰਾਜਨੀਤਕ ਲਹਿਰ ਬਿਲਕੁਲ ਨੀਵੇਂ ਸਤਰ 'ਤੇ ਪੁੱਜ ਚੁਕੀ ਸੀ। ਜੰਗ ਸ਼ੁਰੂ ਹੋਣ ਨਾਲ ਜੇ ਲਹਿਰ ਵਿਚ ਕੁਝ ਮੋਟਾ ਮੋਟਾ ਬਚਿਆ ਸੀ ਉਹ ਵੀ ਖ਼ਤਮ ਹੋ ਗਿਆ। ਜਦ ਕਿ ਜੰਗਾਂ ਦਾ ਸ਼ੋਰ ਬਹੁਤ ਉੱਚੀ ਉੱਠ ਰਿਹਾ ਸੀ, ਸਾਰਾ ਦੇਸ ਹੀ ਸ਼ਹਿਨਸ਼ਾਹਿਤ ਪ੍ਰੇਮੀਆਂ ਨਾਲ ਭਰਿਆ ਹੋਇਆ ਸੀ।

ਬ੍ਰਿਟੇਨ ਦੇ ਜੰਗ ਵਿਚ ਪ੍ਰਵੇਸ਼ ਕਰਨ ਦੇ ਇਕ ਦਿਨ ਮਗਰੋਂ ਹੀ, ਪੰਜਾਹ ਤੋਂ ਵੱਧ ਸਿਰਕੱਢ ਉਦਯੋਗਪਤੀਆਂ, ਤਾਜਰਾਂ, ਵਕੀਲਾਂ ਅਤੇ ਸਿਆਸੀ ਲੀਡਰਾਂ ਨੇ, ਜਿਹਨਾਂ ਵਿਚ ਕੁਝ ਵਿਦੇਸਾਂ ਵਿਚ ਵੀ ਰਹਿੰਦੇ ਸਨ, ਇਕ ਬਹੁਤ ਹੀ ਖ਼ੁਸ਼ਾਮਦੀ ਬਿਆਨ ਲੰਡਨ ਤੋਂ ਦਿੱਤਾ ਜਿਹੜਾ 'ਦੀ ਮੋਸਟ ਨੋਬਲ ਮਾਰਕੁਐਸ ਆਫ਼ ਕ੍ਰਿਊ,. . . .ਹਿਜ਼ ਮਜੈਸਟੀ (ਸ਼ਗਿਨਸ਼ਾਹ ਸਲਾਮਤ) ਦੇ ਪ੍ਰਿੰਸੀਪਲ ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ ਦੇ ਨਾਮ ਸੀ–

*'ਅਸੀ, ਸ਼ਾਹਿਨਸ਼ਾਹ ਸਲਾਮਤ ਦੀ ਭਾਰਤੀ ਸ਼ਹਿਨਸ਼ਾਹਤ ਦੀ ਪਰਜਾ, ਜਿਹੜੇ ਹੁਣ ਇਸ ਮਹਾਨਗਰ ਵਿਚ ਰਹਿੰਦੇ ਹਾਂ, ਇਹ ਆਪਣਾ ਫ਼ਰਜ਼ ਸਮਝਦੇ ਹਾਂ ਕਿ ਇਹ ਪ੍ਰਗਟ ਕਰੀਏ ਕਿ ਜੋ ਸਾਰੇ ਭਾਰਤ ਵਿਚ ਲੋਕਾਂ ਦੀ ਭਾਵਨਾ ਹੈ, ਭਾਵ, ਇਕ ਤੀਬਰ ਅਤੀ ਇਮਾਨਾਦਰੀ ਦੀ ਇਛਾ ਕਿ ਜੰਗ ਵਿਚ ਬ੍ਰਿਟੇਨ ਦੀ ਜਿੱਤ ਹੋਵੇ।"* ਅੱਗੇ – *"ਸਾਨੂੰ ਰਤਾ ਵੀ ਸ਼ੱਕ ਨਹੀਂ ਹੈ ਕਿ ਜਿਵੇਂ ਪਹਿਲੇ ਮੌਕਿਆਂ ਤੇ ਹੁੰਦਾ ਆਇਆ ਹੈ ਜਦ ਬ੍ਰਿਟਿਸ਼ ਫ਼ੌਜਾ* ***ਸ਼ਾਹਿਨਸ਼ਾਹਤ ਦੇ ਹਿਤਾਂ ਦੀ ਰਾਖੀ ਕਰਨ ਲਈ ਲੜਦੀਆਂ ਸਨ,*** *ਇਸ ਮੌਕੇ ਵੀ ਭਾਰਤ ਦੇ ਲੋਕ ਤਿਆਰੀ ਨਾਲ ਅਤੇ ਸਹਿਯੋਗ ਨਾਲ, ਆਪਣਾ ਸਾਰਾ ਤਾਣ ਅਤੇ ਮੌਕੇ ਲਾ ਕੇ ਆਪਣੇ ਸਾਰੇ ਹੀ ਸਰੋਤ ਸ਼ਹਿਨਸ਼ਾਹ ਸਲਾਮਤ ਦੀ ਸੇਵਾ ਵਿਚ ਹਾਜ਼ਰ ਕਰ ਦੇਣਗੇ. . . .*

*"ਜੋ ਅਮਨ ਦੇ ਸਮੇਂ ਪ੍ਰਸ਼ਾਸਨ ਸੰਬੰਧੀ ਕੋਈ ਮਤਭੇਦ ਸੀ, ਭਾਰਤੀ ਲੋਕਾਂ ਦੀ ਬ੍ਰਿਟਿਸ਼ ਤਖ਼ਤ ਪ੍ਰਤੀ ਸ਼ਰਧਾ ਨੂੰ ਮੁੱਖ ਰੱਖਦੇ ਹੋਏ, ਜਦ ਕਿ ਬਾਹਰੀ ਦੁਸ਼ਮਨ ਦਾ ਸਾਹਮਣਾ ਕੀਤਾ ਜਾ ਰਿਹਾ ਹੈ, ਪੂਰੀ ਤਰ੍ਹਾਂ ਅਮਨ ਸ਼ਾਂਤੀ ਕਾਇਮ ਰੱਖੀ ਜਾਵੇਗੀ ਅਤੇ ਕੋਈ ਵੀ ਐਸਾ ਵਿਚਾਰ ਮਨ ਵਿਚ ਨਹੀਂ ਲਿਆਂਦਾ ਜਾਵੇਗਾ ਸਿਵਾਏ ਇਸਦੇ ਕਿ ਸਾਰਾ ਦੇਸ ਬ੍ਰਿਟਿਸ਼ ਕੌਮ ਦੇ ਨਾਲ ਹੈ ਇਸ ਘੜੀ ਅਤੇ ਯਤਨਸ਼ੀਲ ਹੈ ਕਿ ਸਹਿਨਸ਼ਾਹਤ ਦੀ ਜਿੱਤ ਹੋਵੇ।"* [104]

ਇਸ ਬਿਆਨ ਉੱਪਰ ਦਸਤਖ਼ਤ ਕਰਨ ਵਾਲਿਆਂ ਵਿਚੋਂ ਸਨ – ਲਾਲਾ ਲਾਜਪਤ ਰਾਏ, ਮੁਹੰਮਦ ਅਲੀ ਜਿਨਾਹ ਅਤੇ ਰਤਨ ਟਾਟਾ।

ਜਿੱਥੇ ਤਕ ਪੰਜਾਬ ਦਾ ਸੰਬੰਧ ਹੈ, ਆਮ ਜਨਤਾ ਦੇ ਲੀਡਰ ਸਨ ਹਿੰਦੂ, ਸਿੱਖ ਅਤੇ ਮੁਸਲਮਾਨ ਜ਼ਿਮੀਂਦਾਰ, ਜਿਹੜੇ ਪੂਰੀ ਤਰ੍ਹਾਂ ਸਰਕਾਰ ਦੇ ਅੰਗੂਠੇ ਹੇਠ ਸਨ। ਸਰਕਾਰ ਦਾ ਪੂਰੀ ਤਰ੍ਹਾਂ ਇਹਨਾਂ ਦੇ ਧਾਰਮਿਕ ਅਹੁਦੇਦਾਰਾਂ– ਪੰਡਿਤਾਂ, ਮੁਲਾਣਿਆ, ਅਤੇ ਸਿੱਖ ਗ੍ਰੰਥੀਆਂ ਉੱਪਰ ਪੂਰਾ–ਪੂਰਾ ਦਬ–ਦਬਾਅ ਸੀ – ਤੇ ਉਹਨਾਂ ਵਿਚੋਂ ਸਾਰੇ ਬੜੀ ਬੇਸ਼ਰਮੀ ਨਾਲ ਆਪਣੇ ਧਰਮ ਅਸਥਾਨਾਂ 'ਤੇ ਬ੍ਰਿਟੇਨ ਦੀ ਜਿੱਤ ਲਈ ਅਰਦਾਸਾਂ ਕਰਦੇ ਸਨ, ਇੰਜ ਆਪਣੇ ਆਪਨੂੰ ਉਹਨਾਂ ਦੇ ਆਗਿਆਕਾਰ ਧਾਰਮਿਕ ਸੰਦ ਬਣਾ ਰਹੇ ਸਨ ਜੋ ਭਾਰਤੀ ਲੋਕਾਂ ਨੂੰ ਗ਼ੁਲਾਮ ਬਣਾਉਣ ਵਾਲੇ ਸਨ। ਚੀਫ਼ ਖ਼ਾਲਸਾ ਦੀਵਾਨ ਨੂੰ ਚਲਾ ਰਹੇ ਜਾਗੀਰਦਾਰਾਂ ਨੇ ਆਪਣੇ ਆਪ 'ਤੇ ਇਹ ਵੱਡੀ ਬਦਨਾਮੀ ਸਹੇੜੀ ਜਦ ਉਹ ਗ਼ਦਰੀ ਇਨਕਲਾਬੀਆਂ ਨੂੰ ਪਤਿਤ ਐਲਾਨਣ ਲੱਗ ਪਏ।

ਸਾਰੇ ਹੀ ਦੇਸੀ ਰਿਆਸਤਾਂ ਦੇ ਰਾਜਿਆਂ ਨੇ ਬ੍ਰਿਟਿਸ਼ ਰਾਜ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ ਅਤੇ ਆਪਣੇ ਸਾਰੇ ਹੀ ਸਾਧਨ ਬ੍ਰਿਟਸ਼ਿ ਤਾਜ ਨੂੰ ਸੌਂਪ ਦਿੱਤੇ ਤਾਂ ਜੋ ਜਿੱਤ ਹੋਵੇ ਅਤੇ ਸ਼ਹਿਨਸ਼ਾਹਤ ਹੋਰ ਵੀ ਵਧੇ। ਸਾਮਰਾਜੀ ਸਰਕਾਰ ਲਈ ਤਾਂ ਜ਼ਰੂਰੀ ਸੀ ਕਿ ਇਹ ਖ਼ੁਸ਼ੀ ਦੀ ਗੱਲ ਹੋਵੇ ਜਦ "ਸਵਾਮੀ ਭਗਤੀ ਦਾ ਐਡਾ ਵੱਡਾ ਵਖਾਵਾ ਕੀਤਾ ਗਿਆ, ਨਾਲ ਹੀ ਰਾਜਿਆਂ ਦੀ ਹਿਮਾਇਤ, ਲੋਕਾਂ ਦੀ ਹਿਮਾਇਤ – ਟੂ ਹਿਜ਼ ਮੈਜਿਸਟੀ ਦੀ ਕਿੰਗ (ਬਾਦਸ਼ਾਹ ਸਲਾਮਤ ਵਾਸਤੇ) ਚੱਲ ਰਹੀ ਜੰਗ ਦੇ ਸੰਬੰਧ ਵਿਚ।

ਸਿਰਕੱਢ ਭਾਰਤੀ ਲੋਕਾਂ ਨੂੰ ਹੱਲਾ ਸ਼ੇਰੀ ਦਿੰਦੇ ਕਿ ਉਹ ਫ਼ੌਜ ਵਿਚ ਭਰਤੀ ਹੋਣ। ਜਿਹਨਾਂ ਨੇ ਐਸੀ ਮੁਹਿੰਮ ਵਿਚ ਹਿੱਸਾ ਲਿਆ, ਉਹਨਾਂ ਵਿਚ ਗਾਂਧੀ, ਕਥਿਤ ਤੌਰ 'ਤੇ ਅਹਿੰਸਾ ਦਾ ਦੇਵਤਾ, ਜਿਹੜਾ ਦਬਲੇ ਕੁਚਲੇ ਲੋਕਾਂ ਦੁਆਰਾ ਹਰ ਇਨਕਲਾਬੀ ਹਿੰਸਾ ਨੂੰ ਨਿੰਦਦਾ ਸੀ ਅਤੇ ਫੇਰ ਵੀ ਉਸਦੀ ਜ਼ਮੀਰ ਵਿਚ ਰਤੀ ਭਰ ਵੀ ਇਹ ਭਾਵ ਨਹੀਂ ਸੀ ਜਦ ਉਹ ਪਹਿਲੇ ਸੰਸਾਰ ਯੁੱਧ ਵਿਚ ਕਤਲ ਕਰਨ ਲਈ ਭਰਤੀ ਕਰਵਾ ਰਿਹਾ ਸੀ ਉਹਨਾਂ ਦੀ ਹਿਮਾਇਤ ਵਿਚ ਜਿਹੜੇ ਭਾਰਤੀਆਂ ਨੂੰ ਤਸੀਹੇ ਦਿੰਦੇ ਸਨ, ਉਹਨਾਂ ਦਾ ਸੋਸ਼ਣ ਕਰਦੇ ਸਨ। ਕਸਬਿਆਂ ਅਤੇ ਪਿੰਡਾਂ ਵਿਚ ਸਥਾਨਕ ਚੌਧਰੀ, ਜਿਹਨਾਂ ਨੂੰ ਮਗਰੋਂ ਖ਼ਿਤਾਬ ਅਤੇ ਇਨਾਮ ਮਿਲਣੇ ਸਨ, ਨੇ ਵੀ ਭਰਤੀ ਵਾਸਤੇ ਅਹਿਮ ਭੂਮਿਕਾ ਅਦਾ ਕੀਤੀ। ਬਾਬਾ ਸੋਹਣ ਸਿੰਘ ਭਕਨਾ, ਉਸ ਵੇਲੇ ਦੇ ਸਿਆਸੀ ਮੰਜ਼ਰ ਦੀ ਸਪੱਸ਼ਟ ਤਸਵੀਰ ਪੇਸ਼ ਕਰਦਾ ਹੈ ਜਿਸਦਾ ਉਸਨੇ ਭਾਰਤ ਪਹੁੰਚ ਕੇ ਸਾਹਮਣਾ ਕੀਤਾ –

*"ਅਮਰੀਕਾ ਵਿਚ ਕੰਮ ਕਰਦੇ ਭਾਰਤੀ ਸੋਚ ਰਹੇ ਸਨ ਕਿ 300 ਮਿਲੀਅਨ ਹਿੰਦੁਸਤਾਨੀ ਸਾਡੇ ਆਪਣੇ ਹਨ, ਅਤੇ ਥੋੜ੍ਹੇ ਹਜ਼ਾਰ ਗੋਰੇ ਹੀ ਬਾਹਰਲੇ ਹਨ। ਪਰ ਭਾਰਤ ਵਿਚ ਤਾਂ ਹਾਲਤ ਬਿਲਕੁਲ ਉਲਟ ਸੀ। ਆਮ ਜਨਤਾ ਗ਼ੁਲਾਮੀ ਦੀ ਗਹਿਰੀ ਨੀਂਦ ਵਿਚ ਸੁੱਤੀ ਪਈ ਸੀ। ਆਜ਼ਾਦੀ ਦੀ ਗੱਲ ਕਰਨਾ ਹੀ ਵੱਡਾ ਪਾਪ ਸਮਝਿਆ ਜਾਂਦਾ ਸੀ। ਭਾਰਤੀ ਲੀਡਰਸ਼ਿਪ ਜਾਗੀਰਦਾਰਾਂ, ਰਾਜਿਆਂ ਅਤੇ ਪੂੰਜੀਪਤੀਆਂ ਦੇ ਹੱਥ ਵਿਚ ਸੀ ਜਿਹੜੀ ਬ੍ਰਿਟੇਨ ਦੀ ਸੁਰ ਨਾਲ ਨੱਚਦੇ ਸਨ। ਮਹਾਤਮਾ ਗਾਂਧੀ ਵਰਗੇ ਸੱਚ–ਪ੍ਰੇਮੀ, ਉਹਨਾਂ ਦੇ ਹੱਕ ਵਿਚ ਕੰਮ ਕਰ ਰਹੇ ਸਨ ਅਤੇ ਦੇਸ਼ ਦੀ ਦੌਲਤ ਅਤੇ ਲੋਕਾਂ ਨੂੰ ਬ੍ਰਿਟਿਸ਼ ਦੀ ਖ਼ਾਤਰ ਕੁਰਬਾਨ ਕੀਤਾ ਜਾ ਰਿਹਾ ਸੀ।"* [105]

ਪੰਜਾਬ ਜੋ ਗ਼ਦਰੀਆਂ ਦੇ ਮਨਸੂਬੇ ਵਿਚ ਬਹੁਤ ਹੀ ਅਹਿਮ ਇਲਾਕਾ ਸੀ, ਉਸ ਵਲੇ ਪੁਲਿਟੀਕਲ ਨੀਂਦ ਦੀ ਹਾਲਤ ਵਿਚ ਸੀ। ਚੀਫ਼ ਖ਼ਾਲਸਾ ਦੀਵਾਨ ਦੀ ਪਿੱਠੂ ਨੇਤਾਗੀਰੀ ਬੜੀ ਸਫਲਤਾ ਨਾਲ ਸਿੱਖਾਂ ਵਿਚ ਅੰਗ੍ਰੇਜ਼ਾਂ ਦੀ ਮੰਗ, ਕਿ ਵੱਡੀ ਗਿਣਤੀ ਵਿਚ ਸਿਪਾਹੀ ਭਰਤੀ ਕੀਤੇ ਜਾਣ, ਪਹੁੰਚਾ ਰਹੀ ਸੀ ਤਾਂ ਜੋ ਅੰਗ੍ਰੇਜ਼ਾਂ ਦੀ ਖ਼ਾਤਿਰ ਉਹ ਤੋਪਾਂ ਦਾ ਚਾਰਾ ਬਣ ਸਕਣ। ਹਰ

ਅਸਹਿਮਤੀ ਨੂੰ ਸਰਕਾਰ ਦੁਆਰਾ ਕੁਚਲਨ ਦੇ ਨਾਲ ਜੋ ਸ਼ਰਮਨਾਕ ਢੰਗ ਦੀਆਂ ਸੇਵਾਵਾਂ ਚੀਫ਼ ਖ਼ਾਲਸਾ ਦੀਵਾਨ ਨੇ ਪੇਸ਼ ਕੀਤੀਆਂ ਉਹ ਅੰਗ੍ਰੇਜ਼ ਹਾਕਮਾਂ ਦੀ ਇੱਛਾ ਦੇ ਅਨੁਕੂਲ ਸਨ।

ਇਸ ਤਰ੍ਹਾਂ ਦੀ ਹਾਲਤ ਸੀ ਪੰਜਾਬ ਵਿਚ ਜੋ ਗ਼ਦਰੀ ਇਨਕਲਾਬੀਆਂ ਨੇ, ਜੋ ਬ੍ਰਿਟਿਸ਼ ਰਾਜ ਦੇ ਵਿਰੁੱਧ ਲੜਾਈ ਕਰਨ ਆਏ ਸਨ, ਆ ਕੇ ਦੇਖੀ।

## ਗ੍ਰਿਫ਼ਤਾਰੀਆਂ, ਗੋਪਨੀਅਤਾ, ਪੈਸੇ ਅਤੇ ਸੰਗਠਨ ਦੀ ਘਾਟ

ਇਸ ਦੇ ਇਲਾਵਾ, ਗ਼ਦਰ ਪਾਰਟੀ ਦੇ ਸਿਰਕੱਢ ਅਤੇ ਅਨੁਭਵੀ ਲੀਡਰ ਵਾਪਸੀ 'ਤੇ ਗ੍ਰਿਫ਼ਤਾਰ ਕਰ ਲਏ ਗਏ ਸਨ ਜਿਸ ਨਾਲ ਲਹਿਰ ਨੂੰ ਬਹੁਤ ਗੰਭੀਰ ਸੱਟ ਲੱਗੀ। ਓਡਵਾਇਰ ਦੇ ਸ਼ਬਦਾਂ ਵਿਚ –

*"ਜਿੰਮੇਵਾਰ ਲੀਡਰਾਂ ਦੀ ਗ੍ਰਿਫ਼ਤਾਰੀ ਨਾਲ ਜੋ ਮਨਸੂਬਾ ਬਣਾਇਆ ਗਿਆ ਸੀ ਉਹ ਗੰਭੀਰ ਢੰਗ ਨਾਲ ਖੇਰੂੰ-ਖੇਰੂੰ ਹੋ ਗਿਆ, ਜਿਸਦੀ ਸਫਲਤਾ ਬਹੁਤਾ ਕਰਕੇ ਖ਼ੁਫ਼ੀਆ ਢੰਗ ਅਤੇ ਉਹਨਾਂ ਦੇ ਅਚਾਨਕ ਹਮਲੇ 'ਤੇ ਨਿਰਭਰ ਕਰਦੀ ਸੀ। ਇਸਤੋਂ ਪਹਿਲਾਂ ਕਿ ਉਹ ਕੋਈ ਹੋਰ ਪਲੈਨ ਬਣਾ ਸਕਣ, ਉਹ ਗ੍ਰਿਫ਼ਤਾਰ ਕਰ ਲਏ ਗਏ, ਸਾਨੂੰ ਉਹਨਾਂ ਦੀਆਂ ਕੋਝੀਆਂ ਚਾਲਾਂ ਦਾ ਪਹਿਲਾਂ ਹੀ ਪਤਾ ਸੀ ਅਤੇ ਉਹਨਾਂ ਨਾਲ ਸਿੱਝਣ ਲਈ ਅਸੀ ਚੰਗੇਰੀ ਹਾਲਤ ਵਿਚ ਸਾਂ।"*[106]

ਗੋਪਨੀਅਤਾ ਇਹਨਾਂ ਇਨਕਲਾਬੀਆਂ ਦੀ ਕੋਈ ਸ਼ਕਤੀ ਨਹੀਂ ਸੀ ਜਿਹੜੇ ਨਾ ਤਾਂ ਮੌਤ ਦੀ ਪਰਵਾਹ ਕਰਦੇ ਸਨ ਅਤੇ ਨਾ ਹੀ ਆਪਣੇ ਕੰਮਾਂ ਦੇ ਸਿੱਟੇ ਦੀ ਪਰਵਾਹ ਕਰਦੇ ਸਨ, ਉਹਨਾਂ ਨੂੰ ਕਿਸੇ ਵੀ ਸਾਵਧਾਨੀ ਬਿਨਾ ਆਪਣਾ ਲਿਰਟੇਚਰ ਅਤੇ ਹਥਿਆਰ ਵਾਪਸੀ ਸਫ਼ਰ 'ਤੇ ਜਹਾਜਾਂ ਵਿਚੋਂ ਬਾਹਰ ਸਮੁੰਦਰ ਵਿਚ ਸੁੱਟੇ ਦਿੱਤੇ ਸਨ। ਉਹਨਾਂ ਨੇ ਸਮੁੰਦਰੀ ਸਫ਼ਰ ਦੌਰਾਨ ਆਪਣਾ ਮਨਸੂਬਾ ਖ਼ੁਫ਼ੀਆ ਨਹੀਂ ਰਖਿਆ ਸੀ ਅਤੇ ਬ੍ਰਿਟਿਸ਼ ਇੰਟੈਲੀਜੈਂਸ ਦੇ ਏਜੰਟ, ਜਿਹੜੇ ਉਹਨਾਂ ਵਿਚ ਜਾ ਮਿਲੇ ਸਨ ਸਾਰਾ ਵਿਵਰਨ ਸਰਕਾਰ ਨੂੰ ਪਹੁੰਚਾਉਂਦੇ ਰਹੇ, ਜਿਸ ਨੂੰ ਉਹਨਾਂ ਦੇ ਮਨਸੂਬਿਆਂ ਦਾ ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਪੂਰਾ-ਪੂਰਾ ਪਤਾ ਸੀ। ਪੇਸ਼ਾਵਰ ਅਤੇ ਅਨੁਭਵੀ ਇਨਕਲਾਬੀ ਕਦੇ ਇੰਝ ਨਾ ਕਰਦੇ। ਉਹ ਚੁੱਪਚਾਪ ਦੇਸ ਵਿਚ ਵਾਪਸ ਆ ਜਾਂਦੇ, ਧਿਆਨ ਨਾਲ ਹਾਲਾਤ ਦਾ ਜਾਇਜ਼ਾ ਲੈਂਦੇ ਅਤੇ ਆਪਣੀ ਚਾਲ ਉਸੇ ਦੇ ਅਨੁਸਾਰ ਚੱਲਦੇ।

ਜਿਵੇਂ ਇਹ ਸਭ ਕੁਝ ਕਾਫ਼ੀ ਨਹੀਂ ਸੀ, ਨਾ ਤਾਂ ਉਹਨਾਂ ਕੋਲ ਕਾਫ਼ੀ ਪੈਸਾ ਸੀ ਤੇ ਨਾ ਹੀ ਹਥਿਆਰ। ਜੋ ਪੈਸਾ ਉਹਨਾਂ ਦੇ ਪਾਸ ਸੀ ਉਹ ਸਰਕਾਰ ਨੇ ਜ਼ਬਤ ਕਰ ਲਿਆ ਸੀ ਉਹਨਾਂ ਦੇ ਪਹੁੰਚਣ 'ਤੇ। ਭਾਰਤੀ ਫ਼ੌਜੀਆਂ ਨੂੰ ਆਪਣੇ ਨਾਲ ਰਲਾਉਣ ਲਈ ਆਪਣਾ ਮਨਸੂਬਾ ਲਾਗੂ ਕਰਨਾ, ਸਰਕਾਰੀ ਅਫ਼ਸਰਾਂ ਅਤੇ ਉਹਨਾਂ ਦੇ ਚਮਚਿਆਂ ਨੂੰ ਮਾਰਨਾ, ਜੇਲਾਂ ਤੋੜ ਕੇ ਕੈਦੀਆਂ ਨੂੰ ਰਿਹਾ ਕਰਾਉਣਾ, ਛਾਪਾਖ਼ਾਨਾ ਖੋਲ੍ਹਣਾ, ਹਥਿਆਰ ਇਕੱਠੇ ਕਰਨੇ, ਅਤੇ ਭਾਰਤੀ ਲੋਕਾਂ ਨੂੰ ਬਗ਼ਾਵਤ ਲਈ ਉਭਾਰਨਾ, ਵਿਸ਼ੇਸ਼ ਕਰ ਯੁਵਾ ਪੀੜ੍ਹੀ ਨੂੰ, ਪੈਸੇ ਦੀ ਲੋੜ ਸੀ। ਜਦ ਉਹ ਲੋੜੀਂਦਾ ਪੈਸਾ ਖ਼ੁਸ਼ੀ ਨਾਲ ਦੇਣ ਵਾਲੇ ਦਾਨੀਆਂ ਤੋਂ ਨਾ ਇਕੱਠਾ ਕਰ ਸਕੇ, ਇਨਕਲਾਬੀਆਂ ਨੇ ਹਥਿਆਰਬੰਦ ਡਕੈਤੀਆਂ ਦਾ ਰਾਹ ਅਪਨਾਇਆ, ਗ਼ਰੀਬਾਂ ਦੇ ਦੁਸ਼ਮਨਾਂ ਦੇ ਵਿਰੁੱਧ ਅਤੇ ਬ੍ਰਿਟਿਸ਼ ਸਾਮਰਾਜ ਦੇ ਕਹਿਣੇਕਾਰ ਹਿਮਾਇਤੀਆਂ ਵਿਰੁੱਧ।

ਜਦ ਕਿ ਪੰਜ ਡਕੈਤੀਅ: ਜੋ ਇਨਕਿਲਾਬੀਆਂ ਨੇ ਕੀਤੀਆਂ ਅਤੇ ਕੁਝ ਪੈਸਾ ਇਕੱਠਾ ਕੀਤਾ – ਜੋ ਕਾਫ਼ੀ ਨਹੀਂ ਸੀ – ਉਹਨਾਂ ਦੇ ਆਪਣੇ ਦੋ ਬਹੁਤ ਹੀ ਬਹਾਦਰ ਸਾਥੀ ਗੁਆ ਲਏ

ਇਸ ਦੌਰਾਨ। ਸਰਕਾਰੀ ਪ੍ਰਾਪੇਗੰਡਾ ਜਿਸ ਵਿਚ ਇਨਕਲਾਬੀਆਂ ਨੂੰ ਚੋਰ, ਡਾਕੂ ਅਤੇ ਅਪਰਾਧੀ ਕਿਹਾ ਗਿਆ ਸੀ, ਪਿੰਡਾਂ ਵਿਚ ਇਹਨਾਂ ਦੇ ਏਜੰਟਾਂ ਦੁਆਰਾ ਕੀਤਾ ਗਿਆ ਅਤੇ ਸਫਲ ਰਿਹਾ ਅਤੇ ਆਮ ਲੋਕ ਉਹਨਾਂ ਨੂੰ ਐਸਾ ਹੀ ਸਮਝਣ ਲੱਗੇ ਕਿ ਉਹ ਲੋਕ ਇਹੋ ਜਿਹੇ ਜੁਰਮ ਕਰਨ ਵਾਲੇ ਸਨ, ਗ਼ੈਰ ਕਾਨੂੰਨੀ ਹਾਲਤ ਫੈਲਾ ਰਹੇ ਸਨ, ਨਾ ਕਿ ਦੇਸ਼ ਭਗਤ ਸਨ ਜਿਹਨਾਂ ਨੂੰ ਭਾਰਤ ਅਤੇ ਭਾਰਤੀਆਂ ਨਾਲ ਅਥਾਹ ਪਿਆਰ ਸੀ ਅਤੇ ਅੰਗ੍ਰੇਜ਼ੀ ਰਾਜ ਨੂੰ ਖਤਮ ਕਰਨ ਲਈ ਸਿਰ ਧੜ ਦੀ ਬਾਜੀ ਲਾ ਰਹੇ ਸਨ। ਕੁਝ ਹਾਲਾਤ ਵਿਚ ਤਾਂ ਪਿੰਡਾਂ ਵਾਲਿਆਂ ਨੇ ਖ਼ੂਨ–ਪੀਣੇ ਸਾਹੂਕਾਰਾਂ ਦੀ ਜਾਨ ਬਚਾਉਣ ਲਈ, ਦੇਸ਼ ਭਗਤਾਂ ਨਾਲ ਲੜਦਿਆ ਆਪਣੀ ਜਾਨ ਖ਼ਤਰੇ ਵਿਚ ਪਾ ਦਿੱਤੀ। ਜੰਗ ਦੁਆਰਾ ਪੈਦਾ ਕੀਤਾ ਰੌਲਾ ਰੱਪਾ ਅਤੇ ਧੱਕਾਸ਼ਾਹੀ, ਭਰਤੀ ਦੀ ਮੁਹਿੰਮ, ਪੂਰੀ ਪੂਰੀ, ਭਾਰਤ ਦੇ ਸਿਆਸੀ ਲੀਡਰਾਂ ਅਤੇ ਤਜਾਰਤੀ ਤਬਕਿਆਂ ਤੇ ਜ਼ਮੀਨ ਮਾਲਕਾਂ ਵੱਲੋਂ ਬਿਨਾ ਕਿਸੇ ਸ਼ਰਤ ਜਾਂ ਸਵਾਲ ਦੇ ਦਿੱਤੀ ਪੂਰੀ ਹਿਮਾਇਤ, ਜਦ ਜਨਤਾ ਵਿਚ ਕੋਈ ਸਿਆਸੀ ਜਾਗ੍ਰਿਤੀ ਨਹੀਂ ਆਈ ਸੀ – ਇਹ ਸਾਰੀਆਂ ਗੱਲਾਂ ਸਰਕਾਰ ਦੇ ਹੱਕ ਵਿਚ ਹੋਈਆਂ ਅਤੇ ਗ਼ਦਰ ਇਨਕਲਾਬੀਆਂ ਦੇ ਖ਼ਿਲਾਫ਼।

## ਰੈਜਮੈਂਟਾਂ ਨੂੰ ਮਗਰ ਲਾਉਣਾ

ਫ਼ੌਜੀ ਰੈਜਮੈਂਟਾਂ ਨੂੰ ਆਪਣੇ ਮਗਰ ਬਹੁਤ ਜਲਦੀ ਲਾਉਣਾ ਬਹੁਤ ਜ਼ਰੂਰੀ ਕੰਮ ਸੀ, ਕਿਉਂਕਿ ਫੌਜ ਦੇ ਕੁਝ ਵਰਗ ਆਪਣੇ ਨਾਲ ਲਾਏ ਬਗ਼ੈਰ, ਬਗ਼ਾਵਤ ਦਾ ਸਫ਼ਲ ਹੋਣਾ ਸੰਭਵ ਨਹੀਂ ਸੀ। ਭਾਵੇਂ ਇਹ ਕੰਮ ਬਹੁਤ ਮੁਸ਼ਕਿਲ ਸੀ, ਕਿਉਂਕਿ ਛਾਉਣੀਆਂ ਵਿਚ ਦਾਖ਼ਲਾ ਸਖ਼ਤੀ ਨਾਲ ਬੰਦ ਕੀਤਾ ਹੋਇਆ ਸੀ, ਗ਼ਦਰੀ ਇਨਕਲਾਬੀ ਮੀਆਂਮੀਰ (ਲਾਹੌਰ) ਅਤੇ ਫ਼ਿਰੋਜ਼ਪੁਰ ਦੀਆਂ ਛਾਉਣੀਆਂ ਵਿਚ ਕਿਸੇ ਨ ਕਿਸੇ ਤਰ੍ਹਾਂ ਦਾਖ਼ਲ ਹੋ ਹੀ ਗਏ ਜਿੱਥੇ ਉਹਨਾਂ ਨੇ ਰੈਜਮੰਟਲ ਯੂਨਿਟਾਂ ਨਾਲ ਸੰਪਰਕ ਕੀਤਾ। ਹੁੰਗਾਰਾਂ ਇਨਕਲਾਬੀਆਂ ਦੀ ਉਮੀਦ ਬਾਹਰਾ ਸੀ, ਕਿਉਂਕਿ ਸਿਪਾਹੀਆਂ ਵਿਚ ਬਹੁਤ ਜ਼ਿਆਦਾ ਨਾਰਾਜ਼ਗੀ, ਸੰਤੁਸ਼ਟੀ ਨਹੀਂ ਸੀ ਅਤੇ ਜੇ ਬਗ਼ਾਵਤ ਸ਼ੁਰੂ ਕੀਤੀ ਜਾਏ ਤਾਂ ਸ਼ਾਮਿਲ ਹੋਣ ਲਈ ਤਿਆਰ ਸਨ ਪਰ ਉਹ ਪਹਿਲ ਨਹੀਂ ਕਰਨਗੇ। ਸਿਪਾਹੀ ਬਗ਼ਾਵਤ ਦੇ ਹੱਕ ਵਿਚ ਸਨ, ਪਹਿਲਾਂ ਇਸ ਲਈ ਕਿ ਜੰਗ ਦੇ ਸ਼ੁਰੂ ਵਿਚ ਭਾਰਤੀ ਫ਼ੌਜਾਂ ਹਾਰ ਗਈਆਂ ਸਨ, ਜਿਸਦੀ ਖ਼ਬਰ ਸਿਪਾਹੀਆਂ ਤਕ ਭਾਰਤ ਵਿਚ ਪੁੱਜ ਚੁੱਕੀ ਸੀ। ਦੂਸਰੇ, ਇਹ ਅਫ਼ਵਾਹਾਂ ਉੱਡ ਰਹੀਆਂ ਸਨ ਕਿ ਜਰਮਨੀ ਜੰਗ ਦੇ ਜੇਤੂ ਪੱਖ ਵਿਚ ਹੈ, ਜਿਸਦਾ ਭਾਰਤੀ ਸਿਪਾਹੀਆਂ ਦੇ ਮਨੋਬਲ 'ਤੇ ਭੈੜਾ ਅਸਰ ਪਿਆ ਸੀ। ਤੀਸਰੇ, ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਅਤੇ ਯੋਜਨਾਵਾਂ ਬਗ਼ਾਵਤ ਕਰਾਉਣ ਵਾਸਤੇ, ਛਾਉਣੀਆਂ ਵਿਚ ਪਹੁੰਚ ਚੁੱਕੀਆਂ ਸਨ, ਜਿਸ ਨਾਲ ਸਿਪਾਹੀਆਂ ਵਿਚ ਉਮੀਦ ਬਣ ਗਈ ਸੀ ਕਿ ਜੰਗ ਵਿਚ ਅੰਗ੍ਰੇਜ਼ਾਂ ਵਾਸਤੇ ਲੜਦੇ ਤੋਪਾਂ ਦਾ ਚਾਰਾ ਬਣਨ ਤੋਂ ਬਚ ਜਾਣਗੇ।

ਕਿਉਂਕਿ ਸਰਕਾਰ ਨੂੰ ਸ਼ੱਕ ਪੈ ਗਿਆ ਸੀ, ਉਹਨਾਂ ਨੇ ਕੁਝ ਬਚਾਉ ਦੇ ਉਪਾਅ ਕੀਤੇ, ਜਿਵੇਂ ਰਜਮੈਂਟਾਂ ਨੂੰ ਇਕ ਥਾਂ ਤੋਂ ਦੂਸਰੇ ਭੇਜਦੇ ਰਹਿਣਾ, ਇਕ ਛਾਉਣੀ ਤੋਂ ਦੂਸਰੀ ਵਿਚ ਬਦਲੀ ਕਰਨਾ – ਇਕ ਸੂਬੇ ਤੋਂ ਦੂਸਰੇ ਸੂਬੇ ਵਿਚ ਭੇਜਣਾ, ਤਾਂ ਜੋ ਸਿਪਾਹੀਆਂ ਅਤੇ ਇਨਕਲਾਬੀਆਂ ਵਿਚਕਾਰ ਸੰਪਰਕ ਨਾ ਹੋ ਸਕੇ।

ਤੇਜ਼ੀ ਨਾਲ ਬਦਲ ਰਹੀ ਹਾਲਤ ਵਿਚ ਇਹ ਜ਼ਰੂਰੀ ਸੀ ਕਿ ਇਨਕਲਾਬੀਆਂ ਦਾ

ਸਿਪਾਹੀਆਂ ਨਾਲ ਬਿਨਾ ਕਿਸੇ ਦੇਰ ਦੇ ਸੰਪਰਕ ਹੋਵੇ। ਇਹ ਉਹਨਾਂ ਨੇ ਕੀਤਾ, ਆਪਣੇ ਵਰਕਰਾਂ ਨੂੰ ਛਾਉਣੀਆਂ ਵਿਚ ਜਾ ਕੇ ਸਿਪਾਹੀਆਂ ਨੂੰ ਮਿਲਣ ਲਈ ਭੇਜ ਕੇ। ਇਨਕਲਾਬੀਆਂ ਦੀ ਇਹ ਯੋਜਨਾ ਕਿ 1914 ਦੇ ਅੰਤ ਤਕ ਲਾਹੌਰ ਅਤੇ ਫ਼ਿਰੋਜ਼ਪੁਰ ਛਾਉਣੀਆਂ ਉੱਪਰ ਹਮਲਾ ਕੀਤਾ ਜਾਵੇ, ਅਸਫ਼ਲ ਰਿਹਾ, ਜਿਸਦਾ ਕਾਰਨ ਸੀ ਬਹੁਤ ਸਾਰੀਆ ਦੁਰਘਟਨਾਵਾਂ ਅਤੇ ਫ਼ੈਸਲੇ ਦੀ ਅਣਹੋਂਦ। ਉਹ ਪਲ ਜਦ ਭਾਰਤੀ ਸਿਪਾਹੀਆਂ ਵਿਚ ਨਾਰਾਜ਼ਗੀ ਸਿਖਰ 'ਤੇ ਹੋਵੇਗੀ ਛੇਤੀ ਹੀ ਖੁੱਸ ਜਾਵੇਗਾ। ਇਹ ਨਰਾਜ਼ਗੀ ਹੋਰ ਵੀ ਵਧ ਗਈ ਜਦ ਪਤਾ ਲੱਗਾ ਕਿ ਜੰਗ ਦੇ ਮੈਦਾਨ ਵਿਚ 34,000 ਮੌਤਾਂ ਹੋ ਗਈਆਂ ਹਨ ਅਤੇ ਪੰਜਾਬ ਤੋਂ 12,794 (ਸਾਰੇ ਪੰਜਾਬੀ ਸਿਪਾਹੀਆਂ ਦਾ 2.6 %), ਜਿਹੜੇ ਮਾਰੇ ਗਏ ਸਨ।

ਮੈਦਾਨੇ ਜੰਗ ਵਿਚ ਐਨਾਆਂ ਜ਼ਿਆਦਾ ਮੌਤਾਂ, ਨਾਲ ਹੀ ਤਨਖ਼ਾਹਾਂ ਦਾ ਗੋਰਿਆਂ ਅਤੇ ਦੇਸੀਆਂ ਵਿਚ ਫ਼ਰਕ ਅਤੇ ਉਹਨਾਂ ਨਾਲ ਹੁੰਦਾ ਸਲੂਕ, ਭਾਰਤੀ ਸਿਪਾਹੀਆਂ ਦੀ ਫ਼ਰੰਟ 'ਤੇ ਜਾਣ ਵਿਚ ਝਿਜਕ ਅਤੇ ਗ਼ਦਰ ਪਾਰਟੀ ਦਾ ਇਨਕਲਾਬੀ ਪ੍ਰਾਪੇਗੰਡਾ, ਇਹ ਸਭ ਕੁਝ ਇਕੱਠਾ ਹੋ ਕੇ ਫ਼ੌਜੀਆਂ ਵਿਚ ਬਗ਼ਾਵਤ ਕਰਨ ਦੀ ਚਾਹ ਉਗਰ ਹੋ ਗਈ। ਪਰ ਅਜਿਹੇ ਪਲ ਬਹੁਤ ਹੀ ਘੱਟ ਆਉਂਦੇ ਹਨ, ਲੰਘ ਜਾਣ ਦਿੱਤਾ ਗਿਆ। ਸਰਕਾਰ ਹੋਰ ਵੀ ਵੱਧ ਸ਼ੱਕ ਕਰਨ ਲੱਗ ਪਈ ਅਤੇ ਚੌਕੰਨੀ ਹੁੰਦੀ ਗਈ, ਜਦ ਕਿ ਇਨਕਲਾਬੀ ਆਪਣੀਆਂ ਗੀਤੀਵਿਧੀਆਂ ਖੁੱਲ੍ਹਮ ਖੁੱਲਾ ਕਰ ਰਹੇ ਸਨ, ਪੁਲਿਸ ਦੀ ਤਿੱਖੀ ਨਿਗ੍ਹਾ ਹੇਠ, ਸਿੱਟਾ ਕੇਵਲ ਇਹੀ ਹੋ ਸਕਦਾ ਸੀ, ਅਤੇ ਹੋਇਆ ਵੀ ਵੱਡੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਹੋ ਗਈਆਂ, ਗ਼ਦਰੀ ਫੜੇ ਗਏ ਅਤੇ ਉਹਨਾਂ ਦੇ ਸਾਥੀਆਂ-ਹਿਮਾਤੀਆਂ ਦੀ ਗਿਣਤੀ ਘਟ ਗਈ।

## ਬਗ਼ਾਵਤ ਦੀ ਤਰੀਕ ਅਤੇ ਗ਼ੱਦਾਰੀ

ਇਹ ਪਤਾ ਲੱਗਣ 'ਤੇ ਕਿ ਫ਼ੌਜੀਆਂ ਨੇ ਪਹਿਲੀ ਮਾਰਚ ਨੂੰ ਫ਼ਰਾਂਸ ਜਾਣ ਵਾਸਤੇ ਜਹਾਜ਼ੇ ਚੜ੍ਹਨਾ ਹੈ, ਇਨਕਲਾਬੀਆਂ ਨੇ ਪਹਿਲਾਂ ਹੀ ਸਿਪਾਹੀਆਂ ਦਾ ਕੁਝ ਕੰਮ ਕਰ ਲਿਆ ਹੋਇਆ ਸੀ, ਅਤੇ 21 ਫਰਵਰੀ 1915 ਬਗ਼ਾਵਤ ਦੀ ਤਰੀਕ ਪੱਕੀ ਕਰ ਲਈ ਸੀ – ਇਕ ਬਗ਼ਾਵਤ ਜਿਸ ਦਾ ਬਹੁਤਾ ਦਾਰੋਮਦਾਰ ਲਾਹੌਰ ਅਤੇ ਫ਼ਿਰੋਜ਼ਪੁਰ ਛਾਉਣੀਆਂ 'ਤੇ ਸੀ, ਜਿਹਨਾਂ ਦੀਆਂ ਰੈਜਮੰਟਾਂ ਬਗ਼ਾਵਤ ਵਿਚ ਸ਼ਾਮਿਲ ਹੋਣ ਲਈ ਤਿਆਰ ਸਨ ਇਸ ਸ਼ਰਤ 'ਤੇ ਕਿ ਪਹਿਲਕਦਮੀ ਗ਼ਦਰੀ ਇਨਕਲਾਬੀ ਕਰਨ। ਗ਼ਦਰੀ ਆਪਣੀ ਥਾਂ 'ਤੇ ਜ਼ੋਰ ਦੇ ਰਹੇ ਸਨ ਕਿ ਲਾਹੌਰ ਦੀ ਰਸਾਲਾ ਪਲਟਨ ਬਗ਼ਾਵਤ ਕਰੇ ਅਤੇ ਉਹਨਾਂ ਨਾਲ ਆ ਮਿਲੇ। ਇੰਝ ਕੁਝ ਵੀ ਫ਼ੈਸਲਾ ਨਾ ਹੋ ਪਾਇਆ!

ਕਿਉਂਕਿ ਗ਼ਦਰੀਆਂ ਨੂੰ ਅਨੁਭਵੀ ਇਨਕਲਾਬੀ ਦੀ ਲੋੜ ਸੀ, ਇਸ ਲਈ ਉਹਨਾਂ ਨੇ ਬੰਗਾਲ ਦੇ ਇਨਕਲਾਬੀ ਰਾਸ ਬਿਹਾਰੀ ਬੋਸ, ਜਿਸ ਨੇ ਦਿੱਲੀ ਵਿੱਚ ਵਾਇਸਰਾਏ ਉੱਪਰ ਬੰਬ ਸੁਟਿਆ ਸੀ, ਨੂੰ ਬੁਲਾਵਾ ਭੇਜਿਆ। ਉਸਦੀ ਲਾਹੌਰ ਅਤੇ ਦਿੱਲੀ ਸਾਜ਼ਿਸ਼ ਕੇਸ ਵਿਚ ਆਦਾਲਤ ਨੂੰ ਲੋੜ ਸੀ ਅਤੇ ਉਹ ਅੰਡਰਗਰਾਉਂਡ ਹੋਇਆ ਬਨਾਰਸ (ਵਾਰਾਨਸੀ) ਵਿਚ ਸੀ। ਗ਼ਦਰੀਆਂ ਦੀ ਬੇਨਤੀ ਨੂੰ ਮੰਨਦਾ ਹੋਇਆ ਬੋਸ ਜਨਵਰੀ ਦੇ ਅੱਧ ਵਿਚ ਅੰਮ੍ਰਿਤਸਰ ਪਹੁੰਚ ਗਿਆ ਅਤੇ ਉਥੇ, ਬਗਾਵਤ ਕਰਾਉਣ ਦੀ ਜ਼ਿੰਮੇਵਾਰੀ ਲੈਣ ਲਈ ਲਾਹੌਰ ਜਾਣ ਤੋਂ ਪਹਿਲਾਂ, ਮਹੀਨੇ ਦੇ ਅੰਤ ਤਕ ਰਿਹਾ।

ਉਥੇ ਆ ਕੇ ਬੋਸ ਨੇ ਦੇਖਿਆ ਕਿ ਚਾਹੇ ਕੁਝ ਕੰਮ ਪਹਿਲਾਂ ਕੀਤਾ ਹੋਇਆ ਸੀ ਸਿਪਾਹੀਆਂ

ਨੂੰ ਆਪਣੇ ਵੱਲ ਕਰਨ ਲਈ ਅਤੇ ਪੇਂਡੂ ਆਬਾਦੀ ਵਿਚ ਵੀ ਕੁਝ ਨਾਰਾਜ਼ਗੀ ਹੈ ਸੀ, ਸੰਗਠਨ ਨਾਮ ਦੀ ਕੋਈ ਚੀਜ਼ ਨਹੀਂ ਸੀ। ਉਸਨੇ ਇਸ ਲਈ ਹਾਲਾਤ ਨੂੰ ਸੁਧਾਰਨ ਦੀ ਕੋਸ਼ਿਸ਼ ਅਰੰਭ ਦਿੱਤੀ, ਸੰਗਠਨ ਬਣਾਉਣ ਅਤੇ ਕੇਂਦਰੀਕਰਨ ਲਈ – ਇਹ ਕੋਈ ਸੌਖਾ ਕੰਮ ਨਹੀਂ ਸੀ ਕਿਉਂਕਿ ਸਮਾਂ ਬਹੁਤ ਥੋੜ੍ਹਾ ਸੀ ਅਤੇ ਸਿਪਾਹੀ ਯੂਰਪੀਨ ਮੈਦਾਨੇ ਜੰਗ ਵਿਚ ਪਹਿਲੀ ਮਾਰਚ ਨੂੰ ਭੇਜੇ ਜਾਣ ਵਾਲੇ ਸਨ।

ਇਸ ਦੌਰਾਨ ਸਰਕਾਰ ਨੂੰ ਵੀ ਗ਼ਦਰੀਆਂ ਦੀਆਂ ਗਤੀਵਿਧੀਆਂ ਬਾਰੇ ਵੀ ਕਈ ਸੂਹਾਂ ਮਿਲ ਗਈਆਂ। ਉਹਨਾਂ ਨੇ ਇਕ ਸਿਪਾਹੀ ਕਿਰਪਾਲ ਸਿੰਘ ਨੂੰ ਫੜਿਆ ਜਿਸਨੂੰ ਗ਼ਦਰੀਆਂ ਵਿਚ ਦਾਖ਼ਲ ਹੋਣ ਵਿਚ ਕੋਈ ਮੁਸ਼ਕਿਲ ਨਾ ਪੇਸ਼ ਆਈ ਅਤੇ ਉਹ ਉਹਨਾਂ ਉੱਪਰ ਜਾਸੂਸੀ ਕਰਨ ਲੱਗ ਪਿਆ। ਉਸਨੇ ਸਰਕਾਰੀ ਅਧਿਕਾਰੀਆਂ ਨੂੰ ਦਸਿਆ ਕਿ ਇਨਕਲਾਬੀ ਲੋਕ ਬੰਬ ਬਣਾ ਰਹੇ ਹਨ ਅਤੇ ਡਕੈਤੀਆਂ ਕਰਾਉਣ ਦੀ ਤਿਆਰੀ ਵਿਚ ਹਨ ਜੋ ਬਗ਼ਾਵਤ ਤੋਂ ਪਹਿਲਾਂ ਧਰਨੀਆਂ ਹਨ। ਉਸਨੇ ਉਹਨਾਂ ਥਾਵਾਂ ਦਾ ਵੀ ਪਤਾ ਕਰ ਲਿਆ ਜਿੱਥੇ ਇਨਕਲਾਬੀ ਮਿਲਦੇ ਸਨ। ਉਹਨਾਂ ਫ਼ੈਸਲਾਕੁੰਨ ਦਿਨਾਂ ਵਿਚ, ਇਨਕਲਾਬੀਆਂ ਨੂੰ ਸ਼ੱਕ ਪੈ ਗਿਆ, ਜੋ ਠੀਕ ਹੀ ਸੀ, ਕਿ ਕਿਰਪਾਲ ਸਿੰਘ ਪੁਲਿਸ ਦਾ ਜਾਸੂਸ ਹੈ ਜਿਹੜਾ ਉਹਨਾਂ ਦੇ ਵਿਚ ਰਲ ਗਿਆ ਹੈ। ਕਿਉਂਕਿ ਉਸਨੂੰ ਬਗ਼ਾਵਤ ਦੀ ਤਰੀਕ ਦਾ ਪਤਾ ਸੀ, ਇਸ ਲਈ ਇਨਕਲਾਬੀਆਂ ਨੇ ਤਰੀਕ ਦੋ ਦਿਨ ਪਹਿਲਾਂ ਦੀ ਕਰ ਲਈ, ਭਾਵ 19 ਫ਼ਰਵਰੀ। ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਕਿਰਪਾਲ ਸਿੰਘ ਦੁਆਰਾ ਦਿੱਤੀ ਹੋਈ ਜਾਣਕਾਰੀ ’ਤੇ ਕੰਮ ਕਰਦੇ ਹੋਏ, ਅਤੇ ਉਸ ਕੋਲੋਂ ਇਸ਼ਾਰਾ ਪਾ ਕੇ, ਪੁਲਿਸ ਨੇ 19 ਫ਼ਰਵਰੀ ਨੂੰ ਉਸ ਘਰ ’ਤੇ ਛਾਪਾ ਮਾਰਿਆ ਜਿੱਥੇ ਇਨਕਲਾਬੀ ਮੀਟਿੰਗ ਕਰ ਰਹੇ ਸਨ, ਅਤੇ ਉਹਨਾਂ ਵਿਚੋਂ ਸੱਤਾਂ ਨੂੰ ਫੜ ਲਿਆ। ਅਗਲੇ ਦਿਨ (20 ਫਰਵਰੀ), ਇਨਕਲਾਬੀਆਂ ਦਾ ਇਕ ਹੋਰ ਟੋਲਾ, ਜਿਸਨੂੰ ਇਕ ਦਿਨ ਪਹਿਲਾਂ ਪਏ ਛਾਪੇ ਦਾ ਪਤਾ ਨਹੀਂ ਸੀ, ਓਸੇ ਘਰ ਵਿਚ ਆ ਗਿਆ ਅਤੇ ਪੁਲਿਸ ਦੇ ਹੱਥ ਲੱਗਾ ਜਿਹੜੀ ਉਹਨਾਂ ਦੀ ਉਡੀਕ ਕਰ ਰਹੀ ਸੀ।

ਇਹਨਾਂ ਗ੍ਰਿਫ਼ਤਾਰੀਆਂ ਨੇ ਇਨਕਲਾਬੀਆਂ ਦੇ ਬਗ਼ਾਵਤ ਕਰਾਉਣ ਵਾਲੇ ਲੀਡਰਾਂ ਦੀ ਕਮਰ ਤੋੜ ਦਿੱਤੀ। ਹੋਰ ਵੀ ਇਨਕਲਾਬੀ ਪੁਲਿਸ ਦੇ ਹੱਥ ਲੱਗਦੇ ਰਹੇ ਕਿਉਂਕਿ ਸਰਕਾਰ ਨੇ ਇਹ ਛਾਪੇ ਅਤੇ ਗ੍ਰਿਫ਼ਤਾਰੀਆਂ ਬਿਲਕੁਲ ਖ਼ੁਫ਼ੀਆ ਰੱਖੀਆਂ ਸਨ। ਕੁਝ ਦਿਨ ਮਗਰੋਂ ਜਾ ਕੇ ਹੀ, ਇਨਕਲਾਬੀਆਂ ਨੂੰ, ਜਿਹੜੇ ਅਜੇ ਫੜੇ ਨਹੀਂ ਗਏ ਸਨ, ਪਤਾ ਲੱਗਾ ਭਿਆਨਕ ਸਚਾਈ ਦਾ ਕਿ ਉਹਨਾਂ ਦੀ ਨਿਯੋਜਿਤ ਬਗ਼ਾਵਤ ਕਿਰਪਾਲ ਸਿੰਘ ਦੀ ਗ਼ੱਦਾਰੀ ਦੇ ਕਾਰਨ ਬੁਰੀ ਤਰ੍ਹਾਂ ਅਸਫ਼ਲ ਹੋ ਗਈ ਹੈ।

ਜਦ ਪੁਲਿਸ ਨੂੰ ਬਗ਼ਾਵਤ ਦੀ ਯੋਜਨਾ ਅਤੇ ਸਿਰੇ ਚੜ੍ਹਾਉਣ ਦੀ ਤਰੀਕ ਦਾ ਪਤਾ ਲੱਗਾ, ਤਾਂ 19 ਫ਼ਰਵਰੀ ਅਤੇ ਇਸ ਦੇ ਮਗਰੋਂ ਕੀਤੀਆਂ ਗ੍ਰਿਫ਼ਤਾਰੀਆਂ ਦਾ ਬਹੁਤ ਹੀ ਢਹਿੰਦੀ ਕਲਾ ਵਾਲਾ ਅਸਰ ਹੋਇਆ ਅਤੇ ਭਾਵਨਾਵਾਂ ਵੀ ਬਦਲ ਗਈਆਂ। ਕੱਲ ਦੇ ਪੱਕੇ ਸਾਥੀ, ਦੁਸ਼ਮਣ ਬਣ ਗਏ, ਪੁਲਿਸ ਦੇ ਮੁਖ਼ਬਰ ਬਣ ਗਏ। ਕਰਤਾਰ ਸਿੰਘ ਸਰਾਭਾ ਅਤੇ ਉਸਦੇ ਕੁੱਝ ਸਾਥੀਆਂ ਨੇ, ਮਾਰੂ ਸੱਟ ਦੀ ਅਹਿਮੀਅਤ ਨੂੰ ਪੂਰੀ ਤਰ੍ਹਾਂ ਮੰਨਣ ਤੋਂ ਇਨਕਾਰ ਕਰਦੇ ਹੋਏ, ਇਕ ਛਾਪਾਮਾਰ ਦਸਤਾ ਬਣਾਉਣ ਦਾ ਮਨਸੂਬਾ ਬਣਾਇਆ ਜਿਸ ਨਾਲ ਪੁਲਿਸ ਸਟੇਸ਼ਨਾਂ ’ਤੇ ਹਮਲੇ ਕੀਤੇ ਜਾਣ, ਰੇਲਵੇ ਪੁਲਾਂ ’ਤੇ ਤਾਇਨਾਤ ਪੁਲਸੀਆਂ ਨੂੰ ਮਾਰਿਆ ਜਾਵੇ, ਹਥਿਆਰ ਖੋਹੇ ਜਾਣ ਦੇ ਹਿੰਮਤ ਦੇ ਕੰਮ ਕੀਤੇ ਜਾਣ ਅਤੇ ਪਿੰਡਾਂ ਵਿਚ ਅਹਿੱਲ ਪਈ ਕਿਸਾਨੀ ਨੂੰ ਹਿਲਾਇਆ

ਜਾਵੇ। ਪਰ ਇਸਦੀ ਥਾਂ, ਮੌਕੇ ਦੇ ਹਾਲਾਤ ਦਾ ਠੀਕ ਜਾਇਜ਼ਾ ਨਾ ਲੈਣ ਕਾਰਨ, ਉਹ ਇਕ ਪੁਲਿਸ ਦੇ ਜਾਸੂਸ ਦੇ ਘਰ ਪਹੁੰਚ ਗਏ, ਜਿਸ ਦੇ ਖ਼ਬਰ ਦੇਣ 'ਤੇ ਪੁਲਿਸ ਨੇ ਉਹਨਾਂ ਦੇ ਛੁੱਪਣ ਦੀ ਥਾਂ 'ਤੇ ਘੇਰਾ ਪਾ ਲਿਆ, ਉਹਨਾਂ ਨੂੰ ਗਿਰਫ਼ਤਾਰ ਕਰ ਲਿਆ ਅਤੇ ਬੱਲੋਵਾਲ (ਸਰਗੋਧਾ) ਲਿਜਾਇਆ ਗਿਆ।

✲✲✲

## ਕਾਂਡ 9

# ਅਸਫ਼ਲਤਾ ਦੇ ਮਗਰੋਂ

ਨਿਯੋਜਿਤ ਬਗ਼ਾਵਤ ਦੀ ਅਸਫਲਤਾ ਮਗਰੋਂ, ਸਰਕਾਰ ਦੇ ਵਫ਼ਾਦਾਰ ਤੱਤ ਹੋਰ ਦਲੇਰ ਹੋ ਗਏ, ਜਿਹੜੇ ਬਾਕੀ ਦੇ ਇਨਕਲਾਬੀਆਂ ਨੂੰ ਫੜਾਉਣ ਲਈ ਪੁਲਿਸ ਦੀ ਮਦਦ ਲਈ ਸਰਗਰਮ ਹੋ ਗਏ। ਸਰਕਾਰੀ ਪ੍ਰਾਪੇਗੰਡੇ ਦੀ ਮਸ਼ੀਨ, ਜਿਸਨੂੰ ਜਾਗੀਰਦਾਰ ਰਾਜਿਆਂ ਅਤੇ ਧਾਰਮਿਕ ਸੰਸਥਾਵਾਂ ਦੀ ਹਿਮਾਇਤ ਹਾਸਿਲ ਸੀ, ਇਨਕਲਾਬੀਆਂ ਨੂੰ ਕਾਨੂੰਨ ਤੋੜਨ ਵਾਲੇ ਡਾਕੂ, ਪਤਿਤ ਅਤੇ ਅਪਰਾਧੀ ਚਿਹਨਣ ਲੱਗ ਪਈ।

ਗ਼ਦਰੀਆਂ ਦੀ ਗ੍ਰਿਫ਼ਤਾਰੀਆਂ ਦੇ ਮਗਰੋਂ, ਲੈਫ. ਗਵਰਨਰ ਓਡਵਾਇਰ ਨੇ ਲਾਹੌਰ ਵਿਚ ਸਿੱਖ ਰਾਜਿਆਂ, ਵਕੀਲਾਂ ਅਤੇ ਹੋਰ ਵਫ਼ਾਦਰ ਤੱਤਾਂ ਦੀ ਮਾਰਚ 1915 ਵਿਚ ਮੀਟਿੰਗ ਬੁਲਾਈ, ਜਿਸ ਵਿਚ ਪੰਜਾਬ ਦੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਵੀ ਬੁਲਾਏ ਅਤੇ ਸਾਰਿਆਂ ਨੂੰ ਕਿਹਾ ਕਿ ਉਹ ਗ਼ਦਰ ਲਹਿਰ ਨੂੰ ਕੁਚਲਣ ਵਿਚ ਸਰਕਾਰ ਦੀ ਸਹਾਇਤਾ ਕਰਨ। ਉਸ ਨੂੰ ਤਾਂ ਇਹ ਖੇਚਲ ਕਰਨ ਦੀ ਲੋੜ ਹੀ ਨਹੀਂ ਸੀ ਕਿਉਂਕਿ ਇਹ ਸਿੱਖ ਜਾਗੀਰਦਾਰ ਬ੍ਰਿਟਿਸ਼ ਸ਼ਾਹਿਨਸ਼ਾਹਤ ਦੇ ਓਡਵਾਇਰ ਨਾਲੋਂ ਵੀ ਵਧ ਵਫ਼ਾਦਾਰ ਸਨ। ਉਹਨਾਂ ਨੇ ਕਿਹਾ ਕਿ ਜਿਸ 'ਤੇ ਵਫ਼ਾਦਾਰੀ ਬਾਰੇ ਰਤੀ ਕੁ ਵੀ ਸ਼ੱਕ ਹੋਵੇ, ਫੜ ਲਿਆ ਜਾਵੇ ਤੇ ਕੈਦ ਵਿਚ ਸੁੱਟਾ ਦਿੱਤਾ ਜਾਵੇ। ਉਹ ਇਕ ਦੂਸਰੇ ਨਾਲੋਂ ਵੱਧ ਭਰੋਸਾ ਦੁਆ ਰਹੇ ਸਨ ਓਡਵਾਇਰ ਨੂੰ ਆਪਣੀ ਪੂਰੀ ਹਿਮਾਇਤ ਦਾ ਕਿਸੇ ਕਾਰਜ ਵਿਚ ਵੀ ਜੋ ਉਹ ਇਨਕਲਾਬੀਆਂ ਨਾਲ ਸਿੱਝਣ ਲਈ ਠੀਕ ਸਮਝੇ।

ਜ਼ਿਲਾ ਪੱਧਰ 'ਤੇ, ਸਰਕਾਰ ਨੇ ਸਥਾਨਕ ਚੌਧਰੀਆਂ ਦੀਆਂ ਕਮੇਟੀਆਂ ਬਣਾ ਦਿੱਤੀਆਂ *". . . ਤਾਂ ਜੋ ਵਾਪਸ ਆਏ ਪਰਵਾਸੀ ਅਤੇ ਉਹਨਾਂ ਦੇ ਹਿਮਾਇਤੀਆਂ ਦੇ ਚਲਨ ਬਾਰੇ ਤਫ਼ਤੀਸ਼ ਕਰਨ ਅਤੇ ਡਿਪਟੀ ਕਮਿਸ਼ਨਰ ਨੂੰ ਸਲਾਹ ਦੇਣ ਕਿ ਕੀ ਕਾਰਵਾਈ ਕਰਨੀ ਚਾਹੀਦੀ ਹੈ। ਇਹ ਸਿੱਖ ਕਮੇਟੀਆਂ ਸਰਕਾਰ ਲਈ ਬਹੁਤ ਹੀ ਵੱਡਮੁੱਲੀ ਸਹਾਇਤਾ ਸਿੱਧ ਹੋਈਆਂ।*[107]

ਪਿੰਡਾਂ ਦੇ ਚੌਧਰੀ ਅਤੇ ਰਿਟਾਇਰ ਹੋਏ ਸਿਪਾਹੀ, ਕੁਝ ਕੁ ਨੂੰ ਛੱਡੋ ਕੇ, ਸਰਕਾਰ ਦੇ ਵਫ਼ਾਦਾਰ ਸਨ, ਅਤੇ ਪਿੰਡਾਂ ਵਿਚ ਹੋਈ ਹਰ ਗਤੀਵਿਧੀ ਦੀ ਖ਼ਬਰ ਪੁਲਿਸ ਨੂੰ ਦਿੰਦੇ ਸਨ, ਹਰ ਪ੍ਰਕਾਰ ਦੀ ਬ੍ਰਿਟਿਸ਼ ਵਿਰੋਧੀ ਭਾਵਨਾ ਰੱਦ ਕਰਦੇ ਸਨ ਅਤੇ ਬ੍ਰਿਟਿਸ਼ ਤਾਜ ਦੀ ਵਫ਼ਾਦਾਰੀ ਦਾ ਪ੍ਰਚਾਰ ਕਰਦੇ ਸਨ।

ਧਾਰਮਿਕ ਸੰਗਠਨਾਂ ਦੇ ਲੀਡਰ, ਚੀਫ਼ ਖ਼ਾਲਸਾ ਦੀਵਾਨ ਤੋਂ ਲੈ ਕੇ ਆਰੀਆ ਸਮਾਜ, ਹਿੰਦੂ ਸਭਾ ਅਤੇ ਮੁਸਲਿਮ ਲੀਗ – ਸਾਰੇ ਸਰਕਾਰ ਦੇ ਮਗਰ ਇਕੱਠੇ ਹੋ ਗਏ, ਅਤੇ ਇਨਕਲਾਬੀਆਂ ਨੂੰ ਫਾਂਸੀਆਂ ਜਾਂ ਉਮਰ ਕੈਦ ਦੀਆਂ ਸਜ਼ਾਵਾਂ ਭੁਗਤਣ ਲਈ ਇਕ ਪਾਸੇ ਕਰ ਦਿੱਤਾ।

ਪੰਜਾਬ ਜੋ ਉਸ ਵੇਲੇ ਇਨਕਲਾਬੀ ਲਹਿਰ ਦਾ ਕੇਂਦਰ ਸੀ, ਖੌਫ ਹਿਰਾਸ ਦਾ ਰਾਜ ਬਣ ਗਿਆ ਸੀ ਅਤੇ ਕੁਝ ਇਨਕਲਾਬੀ ਜਿਹੜੇ ਅਜੇ ਵੀ ਆਜ਼ਾਦ ਫਿਰ ਰਹੇ ਸਨ ਅਤੇ ਆਪਣੇ

ਆਪ ਨੂੰ ਪੇਸ਼ ਕਰਨ ਤੋਂ ਇਨਕਾਰੀ ਸਨ, ਉਹ ਅਜੇ ਵੀ ਕਈ ਥਾਵਾਂ 'ਤੇ ਸਿਪਾਹੀਆਂ ਨਾਲ ਸੰਪਰਕ ਕਰ ਰਹੇ ਸਨ ਅਤੇ ਉਹਨਾਂ ਨੂੰ ਬਗ਼ਾਵਤ ਕਰਨ ਲਈ ਪ੍ਰੇਰ ਰਹੇ ਸਨ। ਇਸੇ ਕਰਕੇ ਹੀ ਵਿਸ਼ਨੂੰ ਗਣੇਸ਼ ਪਿੰਗਲੇ ਮੇਰਠ ਛਾਉਣੀ ਗਿਆ ਜਿਥੋਂ ਦੀਆ ਰੈਜਮੈਂਟਾਂ ਨੇ 1857 ਦੀ ਜੰਗ ਦਾ ਸੰਕੇਤ ਦਿੱਤਾ ਸੀ ਪਰ ਉਹ 12 ਰਸਾਲੇ ਦੇ ਸਿਪਾਹੀਆਂ ਨਾਲ ਸੰਪਰਕ ਕਰਦਾ ਹੋਇਆ ਗ੍ਰਿਫ਼ਤਾਰ ਕਰ ਲਿਆ ਗਿਆ। ਵਿਅਕਤੀਗਤ ਤੌਰ 'ਤੇ ਇਨਕਲਾਬੀ ਪੁਲਿਸ ਦੇ ਜਾਸੂਸਾਂ ਨੂੰ ਅਤੇ ਸਰਕਾਰੀ ਗਵਾਹਾਂ ਨੂੰ ਮਾਰਦੇ ਰਹੇ। ਇਨਕਲਾਬੀ ਜੋਸ਼ ਨਾਲ ਭਰੇ ਹੋਏ, ਉਹ ਨਾ ਮੌਤ ਤੋਂ ਡਰਦੇ ਸਨ ਅਤੇ ਨਾ ਹੀ ਬ੍ਰਿਟਿਸ਼ ਜੇਲ੍ਹ ਦੇ ਤਸੀਹਿਆਂ ਤੋਂ। ਜੋ ਵੀ ਸੀ, ਅਫ਼ਸੋਸਨਾਕ ਸਚਾਈ ਇਹ ਸੀ ਕਿ 19 ਫ਼ਰਵਰੀ ਦੇ ਮਗਰੋਂ ਇਹ ਲਹਿਰ ਉਸ ਵੇਲੇ ਕੁਚਲ ਦਿੱਤੀ ਗਈ, ਪਰ ਆਪਣੀ ਨਿਸ਼ਾਨੀ ਅਤੇ ਵਿਰਾਸਤ ਇਨਕਲਾਬੀਆਂ ਦੀ ਹੋਰ ਪੀੜ੍ਹੀ ਲਈ ਛੱਡ ਗਈ ਜਿਹਨਾਂ ਨੇ ਗ਼ਦਰੀਆਂ ਦੇ ਪਦ ਚਿਨ੍ਹਾਂ 'ਤੇ ਚੱਲਣਾ ਸੀ, ਉਹਨਾਂ ਦੀ ਵੱਡੀ ਦ੍ਰਿਸ਼ਟੀ, ਦਲੇਰੀ ਭਰੇ ਯਤਨਾਂ ਅਤੇ ਨਿਸ਼ਕਾਮ ਹੌਸਲੇ ਤੋਂ ਪ੍ਰੇਰਿਤ ਹੋਣਾ ਸੀ ਅਤੇ ਆਪਣੇ ਅੰਦਰ ਭਾਰਤ ਦੀ ਆਜ਼ਾਦੀ ਲਈ ਭੜਕ ਰਹੀ ਇੱਛਾ ਦੀ ਜਵਾਲਾ ਨੂੰ ਬ੍ਰਿਟਿਸ਼ ਰਾਜ ਦੇ ਵਿਰੁੱਧ ਕਾਰਜ ਰਤ ਕਰਨਾ ਸੀ।

## ਕੰਗਾਰੂ ਟ੍ਰਿਬਿਊਨਲ

ਗ਼ਦਰੀ ਲੀਡਰਾਂ ਦੀ ਗ੍ਰਿਫ਼ਤਾਰੀ ਦੇ ਫ਼ੌਰਨ ਮਗਰੋ, ਸਕਾਰ ਨੇ ਅੱਗੇ ਕਦਮ ਵਧਾਉਂਦਿਆਂ ਕੰਗਾਰੂ ਟ੍ਰਿਬਿਊਨਲ ਬਣਾ ਦਿੱਤਾ ਉਹਨਾਂ 'ਤੇ *"ਬਾਦਸ਼ਾਹ ਸਲਾਮਤ ਦੇ ਵਿਰੁੱਧ ਜੰਗ ਕਰਨ ਅਤੇ ਕਾਨੂੰਨ ਅਨੁਸਾਰ ਬਣਾਈ ਸਰਕਾਰ ਦਾ ਤਖ਼ਤਾ ਪਲਟਣ ਲਈ"* ਮੁਕੱਦਮੇ ਚਲਾਉਣ ਲਈ। ਅਸੀ ਇਥੇ ਹੀ ਇਸ ਚਲਾਕੀ ਭਰੀ ਚਾਲ ਨੂੰ ਜਿਸਦੇ ਅਧੀਨ ਜ਼ਾਲਮਾਨਾ ਬਸਤੀਵਾਦੀ ਜੰਗਾਂ ਹੋਈਆਂ, ਜਿਸਦੇ ਫਲਸਰੂਪ ਕਾਮਯਾਬੀਆਂ (ਜਿੱਤਾਂ) ਮਿਲੀਆਂ ਜਿਹਨਾਂ ਨੂੰ *"ਕਾਨੂੰਨ ਅਧੀਨ ਬਣਾਈ ਸਰਕਾਰ ਵਿਚ ਬਦਲ ਦਿੱਤਾ ਗਿਆ"*, ਛੱਡ ਦਿੰਦੇ ਹਾਂ।

ਇਸ ਸਾਜ਼ਸ਼ੀ ਮੁਕੱਦਮੇਬਾਜ਼ੀ ਦਾ ਮੰਤਵ ਤਾਂ ਸੀ, ਮੁਕੱਦਮਿਆਂ ਦਾ, ਇਨਕਲਾਬੀ ਲਹਿਰ ਨੂੰ ਸ਼ੁਰੂ ਹੁੰਦੇ ਹੀ ਕੁਚਲਣਾ ਤਾਂ ਜੋ ਬ੍ਰਿਟਿਸ਼ ਰਾਜ ਜਾਰੀ ਰਖਿਆ ਜਾ ਸਕੇ। ਉਹ ਪੂਰੀ ਤਰ੍ਹਾਂ ਕਦੇ ਵੀ ਸਫ਼ਲ ਨਾ ਹੋ ਸਕੇ। ਕਿਉਂਕਿ ਜਿਵੇਂ ਹੀ ਇਕ ਇਨਕਲਾਬੀ ਲਹਿਰ ਕੁਚਲੀ ਗਈ, ਇਸਦੇ ਮਗਰੇ ਹੀ ਦੂਸਰੀ ਲਹਿਰ ਉੱਠ ਪਈ। ਗ਼ਦਰ ਸਾਜ਼ਿਸ਼ ਮੁਕੱਦਮੇ ਦੌਰਾਨ, ਬ੍ਰਿਟਿਸ਼ ਅਦਾਲਤੀ ਪ੍ਰਬੰਧ, ਕਿਸੇ ਕਾਨੂੰਨੀ ਚਿੰਨ੍ਹ ਦੇ ਬਿਨਾ, ਆਪਣੇ ਘ੍ਰਿਣਿਤ ਅਤੇ ਵਹਿਸ਼ੀ ਨੰਗੇਜ ਵਿਚ ਖੜ੍ਹਾ ਹੋ ਗਿਆ।

ਪਹਿਲੀ ਸਾਮਰਾਜੀ ਸੰਸਾਰ ਵਿਆਪੀ ਜੰਗ ਨੂੰ ਲੜਣ ਦੇ ਰਾਹ ਵਿਚ ਹਰ ਰੁਕਾਵਟ ਨੂੰ ਰੋਕਣ ਲਈ ਅਤੇ ਭਾਰਤੀ ਲੋਕਾਂ ਨੂੰ ਆਪਣੇ ਨਾਲ ਪੂਰੀ ਤਰ੍ਹਾਂ ਜੋੜਣ ਲਈ, ਬ੍ਰਿਟਿਸ਼ ਸਰਕਾਰ ਕਿਸੇ ਐਸੇ ਬਿਆਨ 'ਤੇ ਵੀ ਟੁੱਟ ਕੇ ਪੈਂਦੀ ਸੀ ਜੋ ਉਸਨੂੰ ਬਗ਼ਾਵਤੀ ਸੁਰ ਵਾਲਾ ਅਤੇ ਇਨਕਲਾਬੀ ਲੱਗਦਾ ਸੀ – ਵਿਸ਼ੇਸ਼ਕਰ ਐਸੀ ਕੋਈ ਲਹਿਰ ਜੋ ਫ਼ੌਜ ਨੂੰ ਬਗ਼ਾਵਤੀ ਵਿਚਾਰ ਨਾਲ ਦੂਸ਼ਿਤ ਕਰੇ। ਮਾਈਕਲ ਉਡਵਾਇਰ, ਲੈਫ. ਗਵਰਨਰ, ਕੋਲ ਅਸੀਮਿਤ ਅਧਿਕਾਰ ਸਨ – ਜੀਵਨ ਅਤੇ ਮੌਤ ਦੇ, ਪੰਜਾਬ ਦੇ ਲੋਕਾਂ ਉੱਪਰ। ਤਥਾਕਥਿਤ ਆਦਾਲਤੀ ਪ੍ਰਬੰਧ ਇਕ ਜੋੜਕ (ਨਾਲ ਜੁੜਿਆ ਹੋਇਆ ਵਸੀਲਾ) ਹੀ ਸੀ, ਉਸਦੇ ਪ੍ਰਸ਼ਾਸਨ ਦੀ ਇਕ ਬਾਂਹ। ਭਾਰਤ ਸਰਕਾਰ ਨੇ ਡਿਫ਼ੈਂਸ ਆਫ਼ ਇੰਡੀਆ ਐਕਟ ਪਾਸ ਕੀਤਾ, ਜਿਸ ਦੇ ਅੰਤਰਗਤ ਓ'ਡਵਾਇਰ ਨੂੰ ਇਹ ਅਧਿਕਾਰ

ਮਿਲ ਗਿਆ ਕਿ ਉਹ ਕ੍ਰਿਮੀਨਲ ਲਾਅ (ਫ਼ੌਜਦਾਰੀ ਕਾਨੂੰਨ ਦੀ ਪਾਲਣਾ ਲਈ ਬਣਾਏ ਅਹਿਮ ਅਮਲ ਨੂੰ ਅਖੋਂ ਓਹਲੇ ਕਰ ਦੇਵੇ, ਰੱਦ ਕਰ ਦੇਵੇ। ਇਸ ਲਈ, ਪਹਿਲਾ ਗ਼ਦਰੀਆਂ ਦੇ ਖ਼ਿਲਾਫ਼ ਲਾਹੌਰ ਸਾਜ਼ਿਸ਼ ਮੁਕੱਦਮਾ ਆਪ ਚੁਣੇ ਤਿੰਨ ਜੱਜਾਂ ਦੇ ਪੈਨਲ ਨੂੰ ਦੇ ਦਿੱਤਾ ਗਿਆ। 26 ਅਪ੍ਰੈਲ 1915 ਨੂੰ ਸ਼ੁਰੂ ਹੋਇਆ ਮੁਕੱਦਮਾ, ਖ਼ੁਫ਼ੀਆ ਤੌਰ 'ਤੇ ਚੱਲਣਾ ਸੀ ਜਿਸ ਵਿਚ ਪ੍ਰੈਸ ਨੂੰ ਇਸਦੀ ਕਾਰਵਾਈ ਦੀ ਰਿਪੋਰਟਿੰਗ ਕਰਨ ਦੀ ਮਨਾਹੀ ਸੀ। ਕੋਈ ਅਪੀਲ ਨਹੀਂ ਹੋਣੀ ਸੀ ਨਾ ਹੀ ਟ੍ਰਿਬਿਊਨਲ ਦੇ ਫ਼ੈਸਲੇ ਦੀ ਮੁੜ ਵਿਚਾਰ ਹੋਣੀ ਸੀ, ਜਦ ਕਿ ਸੂਬਾਈ ਅਤੇ ਕੇਂਦਰੀ ਸਰਕਾਰ ਨੂੰ ਨਰਮੀ ਵਰਤਣ ਦਾ ਅਧਿਕਾਰ ਵੀ ਦਿੱਤਾ ਗਿਆ ਸੀ।

ਕਰਾਊਨ ਪ੍ਰੋਸਿਕਿਊਟਰ (ਸਰਕਾਰੀ ਵਕੀਲ) ਬੈਵਨ ਪਿਟਮੈਨ ਨੇ, ਇਕ ਭਾਸ਼ਣ ਵਿਚ, ਜੋ ਢਾਈ ਦਿਨ ਹੁੰਦਾ ਰਿਹਾ, ਸਾਜ਼ਿਸ਼ ਦੇ ਮੰਤਵ ਅਤੇ ਇਸ ਨੂੰ ਸਿਰੇ ਚੜ੍ਹਉਣ ਦੇ ਢਗ ਦਾ ਖ਼ੁਲਾਸਾ ਕੀਤਾ। ਸਾਜ਼ਿਸ਼ ਦਾ ਮੰਤਵ, ਉਸਨੇ ਕਿਹਾ, ਭਾਰਤ ਵਿਚ ਕਾਨੂੰਨੀ ਤੌਰ 'ਤੇ ਬਣੀ ਸਰਕਾਰ ਦਾ ਜ਼ਬਰਦਸਤੀ ਤਖ਼ਤਾ ਪਲਟਣਾ ਸੀ "ਯੂਰਪੀਨਾਂ ਨੂੰ ਕੱਢਣਾ ਸੀ (ਉਸਨੂੰ ਕਹਿਣਾ ਚਾਹੀਦਾ ਸੀ ਬ੍ਰਿਟਿਸ਼ ਨੂੰ, ਪਰ ਉਸਨੇ ਸ਼ਬਦ ਯੂਰਪੀਨ ਜਾਣ ਬੁੱਝ ਕੇ ਵਰਤਿਆ ਤਾਂ ਜੋ ਹਮਦਰਦੀ ਪ੍ਰਾਪਤ ਕਰ ਸਕੇ ਯੂਰਪੀਨਾਂ ਤੋਂ) ਅਤੇ ਆਪਣੀ ਸਰਕਾਰ ਬਣਾ ਸਕੇ। ਕਿਹੜੇ ਢੰਗ ਵਰਤਣੇ ਸਨ, ਉਸਨੇ ਹੇਠ ਲਿਖੇ ਦੱਸੇ –

1. ਸਿਪਾਹੀਆਂ ਦੀ ਆਪਣੇ ਤਾਜ ਤੋਂ ਬਗ਼ਾਵਤ, ਬ੍ਰਿਟਿਸ਼ ਰਾਜ ਵਿਰੁੱਧ ਮਿਉਟਿਨੀ ਅਤੇ ਗ਼ਦਰੀ ਇਨਕਿਲਾਬੀਆਂ ਨੂੰ ਹਥਿਆਰ ਅਤੇ ਗੋਲੀ-ਸਿੱਕਾ ਉਪਲਬਧ ਕਰਾਉਣਾ।
2. ਪੈਸਾ, ਹਥਿਆਰ, ਗੋਲੀ ਸਿੱਕਾ ਅਤੇ ਬੰਦੇ ਬਗ਼ਾਵਤ ਲਈ ਇਕੱਠੇ ਕਰਨੇ।
3 ਉਸੇ ਮੰਤਵ ਲਈ ਪੈਸਾ ਜੁਟਾਉਣਾ ਸਰਕਾਰੀ ਖ਼ਜ਼ਾਨਿਆਂ ਤੇ ਹਮਲੇ ਕਰਕੇ ਅਤੇ ਡਕੈਤੀਆਂ ਕਰਕੇ।
4. ਰੇਲ ਗੱਡੀਆਂ ਦੀ ਤੋੜ ਭੰਨ ਕਰਕੇ, ਰੇਲਵੇ ਪੁਲਾਂ ਨੂੰ ਤੋੜ ਕੇ ਅਤੇ ਸਾਰੇ ਯੂਰਪੀ ਫ਼ੌਜੀਆਂ ਉੱਪਰ ਹਮਲੇ ਕਰਕੇ, ਜਦ ਬਗ਼ਾਵਤ ਸ਼ੁਰੂ ਹੋ ਜਾਵੇ।
5. ਬਗ਼ਾਵਤੀ ਲਿਟਰੇਚਰ ਤਿਆਰ ਕਰਨਾ ਅਤੇ ਵੰਡਣਾ ਅਤੇ ਭੜਕਾਊ ਭਾਸ਼ਣ ਦੇਣੇ। ਸਿਪਾਹੀਆਂ ਨੂੰ ਮਿਉਟਿਨੀ ਲਈ ਭੜਕਾਉਣਾ ਅਤੇ ਆਮ ਲੋਕਾਂ ਨੂੰ ਬਗ਼ਾਵਤ ਲਈ।

ਕੁਲ ਮਿਲਾ ਕੇ, 61 ਇਨਕਲਾਬੀ ਦੋਸ਼ੀ ਪਾਏ ਗਏ। ਪੰਜ ਨੂੰ ਛੱਡ ਕੇ ਸਾਰੇ ਹੀ ਪੰਜਾਬੀ ਸਨ। ਪੰਜਾਂ ਵਿਚ ਪਿੰਗਲੇ ਅਤੇ ਪਰਮਾਨੰਦ ਸ਼ਾਮਿਲ ਸਨ। ਭਾਵੇਂ ਦੋਸ਼ ਪੱਤਰ ਵਿਚ ਕਿਹਾ ਗਿਆ ਸੀ ਕਿ ਇਹ ਸਾਜ਼ਿਸ਼ ਸੀ ਤਾਜ ਦੇ ਵਿਰੁੱਧ ਅਤੇ ਬ੍ਰਿਟਿਸ਼ ਸਰਕਾਰ ਦਾ ਤਖ਼ਤਾ ਪਲਟਨ ਲਈ, ਜੋ ਅਮਰੀਕਾ ਵਿਚ ਮਈ 1913 ਵਿਚ ਘੜੀ ਗਈ ਸੀ, ਜਿਸਦੇ ਮਗਰੋਂ ਬਹੁਤ ਸਾਰੇ ਭਾਰਤੀਆਂ ਦੀ ਇਸੇ ਮੰਤਵ ਲਈ 1914 ਵਿਚ ਦੇਸ ਵਾਪਸੀ, ਬਚਾਉ ਪੱਖ ਨੂੰ 50 ਗਵਾਹ ਸੱਦੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ ਤਾਂ ਜੋ ਤਾਜ (ਭਾਵ ਸਰਕਾਰੀ ਪੱਖ) ਵੱਲੋਂ ਲਾਏ ਦੋਸ਼ਾਂ ਦੇ ਖੰਡਨ ਲਈ ਗਵਾਹੀ ਦੇ ਸਕਣ। ਜੰਗ ਵਾਸਤੇ ਅਤੇ ਨਾਲ ਹੀ ਸਾਰੀ ਭਾਰਤੀ ਲੀਡਰਸ਼ਿਪ – ਧਾਰਮਿਕ ਅਤੇ ਧਰਮ ਨਿਰਪੇਖ – ਦੀ ਪੂਰੀ ਜੀ ਹਜ਼ੂਰੀ, ਜਨ ਸਾਧਾਰਨ ਨਾਲ ਵੱਡੀ ਪੱਧਰ 'ਤੇ ਪ੍ਰਾਪੇਗੰਡਾ ਕਰਕੇ ਸਰਾਸਰ ਧੋਖਾ ਕੀਤਾ ਜਾ ਰਿਹਾ ਸੀ, ਜਿਸ ਨਾਲ ਜੱਜਾਂ ਨੂੰ ਗ਼ਦਰੀ ਯੋਧਿਆਂ ਦੀ ਜਾਨ ਨਾਲ ਖੇਲਣ ਦਾ ਮੌਕਾ ਮਿਲ ਗਿਆ। ਇਹ ਅੰਗ੍ਰੇਜ਼ੀ ਰਾਜ ਦੇ ਅਤੇ ਹੱਥ-ਚੁਣੇ ਅਦਾਲਤੀ ਦਲਾਲਾਂ ਦੇ ਹਿਤ ਵਿਚ ਸੀ ਕਿ ਦੇਸ਼ ਭਗਤਾਂ ਨੂੰ ਬੇਰਹਿਮੀ ਨਾਲ ਫਾਹੇ ਲਾਇਆ ਜਾਏ ਜਾਂ ਉਮਰ

ਕੈਦ ਦੀ ਸਜ਼ਾ ਦਿੱਤੀ ਜਾਵੇ, ਜਿਹਨਾਂ ਨੂੰ ਵਿਦੇਸ਼ ਤੋਂ ਗਵਾਹ ਮੰਗਵਾਉਣ ਦੀ ਆਗਿਆ ਨਹੀਂ ਦਿੱਤੀ ਸੀ। ਆਜ਼ਾਦੀ ਦੇ ਸੰਗ੍ਰਾਮੀਆਂ ਵਿਚੋ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ 24 ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਸਜ਼ਾ ਸੁਣਾਈ ਦੇ ਉੱਤਰ ਵਿਚ ਉਹਨਾਂ ਮਜ਼ਾਕੀਆ ਸੁਰ ਵਿਚ ਜੱਜਾਂ ਨੂੰ ਕਿਹਾ ਸੀ, *"ਬਹੁਤ ਧੰਨਵਾਦ ਹੈ ਤੁਹਾਡਾ।"* ਉਹਨਾਂ ਵਿਚੋ ਇਕ, ਨਿਧਾਨ ਸਿੰਘ ਚੁੱਘਾ, ਬੋਲਿਆ, *"ਬੱਸ ਐਨੀ ਹੀ? ਤੁਸੀਂ ਇਸਤੋਂ ਵੱਧ ਸਜ਼ਾ ਨਹੀਂ ਦੇ ਸਕਦੇ ?"* ਜਦ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤਾਂ ਜਵਾਲਾ ਸਿੰਘ, ਜਿਹੜਾ ਪੋਟੈਟੋ ਕਿੰਗ ਦੇ ਨਾਮ ਨਾਲ ਪ੍ਰਸਿੱਧ ਸੀ, ਬਹੁਤ ਉੱਚੀ ਬੋਲਿਆ, *"ਇਹ ਵਿਤਕਰਾ ਕਿਉਂ? ਮੈਨੂੰ ਵੀ ਮੌਤ ਦੀ ਸਜ਼ਾ ਕਿਉਂ ਨਹੀਂ ਦਿੰਦੇ?"* ਜਦ ਭਾਰਤੀ ਜੱਜ, ਸ਼ਿਉ ਨਾਰਾਇਣ ਨੇ ਉਸਨੂੰ ਕਿਹਾ ਕਿ ਉਹ ਆਪਣੇ ਇਸ ਅੜੀਅਲ ਬਿਆਨ 'ਤੇ ਮੁੜ ਵਿਚਾਰ ਕਰੇ, ਤਾਂ ਸਰਾਭਾ ਦਾ ਜਵਾਬ ਸੀ –

*"ਮੈਂ ਇਸ ਵਿਦੇਸ਼ੀ ਅਤੇ ਜ਼ਾਲਿਮ ਰਾਜ ਦੇ ਵਿਰੁੱਧ ਆਪਣੀ ਕਾਰਗੁਜ਼ਾਰੀ ਨੂੰ ਲੋਕਾਂ ਤੋਂ ਓਹਲੇ ਰੱਖਕੇ ਆਪਣੀ ਜਾਨ ਨਹੀਂ ਬਚਾਉਣੀ ਚਾਹੁੰਦਾ।"*

ਅਰਜਨ ਸਿੰਘ ਖੁਖਰਾਣਾ, ਜਿਸ ਨੂੰ ਲਾਹੌਰ ਵਿਚ ਇਕ ਪੁਲਿਸ ਦੇ ਸਿਪਾਹੀ ਨੂੰ ਮਾਰਨ ਲਈ ਮੌਤ ਦੀ ਸਜ਼ਾ ਦਿੱਤੀ ਗਈ ਸੀ, ਨੂੰ ਸਭ ਤੋਂ ਪਹਿਲਾਂ ਫਾਂਸੀ ਦਿੱਤੀ ਗਈ ਸੀ। ਉਹ ਫਾਂਸੀ ਦੇ ਤਖ਼ਤੇ 'ਤੇ ਚੜ੍ਹਿਆ ਤਾਂ ਗ਼ਦਰ–ਦੀ–ਗੂੰਜ ਦੀ ਸਤਾਰਵੀਂ ਕਵਿਤਾ ਗਾ ਰਿਹਾ ਸੀ, ਜਿਸ ਦਆਂ ਦੋ ਸਤਰਾਂ ਇਹ ਸਨ –

**ਬਹਾਦਰਾਂ ਵਾਂਗ ਲੜਦੇ ਮਰਨਾ ਬਿਹਤਰ ਹੈ ਇਸ**
**ਨਾਲੋਂ ਕਿ ਕੁੱਤੇ ਵਾਂਗ ਆਪਣੀ ਜਾਨ ਗਵਾਈ ਜਾਵੇ**
**ਜਾਂ ਅਸੀ ਵੈਰੀ ਮਾਰ ਦੇਵੀਏ ਜਾਂ ਮਰ ਜਾਈਏ**
**ਅਸੀਂ ਕਾਇਰਾਂ ਵਾਂਗ ਦੁਮ ਨਾ ਦਬਾ ਲਈਏ**

ਜੇਲ ਅਧਿਕਾਰੀਆਂ ਨੇ ਇਨਕਲਾਬੀਆਂ ਨੂੰ ਕਿਹਾ ਕਿ ਉਹ ਲੈਫ. ਗਵਰਨਰ ਜਾਂ ਵਾਇਸਰਾਏ ਨੂੰ ਰਹਿਮ ਦੀ ਅਰਜ਼ੀ ਦੇ ਸਕਦੇ ਹਨ, ਪਰ ਉਹਨਾਂ ਸਾਰਿਆਂ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ।

ਅਜਿਹੇ ਦਲੇਰ ਅਤੇ ਨਿਰਭੈ ਇਨਕਲਾਬੀ ਮਾਰੇ ਜਾ ਸਕਦੇ ਹਨ, ਫਾਹੇ ਲਾਏ ਜਾ ਸਕਦੇ ਹਨ, ਸਾਰਾ ਜੀਵਨ ਕੈਦ ਵਿਚ ਰੱਖੇ ਜਾ ਸਕਦੇ ਹਨ, ਧਰਤੀ 'ਤੇ ਕੋਈ ਐਸੀ ਤਾਕਤ ਨਹੀਂ ਹੈ ਜਿਹੜੀ ਉਹਨਾਂ ਦੇ ਵਿਚਾਰਾਂ ਨੂੰ ਚੁੱਪ ਕਰਾ ਸਕੇ ਜਾਂ ਉਹਨਾਂ ਦੀ ਇਨਕਲਾਬੀ ਵਿਰਾਸਤ ਨੂੰ ਮਿਟਾ ਸਕੇ।

ਲਾਹੌਰ ਕਾਂਸਪੀਰੇਸੀ (ਸਾਜ਼ਿਸ਼) ਕੇਸ ਦੇ ਇਲਾਵਾ ਚਾਰ ਪਿੱਛੋਂ ਜੁੜੇ ਮੁਕੱਦਮੇ ਅਤੇ ਪੰਜ ਹੋਰ ਮੁਕੱਦਮੇ ਸਨ – ਇੰਜ ਪੂਰੇ ਦਸ ਐਸੇ ਮੁਕੱਦਮੇ ਬਣੇ ਸਨ। ਗ਼ਦਰ ਲਹਿਰ ਵਿਰੁੱਧ ਫ਼ੌਜਦਾਰੀ ਮੁਕੱਦਮਿਆਂ ਦਾ ਖ਼ੁਲਾਸਾ ਜੋ ਆਈਸ ਮੋਂਗਰ ਅਤੇ ਸੈਲੇਟਰੀ ਨੇ ਗ਼ਦਰ ਕਾਂਸਪੀਰੇਸੀ ਰਿਪੋਰਟ ਵਿਚ ਕੀਤਾ, ਉਸਦੇ ਅਨੁਸਾਰ ਪੂਰੇ 279 ਪਰਵਾਸੀਆਂ 'ਤੇ ਮੁਕੱਦਮਾ ਚਲਿਆ ਸੀ, ਜਿਹਨਾਂ ਵਿਚੋ 46 ਨੂੰ ਫਾਂਸੀ ਦਿੱਤੀ ਗਈ ਸੀ, 64 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ ਅਤੇ ਹੋਰਨਾਂ ਨੂੰ ਇਸਤੋਂ ਘਟ ਸਜ਼ਾਵਾਂ ਦਿੱਤੀਆਂ ਗਈਆਂ ਸਨ। ਪਰ ਇਸ ਖ਼ੁਲਾਸੇ ਵਿਚ ਬਹੁਤ ਸਾਰੇ ਹੋਰ ਮੁਕੱਦਮੇ ਨਹੀਂ ਸ਼ਾਮਿਲ ਕੀਤੇ ਅਤੇ ਇੰਝ ਇਹ ਸਰਾਸਰ ਘਟਾਇਆ ਹੋਇਆ ਅਨੁਮਾਨ ਹੈ ਇਨਕਿਲਾਬੀਆਂ ਦੀ ਗਿਣਤੀ ਬਾਰੇ ਜਿਹੜੇ ਜਾਂ ਫਾਹੇ ਲਾਏ ਗਏ ਤੇ ਜਾਂ ਉਮਰ ਕੈਦ ਕੀਤੇ ਗਏ।

ਭਰੋਸੇਯੋਗ ਸੂਤਰਾਂ ਦੇ ਅਨੁਸਾਰ, ਜਿਹਨਾਂ ਉੱਪਰ ਮੁਕੱਦਮੇ ਚੱਲੇ ਉਹਨਾਂ ਦੀ ਗਿਣਤੀ ਸ਼ਾਇਦ ਪੰਜ ਸੌ ਤੋਂ ਵੀ ਵੱਧ ਸੀ।

ਸਾਰਾ ਹੀ ਸਾਜ਼ਿਸ਼ ਮੁਕੱਦਮਾ ਹਫ਼ਤਾਵਾਰੀ *ਗ਼ਦਰ* ਵਿਚ ਛਪੇ ਲੇਖਾਂ ਅਤੇ *ਗ਼ਦਰ ਦੀ ਗੂੰਜ* ਪੁਸਤਕ ਵਿਚ ਛਪੀਆਂ ਕਵਿਤਾਵਾਂ ਦੇ ਆਧਾਰ 'ਤੇ ਬਣਾਇਆ ਗਿਆ ਸੀ। ਕੁਝ ਡਕੈਤੀਆਂ ਅਤੇ ਪੁਲਿਸ ਕਰਮੀਆਂ ਦੇ ਕਤਲ ਦਾ ਵੀ ਮੁਕੱਦਮੇ ਦੇ ਫ਼ੈਸਲੇ ਵਿਚ ਹਲਕਾ ਜਿਹਾ ਜ਼ਿਕਰ ਹੈ। ਜੱਜਾਂ ਨੇ ਸਾਜ਼ਿਸ਼ ਦਾ ਕੇਂਦਰ ਅਮਰੀਕਾ ਵਿਚ ਹੀ ਰਖਿਆ ਸੀ ਸਪਸ਼ਟ ਤੌਰ ਤੇ ਇਸ ਕਰਕੇ ਕਿ ਸਰਕਾਰ ਨੇ 173 ਮੁਸਾਫ਼ਰਾਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਗ਼ਲਤੀ ਕੀਤੀ ਸੀ, ਜਿਹਨਾਂ ਵਿਚ ਬਹੁਤੇ ਸਿੱਖ, ਅਮਰੀਕਾ, ਜਾਪਾਨ, ਮਨੀਲਾ ਅਤੇ ਸ਼ੰਘਾਈ ਤੋਂ ਸਨ ਜੋ 28 ਅਕਤੂਬਰ 1914 ਨੂੰ ਕਲਕੱਤੇ ਪਹੁੰਚੇ ਸਨ, ਸਮੁੰਦਰੀ ਜਹਾਜ਼ *ਤੋਸ਼ਾ ਮਾਰੂ* ਵਿਚ। ਉਹਨਾ ਵਿਚੋਂ, 73 ਜ਼ਮਾਨਤ 'ਤੇ ਛੱਡ ਦਿੱਤੇ ਗਏ ਸਨ ਤੇ ਬਾਕੀ ਦੇ 100 ਕੈਦ ਵਿਚ ਰੱਖੇ ਸਨ। ਪਹੁੰਚਦੇ ਸਾਰ ਗ੍ਰਿਫ਼ਤਾਰ ਹੋਣ ਕਾਰਨ, ਉਹ ਕਿਸੇ ਵੀ ਸਾਜ਼ਿਸ਼ ਦੇ ਮੁਕੱਦਮੇ ਵਿਚ ਸਹੀ ਤੌਰ ਤੇ ਫਸਾਏ ਨਹੀਂ ਜਾ ਸਕਦੇ ਸਨ ਜੇ ਉਹਨਾਂ ਦਾ ਕੇਂਦਰ ਪੰਜਾਬ ਹੁੰਦਾ। ਉਸ ਹਾਲਤ ਵਿਚ, ਸਰਕਾਰ ਉਹਨਾਂ ਨੂੰ ਮੁਕੱਦਮੇ ਦੀ ਤਕਲੀਫ਼ ਵਿਚ ਵੀ ਨਹੀਂ ਪਾ ਸਕਦੀ ਸੀ, ਉਹਨਾਂ ਨੂੰ ਦੋਸ਼ੀ ਕੀ ਠਹਿਰਾਉਣਾ ਸੀ ਅਤੇ ਮੌਤ ਜਾਂ ਉਮਰ ਕੈਦ ਦੀ ਸਜ਼ਾ ਤਾਂ ਕੀ ਦੇਣੀ ਸੀ।

ਇਹ ਮਹਿਸੂਸ ਕਰਦੇ ਹੋਏ ਕਿ ਸਰਕਾਰ ਨੇ ਉਹਨਾਂ ਦੀ ਕਿਸਮਤ ਦਾ ਫ਼ੈਸਲਾ ਪਹਿਲਾਂ ਹੀ ਕਰ ਦਿੱਤਾ ਹੈ, ਦੋਸ਼ੀ ਇਨਕਲਾਬੀ ਸਾਰੇ ਹੀ ਮੁਕੱਦਮੇ ਨੂੰ ਨਫ਼ਰਤ ਨਾਲ ਦੇਖਦੇ ਸਨ, ਉਸ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੇ ਸਨ ਅਤੇ ਮੁਕੱਦਮੇ ਦੀ ਕਾਰਵਾਈ ਦੌਰਾਨ ਆਪਣਾ ਸਮਾਂ ਹੱਸਣ ਅਤੇ ਇਕ ਦੂਸਰੇ ਨੂੰ ਮਜ਼ਾਕ ਕਰਨ ਵਿਚ ਬਿਤਾ ਰਹੇ ਸਨ ਅਤੇ ਜ਼ਾਲਮ ਤਰਾਸਦੀ, ਜਿਸਦਾ ਨਾਟਕ ਅਦਾਲਤ ਵਿਚ ਖੇਡਿਆ ਜਾ ਰਿਹਾ ਸੀ, ਵੱਲ ਵਿਅੰਗਪੂਰਨ ਢੰਗ ਨਾਲ ਦੇਖਦੇ ਸਨ। ਨਿਰਪੱਖਤਾ ਦੀ ਤਾਂ ਰਤਾ ਭਰ ਝਲਕ ਵੀ ਨਹੀਂ ਸੀ ਅਤੇ ਮੁਕੱਦਮੇ ਦੀ ਸੁਣਾਈ ਦਾ ਬਹਾਨਾ ਹੀ ਸੀ ਜਿਸ ਵਿਚ ਜੱਜ ਸਰਾਕਾਰੀ ਪੱਖ ਬਣ ਗਏ ਅਤੇ ਘੜੀ ਘੜੀ ਦੋਸ਼ੀਆਂ ਬਾਰੇ ਭੱਦੇ ਬੋਲ, ਬੋਲ ਰਹੇ ਸਨ।

ਮੁਕੱਦਮੇ ਦਾ ਫ਼ੈਸਲਾ 13 ਸਿਤੰਬਰ, 1915 ਨੂੰ ਸੁਣਾਇਆ ਗਿਆ, ਜਿਸ ਅਨੁਸਾਰ 24 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਨੇ ਹਲ ਚਲ ਮਚਾ ਦਿੱਤੀ ਅਤੇ ਨਾਰਾਜ਼ਗੀ ਦੀ ਲਹਿਰ ਚੱਲ ਪਈ। ਹੋਰ ਤਾਂ ਹੋਰ ਲਾਰਡ ਹਾਰਡਿੰਗ ਨੇ ਵੀ, ਆਪਣੀ ਕਿਤਾਬ, *ਮਾਈ ਇੰਡੀਅਨ ਯੀਅਰਜ਼*, ਵਿਚ ਲਿਖਿਆ –

*"ਉਸ ਵੇਲੇ ਲਾਹੌਰ ਕਾਂਸਪੀਰੇਸੀ ਕੇਸ ਨੇ ਮੈਨੂੰ ਬਹੁਤ ਤਕਲੀਫ਼ ਦਿੱਤੀ। ਘੱਟੋ ਘੱਟ 24 ਬੰਦਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਇਕ ਵਿਸ਼ੇਸ਼ ਟ੍ਰਿਬਿਊਨਲ ਦੁਆਰਾ."* ਉਹ ਲਾਹੌਰ ਗਿਆ ਅਤੇ ਉਡਵਾਇਰ ਨੂੰ ਕਿਹਾ ਕਿ ਉਹ *"ਬਲੀ ਦੇ ਬੱਕਰਿਆਂ ਦਾ ਘੱਲੂਘਾਰਾ ਨਹੀਂ ਹੋਣ ਦੇਵੇਗਾ ਐਸੇ ਮੁਕੱਦਮੇ ਵਿਚ ਜਿਸ ਵਿਚ 6 ਬੰਦੇ ਦੋਸ਼ੀ ਪਾਏ ਗਏ ਸਨ ਕਤਲ ਦੇ ਜੁਰਮ ਦੇ ਅਤੇ ਡਕੈਤੀ ਦੇ"*[108] 24 ਬੰਦਿਆਂ ਦੀ ਫਾਂਸੀ ਦੇ ਭਿਆਨਕ ਨਤੀਜੇ ਦੀ ਭਵਿੱਖਬਾਣੀ ਕਰਦੇ ਹੋਏ, ਵਾਇਸਰਾਏ ਨੇ 17 ਦੀ ਸਜ਼ਾ ਮੌਤ ਤੋਂ ਘਟਾ ਕੇ ਉਮਰ ਕੈਦ ਕਰ ਦਿੱਤੀ – ਇਹ ਐਸਾ ਕੰਮ ਸੀ ਜਿਸ ਲਈ ਭਾਰਤ ਵਿਚਲਾ ਬ੍ਰਿਟਿਸ਼ ਪ੍ਰਸ਼ਾਸਨ ਵਾਇਸਰਾਏ ਦੀ ਬੁਰੀ ਤਰ੍ਹਾਂ ਨਿਖੇਧੀ ਕਰਦਾ ਰਿਹਾ। ਵਾਇਸਰਾਏ ਦੇ ਫ਼ੈਸਲੇ ਦਾ ਮਤਲਬ ਸੀ ਵਿਸੇਸ਼ ਅਦਾਲਤ ਅਤੇ, ਆਪਣੇ ਆਪ ਨੂੰ

ਬੇਰਹਿਮ ਕਾਨੂੰਨੀ ਅਧਿਕਾਰ ਦੇ ਅਨੁਕੂਲ ਨਾ ਬਣਾਉਣਾ, ਜਿਸ ਨਾਲ ਪ੍ਰਸਾਸ਼ਨ ਨੂੰ ਵੱਡੇ ਤੋਂ ਵੱਡਾ ਅਧਿਕਾਰ ਦਿੱਤਾ ਹੋਇਆ ਸੀ, ਦੀ ਨੁਕਤਾਚੀਨੀ ਕਰਨਾ ਸੀ। ਇਸਦਾ ਮਤਲਬ ਸੀ ਓ'ਡਵਾਇਰ ਦੀ ਭੰਡੀ ਕਰਨਾ ਜਿਹੜਾ ਕੇਵਲ ਛੇ ਇਨਕਲਾਬੀਆਂ ਦੀ ਸਜ਼ਾ ਘਟਾਉਣਾ ਚਾਹੁੰਦਾ ਸੀ।

ਇਹ ਦਾਅਵਾ ਕਰਦੇ ਹੋਏ ਕਿ ਉਹ ਘੱਲੂਘਾਰਾ ਬਚਾਉਣਾ ਚਾਹੁੰਦਾ ਸੀ, ਵਾਇਸਰਾਏ ਨੇ ਸੱਤ ਦੋਸ਼ੀਆਂ ਨੂੰ ਦਿੱਤੀ ਹੋਈ ਮੌਤ ਦੀ ਸਜ਼ਾ ਨੂੰ ਘੱਟ ਨਹੀਂ ਕੀਤਾ, ਅਤੇ 17 ਨੂੰ ਭਿਆਨਕ ਜੇਲ੍ਹ ਕੋਠੜੀਆਂ ਵਿਚ ਗਲਣ ਸੜਨ ਲਈ, ਰਾਜ ਦੇ ਤਸੀਹੇ ਘਰਾਂ ਵਿਚ, ਭਾਵੇਂ ਉਹਨਾਂ ਨੇ ਭਾਰਤ ਵਿਚ ਕਿਸੇ ਕਾਰਵਾਈ ਵਿਚ ਹਿੱਸਾ ਨਹੀਂ ਲਿਆ ਸੀ – ਜੇ ਕਿਸੇ ਹੋਰ ਕਾਰਨ ਨਹੀਂ ਤਾਂ ਇਸ ਕਰਕੇ ਵੀ ਕਿ ਉਹ ਭਾਰਤ ਵਿਚ ਪਹੁੰਚਦੇ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ।

ਸੱਤ ਜਣੇ ਜਿਹਨਾਂ ਨੂੰ ਫਾਂਸੀ ਦਿੱਤੀ ਗਈ, ਵਿਚ ਕਰਤਾਰ ਸਿੰਘ ਸਰਾਭਾ (ਉਮਰ 19 ਸਾਲ) ਅਤੇ ਵਿਸ਼ਨੂੰ ਗਣੇਸ਼ ਪਿੰਗਲੇ (ਉਮਰ 27 ਸਾਲ) ਸਨ। ਸਰਾਭਾ ਬਾਰੇ ਕੁਝ ਸ਼ਬਦ ਇੱਥੇ ਵਾਜਬ ਲੱਗਦੇ ਹਨ। ਉਹ ਯੁਵਾ ਅਤੇ ਨਿਡਰ ਇਨਕਲਾਬੀ ਸੀ, ਜਿਸਦੇ ਵਿਚ ਆਫ਼ਰਾਂ ਦੀ ਹਿੰਮਤ ਸੀ। ਬਸਤੀਵਾਦੀ ਗੁਲਾਮੀ ਤੋਂ ਆਜ਼ਾਦੀ ਦੇ ਇਨਕਲਾਬੀ ਆਦਰਸ਼ ਨਾਲ ਪ੍ਰੇਰਿਤ, ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਹੋਰਨਾਂ ਨੂੰ ਆਜ਼ਦੀ ਲਈ ਲੜਨ ਲਈ ਕਿਵੇਂ ਪ੍ਰੇਰਨਾ ਹੈ। ਜੱਲਾਦ ਨੇ ਅਦਾਲਤੀ ਭੇਸ ਵਿਚ ਉਸਦਾ ਸਤਿਕਾਰ ਕੀਤਾ, ਭਾਵੇਂ ਅਣਜਾਣੇ ਵਿਚ ਹੀ, ਇਹ ਕਹਿ ਕੇ ਉਹ "*. . . .61 ਦੋਸ਼ੀਆਂ ਵਿਚੋਂ ਉਹ ਸਭ ਤੋਂ ਅਹਿਮ ਹੈ ਅਤੇ ਉਸਦਾ ਡੋਜ਼ੀਅਰ (ਜੁਰਮਾਂ ਦਾ ਰਿਕਾਰਡ) ਸਭ ਤੋਂ ਭਾਰਾ ਹੈ। ਅਮਰੀਕਾ ਵਿਚ ਇਸ ਸਾਜ਼ਿਸ ਦੇ ਕਿਸੇ ਵੀ ਮਹਕਿਮੇ ਵਿਚ, ਭਾਰਤ ਵੱਲ ਦੇ ਸਮੁੰਦਰੀ ਸਫ਼ਰ ਵਿਚ, ਅਤੇ ਭਾਰਤ ਵਿਚ, ਕੋਈ ਐਸੀ ਥਾਂ ਨਹੀਂ ਜਿਸ ਵਿਚ ਇਸ ਦੋਸ਼ੀ ਨੇ ਆਪਣੀ ਭੂਮਿਕ ਨਾ ਨਿਭਾਈ ਹੋਵੇ*"[109]

ਉਸਨੇ ਜੱਜਾਂ ਨੂੰ ਉਹਨਾਂ ਦੇ ਕਿਸੇ ਸਵਾਲ ਦਾ ਵੀ ਜਵਾਬ ਨਾ ਦੇ ਕੇ ਬਹੁਤ ਨਾਰਾਜ਼ ਕੀਤਾ ਅਤੇ ਨਾ ਹੀ ਕਿਸੇ ਕਰਾਸ-ਐਗਜ਼ਾਮੀਨੇਸ਼ਨ ਵਿਚ ਹਿੱਸਾ ਲਿਆ, ਉਹ ਵਿਰੋਧੀ ਸੂਰਤ ਬਣਾਈ ਅਦਲਾਤ ਵਿਚ ਚੁੱਪ ਚਾਪ ਬੈਠਾ ਰਿਹਾ।

ਥੋੜ੍ਹਾ ਸਮੇਂ ਵਿਚ ਫੜੇ ਜਾਣ ਤੋਂ ਪਹਿਲਾਂ, ਉਸਨੇ ਭਾਰਤ ਦੀ ਆਜ਼ਾਦੀ ਲਈ ਅਤੇ ਜ਼ਾਲਮ ਬ੍ਰਿਟਿਸ਼ ਸਰਕਾਰ ਦੇ ਪਤਨ ਲਈ ਬਹੁਤ ਘਾਲਣਾ ਘਾਲੀ। ਕਿਉਂਕਿ ਗ਼ਦਰੀ ਇਨਕਲਾਬੀਆਂ ਕੋਲ ਪੈਸੇ ਦੀ ਬਹੁਤ ਘਾਟ ਸੀ, ਉਸਨੇ ਕੁਝ ਡਕੈਤੀਆਂ ਵਿਚ ਵੀ ਹਿੱਸਾ ਲਿਆ ਤਾਂ ਜੋ ਇਕ ਛਾਪਾਖ਼ਾਨਾ ਖੋਲ੍ਹੇ ਜਾਣ ਲਈ ਅਤੇ ਇਕ ਪਰਚਾ, *ਗ਼ਦਰ ਹਫ਼ਤਾਵਾਰੀ* ਵਰਗਾ, ਕੱਢਣ ਲਈ ਪੈਸਾ ਜੁਟਾਇਆ ਜਾ ਸਕੇ। ਉਸਨੇ ਬਹੁਤ ਵੱਡਾ ਖ਼ਤਰਾ ਸਹੇੜ ਕੇ ਕਈ ਮੀਟਿੰਗਾਂ ਵਿਚ ਹਿੱਸਾ ਲਿਆ, ਫ਼ਿਰੋਜ਼ਪੁਰ, ਮੇਰਠ ਅਤੇ ਹੋਰ ਕਈ ਛਾਉਣੀਆਂ ਵਿਚ ਵੀ ਗਿਆ ਤਾਂ ਜੋ ਸਿਪਾਹੀਆਂ ਨੂੰ ਆਜ਼ਾਦੀ ਦੇ ਸੰਘਰਸ਼ ਨਾਲ ਜੋੜਿਆ ਜਾ ਸਕੇ। ਉਹ ਹਥਿਆਰ ਖ਼ਰੀਦਣ ਲਈ ਬੰਗਾਲ ਵੀ ਗਿਆ। ਉਹਦੇ ਮਨ ਵਿਚ ਬ੍ਰਿਟਿਸ਼ ਲਈ ਬਹੁਤ ਹੀ ਗਹਿਰੀ ਨਫ਼ਰਤ ਸੀ। ਉਸਦੀ ਰੋਜ਼ ਦੀ ਅਰਦਾਸ ਹੁੰਦੀ ਸੀ "*ਅੰਗ੍ਰੇਜ਼ਾਂ ਹਾਕਮਾਂ ਨੂੰ ਮਾਰੋ*"। ਜੱਜ ਉਸਨੂੰ ਐਨੀ ਨਫ਼ਰਤ ਕਰਦੇ ਸਨ ਕਿ ਅਦਾਲਤੀ ਸਾਊਪਣੇ ਨੂੰ ਪੂਰੀ ਤਰ੍ਹਾਂ ਪਰ੍ਹੇ ਸੁੱਟ ਕੇ, ਉਹ ਉਸਨੂੰ ਗਾਲ੍ਹਾਂ ਕੱਢ ਦਿੰਦੇ, ਉਸਨੂੰ "*ਪੂਰਾ ਅੱਖੜ ਬਦਮਾਸ਼, ਜਿਸਨੂੰ ਆਪਣੀਆਂ ਕਰਤੂਤਾਂ 'ਤੇ ਬਹੁਤ ਮਾਣ ਹੈ, ਜਿਸ 'ਤੇ ਕੋਈ ਰਹਿਮ ਨਾ ਕਰਨਾ ਹੈ ਨਾ ਕਰਨਾ ਚਾਹੀਦਾ ਹੈ।*"

ਜੱਜਾਂ ਦੇ ਪਾਗਲਪਨ ਦਾ ਵੀ ਇੱਕ ਢੰਗ ਸੀ। ਕਿਉਂਕਿ ਇਸ ਸਾਜ਼ਿਸ਼ ਕੇਸ ਦੇ ਮੁਕੱਦਮੇ ਦੇ ਪਿੱਛੇ ਇਕ ਮੰਤਵ ਸੀ, ਡਰ ਦਾ ਮਾਹੌਲ ਪੈਦਾ ਕਰਨਾ ਅਤੇ ਮੌਤ ਦਾ ਡਰ ਦੇਣਾ, ਕਿੰਨੇ ਸਾਰੇ ਇਨਕਲਾਬੀਆਂ ਨੂੰ ਫ਼ਾਂਸੀ ਦੇ ਤਖ਼ਤੇ ਉੱਪਰ ਭੇਜ ਕੇ, ਪਰ ਸਰਾਭਾ ਉਸ ਮੰਤਵ ਨੂੰ ਅਸਫ਼ਲ ਕਰ ਰਿਹਾ ਸੀ ਅਦਾਲਤੀ ਕਾਰਵਾਈ ਦੌਰਾਨ ਆਪਣੀ ਦ੍ਰਿੜ੍ਹਤਾ ਅਤੇ ਮੌਤ ਦੀ ਲਾਪਰਵਾਹੀ ਦੇ ਵਿਹਾਰ ਦੁਆਰਾ ਸਾਰੇ ਦੇਸ ਸਾਹਵੇਂ ਇਸ ਕੰਗਾਰੂ ਅਦਾਲਤ ਨੂੰ ਹਾਸੋ ਹੀਣੀ ਬਣਾ ਰਿਹਾ ਸੀ।

ਉਹਦੇ ਸਾਰੇ ਸਾਥੀ ਇਨਕਲਾਬੀ ਦੱਸਦੇ ਸਨ ਕਿ ਸਰਾਭੇ ਵਿਚ ਐਸਾ ਗੁਣ ਸੀ ਜੋ ਬਹੁਤ ਘੱਟ ਲੋਕਾਂ ਵਿਚ ਹੁੰਦਾ ਹੈ – ਉਹ ਕਾਇਰਾਂ ਨੂੰ ਨਫ਼ਰਤ ਕਰਦਾ ਸੀ। ਉਸਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਮਨੁੱਖਾ ਜਨਮ ਕੇਵਲ ਇਕ ਵਾਰ ਹੀ ਮਿਲਦਾ ਹੈ। ਇਸ ਲਈ ਉਹ ਇਸਨੂੰ ਆਪਣੇ ਸਾਥੀ ਇਨਸਾਨਾਂ ਦੇ ਭਲੇ ਲਈ ਵਰਤੇ ਅਤੇ ਫ਼ਜ਼ੂਲ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਜੀਵਨ ਬਰਬਾਦ ਨਾ ਕਰੇ। ਭਾਈ ਪਰਮਾਨੰਦ ਨੇ ਆਪਣੇ ਮੈਮੋਇਰਜ਼ ਵਿਚ ਸਰਾਭੇ ਬਾਰੇ ਇੰਜ ਲਿਖਿਆ – *"ਮੁਕੱਦਮੇ ਦੀ ਸਾਰੀ ਕਾਰਵਾਈ ਦੌਰਾਨ, ਉਹ ਬਹੁਤ ਹੀ ਮਜ਼ਾਕੀਏ ਰੌਅ ਵਿਚ ਰਿਹਾ ਅਤੇ ਹੋਰਨਾਂ ਨੂੰ ਵੀ ਉਸੇ ਤਰ੍ਹਾਂ ਹਸਾਉਂਦਾ ਰਿਹਾ। ਉਹ ਅਕਸਰ ਕਹਿੰਦਾ ਸੀ – ਸਾਨੂੰ ਛੇਤੀ ਫਾਹੇ ਲਾਓ ਤਾਂ ਜੋ ਸਾਡਾ ਪੁਨਰਜਨਮ ਹੋਵੇ ਅਤੇ ਅਸੀਂ ਆਪਣਾ ਅਧੂਰਾ ਕੰਮ ਫਿਰ ਆ ਕੇ ਪੂਰਾ ਕਰ ਸਕੀਏ।"*[110]

ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ ਨਾਲ ਨਿਸਚੇ ਹੀ ਐਸੇ ਹਾਲਾਤ ਪੈਦਾ ਹੋ ਗਏ ਸਨ ਜਿਹੜੇ ਇਨਕਲਾਬੀ ਗਤੀਵਿਧੀਆਂ ਲਈ ਪਹਿਲਾਂ ਨਾਲੋਂ ਵਧੇਰੇ ਕਾਰਗਰ ਸਨ। ਪਹਿਲੀ ਗੱਲ ਇਹ ਕਿ ਜੰਗ ਕਾਰਨ ਹਥਿਆਰਬੰਦ ਬਗ਼ਾਵਤ ਦਾ ਮੌਕਾ ਮਿਲਦਾ ਸੀ ਕਿਉਂਕਿ ਤਜਰਬੇਕਾਰ ਸਿਪਾਹੀ ਫ਼ਰਾਂਸ ਅਤੇ ਮੈਸੋਪੋਟਾਮੀਆ ਦੇ ਮੈਦਾਨੇ ਜੰਗ ਵਿਚ ਭੇਜੇ ਜਾ ਚੁੱਕੇ ਸਨ, ਅਤੇ ਪਿੱਛੇ ਨਾਤਜਰਬੇਕਾਰ ਅਤੇ ਘਟ ਗਿਣਤੀ ਸਿਪਾਹੀ ਰਹਿ ਗਏ ਸਨ ਜਿਹੜੇ ਕਿਸੇ ਸੰਗਠਤ ਹਮਲੇ ਦਾ ਭਾਵ ਅਨੁਸਾਸ਼ਿਤ ਅਤੇ ਦ੍ਰਿੜ੍ਹ ਵਿਸ਼ਵਾਸੀ ਇਨਕਲਾਬੀਆਂ ਦਾ ਮੁਕਾਬਲਾ ਕਰ ਸਕਦੇ।

*ਲਾਰਡ ਹਾਰਡਿੰਗ ਲਿਖਦਾ ਹੈ, "ਅੰਦਰੂਨੀ ਹਾਲਤ," "ਬਹੁਤ ਵਿਗੜਨ ਲੱਗ ਪਈ ਸੀ ਅਨਾਰਕਿਸਟਾਂ ਦੇ ਕਾਰਨ ਜਿਹਨਾਂ ਨੇ ਸਾਡੀ ਫ਼ੌਜੀ ਕਮਜ਼ੋਰੀ ਭਾਂਪ ਲਈ ਸੀ ਕਿਉਂਕਿ ਸਾਡੀ ਫ਼ੌਜ ਦੀ ਗਿਣਤੀ ਬਹੁਤ ਘੱਟ ਰਹਿ ਗਈ ਸੀ।"*[111]

ਦੂਸਰੇ, ਬ੍ਰਿਟਿਸ਼ ਇੰਡੀਅਨ ਫ਼ੌਜ ਦੇ ਜੰਗ ਦੇ ਸ਼ੁਰੂ ਵਿਚ ਹੋਏ ਬਹੁਤ ਹੀ ਵੱਡੇ ਨੁਕਸਾਨਾਂ, ਅਤੇ ਨਾਲ ਹੀ ਇਹ ਅਫ਼ਵਾਹਾਂ ਕਰਕੇ ਕਿ ਬ੍ਰਿਟੇਨ ਜੰਗ ਹਾਰ ਰਿਹਾ ਹੈ, ਪਲਟਨਾਂ 'ਤੇ, ਜਿਹੜੀਆਂ ਅਜੇ ਭਾਰਤ ਵਿਚ ਹੀ ਸਨ, ਬਹੁਤ ਮਨੋਬਲ-ਢਾਹੂ ਅਸਰ ਹੋਇਆ ਸੀ, ਅਤੇ ਉਹਨਾਂ ਦੀ ਵਫ਼ਾਦਾਰੀ ਵੀ ਸ਼ੱਕੀ ਹੁੰਦੀ ਜਾ ਰਹੀ ਸੀ – ਅਤੇ ਇਸ ਸਭ ਕੁਝ ਵਿਚ ਬਿਨਾ ਕਿਸੇ ਸ਼ੱਕ ਦੇ ਗ਼ਦਰੀਆਂ ਦੇ ਪ੍ਰਾਪੇਗੰਡੇ ਦਾ ਵੀ ਹੱਥ ਸੀ ਅਤੇ ਉਹਨਾਂ ਨੂੰ ਸੋਚਣ 'ਤੇ ਮਜਬੂਰ ਹੋਣਾ ਪੈ ਰਿਹਾ ਸੀ ਕਿ ਫ਼ਰੰਟ ਤੇ ਜਾ ਕੇ ਸਾਮਰਾਜੀ ਜੰਗ ਵਿਚ ਮਰਨ ਦੀ ਬਜਾਏ, ਅਤੇ ਉਸ ਦੇਸ ਵਾਸਤੇ ਜਿਹੜਾ ਭਾਰਤ ਦੇ 300 ਮਿਲੀਅਨ ਲੋਕਾਂ ਨੂੰ ਗ਼ੁਲਾਮੀ ਦੀਆਂ ਜੰਜੀਰਾਂ ਵਿਚ ਜਕੜ ਕੇ ਰੱਖ ਰਿਹਾ ਹੈ, ਉਹ ਘਰ ਵਿਚ ਹੀ ਕਿਉਂ ਨਾ ਦੇਸ ਦੀ ਆਜ਼ਾਦੀ ਲਈ ਲੜਨ? ਐਸੀਆਂ ਭਾਵਨਾਵਾਂ ਨੂੰ ਹੋਰ ਵੀ ਬਲ ਮਿਲ ਰਿਹਾ ਸੀ ਇਸ ਕਰਕੇ ਕਿ ਉਹਨਾਂ ਨਾਲ ਸਰਕਾਰ ਦੁਆਰਾ ਵਿਤਕਰਾ ਕੀਤਾ ਜਾ ਰਿਹਾ ਸੀ ਤਰੱਕੀਆਂ, ਖ਼ੁਰਾਕ, ਤਨਖਾਹ, ਬੋਨਸ, ਛੁੱਟੀ ਅਤੇ ਪੈਨਸ਼ਨ ਦੇ ਮਾਮਲੇ ਵਿਚ ਗੋਰੇ ਸਿਪਾਹੀਆਂ ਦੇ ਮੁਕਾਬਲੇ।

ਤੀਸਰੇ, ਕਿਸਾਨੀ ਵਿਚ ਬੇਚੈਨੀ ਉਠ ਰਹੀ ਸੀ ਮੁਖ ਤੌਰ 'ਤੇ ਦੋ ਕਾਰਣਾ ਕਰਕੇ (ੳ) ਖਾਣ ਦੀਆਂ ਵਸਤਾਂ ਦੀ ਅਤਿ ਦੀ ਮਹਿੰਗਾਈ ਅਤੇ 'ਕਾਲ ਵਰਗੀ ਹਾਲਤ, ਅਤੇ 1915 ਦੀ ਪਲੇਗ ਦੀ ਮਹਾਮਾਰੀ, ਮੌਤਾਂ, ਬੀਮਾਰੀਆਂ ਅਤੇ ਭੁੱਖਮਰੀ।(ਅ) ਭਰਤੀ ਦੇ ਮਾਮਲੇ ਵਿਚ ਸਰਕਾਰ ਦੁਆਰਾ ਚਲਾਇਆ ਦਮਨ ਚੱਕਰ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਭਰਤੀ ਕੀਤਾ ਜਾਵੇ ਤਾਂ ਜੋ ਉਹ ਜੰਗ ਵਿਚ ਮਰ ਗਏ ਅਤੇ ਮਰ ਰਹੇ ਸਿਪਾਹੀਆਂ ਦੀ ਜਗ੍ਹਾ ਲੈ ਸਕਣ। ਲਾਰਡ ਹਾਰਡਿੰਗ ਵਰਗੀ ਉੱਚ ਅਧਿਕਾਰ ਪ੍ਰਾਪਤ ਹਸਤੀ ਦਾ ਮਜਬੂਰ ਹੋ ਕੇ ਮੰਨਣਾ ਸੀ, *"ਜੰਗ ਦੇ ਇਸ ਪੜਾਅ 'ਤੇ ਮੌਤ ਨਾਲ ਅਤੇ ਨਾਕਾਰਾ ਹੋ ਗਏ ਸਿਪਾਹੀਆਂ ਦੀ ਥਾਂ ਪੂਰ ਕਰਨ ਲਈ ਭਰਤੀ ਕਰਨਾ ਬਹੁਤ ਹੀ ਔਖਾ ਹੋ ਗਿਆ ਹੈ, ਵਿਸ਼ੇਸ ਕਰਕੇ ਸਿੱਖਾਂ ਵਿਚੋਂ"*[112]

ਪਿੰਡਾਂ ਵਿਚ ਤਾਂ ਬਦਅਮਨੀ ਦੀ ਬਿਮਾਰੀ ਬਹੁਤ ਹੀ ਫੈਲ ਗਈ ਸੀ, ਸੁਡੀਸ਼ਨ ਕਮੇਟੀ ਦੀ ਰਿਪੋਰਟ ਅਨੁਸਾਰ।

ਉਪਰੋਕਤ ਸਾਜ਼ਗਾਰ ਹਾਲਾਤ ਦੇ ਬਾਵਜੂਦ, ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਕੋਈ ਬਗ਼ਾਵਤ ਨਾ ਹੋ ਸਕੀ, ਜਿਸ ਬਾਰੇ ਪੂਰੀ ਤਫ਼ਸੀਲ ਹੇਠ ਦਿੱਤੀ ਜਾ ਰਹੀ ਹੈ –

ਪਹਿਲੇ, ਭਾਰਤ ਵਿਚ ਬ੍ਰਿਟਿਸ਼ ਰਾਜ ਅਤੇ ਬ੍ਰਿਟਿਸ਼ ਅਧਿਕਾਰ ਨੂੰ ਭਾਰਤੀ ਪਿੱਠੂ, ਜਾਗੀਰਦਾਰਾਂ-ਰਾਜਿਆਂ ਤੋਂ ਲੈ ਕੇ ਉਦਯੋਗਪਤੀਆਂ ਅਤੇ ਧਾਰਮਿਕ ਸੰਸਥਾਵਾਂ – ਜੋ ਸਾਰੇ ਹੀ ਅਤਿ ਦੀ ਦੀਨਤਾ ਅਤੇ ਵਫ਼ਾਦਾਰੀ ਦੇ ਸਬੂਤ ਦੇ ਰਹੇ ਸਨ, ਹਿਮਾਇਤ ਨਾਲ ਬਹੁਤ ਮਜ਼ਬੂਤ ਹੋ ਗਿਆ ਸੀ।

ਐਸੀ ਸੰਭਾਵਨਾ ਸੀ ਕਿ ਜੇ ਬਗ਼ਾਵਤ ਸ਼ੁਰੂ ਹੋ ਜਾਂਦੀ, ਤਾਂ ਲੋਕ ਇਹਨਾਂ ਪਿੱਠੂਆਂ ਦੇ ਸ਼ਿਕੰਜੇ ਵਿਚੋਂ ਆਪਣੇ ਆਪ ਨੂੰ ਕੱਢ ਲੈਂਦੇ ਅਤੇ ਗ਼ਦਰੀ ਇਨਕਲਾਬੀਆਂ ਵੱਲ ਹੋ ਜਾਂਦੇ। ਪਰ, ਅਫ਼ਸੋਸ ਨਾਲ ਕਹਿਣਾ ਪੈਂਦਾ ਹੈ, ਗ਼ਦਰ ਨੇਤਾ ਮੌਕੇ ਦਾ ਲਾਭ ਨਾ ਉਠਾ ਸਕੇ। ਕਈ ਲੀਡਰ ਤਾਂ, ਇਸਦੇ ਪ੍ਰਧਾਨ ਬਾਬਾ ਸੋਹਣ ਸਿੰਘ ਸਮੇਤ, ਦੇਸ ਪਹੁੰਚਦੇ ਹੀ ਫੜੇ ਗਏ ਸਨ, ਅਤੇ ਇੰਝ ਇਹ ਲਹਿਰ ਇਹਨਾਂ ਦੀ ਅਗਵਾਈ ਤੋਂ ਵਾਂਝਿਆ ਹੋ ਗਈ ਸੀ।

ਉਹਨਾਂ ਕੋਲ ਪੈਸੇ ਅਤੇ ਹਥਿਆਰਾਂ ਦੀ ਬਹੁਤ ਘਾਟ ਸੀ ਅਤੇ ਦੇਸੀ ਰਿਆਸਤਾਂ ਚੋਂ ਹਥਿਆਰ ਮਿਲਣ ਦੀ ਉਮੀਦ ਵਿਚ ਰਹੇ ਸਨ।

ਉਹ ਖ਼ੁਫ਼ੀਆ ਕੰਮ ਕਰਨ ਵਿਚ ਬੁਰੀ ਤਰ੍ਹਾਂ ਅਸਫ਼ਲ ਰਹੇ ਜਿਸ ਕਾਰਨ ਉਹਨਾਂ ਵਿਚ ਪੁਲਿਸ ਦੇ ਜਾਸੂਸ ਰਲਦੇ ਰਹੇ। ਇਹਨਾਂ ਦੀ ਵੱਡੀ ਕਮਜ਼ੋਰੀ ਇਹੀ ਸੀ, ਗੋਪਨੀਅਤਾ ਦੀ ਅਹਿਮੀਅਤ ਨੂੰ ਨਾ ਜਾਣਨਾ, ਜਿਸ ਨਾਲ ਉਹ ਬ੍ਰਿਟਿਸ਼ ਸਾਮਰਾਜ ਦੇ ਸਹਿਜ ਨਿਸ਼ਾਨਾ ਬਣ ਗਏ, ਕਿਉਂਕਿ ਉਹਨਾਂ ਪਾਸ ਇਹਨਾਂ ਦੇ ਸਾਰੇ ਹੀ ਮਨਸੂਬੇ ਅਤੇ ਹੋਰ ਲੋੜੀਂਦੀ ਜਾਣਕਾਰੀ ਸੀ, ਅਤੇ ਬਹੁਤ ਸਖ਼ਤ ਪੁਲਿਸ ਅਤੇ ਮਿਲਟਰੀ ਮਸ਼ੀਨਰੀ ਜਿਸ ਨਾਲ ਭਾਰਤੀਆਂ ਨੂੰ ਦਬਾਇਆ ਜਾ ਸਕਦਾ ਸੀ।

ਉਹ ਚੰਗਾ ਸੁਘੜ ਕੇਂਦਰੀ ਸੰਗਠਨ ਨਾ ਬਣਾ ਸਕੇ ਜਿਸ ਉਪਰ ਅਗਵਾਈ ਦੇਣ ਲਈ ਭਰੋਸਾ ਕੀਤਾ ਜਾ ਸਕਦਾ ਤਾਂ ਜੋ ਇਨਕਲਾਬੀ ਸੰਘਰਸ਼, ਬਹੁਤ ਮੁਸ਼ਕਿਲ ਹਾਲਾਤ ਵਿਚ ਵੀ ਚਲਾਇਆ ਜਾ ਸਕਦਾ।

ਗ਼ਦਰ ਕਾਂਸਪੀਰੇਸੀ ਰਿਪੋਰਟ, ਭਾਵੇਂ ਦੁਸ਼ਮਣ ਸੋਰਤ ਤੋਂ ਆਈ ਸੀ, ਇਸ ਹਾਲਤ ਦੇ ਕਾਰਣ ਦਾ ਇੰਜ ਚਿਤ੍ਰਣ ਕਰਦੀ ਹੈ –

*"ਜਦ ਗ਼ਦਰੀ ਇਨਕਲਾਬੀ ਭਾਰਤ ਪਰਤੇ, ਉਹਨਾਂ ਕੋਲ ਮਜ਼ਬੂਤ ਨੇਤ੍ਰਿਤਵ ਦੀ ਘਾਟ ਸੀ ਜੋ ਇਸ ਯੋਜਨਾ ਲਈ ਚਾਹੀਦਾ ਸੀ. . . .ਉਹ ਕੇਂਦਰੀ ਪੰਜਾਬ ਦੇ ਜ਼ਿਲਿਆਂ ਵਿਚ ਦਿਸ਼ਾਹੀਣ ਢੰਗ ਨਾਲ ਘੁੰਮਦੇ ਰਹੇ ਅਤੇ ਭਾਵੇ ਉਹ ਕੁਝ ਪੇਂਡੂਆਂ ਅਤੇ ਫੌਜੀਆਂ ਨੂੰ ਭ੍ਰਸ਼ਟ ਕਰਨ ਵਿਚ ਸਫਲ ਹੋਏ (!!!), ਉਹ ਬਗਾਵਤ ਉਛਾਲਣ ਵਿਚ ਸਫ਼ਲ ਨ ਹੋਏ ਜਿਸ ਨਾਲ ਲੋਕਾਂ ਵਿਚ ਅਤੇ ਫ਼ੌਜ ਵਿਚ ਅੱਗ ਲੱਗ ਸਕਦੀ ਸੀ।"* [113]

ਕਿਸੇ ਹੋਰ ਨਾਲੋਂ ਬਹੁਤ ਵੱਡੀ ਗੱਲ ਇਹ ਸੀ – ਲੋਕਾਂ ਦੀ ਹਿਮਾਇਤ ਦੀ ਘਾਟ, ਅਤੇ ਨਾਲ ਹੀ ਗ਼ਦਰੀਆਂ ਦੀ ਅਸਫ਼ਲਤਾ, ਇਕ ਮਜ਼ਬੂਤ ਕੇਂਦਰੀ ਸੰਗਠਨ ਸਥਾਪਿਤ ਕਰਨ ਵਿਚ, ਜਿਹੜਾ ਖ਼ੁਫ਼ੀਆ ਤੌਰ 'ਤੇ ਕੰਮ ਕਰਦਾ ਅਤੇ ਕਾਨੂੰਨੀ ਅਤੇ ਗ਼ੈਰਕਾਨੂੰਨੀ ਗਤੀਵਿਧੀਆਂ ਨੂੰ ਨਾਲ਼ ਨਾਲ਼ ਚਲਾਉਂਦਾ ਤਾਂ ਜੋ ਬਸਤੀਵਾਦੀ ਪ੍ਰਸ਼ਾਸ਼ਨ ਦੇ ਯਤਨ ਨਿਸਫ਼ਲ ਹੋ ਜਾਂਦੇ, ਉਹਨਾਂ ਵਿਚ ਰਲ ਜਾਣ ਅਤੇ ਉਹਨਾਂ ਦੇ ਹਾਮੀਆਂ ਨੂੰ ਤੋੜਨ ਦਾ ਕਾਰਜ ਕਰਦਾ, ਸਭ ਕੁਝ ਗ਼ਦਰ ਲਹਿਰ ਦੀ ਅਸਫ਼ਲਤਾ ਦੇ ਕਾਰਣ ਹਨ, ਆਪਣਾ ਨਿਸ਼ਾਨਾ ਪੂਰਾ ਕਰਨ ਵਿਚ।

## ਇਤਿਹਾਸਕ ਪੱਖ ਤੋਂ ਕੋਈ ਅਸਫ਼ਲਤਾ ਨਹੀਂ ਸੀ

ਭਾਵੇ ਗ਼ਦਰ ਲਹਿਰ ਕੁਚਲ ਦਿੱਤੀ ਗਈ ਸੀ ਅਤੇ ਇਹ ਬਗ਼ਾਵਤ ਉਕਸਾਉਣ ਵਿਚ ਅਸਫ਼ਲ ਰਹੀ, ਜੋ ਇਹਨਾਂ ਨੇ ਚੁੱਕਣ ਚੁੱਕਿਆ ਸੀ ਬ੍ਰਿਟਿਸ਼ ਰਾਜ ਦੇ ਵਿਰੁੱਧ, ਇਤਿਹਾਸਕ ਪੱਖ ਤੋਂ ਇਹ ਕੋਈ ਅਸਫ਼ਲਤਾ ਨਹੀਂ ਸੀ। ਇਸਦੀਆਂ ਕਮਜ਼ੋਰੀਆਂ ਦੇ ਬਾਵਜੂਦ, ਅਤੇ ਭਾਵੇਂ ਬ੍ਰਿਟਿਸ਼ ਸਾਮਰਾਜ ਨੇ ਇਸਨੂੰ ਬਹੁਤ ਬੇਰਹਿਮੀ ਨਾਲ ਕੁਚਲਿਆ ਸੀ, ਗ਼ਦਰੀ ਲਹਿਰ ਆਪਣੇ ਪਿੱਛੇ ਇਕ ਬਹੁਤ ਵੱਡੀ ਇਨਕਲਾਬੀ ਵਿਰਾਸਤ ਛੱਡ ਗਈ, ਜਿਹੜੀ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਉਪਰ ਇਕ ਅਮਿਟ ਛਾਪ ਬਣ ਗਈ, ਦੱਬੇ-ਕੁਚਲੇ ਲੋਕਾਂ ਦੇ ਚੰਗੇ ਸਮਾਜਕ ਅਤੇ ਆਰਥਕ ਭਵਿੱਖ ਵਾਸਤੇ ਕਰਨ ਵਾਲੇ ਸੰਘਰਸ਼ ਲਈ। ਇਸਨੇ ਇਨਕਲਾਬੀਆਂ ਦੀ, ਜਿਵੇਂ ਭਗਤ ਸਿੰਘ ਅਤੇ ਉਸਦੇ ਸਾਥੀ, ਪੂਰੀ ਪੀੜ੍ਹੀ ਨੂੰ ਪ੍ਰੇਰਨਾ ਦਿੱਤੀ, ਜਿਹਨਾਂ ਦੀ ਹਿੰਮਤ, ਸਿਆਣਪ, ਦਬਾਏ ਹੋਏ ਸ਼ੋਸ਼ਤ ਲੋਕਾਂ ਨੂੰ ਆਜ਼ਾਦੀ ਦਿਵਾਉਣ ਲਈ ਪੂਰਾ ਸਮਰਪਣ, ਜਿਹਨਾਂ ਦੀ ਧਰਮ ਨਿਰਪੇਖਤਾ, ਜਾਤ ਪਾਤ ਦੇ ਭੇਦ ਬਾਹਰੀ ਨੀਤੀ, ਧਾਰਮਿਕ ਕੱਟੜਤਾ ਦਾ ਤਿਆਗ, ਅੰਤਰ-ਰਾਸ਼ਟਰੀ ਦ੍ਰਿਸ਼ਟੀ, ਆਤਮ ਬਲੀਦਾਨੀ ਵੀਰਤਾ ਇਸ ਸੰਘਰਸ਼ ਨੂੰ, ਭਾਰਤ ਨੂੰ ਬਸਤੀਵਾਦ ਤੋਂ ਆਜ਼ਾਦ ਕਰਨ ਲਈ ਹੋਰ ਅੱਗੇ ਲੈ ਗਈ ਅਤੇ ਹੁਣ ਵੀ ਭਾਰਤੀ ਪ੍ਰੋਲੇਤਾਰੀਆਂ ਦੇ ਸਮਾਜਕ ਆਜ਼ਾਦੀ ਦੇ ਸੰਘਰਸ਼, ਇਕ ਇਨਸਾਨ ਦੇ ਦੂਜੇ ਇਨਸਾਨ ਪ੍ਰਤੀ ਸ਼ੋਸ਼ਣ ਪ੍ਰਬੰਧ ਨੂੰ ਉਖਾੜ ਸੁੱਟਣ ਵਿਚ, ਪ੍ਰੇਰਣਾ ਸਰੋਤ ਬਣੀ ਹੋਈ ਹੈ।

ਗ਼ਦਰੀ ਇਨਕਲਾਬੀ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਇਕ ਮਹੱਤਵਪੂਰਨ ਕੜੀ ਸਨ, ਜਿਹੜੀ 1857 ਦੇ ਗ਼ਦਰ ਭਾਵ ਭਾਰਤੀ ਸੁਤੰਤਰਤਾ ਸੰਘਰਸ਼ ਦੀ ਪਹਿਲੀ ਜੰਗ, ਨਾਲ ਸ਼ੁਰੂ ਹੋਈ ਸੀ। ਅਸਲ ਵਿਚ, ਉਹ ਇਸ ਸੰਘਰਸ਼ ਦੇ ਵਾਰਿਸ ਵੀ ਸਨ ਅਤੇ ਜਾਰੀ ਰੱਖਣਹਾਰੇ ਵੀ ਸਨ। ਇਸੇ ਕਾਰਣ ਹੀ ਉਹਨਾਂ ਨੇ ਆਪਣੇ ਆਪ ਨੂੰ ਇਸ ਨਾਮ ਨਾਲ ਜੋੜਆ – ਗ਼ਦਰ – ਜਿਸ ਨਾਲ ਯੋਧਿਆਂ ਦਾ ਅਤੇ ਉਸ ਵੇਲੇ ਦੇ ਅਹਿਮ ਘਟਨਾਕ੍ਰਮ ਦਾ ਸਨਮਾਨ ਕੀਤਾ ਅਤੇ ਸੰਘਰਸ਼ ਨੂੰ ਜਾਰੀ ਰਖਿਆ। ਇਹ ਪੂਰੀ ਤਰ੍ਹਾਂ ਜਾਣਦੇ ਹੋਏ ਕਿ ਫ਼ੌਜ ਨੇ ਓਦੋਂ (1857) ਕਿਹੋ ਜਿਹੀ ਭੂਮਿਕਾ ਨਿਭਾਈ ਸੀ, ਗ਼ਦੀਰੀਆਂ ਦਾ ਵਿਸ਼ੇਸ਼ ਬਲ ਫ਼ੌਜ ਵਿਚ ਵਿਦਰੋਹੀ ਰੋਹ

ਉਕਸਾਉਣਾ ਸੀ ਅਤੇ ਆਪਣੇ ਪਾਸੇ ਲਾਉਣਾ ਸੀ ਤਾਂ ਜੋ ਬ੍ਰਿਟਿਸ਼ ਸਾਮਰਾਜ ਨੂੰ ਉਖਾੜ ਕੇ ਸੁਟਿਆ ਜਾ ਸਕੇ। ਗ਼ਦਰੀਆਂ ਤੋਂ ਪ੍ਰੇਰਣਾ ਲੈ ਕੇ, ਚੰਗੀ ਗਿਣਤੀ ਵਿਚ ਸਿਪਾਹੀ ਬਾਹਰ ਆਏ ਵੀ ਸਨ ਅੰਗ੍ਰੇਜ਼ ਹਕੂਮਤ ਦੇ ਵਿਰੋਧ ਵਿਚ, ਪਰ ਉਹਨਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਅਤੇ ਉਹ ਗੋਲੀ ਨਾਲ ਉੜਾ ਦਿੱਤੇ ਗਏ।

ਹੋਰ ਚੰਗੀ ਸ਼ਰਧਾਂਜਲੀ ਨਹੀਂ ਦਿੱਤੀ ਜਾ ਸਕਦੀ ਗ਼ਦਰੀਆਂ ਦੀ ਸਫ਼ਲਤਾ ਨੂੰ ਜਿਸਨਾਂ ਆਜ਼ਾਦੀ ਅਤੇ ਬ੍ਰਿਟਿਸ਼ ਵਿਰੋਧੀ ਅਤੇ ਸਾਮਰਾਜੀ ਗੁਲਾਮੀ ਦੂਰ ਕਰਨ ਲਈ ਪਰਚਮ ਲਹਿਰਾਇਆ, ਅਤੇ ਉਹਨਾਂ ਦੀ ਸਦਜੀਵੀ ਵਿਰਾਸਤ, ਨਹੀਂ ਦਿੱਤੀ ਜਾ ਸਕਦੀ, ਸਿਵਾਏ ਇਹਨਾਂ ਸ਼ਬਦਾਂ ਦੇ ਜੋ ਦੁਸ਼ਮਣ ਦੇ ਇਕ ਪ੍ਰਤਿਨਿਧੀ ਨੇ ਕਹੇ ਸਨ –

*"ਜੰਗ ਦੌਰਾਨ ਇਹ ਲਹਿਰ ਦਬਾ ਦਿੱਤੀ ਗਈ ਪਰ ਕਦੇ ਪੂਰੀ ਤਰ੍ਹਾਂ ਨਾ ਖ਼ਤਮ ਕੀਤੀ ਜਾ ਸਕੀ। ਅਜੇ ਵੀ ਪੰਜਾਬ ਵਿਚ ਕਈ ਵਾਪਸ ਆਏ ਸਿੱਖ ਹਨ ਜਿਹਨਾਂ ਵਿਚ ਸਾਡੇ ਰਾਜ ਪ੍ਰਤੀ ਬਹੁਤ ਕੌੜੀ ਨਫ਼ਰਤ ਹੈ ਅਤੇ ਉਹ ਕਿਸੇ ਵੀ ਸਾਜ਼ਿਸ਼ ਵਿਚ, ਜੋ ਸਾਡੇ ਵਿਰੁੱਧ ਕੀਤੀ ਜਾਵੇ, ਸ਼ਾਮਿਲ ਹੋਣ ਲਈ ਬੜੀ ਉਤਸੁਕਤਾ ਨਾਲ ਤਿਆਰ ਹੋਣਗੇ ਤਾਂ ਜੋ ਸਾਡੇ ਰਾਜ ਨੂੰ ਵੱਡਾ ਨੁਕਸਾਨ ਪੁਚਾਇਆ ਜਾ ਸਕੇ।"*[114]

***

## ਕਾਂਡ 10

# ਜਰਮਨ ਸੰਬੰਧ ਅਤੇ ਸਾਨਫ੍ਰਾਂਸਿਸਕੋ ਟਰਾਇਲ

## ਗ਼ਦਰ ਪਾਰਟੀ ਅਤੇ ਜਰਮਨੀ

ਉਸ ਵੇਲੇ ਕੁਝ ਅੰਗ੍ਰੇਜ਼ ਪੱਖੀ ਲੇਖਕਾਂ ਦਾ ਵਿਚਾਰ ਸੀ ਕਿ ਅਮਰੀਕਾ ਦੀ ਗ਼ਦਰ ਲਹਿਰ ਜਰਮਨ ਸਾਜ਼ਿਸ਼ ਦੀ ਉਪਜ ਸੀ, ਜਿਸ ਦੁਆਰਾ ਅਨਪੜ੍ਹ ਅਤੇ ਥੋੜ੍ਹਾ ਬਹੁਤ ਪੜ੍ਹੇ ਭਾਰਤੀਆਂ ਵਿਚ ਇਹ ਪ੍ਰਾਪੇਗੰਡਾ ਕਰ ਦਿੱਤਾ ਗਿਆ ਸੀ ਕਿ ਉਸ ਵੇਲੇ ਬ੍ਰਿਟਿਸ਼ ਰਾਜ ਦੇ ਵਿਰੁੱਧ ਬਗ਼ਾਵਤ ਕਰਨੀ ਆਸਾਨ ਹੋਵੇਗੀ ਅਤੇ ਇਸ ਲਈ ਕਰਨੀ ਚਾਹੀਦੀ ਹੈ। ਇਹ ਸਰਾਸਰ ਗ਼ਲਤ ਹੈ। ਹੋਰ ਤਾਂ ਹੋਰ ਭਾਰਤ ਵਿਚ ਬ੍ਰਿਟਿਸ਼ ਸਰਕਾਰ ਵੀ ਇਹ ਮੰਨਦੀ ਸੀ ਕਿ "*. . . ਪਹਿਲੀ ਗ਼ਦਰ ਲਹਿਰ. . . ਸ਼ੁਰੂ ਵਿਚ ਜਰਮਨੀ ਨਾਲ ਕੋਈ ਸੰਬੰਧ ਨਹੀਂ ਸੀ ਤੇ ਨਾ ਹੀ ਇਸਦੇ ਕਾਰਜ ਨਿਯੋਜਨ ਵਿਚ। ਮਗਰੋਂ ਜਾ ਕੇ ਕਿਤੇ, ਗ਼ਦਰ ਪਾਰਟੀ ਅਤੇ ਜਰਮਨ ਇਕੱਠੇ ਕੰਮ ਕਰਨ ਲੱਗ ਪਏ।*"[115]

ਸਾਜ਼ਿਸ਼ ਕੇਸ ਵਿਚ ਜਿਹੜੇ ਅਦਾਲਤੀ ਫ਼ੈਸਲੇ ਆਏ ਉਹ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਜਰਮਨੀ ਦਾ ਨਿਯੋਜਤ ਕੀਤੀ 1915 ਦੀ ਬਗ਼ਾਵਤ ਵਿਚ ਕੋਈ ਹੱਥ ਨਹੀਂ ਸੀ। ਜਰਮਨੀ ਤਾਂ ਇਸ ਮਾਮਲੇ ਵਿਚ ਕਿਤੇ ਮਗਰੋਂ ਜਾ ਕੇ ਆਇਆ। ਜਰਮਨ ਸਾਜ਼ਿਸ਼ ਦਾ ਕੋਈ ਸਵਾਲ ਹੀ ਨਹੀਂ ਸੀ, ਗ਼ਦਰ ਪਾਰਟੀ ਤਾਂ ਉਸ ਭੈੜੇ ਸਲੂਕ ਦੀ ਉਪਜ ਸੀ ਜੋ ਉੱਤਰੀ ਅਮਰੀਕਾ ਵਿਚ ਭਾਰਤੀ ਪਰਵਾਸੀਆਂ ਨਾਲ ਕੀਤਾ ਜਾਂਦਾ ਸੀ, ਵਿਸ਼ੇਸ਼ਕਰ ਕੈਨੇਡਾ ਵਿਚ ਅਤੇ ਨਾਲ ਹੀ ਕਿੰਨੇ ਜ਼ਾਲਮਾਨਾ ਢੰਗ ਨਾਲ ਅੰਗ੍ਰੇਜ਼ ਭਾਰਤ 'ਤੇ ਰਾਜ ਕਰ ਰਹੇ ਸਨ।

ਇਹ ਤਾਂ ਕਹਿਣ ਦੀ ਗੱਲ ਹੀ ਨਹੀਂ ਕਿ ਗ਼ਦਰੀ ਸਾਮਾਨ ਜਾਂ ਪੈਸੇ ਦੀ ਮਦਦ ਨੂੰ ਨਾਂਹ ਨਹੀਂ ਕਰਦੇ ਸਨ, ਅਤੇ ਉਹ ਜਰਮਨੀ ਨੂੰ ਆਪਣਾ ਸਹਿਯੋਗੀ ਹੀ ਸਮਝਦੇ ਸਨ ਸਾਂਝੇ ਦੁਸ਼ਮਣ ਨਾਲ ਲੜਾਈ ਵਿਚ, ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ।

ਸਹੀ ਗੱਲ ਤਾਂ ਇਹ ਹੈ ਕਿ, ਜਦ 4 ਅਗਸਤ 1914 ਨੂੰ ਬ੍ਰਿਟੇਨ ਜਰਮਨੀ ਦੇ ਵਿਰੁੱਧ ਜੰਗ ਵਿਚ ਕੁੱਦਿਆ, ਗ਼ਦਰੀਆਂ ਦੇ ਕੈਂਪ ਵਿਚ ਇਹ ਖ਼ਬਰ ਬੜੀ ਖੁਸ਼ੀ ਅਤੇ ਉਤਸ਼ਾਹ ਨਾਲ ਸੁਣੀ ਗਈ, ਕਿਉਂਕਿ ਬ੍ਰਿਟੇਨ ਦੀ ਮੁਸ਼ਕਿਲ ਉਹਨਾਂ ਲਈ ਚੰਗਾ ਮੌਕਾ ਪੈਦਾ ਕਰਦੀ ਸੀ। *ਗ਼ਦਰ* ਵਿਚ ਲਿਖਿਆ ਸੀ –

"*ਜਰਮਨੀ ਅਤੇ ਇੰਗਲੈਂਡ ਵਿਚਕਾਰ ਜੰਗ ਸ਼ੁਰੂ ਹੋ ਗਈ ਹੈ (ਭਾਰਤੀਆਂ ਲਈ ਇੰਗਲੈਂਡ ਅਤੇ ਬ੍ਰਿਟੇਨ ਦਾ ਇਕੋ ਮਤਲਬ ਸੀ)। ਹੁਣ ਸਾਡੇ ਲਈ ਮੌਕਾ ਹੈ ਭਾਰਤ ਦੀ ਆਜ਼ਾਦੀ ਪ੍ਰਾਪਤ ਕਰਨ ਦਾ। ਯੂਰਪ ਦੀਆਂ ਸਾਰੀਆਂ ਕੌਮਾਂ ਦੋ ਗੁੱਟਾਂ ਵਿਚ ਵੰਡੀਆਂ ਗਈਆਂ ਹਨ . . . . ਇੰਗਲੈਂਡ ਦੀਆਂ ਸਾਰੀਆਂ ਥਲ ਅਤੇ ਸਮੁੰਦਰੀ ਫ਼ੌਜਾਂ ਜਰਮਨੀ ਦੇ ਵਿਰੁੱਧ ਲੜਨਗੀਆਂ। . . . ਜਦ ਭਾਰਤ ਤੋਂ ਫ਼ੌਜਾਂ ਨੂੰ ਜਾਣਾ ਪਵੇਗਾ ਤਾਂ ਇਹ ਤੁਹਾਡੇ ਲਈ ਠੀਕ ਮੌਕਾ ਹੋਵੇਗਾ ਆਜ਼ਾਦੀ ਦੀ*

*ਜੰਗ ਸ਼ੁਰੂ ਕਰਨ ਦਾ. . . .ਇਕ ਪਾਸੇ ਜਰਮਨੀ ਇੰਗਲੈਂਡ 'ਤੇ ਹਮਲਾ ਕਰੇਗਾ ਅਤੇ ਦੂਸਰੇ ਪਾਸੇ ਤੁਸੀਂ ਉਸ ਉਪਰ ਹਮਲਾ ਕਰੋਗੇ।"*

ਸਾਮਰਾਜੀ ਜਰਮਨੀ ਅਤੇ ਗ਼ੱਦਾਰ ਭਾਰਤੀ ਰਾਜਿਆਂ ਦੇ ਬਾਰੇ ਭਰਮ ਦਰਸਾਉਂਦੇ ਹੋਏ, ਗ਼ਦਰ ਵਿਚ ਅੱਗੇ ਲਿਖਿਆ–*"ਜੇ ਤੁਸੀਂ ਇੰਜ ਨਹੀਂ ਕਰੋਗੇ, ਜਰਮਨੀ ਤੋਂ ਇਕਲਿਆਂ ਹੋਣਾ ਮੁਸ਼ਕਿਲ ਹੈ . . . . .ਅਤੇ ਇਹ ਵੀ ਸੰਭਵ ਹੈ ਕਿ ਜੰਗ ਦੇ ਖ਼ਤਮ ਹੋਣ ਤਕ ਅੰਗ੍ਰੇਜ਼ ਹੋਰ ਵੀ ਵਧੇਰੇ ਤਾਕਤਵਰ ਹੋ ਜਾਣ. . . .ਭਾਰਤ ਜਾਓ ਅਤੇ ਜਾ ਕੇ ਭਾਰਤੀ ਫ਼ੌਜਾਂ ਨੂੰ ਉਕਸਾਓ. . . . . .ਗ਼ਦਰ ਦਾ ਪ੍ਰਚਾਰ ਖੁੱਲਮ ਖੁੱਲਾ ਕਰੋ. . . .ਦੇਸੀ ਰਿਆਸਤਾਂ ਦੀਆਂ ਫ਼ੌਜਾਂ ਤੋਂ ਹਥਿਆਰ ਪ੍ਰਾਪਰ ਕਰੋ. . . .ਜੇ ਤੁਸੀਂ ਆਪਣਾ ਕੰਮ ਬਹੁਤ ਛੇਤੀ ਕਰੋਗੇ ਅਤੇ ਮਿਹਨਤ ਨਾਲ ਕਰੋਗੇ, ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਜਰਮਨੀ ਤੁਹਾਡੀ ਮਦਦ ਕਰ।"*[115]

ਜੰਗ ਦੇ ਛਿੜਦਿਆਂ ਸਾਰ ਹੀ (4 ਅਗਸਤ, 1914), ਐਸਾ ਲੱਗਦਾ ਹੈ, ਗ਼ਦਰ ਪਾਰਟੀ ਤੋਂ ਬਾਹਰਾ ਹੀ, ਹਰਿੰਦਰਨਾਥ ਚੱਟੋਪਾਧਿਆਇ, ਨੇ ਜਰਮਨ ਸਰਕਾਰ ਨਾਲ ਸੰਪਰਕ ਕੀਤਾ, ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਜਰਮਨੀ ਦੀ ਸਹਾਇਤਾ ਪ੍ਰਾਪਤ ਕਰਨ ਲਈ। ਜਰਮਨੀ ਦੀ ਸਰਕਾਰ, ਜੋ ਭਾਰਤੀ ਇਨਕਲਾਬੀਆਂ ਦੀ ਸਹਾਇਤਾ ਪ੍ਰਾਪਤ ਕਰਨ ਦੀ ਇੱਛੁਕ ਸੀ, ਝੱਟ ਪਟ ਇਹ ਸੁਝਾਅ ਮੰਨ ਗਈ ਅਤੇ 3 ਸਿਤੰਬਰ 1914 ਨੂੰ ਇਕ ਅਹਿਦਨਾਮਾ ਕੀਤਾ ਗਿਆ। ਇਸ ਅਹਿਦਨਾਮੇ ਦੇ ਅੰਤਰਗਤ, ਭਾਰਤੀ ਸੁਤੰਤਰ ਸੰਗ੍ਰਾਮੀਆਂ ਨੂੰ ਜਰਮਨੀ ਕੋਲੋਂ ਹਥਿਆਰ ਵੀ ਮਿਲਨਗੇ ਅਤੇ ਸਿਖਲਾਈ ਵੀ, ਜਿਸਦੇ ਬਦਲੇ ਭਾਰਤੀਆਂ ਨੂੰ ਅੰਗ੍ਰੇਜ਼ੀ ਸਰਕਾਰ ਵਿਰੁੱਧ ਹਥਿਆਰਬੰਦ ਲੜਾਈ ਕਰਕੇ ਭਾਰਤ ਵਿਚ ਅਨਿਸਚਿਤਤਾ ਦੀ ਸਥਿਤੀ ਭਾਵ ਹਰ ਪਾਸੇ ਗੜਬੜ ਪੈਦਾ ਕਰਨੀ ਪਵੇਗੀ। ਇਸ ਮੰਤਵ ਦੀ ਪ੍ਰਾਪਤੀ ਲਈ, ਇਕ ਇਨਕਲਾਬੀ ਕਮੇਟੀ ਕਾਇਮ ਕੀਤੀ ਗਈ ਜਿਸਦਾ ਨਾਮ ਰਖਿਆ **ਇੰਡੀਅਨ ਇੰਡਿਪੈਂਡੈਂਸ ਕਮੇਟੀ** (ਆਈ ਆਈ ਸੀ)। ਆਈ ਆਈ ਸੀ, ਅਤੇ ਜਰਮਨ ਸਰਾਕਰ ਨੂੰ ਇਸ ਮਾਮਲੇ 'ਚ ਬਿਲਕੁਲ ਵੀ ਗ਼ਦਰ ਪਾਰਟੀ ਬਾਰੇ ਪਤਾ ਨਹੀਂ ਸੀ।

ਉਸੇ ਵੇਲੇ ਹੀ, ਬਰਕਤ ਉੱਲ੍ਹਾ, ਜਿਸਦਾ ਗ਼ਦਰ ਪਾਰਟੀ ਨਾਲ ਨੇੜਲਾ ਸੰਬੰਧ ਸੀ, ਬਰਲਿਨ ਪੁੱਜਾ ਅਤੇ ਆਈ ਆਈ ਸੀ ਨੂੰ ਮਨਾਉਣ ਵਿਚ ਸਫਲ ਹੋਇਆ ਇਕ ਉਹ ਆਪਣੀਆਂ ਯੋਜਨਾਵਾਂ, ਬ੍ਰਿਟੇਨ ਦੇ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਕਰਨ ਲਈ, ਗ਼ਦਰ ਪਾਰਟੀ ਦੀਆਂ ਯੋਜਨਾਵਾਂ ਦੇ ਨਾਲ ਨਾਲ ਹੀ ਚਲਾਉਣ ਤਾਂ ਜੋ ਵੱਧ ਤੋਂ ਵੱਧ ਅਸਰ ਹੋਵੇ। ਜਰਮਨੀ ਦੇ ਵਿਦੇਸ਼ ਮੰਤਰਾਲੇ ਨੇ ਇਸ ਸੁਝਾਅ ਨੂੰ ਹਾਂ-ਪੱਖੀ ਢੰਗ ਨਾਲ ਲਿਆ, ਭਾਵ ਚੰਗਾ ਸਮਝਿਆ।

ਇਸ ਸਮਝੌਤੇ ਮਗਰੋਂ, ਜਰਮਨ ਵਿਦੇਸ਼ ਮੰਤਰਾਲਿਆ ਦੂਸਰੇ ਦੇਸਾਂ ਵਿਚ ਆਪਣੇ ਕਨਸਲੇਟਾਂ ਨੂੰ ਹਿਦਾਇਤਾਂ ਜਾਰੀ ਕਰਨ ਲੱਗ ਪਿਆ ਕਿ ਭਾਰਤੀ ਇਨਕਲਾਬੀਆਂ ਦੀ ਪੈਸੇ ਅਤੇ ਲੋੜੀਂਦੇ ਹਥਿਆਰਾਂ ਦੁਆਰਾ ਸਹਾਇਤਾ ਕਰਨ ਤਾਂ ਜੋ ਭਾਰਤ ਵਿਚ ਹਥਿਆਰਬੰਦ ਬਗ਼ਾਵਤ ਕੀਤੀ ਜਾ ਸਕੇ। ਜਰਮਨੀ ਨੇ ਇਸ ਦਿਸ਼ਾ ਵਿਚ ਅਹਿਮ ਭੂਮਿਕਾ ਅਦਾ ਕਰਨੀ ਸ਼ੁਰੂ ਕਰ ਦਿੱਤੀ, ਕਿਉਂਕਿ ਐਸੀ ਸਹਾਇਤਾ ਕੇਵਲ ਆਈ ਆਈ ਸੀ ਦੇ ਅਧਿਕਾਰਤ ਪ੍ਰਤੀਨਿਧੀਆਂ ਨੂੰ ਹੀ ਦਿੱਤਾ ਜਾ ਸਕਦੀ ਸੀ। ਕਿਉਂਕਿ ਭਾਰਤੀ ਕਾਰਜ ਕਰਤਾ ਬਹੁਤਾ ਕਰਕੇ ਅਮਰੀਕਾ ਵਿਚ ਹੀ ਰਹਿੰਦੇ ਸਨ, ਜਰਮਨ ਸਰਕਾਰ ਨੇ ਉਥੇ ਤਿੰਨ ਕੇਂਦਰ ਸਥਾਪਿਤ ਕਰ ਦਿੱਤੇ– ਨਿਊਯਾਰਕ, ਸ਼ਿਕਾਗੋ ਅਤੇ ਸਾਨਫ਼ਰਾਂਸਿਸਕੋ, ਅਤੇ ਸਥਾਨਕ ਜਰਮਨ ਪ੍ਰਤੀਨਿਧੀਆਂ ਅਤੇ ਏਜੰਟਾਂ ਨੂੰ ਉਹਨਾਂ ਦੀ ਸਰਕਾਰ ਵੱਲੋਂ ਇਹ ਨਿਰਦੇਸ਼ ਦੇ ਦਿੱਤੇ ਕਿ ਉਹ ਉਨਾਂ ਸ਼ਾਹਿਰਾਂ ਵਿਚ ਇਨਕਲਾਬੀਆਂ

ਨਾਲ ਸੰਪਰਕ ਕਾਇਮ ਕਰਨ।

ਸਾਨ.ਫਰਾਂਸਿਸਕੋ ਵਿਚ ਗ਼ਦਰ ਪਾਰਟੀ ਜੰਗ ਛਿੜਨ ਵੇਲੇ ਚੰਗੀ ਤਰ੍ਹਾਂ ਸੰਗਠਿਤ ਸੀ ਅਤੇ ਚੰਗੀ ਹਾਲਤ ਵਿਚ ਸੀ। ਇਹ ਭਾਰਤੀਆਂ ਦੀ ਇੱਕੋ ਇੱਕ ਪਾਰਟੀ ਸੀ ਜਿਸ ਦੇ ਪਿੱਛੇ ਬਹੁਤ ਵੱਡੀ ਗਿਣਤੀ ਵਿਚ ਚੱਲਣ ਵਾਲੇ ਭਾਰਤੀ ਸਨ, ਅਮਰੀਕਾ ਵਿਚ ਵੀ ਅਤੇ ਬਾਹਰ ਵੀ, ਅਤੇ ਜਿਸਦੀਆਂ ਸ਼ਾਖਾਵਾਂ ਕਈ ਹੋਰ ਦੇਸਾਂ ਵਿਚ ਵੀ ਸਨ। ਇਸਨੇ ਪਹਿਲਾਂ ਹੀ ਹਜ਼ਾਰਾਂ ਭਾਰਤੀਆਂ ਨੂੰ ਭਾਰਤ ਜਾਣ ਵਾਸਤੇ ਪ੍ਰੇਰਿਤ ਕਰ ਲਿਆ ਸੀ ਤਾਂ ਜੋ ਉਥੇ ਜਾ ਕੇ ਆਜ਼ਾਦੀ ਵਾਸਤੇ ਹਥਿਆਰਬੰਦ ਜੰਗੀ ਕੀਤੀ ਜਾਵੇ।

ਇਸ ਪ੍ਰਕਾਰ ਸਾਂਨ.ਫਰਾਂਸਿਸਕੋ ਵਿਚ ਬਹੁਤ ਚੰਗਾ ਕੇਂਦਰ ਸਥਾਪਿਤ ਹੋਇਆ ਹੋਇਆ ਸੀ ਜਿਸਦੇ ਰਾਹੀਂ ਜਰਮਨ ਲੋਕ ਮਾਲੀ, ਸਾਮਾਨ ਆਦਿ ਦੀ ਸਹਾਇਤਾ ਇਨਕਲਾਬੀਆਂ ਨੂੰ ਦੇ ਸਕਦੇ ਸਨ।

ਹੋਰ ਵੀ ਇਹ ਕਿ ਰਾਮ ਚੰਦਰ ਹੀ ਇਕ ਲੀਡਰ ਸੀ ਗ਼ਦਰ ਪਾਰਟੀ ਦਾ ਸਾਂਨ.ਫ਼ਰਾਂਸਿਸਕੋ ਵਿਚ ਜਦੋਂ ਜਰਮਨ ਤੋਂ ਮਾਲੀ ਸਹਾਇਤਾ ਨੇ ਨਿੱਘਰ ਰੂਪ ਧਾਰਿਆ। ਹਰਦਯਾਲ ਦੇ ਯੂ ਐਸ ਵਿਚੋਂ ਚਲੇ ਜਾਣ ਮਗਰੋਂ, ਸੰਤੋਖ ਸਿੰਘ ਨੇ ਉਸਦੀ ਥਾਂ ਲਈ ਸੀ, ਪਾਰਟੀ ਦੇ ਜਨਰਲ ਸਕੱਤਰ ਵਜੋਂ, ਅਤੇ ਸੋਹਣ ਸਿੰਘ ਭਕਨਾ ਪ੍ਰਧਾਨ ਬਣੇ ਸਨ ਤੇ ਕਾਂਸ਼ੀ ਰਾਮ, ਖ਼ਜ਼ਾਨਚੀ। ਇਹੋ ਤਿੰਨਾਂ ਦੀ ਕਮੇਟੀ ਬਣੀ ਸੀ ਅਤੇ ਸਾਰੇ ਖ਼ੁਫ਼ੀਆ ਕੰਮ, ਪੈਸੇ ਦੇ ਹਿਸਾਬ ਅਤੇ ਗ਼ਦਰ ਪਾਰਟੀ ਦੀ ਪੂਰੀ ਨਿਗਰਾਨੀ ਲਈ ਜਿੰਮੇਵਾਰ ਸਨ।

ਭਕਨਾ ਦੇ ਭਾਰਤ ਚਲੇ ਜਾਣ ਮਗਰੋਂ, ਭਗਵਾਨ ਸਿੰਘ ਅਤੇ ਮੌਲਵੀ ਬਰਕਤ ਉੱਲ੍ਹਾ ਸਾਂਨ.ਫਰਾਂਸਿਸਕੋ ਆ ਗਏ, ਅਤੇ ਪ੍ਰਧਾਨ ਅਤੇ ਮੀਤ ਪ੍ਰਧਾਨ, ਕ੍ਰਮਵਾਰ ਬਣਾਏ ਗਏ। ਛੇਤੀ ਮਗਰੋਂ, ਸੰਤੋਖ ਸਿੰਘ ਅਤੇ ਭਗਵਾਨ ਸਿੰਘ ਸਾਨ.ਫਰਾਂਸਿਸਕੋ ਤੋਂ ਹੋਰ ਮੋਰਚਿਆਂ 'ਤੇ ਚਲੇ ਗਏ, ਅਤੇ ਪਿੱਛੇ ਰਾਮ ਚੰਦਰ ਹੀ ਇਕੱਲਾ ਪਾਰਟੀ ਦਾ ਮੁਖੀ ਰਹਿ ਗਿਆ, ਜਿਸਦਾ ਇਨਕਲਾਬੀਆਂ ਉੱਪਰ ਬਹੁਤ ਰਸੂਖ਼ ਸੀ।

ਹਾਂ ਦੇ ਪੱਖ ਤੋਂ, ਇਸ ਨਾਲ ਜਰਮਨ ਕੌਂਨਸਲੇਟ ਦਾ ਕੰਮ ਬਹੁਤ ਸੌਖਾ ਹੋ ਗਿਆ ਅਤੇ ਰਾਮਚੰਦਰ ਤੇ ਕੌਂਸਲੇਟ ਵਿਚਕਾਰ ਸਹਿਯੋਗ ਬੜੇ ਹੀ ਠੀਕ ਢੰਗ ਨਾਲ ਹੋਣ ਲੱਗ ਪਿਆ।

ਭਾਰਤ ਨਾਲ ਸੰਪਰਕ ਕਰਨ ਲਈ ਇਨਕਲਾਬੀਆਂ ਨੇ ਕੁਝ ਵਿਚਕਾਰ ਦੀਆਂ ਚੌਕੀਆਂ ਹੋਲੋਲੂਲੋ, ਮਨੀਲਾ, ਬਟੇਵੀਆ (ਇੰਡੋਨੇਸ਼ੀਆ), ਟੋਕੀਯੋ, ਸ਼ੰਘਾਈ ਅਤੇ ਬੈਂਕਾਕ ਵਿਖੇ ਬਣਾ ਦਿੱਤੀਆਂ, ਜਿੱਥੇ ਸਥਾਨਕ ਜਰਮਨ ਪ੍ਰਤੀਨਿਧੀ ਉਹਨਾਂ ਦੇ ਕੰਮ ਵਿਚ ਉਹਨਾਂ ਦੀ ਸਹਾਇਤਾ ਕਰਦੇ ਸਨ।

ਪਰ, ਇਕ ਤਾਂ ਬ੍ਰਿਟਿਸ਼ ਦੇ ਸਮੁੰਦਰੀ ਬੇੜੇ ਦੀ ਤਾਕਤ ਅਤੇ ਦੂਸਰੇ, ਬ੍ਰਿਟਿਸ਼ ਜਾਸੂਸਾਂ ਦੀ ਸਰਬ-ਵਿਆਪੀ ਹਾਜ਼ਰੀ, ਦੋਨਾਂ ਦੇ ਮਿਲਣ ਦੇ ਕਾਰਨ ਭਾਰਤ ਵੱਲ ਹਥਿਆਰ ਭੇਜਣ ਦਾ ਕੰਮ ਅਸਫ਼ਲ ਰਿਹਾ, ਸਮੇਤ ਇਸ ਪ੍ਰੋਗਰਾਮ ਦੇ ਜਿਸ ਅਨੁਸਾਰ ਸਿਆਮ-ਬਰਮਾ ਵਿਚ 10,000 ਭਾਰਤੀਆਂ ਨੂੰ ਬ੍ਰਿਟਿਸ਼ ਦੇ ਵਿਰੁੱਧ ਲੜਨ ਲਈ ਹਥਿਆਰਾਂ ਅਤੇ ਮਿਲਟਰੀ ਜੰਗ ਦੀ ਸਿਖਲਾਈ ਦੇਣੀ ਸੀ। ਪਾਕੋਹ, ਜੋ ਬੈਂਕਾਕ ਦੇ ਬਿਲਕੁਲ ਉੱਤਰ ਵਿਚ ਸੀ, ਉਹਨਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਿਆ। ਕਈ ਸੁਰੰਗਾਂ ਖੋਦੀਆਂ ਗਈਆਂ ਤਾਂ ਜੋ ਵੱਡੀ ਮਾਤਰਾ ਵਿਚ ਹਥਿਆਰ ਅਤੇ ਦਾਰੂ ਸਿੱਕਾ ਦਬਾਇਆ ਜਾ ਸਕੇ। ਹਥਿਆਰ ਯੂ ਐਸ ਏ ਮੈਕਸੀਕੋ ਤੋਂ ਆਉਣੇ ਸਨ, ਕੁਝ ਸਿਆਮ ਲਈ ਅਤੇ ਕੁਝ ਬਰਮਾ ਲਈ। ਜਰਮਨ ਐਕਸਪਰਟਸ ਨੇ ਭਾਰਤੀਆਂ ਨੂੰ ਸਿਆਮ ਦੇ

ਚੰਦਰਾਈ ਜੰਗਲਾਂ ਵਿਚ ਟਰੇਨਿੰਗ ਦੇਣੀ ਸੀ ਜਿੱਥੇ ਵੱਡੀ ਗਿਣਤੀ ਵਿਚ ਭਾਰਤੀ ਰੇਲ-ਲਾਈਨਾਂ ਬਣਾਉਣ ਦਾ ਕੰਮ ਜਰਮਨ ਇੰਜੀਨੀਅਰਾਂ ਦੀ ਰੇਖ ਦੇਖ ਵਿਚ ਕਰ ਰਹੇ ਸਨ। ਸਿਆਮ ਦੇ ਹੋਰ ਭਾਗਾਂ ਤੋਂ ਵੀ ਭਾਰਤੀਆਂ ! ਨੇ ਉਹਨਾਂ ਨਾਲ ਆ ਮਿਲਣਾ ਸੀ ਅਤੇ ਇਕ ਫ਼ੌਜੀ ਦਸਤਾ ਬਣਾਉਣਾ ਸੀ ਜਿਸ ਦੁਆਰਾ ਬਰਮਾ ਰਾਹੀਂ ਭਾਰਤ 'ਤੇ ਹਮਲਾ ਕਰਨਾ ਸੀ।

ਆਪਣੇ ਜਾਸੂਸਾਂ ਦੇ ਜਾਲ ਥਾਣੀ, ਬ੍ਰਿਟਿਸ਼ ਅਧਿਕਾਰੀਆਂ ਨੂੰ ਇਸ ਯੋਜਨਾ ਦਾ ਪਤਾ ਚੱਲ ਗਿਆ ਅਤੇ ਲਗਭਗ ਸਾਰੇ ਹੀ ਦੇਸ਼ ਭਗਤ, ਜੋ ਇਸ ਯੋਜਨਾ ਨਾਲ ਨੇੜਿਓਂ ਜੁੜੇ ਹੋਏ ਸਨ, ਗ੍ਰਿਫ਼ਤਾਰ ਕਰ ਲਏ ਗਏ ਅਤੇ ਬੈਂਕਾਕ ਜੇਲ੍ਹ ਵਿਚ ਸੁੱਟ ਦਿੱਤੇ ਗਏ, ਜਿੱਥੋਂ ਉਹ ਕੱਢ ਕੇ ਸਿੰਘਾਪੁਰ ਵਿਚ ਬ੍ਰਿਟਿਸ਼ ਅਧਿਕਾਰੀਆਂ ਨੂੰ ਸੌਂਪ ਦਿੱਤੇ ਗਏ। ਸੰਤੋਖ ਸਿੰਘ ਹੀ ਇਕੱਲਾ ਸੀ ਜਿਹੜਾ ਬਾਲ-ਬਾਲ ਬਚਣ ਵਿਚ ਸਫ਼ਲ ਹੋਇਆ ਕਿਉਂਕਿ ਉਸਨੂੰ ਹੋਰ ਇਨਕਲਾਬੀਆਂ ਦੀ ਗ੍ਰਿਫ਼ਤਾਰੀ ਦਾ ਪਤਾ ਲੱਗ ਗਿਆ ਸੀ। ਬ੍ਰਿਟਿਸ਼ ਅਧਿਕਾਰੀ ਉਸਦਾ ਪਿੱਛਾ ਵੀ ਕਰਦੇ ਰਹੇ, ਪਰ ਸਫ਼ਲ ਨਾ ਹੋਏ।

ਚੱਲਦੇ-ਚੱਲਦੇ ਇਹ ਵੀ ਨੋਟ ਕਰੀਏ ਕਿ ਇਸ ਅੰਤ ਵਿਚ ਭਾਰਤ ਵਿਚ ਚੋਰੀ ਛਿੱਪੀ ਹਥਿਆਰ ਭੇਜਣ ਦੀ ਅਸਫ਼ਲ ਹੋਈ ਕੋਸ਼ਿਸ਼ ਦੇ ਦੌਰਾਨ, ਗ਼ਦਰੀ ਇਨਕਲਾਬੀਆਂ ਵਿਚੋਂ ਇਕ, ਦਾਰਿਸੀ ਚੈਂਚੀਆ, ਜਾਪਾਨ ਵਿਚ ਚੀਨ ਦੇ ਇਨਕਲਾਬੀ ਨੇਤਾ, ਡਾ. ਸੁਨਯਾਤ ਸੇਨ, ਜਿਸਦਾ ਪੁੱਤਰ ਯੂਨੀਵਰਸਿਟੀ ਆਫ਼ ਕੈਲੇਫ਼ੋਰਨੀਆ ਵਿਚ, ਉਸਦਾ ਸਹਿਪਾਠੀ ਸੀ, ਨੂੰ ਮਿਲਣ ਵਿਚ ਸਫ਼ਲ ਹੋਇਆ। ਇਸ ਮਿਲਣੀ ਵਿਚ ਚੀਨੀ ਨੇਤਾ ਨੇ ਅੰਤਰ-ਰਾਸ਼ਟਰੀ ਹਾਲਤ ਬਾਰੇ ਇਹ ਖੁਭਵੀਂ ਗੱਲ ਕਹੀ –

*ਉਸਨੇ ਕਿਹਾ, "ਬ੍ਰਿਟਿਸ਼ ਸਾਮਰਾਜ," " ਦੁਨੀਆ ਦੇ ਹੋਰ ਲੋਕਾਂ ਦੀ ਆਜ਼ਾਦੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਜਦ ਤਕ ਭਾਰਤ ਵਿਚ ਅੰਗ੍ਰੇਜ਼ ਰਾਜ ਕਰਦੇ ਹਨ, ਉਹ ਹਮੇਸ਼ਾ ਹੀ ਦੱਬੇ ਕੁਚਲੇ ਲੋਕਾਂ ਦੀ ਆਜ਼ਾਦੀ ਦੀ ਰਾਹ ਵਿਚ ਖ਼ਤਰਨਾਕ ਅੜਚਣ ਬਣੇ ਰਹਿਣਗੇ। ਭਾਰਤੀਆਂ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਉਹ ਬ੍ਰਿਟਿਸ਼ ਰਾਜ ਨੂੰ ਉਖਾੜ ਕੇ ਪਰ੍ਹੇ ਮਾਰਨ। ਤਦ ਤਕ ਕਮਜ਼ੋਰ ਵਰਗਾਂ ਲਈ ਕੋਈ ਆਸ ਨਹੀਂ ਹੋਵੇਗੀ। ਇਹ ਭਾਰਤੀਆਂ ਦੀ ਇਤਹਾਸਿਕ ਧਰਮ ਸੀ ਕਿ ਉਹ ਭਾਰਤ ਨੂੰ ਆਜ਼ਾਦ ਕਰਾ ਕੇ ਇਨਸਾਨੀਅਤ ਦੀ ਸਹਾਇਤਾ ਕਰਨ।"* [117]

## ਸਾਨ.ਫਰਾਂਸਿਸਕੋ ਸਾਜ਼ਿਸ਼ ਮੁਕੱਦਮਾ

ਜੋ ਵੀ ਹੋਇਆ, ਜਦ ਸਿਆਮ ਤੋਂ ਭਾਰਤ ਵੱਲਾ ਬਗ਼ਾਵਤ ਕਰਨ ਲਈ ਬੰਦੇ ਅਤੇ ਹਥਿਆਰ-ਅਸਲਾ ਭੇਜਣ ਵਿਚ ਕੀਤੀ ਕੋਸ਼ਿਸ਼ ਅਸਫਲ ਹੋ ਗਈ, ਬ੍ਰਿਟਿਸ਼ ਸਰਕਾਰ ਨੇ ਆਪਣਾ ਧਿਆਨ ਅਮਰੀਕਾ ਵੱਲ ਮੋੜਿਆ, ਜਿਹੜਾ ਉਸ ਵਲੇ ਭਾਰਤੀ ਇਨਕਲਾਬੀਆਂ ਦਾ ਅਸਲੀ ਕੇਂਦਰ ਸੀ। ਅਪ੍ਰੈਲ 1914 ਵਿਚ, ਬ੍ਰਿਟਿਸ਼ ਅਮਰੀਕਾ ਉੱਪਰ ਇਹ ਦਬਾਅ ਪਾਉਣ ਵਿਚ ਸਫ਼ਲ ਹੋ ਗਏ ਕਿ ਹਰਦਯਾਲ ਉਸ ਦੇਸ ਵਿਚੋਂ ਨਿਕਲ ਜਾਵੇ। ਹੁਣ ਉਹ ਅਮਰੀਕਾ ਵਿਚ ਬਾਕੀ ਦੇ ਗ਼ਦਰੀ ਇਨਕਲਾਬੀਆਂ ਨਾਲ ਵੀ ਇਹੋ ਜਿਹਾ ਸਲੂਕ ਚਾਹੁੰਦੇ ਸਨ।

ਜੰਗ ਦੇ ਸ਼ੁਰੂ ਵਿਚ, ਯੂ ਐਸ ਨੇ ਨਿਰਪੱਖਤਾ ਦਾ ਐਲਾਨ ਕਰ ਦਿੱਤਾ, ਭਾਵੇਂ 7 ਅਪ੍ਰੈਲ 1917 ਵਿਚ ਉਹ ਇਤਹਾਦੀਆਂ ਵੱਲ ਹੋ ਕੇ ਜੰਗ ਵਿਚ ਸ਼ਾਮਿਲ ਹੋ ਗਿਆ। ਅਮਰੀਕਾ ਦੇ ਨਿਰਪੱਖਤਾ ਦੇ ਕਾਨੂੰਨ ਨੇ ਬ੍ਰਿਟਿਸ਼ ਸਰਕਾਰ ਨੂੰ ਇਕ ਸ਼ਕਤੀਸ਼ਾਲੀ 'ਤੋੜਾ' ਪ੍ਰਦਾਨ ਕਰ ਦਿੱਤਾ ਕਿ ਉਹ ਯੂ ਐਸ ਸਰਕਾਰ ਨੂੰ ਦਬਾਅ ਪਾ ਕੇ ਮਨਾ ਸਕੇ ਤਾਂ ਜੋ ਭਾਰਤੀ ਇਨਕਲਾਬੀ ਗ੍ਰਿਫ਼ਤਾਰ

ਕਰ ਲਏ ਜਾਣ, ਅਮਰੀਕਾ ਦੀ ਨਿਰਪੱਖਤਾ ਦੀ ਉਲੰਘਣਾ ਕਰਨ ਦੇ ਦੋਸ਼ ਵਿਚ, ਜਦ ਉਹ ਅਮਰੀਕਾ ਦੀ ਧਰਤੀ ਉਪਰ ਬ੍ਰਿਟਿਸ਼ ਦੀ ਭਾਰਤੀ ਸਰਕਾਰ ਵਿਰੁੱਧ ਸਾਜ਼ਿਸ਼ਾਂ ਘੜ ਰਹੇ ਸਨ ਅਤੇ ਬ੍ਰਿਟਿਸ਼ ਦੇ ਜੰਗੀ ਯਤਨਾ ਵਿਚ ਰੁਕਾਵਟ ਪਾ ਰਹੇ ਸਨ। ਬ੍ਰਿਟਿਸ਼ ਦਬਾਅ ਹੇਠ, ਯੂ ਐਸ ਦੀ ਸਰਕਾਰ ਨੇ ਗ਼ਦਰੀ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਭਾਰਤੀ-ਜਰਮਨ ਸਾਜ਼ਿਸ਼ ਨੂੰ ਅੱਗੇ ਤੋਰਿਆ, ਜਿਸ ਨੂੰ ਸਾਨਫ਼ਰਾਂਸਿਸਕੋ ਕਾਂਸਪੀਰੇਸੀ ਕਿਹਾ ਗਿਆ।

ਮੁਕੱਦਮਾ 20 ਨਵੰਬਰ 1917 ਨੂੰ ਸ਼ੁਰੂ ਹੋਇਆ ਉਸ ਸਮੇਂ ਜਦ ਪਹਿਲੀ ਸੰਸਾਰ ਜੰਗ, ਦੋ ਸਾਮਰਾਜੀ ਡਾਕੂਆਂ ਦੇ ਗੁਟਾਂ ਵਿਚਕਾਰ ਦੁਨੀਆ ਦੀ ਮੁੜ ਵੰਡ ਕਰਨ ਲਈ ਚੱਲ ਰਹੀ ਸੀ ਅਤੇ ਸਿਖਰ 'ਤੇ ਪੁੱਜੀ ਹੋਈ ਸੀ, ਅਤੇ ਇਤਿਹਾਸਕ ਮਹਾਨ ਸੋਸ਼ਲਿਸਟ ਅਕਤੂਬਰ ਇਨਕਲਾਬ ਚੱਲ ਰਿਹਾ ਸੀ ਜਿਹੜਾ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਸੀ।

ਸਰਕਾਰ ਨੇ ਦੋਸ਼ੀਆਂ ਦੇ ਦੋਸ਼ ਲਾਇਆ ਸੀ ਕਿ ਉਹਨਾਂ ਨੇ ਭਾਰਤ ਵਿਚ ਅੰਗ੍ਰੇਜ਼ੀ ਰਾਜ ਦੇ ਵਿਰੁੱਧ ਬਗ਼ਾਵਤ ਕਰਵਾਉਣ ਲਈ ਸਾਜ਼ਿਸ਼ ਰਚੀ ਸੀ, ਇਕ ਐਸੇ ਦੇਸ ਵਿਚ ਜਿਹੜਾ ਯੂ ਐਸੇ ਨਾਲ ਅਮਨ ਨਾਲ ਵਿਚਰਦਾ ਹੈ, ਅਤੇ ਨਾਲ ਹੀ ਜਰਮਨ ਸ਼ਾਹਿਨਸ਼ਾਹਿਤ ਨੂੰ ਆਰਾਮ ਅਤੇ ਸਹਾਇਤਾ ਦੇਣ ਲਈ, ਜਿਸ ਨਾਲ ਬ੍ਰਿਟੇਨ ਦਾ ਜੰਗ ਚੱਲ ਰਿਹਾ ਹੈ। ਅੱਗੇ ਇਹ ਵੀ ਕਿਹਾ ਗਿਆ ਕਿ ਬਚਾਓ ਪੱਖ ਨੇ ਦੇਸ ਵਿਆਪੀ ਸਾਜ਼ਿਸ਼ ਰਚਾਈ ਸੀ, ਜਿਸ ਲਈ ਜਰਮਨੀ ਨੇ ਪੈਸੇ ਨਾਲ ਮਦਦ ਕੀਤੀ ਸੀ- ਇਹ ਵੀ ਕਿਹਾ ਕਿ ਉਹਨਾਂ ਨੇ ਇਕ ਜੰਗੀ ਫੰਡ ਸਥਾਪਿਤ ਕੀਤਾ ਸੀ ਜਿਹੜਾ ਸਾਨਫ਼ਰਾਂਸਿਸਕੋ ਸਥਿਤ ਜਰਮਨ ਕੰਸਲੇਟ ਦੁਆਰਾ ਵੰਡਿਆ ਗਿਆ ਸੀ, ਜਿਸ ਨਾਲ ਉਹਨਾਂ ਨੇ ਹਿੰਦੁਸਤਾਨ ਭੇਜਣ ਲਈ ਜਹਾਜ਼ ਅਤੇ ਹਥਿਆਰ ਖ਼ਰੀਦੇ ਤਾਂ ਜੋ ਭਾਰਤੀ ਸਿਪਾਹੀਆਂ ਦੁਆਰਾ ਬ੍ਰਿਟਿਸ਼ ਤਾਜ ਦੇ ਵਿਰੁੱਧ ਬਗ਼ਾਵਤ ਕਰਾਈ ਜਾ ਸਕੇ।

ਬਚਾਉ ਪੱਖ ਦੇ ਛੇ ਬੰਦੇ ਜਰਮਨ ਕੰਸਲੇਟ ਦੇ ਸਨ ਅਤੇ 14 ਗ਼ਦਰੀ ਇਨਕਾਲਬੀ, ਸਮੇਤ ਰਾਮ ਚੰਦਰ, ਸੰਤੋਖ ਸਿੰਘ, ਭਗਵਾਨ ਸਿੰਘ, ਤਾਰਕਨਾਥ ਦਾਸ, ਗੋਪਾਲ ਸਿੰਘ ਅਤੇ ਰਾਮ ਸਿੰਘ ਦੇ ਕੁਲ ਮਿਲਾ ਕੇ 29 ਸਨ ਬਚਾਉ ਪੱਖ ਦੇ, ਰਾਮ ਚੰਦਰ ਤੋਂ ਬਿਨਾ (ਜਿਹਨੂੰ ਅਦਾਲਤ ਦੇ ਵਿਚ ਹੀ ਰਾਮ ਸਿੰਘ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ) ਅਤੇ ਰਾਮ ਸਿੰਘ ਆਪ (ਜਿਸ ਨੂੰ ਗੋਲੀ ਮਾਰ ਕੇ ਯੂ ਐਸ ਮਾਰਸ਼ਲ ਹੋਲੋਹਨ ਨੇ ਮਾਰ ਦਿੱਤਾ ਸੀ – ਦੇਖੋ ਅੰਤਲਾ ਨੋਟ 2) ਸਾਰੇ ਦੋਸ਼ੀ ਪਾਏ ਗਏ ਸਨ ਅਤੇ ਵੱਖ ਵੱਖ ਅਰਸੇ ਲਈ ਕੈਦ ਵਿਚ – 2 ਸਾਲਾਂ ਤਕ ਜਾਂ ਜੁਰਮਾਨਾ ਦੇਣ ਤਕ, ਅਤੇ ਦੋ ਕੁ ਨੂੰ, ਕੇਵਲ ਜੁਰਮਾਨਾ ਕੀਤਾ ਗਿਆ ਸੀ।

## ਮੁਕੱਦਮਾ ਚਲਾਉਣ ਦੇ ਮੰਤਵ

* ਸਾਨਫ਼ਰਾਂਸਿਸਕੋ ਦੇ ਇਨਕਲਾਬੀ ਕੇਂਦਰ ਨੂੰ ਖ਼ਤਮ ਕਰਨਾ ਜਿਹੜਾ ਰਾਜ ਦੇ ਵਿਰੁੱਧ ਲੜਨ ਲਈ ਭਾਰਤ ਵਿਚ ਬੰਦੇ ਅਤੇ ਹਥਿਆਰ ਭੇਜਦਾ ਸੀ।
* ਭਾਰਤੀ ਇਨਕਲਾਬੀਆਂ ਨੂੰ ਸਜ਼ਾ ਦੇਣਾ, ਅਤੇ ਉਸ ਸਜ਼ਾ ਦੇ ਆਧਾਰ 'ਤੇ, ਉਹਨਾਂ ਨੂੰ ਭਾਰਤ ਵਾਪਸ ਭੇਜਣਾ ਤਾਂ ਜੋ ਉਹ ਫਾਂਸੀ ਲਾਏ ਜਾ ਸਕਣ ਜਾਂ ਅੰਡਾਮਾਨ ਟਾਪੂਆਂ 'ਤੇ ਉਮਰ ਕੈਦ ਭੁਗਤਣ ਲਈ ਬੰਦ ਕਰ ਦਿੱਤੇ ਜਾਣ।

ਇਹ ਮੁਕੱਦਮਾ, ਇਨਕਲਾਬੀ ਲਹਿਰ ਨੂੰ ਖ਼ਤਮ ਕਰਨ ਦੀ ਬਜਾਏ, ਇਸ ਨੂੰ, ਭਾਵ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਭਾਰਤ ਦੀ ਆਜ਼ਾਦੀ ਦੀ ਜੰਗ ਦੇ ਮੰਤਵ ਨੂੰ ਦੂਰ ਦੂਰ ਤਕ

ਫੈਲਾਉਣ ਵਿਚ ਸਹਾਈ ਹੋਇਆ। ਇਸ ਮੁਕੱਦਮੇ ਵਿਚ ਬਚਾਉ ਪੱਖ ਦੇ ਦੋਸ਼ੀਆ ਦਾ ਕਸੂਰ ਓਹੀ ਸੀ, ਨ ਕਿ ਵੱਧ, ਜਿਹੜਾ ਵਾਸ਼ਿੰਗਟਨ, ਜੈਫਰਸਨ, ਫ਼ਰੈਂਕਲਿਨ ਅਤੇ ਐਦਮਜ਼ ਦਾ ਸੀ, ਜਿਹਨਾਂ ਆਜ਼ਾਦੀ ਦੀ ਹਥਿਆਰਬੰਦ ਲੜਾਈ ਦੀ ਅਗਵਾਈ ਕੀਤੀ ਸੀ ਅਤੇ ਉਹ ਆਪਣੇ ਇਨਕਲਾਬੀ ਮਿਸ਼ਨ ਵਿਚ ਸਫਲ ਹੋਏ ਸਨ, ਜਿਸ ਵਿਚ ਉਹਨਾਂ ਨੂੰ ਫ਼ਰਾਂਸੀਸੀਆਂ ਤੋਂ ਬਹੁਤ ਮਦਦ ਮਿਲੀ ਸੀ, ਜਿਹਨਾਂ ਦੇ ਮਨ ਵਿਚ, ਇਹੋ ਲੱਗਦਾ ਹੈ, ਕਿ ਸੱਤ-ਸਾਲਾ ਜੰਗ ਦੀ ਅੰਗ੍ਰੇਜ਼ਾਂ ਤੋਂ ਖਾਧੀ ਹਾਰ ਦਾ ਬਦਲਾ ਲੈਣਾ ਸੀ ਅਤੇ ਜਿਹਨਾਂ ਨੂੰ ਉਸ ਵੇਲੇ ਜਾਰਜ ਵਾਸ਼ਿੰਗਟਨ ਵਰਗੇ ਬਸਤੀਵਾਦਾਂ ਨੇ ਸਹਾਇਤਾ ਦਿੱਤੀ ਸੀ।

ਇਸੇ ਤਰ੍ਹਾਂ, ਗ਼ਦਰ ਇਨਕਲਾਬੀਆਂ ਬਾਰੇ ਵੀ ਐਸੀ ਕੋਈ ਅਜੀਬ ਗੱਲ ਨਾ ਹੀ ਸੀ ਕਿ ਉਹ ਜਰਮਨੀ ਨਾਲ ਗਠਜੋੜ ਕਰਨ ਅੰਗ੍ਰੇਜ਼ਾਂ ਦੇ ਵਿਰੁੱਧ, ਕਿਉਂਕਿ ਦੋਹਾਂ ਦੇ ਆਪਣੇ ਆਪਣੇ ਕਾਰਣ ਸਨ ਕਿ ਬ੍ਰਿਟਿਸ਼ ਸਾਮਰਾਜ ਦੀ ਹਾਰ ਹੋਵੇ।

ਕਿਉਂਕਿ ਸਾਨਫ਼ਰਾਂਸਿਸਕੋ ਮੁਕੱਦਮਾ ਅਤੇ ਧਰਤੀ ਹਿਲਾ ਦੇਣ ਵਾਲੀਆਂ ਰੂਸ ਵਿਚ ਹੋਈਆਂ ਘਟਨਾਵਾਂ ਇਕੋ ਸਮੇ ਹੋਈਆਂ ਤਾਂ ਇਹ ਕੁਦਰਤੀ ਹੀ ਹੈ ਕਿ ਗ਼ਦਰੀ ਇਨਕਲਾਬੀ ਬੜੇ ਉਤਸਾਹਿਤ ਹੋ ਗਏ ਸਨ ਅਤੇ ਅਕਤੂਬਰ ਇਨਕਲਾਬ ਤੋਂ ਪ੍ਰੇਰਿਤ ਹੋਏ ਸਨ ਅਤੇ ਸੋਵੀਅਤ ਰੂਸ ਬਾਰੇ ਹਰ ਖ਼ਬਰ ਬੜੇ ਚਾਅ ਨਾਲ ਪੜ੍ਹਦੇ ਸਨ।

## ਦੇਸ ਨਿਕਾਲੇ ਵਿਰੁੱਧ ਲੜਾਈ

ਇਨਕਲਾਬੀਆਂ ਲਈ ਬਹੁਤ ਹੀ ਵੱਡਾ ਮਸਲਾ ਸੀ ਜੇਲ੍ਹ ਵਿਚੋਂ ਨਿਕਲ ਕੇ ਯੂ ਐਸ ਤੋਂ ਵਾਪਸ ਭੇਜੇ ਜਾਣ ਦਾ ਡਰ। ਇਸ ਲਈ ਇਸ ਮਸਲੇ ਨੂੰ ਉਹ ਬਹੁਤ ਛੇਤੀ ਹਲ ਕਰਨ ਵਾਲਾ ਮਸਲਾ ਸਮਝਦੇ ਸਨ ਅਤੇ ਅਗਾਂਹਵਧੂ ਅਮਰੀਕਨਾ ਅਤੇ ਭਾਰਤ ਦੀ ਦੇ ਆਜ਼ਾਦੀ ਪ੍ਰੇਮੀ ਲੋਕਾਂ (ਐਫ ਐਫ ਆਈ) ਦੀ ਸਹਾਇਤਾ ਨਾਲ ਉਹਨਾਂ ਨੇ ਇਕ ਦੇਸ-ਨਿਕਾਲੇ ਵਿਰੋਧੀ ਮੁਹਿੰਮ ਚਲਾਈ। ਐਫ ਐਫ ਆਈ ਦੇ ਦੋ ਨਿਸ਼ਾਨੇ ਸਨ, ਜਿਹੜੇ ਸਾਜ਼ਿਸ਼ ਮੁਕੱਦਮੇ ਦੇ ਦੌਰਾਨ ਹੋਂਦ ਵਿਚ ਆਏ ਸਨ – ਪਹਿਲਾ, ਸ਼ਰਣ ਲੈਣ ਦੇ ਹੱਕ ਦੀ ਰਾਖੀ ਕਰਨੀ ਅਤੇ ਸੁਨਿਸ਼ਚਿਤ ਕਰਨਾ ਕਿ ਭਾਰਤੀ ਸਿਆਸੀ ਕੈਦੀ ਅਤੇ ਯੂ ਐਸ ਵਿਚਲੇ ਸ਼ਰਨਾਰਥੀਆਂ ਨੂੰ ਇਨਸਾਫ਼ ਮਿਲੇ, ਯੂ ਐਸ ਦੀ ਪਰੰਪਰਾ ਦੇ ਅਨੁਕੂਲ, ਜਿਸ ਅਨੁਸਾਰ ਐਸੇ ਲੋਕਾਂ ਨੂੰ ਸ਼ਰਣ ਦਿੱਤੀ ਜਾਂਦੀ ਸੀ ਅਤੇ ਦੂਸਰੇ, ਇਕ ਨਿਰਪੱਖ, ਇਮਾਨਦਾਰ ਅਤੇ ਖੁੱਲ੍ਹੀ ਬਹਿਸ ਚਲਾਈ ਜਾਵੇ ਭਾਰਤ ਦੇ ਬਾਰੇ ਅਸਲੀਅਤ ਦੀ ਜਾਣਕਾਰੀ ਲੈਣ ਲਈ।

ਪਰ ਮਗਰੋਂ, ਜਦ ਭਾਰਤੀ ਇਸ ਸੰਗਠਨ ਵਿਚ ਸ਼ਾਮਿਲ ਹੋ ਗਏ ਅਤੇ ਇਸਦਾ ਘੇਰਾ ਅਤੇ ਪਰਿਪੇਖ ਵੱਡਾ ਹੋ ਗਿਆ, ਇਸਦੇ ਟੀਚੇ ਹੋਰ ਬਹੁਤ ਤਿੱਖੇ ਹੋ ਕੇ ਵਿਸਤ੍ਰਤ ਹੋਏ ਭਾਵ, ਭਾਰਤੀ ਸਿਆਸੀ ਸ਼ਰਨਾਰਥੀਆਂ ਲਈ ਸ਼ਰਣ ਲੈਣ ਦੇ ਹੱਕ ਨੂੰ ਜਾਰੀ ਰੱਖਣਾ ਅਤੇ ਭਾਰਤ ਦੀ ਆਜ਼ਾਦੀ ਦੇ ਪੱਖ ਨੂੰ ਭਲੀ ਭਾਂਤੀ ਪੇਸ਼ ਕਰਨਾ।

ਅਮਰੀਕਾ ਵਿਚ ਅਗਾਂਹ ਵਧੂਆਂ ਦਾ ਕੰਮ ਐਫ਼ ਐਫ਼ ਆਈ ਵਿਚ ਫ਼ੈਸਲਾਕੁੰਨ ਸੀ ਯੂ ਐਸ ਦੇ ਲੇਬਰ ਮਹਿਕਮੇ ਨੂੰ ਭਾਂਜ ਦੇਣ ਵਿਚ, ਜਿਸ ਦੁਆਰਾ ਗ਼ਦਰੀ ਇਨਕਲਾਬੀਆਂ ਨੂੰ ਜੇਲ੍ਹ ਤੋਂ ਰਿਹਾਈ ਮਗਰੋਂ ਦੇਸ ਵਿਚੋਂ ਕੱਢ ਦੇਣਾ ਸੀ। ਇਸ ਸੰਬੰਧ ਵਿਚ ਐਗਨਸ ਸਮੈਡਲੀ ਅਤੇ ਰਾਬਰਟ ਮੋਰਸ ਲੋਵੈਟ ਦਾ ਵਿਸ਼ੇਸ਼ ਵਰਣਨ ਜ਼ਰੂਰ ਕੀਤਾ ਜਾਵੇ, ਜੋ ਦੋਵੇਂ ਐਫ਼ ਐਫ਼ ਆਈ ਦੇ ਮੈਂਬਰ ਸਨ, ਜਿਹਨਾਂ ਨੇ ਅਣਥੱਕ ਕੋਸ਼ਿਸ਼ ਕੀਤੀ ਟਰੇਡ ਯੂਨੀਅਨ ਵਾਲਿਆਂ ਨੂੰ ਲਾਮਬੰਦ

ਕਰਨ ਦੀ, ਕਾਂਗਰਸ ਅਤੇ ਸੈਨੇਟ ਦੇ ਮੈਂਬਰਾਂ ਨੂੰ ਲਿਖਣ ਦੀ, ਪ੍ਰਧਾਨ ਵੂਡਰੋ ਵਿਲਸਨ ਨੂੰ ਲਿਖਣ ਦੀ, ਪ੍ਰੈਸ ਵਿਚ ਭਾਰਤ ਦੀ ਆਜ਼ਾਦੀ ਦੇ ਹੱਕ ਵਿਚ ਲਗਾਤਾਰ ਬਿਆਨ ਦੇਈ ਜਾਣ ਦੀ। ਐਫ ਐਫ ਆਈ ਨੂੰ ਇਕ ਬਹੁਤ ਹੀ ਪ੍ਰਸਿੱਧਾ ਵਕੀਲ, ਮਿ. ਗਿਲਬਰਟ ਈ. ਰੋ ਦੀਆਂ ਸੇਵਾਵਾਂ ਪ੍ਰਾਪਤ ਹੋ ਗਈਆਂ, ਜੋ ਐਸਾ ਵਿਅਕਤੀ ਸੀ ਜਿਸਨੇ ਆਪਣਾ ਗਿਆਨ ਅਤੇ ਤਾਕਤ ਪ੍ਰਯੋਗ ਕਰਕੇ – ਉਹਦੇ ਵਿਚ ਦੋਵੇ ਗੁਣ ਸਨ – *"ਉਹ ਮਰਦ ਅਤੇ ਇਸਤਰੀਆ ਦਾ ਬਚਾਉ ਕਰਦਾ ਸੀ, ਜਿਹੜੇ ਉਸਦੇ ਵਿਚਾਰ ਵਿਚ, ਕਿਸੇ ਚੰਗੇ ਕਾਰਜ ਲਈ ਲੜ ਰਹੇ ਸਨ, ਅਤੇ ਜਿਸਨੂੰ ਪੈਸਾ ਕਮਾਉਣ ਦਾ ਲਾਲਚ ਨਹੀਂ ਸੀ"*[118] (ਐਗਨਸ ਸਮੈਡਲੀ ਬਾਰੇ ਹੋਰ ਜਾਣਕਾਰੀ ਵਾਸਤੇ ਦੇਖੋ ਅੰਤ– ਨੋਟ 3)

ਐਫ ਐਫ ਆਈ ਨੇ ਇਕ ਹਫ਼ਤਾਵਾਰੀ ਪਰਚਾ ਵੀ ਕਢਿਆ – **ਇੰਡੀਆ ਨਿਊਜ਼ ਸਰਵਿਸ** (ਆਈ ਐਨ ਐਸ) ਜਿਹੜਾ 300 ਲੇਬਰ ਪਰਚਿਆਂ ਨੂੰ ਸਾਰੇ ਯੂ ਐਸ ਵਿਚ ਹਰ ਹਫ਼ਤੇ ਦਿੱਤਾ ਜਾਂਦਾ ਸੀ। ਲੇਬਰ ਪ੍ਰਕਾਸ਼ਨਾ ਦੇ ਇਲਾਵਾ, ਆਈ ਐਨ ਐਸ ਤਕਰੀਬਨ 100 ਰਸਾਲਿਆਂ ਅਤੇ ਰੋਜ਼ਾਨਾ ਅਖ਼ਬਾਰਾਂ ਕੋਲ ਪੁੱਜਦਾ ਸੀ।

ਇਸ ਲਹਿਰ ਦਾ ਏਨਾ ਦਬਾਅ ਸੀ ਕਿ 9 ਮਈ 1920 ਨੂੰ, ਵਾਸ਼ਿੰਗਟਨ ਡੀ ਸੀ ਦੀ ਜ਼ਿਲ੍ਹਾ ਅਦਾਲਤ ਨੇ ਸੰਤੋਖ ਸਿੰਘ, ਗੋਪਾਲ ਸਿੰਘ ਅਤੇ ਭਗਵਾਨ ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਰੱਦ ਕਰ ਦਿੱਤੇ ਕਿਉਂਕਿ ਉਹਨਾਂ ਦੇ ਵਿਰੁੱਧ ਦੇਸ ਨਿਕਾਲੇ ਲਈ ਕਾਰਵਾਈ ਅਜੇ ਅਦਾਲਤ ਅੱਗੇ 1818 ਤੋਂ ਹੀ ਪਈ ਹੋਈ ਸੀ। ਗ਼ਦਰ ਲਹਿਰ ਵਾਸਤੇ ਇਹ ਬਹੁਤ ਹੀ ਵੱਡੀ ਖ਼ੁਸ਼ੀ ਦਾ ਮੁਕਾਮ ਸੀ, ਜਿਸ ਨੇ, ਬਹੁਤ ਵੱਡੇ ਵਿਰੋਧੀ ਹਾਲਾਤ ਵਿਚ, ਲੋਕਰਾਜੀ ਅਤੇ ਅਗਾਂਹਵਧੂ ਅਮਰੀਕਨਾ ਦੀ ਮਦਦ ਨਾਲ, ਜਿੱਤ ਪ੍ਰਾਪਤ ਕੀਤੀ ਸੀ ਅਤੇ ਆਪਣਾ ਅਮਰੀਕਾ ਵਿਚ ਰਹਿਣ ਦਾ ਹੱਕ ਜਿੱਤਿਆ ਸੀ ਤਾਂ ਜੋ ਉਹ ਭਾਰਤ ਦੀ ਆਜ਼ਾਦੀ ਲਈ ਗਤੀਵਿਧੀਆਂ ਜਾਰੀ ਰੱਖਣ, ਇਹ ਵਚਨ ਦੇ ਕੇ ਕਿ ਉਹ ਅਮਰੀਕਨ ਹਿਤਾਂ ਨੂੰ ਠੇਸ ਨਹੀਂ ਲਗਾਉਣਗੇ। ਦੇਸ–ਨਿਕਾਲੇ ਦੇ ਵਿਰੁੱਧ ਮੁੱਕਦਮੇ ਵਿਚ ਜਿੱਤ ਨਾਲ ਉਹਨਾਂ ਲਈ, ਰਾਹ ਖੁੱਲ ਗਿਆ ਕਿ ਜੇ ਉਹ ਚਾਹੁਣ ਤਾਂ ਉਹ ਯੂ ਐਸ ਦੀ ਨਾਗਰਿਕਤਾ ਪ੍ਰਾਪਤ ਕਰ ਸਕਣ, ਜ਼ਮੀਨ ਅਤੇ ਹੋਰ ਪ੍ਰਾਪਰਟੀ ਖ਼ਰੀਦ ਸਕਣ।

## ਪੁਨਰਗਠਨ

ਜੇਲ੍ਹ ਵਿਚੋਂ ਰਿਹਾਅ ਹੋਣ ਮਗਰੋਂ ਗ਼ਦਰੀ ਇਨਕਲਾਬੀਆਂ ਨੇ ਦੇਖਿਆ ਕਿ ਪਾਰਟੀ ਖੇਰੂੰ ਖੇਰੂੰ ਹੋ ਗਈ ਹੈ। ਇਸ ਲਈ ਉਹਨਾਂ ਦਾ ਪਹਿਲਾ ਕੰਮ ਸੀ ਪਾਰਟੀ ਨੂੰ ਪੱਕੇ ਪੈਰੀਂ ਖੜ੍ਹੇ ਕਰਨਾ – ਸੰਗਠਨਾਤਮਕ ਅਤੇ ਆਰਥਿਕ ਤੌਰ 'ਤੇ। ਉਹਨਾਂ ਨੇ ਉਹਨਾਂ ਨੂੰ ਦੇਸ ਨਿਕਾਲਾ ਦੇਣ ਦੇ ਯਤਨਾਂ ਵਿਰੁੱਧ ਸਫ਼ਲਤਾ ਨਾਲ ਲੜਾਈ ਲੜੀ ਸੀ ਅਤੇ ਆਪਣਾ ਸ਼ਰਣ ਲੈਣ ਦਾ ਹੱਕ ਜਿੱਤ ਲਿਆ ਸੀ। ਅੱਗੇ, ਆਪਣੇ ਅਦਾਲਤ ਵਿਚ ਦਰਸਾਏ ਆਚਰਨ ਦੁਆਰਾ, ਉਹਨਾਂ ਨੇ ਭਾਰਤੀ ਪਰਵਾਸੀਆਂ ਅਤੇ ਕਈ ਹੋਰਨਾਂ ਦਾ ਆਦਰ ਸਤਿਕਾਰ ਵੀ ਜਿੱਤ ਲਿਆ ਸੀ। ਇਸ ਲਈ ਗ਼ਦਰ ਪਾਰਟੀ ਦੇ ਪੁਨਰਗਠਨ ਲਈ ਅਤੇ ਸਰਗਰਮ ਕਰਨ ਲਈ ਚੰਗਾ ਆਧਾਰ ਬਣ ਗਿਆ ਸੀ।

ਸੰਤੋਖ ਸਿੰਘ, ਰਤਨ ਸਿੰਘ ਅਤੇ ਹੋਰਨਾਂ ਦੇ ਪੁਰਜ਼ੋਰ ਯਤਨਾਂ ਸਦਕਾ ਅਤੇ ਭਾਰਤੀ ਕਿਰਤੀਆਂ ਦੀ ਹਿਮਾਇਤ ਨਾਲ, ਗ਼ਦਰ ਪਾਰਟੀ ਦਾ ਭਵਿੱਖ ਸੁਰਖਿਅਤ ਕਰ ਲਿਆ ਗਿਆ ਸੀ, ਪਾਰਟੀ ਨੂੰ ਨਵੇਂ ਸਿਰੇ ਬਣਾ ਕੇ ਸੁਰਜੀਤ ਕਰਕੇ ਅਤੇ ਪਾਰਟੀ ਇਕਾਈਆਂ ਸਥਾਪਿਤ ਕਰ ਲਈਆਂ ਗਈਆਂ ਸਨ ਅਤੇ ਪੈਸਾ ਇਕੱਠਾ ਕਰਨਾ, ਪਾਰਟੀ ਦੇ ਖ਼ਰਚੇ ਚਲਾਉਣ ਲਈ ਅਤੇ

ਪਾਰਟੀ ਦੇ ਪਰਚੇ ਵਾਸਤੇ, ਸ਼ੁਰੂ ਹੋ ਗਿਆ ਸੀ।

ਜਿਵੇਂ ਪਹਿਲਾਂ ਸੰਕੇਤ ਦਿੱਤਾ ਗਿਆ ਹੈ, ਦੋ ਧੜਿਆਂ ਵਿਚਕਾਰ – ਇਕ ਰਾਮ ਚੰਦਰ ਦੀ ਅਗਵਾਈ ਹੇਠ ਅਤੇ ਦੂਸਰਾ ਭਗਵਾਨ ਸਿੰਘ ਦੀ – ਸਖ਼ਤ ਲੜਾਈ ਲਗਾਤਾਰ ਚੱਲ ਰਹੀ ਸੀ, ਜੋ ਸਾਜ਼ਿਸ਼ ਮੁਕੱਦਮੇ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਦੋਨੋ ਧੜੇ ਪਾਰਟੀ ਦੇ ਪਰਚੇ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਉਸੇ ਥਾਂ ਤੋਂ ਦੋ ਮੁਕਾਬਲੇ ਦੇ ਪਰਚੇ ਜਾਰੀ ਹੋ ਰਹੇ ਸਨ, *'ਗ਼ਦਰ' ਹ਼ਫ਼ਤਾਵਾਰੀ* ਰਾਮ ਚੰਦਰ ਅਤੇ ਉਹਦੇ ਸਾਥੀਆਂ ਦਾ ਅਤੇ *'ਹਿੰਦੁਸਤਾਨ ਗ਼ਦਰ'* ਭਗਵਾਨ ਸਿੰਘ ਧੜੇ ਦਾ। ਸਾਜ਼ਿਸ਼ ਮੁਕੱਦਮੇ ਦੇ ਸ਼ੁਰੂ ਹੋਣ ਨਾਲ, ਦੋਨੋ ਪਰਚਿਆ ਦਾ ਪ੍ਰਕਾਸ਼ਨ ਬੰਦ ਹੋ ਗਿਆ ਸੀ। ਪਰ ਧੜੇਬੰਦੀ ਦੀ ਕਸ਼ਮਕਸ਼ ਚੱਲਦੀ ਰਹੀ ਸੀ – ਅਦਾਲਤ ਦੇ ਅੰਦਰ ਵੀ ਅਤੇ ਬਾਹਰ ਵੀ, ਜਿਸਦੇ ਨਾਟਕੀ ਢੰਗ ਨਾਲ ਦੁਖਦਾਈ ਸਿੱਟੇ ਨਿਕਲੇ ਸਨ।

ਜੇਲ ਵਿਚੋਂ ਰਿਹਾਅ ਹੋਣ ਮਗਰੋਂ, ਪਾਰਟੀ ਨੂੰ ਮੁੜ ਸੁਰਜੀਤ ਕਰਨ ਦੇ ਇਲਾਵਾ, ਸੰਤੋਖ ਸਿੰਘ, ਰਤਨ ਸਿੰਘ ਅਤੇ ਗੋਪਾਲ ਸਿੰਘ ਨੂੰ ਪਾਰਟੀ ਵਿਚ ਏਕਤਾ ਲਿਆਉਣ ਅਤੇ ਪੁਨਰ ਸੰਗਠਨ ਦੇ ਕੰਮ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹਨਾਂ ਨੇ ਆਪਣੇ ਆਪ ਨੂੰ ਇਸ ਕੰਮ ਵਿਚ ਪੂਰੀ ਤਰ੍ਹਾਂ ਲਗਾ ਦਿੱਤਾ ਅਤੇ ਪਾਰਟੀ ਨੂੰ ਮੁੜ ਪੈਰਾਂ ਦੇ ਖੜ੍ਹੇ ਕਰਨ ਵਿਚ, ਕਾਫ਼ੀ ਵੱਡੀ ਰਕਮ ਚੰਦੇ ਵਜੋਂ ਇਕੱਠੀ ਕਰਨ ਵਿਚ ਅਤੇ ਆਪਣੇ ਸਾਥੀਆਂ ਵਿਚ ਨਵਾਂ ਜੋਸ਼ ਭਰਨ ਵਿਚ ਸਫ਼ਲ ਹੋਏ ਅਤੇ ਉਹ ਭਾਰਤ ਦੀ ਆਜ਼ਾਦੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਗਏ।

ਪਾਰਟੀ ਨੂੰ ਮੁੜਕੇ ਸਰਗਰਮ ਕਰਨ ਦੇ ਕੰਮ ਨੂੰ ਸਫ਼ਲਤਾਪੂਰਵਕ ਢੰਗ ਨਾਲ ਪੂਰਾ ਕਰਨ ਮਗਰੋਂ, ਸੰਤੋਖ ਸਿੰਘ, ਅਤੇ ਰਤਨ ਸਿੰਘ ਨੇ ਇਕ ਵੱਡਾ ਕਦਮ ਚੁੱਕਿਆ – ਇਕ ਅੰਗ੍ਰੇਜ਼ੀ ਦੇ ਮਾਹਵਾਰੀ ਪਰਚੇ, *ਇੰਡੀਪੈਂਡੈਂਟ ਹਿੰਦੁਸਤਾਨ,* 'ਤੇ ਪੈਸਾ ਲਾਉਣ ਦਾ ਅਤੇ ਸੁਰੇਂਦਰਾਨਾਥ ਕਾਰ ਨੂੰ ਮਨਾਇਆ ਕਿ ਉਹ ਨਿਊਯਾਰਕ ਤੋਂ ਸਾਨਫ਼ਰਾਂਸਿਸਕੋ ਜਾ ਕੇ ਇਸਦਾ ਪਹਿਲਾ ਸੰਪਾਦਕ ਬਣ ਜਾਵੇ। ਕਾਰ, ਜਿਹੜ ਪਹਿਲਾਂ *ਇੰਡੀਅਨ ਨਿਊਜ਼ ਸਰਵਿਸ* ਦਾ ਐਡੀਟਰ ਰਹਿ ਚੁੱਕਾ ਸੀ, ਇਸ ਫ਼ਰਜ਼ ਨੂੰ ਨਿਭਾਉਣ ਲਈ ਝੱਟ ਮੰਨ ਗਿਆ ਅਤੇ ਮਾਹਵਾਰੀ ਪਰਚੇ ਦੇ ਸੰਪਾਦਨ ਦੀ ਜ਼ਿੰਮੇਵਾਰੀ ਲੈ ਲਈ, ਜਿਸਦਾ ਪਹਿਲਾ ਅੰਕ ਸਿਤੰਬਰ 1920 ਵਿਚ ਨਿਕਲਿਆ। ਇਸ ਪਰਚੇ ਦਾ ਮੰਤਵ, ਜਿਵੇਂ ਇਸਦੇ ਪਹਿਲੇ ਸੰਪਾਦਕੀ ਲੇਖ ਵਿਚ ਕਿਹਾ ਗਿਆ ਸੀ – 'ਸਾਡਾ ਮੰਤਵ' – ਜੋ ਪਾਠਕਾਂ ਨੂੰ ਸਮਝਾਇਆ ਗਿਆ ਸੀ – *"ਇਨਕਲਾਬੀ ਅਤੇ ਅਗਾਂਹਵਧੂ ਭਾਵਨਾ ਦੀ ਵਿਆਖਿਆ ਕਰਨੀ ਅਤੇ ਜਾਣਕਾਰੀ ਪ੍ਰਦਾਨ ਕਰਨੀ ਕਿ ਇਹ ਕਿਸ ਪ੍ਰਾਕਾਰ ਭਾਰਤ ਦੀ ਹੋਣੀ ਦੀ ਅਗਵਾਈ ਕਰ ਰਹੀ ਹੈ।"*

ਇਹ ਸੰਪਾਦਕੀ ਲੇਖ, ਜੋ ਸਭ ਲੋਕਾਂ ਦੀ ਕਈ ਦੇਸਾਂ ਵਿਚ ਆਜ਼ਾਦੀ ਦੀ ਲੜਾਈ ਵਿਚ ਏਕਤਾ 'ਤੇ ਬਲ ਦਿੰਦਾ ਸੀ, ਅੱਗੇ ਦੱਸਦਾ ਸੀ –

*"ਉੱਥੇ ਕੋਈ ਪੁਰਖ ਜਾਂ ਨਾਰੀ ਸਾਹ ਲੈ ਰਿਹਾ ਹੈ, ਜਿਸਦਾ ਦਿਲ ਐਨਾ ਸੁੱਕ ਗਿਆ ਹੋਇਆ ਹੈ ਅਤੇ ਬੁੱਧੀ ਇੰਜ ਤਿੜਕੀ ਪਈ ਹੈ, ਜਿਹੜਾ ਕਦੇ ਵੀ ਉਸ ਸੁਨਹਿਰੇ ਦਿਨ ਦੀ ਸੰਭਾਵਨਾ ਦੀ ਖ਼ੁਸ਼ੀ ਨਹੀਂ ਮਨਾਉਂਦਾ ਹੈ ਜਦ ਆਜ਼ਾਦੀ ਦਾ ਝੰਡਾ ਆਇਰਲੈਂਡ, ਭਾਰਤ, ਈਰਾਨ, ਮਿਸਰ, ਚੀਨ. . . . ਉੱਪਰ ਲਹਿਰਾਇਆ ਜਾ ਸਕੇਗਾ. . . ਦੁਨੀਆ ਦੇ ਦੱਬੇ ਕੁਚਲੇ ਲੋਕਾਂ ਉੱਪਰ।"*[119]

***

ਕਾਂਡ 11

# ਗ਼ਦਰ ਪਾਰਟੀ ਅਤੇ ਅਕਤੂਬਰ ਇਨਕਲਾਬ

ਅਕਤੂਬਰ ਇਨਕਲਾਬ ਸਹੀ ਤੌਰ 'ਤੇ ਇਕ ਇਤਿਹਾਸਕ ਮੌਕਾ ਸੀ ਜਿਸਨੇ ਉਸ ਵੇਲੇ ਦੇ ਅੰਤਰਰਾਸ਼ਟਰੀ ਤੰਤਰ ਨੂੰ ਬਦਲ ਕੇ ਰੱਖ ਦਿੱਤਾ, ਅਜਿਹੇ ਢੰਗ ਨਾਲ, ਜਿਵੇ ਪਹਿਲਾਂ ਕਦੇ ਨਹੀਂ ਵਾਪਰਿਆ ਸੀ। ਇਸ ਦਾ ਐਲਾਨ, ਜਿਸ ਵਿਚ ਕੌਮਾਂ ਨੂੰ ਆਪਣੀ ਕਿਸਮਤ ਆਪ ਬਣਾਉਣ (ਆਤਮ ਨਿਰਣੇ) ਦਾ ਹੱਕ ਮਿਲਿਆ, ਜਿਹੜੀਆਂ ਪਹਿਲਾਂ ਰੂਸ ਦੇ ਜ਼ਾਰ ਦੁਆਰਾ ਗ਼ੁਲਾਮ ਬਣਾਈਆਂ ਹੋਈਆਂ ਸਨ, ਇਸਦਾ ਇਸ ਗੱਲ 'ਤੇ ਬਲ ਕਿ ਸਾਮਰਾਜੀ ਦੇਸ, ਜਿਵੇਂ ਬ੍ਰਿਟੇਨ, ਫ਼ਰਾਂਸ ਅਤੇ ਇਟਲੀ ਵੀ ਵੈਸਾ ਹੀ ਕਰਨ ਅਤੇ ਆਪਣੀਆਂ ਬਸਤੀਆਂ ਦੇ ਲੋਕਾਂ ਨੂੰ ਆਜ਼ਾਦੀ ਦੇ ਦੇਣ, ਅਤੇ ਇਸ ਦੁਆਰਾ ਖ਼ੁਫ਼ੀਆ ਅਹਿਦਨਾਮੇ, ਜੋ ਸਾਮਰਾਜੀਆਂ ਨੇ ਦੁਨੀਆ ਦੀ ਵੰਡ ਅਤੇ ਹੋਰ ਇਲਾਕੇ ਹੜੱਪਣ ਖ਼ਾਤਿਰ ਲੜੀ ਜਾ ਰਹੀ ਲੜਾਈ ਤੋਂ ਪਹਿਲਾਂ ਦੇ, ਪ੍ਰਕਾਸ਼ਿਤ ਕੀਤੇ, ਅਤੇ ਇਸਨੇ ਦਮਨ ਕੀਤੇ ਹੋਏ ਦੇਸਾਂ ਪ੍ਰਤੀ ਜੋ ਸਾਮਰਾਜ ਦੇ ਵਿਰੁੱਧ ਲੜ ਰਹੇ ਸਨ, ਹਿਮਾਇਤ ਪ੍ਰਗਟ ਕੀਤੀ, ਜਿਸ ਨਾਲ ਸੋਵੀਅਤ ਯੂਨੀਅਨ ਦੱਬੇ ਕੁਚਲੇ ਅਤੇ ਦਮਨ ਲੋਕਾਂ ਦੇ ਪਿਆਰ ਦਾ ਪਾਤਰ ਬਣ ਗਿਆ। ਸਾਮਰਾਜ ਨੂੰ ਇਸ ਲਈ ਕੋਈ ਚੈਨ ਨਹੀਂ ਆਉਣੀ ਸੀ ਕਿਉਂਕਿ ਅਕਤੂਬਰ ਇਨਕਲਾਬ ਨੇ ਇਕ ਨਵਾਂ ਅਤੇ ਸ਼ਕਤੀਸ਼ਾਲੀ ਮੋਰਚਾ ਖੋਲ੍ਹ ਦਿੱਤਾ ਸੀ ਸਾਮਰਾਜ ਦੇ ਵਿਰੁੱਧ ਇਸ ਗੱਲ 'ਤੇ ਬਲ ਦੇ ਕੇ ਅਤੇ ਸਪਸ਼ਟ ਕਰਕੇ ਕਿ ਸਾਮਰਾਜੀ ਦੇਸਾਂ ਦੇ ਪ੍ਰੋਲੇਤਾਰੀ ਕੁਚਲੇ ਦੱਬੇ ਲੋਕਾਂ ਦੀ ਸਾਮਰਾਜ ਦੇ ਵਿਰੁੱਧ ਜੰਗ ਵਿਚ ਤਾਲ ਮੇਲ ਬਣਾਉਣ ਅਤੇ ਨੇੜਲਾ ਸਹਿਯੋਗ ਦੇਣ।

ਅਕਤੂਬਰ ਇਨਕਲਾਬ, ਆਪਣੇ ਆਜ਼ਾਦੀ ਦੇ ਮਿਸ਼ਨ ਨਾਲ, ਗ਼ਦਰੀ ਇਨਕਲਾਬੀਆਂ ਉੱਪਰ ਆਪਣਾ ਪ੍ਰਭਾਵ ਪਾਏ ਬਿਨਾ ਨਹੀਂ ਰਹਿ ਸਕਦਾ ਸੀ। ਸਾਡੇ ਕੋਲ ਭਰੋਸੇਯੋਗ ਜਾਣਕਾਰੀ ਹੈ ਕਿ ਸੰਤੋਖ ਸਿੰਘ, ਅਮਰੀਕਾ ਵਿਚਲੇ ਭਾਰਤੀ ਕਿਰਤੀਆਂ ਵਿਚ ਪਹਿਲਾ ਵਿਅਕਤੀ ਸੀ ਜਿਸਨੇ ਮਾਰਕਸਵਾਦ ਨੂੰ ਚੰਗੀ ਤਰ੍ਹਾਂ ਪੜ੍ਹਿਆ ਤਾਂ ਜੋ ਉਹ ਆਪ ਵੀ ਕਮਿਉਨਿਸਟ ਬਣ ਸਕੇ। ਸੰਤੋਖ ਸਿੰਘ ਦੇ ਕੋਲ, ਹੋਰ ਕਿਤਾਬਾਂ ਦੇ ਇਲਾਵਾ ਮਾਰਕਸ ਦੇ *ਕੈਪੀਟਲ* ਦੀਆਂ ਤਿੰਨ ਪੋਥੀਆਂ ਸਨ।

ਮਾਰਚ 1920 ਦੇ ਪਹਿਲੇ ਹਫ਼ਤੇ ਵਿਚ, ਲੈਨਿਨ ਨੇ ਇਕ ਮਹੱਤਵਪੂਰਨ ਬਿਆਨ ਦਿੱਤਾ ਜਿਸ ਵਿਚ ਉਸਨੇ ਕਿਹਾ, ਹੋਰ ਗੱਲਾਂ ਤੋਂ ਇਲਾਵਾ, ਕਿ ਭਾਰਤੀ ਲੋਕ "*. . . ਸਾਰੇ ਇਕ ਤਾਰੇ ਵੱਲ ਤਕ ਰਹੇ ਹਨ,* ***ਸੋਵੀਅਤ ਰਿਪਬਲਿਕ ਦਾ ਤਾਰਾ****, ਕਿਉਂਕਿ ਉਹ ਜਾਣਦੇ ਹਨ ਕਿ ਇਸਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਸਾਮਰਾਜੀਆਂ ਵਾਸਤੇ ਲੜਨ ਵਿਚ ਅਤੇ ਇਸਨੇ ਬਹੁਤ ਹੀ ਸਖ਼ਤ ਇਮਤਿਹਾਨ ਤੱਕੇ ਹਨ।*"[120]

ਕੁਝ ਦਿਨ ਪਹਿਲਾਂ ਹੀ 17 ਫਰਵਰੀ 1920 ਨੂੰ, ਇੰਡੀਅਨ ਰੈਵੋਲਿਊਸ਼ਨਰੀ ਐਸੋਸੀਏਸ਼ਨ ਆਫ਼ ਕਾਬੁਲ, ਨੇ ਪਹਿਲਾਂ ਹੀ ਇਕ ਮਤਾ ਪਾਸ ਕੀਤਾ ਸੀ ਜਿਸ ਵਿਚ ਆਪਣਾ *"ਗਹਿਰਾ ਧੰਨਵਾਦ ਅਤੇ ਮਹਾਨ ਸੰਘਰਸ਼ ਦੀ ਪ੍ਰਸ਼ੰਸਾ ਕੀਤੀ ਸੀ ਜਿਹੜਾ ਰੂਸ ਹਰ ਦਮਨ ਕੀਤੀ ਸ੍ਰੇਣੀ ਅਤੇ ਲੋਕਾਂ ਦੀ ਆਜ਼ਾਦੀ ਲਈ ਕਰ ਰਿਹਾ ਸੀ, ਵਿਸ਼ੇਸ਼ ਕਰਕੇ ਭਾਰਤ ਦੀ ਆਜ਼ਾਦੀ ਲਈ।"* ਇਸਨੇ ਸੋਵੀਅਤ ਰੂਸ ਲਈ ਬਹੁਤ ਧੰਨਵਾਦ ਪ੍ਰਗਟਾਇਆ ਸੀ ਕਿਉਂਕਿ ਇਸਨੇ 315 ਮਿਲੀਅਨ ਲੋਕਾਂ ਦੀ ਚੀਖ਼ ਪੁਕਾਰ ਸੁਣੀ ਸੀ ਜਿਹੜੇ ਬ੍ਰਿਟਿਸ਼ ਸਾਮਰਾਜ ਦੇ ਭਾਰੇ ਬੂਟਾਂ ਹੇਠ ਦੁਖੀ ਹੋ ਰਹੇ ਸਨ ਅਤੇ ਖ਼ੁਸ਼ੀ ਨਾਲ, ਸਤਾਏ ਹੋਏ ਭਾਰਤੀਆਂ ਨਾਲ ਦੋਸਤੀ ਦਾ ਹੱਥ ਸਹਾਇਤਾ ਵਾਸਤੇ ਫੜ ਰਹੇ ਸਨ।

10 ਮਈ, 1920 ਨੂੰ ਲੈਨਿਨ ਨੇ ਜਵਾਬ ਦਿੰਦੇ ਕਿਹਾ ਸੀ ਕਿ ਉਹ ਕਿੰਨਾ ਖ਼ੁਸ਼ ਸੀ ਕਿ ਆਤਮ-ਨਿਰਣੇ ਦੇ ਅਸੂਲ ਅਤੇ ਦਬਾਈਆਂ ਹੋਈਆਂ ਕੌਮਾਂ ਦੀ ਆਜ਼ਾਦੀ ਅਤੇ ਸਾਮਰਾਜੀਆਂ ਦੁਆਰਾ ਸੋਸ਼ਣ ਅਤੇ ਕਿਰਤੀਆਂ ਅਤੇ ਕਿਸਾਨਾਂ ਦੀ ਰਿਪਬਲਿਕ ਦੁਆਰਾ ਐਲਾਨੇ ਸਥਾਨਕ ਪੂੰਜੀਪਤੀ, ਸੰਬੰਧੀ ਐਡਾ ਵੱਡਾ ਸਮਰਥਨ ਮਿਲਿਆ ਹੈ ਅਗਾਂਹ ਵਧੂ ਭਾਰਤੀਆਂ ਵੱਲੋਂ ਜਿਹੜੇ ਆਜ਼ਾਦੀ ਲਈ ਬੜੀ ਬਹਾਦਰੀ ਨਾਲ ਜੰਗ ਲੜ ਰਹੇ ਸਨ। ਕਿਰਤੀਆਂ ਦੇ ਸੰਗਠਨ, ਅਨੁਸ਼ਾਸਨ ਅਤੇ ਉਹਨਾਂ ਦੇ ਅਣਥਕ ਪ੍ਰਯਤਨ ਅਤੇ ਇਕਜੁਟਤਾ, ਉਸਨੇ ਕਿਹਾ, ਅੰਤ ਨੂੰ ਸਫ਼ਲਤਾ ਦੀ ਨਿਸ਼ਾਨੀ ਹੈ, ਅਤੇ ਉਸਨੇ ਆਪਣੀ ਦਿਲੀ ਇੱਛਾ ਜ਼ਾਹਰ ਕੀਤੀ ਕਿ ਪੂਰਬ ਦੇ ਕਿਰਤੀਆਂ ਦਾ ਇਕ ਵੱਡਾ ਆਪਸੀ ਏਕਾ ਸਥਾਪਿਤ ਹੋਵੇਗਾ।

ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਸਾਮਰਾਜੀ ਸ਼ਕਤੀਆਂ, ਵਿਸ਼ੇਸ਼ਕਰ ਬ੍ਰਿਟੇਨ ਨੇ ਇਨਕਲਾਬੀ ਰੂਸ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਿਆ ਅਤੇ ਆਪਣੀ ਸਾਰੀ ਤਾਕਤ ਰੂਸ ਤੋਂ ਆਉਂਦੀ ਹਰ ਖ਼ਬਰ ਨੂੰ ਦਬਾਉਣ ਉੱਪਰ ਲਗਾ ਦਿੱਤੀ ਤਾਂ ਜੋ ਇਹ ਬਸਤੀਆਂ ਵਿਚ ਰਹਿੰਦੇ ਲੋਕਾਂ ਤੀਕ ਨਾ ਪੁੱਜ ਸਕੇ। ਪਰ ਜੋ ਕੁਝ ਰੂਸ ਵਿਚ ਹੋ ਰਿਹਾ ਸੀ ਛੁਪਾਇਆ ਨਹੀਂ ਜਾ ਸਕਦਾ ਸੀ, ਐਨੀ ਸ਼ਕਤੀ ਅਤੇ ਖਿੱਚ ਸੀ ਉਸ ਵਿਚ ਸਾਮਰਾਜ ਅਤੇ ਬਸਤੀ ਵਾਦ ਵਿਰੋਧੀ ਲੋਕਾਂ ਵਾਸਤੇ ਕਿ ਇਹਨਾਂ ਘਟਨਾਵਾਂ ਦਾ ਪ੍ਰਭਾਵ ਉਹਨਾਂ ਉੱਪਰ ਜ਼ਰੂਰ ਪੈਂਦਾ, ਜਿਹਨਾਂ ਵਿਚ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਦੀ ਉਮੀਦ ਸੀ, ਕਿਰਤੀਆਂ ਦੇ ਸੋਸ਼ਣ ਨੂੰ ਖ਼ਤਮ ਕਰਨ ਦਾ ਸੁਨੇਹਾ ਸੀ।

ਇਸ ਹਾਲਤ ਵਿਚ, '*ਇੰਡੀਪੈਂਡੈਂਟ ਹਿੰਦੁਸਤਾਨ*' ਦਾ ਮੁੱਖ ਕਾਰਜ ਸੀ ਭਾਰਤੀਆਂ ਦਾ ਸਾਮਰਾਜੀ ਸ਼ਕਤੀ ਦੁਆਰਾ ਕੀਤੇ ਜਾ ਰਹੇ ਸੋਸ਼ਣ, ਗ਼ਰੀਬੀ ਅਤੇ ਦਮਨ ਅਤੇ ਇਸ ਲਈ ਅਪਣਾਏ ਜਾਂਦੇ ਦੁਖਦਾਈ ਢੰਗ ਨੂੰ ਨੰਗਾ ਕਰਨਾ। ਪਰਚਾ ਸੋਵੀਅਤਪੱਖੀ ਸੀ, ਪਰ ਬੜੇ ਧਿਆਨ ਨਾਲ, ਕਿਉਂਕਿ ਇਹ ਨਹੀਂ ਚਾਹੁੰਦਾ ਸੀ ਕਿ ਗ਼ਦਰੀ ਯੋਧੇ ਜੋ ਅਜੇ ਦੇਸ ਨਿਕਾਲੇ ਤੋਂ ਵਾਲ-ਵਾਲ ਬਚੇ ਸਨ, ਅਮਰੀਕੀ ਸਰਕਾਰ, ਜੋ ਬਿਲਕੁਲ ਬੁਰੀ ਤਰ੍ਹਾਂ ਸੋਵੀਅਤ ਵਿਰੋਧੀ ਸੀ, ਦੇ ਗੁੱਸੇ ਦੇ ਸ਼ਿਕਾਰ ਹੋ ਜਾਣ। ਫਿਰ ਵੀ ਉਹਨਾਂ ਦੇ ਸੋਵੀਅਤ ਪੱਖੀ ਵਿਚਾਰ ਬਹੁਤ ਸਪਸ਼ਟ ਸਨ ਬਿਨਾ ਕਿਸੇ ਭੁਲੇਖੇ ਦੇ।

ਇਸ ਮਾਮਲੇ ਵਿਚ ਤਾਰਕਨਾਥ ਦਾਸ ਨੇ ਆਪਣੇ ਵਿਚਾਰ ਛੁਪਾਏ ਨਹੀਂ ਸਨ। ਭਾਰਤੀ ਸਵਾਲ ਦੇ ਅੰਤਰਰਾਸ਼ਟਰੀ ਪੱਖ ਦਾ ਖ਼ੁਲਾਸਾ ਕਰਦੇ ਹੋਏ, ਉਸਨੇ ਇਸ ਸਿਰਲੇਖ ਹੇਠ – "ਭਾਰਤ ਰੂਸੀ ਸੰਬੰਧ" – ਲਿਖਿਆ –

*"ਸਾਮਰਾਜੀ ਰੂਸ ਖ਼ਤਮ ਹੋ ਗਿਆ ਹੈ। ਇਨਕਲਾਬੀ ਰੂਸ ਪੂਰੀ ਤਰ੍ਹਾਂ ਸਾਮਰਾਜ ਦਾ, ਕਿਸੇ ਰੂਪ ਵਿਚ ਵੀ ਕਿਉਂ ਹੋਵੇ, ਦੁਸ਼ਮਣ ਹੈ। ਉਸਨੇ ਚੀਨ ਵਿਚ ਆਪਣੇ ਰਸੂਖ਼ ਅਤੇ ਹੱਦਾਂ ਤੋਂ ਬਾਹਰੇ ਇਲਾਕਿਆਂ ਤੇ ਦਾਅਵੇ ਛੱਡ ਦਿੱਤੇ ਹਨ। ਉਸਨੇ ਈਰਾਨ, ਮਿਸਰ, ਤੁਰਕੀ ਅਤੇ ਭਾਰਤੀ ਆਜ਼ਾਦੀ ਦੀ ਹਿਮਾਇਤ ਕੀਤੀ ਹੈ। ਇਸਨੇ ਆਇਰਲੈਂਡ ਦੀ ਰਿਪਬਲਿਕ ਨੂੰ ਮਾਨਤਾ ਦਿੱਤੀ ਹੈ। ਉਸਨੇ ਅਫ਼ਗਾਨਿਸਤਾਨ ਨਾਲ ਮਿੱਤਰਤਾ ਵਾਲੇ ਸੰਬੰਧ ਸਥਾਪਿਤ ਕਰ ਲਏ ਹਨ ਅਤੇ ਮੈਂ ਤੁਹਾਨੂੰ ਭਰੋਸਾ ਦੁਆ ਸਕਦਾ ਹਾਂ ਕਿ ਰੂਸ ਦੇ ਵਿਰੁੱਧ ਜੰਗ ਕਰਨ ਦਾ ਮੁਖ ਕਾਰਣ ਹੈ ਕਿ ਬ੍ਰਿਟੇਨ ਡਰ ਰਿਹਾ ਹੈ ਕਿ ਰੂਸ ਭਾਰਤ ਦੇ ਲੋਕਾਂ ਨੂੰ ਪ੍ਰੇਰ ਕੇ ਇਕੱਠੇ ਕਰ ਦੇਵੇਗਾ ਅਤੇ ਬ੍ਰਿਟਿਸ਼ ਸ਼ਾਹਨਸ਼ਾਹਤ ਨੂੰ ਤਬਾਹ ਕਰ ਦੇਵੇਗਾ। ਇਨ੍ਹਾਂ ਹਾਲਾਤ ਵਿਚ, ਭਾਰਤੀ ਲੋਕਾਂ ਦੀ, ਭਾਰਤੀ ਕੌਮਪ੍ਰਸਤਾਂ ਦੀ ਜਾਂ ਇਨਕਲਾਬੀਆਂ ਦੀ ਰੂਸ ਪ੍ਰਤੀ ਕੀ ਨੀਤੀ ਹੋਣੀ ਚਾਹੀਦੀ ਹੈ?"* [121]

ਗ਼ਦਰੀ ਤਾਂ ਸੋਵੀਅਤ ਪੱਖ ਤੋਂ ਆਪਣੇ ਅੰਗ੍ਰੇਜ਼ ਵਿਰੋਧੀ ਸੰਘਰਸ਼ ਵਿਚ ਬਹੁਤ ਪ੍ਰੇਰਿਤ ਅਤੇ ਉਤਸਾਹਿਤ ਹੋਏ ਸਨ।

ਲਗਭਗ ਇਸੇ ਵੇਲੇ ਹੀ ਗ਼ਦਰ ਪਾਰਟੀ ਨੇ ਇਹ ਜ਼ਰੂਰਤ ਮਹਿਸੂਸ ਕੀਤੀ ਕਿ ਮਾਸਕੋ ਨਾਲ ਸਿੱਧਾ ਸੰਪਰਕ ਸਥਾਪਿਤ ਕੀਤਾ ਜਾਵੇ। ਇਸ ਲਈ ਇਸਨੇ ਫ਼ੈਸਲਾ ਕੀਤਾ ਕਿ ਕਿਸੇ ਜ਼ਿੰਮੇਵਾਰ ਕਾਮਰੇਡ ਨੂੰ ਰੂਸ ਭੇਜਿਆ ਜਾਵੇ। ਸੁਰਿੰਦਰਨਾਥ ਕਾਰ, *ਇੰਡੀਪੈਂਡੈਂਟ ਹਿੰਦੁਸਤਾਨ* ਦੇ ਸੰਪਾਦਕ ਨੂੰ ਭੇਜਿਆ ਗਿਆ। ਭਾਵੇਂ ਵੱਡਾ ਅਫ਼ਸੋਸ ਕਿ ਉਸਦੀ ਜਲਦੀ ਮੌਤ ਹੋ ਗਈ 1922 ਵਿਚ ਪਰ ਉਸਨੇ ਪਾਰਟੀ ਦੇ ਮੈਂਬਰਾਂ ਨੂੰ ਮਾਰਕਸੀ ਗਿਆਨ ਨਾਲ ਜੋੜਨ ਵਿਚ ਵੱਡੀ ਭੂਮਿਕ ਨਿਭਾਈ ਅਤੇ ਆਪਣੇ ਸਾਥੀਆਂ, ਸੰਤੋਖ ਸਿੰਘ ਅਤੇ ਰਤਨ ਸਿੰਘ ਦੇ ਰੂਸ ਜਾਣ ਦਾ ਰਾਹ ਸਾਫ਼ ਕੀਤਾ।

ਗ਼ਦਰ ਪਾਰਟੀ ਨੂੰ ਮੁੜ ਕੇ ਸਰਗਰਮ ਕਰਨ ਮਗਰੋਂ, ਸੰਤੋਖ ਸਿੰਘ ਅਤੇ ਰਤਨ ਸਿੰਘ ਰੂਸ ਜਾਣ ਦੇ ਬਹੁਤ ਇੱਛੁਕ ਸਨ ਤਾਂ ਜੋ ਸੋਵੀਅਤ ਸਰਕਾਰ ਦੀ ਕਾਰਜ ਵਿਧੀ ਦਾ ਅੱਖੀਂ ਡਿੱਠਾ ਅਨੁਭਵ ਪ੍ਰਾਪਤ ਕਰ ਸਕਣ।

ਨੌਜਵਾਨਾਂ ਦੀ ਸਿਖਿਆ ਅਤੇ ਸਿਖਲਾਈ ਦੀ, ਮਾਰਕਸਿਜ਼ਮ-ਲੈਨਿਨਜ਼ਮ ਵਿਗਿਆਨ, ਲੋੜ ਪੂਰੀ ਕਰਨ ਲਈ, ਏਸ਼ੀਆ ਦੇ ਦੇਸਾਂ ਵਾਸਤੇ, ਮਾਸਕੋ ਵਿਚ ਯੂਨੀਵਰਸਿਟੀ ਆਫ਼ ਟਾਇਲਰਜ਼ ਆਫ਼ ਦੀ ਈਸਟ (ਪੂਰਬ ਦੇ ਕਿਰਤੀਆਂ ਦੀ ਯੂਨੀਵਰਸਿਟੀ)1921 ਵਿਚ ਸਥਾਪਿਤ ਕੀਤੀ ਗਈ। ਕੋਮਿਨਟਰਨ ਨੇ ਪੂਰਬ ਦੇ ਇਨਕਿਲਾਬੀਆਂ ਨੂੰ ਰੂਸ ਤਕ ਸਫਰ ਕਰਨ ਦਾ ਸੱਦਾ ਦਿੱਤਾ ਇਸ ਯੂਨੀਵਰਸਿਟੀ ਵਿਚ ਪੜ੍ਹਨ ਵਾਸਤੇ। ਸੰਤੋਖ ਸਿੰਘ ਅਤੇ ਰਤਨ ਸਿੰਘ ਨੂੰ ਵੀ ਸੱਦਾ ਪੱਤਰ ਮਿਲਿਆ ਕੋਮਿਨਤਰਨ ਦੀ ਚੌਥੀ ਕਾਂਗਰਸ ਵਿਚ ਸ਼ਾਮਿਲ ਹੋਣ ਲਈ ਜਿਹੜੀ ਮਾਸਕੋ ਵਿਚ 5 ਨਵੰਬਰ ਤੋਂ 5 ਦਸੰਬਰ 1922 ਤਕ ਹੋਈ ਸੀ। ਨਾਲ ਹੀ ਐਲ ਸੀ. ਵੀਟ (ਜੇ ਲਵਸਟੋਨ), ਅਮਰੀਕਾ ਦੀ ਕਮਿਉਨਿਸਟ ਪਾਰਟੀ ਦੇ ਅਗਜ਼ੈਕਟਿਵ ਸੈਕਟਰੀ, ਕੋਲੋਂ ਸਿਫ਼ਾਰਸ਼ ਦਾ ਪੱਤਰ ਵੀ ਮਿਲਿਆ ਕਿ ਉਹ ਦੋਨੋ ਹੀ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਭਰੋਸੇਯੋਗ ਮੈਂਬਰ ਹਨ ਅਤੇ ਉਹਨਾਂ ਨੂੰ ਰੂਸ ਤਕ ਅਤੇ ਇਸਦੇ ਨਾਲ ਦੇ ਦੇਸਾਂ ਤਕ ਸਫਰ ਕਰਨ ਲਈ ਅਤੇ ਭਾਰਤ ਜਾਣ ਲਈ ਪੂਰੀ ਸਹੂਲਤ ਦਿੱਤੀ ਜਾਵੇ।

ਉਹ ਦੋਵੇਂ ਲੈਤਵੀਆ ਤੋਂ ਰੂਸ ਵਿਚ 23 ਸਤੰਬਰ 1922 ਨੂੰ ਦਾਖਿਲ ਹੋਏ ਅਤੇ ਅਗਲੇ ਦਿਨ ਮਾਸਕੋ ਪੁੱਜ ਗਏ। ਉਹਨਾਂ ਕੋਮਿਨਟਰਨ ਦੀ ਚੌਥੀ ਕਾਂਗਰਸ ਵਿਚ ਹਾਜ਼ਰੀ ਭਰੀ – ਸੰਤੋਖ

ਸਿੰਘ ਨੇ ਡੈਲੀਗੇਟ ਦੇ ਤੌਰ 'ਤੇ ਅਤੇ ਰਤਨ ਸਿੰਘ ਨੇ ਔਬਜ਼ਰਵਰ ਦੇ ਤੌਰ 'ਤੇ। ਕਾਂਗਰਸ ਦੀ ਕਾਰਵਾਈ ਵਿਚ ਬਸਤੀਆਂ ਅਤੇ ਗ਼ੁਲਾਮ ਦੇਸਾਂ ਵਿਚ ਆਜ਼ਾਦੀ ਦੀਆਂ ਲਹਿਰਾਂ ਦਾ ਭਰਪੂਰ ਚਰਚਾ ਹੋਇਆ। ਕਾਂਗਰਸ ਵਿਚ ਹੋਈ ਬਹਿਸ ਵਿਚ ਲੈਨਿਨ ਦੀ ਨੀਤੀ ਦੇ ਕੌਮੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਠੀਕ ਹੋਣ 'ਤੇ ਬਲ ਦਿੱਤਾ ਗਿਆ, ਜਿਸਦੇ ਅਨੁਸਾਰ ਬਸਤੀਆਂ ਅਤੇ ਗ਼ੁਲਾਮ ਲੋਕਾਂ ਦੀ ਆਜ਼ਾਦੀ ਦੀ ਜੰਗ ਸੰਸਾਰ ਭਰ ਦੇ ਪ੍ਰੋਲੇਤਾਰੀਆਂ ਦੇ ਇਨਕਲਾਬ ਦਾ ਹਿੱਸਾ ਹੈ। ਉਹਨਾਂ ਦੇਸਾਂ ਦੇ ਕਮਿਉਨਿਸਟਾਂ ਦੀ ਇਹ ਮੁੱਖ ਜ਼ਿੰਮੇਵਾਰੀ ਲਾਈ ਗਈ ਕਿ ਉਹ ਬੁਨਿਆਦੀ ਤੌਰ 'ਤੇ ਕਮਿਉਨਿਸਟ ਪਾਰਟੀਆਂ ਸਥਾਪਿਤ ਕਰਨ, ਅਤੇ ਹਰ ਢੰਗ ਨਾਲ ਆਜ਼ਦੀ ਦੇ ਸੰਘਰਸ਼ ਦੀ ਹਿਮਾਇਤ ਕਰਨ, ਐਸਾ ਕਾਰਨ ਕਰਨ *ਕਿ "ਕਮਿਉਨਿਸਟ ਪਾਰਟੀਆਂ ਨੂੰ ਇਹਨਾਂ ਲਹਿਰਾਂ ਦੇ ਮੋਢੀ ਬਣਾ ਲੈਣ ਅਤੇ ਚੇਤਨਾ ਤੇ ਜਾਗ੍ਰਿਤੀ ਪੈਦਾ ਕਰਨ, ਇਸ ਆਜ਼ਾਦੀ ਦੇ ਸੰਘਰਸ਼ ਦੇ ਹਿੱਸੇ ਵਜੋਂ।"*[122]

ਇਹਨਾਂ ਦੇਸਾਂ ਦੀਆਂ ਕਮਿਊਨਿਸਟ ਪਾਰਟੀਆਂ ਦੀ ਇਹ ਜ਼ਿੰਮੇਵਾਰੀ ਲਗਾ ਦਿੱਤੀ ਗਈ ਕਿ ਉਹ ਸਾਮਰਾਜ ਵਿਰੋਧੀ ਅਤੇ ਬਸਤੀਵਾਦ ਵਿਰੋਧੀ ਲੋਕਰਾਜੀ ਅਤੇ ਇਨਕਲਾਬੀ ਪ੍ਰੋਗਰਾਮ ਲਾਗੂ ਕਰਨ। ਕਮਿਉਨਿਸਟਾਂ ਨੂੰ ਚੌਕੰਨਾ ਕੀਤਾ ਗਿਆ ਕਿ ਉਹ ਕੌਮੀ ਬੁਰਜੁਆ ਤੋਂ ਖ਼ਬਰਦਾਰ ਰਹਿਣ ਅਤੇ ਆਪਣੀ ਸਿਆਸੀ ਆਜ਼ਾਦੀ ਨੂੰ ਕਾਇਮ ਰੱਖਣ, ਆਪਣੀ ਕੌਮੀ ਆਜ਼ਾਦੀ ਦੇ ਸਘਰਸ਼ ਅੰਦਰ।

ਕਾਂਗਰਸ ਵਿਚ ਬਹਿਸਾਂ ਅਤੇ ਗੋਸਟੀਆਂ ਮਹਾਨ ਮਾਰਕਸੀ-ਲੈਨਿਨੀ ਗਿਆਨ ਦਾ ਸਕੂਲ ਸਾਬਤ ਹਇਆ ਹੋਵੇਗਾ ਸਾਡੇ ਗ਼ਦਰੀ ਇਨਕਲਾਬੀਆਂ ਲਈ, ਜਿਹਨਾਂ ਨੂੰ ਆਪਣੇ ਕਾਰਜ ਪੂਰਤੀ ਲਈ ਚੰਗੇਰੀ ਸਮਝ ਆਈ ਹੋਵੇਗੀ, ਵਿਸ਼ੇਸ਼ ਕਰ ਪੰਜਾਬ ਅਤੇ ਆਮ ਕਰਕੇ ਸਮੁੱਚੇ ਭਾਰਤ ਵਿਚ।

ਸੰਤੋਖ ਸਿੰਘ ਅਤੇ ਰਤਨ ਸਿੰਘ ਕੋਈ ਛੇ ਮਹੀਨੇ ਤਕ ਰੂਸ ਵਿਚ ਰਹੇ। ਇਹ ਸੰਭਾਵਨਾ ਤੋਂ ਕਿਤੇ ਵੱਧ ਹੈ ਕਿ ਜਦ ਉਹ ਉੱਥੇ ਸਨ ਤਾਂ ਉਹਨਾਂ ਨੇ ਮਾਰਕਸ-ਲੈਨਿਨਇਜ਼ਮ ਦਾ ਤਿੰਨ ਜਾਂ ਚਾਰ ਮਹੀਨਿਆਂ ਦਾ ਕੋਰਸ ਯੂਨੀਵਰਸਿਟੀ ਆਫ਼ ਟੋਇਲਰਜ਼ ਆਫ਼ ਦੀ ਈਸਟ ਵਿਚ ਕੀਤਾ ਹੋਵੇਗਾ ਜਿੱਥੇ ਉਹਨਾਂ ਨੂੰ ਸਿਆਸੀ ਆਰਥਿਕਤਾ, ਇਤਿਹਾਸਕਾਰੀ ਪਦਾਰਥਵਾਦ, ਪ੍ਰੋਲੇਤਾਰੀ ਇਨਕਲਾਬ ਦੀ ਰਣਨੀਤੀ ਅਤੇ ਕਾਰਜ ਢੰਗ ਅਤੇ ਆਪਣੇ ਦੇਸ ਵਿਚ ਕਮਿਉਨਿਸਟ ਪਾਰਟੀ ਦੀ ਸਥਾਪਨਾ ਬਾਰੇ ਵੀ ਪੜ੍ਹਾਇਆ ਗਿਆ ਹੋਵੇਗਾ।

ਮਈ ਦੇ ਮਹੀਨੇ 1923 ਵਿਚ ਮਾਸਕੋਂ ਛੱਡਣ ਮਗਰੋਂ, ਉਹ ਬਰਲਿਨ ਅਤੇ ਈਰਾਨ ਦੇ ਰਾਸਤੇ ਜੁਲਾਈ ਦੇ ਅੰਤ ਵਿਚ, ਅਗਸਤ ਦੇ ਸ਼ੁਰੂ ਵਿਚ, ਕਾਬੁਲ ਪੁੱਜੇ ਜਿੱਥੇ ਉਹ ਗੁਰਦਿੱਤ ਸਿੰਘ ਅਤੇ ਊਧਮ ਸਿੰਘ ਕਸੇਲ ਨੂੰ ਮਿਲੇ ਜਿਹੜੇ ਬ੍ਰਿਟਿਸ਼ ਜੇਲ੍ਹ ਵਿਚੋਂ ਭੱਜ ਨਿਕਲੇ ਸਨ ਅਤੇ ਉਥੇ ਗ਼ਦਰ ਪਾਰਟੀ ਦਾ ਕੇਂਦਰ ਚਲਾ ਰਹੇ ਸਨ। ਸੰਤੋਖ ਸਿੰਘ ਅਤੇ ਰਤਨ ਸਿੰਘ ਨੇ ਆਪਣੇ ਸਾਥੀਆਂ ਨੂੰ ਕਾਬਲ ਵਿਚ ਦਸਿਆ ਚੌਥੀ ਕਾਂਗਰਸ ਦੇ ਫ਼ੈਸਲੇ ਬਾਰੇ ਅਤੇ ਗ਼ੁਲਾਮ ਬਸਤੀਆਂ ਦੇ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ ਜਿਵੇਂ ਕਾਂਗਰਸ ਨੇ ਸੁਝਾਇਆ ਹੈ।

ਉਹਨਾਂ ਵਿਚਕਾਰ ਇਹ ਫ਼ੈਸਲਾ ਹੋਇਆ ਸਹਿਮਤੀ ਦਾ ਕਿ ਜਿੱਥੇ ਰਤਨ ਸਿੰਘ ਕਾਬਲ ਤੋਂ ਕੰਮ ਕਰੇਗਾ, ਸੰਤੋਖ ਸਿੰਘ ਪੰਜਾਬ ਜਾਵੇਗਾ ਜਿੱਥੇ ਉਹ ਲੋਕਾਂ ਵਿਚ ਮਾਰਕਸ-ਲੈਨਿਨ ਦੀ ਵਿਚਾਰਧਾਰਾ ਦਾ ਪ੍ਰਚਾਰ ਕਰੇਗਾ। ਪੰਜਾਬ ਦੇ ਰਸਤੇ ਵਿਚ ਹੀ ਸੀ ਜਦ ਸੰਤੋਖ ਸਿੰਘ ਗ੍ਰਿਫ਼ਤਾਰ

ਕਰ ਲਿਆ ਗਿਆ ਅਤੇ ਪੂਰੇ ਦੋ ਸਾਲ ਮਗਰੋਂ ਉਸਨੂੰ ਕੈਦ ਵਿਚੋਂ ਅਤੇ ਬੰਦਸ਼ਾਂ ਤੋਂ ਰਿਹਾਈ ਮਿਲੀ। 1925 ਵਿਚ ਰਿਹਾਅ ਹੋ ਕੇ ਉਹ ਅੰਮ੍ਰਿਤਸਰ ਰਹਿਣ ਲੱਗ ਪਿਆ, ਅਤੇ ਭਾਗ ਸਿੰਘ ਕੈਨੇਡੀਅਨ ਨਾਲ ਪਹਿਲਾਂ ਅਤੇ ਕਰਮ ਸਿੰਘ ਚੀਮਾ ਨਾਲ ਵਿਚਾਰ ਵਟਾਂਦਰਾ ਕਰਕੇ ਉਸਨੇ ਪੰਜਾਬੀ ਪਰਚਾ *ਕਿਰਤੀ* (ਕਾਮੇ) ਪ੍ਰਕਾਸ਼ਿਤ ਕਰਨ ਦੇ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ।

*ਕਿਰਤੀ* ਦਾ ਪਹਿਲਾ ਅੰਕ ਫਰਵਰੀ 1926 ਵਿਚ ਪ੍ਰਕਾਸ਼ਿਤ ਹੋਇਆ ਅਤੇ ਉਹਨਾਂ ਸਾਰੇ ਸ਼ਹੀਦਾਂ ਨੂੰ ਸਮਰਪਣ ਕੀਤਾ ਗਿਆ ਜਿਹੜੇ ਆਪਣੀ ਮਾਤਰ ਭੂਮੀ ਦੀ ਸੇਵਾ ਵਿੱਚ ਅੱਗੇ ਵਧੇ ਸਨ ਉਸ ਸਮੇਂ ਜਦ ਐਸਾ ਕਰਨ ਦਾ ਮੁੱਲ ਬਹੁਤ ਵੱਡਾ ਸੀ। ਇਹ ਪਹਿਲੇ ਅੰਕ ਤੋਂ ਹੀ, *ਕਿਰਤੀ* ਕਾਮਿਆਂ ਦੇ ਪੱਖ ਵਿਚ ਹੀ ਕੰਮ ਕਰਦਾ ਰਿਹਾ, ਅਤੇ ਨਾਲ ਹੀ ਦੱਬੇ ਕੁਚਲੇ ਲੋਕਾਂ ਦੇ ਹਿਤ ਵਿਚ – ਭਾਰਤ ਅਤੇ ਹੋਰ ਥਾਹਾਂ ਤੇ ਵੀ।

ਸੰਤੋਖ ਸਿੰਘ, ਜੋ ਭਾਗ ਸਿੰਘ ਦੇ ਨਾਲ ਪਰਚੇ ਦਾ ਜੁਆਇੰਟ ਐਡੀਟਰ ਸੀ, ਨੇ ਪਹਿਲੇ ਅੰਕ ਲਈ ਇਕ ਲੰਮਾ ਲੇਖ ਲਿਖਿਆ, ਜਿਸ ਵਿਚ ਉਸਨੇ ਗਾਂਧੀ ਦੇ ਇਸ ਕਥਨ ਦੀ ਨੁਕਤਾਚੀਨੀ ਕੀਤੀ ਕਿ ਸੈਲਫ਼–ਰੂਲ (ਸਵੈ–ਸ਼ਾਸਨ) ਇਕ ਸਾਲ ਵਿਚ ਹੀ ਪ੍ਰਾਪਤ ਹੋ ਜਾਵੇਗਾ ਚਰਖ਼ਾ ਕੱਤਣ ਅਤੇ ਬ੍ਰਿਟੇਨ ਵਿਚ ਬਣੀਆਂ ਚੀਜ਼ਾਂ ਦੇ ਬਾਈਕਾਟ ਕਰਨ ਨਾਲ, ਇਹ ਕਹਿੰਦਿਆਂ ਕਿ ਭਾਰਤ ਨੂੰ ਆਪਣੀ ਆਜ਼ਾਦੀ ਲਈ ਓਹੀ ਮੁੱਲ ਦੇਣਾ ਪਵੇਗਾ ਜਿਹੜਾ ਹੋਰ ਕੌਮਾਂ ਨੇ ਆਪਣੀ ਆਜ਼ਾਦੀ ਲਈ ਤਾਰਿਆ ਹੈ ਅਤੇ ਭਾਰਤੀ ਲੋਕ ਸੁਤੰਤਰਤਾ ਸੰਗ੍ਰਾਮੀਆਂ ਦੀਆਂ ਸਾਰੀ ਦੁਨੀਆਂ ਵਿਚ ਕੀਤੀਆਂ ਕੁਰਬਾਨੀਆਂ ਦਾ ਜ਼ਰੂਰ ਮੁੱਲ ਪਾਉਣ ਅਤੇ ਉਹ ਦਮਨਕਾਰੀਆਂ ਦੀਆਂ ਐਨਕਾਂ ਵਿਚੋ ਦਮਨ ਹੋ ਰਹੇ ਲੋਕਾਂ ਦਾ ਦੁੱਖ ਅਤੇ ਉਹਨਾਂ ਦਾ ਸੰਘਰਸ਼ ਨਾ ਦੇਖਣ।

ਕਿਰਤੀ ਦਾ ਪ੍ਰਕਾਸ਼ਿਤ ਹੋਣਾ ਐਨਾ ਵੱਡਾ ਕਾਰਨਾਮਾ ਸੀ ਜੋ ਮਾਸਕੋ ਵਿਚ ਅਣਡਿੱਠਾ ਨਹੀਂ ਰਿਹਾ। 11 ਫ਼ਰਵਰੀ 1928 ਦੇ ਪ੍ਰਾਵਦਾ ਵਿਚ ਇਸਦੇ ਪ੍ਰਕਾਸ਼ਨ ਬਾਰੇ ਲਿਖਿਆ ਗਿਆ – "*ਪੰਜਾਬ ਤੋਂ ਚੰਗੀ ਖ਼ਬਰ। ਹੁਣ ਉਹਨਾ ਦਾ ਆਪਣਾ ਪਰਚਾ ਹੈ ਕਿਸਾਨਾਂ ਨੂੰ ਸੰਗਠਿਤ ਕਰਨ ਲਈ।* "ਲੰਡਨ ਟਾਈਮਜ਼ ਨੇ 15 ਮਈ ਨੂੰ ਪ੍ਰਾਵਦਾ ਦੀ ਖ਼ਬਰ ਹੂਬਹੂ ਦੁਹਰਾਈ। ਇਕ ਭਾਰਤੀ ਰਿਪੋਰਟ ਵਿਚ ਕਿਹਾ ਗਿਆ "*ਸੋਵੀਅਤ ਰੂਸ ਨੇ ਭੜਥੂ ਪਾਈ ਰੱਖਦੇ ਸਿੱਖਾਂ ਨਾਲ ਸੰਬੰਧ ਜੋੜ ਲਏ ਹਨ। ਇਸਦੇ ਫਲਸਰੂਪ ਇਕ ਕਿਰਤੀ ਨਾਮੀ ਪਰਚਾ ਅੰਮ੍ਰਿਤਸਰ ਤੋਂ ਨਿੱਕਲਣ ਲੱਗ ਪਿਆ ਹੈ।*"[123]

ਬ੍ਰਿਟਿਸ਼ ਸਰਕਾਰ ਨੂੰ ਇਹ ਪਰਚਾ ਬਹੁਤ ਇਤਰਾਜ਼ਯੋਗ ਲੱਗਾ ਜਿਸਦਾ ਇਕੱਲੇ ਦਾ ਜ਼ਿਕਰ ਕਈ ਰਿਪੋਰਟਾਂ ਵਿਚ ਹੋਇਆ। ਡੀ. ਪੈਟਰੀ ਨੇ ਲਿਖਿਆ "*ਸਿੱਖ ਕਮਿਉਨਿਸਟਾਂ ਦੇ ਪਰਚੇ ਦੀ ਸਥਾਪਤੀ*" ਕਾਫ਼ੀ ਸੀ ਇਹ ਪ੍ਰਗਟ ਕਰਨ ਲਈ ਕਿ "*ਮਾਸਕੋ ਦੇ ਯਤਨ, ਨਾਰਾਜ਼ ਹੋਏ ਸਿੱਖਾਂ ਵਿਚ (ਕੇਵਲ ਸਿੱਖ ਹੀ ਨਹੀਂ ਸਗੋਂ ਸਾਰੇ ਭਾਰਤੀਆਂ ਵਿਚ) ਬਾਲਸ਼ਵਿਕਵਾਦ ਦੇ ਬੀਜ ਬੀਜਣ ਵਿਚ ਪੂਰੀ ਤਰ੍ਹਾਂ ਅਸਫ਼ਲ ਨਹੀਂ ਹੋਏ।*" ਅੱਗੇ ਜਾ ਕੇ ਉਸਨੇ ਪਰਚੇ ਬਾਰੇ ਕਿਹਾ, "ਇਹ ਬੜੇ ਜ਼ੋਰ ਦਾ ਇਨਕਲਾਬੀ ਅਤੇ ਕਮਿਉਨਿਸਟ ਪਰਚਾ ਹੈ।"[124]

ਅਫ਼ਸੋਸ ਕਿ ਸੰਤੋਖ ਸਿੰਘ ਦੀ ਉਮਰ ਕਿਰਤੀ ਦਾ ਪ੍ਰਕਾਸ਼ਨ ਕਰਨ ਮਗਰੋਂ ਬਹੁਤੀ ਨਾ ਹੋਈ। ਉਸਨੇ ਬਹੁਤ ਸੰਘਰਸ਼ ਕੀਤਾ ਸੀ ਬਹੁਤ ਮਿਹਨਤ ਕੀਤੀ ਸੀ ਪੜ੍ਹਾਈ ਕਰਨ ਵਿਚ ਲਿਖਣ ਵਿਚ ਅਤੇ ਬਹੁਤ ਹੀ ਸਾਧਾਰਨ ਖ਼ੁਰਾਕ ਤੇ ਜੀਅ ਰਿਹਾ ਸੀ। ਉਹਦੀ ਸਿਹਤ ਤਾਂ ਅਫ਼ਗਾਨਿਸਤਾਨ ਤੋਂ ਭਾਰਤ ਆਉਂਦੇ ਹੀ ਰਾਹ ਵਿਚ ਖ਼ਰਾਬ ਹੋ ਗਈ ਸੀ, ਅਤੇ ਮਗਰੋਂ

ਦੁਰਵਿਵਹਾਰ ਅਤੇ ਕੈਦ ਕੱਟਣ ਨਾਲ। ਅੰਤ ਨੂੰ ਉਹ ਟੀ ਬੀ ਵਰਗੀ ਮਾਰੂ ਬੀਮਾਰੀ ਦਾ ਸ਼ਿਕਾਰ ਹੋ ਗਿਆ ਅਤੇ 19 ਮਈ 1927 ਨੂੰ ਉਸਨੇ ਅੰਤਿਮ ਸਾਹ ਲਿਆ ਜਦ ਉਹਦੀ ਬਹੁਤ ਹੀ ਛੋਟੀ ਉਮਰ ਸੀ, 35 ਸਾਲ ਦੀ ਜਵਾਨ ਉਮਰ ਸੀ।

ਉਸਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਅਤੇ ਹੋਰ ਸਾਰੇ ਹੀ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਹਿਤ ਆਪਣਾ ਜੀਵਨ ਅਰਪਨ ਕੀਤਾ ਹੋਇਆ ਸੀ। ਉਸਨੇ ਆਪਣੇ ਜੀਵਨ ਦੀਆਂ ਸਿਆਸੀ ਗਤੀਵਿਧੀਆਂ ਵਿਚ ਸਾਮਿਲ ਹੋਣ ਵੇਲੇ ਇਹ ਪ੍ਰਣ ਲਿਆ ਸੀ ਕਿ ਉਹ ਆਖ਼ਰੀ ਦਮ ਤਕ ਭਾਰਤੀ ਲੋਕਾਂ ਦੀ ਸੇਵਾ ਕਰੇਗਾ। ਉਸਨੇ ਇਹ ਪ੍ਰਣ ਪੂਰਾ ਕੀਤਾ। ਉਸਦੇ ਚਲਾਣੇ ਨਾਲ, ਭਾਰਤੀ ਲੋਕਾਂ ਨੇ ਇਕ ਮਹਾਨ ਪ੍ਰੋਲੇਤਾਰੀ ਨੇਤਾ ਨੂੰ ਗੁਆ ਲਿਆ। ਉਹ ਐਸਾ ਲੀਡਰ ਸੀ ਜੋ ਸਤਿਕਾਰ ਦਾ ਪਾਤਰ ਹੈ ਅਤੇ ਜਿਸਦੀ ਮਿਸਾਲ ਪ੍ਰੇਰਣਾ ਸਰੋਤ ਬਣਨੀ ਚਾਹੀਦੀ ਹੈ।

## ਯੁਨਾਈਟਡ ਸਟੇਟਸ ਆਫ਼ ਇੰਡੀਆ ਦਾ ਪ੍ਰਗਟ ਹੋਣਾ

ਜਦ ਕਿ *ਕਿਰਤੀ* ਫਰਵਰੀ 1926 ਵਿਚ ਪੰਜਾਬ ਵਿਚ ਜਾਰੀ ਹੋਇਆ, ਇਸੇ ਦੌਰਾਨ ਪੈਸੇ ਦੀ ਕਮੀ ਕਾਰਨ *ਇੰਡੀਪੈਂਡੈਂਟ ਹਿੰਦੁਸਤਾਨ* ਸਾਨਫ਼ਰਾਂਸਿਸਕੋ ਵਿਚ ਬੰਦ ਹੋ ਗਿਆ। ਸੰਤੋਖ ਸਿੰਘ ਅਤੇ ਰਤਨ ਸਿੰਘ ਦੇ ਮਾਸਕੋ ਚਲੇ ਜਾਣ ਮਗਰੋਂ, ਗ਼ਦਰੀ ਅਮਰੀਕਾ ਵਿਚ ਆਪਣੀਆਂ ਆਮ ਗਤੀਵਿਧੀਆਂ ਚਲਾਉਂਦੇ ਰਹੇ। ਪਰ ਉਹਨਾ ਦਾ ਕੰਮ 20 ਕੁ ਮਹੀਨਿਆਂ ਬਾਅਦ ਕੁਝ ਹੌਲੀ ਪੈ ਗਿਆ ਅਤੇ ਪੈਸੇ ਦੀ ਘਾਟ ਕਾਰਨ ਬੰਦ ਹੋਣ ਦੀ ਕੰਗਾਰ 'ਤੇ ਹੀ ਆ ਗਿਆ ਸੀ।

*ਇੰਡੀਪੈਂਡੈਂਟ ਇੰਡੀਆ* ਦੇ ਲਾਭਦਾਇਕ ਹੋਣ ਦਾ ਅਤੇ ਅੱਖੀਂ ਡਿੱਠਾ ਅਨੁਭਵ ਹੋਣ ਕਾਰਣ, ਜੋ ਗ਼ਦਰੀਆਂ ਦੇ ਪ੍ਰਾਪੇਗੰਡੇ ਦਾ ਵੱਡਾ ਹਥਿਆਰ ਸੀ, ਜਿਹੜਾ ਬ੍ਰਿਟਿਸ਼ ਸਰਕਾਰ ਦ ਦਾਅਵਿਆਂ ਨੂੰ ਝੁਠਲਾਉਂਦਾ ਸੀ ਅਤੇ ਅਮਰੀਕਨ ਲੋਕਾਂ ਦੇ ਵਿਚਾਰਾਂ ਉੱਪਰ ਚੰਗਾ ਪ੍ਰਭਾਵ ਪਾਉਂਦਾ ਸੀ, ਗ਼ਦਰੀ ਲੋਕ ਬਹੁਤ ਦੇਰ ਤਕ ਬਿਨਾ ਪਰਚੇ ਦੇ ਰਹਿਣ ਐਸਾ ਆਰਾਮ ਨਹੀਂ ਕਰ ਸਕਦੇ ਸਨ। ਇਸ ਲਈ ਸਿਰਕੱਢ ਗ਼ਦਰੀਆਂ ਨੇ ਅਤੇ ਲੀਡਰਾਂ ਨੇ ਉਸ ਵੇਲੇ ਮੇਰੀਜ਼ਵਿਲੇ, ਓਹੀਓ, ਵਿਚ ਇਕ ਮੀਟਿੰਗ ਕੀਤੀ ਅਤੇ ਇਹ ਫ਼ੈਸਲਾ ਕੀਤਾ ਕਿ ਕੇਂਦਰ ਨੂੰ ਮੁੜ-ਜੀਵਿਤ ਕੀਤਾ ਜਾਵੇ ਅਤੇ ਲੱਕੜੀ ਦੇ ਕਾਰਖ਼ਾਨਿਆਂ ਅਤੇ ਖੇਤਾਂ 'ਚ ਕੰਮ ਕਰਦੇ ਕਿਰਤੀਆਂ ਤੋਂ ਪੈਸਾ ਇਕੱਠਾ ਕੀਤਾ ਜਾਵੇ। ਥੋੜ੍ਹੇ ਸਮੇਂ ਵਿਚ ਹੀ, ਉਹਨਾਂ ਨੇ ਕਾਫ਼ੀ ਪੈਸਾ ਇਕੱਠਾ ਕਰ ਲਿਆ ਅਤੇ ਇਕ ਨਵਾਂ ਪਰਚਾ ਜਾਰੀ ਕੀਤਾ, *ਯੁਨਾਈਟਿਡ ਸਟੇਟਸ ਆਫ਼ ਇੰਡੀਆ (ਯੂ ਐਸ ਆਈ)* ਜਿਸਦਾ ਪਹਿਲਾ ਅੰਕ ਪ੍ਰੈਸ ਵਿਚੋਂ ਜੁਲਾਈ 1923 ਵਿਚ ਆਇਆ। ਪੇਪਰ ਨੇ ਇਹ ਐਲਾਨ ਕੀਤਾ ਕਿ ਇਸਦਾ ਮੰਤਵ ਹੈ ਭਾਰਤ ਵਿਚ ਐਸੀ ਸਰਕਾਰ ਸਥਾਪਿਤ ਕਰਨਾ ਜੈਸੀ ਅਮਰੀਕਾ ਵਿਚ ਹੈ, ਜਿਸ ਵਿਚ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣ ਜੋ ਭਾਰਤੀ ਹਾਲਾਤ ਦੇ ਅਨੁਕੂਲ ਹੋਣ। ਇਸ ਪਰਚੇ ਦਾ ਜਾਰੀ ਹੋਣਾ ਅਤੇ ਰੂਸੀ ਇਨਕਲਾਬ ਦੀ ਅੰਦਰੂਨੀ ਪ੍ਰਤੀਕਿਰਿਆਵਾਦੀਆਂ ਅਤੇ ਉਹਨਾਂ ਨਾਲ ਜੁੜੀਆਂ ਸਾਮਰਾਜੀ ਸ਼ਕਤੀਆਂ ਵਿਰੁੱਧ ਜੇਤੂ ਮਾਰਚ ਨਾਲ ਨਾਲ ਹੀ ਵਾਪਰੇ, ਜਿਹਨਾਂ ਨੇ ਅਕਤੂਬਰ ਇਨਕਲਾਬ ਦਾ ਉਸਦੇ ਜਨਮ ਸਮੇਂ ਹੀ ਗਲ ਘੁੱਟ ਦੇਣ ਦੀ ਠਾਣੀ ਹੋਈ ਸੀ। *ਯੂ ਐਸ ਆਈ* ਨੇ ਆਪਣੇ ਉਦਘਾਟਨੀ ਅੰਕ ਵਿਚ ਹੀ ਰੂਸ ਤੋਂ ਆਈ ਇਸ ਖ਼ੁਸ਼ਖ਼ਬਰੀ ਨੂੰ ਪੂਰੇ ਵੇਰਵੇ ਸਹਿਤ ਪ੍ਰਕਾਸ਼ਿਤ ਕੀਤਾ ਸੀ। ਆਪਣੀ ਹੋਂਦ ਦੇ ਸਾਰੇ ਹੀ ਪੰਜ ਸਾਲਾਂ ਦੌਰਾਨ, ਪਰਚੇ ਨੇ ਆਪਣਾ ਰੂਸ ਪੱਖੀ ਰੁਖ਼ ਅਤੇ ਹਮਦਰਦੀ ਪੂਰੀ ਤਰ੍ਹਾਂ ਸਪੱਸ਼ਟ

ਕੀਤੀ। ਜੂਨ/ਜੁਲਾਈ 1928 ਵਿਚ ਇਸਦਾ ਪ੍ਰਕਾਸ਼ਨ ਬੰਦ ਹੋ ਗਿਆ।

ਆਪਣੀ ਹੋਂਦ ਦੌਰਾਨ, ਯੂ ਐਸ ਆਈ ਨੇ ਸਾਮਰਾਜ ਵਿਰੋਧੀ ਲਹਿਰਾਂ ਨੂੰ ਪੂਰੀ ਹਿਮਾਇਤ ਦੇਣ ਵਿਚ ਵੱਡੀ ਭੂਮਿਕਾ ਨਿਭਾਈ, ਅਤੇ ਬ੍ਰਿਟਿਸ਼ ਸਰਕਾਰ ਅਤੇ ਇਸ ਦੇ ਏਜੰਟਾਂ ਦੇ ਝੂਠ ਦਾ ਖੰਡਨ ਕੀਤਾ, ਉਹਨਾਂ ਦੇ ਦਮਨ ਚੱਕਰ, ਸ਼ੋਸ਼ਣ ਅਤੇ ਕੁਚਲੂ ਨੀਤੀ ਨੂੰ ਚੰਗੀ ਤਰ੍ਹਾਂ ਨੰਗਾ ਕੀਤਾ, ਬ੍ਰਿਟਿਸ਼ ਕੰਜ਼ਰਵੇਟਿਵ ਅਤੇ ਲੇਬਰ ਸਰਕਾਰਾਂ ਦੇ ਸਾਮਰਾਜੀ ਆਚਰਨ ਅਤੇ ਭਾਰਤ ਅਤੇ ਹੋਰ ਥਾਵਾਂ 'ਤੇ ਅਪਨਾਈਆਂ ਨੀਤੀਆਂ ਨੂੰ ਲੋਕਾਂ ਸਾਹਮਣੇ ਉਭਾਰਿਆ, ਭਾਰਤੀਆਂ ਨੂੰ ਚੀਨ ਦੀ ਆਜ਼ਾਦੀ ਦੀ ਲਹਿਰ ਬਾਰੇ ਜਾਣਕਾਰੀ ਦਿੱਤੀ ਅਤੇ ਭਾਰਤ ਚੀਨ, ਆਇਰਲੈਂਡ, ਮਿਸਰ, ਆਦਿ, ਦੇਸਾਂ ਦੇ ਸੁਤੰਤਰਤਾ ਸੰਗ੍ਰਾਮ ਵਿਚ ਏਕੇ ਦਾ ਪ੍ਰਚਾਰ ਕੀਤਾ ਜਿਸ ਵਿਚ ਬ੍ਰਿਟਿਸ਼ ਰਾਜ ਦੀਆਂ ਭਾਰਤ ਵਿਚ ਵਧੀਕੀਆਂ, ਆਰਥਿਕ, ਸਿਆਸੀ ਅਤੇ ਸਮਾਜਕ ਜੀਵਨ ਵਿਚ ਬੁਰਾਈਆਂ ਦਾ ਭਰਵਾਂ ਉਲੇਖ ਕੀਤਾ।

1924 ਵਿਚ, ਰੈਮਜ਼ੇ ਮੈਕਡਾਨਲਡ ਦੀ ਸਰਕਾਰ ਨੇ ਰਾਜ ਕਾਜ ਸੰਭਾਲਿਆ। ਕੁਝ ਭਾਰਤੀ ਲੀਡਰਾਂ ਦੇ ਭੁਲੇਖੇ ਨੂੰ, ਜੋ ਇਸਤੋਂ ਕੁਝ ਚੰਗੇ ਕੰਮਾਂ ਦੀ ਉਮੀਦ ਰੱਖਦੇ ਸਨ, ਦੂਰ ਕਰਦਿਆਂ ਲੇਬਰ ਸਰਕਾਰ ਨੇ ਐਲਾਨ ਕੀਤਾ ਕਿ ਇਸਦੀ ਭਾਰਤ ਵੱਲ ਦੀ ਨੀਤੀ, ਅਤੇ ਇਸੇ ਤਰ੍ਹਾਂ ਹੋਰ ਦਬਾਏ ਹੋਏ ਲੋਕਾਂ ਪ੍ਰਤੀ, ਪਿਛਲੀ ਟੋਰੀ ਸਰਕਾਰ ਵਰਗੀ ਹੀ ਰਹੇਗੀ। ਇਕ ਹੜਤਾਲ ਜੋ 150,000 ਕਿਰਤੀਆਂ ਨੇ ਬੰਬਈ ਵਿਚ ਕੀਤੀ ਸੀ ਬੁਰੀ ਤਰ੍ਹਾਂ ਨਾਲ ਕੁਚਲ ਦਿੱਤੀ ਗਈ, ਜਿਸ ਵਿਚ ਕਈ ਹਜ਼ਾਰ ਕਿਰਤੀਆਂ ਦਾ ਬੇਰਹਿਮੀ ਨਾਲ ਖ਼ੂਨ ਕੀਤਾ ਗਿਆ। ਬਹੁਤ ਸਾਰੇ ਲੀਡਰ ਗ੍ਰਿਫ਼ਤਾਰ ਕਰ ਲਏ ਗਏ ਅਤੇ ਕੰਗਰੂ ਅਦਾਲਤਾਂ ਸਾਹਵੇਂ ਪੇਸ਼ ਕੀਤੇ ਗਏ, ਘ੍ਰਿਣਿਤ ਕਾਨ੍ਹਪੁਰ ਸਾਜ਼ਸ ਕੇਸ ਵਿਚ, ਉਹਨਾਂ ਤੇ ਦੋਸ਼ ਸੀ ਕਿ ਉਹਨਾਂ ਨੇ ਇੰਗਲੈਂਡ ਦੇ ਸ਼ਾਹਿਨਸ਼ਾਹ ਸਲਾਮਤ ਨੂੰ ਭਾਰਤ ਉੱਪਰ ਰਾਜ ਕਰਨ ਤੋਂ ਵਾਂਝਿਆ ਕਰਨ ਦਾ ਯਤਨ ਕੀਤਾ ਸੀ।

ਆਪਣੇ ਅਪ੍ਰੈਲ 1924 ਦੇ ਅੰਕ ਵਿਚ, ਯੂ ਐਸ ਆਈ ਨੇ ਐਮ ਐਨ ਰਾਏ ਦੁਆਰਾ ਲਿਖਿਆ ਲੰਮਾ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿਚ ਉਸਨੇ ਲੇਬਰ ਸਰਕਾਰ ਦੀਆਂ ਬ੍ਰਿਟਿਸ਼ ਬੁਰਜੁਆ ਦੀ ਹਿਮਾਇਤ ਪ੍ਰਾਪਤ ਕਰਨ ਲਈ ਗੰਦਾ ਕੰਮ ਕਰਨ 'ਤੇ ਧੱਜੀਆਂ ਉੜਾਈਆਂ।

ਜੋ ਵੀ ਕੋਈ ਯੂ ਐਸ ਆਈ ਪੜ੍ਹਦਾ ਸੀ ਕਦੇ ਇਹ ਦੇਖਣ ਤੋਂ ਨਹੀਂ ਰਹਿ ਸਕਿਆ ਹੋਵੇਗਾ ਕਿ ਇਕ ਪਾਸੇ ਤਾਂ ਦਰਦਨਾਕ ਸਾਮਰਾਜੀ ਨੀਤੀ ਸੀ ਬਸਤੀਆਂ ਦੇ ਲੋਕਾਂ ਪ੍ਰਤੀ ਅਤੇ ਦੂਸਰੇ ਪਾਸੇ, ਉਹ ਨੀਤੀ ਜੋ ਬੋਲਸ਼ਵਿਕ ਸਰਕਾਰ ਅਪਣਾ ਰਹੀ ਸੀ।

## ਫ਼ਿਰਕੂ ਫ਼ਸਾਦ

ਭਾਰਤ ਵਿਚ ਫ਼ਿਰਕੂ ਫ਼ਸਾਦ ਬ੍ਰਿਟਿਸ਼ ਹਾਕਮਾਂ ਵੱਲੋ ਉਕਸਾਏ ਗਏ ਸਨ ਤਾਂ ਜੋ ਭਾਰਤੀਆਂ ਨੂੰ ਵੰਡੀ ਰਖਿਆ ਜਾਵੇ, ਅਤੇ ਉਹਨਾਂ ਦਾ ਰਾਜ ਚੱਲਦਾ ਰਹੇ, ਅਤੇ ਇਹਨਾਂ ਫ਼ਸਾਦਾਂ ਦਾ ਬਹਾਨਾ ਕਰ ਕੇ ਉਹ ਆਪਣੇ ਰਾਜ ਨੂੰ ਚਲਾਈ ਜਾਣਾ ਵਾਜਬ ਕਰਾਰ ਦਿੰਦੇ ਸਨ, ਅਤੇ ਸੰਸਾਰ ਸਾਹਵੇਂ ਐਲਾਨ ਕਰਦੇ ਸਨ ਕਿ ਭਾਰਤੀ ਲੋਕ ਆਪਣਾ ਰਾਜ ਚਲਾਉਣ ਦੇ ਯੋਗ ਨਹੀਂ ਹਨ ਅਤੇ ਬ੍ਰਿਟਿਸ਼ ਰਾਜ ਦੇ ਬਿਨਾ, ਭਾਰਤ ਵਿਚ ਪੂਰੀ ਤਰ੍ਹਾਂ ਬੇਅਮਨੀ, ਦਹਿਸ਼ਤ ਗਰਦੀ ਹੋ ਜਾਵੇਗੀ ਅਤੇ ਘਟ ਗਿਣਤੀ ਮੁਸਲਮਾਨਾਂ ਦੀ ਸੁਰਿਖਆ ਖ਼ਤਰੇ ਵਿਚ ਪੈ ਜਾਵੇਗੀ। *ਯੂ ਐਸ ਆਈ* ਨੇ ਐਸੇ ਹਥਕੰਡਿਆਂ ਨੂੰ ਨੰਗੇ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਜਿਹਨਾਂ ਦਾ ਇਕੋ ਇਕ

ਮੰਤਵ ਸੀ ਭਾਰਤੀ ਕੌਮੀਅਤ ਨੂੰ ਅਤੇ ਆਜ਼ਾਦੀ ਦੀ ਲੜਾਈ ਨੂੰ ਕਮਜ਼ੋਰ ਕਰਨਾ ਅਤੇ ਇਸਦੇ ਨਾਲ ਹੀ ਬੋਲਸ਼ਵਿਕ ਪ੍ਰਭਾਵ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਫੈਲਣ ਤੋਂ ਰੋਕਣਾ।

*ਆਇਰਿਸ਼ ਵਰਲ਼ਡ*, ਜਿਹੜਾ ਫਿਲਾਡੈਲਫ਼ੀਆ ਤੋਂ ਪ੍ਰਕਾਸ਼ਿਤ ਹੁੰਦਾ ਸੀ, ਨੇ ਇਹ ਵਿਸਤ੍ਰਿਤ ਟਾਕਰਾ ਕੀਤਾ ਭਾਰਤ ਅਤੇ ਆਇਰਲੈਂਡ ਵਿਚਕਾਰ, ਜਿੱਥੇ ਇਕੋ ਜਿਹੇ ਵੰਡੋ ਅਤੇ ਰਾਜ ਕਰੋ ਦੇ ਘ੍ਰਿਣਿਤ ਢੰਗ ਅਪਨਾਏ ਗਏ ਸਨ –

*"ਲਾਰਡ ਓਲੀਵਰ, ਜਦ ਉਹ ਭਾਰਤੀ ਹਾਲਤ ਬਾਰੇ ਲੰਡਨ ਟਾਈਮਜ਼ ਵਿਚ ਅਗਲੇ ਦਿਨ ਲਿਖ ਰਿਹਾ ਸੀ, ਤਾਂ ਮੈਨੂੰ ਇਹ ਵੱਡੀ ਬਿੱਲੀ ਥੈਲੇ ਵਿਚੋਂ ਕੱਢਣ ਦਿਓ। ਉਸਨੇ ਮੰਨਿਆ ਸੀ ਕਿ ਭਾਰਤ ਵਿਚ ਬ੍ਰਿਟਿਸ਼ ਨੌਕਰਸ਼ਾਹੀ ਸਪਸ਼ਟ ਤੌਰ 'ਤੇ ਹਿੰਦੂਆ ਦੇ ਵਿਰੁੱਧ ਮੁਸਲਮਾਨਾਂ ਦਾ ਪੱਖ ਪੂਰਦੀ ਸੀ। ਹਰ ਇਕ ਨੂੰ ਇਸ ਤੱਥ ਦਾ ਪਤਾ ਸੀ ਪਰ ਇਹ ਚੰਗਾ ਹੈ ਕਿ ਇਹ ਇਕ ਬ੍ਰਿਟਿਸ਼ ਦੇ ਮੂੰਹੋਂ ਮੰਨਿਆ ਗਿਆ ਸੁਣਿਆ ਜਾਵੇ, ਜੋ ਸਾਬਕਾ ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ ਸੀ। ਇਹ ਜੋ ਕੁਝ ਆਇਰਲੈਂਡ ਵਿਚ ਵਾਪਰਿਆ ਉਸੇ ਦਾ ਦੁਹਰਾਓ ਹੈ। ਭਾਰਤ ਦੇ ਮੁਸਲਮਾਨ, ਆਇਰਲੈਂਡ ਦੇ ਪ੍ਰੋਟੈਸਟੈਂਟਾਂ ਵਾਂਗ ਘਟਗਿਣਤੀ ਹਨ। ਬ੍ਰਿਟਿਸ਼ ਮੁਸਲਮਾਨਾਂ ਨੂੰ ਪਿਆਰ ਕਰਦੇ ਹਨ, ਉਹਨਾਂ ਵਾਸਤੇ ਨਹੀਂ ਸਗੋਂ ਇਸ ਲਈ ਕਿ ਉਹਨਾਂ ਦਾ ਹਿੰਦੂ ਬਹੁਗਿਣਤੀ ਉੱਪਰ ਕਾਠੀ ਪਾਈ ਰੱਖਣ ਲਈ ਇਸਤੇਮਾਲ ਕੀਤਾ ਜਾਵੇ ਜਦ ਕਿ ਦੋਵੇਂ ਹਿੰਦੂ ਅਤੇ ਮੁਸਲਮਾਨ ਲੁੱਟੇ ਜਾ ਰਹੇ ਸਨ। ਇਹੋ ਕੁਝ ਆਇਰਲੈਂਡ ਵਿਚ ਵਾਪਰ ਰਿਹਾ ਹੈ। ਓਰੇਂਜ ਦੀ ਘੱਟ ਗਿਣਤੀ ਸਾਰੀ ਕੌਮ ਨੂੰ ਕਮਜ਼ੋਰ ਕਰਨ ਲਈ ਵਰਤੀ ਜਾ ਰਹੀ ਹੈ ਤਾਂ ਜੋ ਬ੍ਰਿਟਿਸ਼ ਸੋਸ਼ਣ ਨੂੰ ਬਰਦਾਸ਼ਤ ਕਰੀ ਜਾਵੇ।"*

ਆਪਣੀ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਆਇਰਿਸ਼ ਵਰਲਡ ਨੇ ਲਿਖਿਆ –

*"ਅਸੀਂ ਹੁਣ ਸਮਝ ਸਕਦੇ ਹਾਂ ਕਿ ਐਨੇ ਸਾਰੇ ਵੱਡੇ ਸ਼ਹਿਰਾਂ ਵਿਚ ਫ਼ਿਰਕੂ ਫ਼ਸਾਦ ਕਿਉਂ ਹੁੰਦੇ ਹਨ ਅਤੇ ਕਿਉਂ ਭਾਰਤੀ ਪੁਲਿਸ ਫ਼ਸਾਦੀ ਭੀੜਾਂ ਦੇ ਉੱਪਰ ਗੋਲੀ ਚਲਾਉਂਦੀ ਹੈ। ਸਮਾਂ ਆਏਗਾ ਜਦ ਸਾਨੂੰ ਪਤਾ ਲੱਗ ਜਾਵੇ ਗਾ ਇਹ ਬ੍ਰਿਟਿਸ਼ ਹੀ ਸਨ ਜੋ ਦੰਗਾਈਆਂ ਦੀ ਸਹਾਇਤਾ ਕਰਦੇ ਸਨ (ਜਿਵੇਂ ਆਇਰਲੈਂਡ ਵਿਚ), ਉਹ ਉਹਨਾਂ ਨੂੰ ਪੈਸੇ ਦਿੰਦੇ ਸਨ ਜਿਹੜੇ ਹਿੰਦੂ ਮੰਦਰਾਂ ਦੀ ਅੱਜ ਬੇਅਦਬੀ ਕਰਦੇ ਸਨ ਅਤੇ ਅਗਲੇ ਦਿਨ ਕਿਸੇ ਮਸੀਤ ਦੀ ਬੇਅਦਬੀ ਕਰ ਦਿੰਦੇ ਸਨ ਤਾਂ ਜੋ ਫ਼ਿਰਕਾ ਪ੍ਰਸਤੀ ਦੀ ਅੱਗ ਭੜਕ ਉੱਠੇ ਅਤੇ ਦੋਵਾਂ ਧਰਮਾਂ ਦੇ ਮੰਨਣ ਵਾਲਿਆ ਵਿਚ ਜਨੂੰਨ ਜਾਗ ਉੱਠੇ। ਜਦ ਇਹ ਟੀਚਾ ਪ੍ਰਾਪਤ ਹੋ ਗਿਆ, ਤਾਂ ਵਿਉਂਤਬੰਦੀ ਦੁਆਰਾ ਭੜਕਾਈ ਅੱਗ ਭਾਂਬੜ ਬਣ ਉੱਠੇ ਅਤੇ ਬ੍ਰਿਟਿਸ਼ ਪੁਲਿਸ ਸਾਰੇ ਸ਼ਹਿਰ ਨੂੰ ਫ਼ਸਾਦ ਵਿਚ ਧੱਕ ਦੇਵੇ। ਇਹ ਬਹੁਤ ਹੀ ਭਿਆਨਕ ਤਸਵੀਰ ਹੈ, ਪਰ ਸੱਚੀ ਹੈ।"* [125]

ਬ੍ਰਿਟਿਸ਼ ਦੇ ਕੋਲ ਬਹੁਤ ਵੱਡੇ ਸਾਧਨ ਸਨ ਇਸ ਪ੍ਰਕਾਰ ਫਿਰਕਾਪ੍ਰਸਤੀ ਅਤੇ ਧਾਰਮਿਕ ਕੱਟੜਤਾ ਦੀ ਅੱਗ ਲਾਉਣ ਅਤੇ ਭੜਕਾਉਣ ਵਾਸਤੇ ਵਰਤਣ ਲਈ, ਜਿਸ ਪ੍ਰਾਕਾਰ ਉਹ ਮਾਨ ਸਨਮਾਨ ਅਤੇ ਖ਼ਿਤਾਬ ਪ੍ਰਦਾਨ ਕਰਦੇ ਸਨ, ਅਖ਼ਬਾਰਾਂ ਨੂੰ ਪੈਸਾ ਦਿੰਦੇ ਸਨ ਅਤੇ ਹਰ ਜਾਗੀਰਦਾਰੀ ਤੱਤ ਵਿਚੋਂ ਨੀਚਪੁਣੇ ਨੂੰ ਉਭਾਰਦੇ ਸਨ, ਖੁੱਲੇ ਗੱਫੇ ਦਿੰਦੇ ਸਨ।

ਇਹੇ ਸਾਰੇ ਹੀ ਗੰਦੇ ਕੰਮ ਸਫ਼ਲ ਨਾ ਹੋਏ, ਨਾ ਤਾਂ ਆਜ਼ਾਦੀ ਦੀ ਲੋਕ-ਲਹਿਰ ਨੂੰ ਡੱਕਣ ਲਈ ਅਤੇ ਨਾ ਹੀ ਸੋਵੀਅਤ ਰੂਸ ਅਤੇ ਭਾਰਤੀ ਇਨਕਲਾਬੀਆਂ ਵਿਚਕਾਰ ਗੂੜ੍ਹੇ ਸੰਬੰਧਾਂ ਨੂੰ ਤੋੜਨ ਲਈ।

ਸੋਵੀਅਤ ਰੂਸ ਆਪਣੇ ਵੱਲ ਸਾਰੀ ਦੁਨੀਆਂ ਵਿਚੋਂ ਹੀ ਇਨਕਲਾਬੀਆਂ ਅਤੇ

ਅਗਾਂਹਵਧੂਆਂ ਨੂੰ ਖਿੱਚ ਪਾਉਂਦਾ ਸੀ, ਜਿਹੜੇ ਉੱਥੇ ਜਾਂਦੇ ਸਨ ਇਸਨੂੰ ਇਨਕਲਾਬੀ ਤੀਰਥ ਸਮਝਕੇ ਅਤੇ ਸਿਖਿਆ ਦਾ ਕੇਂਦਰ ਸਮਝ ਕੇ। ਸੋਵੀਅਤ ਰਿਪਬਲਿਕ ਦੀ ਸਾਰੀ ਹੋਂਦ ਹੀ ਸਾਮਰਾਜੀਆਂ ਲਈ ਵੱਡਾ ਖ਼ਤਰਾ ਲੱਗਣ ਲੱਗ ਪਿਆ ਸੀ, ਵਿਸ਼ੇਸ਼ ਕਰ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਲਈ, ਜਿਹੜਾ ਇਕ ਬਹੁਤ ਵੱਡੀ ਸ਼ਾਹਿਨਸ਼ਾਹਤ ਹੇਠਲੀਆਂ ਬਸਤੀਆਂ ਉਪਰ ਸਾਮਰਾਜੀ ਹਕੂਮਤ ਕਰ ਰਿਹਾ ਸੀ। ਅਤੇ ਇਸ ਦੂਰ ਦੂਰ ਤਕ ਫੈਲੀ ਸ਼ਹਿਨਸ਼ਾਹਿਤ, ਭਾਵ ਭਾਰਤ, ਜਿਸਦੇ ਬਹੁਤ ਵੱਡੇ ਪਦਾਰਥਕ ਅਤੇ ਮਨੁੱਖੀ ਸਰੋਤ ਸਨ, ਉਸਦੀ ਸਭ ਤੋਂ ਵੱਡੀ ਤਾਕਤ ਸੀ, ਖ਼ੁਸ਼ਹਾਲੀ ਸੀ। ਇਹ ਅਕਾਰਣ ਹੀ ਨਹੀਂ ਸੀ ਕਿ ਉਹ ਨਹੀਂ ਚਾਹੁੰਦੇ ਸਨ ਕਿ ਭਾਰਤੀ ਲੋਕ ਬੋਲਸ਼ਵਿਕ ਬੀਮਾਰੀ ਲੱਗਣ ਨਾਲ ਬੀਮਾਰ ਹੋ ਜਾਣ ਅਤੇ ਹਰ ਢੰਗ ਨਾਲ ਇਸਦਾ ਬਚਾਉ ਕਰ ਰਹੇ ਸਨ। ਉਹਨਾਂ ਨੂੰ ਤਾਂ ਭਾਜੜ ਪੈ ਜਾਂਦੀ ਸੀ ਇਹ ਸੋਚ ਕੇ ਕਿ ਬੋਲਸ਼ਵਿਕੀ ਭਾਰਤ ਵਿਚ ਇਨਕਲਾਬ ਲਿਆਉਣ ਵਿਚ ਇਨਕਲਾਬ ਦੀ ਹਿਮਾਇਤ ਕਰਾਂਗੇ, ਉਹਨਾਂ ਦੀ ਖ਼ੁਸ਼ਹਾਲੀ ਨੂੰ ਠੇਸ ਲਾਉਣਗੇ ਅਤੇ ਇੰਗਲੈਂਡ ਨੂੰ ਵੀ ਕਮਿਊਨਿਸਟ ਬਣਾਉਣ ਲਈ ਉਪਜਾਊ ਜ਼ਮੀਨ ਤਿਆਰ ਕਰ ਲੈਣਗੇ।

*"ਇਹ ਕਿ ਬੋਲਸ਼ਵਿਕ ਸਰਕਾਰ ਪੂਰੀ ਤਰ੍ਹਾਂ ਆਸ਼ਾਵਾਦੀ ਹੈ ਕਿ ਭਾਰਤ ਵਿਚ ਇਨਕਲਾਬ ਲਿਆਂਦਾ ਜਾਵੇ ਜਿਹੜਾ ਬ੍ਰਿਟਿਸ਼ ਸ਼ਾਹਿਨਸ਼ਾਹਤ ਨੂੰ ਤੋੜਨ ਦਾ ਆਖਰੀ ਹਥਿਆਰ ਸਿੱਧ ਹੋਵੇ, ਇਹ ਪੂਰੀ ਤਰ੍ਹਾਂ ਮੇਰੇ ਵਿਚਾਰ ਵਿਚ ਸਿੱਧ ਹੋ ਗਿਆ ਹੈ ਅਤੇ ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਹੈ ਕਿਸੇ ਵੀ ਸੋਚਵਾਨ ਵਾਸਤੇ ਕਿ ਬੋਲਸ਼ਵਿਕ ਬੁਲਾਰੇ ਅਤੇ ਲੇਖਕਾਂ ਨੇ ਆਪਣੀ ਇੱਛਾ ਦਾ ਖੁੱਲਮ ਖੁੱਲ੍ਹਾ ਐਲਾਨ ਕਰ ਦਿੱਤਾ ਹੈ ਸਾਰੀ ਦੁਨੀਆ ਵਿਚ।*[126]

ਪਰ ਆਪਣੇ ਸਾਰੇ ਯਤਨਾਂ ਦੇ ਬਾਵਜੂਦ, ਬ੍ਰਿਟਿਸ਼ ਸਰਕਾਰ ਦ੍ਰਿੜ੍ਹ ਵਿਸ਼ਵਾਸੀ ਇਨਕਿਲਾਬੀਆਂ ਨੂੰ ਮਾਸਕੋ ਪੁੱਜਣ ਤੋਂ ਰੋਕ ਨਾ ਸਕੀ – ਜੋ ਪ੍ਰੋਲੇਤਾਰੀ ਇਨਕਲਾਬ ਅਤੇ ਸਾਮਰਾਜ ਵਿਰੋਧੀ ਆਜ਼ਾਦੀ ਦੀ ਕੌਮੀ ਜੰਗ ਦੀ ਰਾਜਧਾਨੀ ਸੀ। ਇਸੇ ਲਈ, ਅਮਰੀਕਾ ਦੀ ਕਮਿਊਨਿਸਟ ਪਾਰਟੀ ਦੀ ਸਹਾਇਤਾ ਨਾਲ, ਪੰਜ ਗ਼ਦਰੀਆਂ ਦਾ ਇਕ ਟੋਲਾ, ਸਮੇਤ ਹਰਜਾਪ ਸਿੰਘ ਅਤੇ ਪ੍ਰੇਮ ਸਿੰਘ ਗਿੱਲ ਦੇ,[127] ਇਕ ਫ਼ਰਾਂਸਿਸੀ ਜਹਾਜ਼ ਵਿਚ ਜੋ ਰੂਸ ਜਾ ਰਿਹਾ ਸੀ, ਜਨਵਰੀ 1925 ਵਿਚ ਚੜ੍ਹਿਆ ਅਤੇ 1925 ਦੇ ਸ਼ੁਰੂ ਵਿਚ ਉੱਥੇ ਪਹੁੰਚ ਗਿਆ।

## ਬਰਕਤ ਉੱਲ੍ਹਾ

ਇਸ ਪੜਾਅ ਤੇ ਆਪਾਂ ਨੂੰ ਥੋੜ੍ਹਾ ਹਟ ਕੇ ਇਕ ਬਹੁਤ ਪ੍ਰਸਿੱਧ ਗ਼ਦਰੀ ਇਨਕਲਾਬੀ ਬਾਰੇ ਕੁਝ ਸ਼ਬਦ ਕਹਿਣੇ ਬਣਦੇ ਹਨ, ਬਰਕਤ ਉੱਲ੍ਹਾ ਦੇ ਬਾਰੇ। ਉਹ ਅਫ਼ਗਾਨਿਸਤਾਨ ਵਿਚ ਦੀ ਹੁੰਦਾ ਹੋਇਆ ਰੂਸ ਪੁੱਜਾ ਸੀ 1919 ਦੀ ਬਹਾਰ ਵਿਚ। ਉਹ 7 ਮਈ 1919 ਨੂੰ ਲੈਨਿਨ ਨੂੰ ਮਿਲਿਆ ਸੀ, ਜਿਸ ਉੱਪਰ ਉਸਨੇ ਬਹੁਤ ਚੰਗਾ ਪ੍ਰਭਾਵ ਪਾਇਆ ਸੀ। ਬਰਕਤ ਉੱਲ੍ਹਾ ਭਾਵੇਂ ਕਮਿਊਨਿਸਟ ਨਹੀਂ ਸੀ, ਉਹ ਪੱਕਾ ਸਾਮਰਾਜ ਵਿਰੋਧੀ ਸੀ ਅਤੇ ਅਕਤੂਬਰ ਇਨਕਲਾਬ ਦੀ ਸਫ਼ਲਤਾ ਵਾਸਤੇ ਉਹ ਤਕੜਾ ਮੁਜਾਹਦ ਸੀ – ਉਹ ਕਿਤਾਬਚਿਆਂ, ਇਸ਼ਤਿਹਾਰਾਂ ਅਤੇ ਧੂਆਂਧਾਰ ਭਾਸ਼ਣਾਂ ਦੁਆਰਾ ਇਨਕਲਾਬ ਦੀ ਅਤੇ ਇਨਕਲਾਬ ਪਿੱਛੇ ਜੋ ਮਨਸ਼ਾ ਸੀ ਉਸਦੀ ਹਿਮਾਇਤ ਕਰਦਾ ਸੀ।

ਪੈਡਰੋਗ੍ਰੈਡ '*ਪ੍ਰਾਵਦਾ*' ਨਾਲ ਇਕ ਗੱਲ ਬਾਤ ਵਿਚ ਉਸ ਨੇ ਇਹ ਕੁਝ ਕਿਹਾ ਸੀ

ਇਨਕਲਾਬੀ ਰੂਸ ਬਾਰੇ –

*"ਮੈਂ ਕਮਿਉਨਿਸਟ ਨਹੀਂ ਹਾਂ ਨਾ ਹੀ ਸਮਾਜਵਾਦੀ ਪਰ ਇਸ ਵੇਲੇ ਮੇਰਾ ਸਿਆਸੀ ਪ੍ਰੋਗਰਾਮ ਏਸ਼ੀਆ ਵਿਚੋਂ ਅੰਗ੍ਰੇਜ਼ਾਂ ਨੂੰ ਕੱਢਣ ਦਾ ਹੈ। ਮੈਂ ਯੂਰਪੀਨ ਪੂੰਜੀ ਦੇ ਏਸ਼ੀਆ ਵਿਚ ਲਾਉਣ ਦਾ ਪੱਕਾ ਦੁਸ਼ਮਣ ਹਾਂ ਜਿਸ ਦਾ ਮੁੱਖ ਪ੍ਰਤੀਨਿਧੀ ਅੰਗ੍ਰੇਜ਼ ਹੈ। ਇਸ ਮਾਮਲੇ ਵਿਚ ਮੈਂ ਕਮਿਉਨਿਸਟਾਂ ਨਾਲ ਸਹਿਮਤ ਹਾਂ ਅਤੇ ਇਸ ਸੰਬੰਧ ਵਿਚ ਅਸੀਂ ਅਸਲੀ ਇਤਹਾਦੀ ਹਾਂ।"*

ਬੋਲਸ਼ਵਿਕ ਪ੍ਰੋਗਰਾਮ ਦਾ, ਕੌਮਾਂ ਦੁਆਰਾ ਆਤਮ ਨਿਰਣੇ 'ਤੇ ਵਿਸ਼ੇਸ਼ ਤੌਰ 'ਤੇ ਵਰਣਨ ਕਰਦਿਆਂ, ਉਸਨੇ ਅੱਗੇ ਕਿਹਾ –

*"ਮੈਂ ਤਾਂ ਇਕੋ ਗੱਲ ਜਾਣਦਾ ਹਾਂ– ਕਿ ਰੂਸ ਦੀ ਸੋਵੀਅਤ ਸਰਕਾਰ ਦੀ ਸਾਰੇ ਲੋਕਾਂ ਨੂੰ ਇਹ ਅਪੀਲ, ਕਿ ਉਹ ਪੂੰਜੀਪਤੀਆਂ ਦੇ ਵਿਰੁੱਧ ਸੰਘਰਸ਼ ਕਰਨ (ਸਾਡੇ ਵਾਸਤੇ ਪੂੰਜੀਪਤੀ ਦਾ ਓਹੀ ਅਰਥ ਹੈ ਜੋ ਵਿਦੇਸ਼ੀਆਂ ਦਾ, ਹੋਰ ਵੀ ਸਹੀ, ਅੰਗ੍ਰੇਜ਼ਾਂ ਦਾ) ਦਾ ਸਾਡੇ 'ਤੇ ਬਹੁਤ ਵੱਡਾ ਪ੍ਰਭਾਵ ਪਿਆ ਹੈ। ਇਸਤੋਂ ਵੀ ਵੱਡਾ ਪ੍ਰਭਾਵ ਪਿਆ ਸੀ ਜਦ ਰੂਸ ਨੇ ਸਾਰੇ ਹੀ ਖ਼ੁਫ਼ੀਆ ਅਹਿਦਨਾਮੇ ਜੋ ਸਾਮਰਾਜੀ ਸਰਦਾਰਾਂ ਨੇ ਥੋਪੇ ਸਨ ਅਤੇ ਲੋਕਾਂ ਦੇ ਹੱਕ ਦਾ ਐਲਾਨ, ਭਾਵੇਂ ਕਿੰਨਾ ਵੀ ਨਿੱਕਾ ਹੋਵੇ ਆਤਮ–ਨਿਰਣਾ ਕਰਨ ਦਾ।*

*"ਉਸ ਕਾਰਜ ਨੇ ਏਸ਼ੀਆ ਦੇ ਸਾਰੇ ਹੀ ਸ਼ੋਸ਼ਿਤ ਲੋਕਾਂ ਅਤੇ ਪਾਰਟੀਆਂ ਨੂੰ ਸੋਵੀਅਤ ਰੂਸ ਨਾਲ ਜੋੜ ਦਿੱਤਾ ਸੀ – ਉਹ ਪਾਰਟੀਆਂ ਵੀ ਜਿਹੜੀਆਂ ਸਮਾਜਵਾਦ ਤੋਂ ਬਹੁਤ ਪਰ੍ਹੇ ਸਨ। ਇਹਨਾਂ ਕੰਮਾਂ ਨੇ ਏਸ਼ੀਅਨ ਇਨਕਲਾਬ ਨੂੰ ਨੇੜੇ ਲਿਆਉਣ ਦੀ ਭਵਿੱਖਬਾਣੀ ਕਰ ਦਿੱਤੀ।"*[128]

ਜਦ ਉਸਦੀ ਲੈਨਿਨ ਨਾਲ ਮੀਟਿੰਗ ਹੋਈ ਸੀ, ਰੂਸ ਉਸ ਵੇਲੇ ਅੰਦਰੂਨੀ ਇਨਕਲਾਬ ਵਿਰੋਧੀਆਂ (ਉਲਟ–ਇਨਕਲਾਬੀਆਂ) ਦੇ ਅਤੇ ਦਖ਼ਲ ਅੰਦਾਜ਼ੀ ਦੀ ਸਾਮਰਾਜੀ ਜੰਗ ਦੇ ਖ਼ਿਲਾਫ਼ ਮਾਰੂ ਸੰਘਰਸ਼ ਵਿਚ ਉਲਝਿਆ ਹੋਇਆ ਸੀ। ਉਸਨੇ ਮੁਸਲਮਾਨਾਂ ਨੂੰ ਹਰ ਥਾਂ, ਵਿਸ਼ੇਸ਼ ਕਰ ਸੋਵੀਅਤ ਮੁਸਲਮਾਨਾਂ ਨੂੰ ਲਾਮਬੰਦ ਕੀਤਾ ਤਾਂ ਜੋ ਉਹ ਗੋਰੇ ਰੂਸ ਦੇ ਇਨਕਲਾਬ ਵਿਰੋਧੀਆਂ ਅਤੇ ਉਹਨਾਂ ਦੇ ਸਾਮਰਾਜੀ ਹਿਮਾਇਤੀਆਂ ਨੂੰ ਹਰਾਉਣ ਲਈ ਸੋਵੀਅਤ ਰਿਪਬਲਿਕ ਦਾ ਸਾਥ ਦੇਣ।

ਉਸਦੀ ਮੁਸਲਮਾਨਾਂ ਨੂੰ ਪ੍ਰੇਰਣਾ ਭਰਪੂਰ ਅਪੀਲ ਦਾ ਮੁਸਲਮਾਨਾਂ ਨੂੰ ਸੋਵੀਅਤ ਰੂਸ ਦੀ ਹਿਮਾਇਤ ਵਿਚ ਲਾਮਬੰਦ ਕਰਨ ਵਿਚ ਬਹੁਤ ਵੱਡਾ ਪ੍ਰਭਾਵ ਪਿਆ। ਇਹ ਅਪੀਲ 15 ਮਾਰਚ 1919 ਨੂੰ ਇਸ ਪ੍ਰਕਾਰ ਲਿਖੀ ਗਈ ਸੀ –

*"ਸੰਸਾਰ ਅਤੇ ਏਸ਼ੀਅਨ ਦੇਸਾਂ ਦੇ ਮੁਸਲਮਾਨਾਂ ਲਈ ਹੁਣ ਸਮਾਂ ਆ ਗਿਆ ਹੈ ਕਿ ਉਹ ਰੂਸੀ ਸਮਾਜਵਾਦ ਦੇ ਸ੍ਰੇਸ਼ਠ ਅਸੂਲ ਸਮਝਣ ਅਤੇ ਗੰਭੀਰਤਾ ਅਤੇ ਸਰਗਰਮੀ ਨਾਲ ਅਪਨਾਉਣ। ਉਹ ਇਸ ਨਵੇਂ ਪ੍ਰਬੰਧ ਦੀ ਗਹਿਰਾਈ ਵਿਚ ਜਾਣ ਕਿ ਇਸਦੇ ਮੁੱਖ ਗੁਣ ਕੀ ਹਨ ਅਤੇ ਸੱਚੀ ਆਜ਼ਾਦੀ ਪ੍ਰਾਪਤੀ ਵਾਸਤੇ ਉਹ ਬੋਲਿਸ਼ਵਿਕ ਸਿਪਾਹੀਆਂ ਵਿਚ ਸ਼ਾਮਿਲ ਹੋ ਜਾਣ ਤਾਂ ਜੋ ਧਾੜਵੀਆਂ ਅਤੇ ਲੁਟੇਰਿਆਂ. . . .ਅੰਗ੍ਰੇਜ਼ਾਂ ਦੇ ਹਮਲੇ ਪਸਤ ਕੀਤੇ ਜਾਣ. . . ."*

ਮੁਸਲਮਾਨਾਂ ਨੂੰ ਸਿੱਧੇ ਸੰਬੋਧਿਤ ਹੁੰਦਿਆ, ਅਪੀਲ ਅੱਗੇ ਕਹਿੰਦੀ ਹੈ –

*"ਐ ਮੁਸਲਮਾਨੋ, ਇਲਾਹੀ ਪੁਕਾਰ ਨੂੰ ਸੁਣੋ। ਉਸਦੀ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਪੁਕਾਰ ਸੁਣੋ, ਜਿਹੜੀ ਸਾਥੀ ਲੈਨਿਨ ਅਤੇ ਰੂਸ ਦੀ ਸੋਵੀਅਤ ਸਰਕਾਰ ਤੁਹਾਡੇ ਕੋਲ ਕਰ ਰਹੀ ਹੈ।*

*"ਰੂਸ ਦੇ ਵਸਨੀਕ ਅਤੇ ਹੋਰ ਪੂਰਬੀ ਦੇਸਾਂ ਦੇ ਮੁਸਲਮਾਨੋ, ਅਸੀਂ ਤੁਹਾਡੇ ਕੋਲ ਇਹ ਐਲਾਨ ਕਰ ਰਹੇ ਹਾਂ ਕਿ ਖ਼ੁਫ਼ੀਆ ਅਹਿਦਨਾਮੇ. . . .ਜੋ ਗੱਦੀਓਂ ਲਾਹ ਦਿੱਤੇ ਗਏ ਸ਼ਹਿਨਸ਼ਾਰ (ਜ਼ਾਰ) ਨਾਲ ਅਤੇ ਹੋਰ ਮੁਲਕਾਂ ਨਾਲ ਕੀਤੇ ਸਨ, ਜਿਵੇਂ, ਕਸਤਨਤੋਨੀਆ 'ਤੇ ਕਬਜ਼ਾ ਅਤੇ ਅਹਿਦਨਾਮੇ ਜਿਹਨਾਂ ਦੀ ਪ੍ਰਵਾਨਗੀ ਪਲਟ ਦਿੱਤੀ ਗਈ ਕੈਰੈਨਸਕੀ ਸਰਕਾਰ ਨੇ ਦਿੱਤੀ ਸੀ, ਸਭ ਰੱਦ ਕਰ ਦਿੱਤੇ ਹਨ ਪਾੜ, ਦਿੱਤੇ ਗਏ ਹਨ। ਰੂਸੀ ਸੋਵੀਅਤ ਅਤੇ ਉਹਨਾਂ ਦੀ ਸਰਕਾਰ, ਭਾਵ, ਦੀ ਅਸੈਂਬਲੀ ਆਫ਼ ਨੈਸ਼ਨਲ ਰਿਪਰੇਜ਼ੈਂਟੇਟਿਵਜ਼, ਨੇ ਬਾਹਰਲੇ ਦੇਸਾਂ ਨੂੰ ਫ਼ਤਹਿ ਕਰਨਾ ਮਨ੍ਹਾ ਕਰ ਦਿੱਤਾ ਹੈ।*

*"ਅਸੀਂ ਇਹ ਵੀ ਐਲਾਨ ਕਰਦੇ ਹਾਂ ਕਿ ਈਰਾਨ ਦੀ ਵੰਡ ਦਾ ਅਹਿਦਨਾਮਾ ਵੀ ਫਾੜ ਦਿੱਤਾ ਗਿਆ ਹੈ, ਤਬਾਹ ਕਰ ਦਿੱਤਾ ਹੈ ਅਤੇ ਜੈਸੇ ਹੀ ਜੰਗ ਖ਼ਤਮ ਹੁੰਦੀ ਹੈ, ਰੂਸ ਦੀ ਸੋਵੀਅਤ ਸਰਕਾਰ ਈਰਾਨ ਦੀ ਧਰਤੀ ਤੋਂ ਆਪਣੀਆਂ ਫ਼ੌਜਾਂ ਵਾਪਸ ਬੁਲਾ ਲਵੇਗੀ, ਤਾਂ ਜੋ ਈਰਾਨੀ ਲੋਕ ਅਪਣੇ ਹੱਕਾਂ ਦੀ ਰਾਖੀ ਕਰ ਸਕਣ, ਅਤੇ ਆਪਣੀ ਮਰਜ਼ੀ ਦੀ ਇੱਛਾ ਦੀ ਸਰਕਾਰ ਬਣਾ ਸਕਣ।*

*"ਅਸੀਂ ਇਹ ਵੀ ਐਲਾਨ ਕਰਦੇ ਹਾਂ ਕਿ ਓਟੋਮਾਨ ਇਲਾਕਿਆਂ ਬਾਰੇ ਅਹਿਦਨਾਮਾ ਅਤੇ ਆਰਮੇਨੀਆ ਦਾ ਓਟੋਮਾਨ ਸ਼ਹਿਨਸ਼ਾਹਿਤ ਨਾਲੋਂ ਵੱਖ ਕਰਨਾ, ਵੀ ਉਸੇ ਪ੍ਰਕਾਰ ਫਾੜ ਦਿੱਤਾ ਗਿਆ ਹੈ ਤਬਾਹ ਕਰ ਦਿੱਤਾ ਗਿਆ ਹੈ। ਜੰਗ ਦੇ ਮਗਰੋਂ, ਆਰਮੀਨੀਆ ਨੂੰ ਇਹ ਅਧਿਕਾਰ ਦੇ ਦਿੱਤਾ ਜਾਵੇਗਾ ਕਿ ਆਪਣੇ ਲਈ ਆਪਣੇ ਮਨ ਭਾਉਂਦੀ ਸਰਕਾਰ ਬਣਾ ਲਵੇ।*

*'ਬਰਾਦਰਾਨ, ਤੁਸੀਂ ਰੂਸੀ ਕੌਮ ਅਤੇ ਹੁਣ ਦੀ ਸਰਕਾਰ ਤੋਂ ਪਿੱਛੇ ਨਾ ਹਟੋ। ਸਗੋਂ ਤੁਸੀ ਯੂਰਪ ਦੇ ਉਹਨਾਂ ਜੰਗਲੀ ਭੇੜੀਆਂ ਦੇ ਲਾਗੇ ਨ ਲੱਗੋ ਜਿਹੜੇ ਹੋਰ ਦੇਸਾਂ ਨੂੰ ਫ਼ਤਹਿ ਕਰਨ ਲਈ ਸਦਾ ਤਿਆਰ ਰਹਿੰਦੇ ਹਨ ਅਤੇ ਲੋਕਾਂ ਨੂੰ ਗ਼ੁਲਾਮ ਬਣਾਉਂਦੇ ਹਨ, ਜਿਹਨਾਂ ਨੇ ਤੁਹਾਡੇ ਘਰ ਘਾਟ ਖੋਹ ਲਏ ਹਨ ਅਤੇ ਆਪਣੀ ਬਸਤੀਆਂ ਬਣਾ ਲਈਆਂ ਹਨ। ਇਹ ਘ੍ਰਿਣਿਤ ਭੇੜੀਏ ਅਤੇ ਬੇਸ਼ਰਮ ਲੁਟੇਰੇ ਜਿਹੜੇ ਤੁਹਾਡੇ ਘਰ ਮੱਲੀ ਬੈਠੇ ਹਨ, ਬਾਹਰ ਕੱਢ ਦਿੱਤੇ ਜਾਣ।*

*'ਸਾਥੀਓ ਅਤੇ ਭਰਾਓ, ਅਸੀਂ ਤੁਹਾਨੂੰ ਦੱਸਦੇ ਹਾਂ ਕਿ ਅਸੀ ਸਤਿਕਾਰਯੋਗ ਅਮਨ ਸਥਾਪਿਤ ਕਰਨ ਲਈ ਤਿਆਰ ਬੈਠੇ ਹਾਂ, ਅਸੀਂ ਆਪਣੇ ਝੰਡੇ ਉੱਪਰ ਆਪਣੀ ਇੱਛਾ ਲਿਖ ਦਿੱਤੀ ਹੈ ਕਿ ਦੁਨੀਆ ਦੇ ਦਮਨ ਕੀਤੇ ਲੋਕਾਂ ਨੂੰ ਮੁਕਤੀ ਅਤੇ ਇਨਸਾਫ਼ ਦੁਆਉਣਾ ਹੈ। ਸਾਨੂੰ ਉਮੀਦ ਹੈ, ਐ ਮੁਸਲਮਾਨੋ ਜੋ ਪੂਰਬੀ ਦੇਸਾਂ ਵਿਚ ਰਹਿੰਦੇ ਹੋ, ਕਿ ਤੁਹਾਡੇ ਵਿਚੋਂ ਹਰ ਇਕ ਈਮਾਨਦਾਰੀ ਨਾਲ ਇਹ ਧਾਰਮਿਕ ਰਾਹ ਅਪਣਾਏ ਅਤੇ ਸਾਡੇ ਇਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਆਪਣੀ ਸਰਗਰਮ ਸਹਾਇਤਾ ਦੇਣ।"* [129]

ਬਰਕਤਉੱਲ੍ਹਾ ਦੀ ਅਪੀਲ, ਇਸ ਵਿਚ ਕੋਈ ਸ਼ੱਕ ਨਹੀਂ, ਨੇ ਮੁਸਲਮਾਨ ਅਵਾਮ ਨੂੰ ਲਾਮਬੰਦ ਕਰਨ ਲਈ ਅਤੇ ਸੰਗਠਿਤ ਕਰਕੇ ਸੋਵੀਅਤ ਰੂਸ ਵੱਲ ਲਿਆਉਣ ਵਿਚ ਬਹੁਤ ਹੀ ਵੱਡੀ ਅਤੇ ਸਤਿਕਾਰਯੋਗ ਭੂਮਿਕਾ ਨਿਭਾਈ, ਜਵਾਨ ਮੁਸਲਮਾਨਾਂ ਨੂੰ ਪ੍ਰੇਰਿਆ ਕਿ ਸੋਵੀਅਤ ਫ਼ੌਜ ਵਿਚ ਭਰਤੀ ਹੋਣ ਤਾਂ ਜੋ ਸਾਮਰਾਜੀਆਂ ਅਤੇ ਉਹਨਾਂ ਦੇ ਪਿੱਠੂਆਂ ਨੂੰ ਹਰਾਇਆ ਜਾ ਸਕੇ। ਉਸਨੇ ਰੂਸੀ ਰਿਪਬਲਿਕ ਦੇ ਪੂਰਬੀ ਇਲਾਕਿਆਂ ਦੇ ਕਈ ਦੌਰੇ ਕੀਤੇ ਅਤੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਜੋਸ਼ੀਲੇ ਭਾਸ਼ਣ ਦਿੱਤੇ ਲੋਕਾਂ ਵਿਚ ਜਾਗ੍ਰਤੀ ਲਿਆਂਦੀ ਕਿ ਸੋਵੀਅਤ ਸ਼ਕਤੀ ਦਾ ਸਾਥ ਦੇਕੇ ਦੁਸ਼ਮਣ ਦੀਆਂ ਫ਼ੌਜਾਂ ਨੂੰ ਬਾਹਰ ਕੱਢ ਦਿੱਤਾ ਜਾਵੇ। ਇਸਦੇ ਮਗਰੋਂ ਬਰਕਤਉੱਲ੍ਹਾ

ਸੋਵੀਅਤ ਰੂਸ ਵਿਚ ਤਿੰਨ ਸਾਲ ਰਿਹਾ ਤੇ 1922 ਵਿਚ ਉਥੋਂ ਚਲਾ ਗਿਆ।

ਗ਼ਦਰੀਆਂ ਨੇ, ਆਪਣੇ ਆਜ਼ਾਦੀ ਪ੍ਰੇਮ ਨੂੰ ਅਤੇ ਦੱਲੇ ਕੁਚਲੇ ਲੋਕਾਂ ਦੀ ਮੁਕਤੀ ਹਿਤ ਆਪਣਾ ਪ੍ਰਣ ਪੂਰਦੇ ਹੋਏ, ਅੰਤਰ-ਰਾਸ਼ਟਰਵਾਦ ਦਾ ਸਤਿਕਾਰ ਕਰਦੇ ਹੋਏ, ਨਵੀਂ ਸੋਵੀਅਤ ਰਿਪਬਲਿਕ ਦੀ ਭਰਾਵਾਂ ਵਰਗੀ ਸਹਾਇਤਾ ਕੀਤੀ ਜਦ ਉਹਨਾਂ ਨੂੰ ਇਸ ਸਹਾਇਤਾ ਦੀ ਅਤਿ ਦੀ ਲੋੜ ਸੀ। ਇਹ ਕਰਦੇ ਹੋਏ, ਉਹ ਇਨਕਲਾਬੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਰਗਰਮ ਹੋਣ ਵਾਸਤੇ ਇਕ ਸ਼ਾਨਦਾਰ ਮਿਸਾਲ ਕਾਇਮ ਕਰ ਗਏ ਹਨ।

ਗ਼ਦਰ ਪਾਰਟੀ ਨੇ ਦੁਨੀਆ ਦੇ ਬਹੁਤ ਹਿੱਸਿਆਂ ਵਿਚ ਆਪਣੀਆਂ ਬ੍ਰਾਂਚਾਂ ਸਥਾਪਿਤ ਕੀਤੀਆਂ ਸਨ। - ਅਮਰੀਕਾ -ਕੈਨੇਡਾ ਤੋਂ ਲੈਟਿਨ ਅਮਰੀਕਾ ਅਤੇ ਦੂਰ ਪੂਰਬ ਵਿਚ। ਇਹ ਬ੍ਰਾਂਚਾਂ ਭੂਗੋਲਿਕ ਪੱਖੋਂ ਉੱਤਰੀ ਅਮਰੀਕਾ ਤੋਂ ਸਿੰਘਾਪੁਰ, ਸ਼ੰਘਾਈ, ਮੈਕਸੀਕੋ, ਪਾਨਾਮਾ ਅਤੇ ਅਰਜਨਟਾਇਨਾ ਤਕ, ਹੋਰ ਥਾਵਾਂ ਦੇ ਇਲਾਵਾ, ਇਕ ਦੂਸਰੇ ਨਾਲ ਗ਼ਦਰ ਪਾਰਟੀ ਦੇ ਸਾਹਿਤ ਅਤੇ ਉਸਦੇ ਲੀਡਰਾਂ ਦੇ ਦੌਰਿਆਂ ਦੁਆਰਾ ਜੁੜੀਆਂ ਹੋਈਆਂ ਸਨ।

ਰਤਨ ਸਿੰਘ ਅਤੇ ਤੇਜਾ ਸਿੰਘ ਸਵਤੰਤਰ ਦਾ ਉੱਤਰੀ ਅਤੇ ਦੱਖਣੀ ਅਮਰੀਕਾ ਦੇ ਪਰਵਾਸੀ ਭਾਰਤੀਆਂ ਉੱਪਰ ਬੜਾ ਰਸੂਖ਼ ਸੀ। ਉਹ ਇਹਨਾਂ ਦੋਹਾਂ ਮਹਾਦੀਪਾਂ ਵਿਚ ਆਉਂਦੇ ਜਾਂਦੇ ਰਹਿੰਦੇ ਸਨ। ਰਤਨ ਸਿੰਘ ਨੇ ਗ਼ਦਰ ਪਾਰਟੀ ਵਿਚ ਬਹੁਤ ਸਾਰੇ ਮੈਂਬਰ ਭਰਤੀ ਕੀਤੇ, ਉਹਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸਦਾ ਸਾਹਿਤ ਪੜ੍ਹਨ, ਖ਼ਰੀਦਣ, ਅਤੇ ਸੰਗਠਨ ਨੂੰ ਚਲਾਉਣ ਵਾਸਤੇ ਪੈਸਾ ਵੀ ਦੇਣ।

ਤੇਜਾ ਸਿੰਘ ਸੁਤੰਤਰ ਬਹੁਤ ਹੀ ਵਧੀਆ ਬੁਲਾਰਾ ਸੀ। ਸਿਆਸੀ ਸਿਖਿਆ ਦੇ ਨਾਲ ਨਾਲ, ਉਹ ਛਾਪੇਮਾਰੀ ਜੰਗ ਦੀ ਅਤੇ ਬੰਬ ਬਣਾਉਣ ਦੀ ਸਿਖਲਾਈ ਵੀ ਦਿੰਦਾ ਸੀ।

ਸੋਵੀਅਤ ਰੂਸ ਵਿਚ ਪਹਿਲਾਂ ਹੀ ਜਾ ਚੁੱਕਣ ਕਰਕੇ, ਰਤਨ ਸਿੰਘ ਕੋਮਿਨਟਰਨ ਅਤੇ ਗ਼ਦਰ ਪਾਰਟੀ ਵਿਚ ਇਕ ਕੜੀ ਬਣ ਗਿਆ। ਕੋਮਿਨਟਰਨ ਉਸਨੂੰ ਕਹਿੰਦਾ ਕਿ ਜਿੰਨੇ ਵੀ ਉਹ ਭੇਜ ਸਕੇ ਓਨੇ ਗ਼ਦਰੀ ਇਨਕਲਾਬੀਆਂ ਨੂੰ ਪੜ੍ਹਨ ਵਾਸਤੇ ਰੂਸ ਭੇਜੇ। ਇਸ ਪ੍ਰਕਾਰ ਉਹ ਕੋਮਿਨਟਰਨ ਦਾ ਇਕ ਹਰ ਥਾਂ ਪੁੱਜਣ ਵਾਲਾ ਅਫ਼ਸਰ ਬਣ ਗਿਆ ਵਿਦਿਆਰਥੀਆਂ ਨੂੰ ਪੜ੍ਹਨ ਵਾਸਤੇ ਮਾਸਕੋ ਭੇਜਣ ਲਈ।

ਖ਼ਾਲੀ ਅਰਜਨਟਾਇਨਾ ਤੋਂ ਹੀ ਪੰਜ ਟੋਲੇ, ਕਈ ਵਿਦਿਆਰਥੀਆਂ ਦੇ ਭੇਜੇ ਗਏ - ਇਹ ਸਭ ਤੋਂ ਵੱਡਾ ਜਥਾ ਸੀ ਰੂਸ ਭੇਜੇ ਜਾਣ ਵਾਲਾ। ਉਹਨਾਂ ਵਿਚ ਭਗਤ ਸਿੰਘ ਬਿਲਗਾ ਵੀ ਸੀ ਜੋ ਅਰਜਨਟਾਇਨਾ ਤੋਂ ਗਿਆ ਸੀ। ਯੂ ਐਸ ਏ ਤੋਂ ਚਾਰ ਟੋਲੇ ਗਏ, ਸਮੇਤ ਅੱਛਰ ਸਿੰਘ ਛੀਨਾ ਅਤੇ ਜਸਵੰਤ ਸਿੰਘ ਕਾਰਟਨ ਦੇ। ਹੋਰ ਲੋਕ ਕੈਨੇਡਾ, ਪਾਨਾਮਾ ਅਤੇ ਨੈਰੋਬੀ ਤੋਂ ਗਏ, ਜਦ ਕਿ ਤੇਜਾ ਸਿੰਘ ਸੁਤੰਤਰ ਆਪਣੇ ਆਪ ਹੀ ਗਿਆ। ਤੁਰਕੀ ਵਿਚ ਅਗਸਤ 1929 ਤਕ ਮਿਲਟਰੀ ਸਿਖਲਾਈ ਲੈਣ ਮਗਰੋਂ ਉਹ ਯੂਰਪ ਵਿਚ ਕਈ ਥਾਂਈਂ ਗਿਆ, ਤੇ 1930 ਵਿਚ ਅਮਰੀਕਾ ਪਹੁੰਚ ਗਿਆ, ਜਿੱਥੇ ਉਸਨੇ ਬਹੁਤ ਹੀ ਵੱਡੀ ਭੂਮਿਕਾ ਨਿਭਾਈ ਗ਼ਦਰ ਪਾਰਟੀ ਵਿਚ ਏਕਤਾ ਲਿਆਉਣ ਲਈ ਕਿਉਂਕਿ ਇਸ ਵਿਚ ਧੜੇਬੰਦੀ ਆ ਗਈ ਸੀ।

ਸੁਤੰਤਰ, ਜਿਹੜਾ ਅਮਰੀਕਾ ਤੋਂ ਸਿੱਧਾ ਭਾਰਤ ਜਾਣਾ ਚਾਹੁੰਦਾ ਸੀ, ਨੂੰ ਰਤਨ ਸਿੰਘ ਨੇ ਮਨਾ ਲਿਆ ਕਿ ਉਹ ਇਸਦੀ ਬਜਾਏ ਸੋਵੀਅਤ ਰੂਸ ਜਾਵੇ ਅਤੇ ਉਥੋਂ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਸਿੱਖੇ। ਉਥੇ ਜਾ ਕੇ ਉਹ ਹਦ ਦਰਜੇ ਦਾ ਸਹਾਇਕ ਸਿੱਧ ਹੋਇਆ, ਅਤੇ ਉਸਨੇ

ਪੰਜਾਬੀ ਭਾਸ਼ਾ ਵਿਚ ਲੈਨਿਨ ਦਾ *"ਸਾਮਰਾਜ - ਪੂੰਜੀਵਾਦ ਦੀ ਸਭ ਤੋਂ ਉੱਚੀ ਪੱਧਰ"* ਅਤੇ *"ਪਿੰਡ ਦੇ ਗ਼ਰੀਬਾਂ ਲਈ"* ਅਨੁਵਾਦ ਕੀਤੇ। ਉਹ ਪੰਜਾਬੀ ਵਿਚ ਵੀ ਭਾਸ਼ਣ ਦਿੰਦਾ ਸੀ।

ਮਾਸਕੋ ਵਿਦਿਆਰਥੀਆਂ ਨੂੰ ਭੇਜਣ ਵਿਚ ਰਤਨ ਸਿੰਘ ਦੀ ਵੱਡੀ ਸਹਾਇਤਾ ਯੂ ਐਸ ਏ ਦੀ ਅਤੇ ਜਰਮਨੀ ਦੀ ਕਮਿਉਨਿਸਟ ਪਾਰਟੀ ਕਰਦੀ ਸੀ। ਇਹਨਾਂ ਪਾਰਟੀਆਂ ਦੇ ਕੁਝ ਕਾਰਜ ਕਰਤਾ ਅਤੇ ਰਤਨ ਸਿੰਘ ਬੰਦਰਗਾਹ 'ਤੇ ਹਾਜ਼ਰ ਹੁੰਦੇ ਸਨ ਜਦ ਵਿਦਿਆਰਥੀ ਜਾਹਾਜ਼ੇ ਚੜ੍ਹਦੇ ਸਨ ਰੂਸ ਜਾਣ ਵਾਸਤੇ।

ਜਦ ਵਿਦਿਆਰਥੀ ਉਥੇ ਪੁੱਜਦੇ ਸਨ ਤਾਂ ਕੋਮਿਨਟਰਨ ਉਹਨਾਂ ਦੀ ਪੜ੍ਹਾਈ ਦੇ ਜਿੰਮੇਦਾਰ ਹੁੰਦੇ ਸੀ। ਭਾਵੇ ਉਹਨਾਂ ਵਿਚੋਂ ਕੁਝ ਵਿਦਿਆਰਥੀ ਅਨਪੜ੍ਹ ਸਨ ਅਤੇ ਵਡੇਰੀ ਉਮਰ ਦੇ ਸਨ, ਇਸਨੇ ਉਹਨਾਂ ਨੂੰ ਮਾਰਕਸਾਇਜ਼ਮ ਦੀ ਸਾਇੰਸ ਪੜ੍ਹਾਉਣ ਹਿਤ ਬਹੁਤ ਵੱਡਾ ਉਪਰਾਲਾ ਕੀਤਾ। ਇਸ ਦੇ ਇਲਾਵਾ, ਇਸਨੇ ਉਹਨਾਂ ਨੂੰ ਹਥਿਆਰਾਂ ਅਤੇ ਛਾਪੇਮਾਰੀ (ਗੁਰੀਲਾ) ਜੰਗ ਦੀ ਸਿਖਲਾਈ ਵੀ ਦਿੱਤੀ।

ਜਿਹੜੇ ਅਧਿਆਪਕ ਉਹਨਾਂ ਨੂੰ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਸਨ ਬਹੁਤ ਹੀ ਭਲੇ ਬਚਿੱਤਰ, ਅਸਾਧਾਰਨ ਇਨਸਾਨ ਸਨ ਜੋ ਬੜੇ ਵਿਦਵਾਨ ਅਤੇ ਗਿਆਨਵਾਨ ਸਨ। ਚਾਰ ਜਣੇ ਜੋ ਪੜ੍ਹਾਉਂਦੇ ਸਨ, ਉਹਨਾਂ ਵਿਚੋ ਤਿੰਨ ਕਈ ਭਾਸ਼ਾਵਾਂ ਜਾਣਦੇ ਸਨ, ਸਮੇਤ ਰੂਸੀ, ਉਰਦੂ, ਪੰਜਾਬੀ, ਹਿੰਦੀ, ਫ਼ਾਰਸੀ ਅਤੇ ਇੰਗਲਿਸ਼। ਉਹ ਉਹਨਾਂ ਨੂੰ ਪੰਜਾਬੀ ਅਤੇ ਉਰਦੂ ਵਿਚ ਪੜ੍ਹਾਉਂਦੇ ਸਨ। ਨਸਲ ਵਾਦੀ ਹੰਕਾਰ ਤਾਂ ਲੇਸ ਮਾਤਰ ਵੀ ਨਹੀਂ ਸੀ ਨਾ ਹੀ ਕੋਈ ਉੱਚੀ ਹਵਾ ਸੀ, ਇਸਦੇ ਉਲਟ ਭਾਰਤ ਦੇ ਅੰਗ੍ਰੇਜ਼ ਹਾਕਮਾਂ ਦਾ ਬਹੁਤ ਹੀ ਭੈੜਾ ਰਵੱਈਆ ਸੀ ਜਿਹੜੇ ਭਾਰਤੀਆਂ ਨੂੰ ਨਫ਼ਰਤ ਭਰੀ ਨਿਗ੍ਹਾ ਨਾਲ ਦੇਖਦੇ ਸਨ। ਉਹਨਾਂ ਦੇ ਅਧਿਆਪਕਾਂ ਵਿਚੋਂ ਇਕ ਸੀ, ਅਲੈਕਸੀ ਡਾਇਆਕੋਫ਼, ਜਿਹੜਾ ਸੋਵੀਅਤ ਯੂਨੀਅਨ ਦੇ ਭਾਰਤ ਸੰਬੰਧੀ ਮਾਹਿਰਾਂ ਵਿਚੋਂ ਇਕ ਸੀ, ਅਤੇ ਉਸ ਨੂੰ ਭਾਰਤ ਦੀਆਂ ਕੋਮੀਅਤਾਂ ਬਾਰੇ, ਭਾਰਤ ਦੇ ਸਿਆਸੀ ਇਤਹਿਸਾਸ ਬਾਰੇ, ਆਜ਼ਾਦੀ ਦੀ ਪ੍ਰਾਪਤੀ ਦੀ ਲਹਿਰ ਬਾਰੇ ਅਤੇ ਬ੍ਰਿਟਿਸ਼ ਦੀ ਬਸਤੀਵਾਦੀ ਨੀਤੀ ਬਾਰੇ, ਦੋ ਵੱਡੀਆਂ ਜੰਗਾਂ ਦੇ ਵਿਚਕਾਰ ਦੇ ਸਮੇ ਬਾਰੇ ਵਿਸ਼ੇਸ਼ ਜਾਣਕਾਰੀ ਸੀ।

ਆਪਣੀ ਮਾਸਕੋ ਵਿਚ ਪੜ੍ਹਾਈ ਪੂਰੀ ਕਰਨ ਮਗਰੋਂ, ਭਾਰਤੀ ਵਿਦਿਆਰਥੀਆਂ ਤੋਂ ਕੋਮਿਨਟਰਨ ਨੇ ਪੁਛਿਆ ਕਿ ਉਹ ਸਟੇਟਸ ਵਿਚ ਵਾਪਸ ਜਾਣਾ ਚਾਹੁੰਦੇ ਹਨ ਜਿੱਥੇ ਉਹ ਆਏ ਸਨ ਜਾਂ ਭਾਰਤ ਜਾ ਕੇ ਆਜ਼ਾਦੀ ਦੀ ਜੰਗ ਲੜਨਾ ਚਾਹੁੰਦੇ ਹਨ। ਤਕਰੀਬਨ ਸਾਰਿਆਂ ਨੇ ਹੀ ਭਾਰਤ ਜਾਣ ਦੀ ਚਾਹਤ ਦਰਸਾਈ। ਕਈ ਰਾਸਤਿਆਂ ਥਾਣੀਂ ਉਹ ਭਾਰਤੀ ਧਰਤੇ 'ਤੇ ਪੁੱਜੇ। ਪਰ ਵਾਪਸ ਆਉਂਦੇ ਹੀ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ, ਲਾਹੌਰ ਕਿਲੇ ਵਿਚ ਲਿਜਾਏ ਗਏ ਦੋ ਮਹੀਨਿਆਂ ਲਈ, ਜਿੱਥੇ ਉਹਨਾਂ ਨੂੰ ਬੁਰੀ ਤਰ੍ਹਾਂ ਮਾਰਿਆ ਕੁਟਿਆ ਜਾਂਦਾ ਸੀ, ਤਸੀਹੇ ਦਿੱਤੇ ਜਾਂਦੇ ਸਨ ਅਤੇ ਮਗਰੋਂ ਇਕ ਸਾਲ ਲਈ ਨਜ਼ਰਬੰਦ ਰਖਿਆ ਸੀ ਉਹਨਾਂ ਦੇ ਆਪਣੇ ਪਿੰਡਾਂ ਵਿਚ ਹੀ।

ਇਹਨਾਂ ਵਿਚੋਂ ਦੋ ਵਿਦਿਆਰਥੀ, ਰਤਨ ਸਿੰਘ ਘੋਲੀਆ ਅਤੇ ਸਰਦਾਰਾ ਸਿੰਘ, ਮਾਸਕੋ ਛੱਡਣ ਤੋਂ ਪਹਿਲਾਂ ਕੋਮਿਨਟਰਨ ਦੀ ਸੱਤਵੀਂ ਕਾਨਫ਼ਰੰਸ, ਜੋ 1935 ਵਿਚ ਹੋਈ ਸੀ, ਵਿਚ ਹਾਜ਼ਰੀ ਭਰਨ ਵਿਚ ਕਿਸੇ ਤਰ੍ਹਾਂ ਸਫਲ ਹੋ ਗਏ। ਉਹ ਦੋਹਾਂ ਵਾਸਤੇ ਬਹੁਤ ਹੀ ਵੱਡੇ ਮਾਣ ਦੀ ਗੱਲ ਸੀ ਜਿਹੜੀ ਅਸਲ ਵਿਚ ਕੋਮਿਨਟਰਨ ਦੀ ਆਖ਼ਰੀ ਕਾਂਗਰਸ ਸੀ। ਇਸ ਕਾਂਗਰਸ ਵਿਚ

ਬਹੁਤ ਅਹਿਮ ਫ਼ੈਸਲੇ ਲਏ ਗਏ ਸਨ ਅਤੇ ਇਸ ਵਿਚ ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੇ ਚੋਟੀ ਦੇ ਲੀਡਰ ਸ਼ਾਮਿਲ ਹੋਏ ਸਨ, ਸਮੇਤ ਜੋਸਫ਼ ਸਟਾਲਿਨ, ਹੋ ਚੀ ਮੀਂਹ, ਵਾਲਟਰ ਉਲਬ੍ਰਿਚਟ, ਵਿਲਹੈਮ ਪੀਕ, ਕਲੇਮੈਂਟ ਗੌਟਵਾਲਡ, ਖ਼ਾਲਿਦ ਬਗ਼ਦਾਸ਼, ਰਜਨੀ ਪਾਮੇ ਦੱਤ, ਹੈਰੀ ਪੋਲਿੱਟ, ਮਾਰਿਸ ਥੋਰੈਜ਼ ਅਤੇ ਪਾਮੀਰੋ ਤੋਗਲਿਆਟੀ।

ਭਾਰਤ ਪਰਤ ਕੇ ਲਗਭਗ ਸਾਰੇ ਹੀ ਗ਼ਦਰੀਆਂ ਨੇ ਭਾਰਤ ਦੀ ਕਮਿਊਨਿਸਟ ਪਾਰਟੀ ਵਿਚ, ਕਿਰਤੀ ਜਮਾਤ ਅਤੇ ਕਿਸਾਨ ਲਹਿਰ ਵਿੱਚ ਵੱਡੀ ਭੂਮਿਕ ਨਿਭਾਈ।

ਜਦ ਹਿਟਲਰ ਨੇ ਯੂ ਐਸ ਐਸ ਆਰ ਉੱਪਰ 22 ਜੂਨ 1941 ਵਿਚ ਹਮਲਾ ਕੀਤਾ, ਸੀ ਪੀ ਆਈ ਦਾ ਨਾਅਰਾ ਸੀ ਕਿ ਜਰਮਨੀ ਨੂੰ ਹਰਾਉਣਾ ਰੂਸ ਦੀ ਜਿੱਤ ਹੈ, ਅਤੇ ਇਸ ਦਿਸ਼ਾ ਵਿਚ ਇਸਨੇ ਭਾਰਤੀ ਲੋਕਾਂ ਨੂੰ ਲਾਮਬੰਦ ਕੀਤਾ। ਇਸਨੇ ਫ਼ਰੈਂਡਜ਼ ਆਫ਼ ਦੀ ਸੋਵੀਅਤ ਯੂਨੀਅਨ ਅਤੇ ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ ਦੀ ਸਥਾਪਨਾ ਲਈ ਕਦਮ ਚੁੱਕੇ। ਬਦਲ ਚੁੱਕ ਅੰਤਰ-ਰਾਸ਼ਟਰੀ ਹਾਲਾਤ ਵਿਚ, ਜਦ ਰੂਸ ਅਤੇ ਬ੍ਰਿਟੇਨ ਹਿਟਲਰੀ ਜਰਮਨ ਦੇ ਵਿਰੁੱਧ ਇਕੱਠੇ ਹੋ ਗਏ ਸਨ, ਭਾਰਤ ਸਰਕਾਰ ਨੇ ਮਈ 1942 ਵਿਚ ਜੇਲ੍ਹ ਵਿਚੋਂ ਕਮਿਊਨਿਸਟਾਂ ਨੂੰ ਰਿਹਾਅ ਕਰ ਦਿੱਤਾ ਜਿਹੜੇ ਪਹਿਲਾਂ 'ਭਾਰਤ ਛੱਡੋ' ਲਹਿਰ ਵਿਚ ਫੜੇ ਹੋਏ ਸਨ।

ਸੀ ਪੀ ਆਈ ਇਕ ਬਹੁਤ ਸ਼ਕਤੀਸ਼ਾਲੀ ਤਾਕਤ ਬਣ ਕੇ ਉੱਭਰੀ, ਜੋ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਬਾਅਦ ਦੂਜੀ ਵੱਡੀ ਪਾਰਟੀ ਸੀ।

ਯੂ ਐਸ ਐਸ ਆਰ ਨੇ ਇਨਕਲਾਬੀਆਂ ਦੀ ਕਈ ਤਰ੍ਹਾਂ ਨਾਲ ਸਹਾਇਤਾ ਕੀਤੀ। ਪਰ ਉਸਦੀ ਸਭ ਤੋਂ ਵੱਡੀ ਅਤੇ ਅਹਿਮ ਦੇਣ ਸੀ ਕਥਿਤ ਤੌਰ 'ਤੇ ਅਜਿੱਤ ਨਾਜ਼ੀ ਜਰਮਨੀ ਨੂੰ ਹਰਾਉਣਾ। ਜੰਗ ਮਗਰੋਂ ਸਮਾਜਵਾਦੀ ਦੇਸਾਂ ਦਾ ਵੱਡ ਗੁੱਟ ਬਣ ਗਿਆ ਅਤੇ ਸਾਮਰਾਜ ਕਮਜ਼ੋਰ ਹੋ ਗਿਆ, ਵਿਸ਼ੇਸ਼ਕਰ ਯੂਰਪੀਨ ਸਾਮਰਾਜ। ਐਸੀ ਹਾਲਤ ਵਿਚ ਬ੍ਰਿਟਨ ਭਾਰਤ ਨੂੰ ਹੋਰ ਦੇਰ ਤਕ ਗੁਲਾਮ ਬਣਾਈ ਨਹੀਂ ਰੱਖ ਸਕਦਾ ਸੀ ਜਦ ਇਕ ਆਜ਼ਾਦੀ ਦਾ ਵੱਡਾ ਤੂਫ਼ਾਨ ਉੱਠ ਆਇਆ ਸੀ ਅਤੇ ਅੰਤ ਨੂੰ ਅਗਸਤ 1947 ਵਿਚ ਅੰਗ੍ਰੇਜ਼ ਨੂੰ ਭਾਰਤ ਤੋਂ ਜਾਣਾ ਪਿਆ।

ਭਾਰਤੀਆਂ ਦੀ ਆਜ਼ਾਦੀ ਦੇ ਸੰਘਰਸ਼ ਵਿਚ ਗ਼ਦਰੀਆਂ ਨੇ ਬਹੁਤ ਵੱਡਾ ਯੋਗਦਾਨ ਦਿੱਤਾ, ਭਾਵੇਂ ਇਸ ਯੋਗਦਾਨ ਨੂੰ ਭਾਰਤ ਦੇ ਸ਼ਾਸਕ ਵਰਗਾਂ ਨੇ ਬਹੁਤ ਹੱਦ ਤਕ ਛੁਟਿਆਇਆ ਹੈ – ਕਾਰਣ ਸਪੱਸ਼ਟ ਹਨ।

***

ਕਾਂਡ 12

# .ਗਦਰ ਪਾਰਟੀ ਅਤੇ ਆਇਰਲੈਂਡ

## ਅੰਤਰ-ਰਾਸ਼ਟਰੀ

.ਗਦਰ ਪਾਰਟੀ ਲਹਿਰ ਸ਼ੁਰੂ ਤੋਂ ਹੀ ਅੰਤਰ-ਰਾਸ਼ਟਰੀ ਪਰਿਪੇਖ ਵਾਲੀ ਸੀ। ਜਿਵੇਂ ਪਹਿਲਾਂ ਸੰਕੇਤ ਦਿੱਤਾ ਗਿਆ ਹੈ, ਇਸਦੀਆਂ ਇਕਾਈਆਂ ਇਕ ਦਰਜਨ ਤੋਂ ਵੱਧ ਮੁਲਕਾਂ ਵਿਚ ਸਨ। ਦੀ ਇੰਡਸਟਰੀਅਲ ਵਰਕਰਜ਼ ਆਫ਼ ਦੀ ਵਰਲਡ (ਆਈ ਡਬਲਯੂ ਡਬਲਯੂ) ਦੀ .ਗਦਰ ਪਾਰਟੀ ਦੇ ਆਸ਼ਿਆਂ ਪ੍ਰਤੀ ਬਹੁਤ ਹਮਦਰਦੀ ਸੀ। ਆਈ ਡਬਲਯੂ ਡਬਲਯੂ ਅਤੇ .ਗਦਰ ਪਾਰਟੀ ਵਿਚਕਾਰ ਬਹੁਤ ਸਹਿਯੋਗ ਸੀ ਕਿਉਂਕਿ ਦੋਨੋ ਹੀ ਸੰਗਠਨ ਉਸੇ ਇਲਾਕੇ ਵਿਚ ਕੰਮ ਕਰ ਰਹੇ ਸਨ।

.ਗਦੀਰਆਂ ਅਤੇ ਅਇਰਲੈਂਡ ਦੇ ਸੁਤੰਤਰਤਾ ਸੰਗ੍ਰਾਮੀਆਂ ਵਿਚਕਾਰ ਵੀ ਬਹੁਤ ਨੇੜੇ ਦਾ ਸਹਿਯੋਗ ਸੀ, ਕਿਉਂਕਿ ਆਇਰਲੈਂਡ ਵੀ ਆਪਣੇ ਆਪ ਨੂੰ ਬਹੁਤ ਪੁਰਾਣੇ ਬ੍ਰਿਟਿਸ਼ ਕਬਜ਼ੇ ਚੋਂ ਨਿਕਲਣ ਲਈ ਲਾਮਬੰਦ ਕਰ ਰਿਹਾ ਸੀ। ਕੁਦਰਤੀ ਗੱਲ ਸੀ ਕਿ .ਗਦਰ ਪਾਰਟੀ ਨੇ ਆਇਰਲੈਂਡ ਨਾਲ ਵੀ ਇਨਕਲਾਬੀ ਭਾਈਚਾਰਾ ਸਥਾਪਿਤ ਕਰ ਲਿਆ। ਪੰਜਾਬੀ ਕਿਤਾਬਚਾ *ਹਿੰਦੁਸਤਾਨ ਅਤੇ ਆਇਰਲੈਂਡ* ਇਸ ਸਚਾਈ ਦਾ ਵੱਡਾ ਸਬੂਤ ਹੈ।

ਕਾਮਾਗਾਟਾਮਾਰੂ ਨੂੰ ਜਬਰਦਸਤੀ ਵਾਪਸ ਭੇਜਣ ਦੇ ਮਗਰੋਂ ਦੀ *ਗੈਲਿਕ-ਐਮਰੀਕਨ ਨਿਊਯਾਰਕ*, ਜੋ .ਗਦਰ ਪਾਰੀਟੀ ਦੀ ਬਹੁਤ ਮਦਦ ਕਰਦੀ ਸੀ, ਨੇ ਲਿਖਿਆ –

*"ਜਿਹੜੀ ਲੜਾਈ ਕਨੇਡਾ ਦੇ ਹਿੰਦੂਆਂ ਨੇ ਵਿਦੇਸੀ ਸਰਕਾਰ ਦੇ ਵਿਰੁੱਧ ਵਿੱਢੀ ਹੈ ਉਹ ਬਹੁਤ ਸ਼ਲਾਘਾਯੋਗ ਹੈ। ਪਰ ਉਸਤੋਂ ਵੀ ਵੱਧ ਸ਼ਲਾਘਾਯੋਗ ਹੈ ਕਿ ਕੈਨੇਡਾ ਦੇ ਹਿੰਦੂ ਭਾਰਤ ਜਾ ਕੇ ਅੰਗ੍ਰੇਜ਼ਾਂ ਨੂੰ ਉਥੋਂ ਕੱਢਣ।"* [130]

ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਆਪਣੇ ਸਾਂਝੇ ਸੰਘਰਸ਼ ਵਿਚ, ਭਾਰਤ ਤੇ ਆਇਰਲੈਂਡ ਦੀ ਨੇੜਲੀ ਮਿੱਤਰਤਾ ਸੀ। ਯੂਰਪ ਅਤੇ ਅਮਰੀਕਾ ਵਿਚ ਆਇਰਿਸ਼ ਅਗਾਂਹਵਧੂ ਲੋਕ ਭਾਰਤੀ ਇਨਕਲਾਬੀਆਂ ਨਾਲ ਸਹਿਯੋਗ ਕਰਨ ਲਈ ਸਦਾ ਤਿਆਰ ਰਹਿੰਦੇ ਸਨ, ਉਹਨਾਂ ਦੀ ਹਿਮਾਇਤ ਕਰਦੇ ਸਨ ਅਤੇ ਦੋਸਤੀ ਦਾ ਹੱਥ ਵਧਾਉਂਦੇ ਸਨ।

ਐਗਨੇਸ ਸਮੈਡਲੀ ਦਾ ਇਸ ਇੰਡੋ-ਆਇਰਿਸ਼ ਦੋਸਤੀ ਬਾਰੇ ਇਹ ਕਹਿਣਾ ਹੈ –

*"ਮਿਸਰੀ ਨੈਸ਼ਨਲ ਪਾਰਟੀ ਦੀ ਦੂਸਰੀ ਕਾਂਗਰਸ ਬ੍ਰਸੱਲਜ਼ ਵਿਖੇ 1910 ਵਿਚ ਹੋਈ ਸੀ। ਭਾਰਤੀਆਂ ਨੇ ਇਸ ਵਿੱਚ ਵੱਡਾ ਹਿਸਾ ਲਿਆ ਸੀ। ਆਇਰਿਸ਼ ਡੈਲੀਗੇਟ ਵੀ ਹਾਜ਼ਰ ਸਨ ਅਤੇ ਇਸਦੀ ਸ.ਫਲਤਾ ਲਈ ਯਤਨ ਕਰ ਰਹੇ ਸਨ . . . .ਭਾਰਤੀ ਇਨਕਲਾਬੀਏ, ਜੋ ਇੰਗਲੈਂਡ ਅਤੇ ਫਰਾਂਸ ਵਿਚ ਰਹਿੰਦੇ ਸਨ, ਮੋਢੇ ਨਾਲ ਮੋਢਾ ਜੋੜ ਕੇ ਆਇਰਲੈਂਡ ਦੇ*

*ਇਨਕਲਾਬੀਆਂ ਨਾਲ ਕੰਮ ਕਰ ਰਹੇ ਸਨ ਅਤੇ ਬਹੁਤ ਸਾਰੇ ਆਇਰਿਸ਼ ਪੁਰਖ ਅਤੇ ਇਸਤਰੀਆਂ ਉਹਨਾਂ ਦੇ ਬਹੁਤ ਹੀ ਭਰੋਸੇਯੋਗ ਸਾਥੀ ਸਨ।"* [131]

ਗ਼ਦਰ ਪਾਰਟੀ ਨੇ ਈਮਨ ਡਿ ਵਲੇਰਾ, ਆਇਰਿਸ਼ ਰਿਪਬਲਿਕ ਦੇ ਪ੍ਰਧਾਨ, ਦਾ ਉਸਦੇ 21 ਜੁਲਾਈ 1919 ਨੂੰ ਸਾਨਫ਼ਰਾਂਸਿਸਕੋ ਆਉਣ 'ਤੇ ਬਹੁਤ ਹੀ ਨਿੱਘਾ ਸਵਾਗਤ ਕੀਤਾ ਸੀ। ਗ਼ਦਰ ਪਾਰਟੀ ਵੱਲੋਂ ਗੋਪਾਲ ਸਿੰਘ ਅਤੇ ਜਗਤ ਸਿੰਘ ਨੇ ਇਕ ਬਹੁਤ ਹੀ ਵਧੀਆ ਮੀਨਾਕਾਰੀ ਕੀਤੀ ਤਲਵਾਰ ਅਤੇ ਬਹੁਤ ਵੱਡਾ ਰੇਸ਼ਮੀ ਆਇਰਿਸ਼ ਰਿਪਬਲਿਕ ਦਾ ਝੰਡਾ ਪੇਸ਼ ਕੀਤਾ ਸੀ। ਤਲਵਾਰ ਦੇ ਉੱਪਰ ਇਹ ਉਕਰਿਆ ਹੋਇਆ ਸੀ – *"ਪ੍ਰੈਜ਼ੀਡੈਂਟ ਈਮਨ ਡੀ ਵਲੇਰਾ, ਪ੍ਰੈਜ਼ੀਡੈਂਟ ਆਫ਼ ਦੀ ਆਇਰਸ਼ ਰਿਪਬਲਿਕ, ਬਾਈ ਦੀ ਹਿੰਦੁਸਤਾਨ ਗ਼ਦਰ ਪਾਰਟੀ ਆਫ਼ ਅਮੈਰੀਕਾ, ਸਾਨਫ਼ਰਾਂਸਿਸਕੋ, ਯੂ ਐਸ ਏ, 21 ਜੁਲਾਈ, 1919."*

ਐਡਵਰਡ ਗੈਮਨਜ਼, ਭਾਰਤੀ ਇਨਕਲਾਬੀਆਂ ਦਾ ਬਹੁਤ ਹੀ ਚੰਗਾ ਮਿੱਤਰ ਅਤੇ ਪੈਸੀਫ਼ਿਕ ਕੋਸਟ ਬਰਾਂਚ ਆਫ਼ ਐਫ਼ ਐਫ਼ ਆਈ, ਨੇ ਇਕ ਲੰਬੇ ਅਤੇ ਬਹੁਤ ਵਿਚਾਰਸ਼ੀਲ ਸ਼ਬਦਾਂ ਵਿਚ ਇਹ ਐਡਰੈਸ ਗ਼ਦਰ ਪਾਰਟੀ ਵੱਲੋਂ ਪੜ੍ਹਿਆ ਸੀ –

*"ਸਾਡਾ ਸਾਂਝਾ ਮੰਤਵ ਹੈ ਅਤੇ ਸਾਂਝਾ ਹੀ ਦੁਸ਼ਮਣ ਹੈ। ਸਾਡੀਆਂ ਦੋਵਾਂ ਕੌਮਾਂ ਦਾ ਕੌਮ ਦੇ ਤੌਰ 'ਤੇ ਨਿੱਗਰ ਦਾਅਵਾ ਹੈ। ਭਾਰਤੀ ਸਵਾਲ ਵੀ ਤਕਰੀਬਨ ਆਇਰਸ਼ ਸਵਾਲ ਦੇ ਸਮਾਨੰਤਰ ਹੈ। ਇੰਗਲੈਂਡ ਨੇ ਦੋਹਾਂ ਦੇਸ਼ਾਂ ਦੇ ਉਦਯੋਗ ਬਰਬਾਦ ਕਰ ਦਿੱਤੇ ਹਨ ਕਿਉਂਕਿ ਉਹਨਾਂ ਦਾ ਆਪਣੇ ਉਦਯੋਗ ਨਾਲ ਟਕਰਾਅ ਹੁੰਦਾ ਸੀ। ਉਹ ਸਾਡੇ ਲੋਕਾਂ ਨੂੰ 'ਕਾਲ ਵਿਚ, ਜਿਹੜੇ ਰੋਕੇ ਜਾ ਸਕਦੇ ਸਨ, ਮਰਦਿਆਂ ਨੂੰ ਚੁਪ ਚਾਪ ਤਕਦਾ ਰਿਹਾ। ਸਾਡੀਆਂ ਭਾਸ਼ਾਵਾਂ ਅਤੇ ਰਸਮੋ ਰਿਵਾਜਾਂ ਨੂੰ ਦਬਾ ਕੇ 'ਖੁਸ਼ ਬ੍ਰਿਟਿਸ਼ ਬਚਿਆਂ' ਨੂੰ ਹੋਰ ਖੁਸ਼ ਕੀਤਾ ਹੈ ਭਾਰਤੀ ਅਤੇ ਆਇਰਿਸ਼ ਯੁਵਾਵਾਂ ਦੇ ਹੱਕ ਖੋਹ ਕੇ। ਸਾਡੇ ਲੋਕਾਂ ਨਾਲ ਸਾਰੇ ਪ੍ਰਣ ਕੀਤੇ ਤੋੜ ਦਿੱਤੇ ਹਨ। ਸੰਗੀਨਾਂ, ਮਾਰਸ਼ਲ ਲਾਅ ਅਤੇ ਅੰਦਰੂਨੀ ਅਣਗਹਿਲੀ ਦੇ ਜ਼ੋਰ 'ਤੇ ਸਾਨੂੰ ਗੁਲਾਮ ਬਣਾਈ ਰਖਿਆ ਹੈ। ਉਹਦੇ ਜ਼ਮੀਨ ਦੋਜ਼ ਤਹਿਖਾਨੇ ਅਤੇ ਬਿਨਾ ਵਜ੍ਹਾ ਕੀਤੇ ਕਤਲ ਸਾਡੇ ਦੋਹਾਂ ਦੇਸਾਂ ਲਈ ਸਾਂਝੀ ਗੱਲ ਹੈ। ਸਾਡੇ ਕੋਲੋਂ ਸਾਡੇ ਖਾਣ ਦੇ ਸਭ ਸਾਮਾਨ ਖੋਹ ਲਏ ਗਏ ਸਨ ਤਾਂ ਜੋ ਉਹਨਾ ਦਾ ਲੋਕ ਰਾਜ ਜਿੱਤ ਜਾਵੇ। ਪਰ ਸਾਨੂੰ ਲੋਕ ਰਾਜ ਦੇਣ ਤੋਂ ਉਹ ਇਨਕਾਰੀ ਹਨ, ਜਦਕਿ ਬ੍ਰਿਟੇਨ ਨੇ ਆਪਣੇ ਅਧੀਨ ਮਿਲੀਅਨ ਮੀਲ ਤੋਂ ਵੀ ਵੱਧ ਇਲਾਕਾ ਕਰ ਲਿਆ ਹੈ ਜਦ ਕਿ ਉਹਨਾਂ ਦੀ ਸ਼ਹਿਨਸ਼ਾਹਤ ਅਗੇ ਹੀ ਬਹੁਤ ਵਿਸ਼ਾਲ ਸੀ। ਬਹੁਤੀਆਂ 'ਚੋਂ ਇਹ ਕੁਝ ਗੱਲਾਂ ਸਾਡੇ ਲਈ ਸਾਂਝੀਆਂ ਹਨ।"* [132]

ਬ੍ਰਿਟਿਸ਼ ਸਰਕਾਰ ਦੁਆਰਾ ਭਾਰਤ ਅਤੇ ਆਇਰਲੈਂਡ ਵਿਚ ਕੀਤੇ ਜ਼ੁਲਮਾਂ ਦਾ ਹਵਾਲਾ ਦਿੰਦੇ ਹੋਏ, ਐਡਰੈਸ ਅੱਗੇ ਕਹਿੰਦਾ ਹੈ –

*"ਅਮਰੀਕਾ ਵਿਚਲੇ ਆਇਰਿਸ਼ ਲੋਕ ਸੰਸਾਰ ਦੀ ਲੇਬਰ ਲਹਿਰ ਵਿਚ ਸ਼ਾਮਿਲ ਹੋਏ ਹਨ, ਇਹ ਰੋਸ ਪ੍ਰਗਟ ਕਰਦੇ ਹੋਏ ਕਿ ਕਿਸ ਪ੍ਰਕਾਰ ਜਲਿਆਂਵਾਲੇ ਬਾਗ਼ ਵਿਚ ਸਾਡੇ ਉੱਪਰ ਬ੍ਰਿਟਿਸ਼ ਸਰਕਾਰ ਨੇ ਵਹਿਸ਼ਿਆਨਾ ਜ਼ੁਲਮ ਕੀਤਾ ਹੈ, ਥੋੜ੍ਹੇ ਹਫ਼ਤੇ ਪਹਿਲਾਂ ਹੀ, ਅਤੇ ਫ਼ਰੈਂਡਜ਼ ਆਫ਼ ਅਇਰਿਸ਼ ਫ਼ਰੀਡਮ ਨੇ ਕੈਲੀਫ਼ੋਰਨੀਆ ਕਨਵੈਨਸ਼ਨ ਵਿਚ ਸਰਬ ਸੰਮਤੀ ਨਾਲ ਰੋਸ ਮਤਾ ਪਾਸ ਕੀਤਾ ਜਿਸ ਵਿਚ ਸਾਡੇ ਬਹੁਤ ਸਾਰੇ ਦੇਸ ਵਾਸੀਆਂ ਨੂੰ ਦੇਸ ਵਿਚੋ ਬ੍ਰਿਟਿਸ਼ ਗੋਲੀਆਂ ਖਾਣ ਵਾਸਤੇ ਵਾਪਸ ਜਾਣ ਦੀ ਤਜਵੀਜ਼ ਦਾ ਵਿਰਧੋ ਕੀਤਾ ਗਿਆ ਹੈ।"*

ਐਡਰੈਸ ਦੇ ਅੰਤ ਵਿਚ ਡਿ ਵਲੇਰਾ ਨੂੰ ਬੇਨਤੀ ਕੀਤੀ ਗਈ ਕਿ ਉਹ ਡਾਇਲ ਏਰੀਨ

ਅਤੇ ਆਇਰਿਸ਼ ਲੋਕਾਂ ਨੂੰ ਵਾਪਸ ਜਾ ਕੇ ਉਹਨਾਂ ਦੀ ਦਿਲੀ ਸ਼ੁਭ ਇੱਛਾਵਾਂ ਦੇਣ ਅਤੇ ਉਹਨਾਂ ਦੀ ਹਿਤ ਭਰੀ ਉਮੀਦ ਪ੍ਰਗਟ ਕਰਨ ਕਿ ਆਇਰਿਸ਼ ਲੋਕਾਂ ਦੀ ਆਜ਼ਾਦੀ ਦੀ ਸ਼ਾਨਦਾਰ ਜੰਗ ਦਾ ਸਾਰੀ ਦੁਨੀਆ ਸਮਰਥਨ ਕਰੇਗੀ।

ਉਹਨਾਂ ਦੀ ਬਹੁਤ ਵਧੀਆ ਪੇਸ਼ਕਾਰੀ ਲਈ ਧੰਨਵਾਦ ਕਰਦੇ ਹੋਏ ਡਿ ਵਲੇਰਾ ਨੇ ਕਿਹਾ–

*"ਮੈਂ ਇਹ ਸਮਝਦਾ ਹਾਂ ਕਿ ਤਲਵਾਰ ਸੰਘਰਸ਼ ਦੇ ਪਵਿੱਤਰ ਵਿਚਾਰ ਦਾ ਪ੍ਰਤਿਨਿਧ ਕਰਦੀ ਹੈ, ਜੋ ਸਾਡੇ ਦੋਨੋ ਦੇਸ ਆਜ਼ਾਦੀ ਲਈ ਕਰ ਰਹੇ ਹਨ ਅਤੇ ਤਲਵਾਰ ਇਕ ਪਵਿੱਤਰ ਹਥਿਆਰ ਹੈ ਜਦ ਇਸ ਪ੍ਰਕਾਰ ਦੇ ਧਾਰਮਿਕ ਕਾਰਜ ਲਈ ਵਰਤਿਆ ਜਾਵੇ।"* ਉਸਨੇ ਗ਼ਦਰ ਪਾਰਟੀ ਨੂੰ ਭਰੋਸਾ ਦੁਆਇਆ ਕਿ ਆਇਰਸ਼ ਲੋਕ ਉਹਨਾਂ ਦੀ ਲੜਾਈ ਦੇ ਇਨਸਾਫ਼ ਦਾ ਅਤੇ ਸੰਸਾਰ ਵਿਚ ਸਾਰੀਆਂ ਹੀ ਲੋਕਰਾਜੀ ਤਾਕਤਾਂ ਦਾ ਪੂਰਾ ਸਮਰਥਨ ਕਰਦੇ ਹਨ।

ਦੀ ਆਇਰਿਸ਼ ਸੈਲਫ਼-ਡਿਟਰਮੀਨੇਸ਼ਨ ਕਲੱਬ ਨੇ 22 ਅਕਤੂਬਰ 1919 ਨੂੰ ਮਤਾ ਪਾਸ ਕੀਤਾ ਜਿਸ ਵਿਚ ਬ੍ਰਿਟਿਸ਼ ਦੁਆਰਾ ਬਹੁਤ ਹੀ ਵਹਿਸ਼ੀ ਢੰਗ ਨਾਲ ਢਾਏ ਜਾ ਰਹੇ ਜ਼ੁਲਮ-ਸਿਤਮ ਦੀ ਨਿਖੇਧੀ ਕੀਤੀ ਅਤੇ ਰੌਲਟ ਐਕਟ ਨੂੰ ਨਿੰਦਿਆ।[133]

28 ਫ਼ਰਵਰੀ 1920 ਨੂੰ, ਐਫ਼ ਐਫ਼ ਆਈ ਨੇ ਨਿਊਯਾਰਕ ਵਿਚ ਡਿ ਵਲੇਰਾ ਦੇ ਮਾਣ ਵਿਚ ਸ਼ਾਨਦਾਰ ਰਾਤ ਦੇ ਖਾਣੇ ਦੀ ਮਹਿਮਾਨ ਨਿਵਾਜ਼ੀ ਕੀਤੀ। ਬਹੁਤ ਸਾਰੇ ਸੁਪ੍ਰਸਿੱਧ ਭਾਰਤੀ ਅਤੇ ਅਮਰੀਕਨ ਸੱਜਣ ਇਸ ਵਿਚ ਸ਼ਾਮਿਲ ਹੋਏ। *ਆਇਰਿਸ਼ ਵਰਲਡ ਐਂਡ ਅਮੈਰੀਕਨ* ਦੇ ਅਨੁਸਾਰ, ਮੁੱਖ ਮਹਿਮਾਨ – ਡਿ ਵਲੇਰਾ– ਨੇ ਇਕ ਬਹੁਤ ਹੀ ਉੱਚ ਪਾਏ ਦਾ ਭਾਸ਼ਣ ਦਿੱਤਾ ਜਿਸ ਵਿਚ ਉਸਨੇ ਕਿਹਾ – *"ਭਾਰਤ ਦੇ ਦੇਸ਼ ਭਗਤੋ, ਤੁਹਾਡਾ ਕਾਰਨ ਵੀ ਸਾਡੇ ਵਾਲਾ ਹੀ ਹੈ – ਅਸੀਂ ਸਾਰੇ ਜਿਸ ਕਾਰਨ ਲੜ ਰਹੇ ਹਾਂ ਉਸ ਕਾਰਨ ਪ੍ਰਤੀ ਈਮਾਨਦਾਰੀ ਨਾਲ ਕੰਮ ਕਰੀਏ, ਭਾਵੇਂ ਜਿੱਤ ਸਾਡੇ ਕੋਲੋਂ ਦੂਰ ਹੀ ਰਹਿ ਰਹੀ ਹੋਵੇ, ਪਰ ਇਹ ਭਰੋਸਾ ਰੱਖੀਏ ਕਿ ਅੰਤ ਨੂੰ ਜਿੱਤ ਸਾਡੀ ਹੀ ਹੋਵੇਗੀ। ਕੋਈ ਕੌਮ ਓਦੋਂ ਫ਼ਤਿਹ ਕਰ ਲਈ ਜਾਂਦੀ ਹੈ ਜਦ ਉਹ ਆਪਣਾ ਪਵਿੱਤਰ ਕਾਰਜ ਛੱਡ ਬੈਠਦੀ ਹੈ ਅਤੇ ਮਨ ਵਿਚ ਨਿਰਾਸਤਾ ਨੂੰ ਥਾਂ ਦੇ ਦਿੰਦੀ ਹੈ।"*

ਉਸਨੇ ਅੱਗੇ ਕਿਹਾ, *"ਮੇਰਾ ਇਹ ਖ਼ਿਆਲ ਨਹੀਂ ਹੈ ਕਿਸੇ ਨੂੰ ਤੱਥਾਂ ਦੀ ਕੋਈ ਕਿਤਾਬ ਚਾਹੀਦੀ ਹੈ ਇਹ ਮੰਨਣ ਵਾਸਤੇ ਕਿ ਬ੍ਰਿਟਿਸ਼ ਨੇ ਭਾਰਤ ਵਿਚ ਬਹੁਤ ਖ਼ੂਨ ਬਹਾਇਆ ਹੈ, ਮੌਤ ਦੀ ਕੱਗਾਰ ਤੇ ਪਹੁੰਚਾਇਆ ਹੈ, ਖ਼ਾਲੀ ਭਾਰਤ ਦੀ ਦੌਲਤ ਦਾ ਹੀ ਨਹੀਂ ਸਗੋਂ ਸੱਚੀਂ ਮੁੱਚੀ ਦਾ ਖ਼ੂਨ ਵਹਾਇਆ ਹੈ. . . .ਕਿਤਾਬਾਂ ਸਾਨੂੰ ਦੱਸਦੀਆਂ ਹਨ ਕਿ ਬ੍ਰਿਟੇਨ ਨੇ ਭਾਰਤ ਨੂੰ ਉਜਾੜਿਆ ਹੈ। ਇਸ ਵਿਚ ਸ਼ੱਕ ਨਹੀਂ ਉਸਨੇ ਭਾਰਤ ਨੂੰ ਉਜਾੜਿਆ-ਲੁਟਿਆ ਹੈ। ਹੋਰ ਉਹ ਭਾਰਤ ਵਿਚ ਕਿਸ ਵਾਸਤੇ ਹੈ? ਕਿਤਾਬਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਲਗਭਗ ਸਦਾ ਹੀ ਭਾਰਤ ਵਿਚ 'ਕਾਲ ਪਿਆ ਰਹਿੰਦਾ ਹੈ। 'ਕਾਲ ਪਿਆ ਰਹਿਣਾ ਤਾਂ ਜ਼ਰੂਰੀ ਗੱਲ ਹੈ ਜਦ ਇਕ ਵਿਦੇਸ਼ੀ ਸ਼ਕਤੀ ਦਾ ਲਾਲਚ ਉਥੋਂ ਦੀ ਸਾਰੀ ਦੌਲਤ ਅਤੇ ਖ਼ੁਰਾਕ ਇਸਦੀਆਂ ਫ਼ੌਜਾਂ ਖਾ ਲੈਂਦੀਆਂ ਹਨ।"*

*"ਉਹ (ਬ੍ਰਿਟਿਸ਼)"*ਉਸਨੇ ਅੱਗੇ ਕਿਹਾ, *" ਜਨਰਲ ਓ'ਡਵਾਇਰ ਦੇ ਕਾਰੇ 'ਤੇ ਭੈ ਭੀਤ ਹੋ ਕੇ ਆਪਣੇ ਹੱਥ ਖੜ੍ਹੇ ਕਰਨ ਦਾ ਬਹਾਨਾ ਤਾਂ ਕਰਨਗੇ, ਪਰ ਓਡਵਾਇਰ ਵਰਗੇ ਹਥਿਆਰ ਉਸ ਸਾਮਰਾਜੀ ਸ਼ਾਸਨ ਵਿਚ ਕਈ ਹਨ. . . . .ਉਹ ਇਹ ਪਾਖੰਡੀ ਰੂਪ ਬੜੀ ਦੇਰ ਤੋਂ ਸਫਲਤਾ ਨਾਲ ਧਾਰੀ ਬੈਠੇ ਹਨ। ਉਹਨਾਂ ਦਾ ਮਖੌਟਾ ਤੋੜਨ ਦੀ ਲੋੜ ਹੈ। ਅੱਜ ਉਹ ਅੱਗੇ ਨਾਲੋਂ ਵਧੇਰੇ ਡਰੇ*

*ਹੋਏ ਹਨ, ਕਿਉਂਕਿ ਅਮਨ ਕਾਨਫ਼ਰੰਸ ਵਿਚ ਉਹਨਾ ਦੇ ਆਚਰਨ ਨੇ ਦੁਨੀਆ ਵਿੱਚ ਉਹਨਾਂ ਨੂੰ ਸ਼ੱਕੀ ਬਣਾ ਦਿੱਤਾ ਹੈ।"*

*ਆਪਣੇ ਭਾਸ਼ਣ ਦੇ ਅੰਤ ਵਿਚ ਉਸਨੇ ਕਿਹਾ, "ਅਸੀਂ ਆਇਰਲੈਂਡ ਵਾਲੇ ਅਤੇ ਤੁਸੀਂ ਭਾਰਤ ਵਾਲੇ, ਅਸੀਂ ਦੋਵੇਂ ਆਪਣੀ ਆਪਣੀ ਥਾਂਈਂ ਯਤਨ ਕਰੀਏ, ਵੱਖ ਵੱਖ ਵੱਖ ਕੌਮਾਂ ਦੇ ਤੌਰ 'ਤੇ ਅਤੇ ਇਕੱਠੇ ਹੋ ਕੇ ਵੀ, ਇਸ ਡਾਇਣ ਤੋਂ ਪਿੱਛਾ ਛੁਡਾਈਏ – ਸਾਡਾ ਟੀਚਾ ਸਾਂਝਾ ਟੀਚਾ ਹੈ। ਅੱਜ ਰਾਤ ਅਸੀ ਇਸ ਮਿਤਰਤਾ ਦੀ ਸਹੁੰ ਖਾਂਦੇ ਹਾਂ ਅਤੇ ਅਸੀਂ ਆਪਣੀਆਂ ਸਾਂਝੀਆਂ ਸ਼ੁਭ–ਕਾਮਨਾਵਾਂ ਆਪਣੇ ਮਿਤਰਾਂ ਨੂੰ ਮਿਸਰ ਅਤੇ ਈਰਾਨ ਵਿਚ ਵੀ ਭੇਜਦੇ ਹਾਂ ਅਤੇ ਉਹਨਾਂ ਨੂੰ ਦੱਸਦੇ ਹਾਂ ਕਿ ਉਹਨਾਂ ਦਾ ਟੀਚਾ (ਕਾਰਜ) ਸਾਡਾ ਕਾਰਜ ਵੀ ਹੈ।"*[134]

ਸੀਨ ਟੀ ਓ'ਸੀਐਲੇਹ, ਆਇਰਿਸ਼ ਗ਼ਣਰਾਜ ਦੇ ਰਾਜਦੂਤ, ਦਾ ਭਾਸ਼ਣ, ਜਿਹੜਾ ਇਕ ਸਮਾਰੋਹ ਵਿਚ ਉਸਨੂੰ ਸਨਮਾਨਿਤ ਕਰਨ ਲਈ ਨਿਊਯਾਰਕ ਵਿਚ ਦਿੱਤਾ ਗਿਆ ਸੀ, ਇਸ ਤੋਂ ਵੀ ਵੱਧ ਤਿੱਖਾ ਅਤੇ ਸਪੱਸ਼ਟ ਸੀ ਅਤੇ ਖਰ੍ਹਵੇ ਢੰਗ ਦਾ ਸੀ। ਓ'ਸੀਐਲੇਹ ਨੇ ਪੈਰਿਸ ਵਿਚ ਹੋਈ ਗ਼ੱਦਾਰ ਅਮਨ ਕਾਨਫ਼ਰੰਸ ਵਿਚ ਆਇਰਿਸ਼ ਰਿਪਬਲਿਕ ਦੀ ਪ੍ਰਤਿਨਿਧਤਾ ਕੀਤੀ ਸੀ। ਉਸਨੇ ਇਹ ਕੋਸ਼ਿਸ਼ ਕੀਤੀ ਸੀ ਕਿ ਇਕ ਪ੍ਰਕਾਰ ਦੀ ਸੰਮਤੀ ਬਣ ਜਾਵੇ ਜਿਸ ਵਿਚ ਭਾਰਤ, ਆਇਰਲੈਂਡ, ਮਿਸਰ, ਦੱਖਣੀ ਅਫ਼ਰੀਕਾ, ਆਦਿ ਦੇ ਪ੍ਰਤਿਨਿਧੀ ਹੋਣ, ਪਰ ਉਸਨੂੰ ਐਸੀ ਸੰਮਤੀ ਬਣਾਉਣ ਲਈ ਦੱਬੇ ਕੁਚਲੇ ਲੋਕਾਂ ਦੀ ਬ੍ਰਿਟਿਸ਼ ਸ਼ਹਿਨਸ਼ਾਹਤ ਦੇ ਵਿਰੁੱਧ ਕੋਈ ਹਿਮਾਇਤ ਨਾ ਮਿਲੀ।

ਉਸਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਕਿ ਮਹਾਨ ਭਾਰਤੀ ਲੋਕਾਂ ਦੀ ਅਗਵਾਈ ਕਾਨਫ਼ਰੰਸ ਵਿਚ ਅੰਗ੍ਰੇਜ਼ ਅਧਿਕਾਰੀ ਕਰ ਰਹੇ ਸਨ, ਜਿਹਨਾਂ ਦੀ ਜੁੰਡਲੀ ਵਚ ਇਕ ਦੋ ਭਾਰਤੀ ਰਾਜੇ ਸਨ ਤਾਂ ਜੋ ਡੈਲੀਗੇਸ਼ਨ ਨੂੰ ਢੁੱਕਵੀਂ ਰੰਗਤ ਦਿੱਤੀ ਜਾ ਸਕੇ। ਆਇਰਿਸ਼ ਰਾਜਦੂਤ ਦਾ ਇਹ ਯਤਨ ਕਿ ਭਾਰਤੀ ਡੈਲੀਗੇਸ਼ਨ ਦੇ ਕੁਛ ਮੈਂਬਰਾਂ ਨਾਲ ਸੰਪਰਕ ਕਰ ਸਕੇ, ਸਫ਼ਲ ਨਾ ਹੋਇਆ ਕਿਉਂਕਿ ਉਹ ਪੂਰੀ ਤਰ੍ਹਾਂ ਸਿਧਾਏ ਹੋਏ ਅਤੇ ਸਿਖਾਲੇ ਹੋਏ ਸਨ, ਧਮਕਾਏ ਹੋਏ ਸਨ ਆਪਣੇ ਬ੍ਰਿਟਿਸ਼ ਹਾਕਮਾਂ ਦੁਆਰਾ ਕਿ ਉਹ ਆਇਰਿਸ਼ ਬਾਗ਼ੀਆਂ ਨਾਲ ਇਕ ਪਲ ਲਈ ਵੀ ਨਹੀਂ ਮਿਲ ਸਕਦੇ ਸਨ।

ਅਤੇ ਹੋਰ ਅਹਿਮ ਗੱਲ ਇਹ ਸੀ ਕਿ ਉਹ ਬਹੁਤ ਹੀ ਕੌੜੇ ਸ਼ਬਦਾਂ ਵਿਚ ਆਇਰਿਸ਼ ਅਫ਼ਸਰਾਂ ਨੂੰ ਕੋਸ ਰਿਹਾ ਸੀ ਜਿਹੜੇ ਭਾਰਤ ਵਿਚ ਬ੍ਰਿਟਿਸ਼ ਫ਼ੌਜ ਜਾਂ ਸਿਵਿਲ ਸਰਵਿਸ ਵਿਚ ਨੌਕਰੀ ਕਰ ਰਹੇ ਸਨ। ਇਹ ਸੀ ਢੰਗ ਜਿਸ ਨਾਲ ਉਹ ਆਪਣਾ ਅੰਤਰ–ਰਾਸ਼ਟਵਾਦ ਦਿਖਾ ਰਿਹਾ ਸੀ, ਜਿਸ ਦੁਆਰਾ ਉਸਨੇ ਬ੍ਰਿਟਿਸ਼ ਸਾਮਰਾਜ ਦੇ ਖੱਬੇ ਪੱਖ ਨੂੰ ਵੀ ਸ਼ਰਮਿੰਦਾ ਕੀਤਾ – ਸਮਾਜਕ ਲੋਕਰਾਜੀ, ਸੰਸ਼ੋਧਨਵਾਦੀ ਅਤੇ ਟਰੋਟਸਕਈ, ਜਿਹੜੇ ਬ੍ਰਿਟੇਨ ਦੀ ਸਾਮਰਾਜੀ ਲੇਬਰ ਪਾਰਟੀ ਦੇ ਹਵਾਈ ਹਮਲੇ ਦੇ ਸ਼ੈਲਟਰ ਬਣੇ ਹੋਏ ਸਨ, ਜਿਹੜੇ ਆਪਣੇ ਹੀ ਸ਼ਾਸਕ ਵਰਗ ਦੇ ਮਜ਼ਲੂਮਾਂ ਦੇ ਪੱਖ ਵਿਚ ਹੋਣ ਤੋਂ ਇਨਕਾਰੀ ਸਨ, ਚਾਹੇ ਉਹ ਯੁਗੋਸਲਾਵੀਆ ਜਾਂ ਇਰਾਕ, ਅਫ਼ਗ਼ਾਨਿਸਤਾਨ ਜਾਂ ਲੀਬਿਆ ਜਾਂ ਸੀਰੀਆਂ ਤੋਂ ਹੋਣ –

"ਸਾਡਾ ਇਹ ਭਾਰਤ ਵੱਲੀਂ ਫ਼ਰਜ਼ ਬਣਦਾ ਹੈ ਕਿਉਂਕਿ ਭਾਰਤ ਦਾ ਕਾਰਜ ਸਾਡਾ ਵੀ ਕਾਰਜ ਹੈ – ਇਹ ਇਕ ਅਛਾਈ ਦਾ ਤਾਕਤ ਵਿਰੁੱਧ ਹੱਕ ਦਾ ਕਾਰਜ ਹੈ, ਇਹ ਸੱਚਾਈ ਅਤੇ ਇਨਸਾਫ਼ ਦਾ ਪਾਖੰਡ ਅਤੇ ਬੁਰਾਈ ਦੁਆਰਾ ਕੀਤੇ ਜਾਂਦੇ ਜ਼ਾਲਮਾਨਾ ਅਤਿਆਚਾਰੀ ਵਤੀਰੇ ਦੇ

ਵਿਰੁੱਧ ਖੜ੍ਹੇ ਹੋਣ ਦਾ ਕਾਰਜ ਹੈ। ਅਸੀਂ, ਆਇਰਿਸ਼ ਰਿਪਬਲੀਕਨ, ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਆਇਰਿਸ਼ ਸੰਗ੍ਰਾਮੀਏ, ਆਪਣਾ ਇਹ ਫ਼ਰਜ਼ ਸਮਝਦੇ ਹਾਂ ਕਿ ਭਾਰਤ ਵਿਚੋਂ *ਸਾਡੀ ਹੋਰ ਕੌਮ ਦੇ ਪਿੱਠੂਆਂ ਨੂੰ* ਬਾਹਰ ਕਢਿਆ ਜਾਵੇ ਤਾਂ ਕਿ ਜੋ ਉਹਨਾਂ ਨੇ ਸਾਡੇ ਚੰਗੇ ਨਾਮ ਨੂੰ ਧੱਬਾ *ਲਾਇਆ ਹੈ ਮਿਟਾਇਆ ਜਾ ਸਕੇ। ਅਸੀਂ ਇਹ ਜ਼ਰੂਰ ਸਮਝੀਏ ਕਿ ਸਾਡਾ ਬਹੁਤ ਹੀ ਗਹਿਰਾ ਫ਼ਰਜ਼ ਹੈ ਕਿ ਅਸੀਂ ਭਾਰਤ ਲਈ ਕੰਮ ਕਰੀਏ, ਭਾਰਤ ਅਤੇ ਮਿਸਰ ਲਈ ਪ੍ਰਚਾਰ ਕਰੀਏ ਜਦ ਤਕ ਉਹ ਪੂਰੀ ਤਰ੍ਹਾਂ ਅਤੇ ਸਦਾ ਲਈ ਜ਼ਾਲਮ ਦੇ ਸ਼ਿਕੰਜੇ ਤੋਂ ਆਜ਼ਾਦ ਨ ਹੋ ਜਾਣ। ਸਾਡਾ ਇਹਨਾਂ ਦੋਹਾਂ ਦੇਸਾਂ ਪ੍ਰਤੀ ਗਹਿਰਾ ਕਰਜ਼ਾ ਹੈ ਕਿਉਂਕਿ ਜੇ ਆਇਰਿਸ਼ ਦਿਮਾਗ਼ ਅਤੇ ਆਇਰਿਸ਼ ਬਾਹੂਬਲ ਨਾ ਲਾਇਆ ਹੁੰਦਾ ਤਾਂ ਇਹ ਦੇਸ ਜਿੱਤੇ ਨਾ ਜਾਂਦੇ, ਲੰਬੀ ਗ਼ੁਲਾਮੀ ਦੇ ਸ਼ਿਕਾਰ ਨਾ ਬਣਦੇ ਅਤੇ ਕੁਚਲੇ ਨਾ ਜਾਂਦੇ। ਜਦ ਤਕ ਆਇਰਲੈਂਡ ਕੋਈ ਠੋਸ ਕਦਮ ਨਹੀਂ ਚੁੱਕਦਾ ਆਪਣਾ ਨਾਮ ਮੁੜ ਉਜਲਾ ਕਰਨ ਲਈ ਅਤੇ ਆਪਣੇ ਆਪ 'ਤੇ ਲੱਗੇ ਇਸ ਦਾਗ਼ ਨੂੰ ਨਹੀਂ ਧੋਂਦਾ ਜੋ ਕੁਕਰਮ ਉਹਨਾਂ ਨੇ ਇੰਗਲੈਂਡ ਦੇ ਲਾਭ ਲਈ ਭਾਰਤ ਵਿਚ ਕੀਤਾ, ਐਸੇ ਲੋਕਾਂ ਨੇ, ਜਿਵੇਂ ਸਰ ਐਂਤੋਨੀ ਮੈਕਡਾਨਲ ਅਤੇ ਸਰ ਮਾਈਕਲ ਓ'ਡਵਾਇਰ, ਸਾਡੇ ਆਇਰਲੈਂਡ ਦੇ ਲੋਕਾਂ ਦਾ ਸਿਰ ਸ਼ਰਮ ਨਾਲ ਝੁਕਿਆ ਰਹੇਗਾ ਜਦ ਵੀ ਭਾਰਤ ਦੇ ਨਾਮ ਦਾ ਜ਼ਿਕਰ ਹੋਵੇਗਾ।"*[135]

ਉਸਦੇ ਛੇਤੀ ਮਗਰੋਂ, 4 ਜੁਲਾਈ 1920 ਨੂੰ, ਹੈਰਾਨ ਕਰਦੀ ਖ਼ਬਰ ਆਈ ਕਿ ਕੱਨਾਟ ਰੇਂਜਰਜ਼ ਦੀ ਤਿੰਨ ਚੌਥਾਈ ਬਟਾਲੀਅਨ ਨੇ ਜਲੰਧਰ, ਪੰਜਾਬ, ਵਿਖੇ ਬਗ਼ਾਵਤ ਕਰ ਦਿੱਤੀ ਹੈ। ਇਸਦੇ ਬਾਅਦ ਕੋਰਟ–ਮਾਰਸ਼ਲ ਦੀ ਕਾਰਵਾਈ ਵਿਚ 69 ਦੇਸ਼ ਭਗਤ ਆਇਰਿਸ਼ ਸਿਪਾਹੀਆਂ ਵਿਚੋਂ 61 1 ਬਗ਼ਾਵਤ ਦੇ ਦੋਸ਼ੀ ਠਹਿਰਾਇਆ ਗਿਆ। ਜਿਹਨਾਂ ਨੂੰ ਦੋਸ਼ੀ ਪਾਇਆ ਗਿਆ ਉਹ ਗੋਲੀ ਮਾਰ ਕੇ ਮਾਰ ਦਿੱਤੇ ਗਏ, ਅਤੇ 47 ਦੀ ਮੌਤ ਦੀ ਸਜ਼ਾ ਘਟਾ ਕੇ ਉਮਰ ਕੈਦ ਜਾਂ ਕੁਝ ਘੱਟ ਦੀ ਸਜ਼ਾ ਦਿੱਤੀ ਗਈ। ਇਹ ਸਪਸ਼ਟ ਨਹੀਂ ਹੈ ਕਿ ਰੇਂਜਰਜ਼ ਦੀ ਬਗ਼ਾਵਤ ਪੰਜਾਬ ਵਿਚ ਬ੍ਰਿਟਿਸ਼ ਅਤਿਆਚਾਰ ਦੇ ਵਿਰੁੱਧ ਸੀ ਜਾਂ ਅੰਤਰਾਸ਼ਟਰੀ ਪੱਧਰ ਦੀ ਮਿੱਤਰਤਾ ਇਸਦੇ ਪਿੱਛੇ ਸੀ ਜਾਂ ਇਹ ਬਗ਼ਾਵਤ ਆਇਰਲੈਂਡ ਵਿਚਲੇ ਘਟਨਾ ਕਰਮ ਨਾਲ ਸੰਬੰਧਤ ਸੀ। ਪਰ ਜੋ ਵੀ ਨਿਰਸੰਦੇਹ ਗਲ ਸੀ ਉਹ ਇਹ ਸੀ ਕਿ ਭਾਰਤੀਆਂ ਨੂੰ ਇਸ ਬਗ਼ਾਵਤ ਦਾ ਵੱਡੇ ਜੋਸ਼ ਨਾਲ ਸਵਾਗਤ ਕੀਤਾ ਸੀ। ਇੰਡੀਅਨ ਨਿਊਜ਼ ਸਰਵਿਸ ਨੇ ਇਸ ਬਾਰੇ ਇੰਜ ਟਿੱਪਣੀ ਕੀਤੀ ਸੀ –

"ਭਾਰਤ ਵਿਚ ਕੀਤੀ ਆਇਰਿਸ਼ ਬਗ਼ਾਵਤ ਨੇ ਭਾਰਤੀ ਆਜ਼ਾਦੀ ਸੰਗ੍ਰਾਮ ਨੂੰ ਵੱਡਾ ਲਾਭ ਪਹੁੰਚਾਇਆ ਹੈ। ਹੁਣ ਸਮਾਂ ਆ ਗਿਆ ਹੈ ਕਿ ਆਇਰਿਸ਼ ਲੋਕ, ਜਿਹੜੇ ਆਇਲੈਂਡ ਦੀ ਆਜ਼ਾਦੀ ਲਈ ਲੜ ਰਹੇ ਹਨ ਵਧੇਰੇ ਵੱਡੀ ਦ੍ਰਿਸ਼ਟੀ ਅਤੇ ਨੀਤੀ ਅਧੀਨ ਕੰਮ ਕਰਨ। ਇਹ ਦੇਖਣ ਕਿ ਸਾਰੇ ਸੰਸਾਰ ਵਿਚ ਉਹ ਸ਼ਕਤੀਆਂ, ਜਿਹੜੀਆਂ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਹਨ, ਇਕੱਠੀਆਂ ਹੋ ਜਾਣ ਆਪਣਾ ਨਿਸ਼ਾਨਾ ਪੂਰਾ ਕਰਨ ਲਈ।"[136]

ਗ਼ਦਰ ਪਾਰਟੀ ਦੇ ਮਾਸਿਕ ਪਰਚੇ, *ਇੰਡੀਪੈਂਡੈਂਟ ਇੰਡੀਆ (ਹਿੰਦੁਸਤਾਨ)* ਦੇ ਪਹਿਲੇ ਅੰਕ ਵਿਚ ਭਾਰਤ ਵਿਚ ਆਇਰਿਸ਼ੀ ਬਗ਼ਾਵਤ ਬਾਰੇ ਇੰਝ ਲਿਖਿਆ ਸੀ –

'ਪੰਜਾਬ, ਭਾਰਤ, ਵਿਚ ਰੱਖੇ ਹੋਏ ਆਇਰਿਸ਼ ਸਿਪਾਹੀਆਂ ਨੇ ਜੋ ਹੁਣੇ–ਹੁਣੇ ਬਗ਼ਾਵਤ ਕੀਤੀ ਹੈ ਇਕ ਨਵੇਂ ਯੁੱਗ ਦਾ ਸੰਕੇਤ ਹੈ। ਉਹਨਾਂ ਦੀ ਮਿਸਾਲ ਬਿਨਾ ਕਿਸੇ ਸ਼ੱਕ ਦੇ ਭਾਰਤੀ ਲੋਕਾਂ ਨੂੰ ਪ੍ਰੇਰਿਤ ਕਰੇਗੀ ਕਿ ਹੁਣ ਆਇਰਿਸ਼ ਸਿਪਾਹੀ ਦੋਹਾਂ ਦੇਸਾਂ ਦੇ ਮਹਾਨ ਲੋਕਾਂ ਵਿਚਲੇ ਸਹਿਯੋਗ ਦੀ ਅਹਿਮੀਅਤ ਨੂੰ ਪਛਾਣ ਰਹੇ ਹਨ ਜਿਹੜੇ ਮਿਲ ਕੇ ਬ੍ਰਿਟੇਨ ਦੀ ਸਰਦਾਰੀ ਦਾ ਅੰਤ ਕਰ

ਸਕਦੇ ਹਨ।"[137]

ਭਾਰਤੀ ਇਨਕਲਾਬੀਆਂ ਨੇ, ਇਸਨੂੰ ਭਾਰਤੀਆਂ ਅਤੇ ਅਇਰਿਸ਼ੀਆਂ ਦੀ ਸੁਤੰਤਰਤਾ ਸੰਗ੍ਰਾਮ ਦਾ ਸਾਂਝਾ ਕਾਰਜ ਜਾਣ ਕੇ, ਆਇਰਿਸ਼ ਦੇ ਘਟਨਾਕ੍ਰਮ ਨੂੰ ਬੜੇ ਧਿਆਨ ਨਾਲ ਜਾਂਚਿਆ ਹੈ, ਜਿਸ ਪ੍ਰਕਾਰ ਆਇਰਿਸ਼ ਇਨਕਲਾਬੀਆਂ ਨੇ ਭਾਰਤ ਦੇ ਸੰਗ੍ਰਾਮ ਨੂੰ। ਉਹਨਾਂ ਨੇ ਇਕ ਦੂਸਰੇ ਨਾਲ ਬਹੁਤ ਹੱਦ ਤਕ ਸਹਿਯੋਗ ਕੀਤਾ ਜਿਸ ਬਾਰੇ ਘੱਟ ਹੀ ਲੋਕ ਜਾਣਦੇ ਹਨ। ਆਇਰਿਲੈਂਡ ਦੇ ਵੀਰਤਾਪੂਰਵਕ ਸੰਘਰਸ਼ ਦੇ ਯੋਧਿਆਂ ਨੇ ਭਾਰਤੀ ਸੰਗ੍ਰਾਮੀਆਂ ਨੂੰ ਬਹੁਤ ਪ੍ਰੇਰਿਤ ਕੀਤਾ ਸੀ।

ਜਦ ਮੈਕਸਵਾਇਨੀ ਦੀ ਮੌਤ ਹੋਈ,[138] ਭਾਰਤ ਵਿਚ ਮਤੇ ਪਾਸ ਕੀਤੇ ਗਏ ਸਨ ਬ੍ਰਿਟਿਸ਼ ਸਾਮਰਾਜ ਨੂੰ ਉਸਦੀ ਮੌਤ ਦੇ ਜ਼ਿਮੇਵਾਰ ਠਹਿਰਾਉਂਦੇ ਹੋਏ।

ਗ਼ਦਰ ਪਾਰਟੀ ਦੇ ਐਕਟਿੰਗ ਸੈਕਟਰੀ, ਬਿਸ਼ਨ ਸਿੰਘ, ਨੇ ਪ੍ਰਧਾਨ ਡਿ ਵਲੇਰਾ ਨੂੰ ਚਿੱਠੀ ਲਿਖੀ ਸੀ ਜਿਸ ਵਿਚ ਬਹੁਤ ਗੁੱਸੇ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ ਸੀ ਬ੍ਰਿਟਿਸ਼ ਦੁਆਰਾ ਮੈਕਸਵਾਇਨੀ ਦਾ ਕਤਲ ਕਰਨ ਲਈ, ਜਿਸ ਵਿਚ ਕਿਹਾ ਸੀ —

*"ਮੈਕ-ਜ਼ਵਾਇਨੀ ਦੁਆਰਾ ਅੰਗ੍ਰੇਜ਼ਾਂ ਦੀ ਸਰਦਾਰੀ ਦਾ ਵਿਰੋਧ ਕਰਨਾ ਬਿਲਕੁਲ ਠੀਕ ਸੀ ਅਤੇ ਸਭ ਨੂੰ ਪ੍ਰੇਰਿਤ ਕਰਦਾ ਹੈ ਆਜ਼ਾਦੀ ਵਾਸਤੇ ਲੜਨ ਲਈ।*

*"ਅਸੀਂ ਆਇਰਿਸ਼ ਦੇਸ਼ ਭਗਤਾਂ ਨੂੰ ਮੁਬਾਰਕ ਦਿੰਦੇ ਹਾਂ ਆਪਣੇ ਦੇਸ ਨੂੰ ਆਜ਼ਾਦ ਕਰਨ ਲਈ ਐਨੇ ਵੀਰਤਾਪੂਰਵਕ ਢੰਗ ਨਾਲ ਅਤਿਆਚਾਰ ਦੇ ਵਿਰੁੱਧ ਖੜ੍ਹੇ ਹੋਣ ਲਈ ਅਤੇ ਅਸੀਂ ਆਪਣਾ ਨਿੱਘਾ ਸਹਿਯੋਗ ਅਤੇ ਦਿਲੀ ਹਮਦਰਦੀ ਪੇਸ਼ ਕਰਦੇ ਹਾਂ।"*

ਅਤੇ *ਇੰਡੀਪੈਂਡੈਂਟ ਹਿੰਦੁਸਤਾਨ* ਨੇ ਮੈਕ-ਸਵਾਇਨੀ ਦੇ ਬ੍ਰਿਟਿਸ਼ ਮਿਲਟਰੀ ਟ੍ਰਿਬਿਊਨਲ ਦੁਆਰਾ ਚਲਾਏ ਮੁਕੱਦਮੇ, ਜਿਸਦੀ ਕਾਨੂੰਨੀ ਕਾਰਵਾਈ ਨੂੰ ਉਸਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਅਤੇ ਕਿਹਾ ਸੀ ਕਿ ਦੁਨੀਆ ਕਦੇ ਵੀ ਉਸਦੇ ਨਾਅਰੇ ਦੀ ਇਹ ਯੁੱਧ ਘੋਸ਼ਣਾ ਨਹੀਂ ਭੁੱਲੇਗੀ, ਬਾਰੇ ਲਿਖਿਆ ਸੀ –

*"ਤੁਸੀ ਸਾਡੀ ਕੀਮਤ ਪਾਉਂਦੇ ਹੋ, ਉਹ ਕਿੰਨੀ ਵੱਡੀ ਵੀ ਹੋਵੇ, ਅਸੀਂ ਆਇਰਲੈਂਡ ਦੀ ਆਜ਼ਾਦੀ ਵਾਸਤੇ ਇਸਦਾ ਆਪਣੇ ਸਭ ਤੋਂ ਵਧੀਆ ਖ਼ੂਨ ਨਾਲ ਚਿਤਰਣ ਕਰਾਂਗੇ।"*[139]

✲✲✲

ਕਾਂਡ 13

# ਗ਼ਦਰ ਪਾਰਟੀ ਅਤੇ ਚੀਨ

ਅਕਤੂਬਰ ਇਨਕਲਾਬ ਦੇ ਗੋਲਿਆਂ ਦਾ ਅਸਰ ਚੀਨ ਉੱਪਰ ਹੋਰ ਦੇਸਾਂ ਨਾਲੋਂ ਵਧੇਰੇ ਹੀ ਹੋਇਆ। ਜਦ ਕਿ ਸਾਮਰਾਜੀ ਪੱਛਮ ਨੇ ਸਦਾ ਹੀ ਚੀਨ ਦੇ ਲੋਕਾਂ ਨੂੰ ਹਰਾਇਆ ਸੀ, ਦਬਾਇਆ ਸੀ ਅਤੇ ਉਹਨਾਂ ਦਾ ਸ਼ੋਸ਼ਣ ਕੀਤਾ ਸੀ, ਰੂਸ ਦੀ ਬੋਲਸ਼ੇਵਿਕ ਸਰਕਾਰ ਨੇ ਚੀਨ ਦੇ ਲੋਕਾਂ ਵੱਲ ਸੱਚੀ ਦੋਸਤੀ ਦਾ ਹੱਥ ਵਧਾਇਆ ਸੀ। ਚੀਨ ਦੇ ਲੋਕਾਂ ਉਪਰ ਸਾਮਰਾਜੀਆਂ ਦੁਆਰਾ ਐਨੇ ਜ਼ੁਲਮ ਢਾਉਣ ਲਈ ਉਹਨਾਂ ਦੀ ਨਿਖੇਧੀ ਕਰਦੇ ਹੋਏ, ਲੈਨਿਨ ਦੀ ਸਰਕਾਰ ਨੇ, ਰੂਸ ਦੇ ਜ਼ਾਰ ਦੇ ਸਮੇ ਜੋ ਵੀ ਫ਼ਾਇਦੇ ਉਠਾਏ ਗਏ ਸੀ ਚੀਨ ਤੋਂ, ਉਹ ਸਭ ਨਕਾਰ ਦਿੱਤੇ, ਨਾਲ ਹੀ ਚੀਨ ਵਿਚ ਬਾਕਸਰ ਮੁਆਵਜ਼ਾ ਅਤੇ ਖਣਜ ਹੱਕ। ਇਸ ਦੇ ਇਲਾਵਾ, ਇਸਨੇ ਚੀਨ ਨੂੰ, ਬਿਨਾ ਕਿਸੇ ਕੀਮਤ ਦੇ, ਹਾਂਕੋ ਵਿਚ ਦੀ ਗ੍ਰੇਟ ਟੀ ਕਾਰਖ਼ਾਨੇ ਦੇਣ ਦੀ ਪੇਸ਼ਕਸ਼ ਵੀ ਕਰ ਦਿੱਤੀ। ਐਸੇ ਕਾਰਜ ਬਿਲਕੁਲ ਲਾਮਿਸਾਲ ਸਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ, ਆਮ ਜਨਤਾ ਤਾਂ ਕੀ, ਚੀਨ ਦੇ ਬੁੱਧੀਜੀਵੀ ਵੀ ਬੋਲਸ਼ਵਿਕਵਾਦ ਨੂੰ ਚੀਨ ਵਾਸਤੇ ਕੋਈ ਖ਼ਤਰਾ ਨਹੀਂ ਸਮਝਦੇ ਸਨ।

ਅਕਤੂਬਰ ਇਨਕਲਾਬ ਦੀ ਵਿਦੇਸ਼ ਨੀਤੀ ਨੂੰ ਮੁੱਖ ਰੱਖਦੇ ਹੋਏ, ਜਿਸਦਾ ਨਿਸ਼ਾਨਾ ਸੀ ਪ੍ਰੋਲੇਤਾਰੀ ਸੰਗਠਨਾਂ ਨੂੰ ਸਾਮਰਾਜੀ ਦੇਸਾਂ ਵਿਚ ਅਤੇ ਗ਼ੁਲਾਮ ਦੇਸਾਂ ਦੀਆਂ ਆਜ਼ਾਦੀ ਲਹਿਰਾਂ ਨੂੰ ਹਿਮਾਇਤ ਦੇਣੀ, ਬ੍ਰਿਟੇਨ ਆਪਣੇ ਦੇਸ ਵਿਚ ਕਿਰਤੀ ਵਰਗ ਨੂੰ ਹੋਰ ਸਾਮਰਾਜੀ ਯਤਨਾਂ ਵੱਲ ਲਾਉਣ ਵਿਚ ਅਸਮਰਥ ਹੋ ਰਿਹਾ ਸੀ, ਕਿਉਂਕਿ, ਯੂ ਐਸ ਆਈ ਦੇ ਸ਼ਬਦਾਂ ਵਿਚ, *"ਜੰਗ ਦੇ ਮਗਰੋਂ ਜੋ ਸਭ ਤੋਂ ਮਹੱਤਵਪੂਰਨ ਤਬਦੀਲੀ ਯੂਰਪ ਵਿਚ ਆਈ ਹੈ ਉਹ ਹੈ ਦੇਸ ਤੋਂ ਵਫ਼ਾਦਾਰੀ ਹੱਟ ਕੇ ਵਰਗ ਨਾਲ ਹੋਣੀ।"*[140]

ਅੰਤਰ-ਰਾਸ਼ਟਰਵਾਦ ਐਨਾ ਉਭਰ ਰਿਹਾ ਸੀ ਜਿੰਨਾ ਪਹਿਲਾਂ ਕਦੇ ਨਹੀਂ। ਇਸ ਦਿਸ਼ਾ ਵਿਚ ਇਕ ਅਹਿਮ ਗੱਲ ਵਾਪਰੀ ਜੋ ਸੀ ਇੰਟਰਨੈਸ਼ਨਲ ਯੂਨੀਅਨ ਆਫ਼ ਓਪ੍ਰੇਸਡ ਪੀਪਲਜ਼ ਆਫ਼ ਦੀ ਈਸਟ (ਪੂਰਬ ਦੇ ਦੱਬੇ ਕੁਲਚੇ ਲੋਕਾਂ ਦਾ ਅੰਤਰ-ਰਾਸ਼ਟਰੀ ਸੰਘ) ਦੀ ਸਥਾਪਨਾ ਜਿਸਦੀ ਪਹਿਲੀ ਕਾਨਫ਼ਰੰਸ ਹਾਂਕੋ ਵਿਚ 1915 ਦੀਆਂ ਗਰਮੀਆਂ ਵਿਚ ਹੋਈ। ਇਸਨੇ, ਭਾਰਤ ਸਮੇਤ, ਕਈ ਦੇਸਾਂ ਦੇ ਇਨਕਲਾਬੀਆਂ ਨੂੰ ਇਕੱਠੇ ਕੀਤਾ। ਗ਼ਦਰ ਇਨਕਿਲਾਬੀਆਂ ਨੇ ਇਸ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਦਸੌਂਧਾ ਸਿੰਘ, ਗੇਂਦਾ ਸਿੰਘ ਅਤੇ ਸ਼ਮਸ਼ੇਰ ਸਿੰਘ ਗ਼ਦਰ ਪਾਰਟੀ ਵੱਲੋਂ ਸ਼ਾਮਿਲ ਹੋਏ।

ਹੋ ਚੀ ਮਿੰਨ, ਜਿਸਨੂੰ ਕੋਮਿਨਟਰਨ ਨੇ ਭੇਜਿਆ, ਇਸ ਸੰਘ ਦੀ ਸਥਾਪਨਾ ਦਾ ਮੁੱਖ ਸੰਸਥਾਪਕ ਸੀ। ਚੀਨ ਪੁੱਜਣ ਤੋਂ ਪਹਿਲਾਂ, ਉਸਨੇ ਸਾਮਰਾਜੀਆਂ ਦੁਆਰਾ ਗੋਰੇ ਪ੍ਰੋਲੇਤਾਰੀਆਂ

ਨੂੰ ਬਸਤੀਆਂ ਦੇ ਲੋਕਾਂ ਨੂੰ ਫ਼ਤਹਿ ਕਰਨ ਲਈ, ਇਕ ਬਸਤੀ ਦੇ ਲੋਕਾਂ ਨੂੰ ਦੂਸਰੀ ਬਸਤੀ ਉਪਰ ਚੜ੍ਹਾਉਣ ਲਈ ਪੂਰੀ ਤਰ੍ਹਾਂ ਨੰਗੇ ਕੀਤਾ, ਅਤੇ ਅੰਤ ਵਿਚ ਬਸਤੀਆਂ ਦੇ ਲੋਕਾਂ ਦੀ ਮਦਦ ਨਾਲ ਗੋਰੇ ਪ੍ਰਲੇਤਾਰੀਆਂ 'ਤੇ ਰਾਜ ਕਰ ਰਹੇ ਸਨ।

ਬ੍ਰਿਟਿਸ਼ ਸਾਮਰਾਜਵਾਦ ਤਾਂ ਸਭ ਤੋਂ ਵੱਧ ਖ਼ੂਨ ਦਾ ਪਿਆਸਾ ਸੀ ਅਤੇ ਚੀਨ ਦੇ ਵਿਰੁੱਧ ਹਮਲੇ ਦੀ ਭਾਵਨਾ ਵਾਲੀ ਸ਼ਕਤੀ ਸੀ। ਅਫ਼ੀਮ ਜੰਗਾਂ ਤੋਂ ਲੈ ਕੇ, ਇਸ ਨੇ ਵਾਰ ਵਾਰ ਨਿਹੱਥੇ ਚੀਨੀਆਂ ਦਾ ਅੰਧਾ ਧੁੰਦ ਕਤਲੇਆਮ ਕੀਤਾ ਸੀ। ਯੂ ਐਸ ਆਈ ਨੇ ਲਿਖਿਆ, *"ਇਹ ਕਤਲੇਆਮ, ਐਨੇ ਜ਼ਰੂਰੀ ਸਨ ਬ੍ਰਿਟਿਸ਼ ਸਾਮਰਾਜ ਨੂੰ ਸਾਥਾਪਿਤ ਕਰਨ ਅਤੇ ਚਲਾਈ ਜਾਣ ਲਈ ਜਿਸ ਪ੍ਰਕਾਰ ਅੰਮ੍ਰਿਤਸਰ ਦਾ ਕਤਲੇ-ਆਮ ਅਤੇ ਭਾਰਤ ਦੇ ਹੋਰ ਸਰਹੱਦੀ ਪਿੰਡਾਂ 'ਤੇ ਰੋਜ਼ ਕੀਤਾ ਜਾਂਦਾ ਕਤਲੇ-ਆਮ ਭਾਰਤ ਵਿਚਲੇ ਸਾਮਰਾਜ ਲਈ ਬਹੁਤ ਜ਼ਰੂਰੀ ਸੀ।"*[141]

ਇਹ ਜਾਣ ਕੇ ਕਿ ਭਾਰਤੀ ਪੁਲਿਸ ਦੇ ਸਿਪਾਹੀ, ਬ੍ਰਿਟਿਸ਼ ਸਾਮਰਾਜ ਦੇ ਭਾੜੇ ਦੇ ਟੱਟੂ ਚੀਨੀ ਆਜ਼ਦੀ ਦੇ ਸੰਗ੍ਰਾਮੀਆਂ ਦੇ ਕਤਲ ਵਿਚ ਸ਼ਾਮਿਲ ਹੋਏ ਸਨ ਅਤੇ ਯੂ ਐਸ ਆਈ ਨੇ, ਬੜੀ ਹੀ ਭਖਦੀ ਸ਼ਰਮ ਨਾਲ ਲਿਖਿਆ ਸੀ, ਜੁਲਾਈ 1925 ਵਿਚ,

*"ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਇਹ ਜਾਣ ਕੇ ਕਿ ਚੀਨ ਵਿਚ ਸਾਡੇ ਭਰਾ ਐਨੇ ਹੇਠਾਂ ਡਿੱਗ ਗਏ ਸਨ ਕਿ ਉਹਨਾਂ ਨੇ ਮਾਸੂਮ ਚੀਨੀਆਂ ਨੂੰ ਮਾਰਿਆ ਸੀ, ਜਿਹਨਾਂ ਨਾਲ ਸਾਡਾ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ ਸੀ . . . ਹੁਣ ਜੋ ਵੀ ਭਾਰਤ ਕਰ ਸਕਦਾ ਹੈ ਉਹ ਇਹ ਹੈ ਕਿ ਆਪਣੇ ਪੁੱਤਰਾਂ ਨੂੰ ਕਹੇ ਕਿ ਚੀਨੀਆਂ ਦੇ ਵਿਰੁੱਧ ਨਾ ਲੜਨ ਅਤੇ ਚੀਨੀਆਂ ਤੋਂ ਮਾਫ਼ੀ ਮੰਗਣ ਭਾਰਤੀ ਸਿਪਾਹੀਆਂ ਦੁਆਰਾ ਕੀਤੇ ਕੁਕਰਮ ਵਾਸਤੇ।"*[142]

ਅਮਰੀਕਾ ਵਿਚ ਰਹਿੰਦੇ ਗ਼ਦਰੀਆਂ ਨੇ ਸੱਚੇ ਦਿਲ ਨਾਲ ਚੀਨ ਦੀ ਸੁਰਖਿਆ ਦਾ ਸਵਾਲ ਉਠਾਇਆ ਅਤੇ ਬ੍ਰਿਟਿਸ਼ ਹਮਲਾਵਰਾਂ ਦੁਆਰਾ ਚੀਨੀਆਂ 'ਤੇ ਅਤਿਆਚਰਾਂ ਦੇ ਵਿਰੁੱਧ ਕਈ ਮਤੇ ਪਾਸ ਕੀਤੇ। ਮੇਰੀਸਵਿਲੇ ਵਿਚ 16 ਅਗਸਤ 1925 ਨੂੰ ਕੀਤੇ ਇਕ ਵੱਡੇ ਜਲਸੇ ਵਿਚ ਬ੍ਰਿਟਿਸ਼ ਇੰਡੀਅਨ ਪੁਲਿਸ ਦੁਆਰਾ ਚੀਨੀ ਕਿਰਤੀਆਂ ਅਤੇ ਵਿਦਿਆਰਥੀਆਂ ਦੇ ਵਹਿਸ਼ੀਆਨਾ ਕਤਲ ਦੀ ਬਹੁਤ ਨਿਖੇਧੀ ਕੀਤੀ ਗਈ ਅਤੇ ਆਪਣੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਅਤੇ ਚੀਨੀ ਆਜ਼ਾਦੀ ਦੀ ਹਿਮਾਇਤ ਕੀਤੀ ਅਤੇ ਸਾਰੇ ਸੰਸਾਰ ਵਿਚ ਆਪਣੇ ਭਾਰਤੀ ਭਰਾਵਾਂ ਨੂੰ ਜ਼ੋਰ ਨਾਲ ਪ੍ਰੇਰਿਆ ਕਿ ਉਹ ਬ੍ਰਿਟਿਸ਼ ਸਰਕਾਰ ਉੱਪਰ ਐਨਾ ਦਬਾਅ ਪਾਉਣ ਕਿ ਉਹ ਚੀਨ ਵਿਚੋਂ ਭਾਰਤੀ ਫ਼ੌਜ ਨੂੰ ਵਾਪਸ ਕਰ ਦੇਣ।

ਸਤੰਬਰ 1925 ਦੇ ਅੰਕ ਵਿਚ, ਯੂ ਐਸ ਆਈ ਨੇ ਹੇਠ ਲਿਖਿਆ ਸ਼ੁਭ ਸਮਾਚਾਰ ਪ੍ਰਕਾਸ਼ਿਤ ਕੀਤਾ –

"ਹਾਂਗ ਕਾਂਗ ਵਿਚ ਤਕਰੀਬਨ ਸੱਤਰ ਬ੍ਰਿਟਿਸ਼ ਪੁਲਿਸਮੈਨਾਂ ਨੇ ਬ੍ਰਿਟਿਸ਼ ਸਰਕਾਰ ਦੀ ਨੌਕਰੀ ਛੱਡ ਦਿੱਤੀ, ਚੀਨੀ ਕਿਰਤੀਆਂ ਦੇ ਹੱਕ ਵਿਚ ਵਾਕ ਆਊਟ ਕਰਦੇ ਹੋਏ, ਜਦ ਬ੍ਰਿਟਿਸ਼ ਸਰਕਾਰ ਨੇ ਉਹਨਾਂ ਉੱਪਰ ਬਹੁਤ ਹੀ ਬੁਰਾ ਤਸ਼ੱਦਦ ਕੀਤਾ, ਹੜਤਾਲ ਅਤੇ ਵਖਾਵਾ ਕਰ ਰਹੇ ਕਿਰਤੀਆਂ ਉੱਪਰ ਗੋਲੀ ਚਲਾਈ। ਉਹਨਾਂ ਨੇ ਕਾਨਟਨ ਦੇ ਚੀਨੀ ਗਵਰਨਰ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਅਤੇ ਕਿਹਾ ਕਿ ਉਹਨਾਂ ਨੂੰ ਕੰਮ ਤੇ ਲਾ ਲਵੇ। ਗਵਰਨਰ ਨੇ ਪਹਿਲਾਂ ਤਾਂ ਕੁਝ ਝਿਜਕ ਦਿਖਾਈ, ਇਹ ਸੋਚ ਕੇ ਕਿ ਉਹ ਭਗੌੜੇ ਸਨ ਪਰ ਇਹਨਾਂ

ਬਹਾਦਰ ਲੋਕਾਂ ਨੇ ਉਸਨੂੰ ਐਸੇ ਢੰਗ ਨਾਲ ਕਿਹਾ, "ਅਸੀਂ ਆਪਣੀਆ ਕਿਸ਼ਤੀਆਂ ਸਾੜ ਦਿੱਤੀਆਂ ਹਨ। ਹੁਣ ਮੁੜਕੇ ਜਾਣ ਦੀ ਤਾਂ ਕੋਈ ਗੱਲ ਹੀ ਨਹੀਂ ਹੈ। ਤੁਸੀਂ ਸਾਨੂੰ ਚੀਨ ਦੇ ਭਲੇ ਲਈ ਵਰਤ ਸਕਦੇ ਹੋ ਜਾਂ ਸਾਨੂੰ ਮਾਰ ਸਕਦੇ ਹੋ – ਜਿਵੇਂ ਤੁਹਾਨੂੰ ਭਾਵੇ।" ਤਦ ਗਵਰਨਰ ਨੇ ਮਹਿਸੂਸ ਕੀਤਾ ਕਿ ਉਹਨਾਂ ਨੇ ਕਿੰਨਾ ਖ਼ਤਰਾ ਮੁਲ ਲਿਆ ਹੈ ਅਤੇ ਕਿਸ ਈਮਾਨਦਾਰੀ ਨਾਲ ਉਹ ਚੀਨ ਦੀ ਮਦਦ ਲਈ ਉੱਤਰੇ ਹਨ ਉਹਨਾਂ ਦੀ ਆਜ਼ਾਦੀ ਦੇ ਸੰਘਰਸ਼ ਵਿਚ। ਉਹਨਾਂ ਨੂੰ ਢੁੱਕਦੇ ਕੰਮਾਂ 'ਤੇ ਲਾ ਲਿਆ।"[143]

ਯੂ ਐਸ ਆਈ ਨੇ ਉਸੇ ਅੰਕ ਵਿਚ ਇਹ ਵੀ ਲਿਖਿਆ ਕਿ ਜਾਪਾਨ ਤੋਂ ਰਾਸ ਬਿਹਾਰੀ ਬੋਸ ਦੁਆਰਾ ਲਿਖੀ ਇਕ ਚਿੱਠੀ ਵਿਚ, ਪ੍ਰਸਿੱਧ ਇਨਕਲਾਬੀ ਅਤੇ ਗ਼ਦਰੀ, ਨੇ ਚੀਨ ਵਿਚ ਇਕ ਦੋਸਤ ਨੂੰ ਲਿਖਿਆ –

*"ਪਰ ਹੁਣ ਮੈਨੂੰ ਵੱਡੇ ਖੇਦ ਨਾਲ ਪਤਾ ਲੱਗਾ ਹੈ ਕਿ ਇਹ ਇਕ ਸਿਖ ਪੁਲਿਸ ਕਰਮੀ ਸੀ ਜਿਸ ਨੇ ਸਾਡੇ ਚੀਨੀ ਭਰਾਵਾਂ 'ਤੇ ਗੋਲੀ ਚਲਾਈ ਸੀ ਇਕ ਬ੍ਰਿਟਿਸ਼ ਅਫ਼ਸਰ ਦੇ ਹੁਕਮ ਨਾਲ। ਇਕ ਭਾਰਤੀ ਹੋਣ ਦੇ ਨਾਤੇ, ਮੈਂ ਸ਼ਰਮ ਨਾਲ ਆਪਣਾ ਸਿਰ ਨੀਵਾਂ ਕਰਦਾ ਹਾਂ ਮੇਰੇ ਇਕ ਸਿਖ ਭਾਰਤੀ ਦੇ ਇਸ ਨਾ ਮੁਆਫ਼ ਕੀਤੇ ਜਾਣ ਵਾਲੇ ਗੁਨਾਹ ਵਾਸਤੇ। ਉਹਨਾਂ ਨੇ ਇਨਸਾਨੀਅਤ ਦੇ ਵਿਰੁੱਧ ਵੱਡਾ ਗੁਨਾਹ ਕੀਤਾ ਹੈ। ਉਹਨਾਂ ਦੇ ਇਕ ਕਰਮ ਨਾਲ ਭਾਰਤ ਮਾਤਾ ਦੇ ਨਾਮ ਨੂੰ ਧੱਬਾ ਲੱਗਾ ਹੈ।"*

ਅੱਗੇ ਬੋਸ ਬ੍ਰਿਟਿਸ਼ ਸਾਮਰਾਜ ਨੂੰ ਕੋਸਦਾ ਹੈ ਇਸਦੇ *"ਬੇਈਮਾਨੀ ਨਾਲ ਭਾਰਤੀ ਮਨੁੱਖ ਸ਼ਕਤੀ ਦਾ ਦੁਰਉਪਯੋਗ ਕਰਨ ਲਈ – ਆਪਣੇ ਨਿਜੀ ਹਿਤਾਂ ਵਾਸਤੇ।"*

ਗ਼ਦਰ ਇਨਕਲਾਬੀਆਂ ਦੇ ਇਲਾਵਾ, ਬਹੁਤ ਸਾਰੇ ਭਾਰਤੀ ਕੌਮਵਾਦੀਆਂ ਨੇ ਆਪਣਾ ਗ਼ੁੱਸਾ ਪ੍ਰਗਟਾਇਆ ਆਪਣੇ ਚੀਨੀ ਭਰਾਵਾਂ, ਜਿਹਨਾਂ ਨਾਲ ਉਹਨਾਂ ਦਾ ਕੋਈ ਝਗੜਾ ਨਹੀਂ ਹੈ, ਉੱਪਰ ਗੋਲੀ ਚਲਾਉਣ ਲਈ ਭਾਰਤੀਆਂ ਦੀ ਵਰਤੋਂ ਕਰਨ ਲਈ।

ਮੋਤੀ ਲਾਲ ਨਹਿਰੂ, ਜਵਾਹਰ ਲਾਲ ਨਹਿਰੂ ਦੇ ਪਿਤਾ, ਨੇ ਬ੍ਰਿਟਿਸ਼ ਲੇਬਰ ਪਾਰਟੀ ਨੂੰ ਇਕ ਤਾਰ ਦਿੱਤੀ ਕਿ ਬ੍ਰਿਟਿਸ਼ ਸਰਕਾਰ ਦੁਆਰਾ ਭਾਰਤੀ ਸਾਧਨਾਂ ਨੂੰ ਚੀਨ ਦੇ ਵਿਰੁੱਧ ਵਰਤਣ ਲਈ ਸਵਰਾਜ ਪਾਰਟੀ, ਜਿਸਦੇ ਉਹ ਮੁਖੀ ਸਨ, ਪੁਰਜ਼ੋਰ ਢੰਗ ਨਾਲ ਨਿਖੇਧੀ ਕਰੇਗੀ ਅਤੇ ਇਸ ਲਈ ਸਾਰੇ ਭਾਰਤੀ ਸਖ਼ਤ ਨਾਰਾਜ਼ਗੀ ਪ੍ਰਗਟ ਕਰਨਗੇ।

ਪ੍ਰਸਿੱਧ ਭਾਰਤੀ ਲੇਖਕ ਡਾ. ਰਾਬਿੰਦਰਨਾਥ ਟੈਗੋਰ ਵੱਲੋਂ ਬਹੁਤ ਹੀ ਸਖ਼ਤ ਸ਼ਬਦਾਂ ਵਿਚ ਦਿਲੋਂ ਭੰਡੀ ਕੀਤੀ ਗਈ ਸੀ ਸਰਕਾਰ ਦੀ ਭਾਰਤੀ ਲੋਕਾਂ ਨੂੰ ਚੀਨੀਆਂ ਨੂੰ ਮਾਰਨ ਲਈ ਵਰਤਣ ਵਾਸਤੇ। ਇਸਨੂੰ ਯੂ ਐਸ ਆਈ ਨੇ ਜੂਨ 1927 ਦੇ ਅੰਕ ਵਿਚ ਪ੍ਰਕਾਸ਼ਿਤ ਕੀਤਾ ਸੀ। ਟੈਗੋਰ ਨੇ ਲਿਖਿਆ –

*"ਬ੍ਰਿਟਿਸ਼ ਸਰਕਾਰ ਦੀ ਚੀਨ ਦੇ ਵਿਰੁੱਧ ਅਜੋਕੀ ਮੁਹਿੰਮ ਇਨਸਾਨੀਅਤ ਦੇ ਵਿਰੁੱਧ ਵੱਡਾ ਜੁਰਮ ਹੈ, ਅਤੇ ਸਾਡੇ ਲਈ ਵੱਡੀ ਸ਼ਰਮ ਦਾ ਬਾਇਸ ਹੈ ਕਿ ਭਾਰਤ ਨੂੰ ਇਸ ਖੇਡ ਵਿਚ ਮੁਹਰਾ ਬਣਾਇਆ ਜਾ ਰਿਹਾ ਹੈ, ਜਿਸ ਨਾਲ ਆਪਣੀਆਂ ਭੈੜੀਆਂ ਗੋਂਦਾਂ ਨੂੰ ਚੀਨ ਦੇ ਵਿਰੁੱਧ ਲਾਗੂ ਕੀਤਾ ਜਾ ਰਿਹਾ ਹੈ। ਇਸਦਾ ਸਿੱਟਾ ਇਹ ਹੈ ਕਿ ਉਹਨਾਂ ਦਾ ਸਾਰਾ ਗੁੱਸਾ ਅਤੇ ਨਫ਼ਰਤ ਭਾਰਤੀਆਂ ਵਿਰੁੱਧ ਪ੍ਰਗਟਾਇਆ ਜਾ ਰਿਹਾ ਹੈ ਅਤੇ ਉਹ ਸਾਨੂੰ ਦੈਂਤ ਕਹਿਣ ਲੱਗ*

*ਪਏ ਹਨ।"*

*ਉਸਨੇ ਅੱਗੇ ਕਿਹਾ, "ਗ਼ੁਲਾਮ ਤਾਂ ਅਸੀ ਹਾਂ ਹੀ, ਪਰ ਸਾਡੇ ਲਈ ਹੋਰ ਵੀ ਸ਼ਰਮ ਦੀ ਗੱਲ ਹੈ ਕਿ ਸਾਨੂੰ ਹੋਰਨਾਂ ਨੂੰ ਗ਼ੁਲਾਮ ਕਰਨ ਲਈ ਹਥਕੜੀਆਂ-ਬੇੜੀਆਂ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। . . . . ਇਹੀ ਕਾਰਨ ਹੈ ਭਾਰਤ ਨੂੰ ਹੋਰ ਏਸ਼ੀਅਨ ਸ਼ਕਤੀਆਂ ਆਪਣੀ ਆਜ਼ਾਦੀ ਲਈ ਆਫ਼ਤ ਗਿਣਦੀਆਂ ਹਨ।"*

ਬੜੇ ਭਰੇ ਹੋਏ ਦਿਲ ਨਾਲ, ਟੈਗੋਰ ਕਹੀ ਗਿਆ –

*"ਭਾਰਤ ਵਿਚ ਅੰਗ੍ਰੇਜ਼ ਆਪਣੀ ਮਨਮਾਨੀ ਕਰੀ ਜਾਣ, ਪਰ ਉਹ ਸਾਨੂੰ ਇੰਜ ਮਜਬੂਰ ਨਾ ਕਰਨ ਕਿ ਅਸੀ ਚੀਨ ਦੇ ਵਿਰੁੱਧ ਇਹ ਘੋਰ ਅਪਰਾਧ ਕਰੀਏ। ਉਹ ਬੇਸਹਾਰੇ ਲੋਕਾਂ ਦਾ ਅਪਵਿੱਤਰ ਸ਼ੋਸ਼ਣ ਨਾ ਕਰਨ, ਹੋਰ ਲੋਕਾਂ ਨੂੰ ਨਾ ਲੁੱਟੀ ਜਾਣ, ਉਹਨਾਂ ਦੀ ਵਿਰਾਸਤ ਨੂੰ ਨਾ ਬਰਬਾਦ ਕਰਨ। ਉਹ ਆਪਣੇ ਕਾਨੂੰਨ ਦੇ ਇੰਜਨ ਨੂੰ ਬਿਨਾ ਰੋਕ ਵਾਹੀ ਜਾਣ, ਪਰ ਸਾਨੂੰ, ਰੱਬ ਦੇ ਵਾਸਤੇ, ਆਪਣੇ ਨਿਰਾਦਰ ਦਾ ਪਿਆਲਾ ਪੀਣ ਲਈ ਇਕੱਲੇ ਛੱਡ ਦੇਣ, ਸਾਡੀ ਧਰਤੀ ਦੀਆਂ ਚਾਰੋ ਹੱਦਾਂ ਵਿਚਕਾਰ, ਅਤੇ ਦੁਨੀਆਂ ਸਾਹਮਣੇ ਸਾਡਾ ਇਸ ਪ੍ਰਕਾਰ ਦਾ ਵਖਾਵਾ ਨਾ ਕਰਨ. . . . ."*[144]

10–15 ਫਰਵਰੀ 1927 ਵਿਚ, ਲੀਗ ਅਗੇਂਸਟ ਇੰਪੀਰੀਅਲਇਜ਼ਮ ਨੇ ਬ੍ਰਸੱਲਜ਼ ਵਿਚ ਇਕ ਕਾਨਫ਼ਰੰਸ ਕੀਤੀ, ਜਿਸ ਵਿਚ ਬਸਤੀਆਂ ਦੇ ਲੋਕਾਂ ਦੀ ਕੌਮੀ ਆਜ਼ਾਦੀ ਦਾ ਮਸਲਾ ਸਾਹਮਣੇ ਆਇਆ। ਰਤਨ ਸਿੰਘ ਅਤੇ ਬਰਕਤ ਉੱਲ੍ਹਾ ਨੇ ਕਾਨਫ਼ਰੰਸ ਵਿਚ ਗ਼ਦਰ ਪਾਰਟੀ ਦੀ ਪ੍ਰਤਿਨਿਧਤਾ ਕੀਤੀ, ਜਿਸ ਵਿਚ ਸਭ ਤੋਂ ਭਖਦਾ ਮੁੱਦਾ ਸੀ ਚੀਨੀਆਂ ਦਾ ਸੁਤੰਤਰਤਾ ਸੰਘਰਸ਼। ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਤੀਨਿਧਤਾ ਕਰਦੇ ਹੋਏ, ਜਵਾਹਾਰ ਲਾਲ ਨਹਿਰੂ, ਜਿਹੜਾ ਉਸ ਵੇਲੇ ਅਗਾਂਹਵਧੂ ਕੌਮਪ੍ਰਸਤ ਸੀ, ਨੇ ਇਹਨਾਂ ਸ਼ਬਦਾਂ ਵਿਚ ਕਾਨਫ਼ਰੰਸ ਨੂੰ ਸੰਬੋਧਨ ਕੀਤਾ ਸੀ –

"ਭਾਰਤੀ ਕੌਮੀ ਲਹਿਰ ਨੇ ਬਹੁਤ ਹੀ ਗਰਮਜੋਸ਼ੀ ਅਤੇ ਹਮਦਰਦੀ ਨਾਲ ਚੀਨੀ *ਕੌਮਪ੍ਰਸਤਾਂ ਦੀ ਸਫ਼ਲਤਾ ਦਾ ਸਵਾਗਤ ਕੀਤਾ ਹੈ। ਇਹ ਬੜੀ ਸ਼ਰਮ ਅਤੇ ਅਫ਼ਸੋਸ ਦੀ ਗੱਲ ਹੈ ਕਿ ਬ੍ਰਿਟਿਸ਼ ਸਰਕਾਰ ਭਾਰਤੀ ਫ਼ੌਜ ਨੂੰ ਚੀਨ ਵਿਚ ਚੀਨੀਆਂ ਨੂੰ ਦਬਾਉਣ ਹਿੱਤ ਭੇਜੇ। ਅੱਜ ਭਾਰਤ ਚੀਨ ਦੇ ਨਾਲ ਹੈ, ਇਸ ਲਈ ਨਹੀ ਕਿ ਇਸਦੀ ਉਸ ਨਾਲ ਹਮਦਰਦੀ ਹੈ ਪਰ ਇਸ ਲਈ ਕਿ ਇਹ ਮਹਿਸੂਸ ਕਰਦਾ ਹੈ ਕਿ ਚੀਨ ਦੀ ਸਫ਼ਲ ਜੰਗ ਸਾਮਰਾਜ ਦੇ ਪਤਨ ਦਾ ਕਾਰਨ ਬਣੇਗੀ। ਜਿਵੇਂ ਪਹਿਲਾਂ ਤੋਂ ਹੁੰਦਾ ਆਇਆ ਹੈ, ਸਾਮਰਾਜਵਾਦ ਇਕ ਗ਼ੁਲਾਮ ਦੇਸ ਨੂੰ ਦੂਸਰੇ ਨੂੰ ਦਬਾਉਣ ਲਈ ਵਰਤ ਰਿਹਾ ਹੈ, ਪਰ ਉਸਦੀ ਕਮਜ਼ੋਰੀ ਦੇ ਬਾਵਜੂਦ, ਭਾਰਤ ਐਨਾ ਕਮਜ਼ੋਰ ਨਹੀਂ ਹੈ ਕਿ ਆਪਣੇ ਆਪਨੂੰ ਸਾਮਰਾਜੀ ਖੇਡ ਦਾ ਮੁਹਰਾ ਬਣਨ ਦੇਵੇ।"*[145]

ਚੀਨ ਸੰਬੰਧੀ, ਬ੍ਰਸੱਲਜ਼ ਕਾਨਫ਼ਰੰਸ ਨੇ ਇਕ ਮਤੇ ਵਿਚ ਇਹ ਮੰਗ ਕੀਤੀ – *"ਚੀਨ ਵਿਚੋਂ ਵਿਦੇਸ਼ੀ ਹਥਿਆਰਬੰਦ ਫ਼ੌਜਾਂ ਝੱਟ ਪਟ ਵਾਪਸ ਕਰ ਲਈਆਂ ਜਾਣ।"*

7 ਫਰਵਰੀ, 1927 ਨੂੰ ਇਕ ਵਿਸ਼ੇਸ ਮੀਟਿੰਗ ਵਿਚ ਗ਼ਦਰ ਪਾਰਟੀ ਨੇ ਪਹਿਲਾਂ ਹੀ ਸਰਬ ਸੰਮਤੀ ਨਾਲ ਇਕ ਮਤਾ ਪਾਸ ਕੀਤਾ ਸੀ ਜਿਸ ਵਿਚ ਇਸਨੇ ਪੂਰੀ ਤਰ੍ਹਾਂ ਕੂਮਨਤਾਂਗ

ਦੇ ਆਜ਼ਾਦੀ ਪ੍ਰਾਪਤ ਕਰਨ ਦੇ ਕੌਮੀ ਪ੍ਰੋਗਰਾਮ ਦੀ ਹਿਮਾਇਤ ਕੀਤੀ ਸੀ, ਅਤੇ ਹਰ ਭਾਰਤੀਆਂ ਦੁਆਰਾ, ਅੰਗ੍ਰੇਜ਼ਾਂ ਦੇ ਦਬਾਅ ਹੇਠ ਚੀਨੀਆਂ ਉੱਪਰ ਹਰ ਪ੍ਰਕਾਰ ਦੀ ਹਿੰਸਾ ਦੀ ਨਿਖੇਧੀ ਕੀਤੀ ਸੀ। ਪਾਰਟੀ ਅੱਗੇ ਇਹ ਵੀ ਮਤਾ ਪਾਸ ਕੀਤਾ ਸੀ ਕਿ ਬ੍ਰਿਟਿਸ਼ ਸਾਮਰਾਜ ਦੀ ਚੀਨ ਦੇ ਖ਼ਿਲਾਫ਼ ਹਰ ਜੰਗ ਦਾ, ਹਰ ਉਪਲਬਧ ਵਸੀਲਿਆਂ ਨਾਲ, ਵਿਰੋਧ ਕੀਤਾ ਜਾਵੇ। ਉਸਨੇ ਸਾਰੇ ਭਾਰਤੀਆਂ ਨੂੰ ਪ੍ਰੇਰਿਆ ਕਿ ਉਹ ਹਰ ਪ੍ਰਕਾਰ ਦੀ, ਜਿੰਨੀ ਉਹਨਾਂ ਦੇ ਵੱਸ ਵਿਚ ਹੈ, ਚੀਨੀਆਂ ਦੀ ਸਹਾਇਤਾ ਕਰਨ ਅਤੇ ਬ੍ਰਿਟਿਸ਼ ਸਰਕਾਰ ਦੇ ਹਰ ਕੋਝੇ ਯਤਨ ਦਾ ਵਿਰੋਧ ਕਰਨ ਜਿਸ ਨਾਲ ਦੋਹਾਂ ਦੇਸਾਂ, ਭਾਰਤ ਅਤੇ ਚੀਨ, ਵਿਚਕਾਰ ਮਿੱਤਰਤਾ ਦੇ ਸੰਬੰਧਾਂ ਨੂੰ ਠੇਸ ਪੁੱਜਦੀ ਹੋਵੇ.?"[146]

ਮੁਨਸ਼ਾ ਸਿੰਘ, ਗ਼ਦਰ ਪਾਰਟੀ ਦੇ ਸੈਕਟਰੀ, ਨੇ ਇਹੋ ਜਿਹਾ ਸੁਨੇਹਾ ਕੂਮਨਤਾਂਗ ਨੂੰ ਵੀ ਭੇਜਿਆ ਜਿਸ ਵਿਚ ਪਾਰਟੀ ਦੀ "ਚੀਨ ਦੀ ਆਜ਼ਾਦੀ ਦੀ ਲਹਿਰ ਦੀ ਜੰਗ ਵਿਚ ਗਹਿਰੀ ਹਮਦਰਦੀ ਪ੍ਰਗਟਾਈ, ਅਤੇ "ਸਾਰੇ ਹੀ ਹਿੰਦੁਸਤਾਨੀਆਂ ਨੂੰ ਬੇਨਤੀ ਕੀਤੀ ਕਿ ਉਹ ਚੀਨ ਦੀਆਂ ਕੌਮੀ ਤਾਕਤਾਂ ਨਾਲ ਸਹਿਯੋਗ ਕਰਨ। ਨਾਲ ਇਹ ਵੀ ਕਿਹਾ:

"ਹਿੰਦੁਸਤਾਨ ਗ਼ਦਰ ਪਾਰਟੀ ਹਰ ਉਸ ਹਿੰਦੂ (ਭਾਰਤੀ) ਨੂੰ ਜਿਸਨੇ ਚੀਨੀਆਂ 'ਤੇ ਗੋਲੀ ਚਲਾਈ ਸੀ, ਗ਼ੱਦਾਰ ਗਿਣਦੀ ਹੈ।"[147]

ਚੀਨੀ ਲੋਕਾਂ ਵਾਸਤੇ ਵੱਡੀ ਉਤਸ਼ਾਹ ਦੇ ਸਰੋਤ ਹੋਣ ਦੇ ਇਲਾਵਾ, ਗ਼ਦਰੀਆਂ ਦੀ ਇਹ ਸ਼ਾਨਦਾਰ ਮਿਸਾਲ ਪ੍ਰੋਲੇਤਾਰੀ ਅੰਤਰ-ਰਾਸ਼ਟਰਵਾਦ ਦਾ ਪ੍ਰਤੀਕ ਹੈ। ਬ੍ਰਿਟਿਸ਼ ਇੰਡੀਅਨ ਪੁਲਿਸ ਅਤੇ ਫ਼ੌਜ ਵਿਚ ਉਹਨਾਂ ਦੇ ਖ਼ਤਰੇ ਪੂਰਨ ਕੰਮ ਦੁਆਰਾ, ਅਤੇ ਕੁਝ ਵਰਗਾਂ ਨੂੰ ਇਹ ਮਨਾ ਕੇ ਕਿ ਉਹ ਬ੍ਰਿਟਿਸ਼ ਸਾਮਰਾਜ ਤੋਂ ਵੱਖ ਹੋ ਜਾਣ ਅਤੇ ਚੀਨੀਆਂ ਦਾ ਸਾਥ ਦੇਣ, ਗ਼ਦਰੀਆਂ ਨੇ ਬਹੁਤ ਹੀ ਦੇਰ-ਪਾ (ਚਿਰ ਤਕ ਰਹਿਣ ਵਾਲੇ) ਯਤਨ ਕੀਤਾ ਸਾਰੇ ਹੀ ਸੰਸਾਰ ਵਿਚ ਦੱਬੇ ਕੁਚਲੇ ਲੋਕਾਂ ਦੀ ਗੁਲਾਮੀ ਦੇ ਸ਼ਿਕੰਜੇ ਵਿਚੋਂ ਆਜ਼ਾਦੀ ਦੇ ਸੰਘਰਸ਼ ਵਿਚ ਸਹਾਈ ਹੋਣ ਲਈ।

ਗ਼ਦਰ ਪਾਰਟੀ ਦੇ ਸਥਾਨਕ ਪ੍ਰਤਿਨਿਧੀ, ਦਸਵੰਧਾ ਸਿੰਘ ਨੇ ਨੇ ਇਹ ਮਾਣ ਮੱਤਾ ਪੱਤਰ ਆਪਣੀ ਪਾਰਟੀ ਨੂੰ ਭੇਜਿਆ –

*"ਆਪਣੀ ਪਾਰਟੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ, ਅਸੀ ਚੀਨ ਅਤੇ ਅਮਰੀਕਾ ਵਿਚਲੇ ਭਾਰਤੀ ਭਰਾਵਾਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਅਸੀਂ ਆਪਣੇ ਪਵਿੱਤਰ ਫ਼ਰਜ਼ ਅਦਾ ਕਰਦੇ ਰਹਾਂਗੇ ਅਤੇ ਆਪਣੇ ਚੀਨੀ ਸਾਥੀਆਂ ਨਾਲ ਹਰ ਪ੍ਰਕਾਰ ਦਾ ਸਹਿਯੋਗ ਕਰਾਂਗੇ ਬ੍ਰਿਟਿਸ਼ ਸਾਮਰਾਜ ਨੂੰ ਤਬਾਹ ਕਰਨ ਲਈ। ਸਾਨੂੰ ਆਪਣੀਆਂ ਜ਼ਿੰਦਗੀਆਂ ਆਪਣੇ ਚੀਨੀ ਭਰਾਵਾਂ ਦੇ ਹਵਾਲੇ ਕਰਦਿਆਂ ਖ਼ੁਸ਼ੀ ਹੋ ਰਹੀ ਹੈ ਤਾਂ ਜੋ ਚੀਨੀ ਇਨਕਲਾਬ ਦੀ ਜਿੱਤ ਹੋਵੇ।*

*"ਸਾਡਾ ਇਹ ਵਿਸ਼ਵਾਸ ਹੈ ਕਿ ਚੀਨ ਵਾਸਤੇ ਆਪਣੀ ਜਾਨ ਕੁਰਬਾਨ ਕਰਨ ਵਿਚ ਅਸੀ ਭਾਰਤ ਲਈ ਆਪਣੀ ਜਾਨ ਕੁਰਬਾਨ ਕਰ ਰਹੇ ਹਾਂ। ਚੀਨੀ ਇਨਕਲਾਬ ਦੀ ਜਿੱਤ ਦਾ ਮਤਲਬ ਹੈ ਭਾਰਤੀ ਆਜ਼ਾਦੀ ਦੀ ਲੜਾਈ ਦੀ ਜਿੱਤ।"*[148]

ਤੇ ਫੇਰ ਇਹ ਖ਼ੁਸ਼ਖ਼ਬਰੀ ਆਈ, ਜੋ ਯੂ ਅਸ ਆਈ ਦੇ ਇਕ ਸੰਵਾਦਦਾਤਾ ਨੇ ਦਿੱਤੀ, ਕਿ ਹਾਂਕੋ, ਹਾਂਗ ਕਾਂਗ ਵਿਖੇ ਭਾਰਤੀ ਪੁਲਿਸ ਚੀਨੀ ਸਰਕਾਰ ਵੱਲ ਹੋ ਗਈ ਹੈ, ਜਦ ਹਾਂਕੋ

ਵਿਚਲੀ ਬ੍ਰਿਟਿਸ਼ 'ਰਿਆਇਤ' ਦੇ ਪਤਨ ਮਗਰੋਂ ਇਹ ਕੈਨਟੋਨੀਆਂ ਦੇ ਹੱਥ ਚਲੀ ਗਈ ਹੈ।

ਇਹ ਵੀ ਅਫ਼ਵਾਹ ਉੱਡ ਰਹੀ ਸੀ ਕਿ ਸ਼ੰਘਾਈ ਵਿਚਲੀਆਂ ਭਾਰਤੀ ਫ਼ੌਜਾਂ ਸ਼ਾਇਦ ਚੀਨ ਦੀ ਕੌਮੀ ਸਰਕਾਰ ਨਾਲ ਮਿਲ ਜਾਣ। ਕੁਦਰਤੀ ਗੱਲ ਸੀ ਬ੍ਰਿਟਿਸ਼ ਸਰਕਾਰ ਦਾ ਇਹਨਾਂ ਘਟਨਾਵਾਂ 'ਤੇ ਬਹੁਤ ਨਾਰਾਜ਼ ਹੋ ਜਾਣਾ, ਜਿਨ੍ਹਾਂ ਵੱਲ ਉਹ ਚੁੱਪ ਚਾਪ ਹੀ ਨਹੀਂ ਦੇਖਦੀ ਰਹਿ ਸਕਦੀ ਸੀ। ਉਹ ਇਹ ਨਹੀਂ ਬਰਦਾਸ਼ਤ ਕਰ ਸਕਦੇ ਸਨ ਕਿ ਬ੍ਰਿਟਿਸ਼ ਵਿਰੋਧੀ ਅਤੇ ਚੀਨ ਪੱਖੀ ਲਹਿਰ ਦੇ ਲੀਡਰ ਉੱਥੇ ਬਹੁਤ ਦੇਰ ਤਕ ਕੰਮ ਕਰ ਸਕਣ। ਇਸ ਲਈ ਉਸਨੇ ਗ਼ੈਰ ਕਾਨੂੰਨੀ ਤੌਰ 'ਤੇ (ਕਿਉਂਕਿ ਉਸ ਕੋਲ ਸ਼ੰਘਾਈ ਵਿਚ ਐਸਾ ਕੋਈ ਅਧਿਕਾਰ ਨਹੀਂ ਸੀ) ਦਸੌਂਧਾ ਸਿੰਘ, ਗੇਂਦਾ ਸਿੰਘ ਅਤੇ ਗੱਜਣ ਸਿੰਘ ਨੂੰ ਇਹ ਇਲਜ਼ਾਮ ਲਗਾ ਕੇ ਸ਼ੰਘਾਈ ਵਿਚ ਗ੍ਰਿਫ਼ਤਾਰ ਕਰ ਲਿਆ ਕਿ ਉਹ ਬਗ਼ਾਵਤੀ ਸੁਰ ਅਪਣਾ ਰਹੇ ਹਨ ਅਤੇ ਛੇਤੀ ਨਾਲ ਉਹਨਾਂ ਉੱਪਰ ਖ਼ੁਫ਼ੀਆ ਮੁਕੱਦਮਾ ਚਲਾ ਕੇ, ਉਹਨਾਂ ਨੂੰ ਇਕ ਇਕ ਸਾਲ ਦੀ ਕੈਦ-ਬਾਮੁਸ਼ੱਕਤ ਦੀ ਸਜ਼ਾ ਦੇ ਦਿੱਤੀ, ਜਿਸਦੇ ਮਗਰੋਂ ਉਹਨਾਂ ਨੂੰ ਭਾਰਤ ਭੇਜ ਦੇਣਾ ਸੀ।

ਇਹਨਾਂ ਦੇਸ਼ ਭਗਤਾਂ ਨੇ ਹਿੰਦ ਅਤੇ ਚੀਨ ਵਿਚਕਾਰ ਭਰਾਵਾਂ ਵਾਲੇ ਸੰਬੰਧ ਸਥਾਪਿਤ ਕਰਨ ਹਿਤ ਬਹੁਤ ਹੀ ਵਧੀਆ ਕੰਮ ਕੀਤਾ ਸੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਉਹਨਾਂ ਦੇ ਵਿਚਕਾਰ ਨ ਟੁੱਟਣ ਵਾਲੀ ਦੋਸਤੀ ਹੈ ਕਿਉਂਕਿ ਉਹਨਾਂ ਦੀ ਸਾਮਰਾਜੀ ਦਮਨ ਦੇ ਵਿਰੁੱਧ ਸਾਂਝੀ ਲੜਾਈ ਸੀ। ਜੇ ਉਹਨਾਂ ਦੀਆਂ ਇਸ ਪ੍ਰਕਾਰ ਦੀਆਂ ਨਿਸ਼ਕਾਮ ਅਤੇ ਵੀਰਤਾ ਭਰਪੂਰ ਕੋਸ਼ਿਸ਼ਾਂ ਨਾ ਕੀਤੀਆਂ ਹੁੰਦੀਆਂ ਤਾਂ ਭਾਰਤੀ ਅਤੇ ਚੀਨੀ ਇਸ ਦਲੇਰਾਨਾ ਢੰਗ ਨਾਲ ਇਕੱਠੇ ਖੜ੍ਹੇ ਨ ਹੁੰਦੇ ਅਤੇ ਬ੍ਰਿਟਿਸ਼ ਨਾਲ ਮਿਲ ਕੇ ਚੀਨ ਦੀ ਆਜ਼ਾਦੀ ਨੂੰ ਖ਼ਤਰੇ ਵਿਚ ਪਾਉਣ ਤੋਂ ਨਾਂਹ ਨਾ ਕਰਦੇ।

ਹਾਂਕੋ ਤੋਂ, ਦਸੌਂਧਾ ਸਿੰਘ, ਚਰਨ ਸਿੰਘ ਅਤੇ ਇੰਦਰ ਸਿੰਘ ਨੇ ਇਕ ਦੋ ਮਾਸਿਕ ਪਰਚਾ *ਹਿੰਦੁਸਤਾਨ ਗ਼ਦਰ ਢੰਡੌਰਾ* ਪੰਜਾਬੀ ਵਿਚ 1927 ਦੇ ਸ਼ੁਰੂ ਵਿਚ ਪ੍ਰਕਾਸ਼ਿਤ ਕੀਤਾ। ਇਸਦਾ ਮੰਤਵ ਸੀ ਭਾਰਤ ਅਤੇ ਚੀਨ ਵਿਚਕਾਰ ਦੋਸਤੀ ਅਤੇ ਸਹਿਯੋਗ ਦਾ ਪ੍ਰਚਾਰ ਕਰਨਾ ਅਤੇ ਬ੍ਰਿਟਿਸ਼ ਭਾਰਤੀ ਸਿਪਾਹੀਆਂ ਅਤੇ ਚੀਨ ਵਿਚ ਰਹਿੰਦੇ ਪੰਜਾਬੀਆਂ ਨੂੰ ਪ੍ਰੇਰਿਤ ਕਰਨਾ ਕਿ ਚੀਨ ਦੀ ਆਜ਼ਾਦੀ ਦੀ ਲੜਾਈ ਵਿਚ ਚੀਨ ਦੀ ਸਹਾਇਤਾ ਕਰਨ। ਬ੍ਰਿਟਿਸ਼ ਖ਼ੁਫ਼ੀਆ ਮਹਿਕਮੇ ਅਨੁਸਾਰ, ਇਸ ਪਰਚੇ ਦਾ ਤੀਸਰਾ ਅੰਕ ਤਾਂ ਬਹੁਤ ਹੀ ਬਗ਼ਾਵਤੀ ਸੀ। ਇਸ ਵਿਚ ਇਕ ਅਪੀਲ ਛਪੀ ਸੀ *"ਚੀਨ ਵਿਚ ਭਾਰਤੀ ਫ਼ੌਜ ਦੀ ਡਿਊਟੀ"*, ਜੋ ਇਸ ਪ੍ਰਕਾਰ ਸੀ –

*"ਚੀਨ ਦੇ ਸਾਊ ਪੁੱਤਰ ਆਪਣੇ ਦੇਸ ਦੀ ਆਜ਼ਾਦੀ ਲਈ ਲੜ ਰਹੇ ਹਨ। ਭਾਰਤ ਦੀ ਆਜ਼ਾਦੀ ਅਤੇ ਚੀਨ ਦੀ ਆਜ਼ਾਦੀ ਦਾ ਆਪਸ ਵਿਚ ਗਹਿਰਾ ਸੰਬੰਧ ਹੈ। ਚੀਨ ਦੀ ਆਜ਼ਾਦੀ ਦੇ ਦਿਨ ਭਾਰਤੀ ਦੀ ਆਜ਼ਾਦੀ ਦੂਰ ਨਹੀਂ ਰਹਿ ਜਾਵੇਗੀ। ਇਹ ਭਾਰਤੀਆਂ ਦੀ ਡਿਊਟੀ ਹੈ ਕਿ ਉਹ ਚੀਨ ਦੀ ਨੈਸ਼ਨਲ ਪਾਰਟੀ ਦੀ ਸਹਾਇਤਾ ਕਰਨ ਤਾਂ ਜੋ ਉਹਨਾਂ ਨੂੰ ਭਾਰਤ ਨੂੰ ਆਜ਼ਾਦ ਦੇਖਣ ਦੀ ਖ਼ੁਸ਼ੀ ਪ੍ਰਾਪਤ ਹੋ ਸਕੇ। ਓਹ! ਭਾਰਤੀ ਸੈਨਾ ਦੇ ਬਹਾਦਰੋ . . ਚੀਨ ਦੇ ਯੋਧੇ ਆਪਣੇ ਫ਼ੌਜੀ ਕਰਤਬ ਜੰਗ ਦੇ ਮੈਦਾਨ ਵਿਚ ਦਿਖਾ ਰਹੇ ਹਨ ਅਤੇ ਦਿਨ-ਰਾਤ ਸਫ਼ਲਤਾ ਪ੍ਰਾਪਤ ਕਰ ਰਹੇ ਹਨ। ਇਸੇ ਪ੍ਰਕਾਰ ਭਾਰਤੀ ਸੈਨਾ ਦਾ ਵੀ ਫ਼ਰਜ਼ ਹੈ ਕਿ ਇਕ ਆਮ ਬਗ਼ਾਵਤ ਕਰ ਦੇਣ ਅਤੇ ਨਾਇਨਸਾਫ਼ ਬ੍ਰਿਟਿਸ਼ ਰਾਜ ਨੂੰ ਪਰ੍ਹੇ ਵਗ੍ਹਾ ਸੁੱਟਣ ਆਪਣੇ ਫ਼ੌਜੀ ਬਲ ਅਤੇ*

*ਗਿਆਨ ਦੁਆਰਾ ਅਤੇ ਆਪਣੀ ਮਾਤਰ ਭੂਮੀ ਦੀ ਗ਼ੁਲਾਮੀ ਦੇ ਸੰਗਲ ਕੱਟ ਦੇਣ ਅਤੇ ਆਜ਼ਾਦੀ ਦਾ ਝੰਡਾ ਆਪਣੇ ਸਿਰਾਂ ਤੋਂ ਉੱਚਾ ਲਹਿਰਾ ਦੇਣ। ਸ਼ਹੀਦਾਂ ਦੇ ਖ਼ੂਨ ਨਾਲ ਮਾਤਰ ਭੂਮੀ ਦੇ ਚਿਹਰੇ ਨੂੰ ਠੰਢ ਪੁਚਾਓ ਜਿਹੜੀ ਬ੍ਰਿਟਿਸ਼ ਨਾਇਨਸਾਫ਼ੀ ਦੀ ਅੱਗ ਵਿਚ ਸੜ ਰਹੀ ਹੈ। ਉਸਦੇ ਮੱਥੇ ਉੱਪਰ ਜਿੱਤ ਦੀ ਮੋਮਬੱਤੀ ਜਗਾਓ ਅਤੇ ਉਸਦੀਆਂ ਆਸ਼ੀਰਵਾਦਾਂ ਪ੍ਰਾਪਤ ਕਰੋ।"*[149]

ਦਸੌਂਧਾ ਸਿੰਘ, ਗੇਂਦਾ ਸਿੰਘ ਅਤੇ ਗੱਜਣ ਸਿੰਘ ਨੇ ਪੰਜਾਬੀ ਸਿਪਾਹੀਆਂ ਨੂੰ ਆਪਣੇ ਵੱਲ ਕਰਨ ਦਾ ਕੰਮ ਆਰੰਭ ਦਿੱਤਾ ਤਾਂ ਜੋ ਉਹ ਚੀਨ ਦੀ ਆਜ਼ਾਦੀ ਦੀ ਜੰਗ ਵਿਚ ਸਹਾਇਤਾ ਕਰ ਸਕਣ। ਦਸਵੰਧਾ ਸਿੰਘ, ਜਿਸਦੇ ਕੋਮਿਨਤਾਂਗ ਨਾਲ ਸੰਪਰਕ ਸਨ, ਨੇ ਹਿੰਦੁਸਤਾਨ ਗ਼ਦਰ ਪਾਰਟੀ ਦੀ ਨੁਮਾਇੰਦਗੀ ਕੀਤੀ, ਜਿਹੜੀ ਉਸਨੂੰ ਬਕਾਇਦਾ ਪੈਸਾ ਅਤੇ ਪ੍ਰਕਾਸ਼ਨ ਵਾਸਤੇ ਲੇਖ ਆਦਿ ਭੇਜਦੀ ਸੀ।

ਸ਼ੰਘਾਈ ਭਾਰਤੀਆਂ ਲਈ ਬਹੁਤ ਸਰਗਰਮ ਸਿਆਸੀ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਚੀਨੀ ਸੰਘਰਸ਼ ਦੀ ਸਹਾਇਤਾ ਹਿਤ ਬਹੁਤ ਸਾਰੀਆਂ ਖ਼ੁਫ਼ੀਆਂ ਮੀਟਿੰਗਾਂ ਕੀਤੀਆਂ ਗਈਆਂ। ਕਿਤਾਬਚੇ, ਛੋਟੇ ਇਸ਼ਤਿਹਾਰ, ਵੱਡੇ ਪੋਸਟਰ, ਆਦਿ ਗ਼ਦਰੀਆਂ ਦੁਆਰਾ ਵੰਡੇ ਗਏ ਜਿਹਨਾਂ ਵਿਚ ਚੀਨੀਆਂ ਦੁਆਰਾ ਅੰਗ੍ਰੇਜ਼ ਡਾਕੂਆਂ ਨੂੰ ਬਾਹਰ ਕੱਢ ਦੇਣ ਦੇ ਸੰਘਰਸ਼ ਵਿਚ ਹਿਮਾਇਤ ਕੀਤੀ ਗਈ। ਇਕ ਮੀਟਿੰਗ ਵਿਚ, ਗੱਜਣ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਕੈਂਟੋਨ ਦੀ ਸਰਕਾਰ ਦੀ ਸਹਾਇਤਾ ਕਰਨ। ਗੱਜਣ ਸਿੰਘ ਸਥਾਨਕ ਬਗ਼ਾਵਤੀ ਲੋਕਾਂ ਦਾ ਲੀਡਰ ਸੀ (ਜਿਸ ਪ੍ਰਕਾਰ ਬਿਟਿਸ਼ ਖ਼ੁਫ਼ੀਆ ਮਹਿਕਮੇ ਨੇ ਨੋਟ ਕੀਤਾ ਸੀ)।

ਹੁਣ ਤਕ ਹਾਂਕੋ ਸਰਕਾਰ ਵੀ ਇਹ ਮਹਿਸੂਸ ਕਰਨ ਲੱਗ ਪਈ ਸੀ ਕਿ ਗ਼ਦਰ ਪਾਰਟੀ ਅਤੇ ਇਸਦੇ ਅਨੁਯਾਈਆਂ ਦੁਆਰਾ ਕੀਤੇ ਕੰਮ ਦਾ ਸ਼ੰਘਾਈ ਅਤੇ ਹਾਂਕੋ ਵਿਚ ਕਿੰਨਾ ਵੱਡਾ ਮਹੱਤਵ ਹੈ। ਇਹ ਚੀਨ-ਪੱਖੀ ਆਜ਼ਾਦੀ ਲਈ ਲੜਦੇ ਪੰਜਾਬੀਆਂ, ਜਿਹਨਾਂ ਵਿਚ ਬਹੁਤੇ ਸਿੱਖ ਸਨ, ਦੀ ਮੱਦਦ ਕਰਨ ਲਈ ਵੀ ਤਿਆਰ ਸੀ। ਉਹ ਤਾਂ ਉਹਨਾਂ ਨੂੰ ਮਿਲਟਰੀ ਟਰੇਨਿੰਗ ਦੇਣ ਲਈ ਵੀ ਰਾਜ਼ੀ ਸੀ।

ਅੰਤ ਵਿਚ, ਹਿੰਮਤ ਵਾਲੇ ਅਤੇ ਨਿਸ਼ਕਾਮ ਭਾਰਤੀ ਇਨਕਲਾਬੀ, ਜਿਹਨਾਂ ਵਿਚ ਸਾਮਰਾਜੀਆਂ ਦੇ ਵਿਰੁੱਧ ਲੜਨ ਦੀ ਅੱਗ ਭੜਕ ਰਹੀ ਸੀ, ਅਤੇ ਜਿਹੜੇ ਚੀਨੀਆਂ ਦੇ ਇਨਕਲਾਬ ਦੇ ਪੱਕੇ ਹਮਦਰਦ ਸਨ, ਆਪਣੀ ਭਾਰਤੀ ਆਜ਼ਾਦੀ ਦੀ ਲੜਾਈ ਵਿਚ ਸਫ਼ਲਤਾ ਦੇ ਮਹੱਤਵ ਨੂੰ ਸਮਝਦੇ ਹੋਏ, ਅਤੇ ਪ੍ਰੋਲੇਤਾਰੀ ਅੰਤਰ-ਰਾਸ਼ਟਰੀ ਨਿਯਮਾਂ ਤੋਂ ਸੇਧ ਲੈਂਦੇ ਹੋਏ, ਉਹ ਪੂਰੀ ਤਰ੍ਹਾਂ ਬ੍ਰਿਟਿਸ਼ ਭਾਰਤੀ ਫ਼ੌਜੀਆਂ ਨੂੰ ਚੀਨ ਦੇ ਪੱਖ ਵਿਚ ਕਰਨ ਲਈ ਪੂਰੀ ਤਰ੍ਹਾਂ ਜੁਟ ਗਏ ਹੋਏ ਸਨ। ਉਹਨਾਂ ਵਿਚੋਂ ਕੁਝ ਗਿਰਫ਼ਤਾਰ ਕਰ ਲਏ ਗਏ ਸਨ ਅਤ ਬ੍ਰਿਟਿਸ਼ ਅਧਿਕਾਰੀਆਂ ਵੱਲੋਂ ਜੇਲਾਂ ਵਿਚ ਬੰਦ ਕਰ ਦਿੱਤੇ ਗਏ ਸਨ।

ਇਸ ਗੱਲ ਦਾ ਸਿਹਰਾ ਗ਼ਦਰ ਪਾਰਟੀ ਦੇ ਸਿਰ ਹੀ ਹੈ ਕਿ ਇਸਨੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਮਨ ਵਿਚ ਬ੍ਰਿਟਿਸ਼ ਵਿਰੋਧੀ ਭਾਵਨਾ ਕੁੱਟ ਕੁੱਟ ਕੇ ਭਰ ਦਿੱਤੀ ਸੀ, ਐਥੋਂ ਤਕ ਕਿ ਉਹ ਕਿਸੇ ਵੀ ਦੱਬੇ ਕੁਚਲੇ ਲੋਕਾਂ ਦੇ ਹਿਤ ਵਿਚ ਆਪਣੇ ਆਪ ਨੂੰ ਹੱਸ ਕੇ ਕੁਰਬਾਨ ਕਰਦੇ ਰਹੇ।

ਮਾਰਚ 1927 ਵਿਚ, ਸਾਂਝੀਆਂ ਰਾਸ਼ਟਰਵਾਦੀ (ਨੈਸ਼ਨਲਿਸਟ) ਅਤੇ ਕਮਿਊਨਿਸਟ ਸੈਨਾਵਾਂ ਨੇ ਸ਼ੰਘਾਈ 'ਤੇ ਕਬਜ਼ਾ ਕਰ ਲਿਆ। ਬ੍ਰਿਟਿਸ਼ ਨੇ ਇਹ ਵਚਨ ਦਿੱਤਾ ਕਿ ਉਹ ਨੈਸ਼ਨਲਿਸਟਾਂ ਦੀ ਹਿਮਾਇਤ ਕਰਨਗੇ ਇਸ ਸ਼ਰਤ 'ਤੇ ਕਿ ਉਹ ਕਮਿਊਨਿਸਟਾਂ ਦਾ ਦਮਨ ਕਰਨ। 12 ਅਪ੍ਰੈਲ ਤਕ ਇਸ ਇਨਕਲਾਬ ਵਿਰੋਧੀ ਸਮਝੌਤੇ ਉੱਪਰ ਸੀਲ ਮੁਹਰ ਲੱਗ ਗਈ ਸੀ, ਜਦ ਚਿਆਂਗ ਕਾਈ ਸ਼ੈਕ ਨੇ ਆਪਣੇ ਪਹਿਲੇ ਸਾਥੀ ਕਮਿਊਨਿਸਟਾਂ ਖ਼ਿਲਾਫ਼ ਬਗ਼ਾਵਤ ਕਰ ਦਿੱਤੀ, ਜਿਸ ਸੰਘਰਸ਼ ਵਿਚ ਕਈ ਹਜ਼ਾਰ ਕਮਿਊਨਿਸਟ ਅਤੇ ਹੋਰ ਕਤਲ ਕਰ ਦਿੱਤੇ ਗਏ ਸਨ।

***

## ਕਾਂਡ 14

# ਗ਼ਦਰ ਪਾਰਟੀ ਦਾ ਖ਼ਾਤਮਾ

## ਪਾਰਟੀ ਦਾ ਖ਼ਾਤਮਾ

ਗ਼ਦਰ ਪਾਰਟੀ ਦੀਆਂ ਸਿਆਸੀ ਗਤੀਵਿਧੀਆਂ ਅਮਰੀਕਾ ਵਿਚ ਸਾਨ.ਫ਼ਰਾਂਸਿਸਕੋ ਤੋਂ ਚੱਲਦੀਆਂ ਰਹੀਆਂ। 1926 ਵਿਚ ਪੰਜ-ਮੈਂਬਰੀ ਗਰੁੱਪ ਦੇ ਸੋਵੀਅਤ ਯੂਨੀਅਨ ਜਾਣ ਮਗਰੋਂ, ਬ੍ਰਿਟਿਸ਼ ਅਤੇ ਅਮਰੀਕੀ ਸਰਕਾਰਾਂ ਨੇ ਗ਼ਦਰ ਪਾਰਟੀ ਬਾਰੇ ਜ਼ਹਿਰੀਲੀ ਮੁਹਿੰਮ ਸ਼ੁਰੂ ਕਰ ਦਿੱਤੀ, ਅਤੇ ਇਸ ਨੂੰ ਕਮਿਉਨਿਸਟ ਜਥੇਬੰਦੀ ਕਹਿਣ ਲੱਗ ਪਏ। ਇਸ ਵਿਰੋਧੀਆਂ ਦਾ ਸ਼ਿਕਾਰ ਬਣਾਉਣ ਵਾਲੀ ਨੀਤੀ ਦੇ ਪਿੱਛੇ ਮੰਤਵ ਇਹ ਸੀ ਕਿ ਅਮਰੀਕਾ ਵਿਚ ਇਸ ਪਾਰਟੀ ਨੂੰ ਆਪਣੇ ਮਿੱਤਰਾਂ ਅਤੇ ਹਿਮਾਇਤੀਆਂ ਤੋਂ ਅਲੱਗ ਥਲੱਗ ਕਰ ਦਿੱਤਾ ਜਾਵੇ। ਪਾਰਟੀ ਇਸ ਇਲਜ਼ਾਮ ਤੋਂ ਇਨਕਾਰੀ ਹੋਣਾ ਠੀਕ ਸਮਝਦੀ ਸੀ ਇਹ ਕਹਿ ਕੇ ਕਿ ਇਹ ਰਾਸ਼ਟਰੀ ਜਥੇਬੰਦੀ ਹੈ, ਜਿਹੜੀ ਭਾਰਤ ਦੀ ਸਾਮਰਾਜੀਆਂ ਕੋਲੋਂ ਆਜ਼ਾਦੀ ਲਈ ਸੰਘਰਸ਼ ਕਰ ਰਹੀ ਹੈ, ਜਿਵੇਂ ਇੰਡੀਅਨ ਨੈਸ਼ਨਲ ਕਾਂਗਰਸ ਕਰ ਰਹੀ ਸੀ। ਪਾਰਟੀ ਦਾ ਪਰਚਾ ਐਸਾ ਕੁਝ ਵੀ ਲਿਖਣ ਤੋਂ ਹੱਟ ਗਿਆ ਜਿਸਤੋਂ ਇਹ ਸਮਝਿਆ ਜਾ ਕੇ ਇਹ ਕਮਿਉਨਿਸਟ ਪੱਖੀ ਹੈ।

ਗ਼ਦਰ ਪਾਰਟੀ ਅਗਸਤ 1947 ਤਕ ਸਰਗਰਮ ਰਹੀ ਜਦ ਭਾਰਤ ਆਜ਼ਾਦ ਹੋ ਗਿਆ, ਜਿਸ ਕਾਰਣ ਪਾਰਟੀ ਨੇ ਅੱਗੇ ਤੋਂ ਆਪਣਾ ਕੰਮ ਜਾਰੀ ਰੱਖਣਾ ਬੰਦ ਕਰ ਦਿੱਤਾ। ਇਸਨੇ ਪੰਜ ਮੈਂਬਰਾਂ ਦਾ ਇਕ ਬੋਰਡ ਸਥਾਪਿਤ ਕੀਤਾ ਜਿਸ ਨੂੰ ਇਹ ਅਧਿਕਾਰ ਦਿੱਤਾ ਕਿ ਉਹ ਪਾਰਟੀ ਦਾ ਹੈਡਕੁਆਰਟਰ ਅਤੇ ਪ੍ਰਾਪਰਟੀ ਭਾਰਤ ਸਰਕਾਰ ਨੂੰ ਦੇ ਦੇਵੇ ਇਸ ਸ਼ਰਤ 'ਤੇ ਕਿ ਉਹਨਾਂ ਯੋਧਿਆਂ ਦੀ ਯਾਦਗਾਰ ਬਣਾਈ ਜਾਵੇ ਜਿਹਨਾਂ ਨੇ ਹਿੰਦੁਸਤਾਨ ਗ਼ਦਰ ਪਾਰਟੀ ਦੀ ਅਗਵਾਈ ਵਿਚ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ।

ਭਾਰਤ ਸਰਕਾਰ ਨੇ, ਆਪਣੇ ਯੂ ਐਸ ਵਾਲੇ ਕੰਸਲੇਟ ਰਾਹੀਂ ਇਹ ਪੇਸ਼ਕਸ਼ ਪ੍ਰਵਾਨ ਕਰ ਲਈ, ਇਸ ਸ਼ਰਤ 'ਤੇ ਕਿ ਅਮਰੀਕਾ ਵਿਚਲੇ ਭਾਰਤੀ ਯਾਦਗਾਰ ਬਾਣਾਉਣ ਲਈ ਦਸ ਹਜ਼ਾਰ ਡਾਲਰ ਦੇਣਗੇ। ਇਹ ਮੰਨ ਲਿਆ ਗਿਆ ਅਤੇ ਭਾਰਤੀਆਂ ਨੇ ਅਸਲ ਵਿਚ ਜਿੰਨਾ ਮੰਗਿਆ ਗਿਆ ਸੀ ਉਸਤੋਂ ਵੀ ਵੱਧ ਪੈਸਾ ਦਿੱਤਾ। ਭਾਰਤ ਸਰਕਾਰ ਨੂੰ ਆਪਣਾ ਦਿੱਤਾ ਹੋਇਆ ਵਚਨ ਪੂਰਾ ਕਰਨ ਲਈ ਤਿੰਨ ਦਹਾਕੇ ਲੱਗ ਗਏ। ਇਸ ਵੇਲੇ 5 ਵੁਡ ਸਟਰੀਟ ਰੋਡ, ਸਾਨ.ਫ਼ਰਾਂਸਿਸਕੋ ਵਿਖੇ ਗ਼ਦਰ ਮੈਮੋਰੀਅਲ ਬਿਲਡਿੰਗ ਦੀ ਹਾਲਤ ਤਰਸਯੋਗ ਹੈ ਅਤੇ ਇਹ ਆਪਣਾ ਵਿਰਾਸਤੀ ਰੂਪ ਵੀ ਗੁਆ ਚੁੱਕੀ ਹੈ। ਬਹੁਤਾ ਸਮਾਂ ਤਾਂ ਇਹ ਆਉਣ ਵਾਲਿਆਂ ਲਈ ਖੁੱਲਦੀ ਹੀ ਨਹੀਂ ਅਤੇ ਇਸ ਵਿਚ ਪਈਆ ਦਸਤਾਵੇਜ਼ਾਂ ਦੀ ਕੋਈ ਦੇਖਭਾਲ ਨਹੀਂ ਹੋ ਰਹੀ। ਅਜਿਹੇ ਇਤਿਹਾਸਕ ਸਥਾਨ ਵਾਸਤੇ ਐਨੀ ਅਣਗਹਿਲੀ, ਜੋ ਭਾਰਤੀ ਸ਼ਾਸਕ ਵਰਗ ਦੇ ਸੁਭਾਅ ਵਿਚ ਸ਼ਾਮਿਲ ਹੈ, ਜਿਹੜੇ ਸਦਾ ਹੀ ਗ਼ਦਰੀਆਂ ਦੁਆਰਾ ਭਾਰਤ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਨੂੰ, ਅਤੇ ਮਗਰੋਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਕੁਰਬਾਨੀਆਂ ਨੂੰ, ਛੁਟਿਆਉਂਦੇ ਰਹੇ ਹਨ, ਕਿਉਂਕਿ ਉਹ ਭਾਰਤ ਦੀ

ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਪੱਖ ਵਿਚ ਸਨ ਅਤੇ ਐਸੇ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਜਿਸ ਵਿਚ ਕਿਸੇ ਦਾ ਸੋਸ਼ਣ ਨ ਹੋਵੇ।

ਅਫ਼ਸੋਸ ਦੀ ਗੱਲ ਹੈ ਕਿ, ਸਟਾਕਟਨ ਗੁਰਦੁਆਰਾ (ਕੈਲੀਫ਼ੋਰਨੀਆ), ਜੋ ਗ਼ਦਰੀਆਂ ਦੇ ਮਿਲਣ ਦੀ ਇਕ ਮਹੱਤਵਪੂਰਨ ਥਾਂ ਹੁੰਦੀ ਸੀ, ਅੱਜ ਖ਼ਾਲਿਸਤਾਨੀ ਮੂਲਵਾਦੀਆਂ ਦੇ ਕਬਜ਼ੇ ਵਿਚ ਹੈ, ਜਿਹਨਾਂ ਨੇ ਗ਼ਦਰ ਪਾਰਟੀ ਦੇ ਯੋਧਿਆਂ ਦੀਆਂ ਤਸਵੀਰਾਂ ਇਕ ਸੁੰਨੇ ਪਏ ਕਮਰੇ ਦੇ ਖੂੰਜੇ ਵਿਚ ਸੁੱਟ ਦਿੱਤੀਆਂ ਹਨ ਅਤੇ ਵੱਡੇ ਹਾਲ ਨੂੰ ਖ਼ਾਲਿਸਤਾਨੀ ਅਤਿਵਾਦੀਆਂ ਦੀਆਂ ਅਤੇ ਉਹਨਾਂ ਦੇ ਅਤਿਵਾਦੀ ਆਗੂ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਨਾਲ ਸਜਾ ਦਿੱਤਾ ਹੈ। ਇਹ ਸਾਡੇ ਗ਼ਦਰੀ ਯੋਧਿਆਂ ਦੀ ਵੱਡੀ ਬੇਹੁਰਮਤੀ ਹੈ ਜਿਹਨਾਂ ਨੇ ਭਾਰਤ ਦੀ ਆਜ਼ਾਦੀ ਲਈ ਸਭ ਕੁਝ ਕੁਰਬਾਨ ਕਰ ਦਿੱਤਾ ਸੀ ਅਤੇ ਜਿਹਨਾਂ ਦੇ ਮਨ ਵਿਚ ਧਾਰਮਿਕ ਭੇਦ ਭਾਵ, ਧਾਰਮਿਕ ਮੂਲਵਾਦ ਤਾਂ ਇਕ ਪਾਸੇ ਰਿਹਾ, ਵਾਸਤੇ ਕੋਈ ਥਾਂ ਨਹੀਂ ਸੀ। ਹੁਣ ਇਹ ਯੋਗ ਸਮਾ ਹੈ ਕਿ ਉਸ ਇਲਾਕੇ ਵਿਚਲੇ ਭਾਰਤੀ, ਵਿਸ਼ੇਸ਼ਕਰ ਸਿੱਖ ਸਮੁਦਾਇ, ਇਸ ਗੁਰਦੁਆਰੇ ਦਾ ਬੰਦੋਬਸਤ ਖ਼ਾਲਿਸਤਾਨੀਆਂ ਕੋਲੋਂ ਆਪਣੇ ਪਾਸ ਲੈ ਲੈਣ ਅਤੇ ਗ਼ਦਰ ਪਾਰਟੀ ਦੇ ਇਕਲਾਬੀਆਂ ਦਾ ਆਦਰ ਸਤਿਕਾਰ ਬਹਾਲ ਕਰ ਦੇਣ।

ਹਿੰਦੁਸਤਾਨ ਗ਼ਦਰ ਪਾਰਟੀ ਦਾ ਹੈਟਕੁਆਰਟਰ, ਇਸਦੇ ਨਵੰਬਰ 1913 ਤੋਂ ਹੋਏ ਜਨਮ ਤੋਂ ਲੈ ਕੇ ਅਗਸਤ 1947 ਤਕ ਹੀ 5, ਵੁਡ ਸਟਰੀਟ, ਸਾਨਫ਼ਰਾਂਸਿਸਕੋ ਰਿਹਾ ਹੈ। ਇਸੇ ਥਾਂ ਤੋਂ ਹੀ ਪਾਰਟੀ ਆਪਣੀਆਂ ਕਾਰਵਾਈਆਂ ਕਰਦੀ ਸੀ ਅਤੇ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਇਸਨੇ ਕਦੇ ਨਾਂ ਮਿਟਣ ਵਾਲਾ ਹਿੱਸਾ ਪਾਇਆ ਸੀ। ਪਾਰਟੀ ਨੇ ਬਹੁਤ ਸਾਰੇ ਬਹੁਤ ਸੂਝਵਾਨ ਲੀਡਰ ਅਤੇ ਸ਼ਹੀਦ ਪੈਦਾ ਕੀਤੇ ਸਨ, ਜਿਵੇਂ ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਸੋਹਨ ਲਾਲ ਪਾਠਕ, ਸੰਤੋਖ ਸਿੰਘ, ਬਾਬਾ ਜਵਾਲਾ ਸਿੰਘ, ਪੰਡਿਤ ਕਾਸ਼ੀ ਰਾਮ, ਕਰੀਮ ਬਖ਼ਸ਼, ਰਹਿਮਤ ਅਲੀ ਅਤੇ ਹਰਦਯਾਲ ਵੀ, ਕੁਝ ਨਾਮ ਹਨ। ਇਹੀ ਪਾਰਟੀ ਸੀ ਜਿਸਨੇ ਪੂਰਨ ਆਜ਼ਾਦੀ ਦਾ ਸੱਦਾ ਦਿੱਤਾ ਸੀ, ਸਭ ਤੋਂ ਪਹਿਲਾਂ ਧਰਮ ਨਿਰਪੱਖਤਾ ਦੀ ਭਾਵਨਾ ਜਗਾਈ ਸੀ ਅਤੇ ਸਿਆਸਤ ਵਿਚ ਧਰਮ ਦੀ ਵਰਤੋਂ ਤੋਂ ਇਨਕਾਰੀ ਸੀ – ਪਹਿਲੀ ਪਾਰਟੀ ਸੀ ਜਿਸਨੇ ਜਨ ਸਾਧਾਰਨ ਵਿਚ ਛੂਤ–ਛਾਤ ਦਾ ਪੁਰਜ਼ੋਰ ਖੰਡਨ ਕੀਤਾ ਸੀ ਅਤੇ ਬੰਦ ਕਰ ਦਿੱਤੀ ਸੀ – ਪਹਿਲੀ ਪਾਰਟੀ ਸੀ ਜਿਸਨੇ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦਾ ਪ੍ਰਚਾਰ ਕੀਤਾ ਸੀ – ਪਹਿਲੀ ਪਾਰਟੀ ਸੀ ਜਿਸਨੇ ਭਾਰਤ ਦੀ ਫ਼ੌਜ ਨੂੰ ਬ੍ਰਿਟੇਨ ਦੇ ਵਿਰੁੱਧ ਬਗ਼ਾਵਤ ਕਰਨ ਲਈ ਉਕਸਾਇਆ ਸੀ, ਪ੍ਰੇਰਿਆ ਸੀ, – ਪਹਿਲੀ ਪਾਰਟੀ ਸੀ ਜਿਸਨੇ ਇਹ ਸਮਝਿਆ ਸੀ ਕਿ ਹਰ ਕੌਮ ਦੀ ਆਜ਼ਾਦੀ ਲਈ ਲੜਾਈ ਇਕੋ ਲੜਾਈ ਹੀ ਹੈ, ਜਿਸ ਵਿਚ ਕੋਈ ਵੰਡੀਆਂ ਨਹੀਂ ਪਾਈਆਂ ਜਾ ਸਕਦੀਆਂ – ਭਾਵ ਭਾਰਤ ਤੋਂ ਚੀਨ, ਆਇਰਲੈਂਡ, ਮਿਸਰ, ਈਰਾਨ, ਆਦਿ ਅਤੇ ਸਭ ਤੋਂ ਪਹਿਲੀ ਪਾਰਟੀ ਸੀ ਜਿਸਨੇ ਅਕਤੂਬਰ ਇਨਕਲਾਬ ਦੇ ਮਹੱਤਵ ਨੂੰ ਸਮਝਿਆ ਸੀ ਅਤੇ ਹਰ ਥਾਂਹੀ ਆਜ਼ਾਦੀ ਦੇ ਸੰਘਰਸ਼ ਦੀ ਹਿਮਾਇਤ ਕੀਤੀ ਸੀ।

ਗ਼ਦਰ ਪਾਰਟੀ ਨੇ ਭਾਰਤੀ ਲੋਕਾਂ ਦੇ ਇਤਿਹਾਸ ਵਿਚ ਇਕ ਸੁਨਹਿਰੀ ਕਾਂਡ ਲਿਖਿਆ ਹੈ। ਇਸਦੇ ਆਦਰਸ਼ ਅਤੇ ਗਤੀਵਿਧੀਆਂ ਕਈ ਦਹਾਕਿਆਂ ਤਕ ਭਾਰਤੀਆਂ ਨੂੰ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਸੰਘਰਸ਼ ਕਰਨ ਲਈ ਪ੍ਰੇਰਦੀਆਂ ਰਹੀਆਂ। ਅੱਜ ਦੀ ਪੀੜ੍ਹੀ ਨੂੰ ਵੀ ਓਹੀ ਆਦਰਸ਼ ਪ੍ਰੇਰ ਰਹੇ ਹਨ ਕਿ ਉਹ ਲੋਕਰਾਜੀ ਇਨਕਲਾਬ ਅਤੇ ਸਮਾਜਕ ਆਜ਼ਾਦੀ ਦਾ ਪ੍ਰੋਲੇਤਾਰੀ ਲੋਕਰਾਜ ਸਥਾਪਿਤ ਕਰਨ ਜਿਸ ਵਿਚ ਕੋਈਂ ਸੋਸ਼ਣ ਨਾ ਹੋਵੇ, ਕੋਈ ਸ਼ਾਸਕਾਂ ਦੁਆਰਾ, ਜੋ ਅੰਗ੍ਰੇਜ਼ ਦੀ ਥਾਂ ਰਾਜ ਕਰ ਰਹੇ ਹਨ, ਅਤਿਆਚਾਰ ਨ ਹੋਵੇ। ਵੀਹਵਿਆਂ ਦੇ ਮੱਧ ਤੋਂ, ਗ਼ਦਰੀ ਇਨਕਲਾਬੀਆਂ ਦਾ ਫਖ਼ਰੀ ਝੰਡਾ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਬੁਲੰਦ ਕੀਤਾ। ਅਗਲਾ ਭਾਗ ਉਹਨਾਂ ਦੇ ਸੰਘਰਸ਼ ਬਾਰੇ ਹੈ।

***

# ਅੰਤਲੇ ਨੋਟ

ਅੰਤਲਾ ਨੋਟ 1

## ਹਰਦਯਾਲ ਦੀ ਗ਼ੱਦਾਰੀ

ਜਿਹੜੇ ਲੋਕ ਉਸਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਜਿਹੜੇ ਭਰੋਸੇਯੋਗ ਸੂਤਰ ਹਨ, ਉਹਨਾਂ ਅਨੁਸਾਰ ਹਰਦਯਾਲ ਸਥਿਰ ਮਨ ਵਾਲਾ ਵਿਅਕਤੀ ਨਹੀਂ ਸੀ। ਸੋਹਣ ਸਿੰਘ ਭਕਨਾ ਦਾ ਕਹਿਣਾ ਹੈ ਕਿ ਹਰਦਯਾਲ ਦਾ ਚਰਿੱਤਰ ਡੋਲਵਾਂ ਸੀ, ਦੁਚਿੱਤੇ ਵਾਲਾ। ਜੋ ਵੀ ਸੀ, ਪਰ ਉਸਦਾ 180 ਦਰਜੇ ਦਾ ਜੰਗ ਦੇ ਖ਼ਾਤਮੇ 'ਤੇ ਪਲਟਾ ਖਾਣਾ ਵੱਡੇ ਧੱਕੇ ਤੋਂ ਘੱਟ ਨਹੀਂ ਸੀ। ਉਹ ਆਪਣੇ ਬ੍ਰਿਟਿਸ਼ ਵਿਰੋਧੀ ਵਿਚਾਰਾਂ ਵਿਚ ਹੈਰਾਨੀ ਵਾਲੀ ਕਲਾਬਾਜ਼ੀ ਮਾਰ ਗਿਆ ਸੀ – ਐਸਾ ਵਿਅਕਤੀ ਜਿਸਦੇ ਸੱਦੇ 'ਤੇ ਹਜ਼ਾਰਾਂ ਲੋਕ ਭਾਰਤ ਗਏ ਸਨ ਅਤੇ ਸੈਂਕੜਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ, ਉਹ ਉਸ ਪਵਿੱਤਰ ਮੰਤਵ ਨਾਲ ਗ਼ੱਦਾਰੀ ਕਰ ਗਿਆ ਸੀ ਜਿਸ ਲਈ ਉਸਨੇ ਐਨਾ ਪ੍ਰਚਾਰ ਕੀਤਾ ਸੀ ਆਪਣੇ ਸਾਥੀਆਂ ਵਿਚ ਤੇ ਹੁਣ ਉਹ "*ਵਫ਼ਾਦਰ ਬ੍ਰਿਟਿਸ਼ ਪਰਜਾ ਬਣ ਗਿਆ ਸੀ।*"

ਜੰਗ ਦੀ ਸਮਾਪਤੀ 'ਤੇ, ਉਸਨੇ ਇਕ ਕਿਤਾਬ ਲਿਖੀ – *ਫੋਰਟੀ ਫ਼ੋਰ ਮੰਥਸ ਇਨ ਜਰਮਨੀ ਐਂਡ ਟਰਕੀ* (ਜਰਮਨੀ ਅਤੇ ਟਰਕੀ ਵਿਚ 44 ਸਾਲ), ਜਿਸ ਵਿਚ ਉਸਦੇ ਪਥ-ਬਦਲਣ ਦੇ ਵੇਰਵੇ ਦਿੱਤੇ ਹੋਏ ਹਨ। ਇਸ ਵਿਚ ਉਸਨੇ ਜਰਮਨਾਂ ਉੱਪਰ ਆਪਣੇ ਸਾਥੀਆਂ ਨਾਲ ਭਰੋਸੇਹੀਣਤਾ, ਝੂਠੇ ਹੋਣ ਅਤੇ ਭਰੋਸੇਯੋਗ ਨਾ ਹੋਣ ਦਾ ਦੋਸ਼ ਲਾਇਆ ਹੈ। ਉਹ ਤੁਰਕੀਆਂ ਦੀ ਇੰਝ ਨਿੰਦਿਆ ਕਰਦਾ ਹੈ – *ਮਰੇ ਹੋਏ ਕੁੱਤੇ ਅਤੇ ਸਾਜ਼ਿਸ਼ੀ ਬਦਮਾਸ਼।*

ਉਸਨੇ ਆਪਣੀ ਪੁਸਤਕ ਇਹ ਕਹਿ ਕੇ ਸਮਾਪਤ ਕੀਤੀ – "*ਭਾਰਤ, ਮਿਸਰ ਅਤੇ ਹੋਰ ਪੂਰਬੀ ਦੇਸਾਂ ਦੀ ਮੁਕਤੀ ਕੇਵਲ ਬ੍ਰਿਟਿਸ਼ ਆਦਰਸ਼ਾਂ ਦੇ ਪਾਲਣ ਕਰਨ ਵਿਚ ਹੀ ਹੈ।*"

ਇਸ ਪੁਸਤਕ ਨੇ ਉਸਨੂੰ ਬ੍ਰਿਟਿਸ਼ ਸਰਕਾਰ ਦੀ ਨਜ਼ਰ ਵਿਚ ਗਿਰਾ ਦਿੱਤਾ ਅਤੇ ਸ਼ਰਮਿੰਦਾ ਕਰ ਦਿੱਤਾ, ਭਾਰਤੀ ਇਨਕਲਾਬੀਆਂ ਦਾ ਤਾਂ ਕਹਿਣਾ ਹੀ ਕੀ।

ਡੀ. ਪੈਟਰੀ, ਡਾਇਰੈਕਟਰ, ਬ੍ਰਿਟਿਸ਼ ਇੰਡੀਅਨ ਇੰਟੈਲੀਜੈਂਸ, ਹਰਦਯਾਲ ਦੀ ਕਿਤਾਬ ਪੜ੍ਹਕੇ, ਇਸ ਬਾਰੇ ਕਹਿੰਦਾ ਹੈ –"*ਬਿਲਕੁਲ ਭੈੜੀ ਜਿਹੀ ਰਚਨਾ ਜਿਸਦਾ ਮੰਤਵ ਉਸਦੇ ਚਿਹਰੇ ਉੱਤੇ ਹੀ ਲਿਖਿਆ ਹੋਇਆ ਹੈ ਅਤੇ ਜੋ ਇਸਦੇ ਲੇਖਕ ਦੇ ਯੋਗ ਨਹੀਂ ਹੈ।* " ਉਸਨੇ ਇਸਦਾ ਮੰਤਵ ਠੀਕ ਹੀ ਸਮਝਿਆ ਹੈ, ਜੋ ਉਸਦੇ ਪਾਸਾ ਪਲਟਨ ਪਿੱਛੇ ਹੈ, ਭਾਵ "*... .ਲੇਖਕ ਨੂੰ ਬ੍ਰਿਟਿਸ਼ ਸਰਕਾਰ ਦੀ ਨਜ਼ਰ ਵਿਚ ਚੰਗਾ ਬਣਾਉਣ ਦਾ ਯਤਨ।*" ਉਹ ਅੱਗੇ ਕਹਿੰਦਾ ਹੈ

*"ਹਰਦਯਾਲ ਆਪਣੇ ਆਚਰਨ ਅਤੇ ਵਿਚਾਰਾਂ ਵਿਚ ਅਸਥਿਰ ਸੀ। ਭਾਵੇਂ ਉਹ ਅੱਜ ਸਹੀ ਤੌਰ 'ਤੇ ਹੀ ਪਛਤਾਵਾ ਕਰ ਰਿਹਾ ਹੋਵੇ, ਪਰ ਕੱਲ ਨੂੰ ਉਸਦੀ ਮਨੋਦਸ਼ਾ ਹੋਰ ਹੋ ਸਕਦੀ ਹੈ।"* ਪੈਟਰੀ ਉਸਦੇ ਇਕ ਪੱਤਰ ਦਾ ਹਵਾਲਾ ਦਿੰਦਾ ਹੈ ਜੋ ਉਸਨੇ ਆਪਣੇ ਭਰਾ, ਕਿਸ਼ਨਦਯਾਲ, ਜੋ ਐਡਵੋਕੇਟ ਸੀ ਅਤੇ ਪੂਰੀ ਤਰ੍ਹਾਂ ਵਫ਼ਾਦਾਰ ਸੀ, ਨੂੰ ਲਿਖਿਆ, ਕਿ ਉਹ "ਜਾਂ ਲੰਡਨ ਚਲੇ ਜਾਵੇਗਾ, (ਜੇ ਪੈਸਾ ਮਿਲ ਜਾਵੇ) ਜਾਂ ਮਾਸਕੋ, ਜੇ (ਪੈਸਾ ਨ ਮਿਲੇ)।"

ਬ੍ਰਿਟਿਸ਼ ਸਰਕਾਰ ਵੱਲ ਆਪਣੀ ਪਟੀਸ਼ਨ ਵਿਚ ਉਸਨੇ ਐਲਾਨ ਕੀਤਾ ਕਿ

*"ਉਸਨੇ ਕਦੇ ਕਿਸੇ ਕਤਲ ਵਿਚ ਕਿਸੇ ਤਰ੍ਹਾਂ ਵੀ ਹਿੱਸਾ ਨਹੀਂ ਲਿਆ, ਸਿੱਧੇ ਜਾਂ ਅਸਿੱਧੇ ਤੌਰ 'ਤੇ।"* ਭਾਵੇਂ ਉਸਦੀ ਮੁਆਫ਼ੀ ਜਾਚਨਾ ਵਿਚ, ਪੈਟਰੀ ਕਹਿੰਦਾ ਹੈ, *"ਬਗ਼ਾਵਤੀ ਸੁਰਾਂ ਅਤੇ ਅਗੋਂ ਐਸਾ ਕਦੇ ਵੀ ਨਾ ਕਰਨ ਦੀ ਪ੍ਰਤਿਗਿਆ ਭਰੀ ਪਈ ਹੈ, ਅਤੇ ਭਾਵੇਂ ਉਸਦੀ ਇਹ ਬੇਨਤੀ ਮੰਨ ਵੀ ਲਈ ਜਾਵੇ, ਵਚਨ ਤੇ ਭਰੋਸਾ ਵੀ ਕਰ ਲਿਆ ਜਾਵੇ, ਹਰਦਯਾਲ ਨੂੰ ਇੰਗਲੈਂਡ ਤਾਂ ਹੀ ਜਾਣ ਦਿੱਤਾ ਜਾਵੇ ਜਦ ਉਹ ਦੋ ਸ਼ਰਤਾਂ ਪੂਰੀਆਂ ਕਰ ਦੇਵੇ। ਪਹਿਲੀ, ਕਿ ਉਹ ਆਪਣੇ ਕੰਮਾਂ ਦੀ ਗੰਭੀਰਤਾ ਬਾਰੇ ਜਾਣੂ ਸੀ ਅਤੇ ਉਹ ਇਕਬਾਲ ਕਰ ਲਵੇ ਕਿ ਉਹ ਦੋਸ਼ੀ ਸੀ ਕਤਲ ਵਿਚ ਹਿੱਸਾ ਲੈਣ ਦਾ ਅਤੇ ਦੂਸਰੇ, ਉਹ ਪ੍ਰਤਿਗਿਆ ਕਰੇ ਕੁਝ ਐਸੇ ਸੱਜਣਾ ਸਾਹਵੇਂ, ਜਿਹੜੇ ਸਰਕਾਰ ਨੂੰ ਪ੍ਰਵਾਨ ਹੋਣ, ਕਿ ਉਹ ਭਵਿੱਖ ਵਿਚ ਕਿਸੇ ਵੀ ਅਸੰਵਧਾਨਿਕ, ਬਗ਼ਾਵਤੀ ਅਤੇ ਇਨਕਲਾਬੀ ਲਹਿਰ ਵਿਚ ਹਿੱਸਾ ਨਹੀਂ ਲਵੇਗਾ।"*

ਪੈਟਰੀ ਨੂੰ ਹੋਰ ਵੀ ਚਿੰਤਾ ਸੀ ਕਿ ਜੇ ਲੰਡਨ ਜਾਣ ਦਿੱਤਾ ਗਿਆ ਤਾਂ, ਕਿਸੇ ਨਾ ਕਿਸੇ ਬਹਾਨੇ ਉਹ ਭਾਰਤ ਚਲਾ ਜਾਵੇ, ਜਿਸ ਨਾਲ ਇਹ ਸਹੀ ਹੋ ਜਾਵੇ ਕਿ *ਕੇਵਲ ਸਮੇਂ ਦੇ ਬੀਤਣ ਨਾਲ ਹੀ ਆਦਮੀ ਦੇ ਸਾਰੇ ਪਾਪ, ਕਿੰਨੇ ਵੀ ਘ੍ਰਿਣਿਤ ਕਿਉਂ ਨਾ ਹੋਣ, ਢੱਕ ਹੋ ਜਾਂਦੇ ਹਨ।* ਕਿਉਂਕਿ ਉਸ ਵੇਲੇ ਬਹੁਤ ਸਾਰੇ ਇਨਕਲਾਬੀ ਸਨ ਜਿਹੜੇ ਵਿਦੇਸ਼ ਰਹਿੰਦੇ ਸਨ, ਜਿਹਨਾਂ ਦੇ ਖ਼ਿਲਾਫ਼ ਭਾਰਤ ਸਰਕਾਰ ਕਤਲ ਜਾਂ ਕਤਲ ਦੀ ਸਾਜ਼ਿਸ਼ ਵਿਚ ਹੋਣ ਦੇ ਬਾਰੇ ਕਾਰਵਾਈ ਕਰਨੀ ਚਾਹੁੰਦੀ ਸੀ, ਹਰਦਯਾਲ ਨੂੰ ਇੰਗਲੈਂਡ ਜਾਣ ਦੇਣਾ, ਉਸਦੇ ਵਿਚਾਰ ਵਿਚ, ਠੀਕ ਨਹੀਂ ਹੋਵੇਗਾ।

ਹਰਦਯਾਲ ਨੇ ਆਪਣੇ ਆਪ ਨੂੰ ਐਨਾ ਗਿਰਾ ਲਿਆ ਸੀ ਇਸ ਹੱਦ ਤਕ ਕਿ ਉਹਨੂੰ ਇਨਕਲਾਬੀ ਮੂੰਹ ਨਹੀਂ ਲਾਉਣਾ ਚਾਹੁੰਦੇ ਸਨ ਅਤੇ ਨਫ਼ਰਤ ਕਰਦੇ ਸਨ ਅਤੇ ਜ਼ਾਲਮ ਬ੍ਰਿਟਿਸ਼ ਸਾਸ਼ਕ ਪਰ੍ਹੇ ਹੀ ਰੱਖਣਾ ਚਾਹੁੰਦੇ ਸਨ। ਇਸ ਪ੍ਰਕਾਰ, ਇਹ ਨਿੱਕਾ ਜਿਹਾ ਬੁਰਜੁਆ, ਦੁਖਾਂਤ ਨਾਲ, ਅਸਥਿਰ ਆਚਰਨ ਅਤੇ ਮੰਦਬੁੱਧੀ ਵਾਲਾ, ਜਿਸਨੂੰ ਕਿਸੇ ਵੇਲੇ ਭਾਰਤੀ ਇਨਕਲਾਬੀਆਂ ਨੇ ਉੱਤਰੀ ਅਮਰੀਕਾ ਅਤੇ ਹੋਰ ਥਾਵਾਂ 'ਤੇ ਇਕ ਆਦਰਸ਼ ਇਨਕਲਾਬੀ ਸਮਝਿਆ ਸੀ, ਜਿਹੜਾ ਸਾਮਰਾਜੀ ਸਰਕਾਰ ਦੇ ਵਿਰੁੱਧ ਸੰਘਰਸ਼ ਕਰ ਰਿਹਾ ਸੀ ਅਤੇ ਸਾਰਿਆਂ ਲਈ ਹੀ, ਜੋ ਵਹਿਸ਼ੀ ਅੰਗ੍ਰੇਜ਼ ਤੋਂ ਆਜ਼ਾਦੀ ਲਈ ਲੜ ਰਹੇ ਸਨ, ਪ੍ਰੇਰਨਾ ਸਰੋਤ ਸੀ।

ਹੁਣ ਉਹ ਬ੍ਰਿਟਿਸ਼ ਸ਼ਾਹਿਨਸ਼ਾਹਿਤ ਦੀ ਇਕ ਵਫ਼ਾਦਾਰ ਪ੍ਰਜਾ ਵਜੋਂ ਸੇਵਾ ਕਰਨਾ ਚਾਹੁੰਦਾ ਸੀ ਅਤੇ ਐਨੀ ਹਲੀਮੀ ਨਾਲ ਚਿੱਠੀਆਂ ਲਿਖ ਰਿਹਾ ਸੀ ਇੰਡੀਆ ਆਫ਼ਿਸ ਨੂੰ, ਇਹ ਭਰੋਸਾ ਦੁਆਉਂਦਾ ਹੋਇਆ ਕਿ ਉਸਨੇ ਆਪਣੇ ਜਰਮਨੀ ਅਤੇ ਬ੍ਰਿਟਿਸ਼ ਇੰਡੀਆ ਕਮੇਟੀ ਨਾਲ ਸਾਰੇ ਸੰਬੰਧ ਤੋੜ ਲਏ ਹਨ, ਅਤੇ ਹੁਣ ਉਸਦਾ ਉਹਨਾਂ ਨਾਲ ਕੋਈ ਵਾਸਤਾ ਨਹੀਂ ਹੈ।[150]

ਜੋ ਵੀ ਹੈ ਸੀ, ਉਸਨੂੰ ਬ੍ਰਿਟਿਸ਼ ਸਰਕਾਰ ਨੇ ਕਹਿ ਦਿੱਤਾ ਸੀ ਕਿ ਨਾ ਉਸਨੂੰ ਮੁਆਫ਼ ਕੀਤਾ ਜਾਵੇਗਾ ਅਤੇ ਨਾ ਹੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ ਅਤੇ ਜੇ ਉਹ ਯੂ. ਕੇ. ਜਾਂ

ਭਾਰਤ ਵਾਪਸ ਆਉਂਦੇ ਹੈ, *ਤਾਂ ਆਪਣੇ ਖ਼ਤਰੇ ਸਿਰ ਹੀ ਆਵੇ।*

ਭਾਵੇਂ ਉਸਨੂੰ ਮੌਕਾ ਮਿਲਿਆ ਸੀ, ਉਹ ਰੂਸ ਨਹੀਂ ਗਿਆ। 1918 ਦੀਆਂ ਗਰਮੀਆਂ ਵਿਚ, ਮਾਸਕੋ ਵਿਚ ਇਕ ਭਾਰਤ-ਰੂਸੀ ਸੰਸਥਾ ਕਾਇਮ ਕੀਤੀ ਗਈ, ਜਿਸਨੇ ਸਤੰਬਰ ਵਿਚ ਇਕ ਓਰੀਐਂਟਲ ਸੈਮੀਨਾਰ ਕਰਨ ਦੀ ਯੋਜਨਾ ਬਣਾਈ ਸੀ। ਇਸਦੇ ਕਾਰਕੁੰਨ ਚਾਹੁੰਦੇ ਸਨ ਕਿ ਭਾਰਤ ਵੱਲੋਂ ਕੋਈ ਮਾਸਕੋ ਜਾਵੇ ਅਤੇ ਇਸ ਦੇ ਪ੍ਰਬੰਧ ਵਿਚ ਸਹਾਇਤਾ ਕਰੇ। ਚੱਟੋਪਾਧਿਆਇ ਰਾਹੀਂ ਸੰਪਰਕ ਕਰਨ 'ਤੇ ਵੀ ਉਹ ਸਟਾਕਹੋਮ ਤਾਂ ਗਿਆ ਪਰ ਮਾਸਕੋ ਨਾ ਗਿਆ। ਇਸ ਵੇਲੇ ਇਕ ਪੁਸਤਕ- ਕਾਰਲ ਮਾਰਕਸ, ਏ ਮਾਡਰਨ ਰਿਸ਼ੀ - ਦੇ ਲੇਖਕ ਲਈ ਇਕ ਮੌਕਾ ਸੀ ਕਿ ਆਪ ਜਾ ਕੇ ਉਸ ਦੇਸ ਨੂੰ ਦੇਖੇ ਜਿਹੜਾ ਸੰਸਾਰ ਭਰ ਦੇ ਪ੍ਰੋਲੇਤਾਰੀ ਇਨਕਲਾਬ ਦਾ ਕੇਂਦਰ ਬਣ ਗਿਆ ਸੀ, ਕੁਝ ਸਿਖਿਆ ਲਵੇ ਅਤੇ ਉਸ ਸਿਖਿਆ ਦਾ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਲਾਭ ਉਠਾਵੇ। ਪਰ ਉਸਨੇ ਉਹ ਮਹਾਨ ਮੌਕਾ ਐਵੇਂ ਗੁਆ ਦਿੱਤਾ। ਸਗੋਂ ਉਸਨੇ ਆਪਣੇ ਸਾਰੇ ਸੰਬੰਧ ਹੀ ਇਸ ਸੰਘਰਸ਼ ਨਾਲੋਂ ਤੋੜ ਲਏ।

14 ਮਾਰਚ 1919 ਨੂੰ ਉਸਨੇ *ਦੀ ਟਾਈਮਜ਼* ਵਿਚ ਇੱਕ ਚਿੱਠੀ ਛਪਵਾਈ ਜਿਸ ਵਿਚ ਉਸਨੇ ਬ੍ਰਿਟਿਸ਼ ਸ਼ਹਿਨਸ਼ਾਹਤ ਪ੍ਰਤੀ ਆਪਣੀ ਸ਼ਰਧਾ ਅਤੇ ਪਸ਼ਚਾਤਾਪ ਪ੍ਰਗਟਾਇਆ।[151]

ਜਦ ਉਹ ਇੰਗਲੈਂਡ ਦੇ *ਏਸ਼ੀਆ ਵਿਚ ਨੈਤਿਕ ਅਤੇ ਇਤਿਹਾਸਕ ਮਿਸ਼ਨ* ਦੀ ਗੱਲ ਕਰਦਾ ਹੈ, ਤਾਂ ਸਾਂਸਫ਼ਰਾਂਸਿਸਕੋ ਵਿਚ ਗ਼ਦਰੀ ਇਨਕਲਾਬੀ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਪ੍ਰਤੀ ਆਪਣੀ ਵਫ਼ਾਦਾਰੀ ਨਾਲ ਸਮਰਥਨ ਬਣਾਈ ਰੱਖਦੇ ਹਨ, ਪੁਰਾਣੇ ਵਿਚਾਰਾਂ ਨੂੰ ਛੱਡ ਕੇ ਲਗ ਭਗ ਆਪਣੇ ਇਕ ਸੌ ਸਾਥੀਆਂ ਨੂੰ ਮਾਸਕੋ ਭੇਜਦੇ ਹਨ ਤਾਂ ਜੋ ਉਸ ਥਾਂ 'ਤੇ ਹੋਈ ਇਨਕਲਾਬੀ ਤਰੱਕੀ ਅਤੇ ਗਤੀਵਿਧੀਆਂ ਦੀ ਪੂਰੀ-ਪੂਰੀ ਥਾਹ ਲਈ ਜਾ ਸਕੇ। ਆਪਣੀ ਇਨਕਲਾਬੀ ਸਿਖਿਆ ਪੂਰੀ ਕਰਨ ਮਗਰੋਂ ਉਹ ਪੂਰੇ ਗਿਆਨਵਾਨ ਕਮਿਉਨਿਸਟ ਬਣ ਕੇ ਆਏ ਅਤੇ ਸਾਰਾ ਜੀਵਨ ਕੁਲਵਕਤੀ ਕੰਮ ਕਰਨ ਵਿਚ ਲਾਇਆ ਤਾਂ ਜੋ ਭਾਰਤ ਵਿਚ ਕਿਰਤੀਆਂ ਅਤੇ ਕਿਸਾਨਾਂ ਦਾ ਲੋਕ ਰਾਜ ਸਥਾਪਿਤ ਕੀਤਾ ਜਾ ਸਕੇ। ਕਈ ਸਾਰੇ ਗ਼ਦਰੀ, ਜਿਹਨਾਂ ਨੂੰ ਇਨਕਲਾਬੀ ਗਤੀਵਿਧੀਆਂ ਕਾਰਨ ਕੈਦ ਦੀ ਸਜ਼ਾ ਹੋ ਚੁੱਕੀ ਹੋਈ ਸੀ, ਕਮਿਉਨਿਸਟ ਬਣ ਗਏ ਆਪਣੀ ਸਜ਼ਾ ਪੂਰੀ ਹੋਣ ਮਗਰੋਂ ਅਤੇ ਭਾਰਤ ਦੀ ਆਜ਼ਾਦੀ ਲਈ ਅਤੇ ਮਗਰੋਂ ਲੋਕਰਾਜੀ ਅਤੇ ਸਮਾਜਵਾਦੀ ਸਰਕਾਰ ਦੀ ਸਥਾਪਤੀ ਲਈ ਲੜਾਈ ਜਾਰੀ ਰੱਖੀ।

ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁਰਮੁਖ ਸਿੰਘ, ਬਾਬਾ ਪ੍ਰਿਥਵੀ ਸਿੰਘ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਕੇਸਰ ਸਿੰਘ ਅਤੇ ਬਾਬਾ ਜਵਾਲਾ ਸਿੰਘ, ਹੋਰਨਾਂ ਸਮੇਤ, ਇਸੇ ਸ਼੍ਰੇਣੀ ਨਾਲ ਸੰਬੰਧਿਤ ਹਨ। ਉਹ ਸਾਰੇ ਹੀ ਜਾਂ ਤਾਂ ਕਮਿਉਨਿਸਟ ਪਾਰਟੀ ਦੇ ਮੈਂਬਰ ਬਣ ਗਏ ਜਾਂ ਇਸਦੇ ਹਮਦਰਦ ਅਤੇ ਉਹਨਾਂ ਨੇ ਆਪਣਾ ਸੰਘਰਸ਼ 1947 ਦੇ ਮਗਰੋਂ ਵੀ ਜਾਰੀ ਰਖਿਆ।

ਉਹਨਾਂ ਦੇ ਜੀਵਨ ਅਤੇ ਹਰਦਯਾਲ ਦੇ ਜੀਵਨ ਵਿਚ ਜੋ ਫ਼ਰਕ ਸੀ ਉਹ ਇਹ ਸ਼ਾਹਦੀ ਭਰਦਾ ਹੈ ਕਿ ਪਰਪੱਕ ਅਤੇ ਸਮਰਪਿਤ ਕਮਿਉਨਿਸਟ ਨਿੱਕੇ-ਨਿੱਕੇ ਬੁਰਜੂਆ ਅਤੇ ਰੋਮਾਂਟਿਕ ਇਨਕਲਾਬੀਆਂ ਨਾਲੋਂ ਕਿੰਨੇ ਵੱਖ ਸਨ।

ਉਹ ਬਹਾਦਰ ਜੀਵਨ ਦਾਨੀ, ਊਧਮ ਸਿੰਘ ਕਸੇਲ ਅਤੇ ਗੁਰਮੁਖ ਸਿੰਘ ਵਰਗੇ, ਜਿਹੜੇ ਇਕ ਜੇਲ੍ਹ ਤੋਂ ਦੂਸਰੀ ਜੇਲ੍ਹ ਵਿਚ ਬਦਲਦੇ ਹੋਏ ਭੱਜਣ ਵਿਚ ਸਫਲ ਹੋਏ ਸਨ, ਨੇ ਕਾਬੁਲ (ਅਫ਼ਗਾਨਿਸਤਾਨ) ਵਿਚ ਗ਼ਦਰ ਸੈਂਟਰ ਸਥਾਪਿਤ ਕੀਤਾ, ਉਥੇ ਸੋਵੀਅਤ ਪ੍ਰਤਿਨਿਧੀਆਂ

ਨਾਲ ਸੰਪਰਕ ਬਣਾਇਆ ਅਤੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਆਪਣਾ ਸੰਘਰਸ਼ ਜਾਰੀ ਰਖਿਆ, ਅਤੇ ਇਸ ਤਰਾਂ ਗ਼ਦਰੀ ਇਨਕਲਾਬੀਆਂ ਦੀ ਸੂਝ ਬੂਝ ਅਤੇ ਸਮਰਪਣ ਦਾ ਸਬੂਤ ਦਿੱਤਾ। ਉਹਨਾਂ ਦੀ ਪ੍ਰਤਿਬੱਧਤਾ, ਹੌਸਲਾ ਅਤੇ ਹਿੰਮਤ ਨੂੰ ਦੇਖਦੇ ਹੋਏ, ਡੀ ਪੈਟਰੀ, ਇੰਟੈਲੀਜੈਂਸ ਮਹਿਕਮੇ ਦਾ ਮੁਖੀ, ਇਹ ਮੰਨਣ ਲਈ ਮਜਬੂਰ ਹੋ ਗਿਆ ਸੀ ਕਿ "ਗ਼ਦਰ ਲਹਿਰ ਦੇ ਸਿੱਖ, ਚਾਹੇ ਅਮਰੀਕਾ ਵਿਚ ਹੋਣ, ਭਾਰਤ ਵਿਚ ਜਾਂ ਹੋਰ ਕਿਤੇ, ਸਦਾ ਹੀ ਸਾਡੇ ਦੁਸ਼ਮਣਾਂ ਨਾਲ ਮਿਲ ਜਾਣ ਲਈ, ਬਿਨਾ ਕੁਝ ਦੱਸੇ ਪੁੱਛੇ, ਤਿਆਰ ਰਹਿੰਦੇ ਹਨ।[152]

**ਅੰਤਲਾ ਨੋਟ 2**

## ਰਾਮ ਚੰਦਰ ਸੰਬੰਧੀ ਕੁਝ ਸ਼ਬਦ

ਹੁਣ ਅਸੀ ਰਾਮਚੰਦਰ ਵੱਲ ਆਉਂਦੇ ਹਾਂ। ਇਹ ਦੁਹਰਾਉਂਦੇ ਹਾਂ ਕਿ ਜਦ ਸਾਰੇ ਸਿਰਕੱਢ ਗ਼ਦਰੀ ਭਾਰਤ ਵੱਲ ਅਤੇ ਵਡੇਰੇ ਪੂਰਬੀ ਮੋਰਚੇ ਵੱਲ ਚਲੇ ਗਏ ਤਾਂ ਰਾਮਚੰਦਰਾ ਗ਼ਦਰ ਸਪਤਾਹਿਕ ਦਾ ਐਡੀਟਰ ਬਣ ਗਿਆ। ਉਹ ਗ਼ਦਰ ਪਾਰਟੀ ਵਿਚ ਉਸ ਸਮੇਂ ਬਹੁਤ ਪ੍ਰਤਿਭਾਸ਼ਾਲੀ, ਭਾਵੇਂ ਰੋਹਬ ਪਾਉਣ ਵਾਲਾ ਨਹੀਂ, ਵਿਅਕਤੀ ਸੀ, ਅਤੇ ਉਸਦੇ ਅਧਿਕਾਰ ਖੇਤਰ ਉੱਪਰ ਕੋਈ ਕਿੰਤੂ ਨਹੀਂ ਕਰ ਸਕਦਾ ਸੀ, ਜਾਂ ਪੈਸੇ ਦੇ ਸਰੋਤਾਂ ਜਾਂ ਪਾਰਟੀ ਦੀ ਆਮਦਨ ਸੰਬੰਧੀ ਅਤੇ ਕਿਸ ਕੰਮ ਵਿਚ ਪੈਸਾ ਖ਼ਰਚ ਹੋ ਰਿਹਾ ਸੀ। ਉਸਨੇ ਕਮਿਸ਼ਨ ਦੇ ਸਾਰੇ ਅਧਿਕਾਰ ਹੀ ਸੰਭਾਲ ਲਏ ਹੋਏ ਸਨ ਅਤੇ ਜਥੇਬੰਦੀ ਵਿਚ ਉਸਦੀ ਅਸੀਮਿਤ ਸ਼ਕਤੀ ਹੋ ਗਈ ਸੀ। ਉਹ ਕੁਝ ਹੰਕਾਰੀ ਬਣ ਗਿਆ ਸੀ ਅਤੇ ਆਪਣੇ ਆਪ ਨੂੰ ਬਹੁਤ ਕੁਛ ਸਮਝਣ ਲੱਗ ਪਿਆ ਸੀ।

ਦੋ ਸਾਲ ਦੀ ਗ਼ੈਰ-ਹਾਜ਼ਰੀ ਮਗਰੋਂ ਭਗਵਾਨ ਸਿੰਘ ਸਾਨਫ਼ਰਾਂਸਿਸਕੋ ਪਰਤ ਆਇਆ। ਛੇਤੀ ਹੀ ਉਸਦੇ ਵਿਰੁੱਧ ਘੁਸਰ ਮੁਸਰ ਸ਼ੁਰੂ ਹੋ ਗਈ – ਉਸਦੇ ਵਿਰੁੱਧ ਦੁਰਾਚਾਰ, ਤੀਵੀਂ ਨਾਲ ਨਾਜਾਇਜ਼ ਸੰਬੰਧ, ਸ਼ਰਾਬੀਪੁਣੇ ਅਤੇ ਫ਼ਜ਼ੂਲ ਖ਼ਰਚੀ ਦੇ ਇਲਜ਼ਾਮ ਲੱਗਣ ਲੱਗ ਪਏ। ਮਗਰੋਂ ਇਹ ਇਲਜ਼ਾਮ ਗ਼ਦਰ ਪਰਚੇ ਵਿਚ ਦੁਹਰਾਏ ਵੀ ਗਏ।

ਭਗਵਾਨ ਸਿੰਘ ਦੇ ਸਾਨਫ਼ਰਾਂਸਿਸਕੋ ਪਰਤਣ ਦੇ ਛੇਤੀਂ ਹੀ ਮਗਰੋਂ, ਸੰਤੋਖ ਸਿੰਘ ਅਤੇ ਰਾਮ ਸਿੰਘ ਵੀ ਪਾਰਟੀ ਹੈਡਕੁਆਰਟਰ ਆ ਗਏ – ਗ਼ਦਰ ਆਸ਼ਰਮ। ਉਹਨਾਂ ਨਾਲ ਵੀ ਉਸੇ ਤਰ੍ਹਾਂ ਬੇਰੁਖ਼ੀ ਹੀ ਵਰਤੀ ਗਈ। ਕੁਦਰਤੀ ਤੌਰ ਤੇ ਉਹਨਾਂ ਨੂੰ ਇਸ ਵਤੀਰੇ ਤੋਂ ਠੇਸ ਲੱਗੀ ਕਿਉਂਕਿ ਉਹਨਾਂ ਨੇ ਆਪਣੇ ਜੀਵਨ ਨੂੰ ਪੂਰਬ ਵਿਚ ਵੱਡੇ ਖ਼ਤਰੇ ਵਿਚ ਪਾਇਆ ਸੀ ਅਤੇ ਸੰਤੋਖ ਸਿੰਘ ਤਾਂ ਮੌਤ ਤੋਂ ਵਾਲ ਵਾਲ ਬਚਿਆ ਸੀ। ਉਹਨਾਂ ਦਾ ਯੋਧਿਆਂ ਵਾਂਗ ਸਵਾਗਤ ਕਰਨ ਦੀ ਬਜਾਏ, ਜਿਸਦੇ ਉਹ ਪੂਰੀ ਤਰ੍ਹਾਂ ਹੱਕਦਾਰ ਸਨ, ਉਹਨਾਂ ਨੂੰ ਇਹ ਮਹਿਸੂਸ ਕਰਾਇਆ ਕਿ ਉੱਥੇ ਉਹਨਾਂ ਦਾ ਸਵਾਗਤ ਨਹੀਂ ਸੀ ਅਤੇ ਉਹਨਾਂ ਦੀ ਉਥੇ ਹਾਜ਼ਰੀ ਦਾ ਵਿਰੋਧ ਹੋਣ ਲੱਗ ਪਿਆ। ਇਥੇ ਇਹ ਜ਼ੋਰ ਨਾਲ ਕਹਿਣਾ ਬਣਦਾ ਹੈ ਕਿ ਸੰਤੋਖ ਸਿੰਘ ਪਾਰਟੀ ਜਨਰਲ ਸੈਕਟਰੀ ਸੀ ਅਤੇ ਕਮਿਸ਼ਨ ਦਾ ਮੈਂਬਰ।

ਇਸ ਕਸ਼ੀਦਗੀ ਦਾ ਮੁੱਖ ਕਾਰਨ ਸੀ, ਐਸਾ ਲੱਗਦਾ ਹੈ, ਰਾਮਚੰਦਰ ਕੋਲ ਆਜ਼ਾਦੀ ਦੇ ਸੰਘਰਸ਼ ਲਈ ਜਰਮਨੀ ਤੋਂ ਅਤੇ ਭਾਰਤੀ ਪਰਵਾਸੀਆਂ ਤੋਂ ਆਇਆ ਪੈਸਾ।

6 ਜਨਵਰੀ 1917 ਨੂੰ ਆਸ਼ਰਮ ਕੌਂਸਲ ਦੀ ਮੀਟਿੰਗ ਰੱਖੀ ਗਈ ਤਾਂ ਜੋ ਕਮਿਸ਼ਨ ਦੇ ਵਿਚਾਰ ਸੁਣੇ ਜਾ ਸਕਣ, ਜਿਸ ਵਿਚ ਰਾਮਚੰਦਰ ਦੇ ਵਿਰੁੱਧ ਇਹ ਇਲਜ਼ਾਮ ਲੱਗੇ ਸਨ –

ਅਸਪਸ਼ਟਤਾ ਅਤੇ ਹਿਸਾਬ ਕਿਤਾਬ ਵਿਚ ਹੇਰਾਫੇਰੀ, ਪਾਰਟੀ ਦੇ ਪੈਸੇ ਦਾ ਦੁਰਉਪਯੋਗ, ਅਤੇ ਵਿਅਕਤੀਗਤ ਰਸੂਖ਼ ਵਧਾਉਣ ਲਈ ਪੈਸੇ ਦਾ ਇਸਤੇਮਾਲ।

ਬਿਸ਼ਨ ਸਿੰਘ ਹਿੰਦੀ ਦਾ ਬਿਆਨ, ਜਿਹੜਾ ਹਰੀਸ਼ ਚੰਦਰਾ ਦੇ ਨਾਲ ਕਮਿਸ਼ਨ ਦੇ ਮੈਂਬਰਾਂ ਵਿਚੋਂ ਇਕ ਸੀ, ਹੋਰ ਵੀ ਖ਼ਤਰਨਾਕ ਸੀ, ਅਤੇ ਰਾਮਚੰਦਰ ਦੀ ਘੋਰ ਨਿੰਦਿਆ ਕਰਦਾ ਸੀ, ਇਲਜ਼ਾਮ ਲਾਉਂਦਾ ਸੀ ਪਾਰਟੀ ਦੇ ਪੈਸੇ ਵਿਚ ਕੀਤੀ ਗੜਬੜੀ ਬਾਰੇ ਅਤੇ ਠੀਕ ਤਰ੍ਹਾਂ ਨਾਲ ਹਿਸਾਬ ਕਿਤਾਬ ਨਾ ਦਿਖਾਉਣ ਬਾਰੇ। ਉਸਨੇ ਆਪਣੀ ਪਤਨੀ ਵਾਸਤੇ ਬਹੁਤ ਮਹਿੰਗੇ ਗਹਿਣੇ ਅਤੇ ਕੱਪੜੇ ਖ਼ਰੀਦੇ, ਉਸਨੇ ਪਾਰਟੀ ਦੇ ਗੁਪਤ ਪੈਸੇ ਐਸੇ ਵਿਅਕਤੀ ਦੇ ਹਵਾਲੇ ਕੀਤੇ ਜਿਹੜਾ ਸਾਨਫ਼ਰਾਂਸਿਸਕੋ ਵਿਚਲੀ ਬ੍ਰਿਟਿਸ਼ ਕਉਂਸਿਲ ਨਾਲ ਮਿਲਿਆ ਹੋਇਆ ਸੀ ਅਤੇ ਜਿਸਨੂੰ ਭਾਰਤੀ ਅਧਿਕਾਰੀਆਂ ਨੇ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਜਾਸੂਸੀ ਕਰਨ ਲਈ ਭੇਜਿਆ ਸੀ, ਅਤੇ ਉਸਨੇ ਉਸ ਨਾਲ ਆਪਣੇ ਸੰਬੰਧ ਨਹੀਂ ਤੋੜੇ ਸਨ ਭਾਵੇਂ ਉਸਦੀਆਂ ਕਰਤੂਤਾਂ ਬ੍ਰਿਟਿਸ਼ ਜਾਸੂਸ ਹੋਣ ਸੰਬੰਧੀ ਨੰਗੀਆਂ ਕੀਤੀਆਂ ਜਾ ਚੁੱਕੀਆਂ ਸਨ। ਹੋਰ ਤਾਂ ਹੋਰ ਜਰਮਨ ਕੌਂਸਲ ਵੀ ਉਸਦੀ ਈਮਾਨਦਾਰੀ 'ਤੇ ਸ਼ੱਕ ਕਰਨ ਲੱਗ ਪਿਆ ਸੀ ਅਤੇ ਉਸਨੂੰ ਹੋਰ ਪੈਸਾ ਦੇਣ ਤੋਂ ਇਨਕਾਰੀ ਹੋ ਗਿਆ ਸੀ ਕਿਉਂਕਿ ਉਸ 'ਤੇ ਇਹ ਸ਼ੱਕ ਸੀ ਕਿ ਉਸਨੇ ਹਰਦਯਾਲ ਦੇ ਚਿੱਠੀ ਪੱਤਰ ਦੀਆਂ ਕਾਪੀਆਂ ਬ੍ਰਿਟਿਸ਼ ਅਧਿਕਾਰੀਆਂ ਤਕ ਪਹੁੰਚਾਈਆਂ ਸਨ।

ਰਾਮ ਚੰਦਰ ਦਾ ਅਸਤੀਫ਼ਾ ਮਨਜ਼ੂਰ ਕਰਦੇ ਹੋਏ, ਆਸ਼ਰਮ ਕੌਂਸਲ ਨੇ ਉਸਨੂੰ ਬਾਹਰ ਕੱਢ ਦਿੱਤਾ। 9 ਜਨਵਰੀ ਨੂੰ ਪਾਰਟੀ ਦੀ ਬੈਂਕ ਨੂੰ ਦਸਿਆ ਗਿਆ ਕਿ ਰਾਮ ਚੰਦਰਾ ਦਾ ਪਾਰਟੀ ਦੇ ਅਕਾਉਂਟ ਚਲਾਉਣ ਨਾਲ ਅਧਿਕਾਰ ਖ਼ਤਮ ਕਰ ਦਿੱਤਾ ਗਿਆ ਹੈ।

ਰਾਮ ਚੰਦਰ ਨੇ ਇਸਦੇ ਜਵਾਬ ਵਿਚ, ਆਪਣੇ ਤਿੰਨ ਹਿਮਾਇਤੀਆਂ ਦੀ ਮਦਦ ਨਾਲ ਗ਼ਦਰ ਦੇ 15 ਅਪ੍ਰੈਲ 1917 ਦੇ ਪਰਚੇ ਦਾ ਜ਼ਮੀਮਾ (ਸਪਲੀਮੈਂਟ) ਜਾਰੀ ਕੀਤਾ ਜਿਸ ਵਿਚ, ਸੰਤੋਖ ਸਿੰਘ ਅਤੇ ਭਗਵਾਨ ਸਿੰਘ ਅਤੇ ਰਾਮ ਸਿੰਘ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਅਤੇ ਨਾਲ ਹੀ ਤਿੰਨਾ ਉੱਪਰ ਬੇਬੁਨਿਆਦ ਇਲਜ਼ਾਮ ਵੀ ਲਾਏ। ਇਹ ਤਿੰਨ ਮੈਂਬਰਾਂ ਦੇ ਧੜੇ ਦਾ ਬਹੁਤ ਹੀ ਬੇਅਕਲੀ ਦਾ ਕੰਮ ਸੀ।

ਦੋ ਧੜਿਆਂ ਵਿਚਲੇ ਪਾੜੇ ਤੋਂ ਤਿੰਨ ਗੱਲਾਂ ਸਪਸ਼ਟ ਹੁੰਦੀਆਂ ਹਨ।

ਪਹਿਲੀ, ਕਿ ਰਾਮ ਚੰਦਰ ਆਪਣੇ ਆਪ ਨੂੰ ਬਹੁਤ ਸਮਝਦਾ ਸੀ ਅਤੇ ਗੁੱਸੇਖ਼ੋਰ ਸੀ।

ਦੂਸਰੀ, ਕਿ ਦੋਹਾਂ ਧਿਰਾਂ ਵਿਚਕਾਰ ਕੋਈ ਆਦਰ ਸਤਿਕਾਰ ਬਾਕੀ ਨਹੀਂ ਰਿਹਾ ਸੀ।

ਤੀਸਰੀ, ਉਹ ਕਾਂਸਪੀਰੇਸੀ ਮੁਕੱਦਮੇ ਸਮੇਂ ਆਪਣੇ ਬਚਾਅ ਵਿਚ ਕੋਈ ਤਾਲ ਮੇਲ ਨਹੀਂ ਰੱਖ ਸਕਦੇ ਸਨ।

ਇੰਜ, 23 ਅਪ੍ਰੈਲ 1918 ਨੂੰ, ਜਦ ਸਰਕਾਰੀ ਵਕੀਲ, ਜਾਨ ਪ੍ਰੈਸਟਨ ਨੇ ਆਪਣੇ ਪੱਖ ਨੂੰ ਸੰਖੇਪ ਵਿਚ ਦੁਹਰਾਇਆ ਅਤੇ ਅਦਾਲਤ 12 ਵਜੇ ਦੁਪਹਿਰ ਦੇ ਖਾਣੇ ਲਈ ਉਠ ਗਈ, ਰਾਮਚੰਦਰ ਆਪਣੀ ਥਾਂ ਤੋਂ ਉਠਿਆ ਅਤੇ ਬਚਾਅ ਪੱਖ ਦੇ ਵਕੀਲਾਂ ਨਾਲ ਗੱਲ ਕਰਨ ਲੱਗਾ ਤਾਂ ਰਾਮ ਸਿੰਘ ਉਸਦੇ ਪਿੱਛੇ ਗਿਆ, ਆਪਣਾ ਆਟੋਮੈਟਿਕ ਪਿਸਤੌਲ ਕੱਢਿਆ ਅਤੇ ਉਸਨੂੰ ਨੇੜਿਓਂ ਗੋਲੀ ਮਾਰ ਦਿੱਤੀ, ਅਤੇ ਉਹ ਥਾਂ 'ਤੇ ਹੀ ਮਰ ਗਿਆ। ਰਾਮ ਸਿੰਘ ਨੂੰ ਮਾਰਸ਼ਲ ਹੋਲੋਹਨ ਨੇ ਮਾਰ ਦਿੱਤਾ।

ਜਿਵੇਂ ਮੁੱਕਦਮਾ ਚੱਲਦਾ ਰਿਹਾ, ਦੋਹਾਂ ਧਿਰਾਂ ਵਿਚਕਾਰ ਕੁੜੱਤਣ ਬਹੁਤ ਹੀ ਵਧ ਗਈ।

ਚਾਹੇ ਇਸ ਵਿਚ ਸ਼ੱਕ ਨਹੀਂ ਕਿ ਰਾਮਚੰਦਰ ਪਾਰਟੀ ਦੇ ਪੈਸੇ ਦੇ ਦੁਰਉਪਯੋਗ ਦਾ ਦੋਸ਼ੀ ਸੀ, ਚਾਹੇ ਜਰਮਨੀ ਤੋਂ ਆਇਆ ਸੀ ਅਤੇ ਚਾਹੇ ਪਰਵਾਸੀ ਭਾਰਤੀਆਂ ਵੱਲੋਂ, ਰਾਮ ਸਿੰਘ ਸਮੇਤ, ਜਿਸਨੇ ਆਪਣੀ ਸਾਰੀ ਹੀ ਬਹੁਤ ਵੱਡੀ ਦੌਲਤ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਹਿਤ ਦਾਨ ਕਰ ਦਿੱਤੀ ਸੀ ਅਤੇ ਰਾਮ ਸਿੰਘ ਅਤੇ ਉਸਦੇ ਹਿਮਾਇਤੀ ਰਾਮ ਚੰਦਰ ਨੂੰ ਮਾਫ਼ ਵੀ ਕਰ ਦਿੰਦੇ ਅਤੇ ਭੁੱਲ ਵੀ ਜਾਂਦੇ, ਜੇ ਰਾਮਚੰਦਰ ਆਪਣੀ ਗ਼ਲਤੀ ਮੰਨ ਲੈਂਦਾ, ਗ਼ਲਤੀ ਲਈ ਮਾਫ਼ੀ ਮੰਗ ਲੈਂਦਾ ਅਤੇ ਆਸ਼ਰਮ ਕੌਂਸਲ ਦਾ ਸਮੂਹਿਕ ਫ਼ੈਸਲਾ ਮੰਨ ਲੈਂਦਾ। ਐਸਾ ਕਰਨ ਦੀ ਥਾਂ, ਉਹ ਆਪਣੇ ਤਿੰਨ ਪਿਠੂਆਂ – ਸੁੰਦਰ ਸਿੰਘ, ਇਮਾਮ ਦੀਨ ਅਤੇ ਇੰਦਰ ਸਿੰਘ – ਦੀ ਮਦਦ ਨਾਲ ਇਸ ਗਲ 'ਤੇ ਤੁਲਿਆ ਬੈਠਾ ਸੀ ਕਿ ਉਹ ਇਕ ਸਮਾਂਤਰ ਕੇਂਦਰ ਖੋਲ੍ਹਣਗੇ ਅਤੇ ਪਰਚਾ ਵੀ ਕੱਢਣਗੇ ਉਸੇ ਨਾਮ 'ਤੇ। ਇਨਕਲਾਬੀ ਅਨੁਸਾਸ਼ਨ ਨੂੰ ਮੰਨਣ ਤੋਂ ਇਨਕਾਰ ਕਰਕੇ, ਜਿਵੇਂ ਕਮਿਸ਼ਨ ਦੀ ਮੰਗ ਸੀ, ਉਹ ਪਾਰਟੀ ਦੀ ਏਕਤਾ ਦੇ ਰਾਹ ਵਿਚ ਰੋੜਾ ਬਣ ਗਿਆ ਸੀ। ਇਸ ਲਈ ਉਸਨੂੰ ਮਾਰ ਦੇਣ ਦਾ ਫ਼ੈਸਲਾ, ਰਾਮ ਸਿੰਘ ਦਾ ਵਿਅਕਤੀਗਤ ਕੰਮ ਨਾ ਹੋ ਕੇ, ਸਭ ਦਾ ਸਮੂਹਿਕ ਫ਼ੈਸਲਾ ਬਣ ਗਿਆ ਸੀ, ਜਿਹਨਾਂ ਨੇ ਰਾਮ ਚੰਦਰ ਨੂੰ ਗ਼ਦਰ ਪਾਰਟੀ ਵਿਚੋਂ ਕੱਢ ਦਿੱਤਾ ਸੀ ਅਤੇ ਜਥੇਬੰਦੀ ਆਪਣੇ ਹੱਥ ਵਿਚ ਲੈ ਲਈ ਸੀ।

ਇਸਤੋਂ ਵੀ ਵੱਧ ਹੋਰ। ਗੁਰਚਰਨ ਸਿੰਘ ਸੈਂਸਰਾ ਦੁਆਰਾ ਲਿਖੇ ਗ਼ਦਰ ਪਾਰਟੀ ਦੇ (ਪੰਜਾਬੀ ਵਿਚ ਲਿਖੇ) ਇਤਿਹਾਸ 'ਤੇ ਭਰੋਸਾ ਕਰਦਿਆਂ, ਜੋਸ਼ ਨੇ ਲਿਖਿਆ –

*"ਇਹ ਆਮ ਗੱਲ ਚੱਲ ਰਹੀ ਸੀ ਕਿ ਬ੍ਰਿਟਿਸ਼ ਸਰਕਾਰ ਨੂੰ ਜਿੰਨੇ ਵੀ ਮੋਰਚੇ ਰਾਮ ਚੰਦਰ ਦੀ ਅਗਵਾਈ ਵਿਚ ਬਰਮਾ ਅਤੇ ਸਿਆਮ ਵਿਚ ਖ੍ਹੋਲੇ ਸਨ, ਉਹਨਾਂ ਬਾਰੇ ਪਹਿਲਾਂ ਹੀ ਪਤਾ ਹੁੰਦਾ ਸੀ। ਇਸੇ ਕਰਕੇ ਹੀ ਐਨੇ ਸਾਰੇ ਗ਼ਦਰੀ ਲੀਡਰ ਬਰਮਾ ਅਤੇ ਸਿਆਮ ਵਿਚ ਗ੍ਰਿਫ਼ਤਾਰ ਕਰ ਲਏ ਗਏ ਸਨ, ਮਾਰ ਦਿੱਤੇ ਗਏ ਸਨ ਜਾਂ ਉਮਰ ਕੈਦ ਕਰ ਦਿੱਤੇ ਗਏ ਸਨ। ਅਸਲ ਵਿਚ ਉਹ ਸਮਝਦਾਰ ਅਤੇ ਸਿਆਸੀ ਤੌਰ ਤੇ ਜਾਗ੍ਰਿਤ ਲੋਕਾਂ ਤੋਂ ਆਪਣਾ ਪਿੱਛਾ ਛੁਡਾਉਣਾ ਚਾਹੁੰਦਾ ਸੀ।"*[153]

ਚਾਹੇ ਸੱਚ ਜਾਂ ਨਹੀਂ, ਹਾਲਾਤ ਏਸ ਹੱਦ ਤਕ ਪੁੱਜ ਗਏ ਸਨ ਕਿ ਦੋਹਾਂ ਧੜਿਆਂ ਵਿਚ ਸਮਝੌਤਾ ਜਾਂ ਮਿਟ–ਮਿਟਾਅ ਸੰਭਵ ਨਹੀਂ ਸੀ। ਇਸ ਨਾਲ ਰਾਮ ਚੰਦਰ ਦੀ ਕਿਸਮਤ ਦਾ ਫ਼ੈਸਲਾ ਹੋ ਗਿਆ ਸੀ ਅਤੇ ਉਸਦਾ ਦੁਖਦਾਈ ਅੰਤ ਹੋਇਆ।

**ਅੰਤਲਾ ਨੋਟ 3**

## ਐਗਨਸ ਸਮੇਡਲੀ ਦਾ ਯੋਗਦਾਨ

ਐਗਨੈਸ ਸਮੇਡਲੀ ਨੇ ਗ਼ਦਰੀਆਂ ਦੀ ਸਹਾਇਤਾ ਕਰਨ ਵਿੱਚ ਵੱਡਾ ਯੋਗਦਾਨ ਪਾਇਆ, ਵਿਸ਼ੇਸ਼ਕਰ ਉਹਨਾਂ ਦੀ ਜਬਰੀ ਦੇਸ ਵਾਪਸੀ ਅਤੇ ਨਿਸ਼ਚਿਤ ਮੌਤ ਤੋਂ ਬਚਾਉਣ ਦੇ ਮਾਮਲੇ ਵਿਚ। ਜਦ ਭਾਰਤੀਆਂ ਉਪਰ ਜਰਮਨ ਜਾਸੂਸ ਹੋਣ ਦੇ ਦੋਸ਼ ਅਮਰੀਕਾ ਸਰਕਾਰ ਵੱਲੋਂ ਲਾਏ ਜਾ ਰਹੇ ਸਨ, ਤਾਂ ਉਸਨੇ ਠੀਕ ਹੀ ਜਵਾਬ ਦਿੱਤਾ ਸੀ – *" ਨਹੀਂ ਨਹੀਂ –ਇਸਤੋਂ ਵਧ ਨਹੀਂ ਕਿ ਬੈਂਜਾਮਿਨ ਫ਼ਰੈਂਕਲਿਨ ਫ਼ਰਾਂਸਸੀ ਜਾਸੂਸ ਸੀ।"*

ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਹੱਥੋਪਾਈ ਕੀਤੀ, ਗੰਦੀ ਜੇਲ੍ਹ ਵਿਚ ਰਖਿਆ,

ਗਰਮ ਕੰਬਲ ਦੇਣੋਂ ਨਾਂਹ ਕੀਤੀ ਗਈ ਅਤੇ ਕਦੇ ਕਦੇ ਪੀਣ ਦਾ ਪਾਣੀ ਵੀ ਨਹੀਂ ਦਿੱਤਾ ਗਿਆ, ਅਤੇ ਉਹਨੂੰ ਬਹੁਤ ਹੀ ਭੈੜੇ ਸਿੱਟੇ ਭੁਗਤਣ ਦੀ ਧਮਕੀ ਵੀ ਦਿੱਤੀ ਗਈ, ਪਰ ਉਸਨੇ ਇਹ ਸਭ ਕੁਝ ਬਹਾਦਰੀ ਨਾਲ ਬਰਦਾਸ਼ਤ ਕੀਤਾ। ਜੰਗ ਦੇ ਅੰਤ ਵਿਚ ਉਸਨੂੰ ਰਿਹਾਅ ਕਰ ਦਿੱਤਾ ਗਿਆ।

ਉਸਨੇ, ਰਾਬਰਟ ਮੋਰਸ ਲੇਵੈਟ, ਇੰਗਲਿਸ਼ ਸਾਹਿਤ ਦਾ ਅਧਿਆਕਪ, ਅਤੇ ਕੁਝ ਹੋਰ ਅਗਾਂਹਵਧੂ ਬੁੱਧੀਜੀਵੀਆਂ ਨਾਲ ਰਲ ਕੇ ਫ਼ਰੈਂਡਜ਼ ਫ਼ਾਰ ਇੰਡੀਆ (ਐਫ਼ ਐਫ਼ ਆਈ) ਸੰਗਠਿਤ ਕੀਤੀ ਤਾਂ ਜੋ ਭਾਰਤੀ ਇਨਕਲਾਬੀਆਂ ਦੇ ਅਮਰੀਕਾ ਤੋਂ ਜਬਰੀ ਵਾਪਸ ਭੇਜੇ ਜਾਣ ਦੇ ਵਿਰੁੱਧ ਮੁਹਿੰਮ ਚਲਾਈ ਜਾ ਸਕੇ। ਐਫ਼ ਐਫ਼ ਆਈ ਨੇ ਅਮਰੀਕਨ ਕਿਰਤੀਆਂ ਅਤੇ ਡੈਮੋਕਰੇਟਸ ਨੂੰ ਜਬਰੀ ਵਾਪਸ ਭੇਜਣ ਦੇ ਖ਼ਿਲਾਫ਼ ਆਵਾਜ਼ ਉਠਾਉਣ ਲਈ ਪ੍ਰੇਰਿਆ। ਇਸਨੇ ਏ ਐਫ਼ ਐਲ (ਅਮੇਰੀਕਨ ਫ਼ੈਡਰੇਸ਼ਨ ਆਫ਼ ਲੇਬਰ) ਦੀ ਹਿਮਾਇਤ ਵੀ ਪ੍ਰਾਪਤ ਕੀਤੀ ਅਤੇ ਇਸਦੇ ਰਾਹੀਂ, ਕਈ ਟਰੇਡ ਯੂਨੀਅਨਾਂ ਦੇ ਕਿਰਤੀਆਂ ਦੀ ਹਿਮਾਇਤ ਵੀ ਪ੍ਰਾਪਤ ਕੀਤੀ ਅਤੇ ਇਸ ਪ੍ਰਕਾਰ ਯੂ ਐਸ ਏ ਦੇ ਲੇਬਰ ਮਹਿਕਮੇ ਦੇ ਯਤਨਾਂ ਨੂੰ ਨਿਸਫ਼ਲ ਕੀਤਾ, ਜਿਹਦੇ ਅਧਿਕਾਰ ਖੇਤਰ ਵਿਚ ਜਬਰੀ ਵਾਪਸੀ ਦੇ ਮਾਮਲੇ ਆਉਂਦੇ ਸਨ ਅਤੇ ਇੰਜ ਉਹਨਾਂ ਲਈ ਸ਼ਰਣ ਪ੍ਰਾਪਤ ਕਰਨ ਦੇ ਹੱਕ ਦਾ ਰਾਹ ਬਣਾਇਆ।

ਬ੍ਰਿਟਿਸ਼ ਅਤੇ ਅਮੈਰੀਕਨ ਜਾਸੂਸੀ ਮਹਿਕਮਾ ਉਸਦੇ ਪਿੱਛੇ ਉਸਦੀ ਬਾਕੀ ਦੀ ਜ਼ਿੰਦਗੀ ਤਕ ਲੱਗਾ ਰਿਹਾ ਸੀ, ਕਿਉਂਕਿ ਉਸਦਾ ਗ਼ਦਰ ਪਾਰਟੀ ਨਾਲ ਸੰਬੰਧ ਸੀ, ਗ਼ਦਰ ਪਾਰਟੀ ਦਾ ਬਚਾਅ ਕਰਦੀ ਸੀ ਅਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਦੀ ਸਮਰਥਕ ਸੀ। ਉਹਨਾਂ ਨੇ ਏਥੇ ਤਕ ਉਸਨੂੰ ਧਮਕੀ ਦਿੱਤੀ ਕਿ ਉਸਦੇ ਵਿਅਕਤੀਗਤ ਜੀਵਨ ਨੂੰ ਪ੍ਰੈਸ ਵਿਚ ਨੰਗਾ ਕੀਤਾ ਜਾਵੇਗਾ ਜੇ ਉਹ ਇਨਕਲਾਬੀਆਂ ਦੀਆਂ ਗਤੀਵਿਧੀਆਂ ਬਾਰੇ ਸਰਕਾਰ ਨੂੰ ਖ਼ਬਰ ਨਹੀਂ ਦੇਵੇਗੀ।[154]

ਗ਼ਦਰੀਆਂ ਦੀ ਇਕ ਕਾਨਫ਼ਰੰਸ ਜੋ 18 ਦਸੰਬਰ 1919 ਨੂੰ ਕੀਤੀ ਗਈ ਸੀ ਵਿਚ ਉਸਦੇ ਅਣਥੱਕ ਅਤੇ ਨਿਸ਼ਕਾਮ ਕੰਮ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਸੀ ਅਤੇ ਉਸਨੇ ਗੋਪਾਲ ਸਿੰਘ ਦੇ ਨਾਮ ਇਕ ਪੱਤਰ ਵਿਚ ਜਵਾਬ ਦਿੱਤਾ –

*"ਤੁਹਾਡਾ 8 ਦਿਸੰਬਰ ਦਾ ਪੱਤਰ ਬਹੁਤ ਪ੍ਰਸ਼ੰਸਾ ਅਤੇ ਘਬਰਾਹਟ ਕਰਨ ਵਾਲਾ ਹੈ। ਮੈਂ ਤੁਹਾਡਾ ਅਤੇ ਕਾਨਫ਼ਰੰਸ ਦਾ ਧੰਨਵਾਦ ਕਰਦੀ ਹਾਂ ਜਿਸ ਵਿਚ ਤੁਸੀਂ ਚੰਗੇ ਵਿਚਾਰ ਪ੍ਰਗਟਾਏ ਹਨ ਅਤੇ ਖੁੱਲ੍ਹੇ ਦਿਲ ਨਾਲ ਮੇਰੇ ਦੁਆਰਾ ਕੀਤੇ ਕੰਮ ਦੀ ਸਰਾਹਨਾ ਕੀਤੀ ਹੈ। ਮੈਂ ਚਾਹੁੰਦੀ ਹਾਂ ਕਿ ਮੈਂ ਇਕ ਪਲ ਲਈ ਮਹਿਸੂਸ ਕਰ ਸਕਾਂ ਕਿ ਮੈਂ ਇਸੇ ਯੋਗ ਹਾਂ ਜੋ ਤੁਸੀਂ ਕਹਿੰਦੇ ਹੋ। ਮੈਂ ਕੁਝ ਸਮਾਂ, ਸੋਚ ਅਤੇ ਸ਼ਕਤੀ, ਸ਼ੱਕ ਨਹੀਂ, ਜ਼ਰੂਰ ਖ਼ਰਚ ਕੀਤੀ, ਪਰ ਸਭ ਕੁਝ ਮੇਰਾ ਹੀ ਕੀਤਾ ਹੋਇਆ ਨਹੀਂ ਹੈ। ਤੁਸੀਂ ਲੋਕ ਹੀ ਮੇਰੇ ਸੋਚ ਦੇ ਸਰੋਤ ਹੋ ਸੋ ਅਤੇ ਮੇਰੀ ਹਿੰਮਤ ਦੇ, ਜਿਵੇਂ ਤੁਸੀਂ ਇਸਨੂੰ ਕਹਿੰਦੇ ਹੋ। ਇਸਦਾ ਸਿਹਰਾ ਤੁਹਾਡੇ ਸਿਰ ਹੀ ਹੈ। ਤੁਹਾਡੀ ਪਿੱਠ ਪਿੱਛੇ ਭਾਰਤ ਹੈ, ਜਿਹੜਾ ਸਾਡੇ ਸਾਰੇ ਹੌਸਲੇ ਅਤੇ ਆਦਰਸ਼ ਦਾ ਸਰੋਤ ਹੈ। ਅਸੀਂ ਕੀ ਹਾਂ ਅਤੇ ਅਸੀਂ ਕੀ ਕੀਤਾ ਹੈ, ਇਸਦਾ ਮੁੱਢ ਉਥੇ ਹੀ ਹੈ, ਅਤੇ ਅਸੀਂ ਕਿਸੇ ਚੰਗਿਆਈ ਲਈ ਜ਼ਿਮੇਵਾਰ ਨਹੀਂ ਹਾਂ ਜੋ ਸਾਡੇ ਵਿਚ ਹੈ। ਤੁਸੀਂ ਆਪਣੇ ਆਦਰਸ਼ਵਾਦ ਦਾ ਹੀ ਧੰਨਵਾਦ ਕਰੋ ਜਿਹੜੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਕੇਂਦਰ ਵਿਚ ਹੈ, ਮੇਰਾ ਨਹੀਂ। ਉਸ ਸੰਘਰਸ਼ ਵਿਚ ਮੈਂ ਤਾਂ ਬਾਲਟੀ ਦੇ ਇਕ ਕਤਰੇ ਜਿੰਨੀ ਵੀ ਨਹੀਂ ਹਾਂ।"*

ਉਹ ਅੱਗੇ ਕਹਿੰਦੀ ਹੈ – *"ਜੋ ਸਮਾਂ ਮੈਂ ਇਸ ਕੰਮ ਲਈ ਦਿੱਤਾ ਹੈ ਬਹੁਤ ਹੀ ਥੋੜ੍ਹਾ ਰਿਹਾ*

*ਹੈ ਅਤੇ ਮੈਂ ਆਪਣਾ ਫ਼ਰਜ਼ ਉਸ ਪ੍ਰਕਾਰ ਨਹੀਂ ਨਿਭਾਇਆ ਜਿਵੇਂ ਮੈਨੂੰ ਨਿਭਾਉਣਾ ਚਾਹੀਦਾ ਸੀ। ਤੁਸੀਂ ਮੇਰੇ ਯਤਨ ਜੋ ਕੇਵਲ ਦਿੱਸਦੇ ਹਨ ਨਾ ਦੇਖੋ ਪਰ ਉਹ ਦੇਖੋ ਜੋ ਕੁਝ ਕਰਨ ਵਾਲਾ ਬਾਕੀ ਹੈ। ਅਤੇ ਉਹ ਬਹੁਤ ਵੱਡਾ ਕੰਮ ਹੈ। ਮੈਂ ਤੇ ਅਜੇ ਇਸਨੂੰ ਛੂਹਿਆ ਵੀ ਨਹੀਂ."*[155]

ਉਸਨੇ ਭਾਰਤੀ ਇਤਿਹਾਸ ਅਤੇ ਸਮਾਜ ਦਾ ਅਧਿਐਨ ਕੀਤਾ। ਉਹ ਨਹਿਰੂ ਦੀ ਬਹੁਤ ਪ੍ਰਸ਼ੰਸ਼ਕ ਸੀ ਅਤੇ ਉਹ ਉਸਦਾ *ਸਿਆਸੀ ਆਦਰਸ਼ ਵੀ ਰਿਹਾ।"*

16 ਦਿਸੰਬਰ 1920 ਦੇ ਇਕ ਪੱਤਰ ਵਿਚ, ਉਸਨੇ ਗ਼ਦਰ ਪਾਰਟੀ ਵਿਚ ਆਪਣੇ ਮਿੱਤਰਾਂ ਨੂੰ ਸੂਚਿਤ ਕੀਤਾ ਕਿ ਕਿਉਂਕਿ ਜਬਰੀ ਵਾਪਸੀ ਦੀ ਲੜਾਈ ਸਫ਼ਲਤਾ ਨਾਲ ਖ਼ਤਮ ਹੋ ਗਈ ਹੈ, ਉਸਨੇ ਐਫ਼ ਐਫ਼ ਆਈ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਉਹਦੀਆਂ ਸਿਆਸੀ ਗਤੀਵਿਧੀਆਂ, ਭਾਰਤੀ ਆਜ਼ਾਦੀ ਲਈ ਕਿੰਨਾ ਸਮਾਂ ਜੇਲ੍ਹ ਕੱਟੀ ਨੂੰ ਦੇਖਦੇ ਹੋਏ ਉਹ ਦੇਸ ਉਸਦੀ ਕੁਦਰਤੀ ਮੰਜ਼ਿਲ ਹੋਣੀ ਲੱਗਦੀ ਹੋਵੇਗੀ, ਪਰ ਬ੍ਰਿਟਿਸ਼ ਸਰਕਾਰ ਨੇ ਉਸਨੂੰ ਉੱਥੇ ਜਾਣ ਤੋਂ ਰੋਕਿਆ। ਪਰ ਉਹ ਆਪਣੀਆਂ ਲਿਖਤਾਂ ਰਾਹੀਂ ਭਾਰਤ ਦੀ ਸੇਵਾ ਕਰਦੀ ਰਹੀ। ਉਹ 1926 ਵਿਚ ਨਹਿਰੂ ਨੂੰ ਮਿਲੀ। ਉਹ ਉਸਦੇ ਭਾਰਤ ਲਈ ਕੀਤੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਭਾਰਤ ਦੀ ਆਜ਼ਾਦੀ ਦੇ ਮਗਰੋਂ ਉਸਨੇ ਉਸਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਪਰ ਓਦੋਂ ਉਹ ਚੀਨ ਵਿਚ ਸੀ, ਚੀਨ ਦੀ ਆਜ਼ਾਦੀ ਦੀ ਲੜਾਈ ਦਾ ਅਧਿਐਨ ਕਰ ਰਹੀ ਸੀ ਸੀ ਤੇ ਉਸ ਬਾਰੇ ਲਿਖ ਰਹੀ ਸੀ।

1927 ਵਿਚ, ਜਦ ਉਸਨੂੰ ਪਤਾ ਲੱਗਾ ਕਿ ਉਸਦੇ ਨੇੜਲਾ ਮਿੱਤਰ ਅਤੇ ਸਾਥੀ ਕਾਰਜ ਕਰਤਾ ਸੰਤੋਖ ਸਿਘ ਭਾਰਤ ਆ ਗਿਆ ਹੈ ਅਤੇ ਉਸਨੇ ਪੰਜਾਬੀ ਮਹੀਨੇਵਾਰ ਪਰਚਾ "ਕਿਰਤੀ" ਸ਼ੁਰੂ ਕੀਤਾ ਹੈ ਤਾਂ ਉਹ ਉਸ ਲਈ ਲੇਖ ਲਿਖ ਕੇ ਭੇਜਣ ਲੱਗ ਪਈ। ਉਸਦੇ ਕਈ ਲੇਖ ਪ੍ਰਕਾਸ਼ਿਤ ਕਰਨ ਦੇ ਇਲਾਵਾ, ਕਿਰਤੀ ਦੇ ਅਦਾਰੇ ਨੇ ਉਸਦਾ ਕਿਤਾਬਚਾ *'ਇੰਡੀਆ ਐਂਡ ਦੀ ਨੈਕਸਟ ਵਾਰ'* ਵੀ ਪ੍ਰਕਾਸ਼ਿਤ ਕੀਤਾ। ਮੇਰਠ ਸਾਜ਼ਿਸ਼ ਕੇਸ ਵਿਚ ਉਸਦੇ ਨਾਮ ਦਾ ਜ਼ਿਕਰ ਵੀ ਆਇਆ ਸੀ, 51 ਵਿਚੋਂ ਇਕ ਸਾਜ਼ਿਸ਼ਕਾਰ ਵਜੋਂ, ਜੋ ਅਦਾਲਤ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ।

1921 ਤੋਂ 1928 ਤਕ ਉਹ ਬਰਲਿਨ ਵਿਖੇ ਰਹੀ। ਉਹ 192 ਵਿਚੋਂ ਇਕ ਡੈਲੀਗੇਟ ਸੀ ਜਿਸ ਨੇ 1921 ਦੀ ਕਾਂਗਰਸ ਆਫ ਦੀ ਕਮਿਉਨਿਸਟ ਇੰਟਰਨੈਸ਼ਨਲ ਵਿਚ ਹਾਜ਼ਰੀ ਭਰੀ ਸੀ ਅਤੇ ਡੈਲੀਗੇਸ਼ਨ ਦੀ ਰੂਹੇ-ਰਵਾਂ ਸੀ (ਦੇਖੋ ਪ੍ਰੋਫੈਸਰ ਮੈਕਿਨੋਨ, ਓ.ਪੀ.ਸਿਟ ਪ. 8)। ਉਹ ਸੋਵੀਅਤ ਯੂਨੀਅਨ 1921, 1928 ਅਤੇ 1933-34 ਵਿਚ ਗਈ ਸੀ।

1928 ਵਿਚ ਉਹ ਚੀਨ ਗਈ ਜਿੱਥੇ ਉਸਨੇ ਹੇਠ ਲਿਖੀਆਂ ਪ੍ਰਸਿੱਧ ਪੁਸਤਕਾਂ ਲਿਖ ਕੇ ਵੱਡਾ ਨਾਮਣਾ ਖਟਿਆ - *ਚਾਈਨੀਜ਼ ਰੈਡ ਆਰਮੀ ਮਾਰਚਜ਼, ਚਾਈਨਾ ਫ਼ਾਈਟਸ ਬੈਕ, ਐਨ ਅਮੈਰੀਕਨ ਵੂਮੈਨ ਵਿਦ ਦੀ ਏਅੱਥ ਰੂਟ ਆਰਮੀ, ਬੈਟਲ ਹਿਮ ਆਫ਼ ਚਾਇਨਾ, ਦੀ ਲਾਈਫ਼ ਐਂਡ ਟਾਈਮਜ਼ ਆਫ਼ ਚੂ ਤੇਹ।*

ਉਸਨੇ ਚੀਨ ਦੀ ਰੈਡ ਕਰਾਸ ਦੀ ਸਥਾਪਨਾ ਕਰਨ ਵਿਚ ਮਦਦ ਕੀਤੀ। ਉਸਦੇ ਅਮਰੀਕਾ ਵੱਲ ਲਿਖੇ ਪੱਤਰਾਂ ਦੇ ਫਲਸਰੂਪ ਨਾਰਮਨ ਬੈਥੂਨ ਅਤੇ ਹੋਰ ਪੱਛਮੀ ਡਾਕਟਰ ਚੀਨ ਆਏ, ਅਤੇ ਉਸਦੀ ਜ਼ਾਤੀ ਅਪੀਲ ਜੋ ਉਸਨੇ ਨਹਿਰੂ ਨੂੰ ਕੀਤੀ ਦੇ ਫਲਸਰੂਪ ਵੀ ਪੰਜ ਭਾਰਤੀ ਡਾਕਟਰ ਦਵਾਈਆਂ ਸਮੇਤ ਚੀਨ ਆਏ।

ਉਸਦੀ ਕਮਿਉਨਿਸਟਾਂ ਨਾਲ ਹਮਦਰਦੀ 'ਤੇ ਭਾਰੀ ਹਮਲਾ ਹੋਇਆ ਮਾਕਾਰਥੀ ਸਮੇ ਦੀ ਵਿਰੋਧੀ-ਸ਼ਿਕਾਰ ਨੀਤੀ ਦੇ ਲਾਗੂ ਹੋਣ ਨਾਲ। ਕੁਦਰਤੀ ਗੱਲ ਸੀ ਕਿ ਉਹ ਕਮਿਉਨਿਸਟਾਂ ਵਿਰੁੱਧ ਪਾਗਲਪਨ ਦਾ ਸ਼ਿਕਾਰ ਹੋਈ ਅਤੇ ਉਸਦੀ ਜਾਸੂਸੀ ਹੁੰਦੀ ਰਹੀ। ਉਸਦੀਆਂ ਪੁਸਤਕਾਂ ਯੂ ਐਸ ਦੀਆਂ ਲਾਇਬਰੇਰੀਆਂ ਵਿਚੋਂ ਕੱਢ ਦਿੱਤੀਆਂ ਗਈਆਂ ਸਨ।

6 ਮਈ 1950 ਵਿਚ ਉਸਨੇ ਆਖ਼ਰੀ ਸਾਹ ਲਿਆ, ਇਹ ਇੱਛਾ ਪ੍ਰਗਟ ਕਰਕੇ ਉਸਦੀਆਂ ਅਸਥੀਆਂ ਮਾਰੇ ਗਏ ਚੀਨੀ ਇਨਕਲਾਬੀਆਂ ਨਾਲ ਰੱਖੀਆਂ ਜਾਣ। ਤੇ ਉਹ ਬੀਜਿੰਗ ਦੇ ਕਬਰਿਸਤਾਨ ਵਿਚ ਹੀ ਆਦਰ ਸਹਿਤ ਰੱਖੀਆਂ ਹੋਈਆਂ ਹਨ ਅਤੇ ਪੱਥਰ ਉਪਰ ਲਿਖਿਆ ਹੈ *"ਐਗਨੇਸ ਸਮੈਡਲੀ, ਚੀਨ ਦੀ ਮਿੱਤਰ।"*

ਅਸੀਂ ਇਹ ਸੰਖੇਪ ਲੇਖ ਜੋਸ਼ ਦੁਆਰਾ ਉਸਨੂੰ ਦਿੱਤੀ ਸ਼ਰਧਾਂਜਲੀ ਨਾਲ ਸਮਾਪਤ ਕਰਦੇ ਹਾਂ –

*"ਉਸਨੇ ਇਕ ਮਹਾਨ ਸੂਰਵੀਰ ਵਾਲੀ ਜ਼ਿੰਦਗੀ ਬਸਰ ਕੀਤੀ, ਦੱਬੇ ਕੁੱਚਲੇ ਅਤੇ ਗ਼ੁਲਾਮ ਬਣਾਏ ਲੋਕਾਂ ਦੇ ਵਾਸਤੇ ਲੜਦੀ ਰਹੀ, ਅਤੇ ਉਹਨਾਂ ਦੇ ਦੁੱਖ ਸੁਖ ਵਿਚ ਹੀ ਸਾਰਾ ਜੀਵਨ ਬਤੀਤ ਕੀਤਾ। ਉਹ ਬਹੁਤ ਹੀ ਕਮਾਲ ਦੀ ਇਸਤਰੀ ਸੀ ਜਿਸਨੇ ਆਪਣੀ ਅਮਿਟ ਛਾਪ ਭਾਰਤ ਅਤੇ ਚੀਨ ਦੇ ਇਤਿਹਾਸ ਵਿਚ ਛੱਡੀ ਹੈ।"*[156]

***

# ਭਾਗ ਤੀਸਰਾ
# ਭਗਤ ਸਿੰਘ ਦਾ ਵਿਰਸਾ



ਸ਼ਹੀਦ ਊਧਮ ਸਿੰਘ



ਸ਼ਹੀਦ ਭਗਤ ਸਿੰਘ



ਰਾਜਗੁਰੂ



ਸੁਖਦੇਵ

ਕਾਂਡ 15

# ਭਗਤ ਸਿੰਘ, ਇਕ ਪੁਰਖ ਤੇ ਉਸਦੀਆ ਇਨਕਲਾਬੀ ਸਰਗਰਮੀਆਂ



ਇਹ ਸਾਲ (2007) [157] ਭਗਤ ਸਿੰਘ, ਜੋ ਮਹਾਨ ਭਾਰਤੀ ਇਨਕਲਾਬੀ ਸ਼ਹੀਦ ਸੀ, ਦੀ ਜਨਮ ਸ਼ਤਾਬਦੀ ਦਾ ਵਰ੍ਹਾ ਹੈ। ਉਸਦਾ ਜਨਮ 28 ਸਤੰਬਰ, 1907 ਵਿਚ ਹੋਇਆ ਸੀ ਅਤੇ ਭਗਤ ਸਿੰਘ ਕੇਵਲ 23 ਸਾਲ ਦਾ ਨੌਜਵਾਨ ਸੀ, ਜਦ ਉਸਦਾ ਬ੍ਰਿਟਿਸ਼ ਸਾਮਰਾਜ ਦੁਆਰਾ ਗਾਂਧੀ ਨਾਲ ਅਤੇ ਕਾਂਗਰਸ ਪਾਰਟੀ ਦੇ ਵੱਡੇ ਵਰਗ ਨਾਲ ਮਿਲ ਕੇ, ਅਦਾਲਤੀ ਕਤਲ ਕੀਤਾ ਗਿਆ (23 ਮਾਰਚ 1931)। ਭਾਵੇਂ ਉਸਦਾ ਜੀਵਨ ਅੰਤ ਬਹੁਤ ਛੇਤੀ ਹੀ ਕਰ ਦਿੱਤਾ ਗਿਆ, ਪਰ ਜਿੰਨਾਂ ਥੋੜ੍ਹਾ ਸਮਾ ਉਹ ਜੀਵਿਆ, ਉਹ ਇਕ ਮਰਦੇ ਕਾਮਲ ਬਣ ਗਿਆ, ਜਿਸਨੇ ਸਮਝੋ ਸਹੀ ਅਰਥਾਂ ਵਿਚ ਭਾਰਤੀ ਯੁਵਕਾਂ ਦੀ ਦੇਸ਼ ਭਗਤੀ ਦੀ ਭਾਵਨਾ ਨੂੰ ਉਭਾਰਿਆ, ਅਤੇ ਬਹੁਤ ਵੱਡੀ ਗਿਣਤੀ ਦੇ ਦੱਬੇ ਕੁਚਲੇ ਲੋਕਾਂ, ਭਾਰਤੀ ਕਿਰਤੀ ਵਰਗ ਅਤੇ ਕਿਸਾਨੀ ਨੂੰ ਸੁਚੇਤ ਕੀਤਾ। ਇਹ ਕੋਈ ਘੱਟ ਗੱਲ ਨਹੀਂ ਸੀ ਕਿ "ਭਗਤ ਸਿੰਘ ਦਾ ਕ੍ਰਿਸ਼ਮਾ" ਨਹਿਰੂ ਦੇ ਸ਼ਬਦਾਂ ਨੂੰ ਵਰਤਦੇ ਹੋਏ ਉਸਨੂੰ ਠੀਕ ਪ੍ਰਕਾਰ ਨਾਲ ਬਿਆਨ ਕਰਦੇ ਹਾਂ, ਉਸ ਨੌਜਵਾਨ ਦੀ ਸੁੱਚੀ ਅਤੇ ਸੱਚੀ ਜਿੰਦਗੀ, ਉਸਦੇ ਉੱਚ ਆਦਰਸ਼, ਉਸਦਾ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਪੂਰਨ ਸਮਰਪਣ ਅਤੇ ਕਿਰਤੀ ਸ਼੍ਰੇਣੀਆਂ ਅਤੇ ਕਿਸਾਨੀ ਦੀ ਮੁਕਤੀ ਹਿਤ, ਉਸਦੀ ਧਰਮਨਿਰਪੱਖਤਾ ਪ੍ਰਤੀ ਸ਼ਰਧਾ ਅਤੇ ਧਾਰਮਿਕ ਮੂਲਵਾਦ ਦੇ ਪ੍ਰਤੀ ਨਫ਼ਰਤ, ਉਸਦੀ ਸੌੜੇ ਰਾਸ਼ਟਰਵਾਦ ਪ੍ਰਤੀ ਘ੍ਰਿਣਾ ਅਤੇ ਪ੍ਰੋਲੇਤਾਰੀ ਅੰਤਰ-ਰਾਸ਼ਰਵਾਦ ਵਿਚ ਪੂਰਾ ਵਿਸ਼ਵਾਸ, ਅਤੇ ਅੰਤ ਵਿਚ, ਪਰ ਕਿਸੇ ਪ੍ਰਕਾਰ ਘੱਟ ਨਹੀਂ, ਉਸਦੀ ਆਤਮ-ਬਲੀਦਾਨੀ ਸੂਰਵੀਰਤਾ ਜੋ ਬਿਆਨੋਂ ਬਾਹਰੀ ਹੈ ਕਿ ਕਿਸੇ ਪ੍ਰਕਾਰ ਦੇ ਆਦਰਸ਼ਾਂ ਖ਼ਾਤਰ ਉਸਨੇ ਆਪਣੀ ਜਾਨ ਕੁਰਬਾਨ ਕੀਤੀ ਸੀ।

## ਇਕ ਬੁੱਧੀਮਾਨ ਮਹਾਪੁਰਖ

ਹਰ ਪੱਖੋਂ ਭਗਤ ਸਿੰਘ ਇਕ ਵਿਦਵਤਾ ਭਰਪੂਰ ਮਾਨਸਿਕਤਾ ਦਾ ਮਾਲਿਕ ਸੀ, ਬਹੁਤ ਗਹਿਰਾ ਵਿਚਾਰਵਾਨ ਸੀ ਜਿਹੜਾ ਵਿਚਾਰਾਂ ਦੀ ਸ਼ਕਤੀ ਨੂੰ ਸਮਝਦਾ ਸੀ। ਉਸਨੇ ਜੱਜਾਂ ਨੂੰ ਕਿਹਾ ਸੀ, ਜਿਹੜੇ ਉਸਦੇ ਮੁਕੱਦਮੇ ਦੀ ਸੁਣਾਈ ਕਰ ਰਹੇ ਸਨ, *"ਇਨਕਲਾਬ ਦੀ ਤਲਵਾਰ", "ਵਿਚਾਰਾਂ ਦੀ ਸਾਣ-ਪੱਥਰ 'ਤੇ ਤਿੱਖੀ ਕੀਤੀ ਜਾਂਦੀ ਹੈ"*

ਜਦ ਇਹ ਪੁਛਿਆ ਗਿਆ ਕਿ ਉਸਦੇ ਅਤੇ ਬਾਕੀ ਦੇ ਇਨਕਲਾਬੀਆਂ ਵਿਚ ਕੀ ਫ਼ਰਕ ਹੈ, ਤਾਂ ਸ਼ਿਵ ਵਰਮਾ, ਇਕ ਨਾਲ ਦਾ ਇਨਕਲਾਬੀ ਅਤੇ ਨੇੜਲਾ ਸਾਥੀ, ਨੇ ਇਹ ਉੱਤਰ ਦਿੱਤਾ -

"ਮੈਂ ਇਕ ਵਾਕ ਵਿਚ ਹੀ ਦੱਸ ਦਿੰਦਾ ਹਾਂ - ਭਗਤ ਸਿੰਘ ਸਾਡਾ, ਬਿਨਾ ਕਿਸੇ ਕਿੰਤੂ ਦੇ, ਆਦਰਸ਼ ਲੀਡਰ ਸੀ। ਮੈਨੂੰ ਇਕ ਵੀ ਚਿੰਨ ਚੇਤੇ ਨਹੀਂ ਹੈ ਜਦ ਭਗਤ ਸਿੰਘ ਦੀ ਜੇਬ ਵਿਚ ਕੋਈ ਕਿਤਾਬ ਨਹੀਂ ਹੁੰਦੀ ਸੀ। ਭਗਤ ਸਿੰਘ ਦੇ ਹੋਰ ਗੁਣ, ਜਿਵੇਂ ਬਹੁਤ ਵੱਧ ਹਿੰਮਤ, ਆਦਿ, ਹੋਰ ਇਨਕਲਾਬੀਆਂ ਵਿਚ ਵੀ ਸਨ। ਪਰ ਉਸਦੀ ਬੇਮਿਸਾਲਤਾ ਉਸਦੀ ਵੱਡੀ ਮਿਹਨਤ ਵਿਚ ਸੀ। ਉਸਦੀ ਸਪੱਸ਼ਟ ਸੋਚ ਅਤੇ ਇਮਾਨਦਾਰੀ ਦੀ ਪੱਧਰ ਜੋ ਉਸਦੀ ਇਸ ਲਹਰਿ ਪ੍ਰਤੀ ਸੀ, ਉਸ ਵੇਲੇ ਸਾਡੇ ਕਿਸੇ ਵਿਚ ਵੀ ਨਹੀਂ ਸੀ।"[158]

ਪ੍ਰਸਿੱਧ ਭਾਰਤੀ ਇਤਿਹਾਸਕਾਰ, ਬਿਪਨ ਚੰਦਰਾ, ਨੇ ਠੀਕ ਹੀ ਕਿਹਾ ਹੈ ਕਿ *"ਯੁਵਾ ਅਵਸਥਾ ਵਿਚ ਹੀ ਭਗਤ ਸਿੰਘ ਇਕ ਮਹਾਨ ਮਾਨਵ, ਮਹਾਨ ਬੁੱਧੀਜੀਵੀ ਅਤੇ ਮਹਾਨ ਵਿਚਾਰਵਾਨ ਬਣ ਗਿਆ ਸੀ।"* ਚਮਨ ਲਾਲ, ਜਿਸਨੇ ਭਗਤ ਸਿੰਘ ਦੀਆਂ ਸਾਰੀਆਂ ਹੀ ਹੱਥ-ਲਿਖਤਾਂ ਦਾ ਸੰਪਾਦਨ ਕੀਤਾ ਹੈ, ਨੇ ਲਿਖਿਆ ਹੈ "ਭਗਤ ਸਿੰਘ ਨੂੰ ਚਾਰ ਭਾਸ਼ਾਵਾਂ 'ਤੇ ਅਬੂਰ ਸੀ - ਪੰਜਾਬੀ, ਹਿੰਦੀ, ਉਰਦੂ ਅਤੇ ਇੰਗਲਿਸ਼ - ਜਦ ਕਿ ਉਸਨੇ ਕੋਈ ਰਸਮੀ ਤੌਰ 'ਤੇ ਸਿਖਲਾਈ ਨਹੀਂ ਲਈ ਸੀ ਜਾਂ ਪੜ੍ਹਾਈ ਨਹੀਂ ਕੀਤੀ ਸੀ। ਉਹ ਇਹਨਾਂ ਸਾਰੀਆਂ ਭਾਸ਼ਾਵਾਂ ਵਿਚ ਲਿਖਦਾ ਸੀ ਅਤੇ ਉਸਦੀ ਜੇਲ੍ਹ ਵਾਲੀਆਂ ਨੋਟਬੁੱਕਾਂ ਵਿਚ "108 ਲੇਖਕਾਂ ਦੇ ਅਤੇ 43 ਕਿਤਾਬਾਂ ਦੇ ਅੰਸ਼ ਜਾਂ ਹਵਾਲੇ ਦਿੱਤੇ ਗਏ ਹਨ, ਬਹੁਤ ਵਿਸ਼ੇਸ਼ ਕਰਕੇ ਮਾਰਕਸ, ਏਂਗਲਜ਼ ਅਤੇ ਲੈਨਿਨ, ਪਰ ਹੋਰ ਵੀ ਬਹੁਤ ਸਾਰੇ." [159]

ਭਗਤ ਸਿੰਘ ਦੀ ਗਿਆਨ ਪ੍ਰਾਪਤੀ ਦੀ ਖੋਜ, ਉਸਦੀ ਤਕੜੀ ਵਿਗਿਆਨਕ ਸੋਚ ਜੋ ਉਸਦੇ ਸਿਆਸੀ ਵਿਸ਼ਵਾਸ ਅਤੇ ਸਰਗਰਮੀ ਦੇ ਪਿੱਛੇ ਸੀ, ਇਕ ਬਹੁਤ ਹੀ ਵਧੀਆ ਲੇਖ ਵਿਚੋਂ ਬਹੁਤ ਸਪੱਸ਼ਟ ਝਲਕਦੀ ਹੈ- 'ਮੈਂ ਨਾਸਤਕ ਕਿਉਂ ਹਾਂ' ਜਿਹੜਾ ਉਸਨੇ ਫਾਂਸੀ ਲੱਗਣ ਤੋਂ ਥੜ੍ਹਾ ਚਿਰ ਪਹਿਲਾਂ ਲਿਖਿਆ ਸੀ। ਇਸ ਦੇ ਵਿਚ ਉਹ ਦੱਸਦਾ ਹੈ ਕਿ ਉਸਦੀਆਂ ਸਰਗਰਮੀਆਂ ਦੇ ਮੁਢਲੇ ਸਮੇ ਵਿਚ ਉਹ ਕੇਵਲ ਰੁਮਾਂਟਿਕ ਇਨਕਲਾਬੀ ਹੀ ਸੀ। ਫੇਰ ਸਮਾਂ ਆਇਆ ਕਿ ਇਨਕਲਾਬੀ ਲਹਿਰ ਦੀ ਹੋਂਦ ਅਸੰਭਵ ਲੱਗਣ ਲੱਗੀ - "ਐਸਾ ਸਮਾਂ ਜਦ ਬੜੇ ਜੋਸ਼ੀਲੇ ਕਾਮਰੇਡ ਹੀ ਨਹੀਂ, ਸਗੋਂ ਲੀਡਰ ਵੀ ਸਾਡਾ ਮਜ਼ਾਕ ਉਡਾਉਣ ਲੱਗ ਪਏ।" ਅੱਗੇ ਭਗਤ ਸਿੰਘ ਨੇ ਜੋ ਮਾਨਸਿਕ ਤਸੀਹੇ ਬਰਦਸ਼ਤ ਕੀਤੇ, ਉਹ ਹੇਠ ਲਿਖੇ ਕਰੁਣਾਮਈ ਸ਼ਬਦਾਂ ਵਿਚ ਦੱਸਦਾ ਹੈ - "ਕਈ ਵਾਰੀ ਮੈਨੂੰ ਡਰ ਲੱਗਦਾ ਸੀ ਕਿ ਕਿਸੇ ਦਿਨ ਮੈਂ ਵੀ ਆਪਣੇ ਪ੍ਰੋਗਰਾਮ ਦੀ ਵਿਅਰਥਤਾ ਵਿਚ ਨਾ ਯਕੀਨ ਕਰਨ ਲੱਗ ਜਾਵਾਂ। ਮੇਰੇ ਇਨਕਲਾਬੀ ਕਾਰਜ ਵਿਚ ਇਕ ਮੋੜ ਆਇਆ। "ਪੜ੍ਹਾਈ" ਇਕ ਐਸੀ ਜੋਰ

ਦੀ ਆਵਾਜ਼ ਸੀ ਜੋ ਮੇਰੇ ਮਨ ਦੇ ਰਾਹਾਂ 'ਤੇ ਗੂੰਜਦੀ ਪਈ ਸੀ। ਇਹ ਪੜ੍ਹਾਈ ਕਰਨੀ ਕਿ ਆਪਣੇ ਆਪ ਨੂੰ ਇਸ ਯੋਗ ਬਣਾਉਣਾ ਕਿ ਵਿਰੋਧੀਆਂ ਦੀਆਂ ਦਲੀਲਾਂ ਦਾ ਸਾਹਮਣਾ ਕਰ ਸਕਾਂ। ਇਹ ਪੜ੍ਹਾਈ ਕਰਨੀ ਕਿ ਆਪਣੇ ਆਪ ਨੂੰ ਇਸ ਯੋਗ ਬਣਾਉਣਾ ਕਿ ਆਪਣੇ ਨਿਸ਼ਾਨੇ ਸੰਬੰਧੀ ਦਲੀਲਾਂ ਦੇ ਸਕਾਂ। ਮੈ ਪੜ੍ਹਨ ਲੱਗ ਪਿਆ। ਮੇਰੇ ਪਹਿਲੇ ਵਿਚਾਰਾਂ ਅਤੇ ਵਿਸ਼ਵਾਸਾਂ ਵਿਚ ਬਹੁਤ ਬਦਲਾਅ ਆ ਗਿਆ। ਕੇਵਲ ਹਿੰਸਕ ਢੰਗਾਂ ਦੇ ਰੁਮਾਂਸ, ਜੋ ਸਾਡੇ ਵਡੇਰਿਆਂ ਵਿਚ ਬਹੁਤ ਪ੍ਰਬਲ ਸੀ, ਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਕੋਈ ਵੀ ਰਹੱਸਵਾਦੀ ਨਹੀਂ, ਕੋਈ ਅੰਧ ਵਿਸ਼ਵਾਸ ਨਹੀਂ ਰਿਹਾ। ਅਸਲਵਾਦ ਸਾਡਾ ਧਰਮ ਬਣ ਗਿਆ। ਤਾਕਤ ਦਾ ਪ੍ਰਯੋਗ ਓਦੋਂ ਕਰਨਾ ਜਾਇਜ਼ ਜਦ ਅਤਿ ਜ਼ਰੂਰੀ ਹੋਵੇ – ਅਹਿੰਸਾ ਐਸੀ ਨੀਤੀ ਜੋ ਹਰ ਜਨ ਅੰਦੋਲਨ ਲਈ ਜ਼ਰੂਰੀ ਹੈ। ਇਹ ਤਾਂ ਗੱਲ ਰਹੀ ਢੰਗਾਂ ਦੀ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਆਦਰਸ਼ ਬਾਰੇ ਪੂਰੀ ਤਰ੍ਹਾਂ ਸਪਸ਼ਟ ਹੋਣਾ, ਜਿਸ ਲਈ ਅਸੀ ਲੜਨਾ ਸੀ। ਕਿਉਂਕਿ ਕਾਰਜ ਖੇਤਰ ਵਿਚ ਕੋਈ ਵਿਸ਼ੇਸ਼ ਗਤੀਵਿਧੀ ਨਹੀਂ ਸੀ, ਮੈਨੂੰ ਇਹ ਚੰਗਾ ਮੌਕਾ ਮਿਲਿਆ ਕਿ ਮੈਂ ਸਾਰੇ ਸੰਸਾਰ ਦੇ ਇਨਕਲਾਬ ਦੇ ਆਦਰਸ਼ਾਂ ਬਾਰੇ ਪੜ੍ਹਾਂ। ਮੈਂ ਬਾਕੁਇਨਿਨ ਨੂੰ ਪੜ੍ਹਿਆ, ਜੋ ਅਨਾਰਕਿਸਟ ਲੀਡਰ ਸੀ, ਕੁਝ ਮਾਰਕਸ ਨੂੰ, ਜੋ ਕਮਿਉਨਿਜ਼ਮ ਦਾ ਪਿਤਾ ਸੀ ਅਤੇ ਬਹੁਤ ਕਝੁ ਲੈਨਿਨ, ਟਰਾਟਸਕੀ ਅਤੇ ਹੋਰ ਐਸੇ ਵਿਅਕਤੀ ਜਿਹਨਾਂ ਨੇ ਆਪਣੇ ਦੇਸ ਵਿਚ ਸਫ਼ਲਤਾ ਨਾਲ ਇਨਕਲਾਬ ਲਿਆਂਦਾ।[160]

## ਪਿਛੋਕੜ

ਭਗਤ ਸਿੰਘ ਸਿੰਘ ਦਾ ਜਨਮ ਇਕ ਸਮਰਪਿਤ ਦੇਸ਼ ਭਗਤਾਂ ਦੇ ਪਰਿਵਾਰ ਵਿਚ ਹੋਇਆ ਸੀ। ਉਹਦੇ ਪਿਤਾ, ਕਿਸ਼ਨ ਸਿੰਘ ਅਤੇ ਚਾਚਾ, ਅਜੀਤ ਸਿੰਘ ਭਾਰਤੀ ਲੋਕਾਂ ਦੇ ਸੰਘਰਸ਼ ਨਾਲ ਜੁੜੇ ਹੋਏ ਸਨ ਜਿਹੜਾ ਬਸਤੀਵਾਦ ਅਤੇ ਸਾਮਰਾਜਵਾਦ ਦੇ ਵਿਰੁੱਧ ਸੀ। ਹੋਰ ਵੀ ਵੱਡੀ ਗੱਲ ਇਹ ਭਗਤ ਸਿੰਘ ਦਾ ਜਨਮ ਉਸ ਵੇਲੇ ਹੋਇਆ ਜਦ ਬਸਤੀਵਾਦ ਵਿਰੋਧੀ ਲਹਿਰ ਅਤੇ ਨਾਰਾਜ਼ਗੀ ਬਹੁਤ ਉੱਚੀ ਉੱਠੀ ਹੋਈ ਸੀ। ਲੋਕਾਂ ਦੀ ਮਨੋਦਸ਼ਾ ਦੇਖਦੇ ਹੋਏ, ਡੈਨਜ਼ਿਲ ਇਬੈਟਸਨ, ਲੈਫ.ਗਵਰਨਰ, ਨੇ ਇਕ ਰਿਪੋਰਟ ਵਿਚ ਲਿਖਿਆ *"ਹਰ ਥਾਂਈ ਲੋਕ ਤਬਦੀਲੀ ਵਾਸਤੇ ਸੁਚੇਤ ਹਨ, ਇਕ ਨਵੀਂ ਹਵਾ ਵਗ ਰਹੀ ਹੈ . . .ਜਿਹੜੀ ਬੰਦਿਆਂ ਦੇ ਮਨਾਂ ਵਿਚ ਦੀ ਲੰਘ ਰਹੀ ਹੈ, ਅਤੇ ਦੇਖ ਰਹੇ ਹਾਂ ਕਿ ਇਸ ਵਿੱਚੋਂ ਕੀ ਨਿਕਲੇਗਾ. . . .ਰਾਵਲਪਿੰਡੀ, ਸਿਆਲਕੋਟ ਅਤੇ ਲਾਇਲਪੁਰ ਵਰਗੇ ਸ਼ਹਿਰਾਂ ਵਿਚ, ਬ੍ਰਿਟਿਸ਼ ਵਿਰੋਧੀ ਪ੍ਰਾਪੇਗੰਡਾ ਖੁਲ੍ਹਮ ਖੁੱਲ੍ਹਾ ਅਤੇ ਬ਼ਗਾਵਤੀ ਢੰਗ ਨਾਲ ਕੀਤਾ ਜਾ ਰਿਹਾ ਹੈ। ਲਾਹੌਰ ਵਿਚ, ਜੋ ਸੂਬੇ ਦੀ ਰਾਜਧਾਨੀ ਹੈ, ਪ੍ਰਾਪੇਗੰਡਾ ਜ਼ਹਿਰ ਉਗਲ ਰਿਹਾ ਹੈ ਅਤੇ ਬਦਅਮਨੀ ਦੀ ਗੰਭੀਰ ਹੱਦ ਤਕ ਲਗ ਭਗ ਪੁੱਜ ਗਿਆ ਹੈ।"*[161]

ਇਹ ਉੱਠੀ ਹੋਈ ਲਹਿਰ ਹੇਠਾਂ ਤਾਂ ਕੀ ਹੋਣੀ ਸੀ, ਬਸਤੀਵਾਦ ਵਿਰੋਧੀ ਸੋਚ ਅਤੇ ਰੋਸ 1907 ਦੇ ਮਗਰੋਂ ਬਹੁਤ ਹੀ ਵਧ ਗਿਆ ਸੀ। ਅਜਿਹੇ ਸਮੇ ਵਿਚ ਜਨਮ ਲੈ ਕੇ, ਅਤੇ ਆਪਣੇ ਪਿਤਾ ਅਤੇ ਚਾਚੇ ਦੇ ਕਾਰਨਾਮਿਆਂ ਦੀ ਕਹਾਣੀਆਂ ਸੁਣ ਕੇ ਵੱਡਾ ਹੋ ਰਿਹਾ ਭਗਤ ਸਿੰਘ ਦੇਸ਼ ਭਗਤੀ ਅਤੇ ਬਸਤੀਵਾਦ ਵਿਰੋਧੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਬਿਨਾ ਕਿਵੇਂ ਰਹਿ ਸਕਦਾ ਸੀ? ਉਹ ਅਜੇ ਅੱਠ ਸਾਲ ਦਾ ਹੀ ਸੀ ਜਦ 16–17 ਨਵੰਬਰ 1915 ਨੂੰ ਪਹਿਲੀ ਲਾਹੌਰ ਸਾਜ਼ਿਸ਼ ਮੁਕੱਦਮੇ ਦੇ ਫ਼ੈਸਲੇ ਮਗਰੋਂ ਸੱਤ ਗ਼ਦਰੀ ਇਨਕਲਾਬੀਆਂ ਨੂੰ ਫਾਂਸੀ ਦਿੱਤੀ ਗਈ ਸੀ ਅਤੇ ਪੰਜਾਬ ਵਿਚ ਬੇਚੈਨੀ ਮਚੀ ਹੋਈ ਸੀ। ਫਾਂਸੀ ਦਿੱਤੇ ਜਾਣ ਵਾਲਿਆ ਵਿਚ ਇਕ ਕਰਤਾਰ

ਸਿੰਘ ਸਰਾਭਾ ਸੀ, ਜਿਹੜਾ ਕੇਵਲ 19 ਸਾਲ ਦਾ ਸੀ ਜਦ ਉਸਦਾ ਅਦਾਲਤੀ ਕਤਲ ਬ੍ਰਿਟਿਸ਼ ਸਰਕਾਰ ਨੇ ਕੀਤਾ ਸੀ। ਸਰਾਭਾ ਦੇ ਅੰਤਿਮ ਸ਼ਬਦ ਸਨ – *"ਮੇਰੀ ਇਕੋ ਇੱਛਾ ਹੈ ਕਿ ਮੇਰਾ ਦੇਸ ਆਜ਼ਾਦ ਹੋਵੇ। ਬਸ ਮੈਂ ਜੋ ਵੀ ਕੀਤਾ ਇਸੇ ਇੱਛਾਪੂਰਤੀ ਲਈ ਕੀਤਾ। ਮੈਂ ਕੁਝ ਵੀ ਕਿਸੇ ਪ੍ਰਾਣੀ, ਕੌਮ, ਧਰਮ ਜਾਂ ਨਸਲ ਦੇ ਨਾਲ ਨਫ਼ਰਤ ਕਾਰਣ ਨਹੀਂ ਕੀਤਾ। ਮੇਰੀ ਕੇਵਲ ਇਕੋ ਖ਼੍ਵਾਹਿਸ਼ ਹੈ – ਆਜ਼ਾਦੀ। ਬਸ ਇਹੋ ਮੇਰਾ ਸੁਪਨਾ ਹੈ। ਜੇ ਮੈਨੂੰ ਇਕ ਨਾਲੋਂ ਵੱਧ ਜੀਵਨ ਮਿਲਣ, ਤਾਂ ਮੈਂ ਹਰ ਜੀਵਨ ਆਪਣੇ ਦੇਸ਼ ਲਈ ਕੁਰਬਾਨ ਕਰ ਦਿਆਂਗਾ।"*

ਸਰਾਭਾ ਭਗਤ ਸਿੰਘ ਦਾ ਹੀਰੋ ਬਣ ਗਿਆ, ਜਿਸਦੀ ਫੋਟੋ ਉਹ ਹਮੇਸ਼ਾ ਆਪਣੀ ਜੇਬ ਵਿਚ ਰੱਖਦਾ ਅਤੇ ਜਦ ਉਹ 1929 ਗ੍ਰਿਫ਼ਤਾਰ ਹੋਇਆ ਤਾਂ ਓਦੋਂ ਵੀ ਇਹ ਫੋਟੋ ਉਸਦੇ ਕੋਲ ਸੀ। 1926 ਵਿਚ ਜਦ ਭਗਤ ਸਿੰਘ ਨੇ, ਸੁਖਦੇਵ ਅਤੇ ਭਗਵਤੀ ਚਰਨ ਵੋਹਰਾ ਦੇ ਨਾਲ (ਬੀ ਸੀ ਵੀ) ਲਾਹੌਰ ਵਿਖੇ ਨੌਜਵਾਨ ਭਾਰਤ ਸਭਾ ਸਥਾਪਿਤ ਕੀਤੀ, ਇਸਦੀ ਉਦਘਾਟਨੀ ਮੀਟਿੰਗ ਤੋਂ ਪਹਿਲਾਂ ਸਰਾਭਾ ਦੀ ਤਸਵੀਰ ਤੋਂ ਪਰਦਾ ਉਠਾਇਆ ਗਿਆ ਸੀ, ਬਸਤੀਵਾਦੀ ਸਰਕਾਰ ਦਾ ਨਿਡਰ ਹੋਕੇ ਸਰਾਸਰ ਵਿਰੋਧ ਕਰਦੇ ਹੋਏ।

ਗ਼ਦਰ ਪਾਰਟੀ (ਬਗ਼ਾਵਤ ਦੀ ਪਾਰਟੀ) ਦੀ ਸਥਾਪਨਾ 1913 ਵਿਚ ਭਾਰਤੀ ਇਨਕਲਾਬੀਆਂ ਦੁਆਰਾ, ਜਿਹੜੇ ਕੈਨੇਡਾ ਅਤੇ ਯੂ ਐਸ ਏ ਵਿਚ ਰਹਿੰਦੇ ਸਨ, ਦੁਆਰਾ ਹੋਈ ਸੀ। ਇਸਦੀ ਸਥਾਪਨਾ ਨਾਲ ਬਿਲਕੁਲ ਆਧੁਨਿਕ ਅਤੇ ਨਵੇਂ ਪੜਾਅ ਦਾ ਆਜ਼ਾਦੀ ਅੰਦੋਲਨ ਸ਼ੁਰੂ ਹੋਇਆ ਸੀ। ਇਸ ਦੇ ਬਣਨ ਨਾਲ, ਭਾਰਤ ਵਿਚਲੀ ਇਨਕਲਾਬੀ ਲਹਿਰ ਨੇ ਵੀ ਇਕ ਬਹੁਤ ਵੱਡਾ ਕਦਮ ਅਗਾਂਹ ਵੱਲ ਚੁਕਿਆ ਸੀ। ਆਪਣੀ ਵਿਚਾਰਧਾਰਾ ਵਿਚ ਗ਼ਦਰ ਪਾਰਟੀ ਅੰਤਰ-ਰਾਸ਼ਟਰੀ ਅਤੇ ਧਰਮਨਿਰਪੱਖ ਸੀ। ਉਹ ਇਨਕਲਾਬੀ ਕੰਮ 'ਤੇ ਜ਼ੋਰ ਦਿੰਦੀ ਸੀ, ਭਾਵ ਫੌਜ ਨੂੰ ਸਾਮਰਾਜੀ ਰਾਜ ਦੇ ਵਿਰੁੱਧ ਬਗ਼ਾਵਤ ਕਰਨ ਲਈ ਪ੍ਰੇਰਦੀ ਸੀ। ਇਸਦੇ ਬਹੁਤੇ ਮੈਂਬਰ ਕਿਸਾਨੀ ਪਿਛੋਕੜ ਦੇ ਸਨ ਜਿਹੜੇ ਮਗਰੋਂ ਫ਼ੈਕਟਰੀ ਮਜ਼ਦੂਰ ਬਣ ਗਏ ਸਨ, ਜਦ ਕਿ ਪਹਿਲੇ ਇਨਕਲਾਬੀ ਸਮਾਜ ਦੇ ਰੱਜੇ ਪੁੱਜੇ ਤਬਕੇ ਵਿਚੋਂ ਹੁੰਦੇ ਸਨ।

ਗ਼ਦਰ ਲਹਿਰ, ਚਾਹੇ ਸਾਮਰਾਜੀ ਬ੍ਰਿਟਿਸ਼ ਸਰਕਾਰ ਨੇ ਬਹੁਤ ਬੇਰਹਿਮੀ ਨਾਲ ਕੁਚਲ ਦਿੱਤੀ ਸੀ, ਆਪਣੇ ਪਿੱਛੇ ਇਕ ਬੁਹਤ ਅਮੀਰ ਇਨਕਲਾਬੀ ਵਿਰਸਾ ਛੱਡ ਗਈ ਸੀ ਅਤੇ ਆਜ਼ਾਦੀ ਦੀ ਜੰਗ ਉਪਰ ਅਮਿੱਟ ਛਾਪ ਲਾ ਗਈ ਸੀ, ਜੋ ਇਨਕਲਾਬੀਆਂ ਦੀ ਸਾਰੀ ਪੀੜ੍ਹੀ ਲਈ, ਆਪਣੀ ਹਿੰਮਤ, ਵਿਚਾਰਧਾਰਾ ਅਤੇ ਮੌਤ ਨੂੰ ਵੰਗਾਰਦੀ ਬਹਦਰੀ ਤੋਂ ਪ੍ਰੇਰਨਾ ਲੈਂਦੀ ਸੀ।

ਗ਼ਦਰ ਪਾਰਟੀ ਦੇ ਲੀਡਰਾਂ ਦੀ ਸ਼ਹੀਦੀ ਦੇ ਤਿੰਨ ਸਾਲ ਨਾਲੋਂ ਜ਼ਰਾ ਵੱਧ ਸਮੇਂ ਵਿਚ ਹੀ ਜਲਿਆਂਵਾਲੇ ਬਾਗ਼ ਦਾ ਕਤਲੇ-ਆਮ ਹੋਇਆ ਸੀ, ਜਿਸ ਵਿਚ ਕੋਈ ਹਜ਼ਾਰ ਤੋਂ ਵੱਧ ਮਾਸੂਮ ਪੁਰਸ਼, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਸਨ ਅਤੇ ਇਸ ਤੋਂ ਕਿਤੇ ਵੱਧ ਜ਼ਖ਼ਮੀ ਹੋਏ ਸਨ। ਇਸ ਪਾਗਲਪੁਣੇ ਦਾ ਹੁਕਮ ਅੰਮ੍ਰਿਤਸਰ ਦੇ ਬੁੱਚੜ, ਜਨਰਲ ਓ'ਡਵਾਇਰ ਨੇ 13 ਅਪ੍ਰੈਲ 1919 ਦਿੱਤਾ ਸੀ, ਜਿਸਦਾ ਭਗਤ ਸਿੰਘ ਦੇ ਮਨ 'ਤੇ ਬਹੁਤ ਗਹਿਰਾ ਅਸਰ ਪਿਆ ਸੀ, ਜੋ ਉਸ ਵੇਲੇ ਕੇਵਲ 12 ਸਾਲ ਦਾ ਸੀ। ਰਿਕਾਰਡ ਦੇ ਅਨੁਸਾਰ ਬਸਤੀਵਾਦੀ ਸਰਕਾਰ ਦੇ ਬੇਰਹਿਮ ਰਾਜ ਤੋਂ ਅਤੀ ਦੁਖੀ ਹੋ ਕੇ, ਭਗਤ ਸਿੰਘ ਆਪਣੇ ਸਕੂਲ ਤੋਂ ਸਿੱਧਾ ਅੰਮ੍ਰਿਤਸਰ ਚਲਾ ਗਿਆ, ਉਹ ਧਰਤੀ, ਜਿਸਨੂੰ ਓਡਵਾਇਰ ਨੇ ਖ਼ੂਨ ਨਾਲ ਰੰਗ ਕੇ ਅਪਵਿੱਤਰ ਕਰ ਦਿੱਤਾ ਸੀ ਉਸਨੂੰ ਚੁੰਮਿਆ, ਅਤੇ ਆਪਣੇ ਨਾਲ ਥੋੜ੍ਹੀ ਜਿਹੀ ਖ਼ੂਨ ਨਾਲ ਲਥਪਥ ਮਿੱਟੀ ਲੈ ਆਇਆ, ਜਿਹੜੀ ਉਸਨੇ ਇਕ

ਸ਼ੀਸ਼ੀ ਵਿਚ ਪਾ ਲਈ, ਜਿਹੜੀ ਉਸਨੂੰ ਬੇਇਨਸਾਫ਼ੀ, ਜ਼ਖ਼ਮਾਂ ਅਤੇ ਨਿਰਾਦਰੀ ਜਿਹੜੀ ਸਾਮਰਾਜੀਆਂ ਨੇ ਭਾਰਤੀਆਂ ਨਾਲ ਕੀਤੀ ਸੀ, ਦੀ ਯਾਦ ਦਿਵਾਉਂਦੀ ਰਹੀ।

ਭਗਤ ਸਿੰਘ ਅਤੇ ਉਸਦੇ ਸਾਥੀ ਆਜ਼ਾਦੀ ਸੰਗ੍ਰਾਮ ਦੇ ਪਹਿਲੇ ਸੰਗ੍ਰਾਮੀਏ ਨਹੀਂ ਸਨ ਤੇ ਨਾ ਹੀ ਉਹ ਪਹਿਲੇ ਸਨ ਜਿਹਨਾਂ ਨੇ ਹਥਿਆਰ ਚੁੱਕੇ ਸਨ ਬ੍ਰਿਟਿਸ਼ ਰਾਜ ਦੇ ਖ਼ਿਲਾਫ਼। ਜੋ ਉਹਨਾਂ ਨੂੰ ਆਜ਼ਾਦੀ ਦੀ ਲੜਾਈ ਦੇ ਦੋ ਸਦੀਆਂ ਦੇ ਹਥਿਆਰਬੰਦ ਸਿਪਾਹੀਆਂ ਤੋਂ ਵੱਖ ਕਰਦਾ ਹੈ ਉਹ ਹੈ, ਪਹਿਲੇ, ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਇਨਕਲਾਬੀ ਗਤੀਵਿਧੀ ਓਦੋਂ ਵਾਪਰੀ ਜਦ ਬਹੁਤ ਵੱਡੀ ਗਿਣਤੀ ਵਿਚ ਭਾਰਤੀ ਲੋਕ ਸਿਆਸੀ ਜੀਵਨ ਵਿਚ ਪ੍ਰਵੇਸ਼ ਕਰ ਗਏ ਅਤੇ, ਦੂਸਰੇ, ਉਹ ਮਾਰਕਸੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੋ ਕੇ ਉਸ ਵੱਲ ਖਿੱਚੇ ਗਏ ਸਨ, ਤੇ ਇਸ ਖਿੱਚ ਤੋਂ ਪਿੱਛੇ ਨਹੀਂ ਹੋ ਸਕਦੇ ਸਨ।

## ਅਕਤੂਬਰ ਇਨਕਲਾਬ

ਇਸ ਸੰਬੰਧ ਵਿਚ, ਰੂਸ ਦੇ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਨੇ ਬਹੁਤ ਅਹਿਮ ਭੂਮਿਕਾ ਅਦਾ ਕੀਤੀ। ਰੂਸੀ ਇਨਕਲਾਬ ਦਾ ਅਜਿਹਾ ਆਜ਼ਾਦੀ ਪਸੰਦੀ ਪ੍ਰਭਾਵ ਸੀ ਕਿ ਕੁਝ ਕਾਂਗਰਸ ਦੇ ਲੀਡਰ, ਜਿਵੇਂ ਬਾਲ ਗੰਗਾਧਰ ਤਿਲਕ, ਲਾਲਾ ਲਾਜਪਤ ਰਾਏ ਅਤੇ ਬਿਪਨ ਚੰਦਰ ਪਾਲ, ਨੇ ਬੋਲਸ਼ਵਿਕ ਜਿੱਤ ਅਤੇ ਬੋਲਸ਼ਵਿਕ ਪ੍ਰੋਗਰਾਮ ਦਾ ਸਵਾਗਤ ਕੀਤਾ ਸੀ। ਰੂਸੀ ਇਨਕਲਾਬ ਨੇ ਆਜ਼ਾਦੀ ਸੰਘਰਸ਼ ਦੇ ਕਾਂਗਰਸੀ ਬੁਰਜੁਆ ਸਮਝੌਤੇ ਪਸੰਦਾਂ ਦਾ ਇਕ ਪਾਸੇ ਅਤੇ ਕਦੇ ਵੀ ਸਮਝੌਤਾ ਨਾ ਕਰਨ ਵਾਲੇ ਬੋਲਸ਼ਵਿਕ ਲੀਡਰਾਂ ਦਾ ਦੂਸਰੇ ਪਾਸੇ ਟਾਕਰਾ ਕਰਕੇ ਸਮਝੌਤਾਵਾਦੀਆਂ ਨੂੰ ਨੰਗੇ ਕੀਤਾ ਸੀ, ਅਤੇ ਇਸ ਦਾ ਵੱਡਾ ਪ੍ਰਭਾਵ ਭਾਰਤ ਵਿਚ ਅਤੇ ਹੋਰ ਥਾਂਈਂ ਨੌਜਵਾਨ ਹਥਿਆਰਬੰਦ ਲੋਕਾਂ 'ਤੇ ਪਿਆ ਸੀ। ਅਕਤੂਬਰ ਇਨਕਲਾਬ, ਜਿਸਨੇ ਧਰਤੀ ਹਿਲਾ ਕੇ ਰੱਖ ਦਿੱਤੀ ਸੀ, ਦਾ ਤਿਹਰਾ ਪ੍ਰਭਾਵ ਪਿਆ ਸੀ, ਵਿਸ਼ੇਸ਼ ਕਰਕੇ ਭਾਰਤੀ ਇਨਕਲਾਬੀਆਂ ਉੱਪਰ। ਪਹਿਲਾ, ਇਸ ਨਾਲ ਉਹਨਾਂ ਵਿਚ ਆਤਮ ਵਿਸ਼ਵਾਸ ਪੱਕਾ ਹੋ ਗਿਆ ਸੀ ਕਿ ਸਾਮਰਾਜਵਾਦ ਅਤੇ ਇਕ ਇਨਸਾਨ ਦੁਆਰਾ ਦੂਸਰੇ ਦਾ ਸੋਸ਼ਣ ਕਰਨ ਦਾ ਸਿਸਟਮ, ਇਕ ਕੌਮ ਦੁਆਰਾ ਦੂਸਰੀ ਕੌਮ ਦਾ ਸੋਸ਼ਣ, ਇਸ ਸਭ ਤੋਂ ਪਿੱਛਾ ਛੁਡਾਇਆ ਜਾ ਸਕਦਾ ਹੈ। ਦੂਸਰੇ, ਇਸਨੇ ਉਹਨਾਂ ਨੂੰ ਮਜਬੂਰ ਕੀਤਾ ਕਿ ਉਹ ਗੰਭੀਰਤਾ ਨਾਲ ਆਜ਼ਾਦੀ ਦੇ ਆਰਥਿਕ ਅਤੇ ਸਮਾਜਕ ਪੱਖ ਦਾ ਆਰਥ ਸਮਝਣ। ਤੀਸਰੇ, ਇਸਨੇ ਮਾਕਸਵਾਦ ਦੇ ਗਹਿਰ ਗੰਭੀਰ ਅਧਿਐਨ ਲਈ ਵੀ ਪ੍ਰੇਰਿਆ, ਜਿਹੜਾ ਇਕੋ ਇਕ ਭਰੋਸੇਯੋਗ ਹਥਿਆਰ ਸੀ ਅਤੇ ਵਿਚਾਰਧਾਰਕ ਸੰਦ ਸੀ ਭਾਰਤੀਆਂ ਦੁਆਰਾ ਬ੍ਰਿਟਿਸ਼ ਬਸਤੀਵਾਦ ਅਤੇ ਸੋਸ਼ਣ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ।

ਭਗਤ ਸਿੰਘ, ਵਿਸ਼ੇਸ਼ਕਰ ਅਕਤੂਬਰ ਇਨਕਲਾਬ ਦੀ ਜੇਤੂ ਪੇਸ਼ਕਦਮੀ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਫਾਂਸੀ ਲੱਗਣ ਤੋਂ ਦੋ ਮਹੀਨੇ ਵੀ ਘੱਟ ਪਹਿਲਾਂ, ਜਿਸਨੂੰ ਉਸਦੀ ਅੰਤਿਮ ਵਸੀਅਤ ਕਿਹਾ ਜਾ ਸਕਦਾ ਹੈ, ਉਹ ਇੰਜ, 1920 ਦੇ ਘਟਨਾਕ੍ਰਮ ਨੂੰ ਕਾਂਗਰਸੀ ਲੀਡਰਾਂ ਦੇ ਸਮਝੌਤੇਵਾਦੀ ਕਿਰਦਾਰ ਨੂੰ, ਸਭ ਤੋਂ ਵੱਧ ਗਾਂਧੀ ਨੂੰ, ਭਾਰਤੀ ਪ੍ਰੋਲੇਤਾਰੀ ਅਤੇ ਕਿਸਾਨੀ ਦੇ ਦੁਸ਼ਮਣ ਕਹਿੰਦਾ ਹੈ ਅਜਿਹਾ ਸੋਸ਼ਣ ਕਰ ਰਹੇ ਬੁਰਜੁਆ ਅਤੇ ਜਾਗੀਰਦਾਰ ਵਰਗ ਨੂੰ, ਨੰਗਿਆਂ ਕਰਦਾ ਹੈ।

*"ਅਸਲੀ ਇਨਕਲਾਬੀ ਫ਼ੌਜਾਂ ਤਾਂ ਪਿੰਡਾਂ ਵਿਚ ਹਨ, ਕਾਰਖ਼ਾਨਿਆਂ ਵਿਚ ਹਨ, ਕਿਸਾਨੀ*

*ਅਤੇ ਕਿਰਤੀ। ਪਰ ਸਾਡੇ ਬੁਰਜੁਆ ਲੀਡਰ ਉਹਨਾਂ ਦੇ ਸਮਾਧਾਨ ਕਰਨ ਦੀ ਹਿੰਮਤ ਨਹੀਂ ਕਰਦੇ। ਸੌਂ ਰਹੇ ਸ਼ੇਰ ਜਦ ਆਪਣੀ ਗਹਿਰੀ ਨੀਂਦ ਵਿਚੋਂ ਜਾਗ ਪੈਣਗੇ, ਉਹ ਐਨੇ ਸਰਗਰਮ ਹੋ ਜਾਣਗੇ ਕਿ ਪੁੱਛੋ ਨਾ, ਜੋ ਲੀਡਰ ਚਾਹੁੰਦੇ ਹਨ ਉਹ ਪ੍ਰਾਪਤ ਕਰਨ ਮਗਰੋਂ ਵੀ। ਆਪਣੇ ਅਹਿਮਦਾਬਾਦ ਦੇ ਮਜ਼ਦੂਰਾਂ ਨਾਲ ਹੋਏ ਉਸਦੇ ਪਹਿਲੇ ਤਜਰਬੇ ਮਗਰੋਂ, ਮਹਾਤਮਾ ਗਾਂਧੀ ਨੇ ਐਲਾਨ ਕੀਤਾ ਸੀ, "ਅਸੀ ਮਜ਼ਦੂਰਾਂ ਨੂੰ ਨਾ ਛੇੜੀਏ। ਕਾਰਖਾਨਿਆਂ ਦੇ ਪ੍ਰੋਲੇਤਾਰੀਆਂ ਦਾ ਇਸਤੇਮਾਲ ਬਹੁਤ ਖ਼ਤਰਨਾਕ ਹੋਵੇਗਾ। (ਦੀ ਟਾਈਮਜ਼, ਮਈ 1921)। ਓਦੋਂ ਤੋਂ ਉਹਨਾ ਨੇ ਕਦੇ ਵੀ ਜੁਰਅਤ ਨਹੀਂ ਕੀਤੀ ਕਿ ਉਹਨਾਂ ਤਕ ਪਹੁੰਚ ਕੀਤੀ ਜਾ ਸਕੇ। ਬਾਕੀ ਰਹੀ ਕਿਸਾਨੀ। 1922 ਦੇ ਬਾਰਦੋਲੀ ਮਤੇ ਵਿਚ ਸਪੱਸ਼ਟ ਤੌਰ 'ਤੇ ਲੀਡਰਾਂ ਦਾ ਡਰ ਦਰਸਾਇਆ ਗਿਆ ਹੈ ਕਿ ਕਿਵੇਂ ਉਹ ਕਿਸਾਨਾਂ ਨੂੰ ਇਕ ਸ਼੍ਰੇਣੀ ਦੇ ਤੌਰ 'ਤੇ ਇਕ ਵਿਦੇਸ਼ੀ ਸਰਕਾਰ ਨੂੰ ਹੀ ਪਰ੍ਹੇ ਮਾਰਨ ਲਈ ਤਕੜੇ ਹੋਏ ਅਤੇ ਜਾਗੀਰਦਾਰਾਂ ਦੇ ਜੂਲ਼ੇ ਦੇ ਵਿਰੁੱਧ ਵੀ ਉਹਨਾਂ ਦਾ ਰੋਹ ਦੇਖਿਆ। ਇੱਥੇ ਹੀ ਹੈ ਕਿ ਸਾਡੇ ਲੀਡਰ ਅੰਗ੍ਰੇਜ਼ਾਂ ਅੱਗੇ ਤਾਂ ਗੋਡੇ ਟੇਕਣ ਨੂੰ ਤਿਆਰ ਹੋ ਜਾਂਦੇ ਹਨ ਪਰ ਕਿਸਾਨਾਂ ਅੱਗੇ ਨਹੀਂ।"*[162]

ਇਹ ਵੀ ਅਕਤੂਬਰ ਇਨਕਲਾਬ ਦੇ ਮਗਰੋਂ ਅਤੇ ਇਸਦੇ ਸਿੱਧੇ ਪ੍ਰਭਾਵ ਹੇਠ ਹੋਇਆ ਸੀ ਕਿ ਤਾਸ਼ਕੰਦ ਵਿਖੇ 17 ਅਕਤੂਬਰ 1920 ਵਿਚ ਕਮਿਊਨਿਸਟ ਪਾਰਟੀ ਆਫ਼ ਇੰਡੀਆ ਸਥਾਪਿਤ ਕੀਤੀ ਗਈ ਸੀ ਅਤੇ 31 ਅਕਤੂਬਰ 1920 ਨੂੰ ਬੰਬਈ ਵਿਚ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੀ ਸਥਾਪਨਾ ਹੋਈ ਸੀ। ਇਹਨਾਂ ਦੋਹਾਂ ਸੰਸਥਾਵਾਂ ਨੇ ਮਗਰੋਂ ਸਾਮਰਾਜ ਵਿਰੋਧੀ ਸੰਘਰਸ਼ ਵਿਚ ਅਹਿਮ ਭੂਮਿਕਾ ਅਦਾ ਕੀਤੀ ਸੀ।

## ਕਾਕੋਰੀ ਦਾ ਮੁਕੱਦਮਾ

1924 ਵਿਚ ਜਦ ਅਜੇ ਉਹ ਜੀਵਨ ਦੇ ਦੂਸਰੇ ਦਹਾਕੇ ਵਿਚ ਹੀ ਸੀ, ਭਗਤ ਸਿੰਘ ਲਾਹੌਰ ਤੋਂ ਕਾਨ੍ਹਪੁਰ ਚਲਾ ਗਿਆ, ਜਿੱਥੇ ਉਸਨੇ ਮਾਰਕਸ ਦੇ ਕੈਪੀਟਲ ਦਾ ਅਧਿਐਨ ਪੂਰਾ ਕੀਤਾ, ਬਹੁਤ ਸਾਰੇ ਇਨਕਲਾਬੀਆਂ ਨੂੰ ਮਿਲਿਆ, ਸਮੇਤ ਬਟੁਕੇਸ਼ਵਰ ਦੱਤ ਦੇ, ਜਿਸਨੇ ਉਸਨੂੰ ਬੰਗਾਲੀ ਸਿਖਾਈ, ਅਤੇ ਚੰਦਰ ਸ਼ੇਖ਼ਰ ਆਜ਼ਾਦ, ਅਤੇ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਵਿਚ ਸ਼ਾਮਿਲ ਹੋ ਗਿਆ, ਜਿਹੜੀ 1923 ਵਿਚ ਬਣ ਚੁੱਕੀ ਸੀ, ਜਿਸਦਾ ਰੂਹੇ-ਰਵਾਂ ਸਚਿੰਦਰਨਾਥ ਸਾਨਿਆਲ ਸੀ। ਐਚ ਆਰ ਏ ਦੇ ਨਿਯਮਾਂ (ਰੂਲਜ਼ ਐਂਡ ਰੈਗੁਲੇਸ਼ਨਜ਼) ਦੀ ਮੰਤਵੀ ਦਫ਼ਾ (ਆਬਜੈਕਟਿਵਜ਼ ਕਲਾਜ਼) ਇਹ ਕਹਿੰਦੀ ਹੈ -*"ਇਸ ਐਸੋਸੀਏਸ਼ਨ ਦਾ ਮੁੱਖ ਮੰਤਵ ਹੈ ਹਥਿਆਰਬੰਦ ਇਨਕਲਾਬ ਦੁਆਰਾ ਇਕ ਫ਼ੈਡਰਲ ਰਿਪਬਲਿਕ ਆਫ਼ ਦੀ ਯੁਨਾਇਟਿਡ ਸਟੇਸ ਆਫ਼ ਇੰਡੀਆ ਸਥਾਪਿਤ ਕਰਨਾ।"* ਇਹ ਅਜਿਹੀ ਰਿਪਬਲਿਕ ਹੋਣੀ ਸੀ ਜਿਸ ਵਿਚ ਇਕ ਵਿਅਕਤੀ ਦਾ ਦੂਸਰੇ ਵਿਅਕਤੀ ਦੁਆਰਾ ਸੋਸ਼ਣ ਕਰਨਾ ਕਾਨੂੰਨੀ ਤੌਰ 'ਤੇ ਬੰਦ ਹੋਵੇਗਾ। ਐਚ ਆਰ ਏ ਰਾਸ਼ਟਰੀ ਨਹੀਂ ਸਗੋਂ ਅੰਤਰ-ਰਾਸ਼ਟਰੀ ਜੇਥੇਬੰਦੀ ਹੋਵੇਗੀ ਅਤੇ ਬੋਲਸ਼ਵਿਕ ਰੂਸ ਦੇ ਪਦ ਚਿੰਨ੍ਹਾਂ 'ਤੇ ਚੱਲੇਗੀ।

ਐਚ ਆਰ ਏ ਵਾਸਤੇ ਪੈਸਾ ਹਥਿਆਰਬੰਦ ਡਾਕਿਆਂ ਰਾਹੀ ਇਕੱਠਾ ਕੀਤਾ ਜਾਵੇਗਾ। ਇਸੇ ਮਕਸਦ ਲਈ ਹੀ ਐਚ ਆਰ ਏ ਦੇ ਇਨਕਲਾਬੀਆਂ ਨੇ 9 ਅਗਸਤ 1925 ਨੂੰ ਲਖਨਊ ਦੇ ਨੇੜੇ ਕਾਕੋਰੀ ਵਿਚ ਇਕ ਗੱਡੀ ਰੋਕੀ, ਸਰਕਾਰ ਦੇ ਖ਼ਜ਼ਾਨੇ ਦੇ ਸੰਦੂਕ ਨੂੰ ਲੁਟਿਆ ਜਿਸ ਵਿਚ

ਥੋੜੀ ਜਿਹੀ ਰਕਮ, 4679 ਰੁਪਏ ਹੀ ਨਿੱਕਲੇ ਅਤੇ ਇਸੇ ਕੰਮ ਵਿਚ ਇਕ ਆਦਮੀ ਦੀ ਦੁਰਘਟਨਾ ਕਾਰਣ ਮੌਤ ਹੋ ਗਈ। ਗੱਡੀ ਦੇ ਡਾਕੇ ਵਿਚ ਸ਼ਾਮਿਲ ਹੋਏ ਬਹੁਤੇ ਇਨਕਲਾਬੀ ਫੜੇ ਗਏ ਅਤੇ ਉਹਨਾਂ ਦੇ ਵਿਰੁੱਧ ਕਾਕੋਰੀ ਕਾਂਸਪੀਰੇਸੀ ਮੁਕੱਦਮਾ ਚਲਿਆ। ਇਸ ਘਟਨਾ ਦੇ ਚਾਰ ਦੋਸ਼ੀ, ਸਮੇਤ ਪ੍ਰਸਿੱਧ ਕਵੀ ਰਾਮ ਪ੍ਰਸਾਦ ਬਿਸਮਲ ਦੇ, ਫਾਂਸੀ ਚੜ੍ਹਾਏ ਗਏ, ਦੋ ਨੂੰ ਉਮਰ ਭਰ ਦੀ ਕੈਦ ਹੋਈ ਅਤੇ ਹੋਰ ਗਿਆਰਾਂ ਨੂੰ ਵੱਖ ਵੱਖ ਸਮੇ ਤਕ ਦੀ ਕੈਦ ਹੋਈ। ਕੇਵਲ ਦੋ, ਸਮੇਤ ਪ੍ਰਸਿੱਧ ਚੰਦਰ ਸ਼ੇਖਰ ਆਜ਼ਾਦ ਦੇ, ਗ੍ਰਿਫ਼ਤਾਰੀ ਤੋਂ ਬਚਣ ਵਿਚ ਸਫ਼ਲ ਹੋਏ। ਭਾਵੇ ਐਚ ਆਰ ਏ ਵਾਸਤੇ ਇਹ ਬਹੁਤ ਵੱਡੀ ਸੱਟ ਸੀ, ਕਾਕੋਰੀ ਮੁਕੱਦਮਾ ਇਕ ਤਾਰੀਖ਼ੀ ਘਟਨਾ ਬਣ ਗਿਆ, ਜਿਸ ਢੰਗ ਨਾਲ ਦੋਸ਼ੀਆਂ ਨੇ ਮੁਕੱਦਮੇ ਦੌਰਾਨ ਬਹਾਦਰੀ ਅਤੇ ਜਵਾਨਮਰਦੀ ਦਾ ਪ੍ਰਗਟਾਵਾ ਕੀਤਾ ਸੀ। ਜਿਹੜੇ ਚਾਰ ਇਨਕਲਾਬੀਆਂ ਨੂੰ ਮੌਤ ਦੀ ਸਜ਼ਾ ਮਿਲੀ ਸੀ ਉਹ ਹੱਸਦੇ ਹੱਸਦੇ ਫਾਂਸੀ ਦੇ ਤਖ਼ਤ 'ਤੇ ਚੜ੍ਹੇ ਸਨ ਅਤੇ ਇਹ ਇਨਕਲਾਬੀ ਗੀਤ ਗਾ ਰਹੇ ਸਨ, ਜਿਹੜੇ ਉਸਦੇ ਮਗਰੋਂ ਸਾਰਿਆਂ ਭਾਰਤੀਆਂ ਦੇ ਮੂੰਹ ਵਿਚ ਹੁੰਦਾ ਸੀ –

ਸਰ ਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ

ਆਜ਼ਾਦ ਦੇ ਬਹੁਤ ਮਿਹਨਤੀ ਕਾਰਜ ਦੇ ਸਦਕੇ ਅਤੇ ਬਚਾਅ ਦੀ ਦੂਸਰੀ ਕਤਾਰ ਦੇ ਕਾਰਣ, ਜਿਸ ਵਿਚ ਸ਼ਿਵ ਵਰਮਾ ਅਤੇ ਹੋਰ ਬਹੁਤ ਸਨ, ਐਚ ਆਰ ਏ ਕਾਕੋਰੀ ਕੇਸ ਵਿਚ ਲੱਗੀ ਸੱਟ ਤੋਂ ਉਭਰ ਸਕੇ ਸਨ।

## ਨੌਜਵਾਨ ਭਾਰਤ ਸਭਾ

ਇਸੇ ਦੌਰਾਨ, ਕਾਨ੍ਹਪੁਰ ਵਿਖੇ ਛੇ ਮਹੀਨੇ ਰਹਿਣ ਮਗਰੋਂ, ਭਗਤ ਸਿੰਘ ਲਾਹੌਰ ਮੁੜ ਆਇਆ। ਉਹ ਕਾਨ੍ਹਪੁਰ ਆਪਣੇ ਪਿਤਾ ਅਤੇ ਦਾਦਾ ਦੇ ਜ਼ੋਰ ਪਾਉਣ ਤੋਂ, ਕਿ ਉਹ ਵਿਆਹ ਕਰਾ ਲਵ. ਬਚਣ ਲਈ ਗਿਆ ਸੀ। ਉਸਦਾ ਆਪਣੇ ਪਿਤਾ ਨਾਲ ਇਸੇ ਵਿਸ਼ੇ 'ਤੇ ਕੀਤਾ ਚਿੱਠੀ ਪੱਤਰ ਇਹ ਦਰਸਾਉਂਦਾ ਹੈ ਕਿ ਉਹ ਆਪਣੇ ਉੱਚੇ ਸੁੱਚੇ ਆਦਰਸ਼ ਦੀ ਪ੍ਰਾਪਤੀ ਲਈ ਸੰਸਾਰ ਦੇ ਸਾਰੇ ਸੁਖ ਤਿਆਗ ਕਰਨ ਲਈ ਅਤੇ ਦੇਸ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਸੀ। *"ਹੁਣ ਇਹ ਵਿਆਹ ਕਰਾਉਣ ਦਾ ਸਮਾਂ ਨਹੀਂ ਹੈ। ਦੇਸ ਮੈਨੂੰ ਸੱਦ ਰਿਹਾ ਹੈ। ਮੈਂ ਇਹ ਪ੍ਰਤਿਗਿਆ ਕੀਤੀ ਹੋਈ ਹੈ ਕਿ ਸਰੀਰਕ, ਮਾਨਸਿਕ ਅਤੇ ਆਰਥਿਕ ਤੌਰ 'ਤੇ ਦੇਸ਼ ਦੀ ਸੇਵਾ ਕਰਾਂਗਾ।"* ਆਪਣੇ ਪਰਿਵਾਰ ਦੀ ਦੇਸ਼ ਭਗਤੀ ਦਾ ਹਵਾਲਾ ਦਿੰਦੇ ਹੋਏ ਅਤੇ ਇਸਦੀ ਆਜ਼ਦੀ ਦੇ ਘੋਲ ਵਿਚ ਨਿਭਾਈ ਭੂਮਿਕਾ ਦਾ ਜ਼ਿਕਰ ਕਰਦੇ ਹੋਏ ਉਹ ਅੱਗੇ ਲਿਖਦਾ ਹੈ !"ਮੈਂ ਤਾਂ ਤੁਹਾਡੇ ਨਕਸ਼ੇ ਕਦਮਾਂ ਦੇ ਚੱਲ ਰਿਹਾ ਹਾਂ ... .ਤੁਸੀਂ ਕਿਰਪਾ ਕਰਕੇ ਮੈਨੂੰ ਵਿਆਹ ਬੰਧਨ ਵਿਚ ਨਹੀ ਬੰਨ੍ਹੋਗੇ ਅਤੇ ਮੈਨੂੰ ਇਹ ਆਸ਼ੀਰਵਾਦ ਦਿਓਗੇ ਕਿ ਮੈਂ ਆਪਣੇ ਮਿਸ਼ਨ ਵਿਚ ਸਫਲ ਹੋਵਾਂ। ਇਕ ਚਿੱਠੀ 'ਤੇ ਜਵਾਬ ਵਿਚ, ਜਿਸ ਵਿਚ ਲਿਖਿਆ ਸੀ "ਅਸੀਂ ਤਾਂ ਪਹਿਲਾਂ ਹੀ ਤੇਰਾ ਵਿਆਹ ਪੱਕਾ ਕਰ ਦਿੱਤਾ ਹੈ... .ਅਤੇ ਤੂੰ ਕੋਈ ਮੁਸ਼ਕਿਲ ਨਾ ਪੈਦਾ ਕਰੀਂ", ਭਗਤ ਸਿੰਘ ਨੇ ਬੜੇ ਸਖਤ ਪਰ ਆਦਰ ਭਰਪੂਰ ਢੰਗ ਨਾਲ ਲਿਖਿਆ ਸੀ, *"ਤੁਸੀਂ ਜੋ ਲਿਖਿਆ ਹੈ ਉਹ ਪੜ੍ਹਕੇ ਮੈਨੂੰ ਬਹੁਤ ਹੈਰਾਨੀ ਹੋਈ ਹੈ। ਜਦ ਤੁਸੀਂ, ਜੋ ਪੱਕੇ ਇਨਕਲਾਬੀ ਹੋ ਅਤੇ ਬਹਾਦਰ ਸ਼ਖ਼ਸੀਅਤ ਹੋ, ਐਨੀਆਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਸਕਦੇ ਹੋ, ਤਾਂ ਆਮ ਆਦਮੀ ਦਾ ਕੀ ਹੋਵੇਗਾ?"*

*"ਤੁਸੀਂ ਮੇਰੀ ਦਾਦੀ ਦੀ ਦੇਖ ਭਾਲ ਕਰ ਰਹੇ ਹੋ ਪਰ ਸਾਡੀ, 33 ਕਰੋੜ ਲੋਕਾਂ ਦੀ ਮਾਂ, (ਭਾਰਤ ਮਾਤਾ) ਕਿੰਨੀ ਤਕਲੀਫ਼ ਵਿਚ ਹੈ। ਉਸਦੀ ਖ਼ਾਤਰ ਸਾਨੂੰ ਸਭ ਕੁਝ ਕੁਰਬਾਨ ਕਰਨਾ ਪਵੇਗਾ।"*

ਜਦ ਉਹ ਕਾਨ੍ਹਪੁਰ ਗਿਆ ਸੀ ਤਾਂ ਇਹ ਨੋਟ ਲਿਖ ਕੇ ਛੱਡ ਗਿਆ ਸੀ –

*"ਸਤਿਕਾਰਯੋਗ ਪਿਤਾ ਜੀ, ਮੈਂ ਆਪਣਾ ਜੀਵਨ ਮਾਤਰਭੂਮੀ ਦੀ ਸੇਵਾ ਹਿਤ ਲਾਉਣ ਦੇ ਉੱਚ ਆਦਰਸ਼ ਲਈ ਸਮਰਪਿਤ ਕੀਤਾ ਹੋਇਆ ਹੈ। ਇਸ ਲਈ ਮੇਰੇ ਮਨ ਵਿਚ ਘਰ ਅਤੇ ਦੁਨਿਆਵੀ ਇੱਛਾਵਾਂ ਦੀ ਪੂਰਤੀ ਲਈ ਕੋਈ ਖਿੱਚ ਨਹੀਂ ਹੈ. . . .ਉਮੀਦ ਹੈ ਆਪ ਮੈਨੂੰ ਖਿਮਾ ਕਰੋਗੇ।"*[163]

ਛੇ ਮਹੀਨੇ ਮਗਰੋਂ, ਜਦ ਉਸਨੂੰ ਯਕੀਨ ਹੋ ਗਿਆ ਕਿ ਉਸਦੇ ਪਿਤਾ ਹੁਣ ਉਸਨੂੰ ਵਿਆਹ ਲਈ ਮਜਬੂਰ ਨਹੀਂ ਕਰਨਗੇ, ਭਗਤ ਸਿੰਘ ਲਾਹੌਰ ਤੋਂ ਪਰਤ ਆਇਆ, ਅਤੇ ਪਹਿਲਾਂ ਨਾਲੋਂ ਵੀ ਵੱਧ ਪੱਕਾ ਹੋਕੇ, ਤਾਂ ਜੋ ਉਹ ਬਹੁਤ ਲੰਬੇ ਰਾਹ ਤੇ ਚੱਲ ਸਕੇ ਜਿਸ ਲਈ ਉਸਨੇ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਲਾਹੌਰ ਵਾਪਸ ਆਉਣ ਮਗਰੋਂ ਉਹ ਆਪਣੇ ਯੂ ਪੀ ਵਿਚਲੇ ਇਨਕਲਾਬੀ ਮਿੱਤਰਾਂ ਦੇ ਸੰਪਰਕ ਵਿਚ ਰਿਹਾ ਤੇ ਨਾਲ ਨਾਲ ਉਸਨੇ ਪੰਜਾਬ ਵਿਚ ਆਪਣੇ ਸੰਪਰਕ ਵਧਾਏ ਅਤੇ ਗਹਿਰੇ ਵੀ ਕੀਤੇ। ਮਾਰਚ 1926 ਵਿਚ, ਸੁਖਦੇਵ, ਬੀ. ਸੀ ਵੋਹਰਾ ਅਤੇ ਰਾਮ ਕ੍ਰਿਸ਼ਨ ਨਾਲ ਰਲ ਕੇ ਉਸਨੇ ਨੌਜਾਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ ਜਿਸਨੇ ਐਚ ਆਰ ਏ ਦਾ ਅਧੂਰਾ ਛਡਿਆ ਕੰਮ ਪੂਰਾ ਕਰਨ ਦਾ ਸੰਕਲਪ ਕੀਤਾ। ਨੌਜਵਾਨਾਂ ਤੋਂ ਇਲਾਵਾ, ਐਨ ਬੀ ਐਸ ਵਿਚ ਐਨੇ ਪ੍ਰਸਿੱਧ ਵਿਅਕਤੀ, ਜਿਵੇਂ ਸੈਫ਼-ਉ-ਦੀਨ ਕਿਚਲੂ, ਸਤਯਾਪਾਲ, ਮੀਰ ਅਬਦੁਲ ਮਜੀਦ, ਸਰਦੂਲ ਸਿੰਘ ਕਵੀਸ਼ਰ ਅਤੇ ਕਵੀ ਲਾਲ ਚੰਦ ਫਲਕ ਸਨ। ਰਾਮ ਕ੍ਰਿਸ਼ਨ ਐਨ ਬੀ ਐਸ ਦਾ ਪ੍ਰਧਾਨ ਸੀ ਅਤੇ ਭਗਤ ਸਿੰਘ ਇਸਦਾ ਸਕੱਤਰ।

ਐਨ ਬੀ ਐਸ ਦੀ ਤਰੱਕੀ ਤਾਂ ਹੈਰਾਨ ਕਰਨ ਵਾਲੀ ਸੀ। ਇਸਦੀਆਂ ਸ਼ਾਖਾਵਾਂ ਸਾਰੇ ਪੰਜਾਬ ਵਿਚ ਫੈਲ ਗਈਆਂ ਅਤੇ ਇਹੋ ਜਿਹੀਆਂ ਜਥੇਬੰਦੀਆਂ ਹੋਰ ਸੂਬਿਆਂ ਵਿਚ ਵੀ ਸਥਾਪਿਤ ਹੋ ਗਈਆਂ। ਆਲ ਇੰਡੀਆ ਐਨ ਬੀ ਐਸ ਦਿੱਲੀ ਵਿਚ ਵੀ ਸਥਾਪਿਤ ਹੋ ਗਈ ਜਿਸਨੇ ਕੁਝ ਦੇਰ ਮਗਰੋਂ ਐਚ ਆਰ ਏ ਅਤੇ ਕਿਰਤੀ ਕਿਸਾਨ ਸਭਾ ਵਰਕਰਜ਼ ਐਂਡ ਪੇਜ਼ੈਂਟਸ ਪਾਰਟੀ ਨਾਲ ਸੰਬੰਧ ਜੋੜ ਲਏ, ਜਿਸ ਦੀ ਸਥਾਪਨਾ ਵੱਡੇ ਕਮਿਉਨਿਸਟ ਲੀਡਰ ਸੋਹਨ ਸਿੰਘ ਜੋਸ਼ ਨੇ ਕੀਤੀ ਸੀ। ਐਨ ਬੀ ਐਸ ਨੇ ਖੁੱਲ੍ਹਮ ਖੁੱਲ੍ਹੇ ਤੌਰ 'ਤੇ ਇਨਕਲਾਬੀ ਲਹਿਰ ਦੇ ਕਾਨੂੰਨੀ ਵਿਭਾਗ ਦਾ ਕੰਮ ਕਰਨਾ ਸੀ ਅਤੇ ਹੇਠਲੀ ਪੱਧਰ 'ਤੇ ਨੌਜਵਾਨਾਂ ਅਤੇ ਕਿਰਤੀਆਂ ਤੇ ਕਿਸਾਨਾਂ ਵਿਚ ਸਿਆਸੀ ਕੰਮ ਕਰਨਾ ਸੀ। ਇਸ ਲਈ ਸਿਆਸੀ ਕੰਮ ਦੀ ਅਹਿਮੀਅਤ ਨੂੰ ਸਮਝਦੇ ਹੋਏ, ਜਿਵੇਂ ਇਹਨਾਂ ਨੇ ਸਮਝੀ, ਇਸਨੇ ਇਕ ਬਹੁਤ ਵੱਡਾ ਕਦਮ ਅਗਾਂਹ ਵੱਲ ਚੁਕਿਆ ਭਗਤ ਸਿੰਘ ਅਤੇ ਉਹਦੇ ਨੇੜਲੇ ਸਾਥੀਆਂ ਦੇ ਸਿਆਸੀ ਅਤੇ ਵਿਚਾਰਧਾਰਕ ਵਿਕਾਸ ਵਿਚ ਅਤੇ ਉਹਨਾਂ ਦੁਆਰਾ ਕੰਮ ਕਰਨ ਦੇ ਮਾਰਕਸਿਸਟ ਢੰਗਾਂ ਨੂੰ ਅਤੇ ਮਾਰਕਸਿਸਟ ਵਿਚਾਰਧਾਰਾ ਨੂੰ ਪ੍ਰਵਾਨ ਕਰਨ ਵਿਚ।

ਐਨ ਬੀ ਐਸ ਦੇ ਸਿਆਸੀ ਮੰਤਵਾਂ ਵਿਚ, ਹੋਰਨਾਂ ਤੋਂ ਇਲਾਵਾ, ਇਹ ਵੀ ਸ਼ਾਮਿਲ ਸੀ ਕਿ ਭਾਰਤ ਵਿਚ ਇਕ ਬਿਲਕੁਲ ਸੁਤੰਤਰ ਕਿਰਤੀਆਂ ਅਤੇ ਕਿਸਾਨਾਂ ਦਾ ਲੋਕਰਾਜ ਸਥਾਪਿਤ

ਕਰਨਾ, ਕਿਰਤੀਆਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨਾ, ਦੇਸ ਦੇ ਨੌਜਵਾਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨੀ, ਅਤੇ ਫ਼ਿਰਕਾਪ੍ਰਸਤੀ ਦੇ ਵਿਰੁੱਧ ਲੜਨਾ (ਜਿਵੇਂ ਇਕ ਸਮੁਦਾਏ ਦੂਸਰੇ ਦੇ ਵਿਰੁੱਧ ਖੜੀ ਹੋ ਜਾਂਦੀ ਸੀ)। "ਇਨਕਲਾਬ ਲੋਕਾਂ ਦਾ ਲੋਕਾਂ ਵਾਸਤੇ" ਇਹ ਐਨ ਬੀ ਐਸ ਦਾ ਮੁੱਖ ਉਦੇਸ਼ ਸੀ, ਜੋ ਭਗਵਤੀ ਚਰਨ ਵੋਹਰਾ ਨੇ ਲਿਖਿਆ ਸੀ। ਲੋਕਾਂ ਨੂੰ ਇਹ ਜ਼ਰੂਰ ਸਮਝਾਉਣਾ ਚਾਹੀਦਾ ਹੈ ਕਿ "ਇਨਕਲਾਬ ਜਿਹੜਾ ਆ ਰਿਹਾ ਹੈ ਉਸਦਾ ਅਰਥ ਖ਼ਾਲੀ ਮਾਲਕਾਂ ਦੀ ਤਬਦੀਲੀ ਨਹੀਂ ਹੋਵੇਗਾ। ਇਹ ਤਾਂ ਸਭ ਤੋਂ ਉੱਪਰ, ਇਕ ਨਵਾਂ ਪ੍ਰਬੰਧ ਹੋਵੇਗਾ, ਇਕ ਨਵੇਂ ਦੇਸ ਦਾ ਜਿਸਦੇ ਲਈ ਦਹਾਕਿਆਂ ਦੇ ਨਿਸ਼ਕਾਮ ਅਤੇ ਬੇਮਿਸਾਲ ਆਤਮ ਬਲੀਦਾਨ ਦੀ ਲੋੜ ਹੋਵੇਗੀ ਅਤੇ ਨਾਲ ਹੀ ਇਹ ਵੀ ਕਿਹਾ ਕਿ ਇਨਕਲਾਬੀ ਦਾ ਇਹ ਅਰਥ ਨਹੀਂ ਕਿ ਉਸਦੇ ਹੱਥ ਵਿਚ ਬੰਬ ਤੇ ਰਿਵਾਲਵਰ ਹੋਣ।"[164]

ਐਨ ਬੀ ਐਸ ਦੇ ਨਿਯਮ ਭਗਤ ਸਿੰਘ ਨੇ ਲਿਖੇ ਸਨ। ਅਜਿਹੀ ਅਹਿਮੀਅਤ ਸੀ ਜੋ ਭਗਤ ਸਿੰਘ ਨੇ ਸਮਝੀ ਸੀ ਫ਼ਿਰਕਾਪ੍ਰਸਤੀ ਦੇ ਖੈਅ ਰੋਗ ਦੇ ਵਿਰੁੱਧ ਲੜਨ ਲਈ ਕਿ ਛੇ ਨਿਯਮਾਂ ਵਿਚੋਂ ਦੋ ਨਿਯਮ "ਲੋਕਾਂ ਵਿਚ ਬੰਦੇ ਦੇ ਵਿਅਕਤੀਗਤ ਧਾਰਮਿਕ ਮਾਮਲੇ ਵਿਚ ਆਮ ਸਹਿਣਸ਼ੀਲਤਾ ਪੈਦਾ ਕੀਤੀ ਜਾਵੇ" ਅਤੇ ਅੱਗੇ ਕਿਹਾ ਕਿ "ਇਨਕਲਾਬੀਆਂ ਦਾ ਕਿਸੇ ਫ਼ਿਰਕਾਪ੍ਰਸਤ ਸੰਸਥਾ ਜਾਂ ਹੋਰ ਪਾਰਟੀਆਂ ਨਾਲ ਕੋਈ ਸੰਬੰਧ ਨਾ ਹੋਵੇ ਜਿਹੜੀਆਂ ਫ਼ਿਰਕਾਪ੍ਰਸਤੀ ਦੀ ਭਾਵਨਾ ਪੈਦਾ ਕਰਦੀਆਂ ਹਨ।" ਇਹ ਮੰਨਦੇ ਹੋਏ ਕਿ ਧਰਮ ਬੰਦੇ ਦਾ ਨਿਜੀ ਮਾਮਲਾ ਹੈ, ਭਗਤ ਸਿੰਘ ਦਾ ਪੱਕਾ ਵਿਸ਼ਵਾਸ ਸੀ ਕਿ ਜਦ ਇਹ ਸਿਆਸਤ ਵਿਚ ਆ ਵੜਦਾ ਹੈ ਤਾਂ ਇਹ ਫ਼ਿਰਕਾਪ੍ਰਸਤੀ ਦਾ ਚੋਲ਼ਾ ਪਹਿਨ ਲੈਂਦਾ ਹੈ। ਧਰਮ ਨਾਲ ਦੁਸ਼ਮਣ ਵਾਂਗ ਲੜਨਾ ਚਾਹੀਦਾ ਹੈ। ਉਸਦਾ ਵਿਚਾਰ ਸੀ ਕਿ ਫ਼ਿਰਕਾਪ੍ਰਸਤੀ ਵੀ ਓਨਾ ਹੀ ਦੁਸ਼ਮਣ ਹੈ ਜਿੰਨਾ ਸਾਮਰਾਜਵਾਦ। ਕਿਸੇ ਹੋਰ ਸਮਕਾਲੀ ਲੀਡਰ ਨਾਲੋਂ ਕਿਤੇ ਵੱਧ, ਭਗਤ ਸਿੰਘ ਨੇ ਇਹ ਅਣਥੱਕ ਕੋਸ਼ਿਸ਼ ਕੀਤੀ ਕਿ ਲੋਕਾਂ ਨੂੰ ਧਰਮ ਦੀ ਗ਼ੁਲਾਮੀ ਅਤੇ ਅੰਧ ਵਿਸ਼ਵਾਸ ਤੋਂ ਮੁਕਤ ਕੀਤਾ ਜਾਵੇ। ਜਿਵੇਂ ਉਸਦੇ ਬਹੁਤ ਹੀ ਵਧੀਆ ਲੇਖ – ਮੈਂ ਨਾਸਤਕ ਕਿਉਂ ਹਾਂ – ਵਿਚ ਲਿਖਿਆ ਹੈ, ਉਹ ਇਸ ਵਿਚਾਰ ਨਾਲ ਨਫ਼ਰਤ ਕਰਦਾ ਸੀ ਅਤੇ ਇਸਦੀ ਨਿਖੇਧੀ ਕਰਦਾ ਸੀ ਕਿ ਦੁਨੀਆ ਕਿਸੇ ਸਰਵਉੱਚ ਪੁਰਖ ਨੇ ਪੈਦਾ ਕੀਤੀ ਹੈ।

ਭਗਤ ਸਿੰਘ ਦੀ ਫ਼ਿਰਕਾਪ੍ਰਸਤੀ ਨਾਲ ਐਨੀ ਨਫ਼ਰਤ ਸੀ ਕਿ ਉਸ ਨੇ, ਲੋਕਾਂ ਵਿਚ ਜਾ ਕੇ, ਭਾਵੇਂ ਉਸਦਾ ਨਾਮ ਲਏ ਬਗ਼ੈਰ, ਪੰਜਾਬ ਦੇ ਪ੍ਰਸਿੱਧ ਕਾਂਗਰਸ ਲੀਡਰ, ਲਾਲਾ ਲਾਜਪਤ ਰਾਏ ਦੀ ਨਿਖੇਧੀ ਕੀਤੀ ਸੀ, ਜਿਸਦੀ ਮੌਤ ਦਾ ਬ੍ਰਿਟਿਸ਼ ਸਾਮਰਾਜ ਤੋਂ ਬਦਲਾ ਲੈਣ ਲਈ ਉਸਨੇ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ ਸੀ। ਕਿਉਂਕਿ ਲਾਲਾ ਲਾਜਪਤ ਰਾਏ ਦੀ ਸਿਆਸਤ ਨੇ ਬੀਹਵਿਆਂ ਵਿਚ ਬਿਲਕੁਲ ਫਿਰਕੂ ਮੋੜ ਲੈ ਲਿਆ ਸੀ। ਭਗਤ ਸਿੰਘ ਨੇ ਇਕ ਪੈਂਫਲਟ ਵਿਚ ਰਾਬਰਟ ਬਰਾਉਨਿੰਗ ਦੀ ਪ੍ਰਸਿੱਧ ਕਵਿਤਾ ਛਾਪੀ "ਦੀ ਲੌਸਟ ਲੀਡਰ" (ਗੁਆਚ ਗਿਆ ਨੇਤਾ), ਜਿਸ ਵਿਚ ਬਰਾਉਨਿੰਗ ਨੇ ਵਰਡਜ਼ਵਰਥ ਦੀ ਬਹੁਤ ਹੀ ਭਾਰੀ ਨੁਕਤਾਚੀਨੀ ਕੀਤੀ ਉਸਦੇ ਫ਼ਰਾਂਸ ਦੇ ਇਨਕਲਾਬ ਅਤੇ ਆਜ਼ਾਦੀ ਦੀ ਭਾਵਨਾ ਦੇ ਵਿਰੁੱਧ ਹੋਣ ਕਰਕੇ। ਡਾ. ਬਿਪਿਨ ਚੰਦਰਾ ਦੇ ਸ਼ਬਦਾਂ ਵਿਚ, " . . . . ਕਵਿਤਾ ਦੀ ਮੁਢਲੀ ਸਤਰ ਸੀ . . . 'ਕੇਵਲ ਹੱਥ ਵਿਚ ਆ ਜਾਣ ਜੋਗੀ ਚਾਂਦੀ ਵਾਸਤੇ, ਉਹ ਸਾਨੂੰ ਛੱਡ ਗਿਆ' – ਕੁਝ ਹੋਰ ਸਤਰਾਂ ਸਨ – 'ਅਸੀ ਤਰੱਕੀ ਕਰਦੇ ਅੱਗੇ ਵਧਾਂਗੇ – ਉਸਦੀ ਮੌਜੂਦਗੀ ਰਾਹੀਂ ਨਹੀਂ। ਉਸਦੇ ਗੀਤ ਸਾਨੂੰ

ਚਾਹੇ ਪ੍ਰੇਰਿਤ ਕਰਨ'. . . 'ਉਸਦਾ ਨਾਮ ਮਿਟਾ ਦਿਓ, ਲਿਖ ਦਿਉ ਇਕ ਗੁਆਚੀ ਆਤਮਾ'। ਅਸਲ ਵਿਚ ਉਸਦਾ ਨਾਮ ਇਸ ਵਿਚ ਕਿਤੇ ਵੀ ਨਹੀਂ ਦਿੱਤਾ ਗਿਆ ਸੀ – ਕੇਵਲ ਪਹਿਲੇ ਕਵਰ ਉੱਪਰ ਲਾਜਪਤ ਰਾਏ ਦੀ ਤਸਵੀਰ ਹੈ ਸੀ।"

1928 ਵਿਚ ਭਗਤ ਸਿੰਘ ਨੇ ਸਫ਼ਲਤਾ ਨਾਲ ਇਹ ਦਲੀਲ ਪੇਸ਼ ਕੀਤੀ ਸੀ ਕਿ ਉਹ ਨੌਜਵਾਨ ਜਿਹੜੇ ਧਾਰਮਿਕ – ਫ਼ਿਰਕੂ ਸੰਸਥਾਵਾਂ ਨਾਲ ਸੰਬੰਧ ਰੱਖਦੇ ਹਨ ਐਨ ਬੀ ਐਸ ਦੇ ਮੈਂਬਰ ਨਾ ਬਣਾਏ ਜਾਣ।

## ਐਚ ਆਰ ਏ ਤੋਂ ਐਚ ਐਸ ਆਰ ਏ ਵੱਲ

ਕਾਕੋਰੀ ਮੁਕੱਦਮੇ ਦੇ ਮਗਰੋਂ, ਜਿਸ ਦਾ ਮੰਤਵ ਸਾਮਰਾਜੀ ਸਰਕਾਰ ਨੇ ਐਚ ਆਰ ਏ ਨੂੰ ਕੁਚਲਣ ਦਾ ਬਣਾਇਆ ਸੀ, ਇਹ ਐਸੋਸੀਏਸ਼ਨ ਆਪਣੇ ਆਪ ਨੂੰ ਆਜ਼ਾਦੀ ਦੀ ਅਗਵਾਈ ਵਿਚ ਮੁੜ ਜਥੇਬੰਦ ਕਰਨ ਵਿਚ ਲੱਗ ਗਈ। ਨਾਲ ਨਾਲ, ਸੰਸਾਰ ਵਿਆਪੀ ਅਤੇ ਦੇਸ਼ ਵਿਆਪੀ ਘਟਨਾਕ੍ਰਮ ਐਚ ਆਰ ਏ ਦੇ ਇਨਕਲਾਬੀਆਂ ਨੂੰ ਮਾਰਕਸਵਾਦ ਵੱਲ ਧੱਕਣ ਲੱਗ ਪਿਆ। ਉਹਨਾਂ ਦੀ ਗਿਆਨ ਪ੍ਰਾਪਤੀ ਦੀ ਕਦੇ ਨ ਬੁਝਣ ਵਾਲੀ ਪਿਆਸ ਕਾਰਨ, ਐਚ ਆਰ ਏ ਇਨਕਲਾਬੀ, ਵਿਸ਼ੇਸ਼ਕਰ ਭਗਤ ਸਿੰਘ ਨੇ ਬਹੁਤ ਸਾਰਾ ਸਾਹਿਤ ਪੜ੍ਹਿਆ, ਸਮੇਤ ਮਾਰਕਸੀ ਸਾਹਿਤ ਦੇ। ਉਹਨਾਂ ਦੇ ਇਸ ਗਿਆਨ ਵਿਚ ਵਧਾ ਹੋਇਆ ਕਈ ਸਾਰੇ ਸਾਜ਼ਿਸ਼ ਮੁਕੱਦਮਿਆਂ ਦੀ ਸੁਣਵਾਈ ਰਾਹੀਂ, ਵਿਸ਼ੇਸ਼ ਕਰ ਕਾਨਪੁਰ ਸਾਜ਼ਿਸ਼ ਮੁਕੱਦਮਾ 1923–24 ਦਾ, ਜਿਹੜਾ ਕਮਿਉਨਿਸਟਾਂ ਦੇ ਵਿਰੁੱਧ ਸੀ, ਵਿਸ਼ਵ ਵਿਆਪੀ ਆਰਥਿਕ ਸੰਕਟ ਜਿਹੜਾ ਬਸਤੀਆਂ ਵਿਚ ਵੀ 1926 ਵਿਚ ਦਿਸਣ ਲੱਗ ਪਿਆ ਸੀ, ਬ੍ਰਿਟੇਨ ਦੀ ਇਤਿਹਾਸਕ ਆਮ ਹੜਤਾਲ 1926 ਦੀ ਅਤੇ ਭਾਰਤੀ ਪ੍ਰੋਲੇਤਾਰੀ ਵੱਲੋਂ ਵੀ ਹੜਤਾਲਾਂ, ਕਮਿਉਨਿਸਟਾਂ ਦੀ ਅਗਵਾਈ ਵਿਚ ਦੇਸ ਦੇ ਕਈ ਭਾਗਾਂ ਵਿਚ ਚਲਾਈ ਲਹਿਰ।

ਇਹਨਾਂ ਘਟਨਾਵਾਂ ਨੇ ਐਚ ਆਰ ਏ ਦੇ ਇਨਕਲਾਬੀਆਂ ਉਪਰ ਆਪਣੀ ਛਾਪ ਲਾਈ ਅਤੇ ਐਚ ਆਰ ਏ ਦੀ ਮੀਟਿੰਗ ਜੋ ਫ਼ਿਰੋਜ਼ਸ਼ਾਹ ਕੋਟਲਾ ਮੈਦਾਨ ਵਿਚ 8–9 ਸਿਤੰਬਰ 1928 ਵਿਚ ਹੋਈ, ਦਾ ਪਿਛੋਕੜ ਪੇਸ਼ ਕੀਤਾ। ਇਸ ਮੀਟਿੰਗ ਵਿਚ ਪੰਜਾਬ, ਯੂ ਪੀ, ਬਿਹਾਰ ਅਤੇ ਰਾਜਸਥਾਨ ਤੋਂ ਪ੍ਰਤੀਨਿਧੀ ਹਾਜ਼ਰ ਹੋਏ ਸਨ। ਪੰਜਾਬ ਦਾ ਜਥਾ ਭਗਤ ਸਿੰਘ ਦੀ ਅਗਵਾਈ ਵਿਚ ਆਇਆ ਸੀ, ਜਿਸਨੇ ਵੱਡੀ ਭੂਮਿਕਾ ਅਦਾ ਕੀਤੀ ਸੀ। ਉਸਨੇ ਇਸ ਮੀਟਿੰਗ ਵਿਚ ਹੇਠ ਲਿਖੇ ਵੱਡੇ ਸੁਝਾਅ ਦਿੱਤੇ ਸਨ – ਪਹਿਲਾ, ਸਮਾਜਵਾਦ ਨੂੰ ਜਥੇਬੰਦੀ ਦਾ ਅੰਤਿਮ ਨਿਸ਼ਾਨਾ ਮੰਨਿਆ ਜਾਵੇ, ਦੂਸਰਾ ਪਾਰਟੀ ਦਾ ਨਾਮ, ਇਸ ਮੰਤਵ ਦੀ ਪ੍ਰਾਪਤੀ ਦੇ ਮੱਦੇਨਜ਼ਰ, ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਰਖਿਆ ਜਾਵੇ, ਤੀਸਰਾ, ਪਾਰਟੀ ਕੇਵਲ ਓਹੀ ਕਾਰਜ ਹੱਥ ਵਿਚ ਲਵੇ ਜਿਹਨਾਂ ਦਾ ਸਿੱਧਾ ਸੰਬੰਧ ਲੋਕਾਂ ਦੀਆਂ ਇੱਛਾਵਾਂ, ਮੰਗਾਂ ਅਤੇ ਹਿੱਤਾਂ ਨਾਲ ਹੋਵੇ ਤਾਂ ਜੋ ਐਵੇਂ ਹੀ ਸਮਾਂ ਅਤੇ ਯਤਨ ਛੋਟੇ–ਛੋਟੇ ਪੁਲਿਸ ਕਰਮਚਾਰੀਆਂ ਅਤੇ ਸੂਹਾਂ ਦੇਣ ਵਾਲਿਆਂ ਨੂੰ ਮਾਰਨ ਵਿਚ ਨ ਬਰਬਾਦ ਕੀਤੇ ਜਾਣ, ਚੌਥਾ, ਸਮੂਹਕ ਅਗਵਾਈ ਦਾ ਨਿਯਮ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਅਤੇ ਅੰਤ ਵਿਚ, ਪੈਸਾ ਇਕੱਠਾ ਕਰਨ ਲਈ ਨਿਸ਼ਾਨਾ ਸਰਕਾਰੀ ਵਸੀਲਿਆਂ ਉੱਪਰ ਹੋਵੇ, ਪ੍ਰਾਈਵੇਟ ਘਰਾਂ 'ਤੇ ਨਹੀਂ। ਇਹ ਸੁਝਾਅ ਛੇ– ਦੋ ਦੇ ਬਹੁਮਤ ਨਾਲ ਪ੍ਰਵਾਨ ਕੀਤੇ ਗਏ (ਦੋ ਵਿਰੋਧ ਕਰਨ ਵਾਲੇ ਸਨ ਫਨਿੰਦਰ ਨਾਥ ਘੋਸ਼ ਅਤੇ

ਮਨਮੋਹਨ ਬੈਨਰਜੀ – ਜਿਹੜੇ ਮਗਰੋਂ ਦੂਸਰੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਵਾਅਦਾ ਮੁਆਫ਼ ਗਵਾਹ ਬਣੇ ਸਨ (ਅਪਰੂਵਰ)[165] ਜਿਹੜਾ ਭਗਤ ਸਿੰਘ ਅਤੇ ਬਾਕੀਆਂ ਦੇ ਵਿਰੁੱਧ ਚਲਾਇਆ ਗਿਆ ਸੀ। ਉਸ ਮੀਟਿੰਗ ਵਿਚ ਸੱਤ ਮੈਂਬਰੀ ਕੇਂਦਰੀ ਕਮੇਟੀ ਦੀ ਚੋਣ ਕੀਤੀ ਗਈ ਸੀ। ਭਗਤ ਸਿੰਘ ਦੀ ਜ਼ਿਮੇਵਾਰੀ ਲਗਾਈ ਗਈ ਸੀ ਵਿਚਾਰਧਾਰਕ ਕੰਮ ਕਰਨ ਦੀ ਅਤੇ ਆਜ਼ਾਦ ਐਚ ਐਸ ਆਰ ਏ ਦਾ ਕਮਾਂਡਰ-ਇਨ-ਚੀਫ਼ ਚੁਣਿਆ ਗਿਆ ਸੀ। ਐਚ ਐਸ ਆਰ ਏ ਦਾ ਮੈਨੀਫ਼ੈਸਟੋ, ਜਿਸਦਾ ਡਰਾਫ਼ਟ ਬੀ ਸੀ ਵੋਹਰਾ ਨੇ ਬਣਾਇਆ ਸੀ, ਇਕ ਬਹੁਤ ਬੇਮਿਸਾਲ ਪ੍ਰਵਚਨ ਹੈ ਇਨਕਲਾਬ ਦੀ ਪ੍ਰਸੰਸ਼ਾ ਵਾਲਾ – ਲਗ ਭਗ ਗ਼ਜ਼ਲ ਵਾਂਗ ਲਿਖਿਆ ਹੋਇਆ, ਜਿਹੜਾ ਬਹੁਤ ਹੀ ਸ਼ਕਤੀਸ਼ਾਲੀ ਬਣਤਰ ਵਿਚ ਅਤੇ ਵੱਡੇ ਪ੍ਰਭਾਵ ਵਿਚ ਉਸਾਰੂ ਹੈ। ਇਹ ਕਹਿ ਕੇ ਕਿ "ਇਨਕਲਾਬ ਦੇ ਬਿਨਾ ਮਨੁੱਖੀ ਸੁਭਾਅ ਅਤੇ ਮਨੁੱਖੀ ਮਾਮਲਿਆਂ ਵਿਚ ਕੋਈ ਤਰੱਕੀ ਨਹੀਂ ਹੋ ਸਕਦੀ, ਅੱਗੇ ਜਾ ਕੇ ਇਹ ਇਸ ਤਰ੍ਹਾਂ ਬਿਆਨ ਕਰਦਾ ਹੈ –

"ਇਨਕਲਾਬ ਨਿਸਚੇ ਕੋਈ ਬਿਨਾਂ ਸੋਚੀ ਸਮਝੀ, ਬੇਰਹਿਮੀ ਨਾਲ ਕਤਲ ਕਰਨ ਅਤੇ ਸਾੜ ਫੂਕ ਕਰਨ ਵਾਲੀ ਮੁਹਿੰਮ ਨਹੀਂ ਹੈ – ਇਹ ਕੋਈ ਥੋੜੇ ਜਿਹੇ ਬੰਬ ਇਧਰ ਉੱਧਰ ਸੁੱਟਣ ਵਾਲਾ ਯਤਨ ਵੀ ਨਹੀਂ ਹੈ – ਨਾ ਹੀ ਇਹ ਸਭਿਅਤਾ ਦੇ ਬਾਕੀ ਬਚੇ ਨਿਸ਼ਾਨਾਂ ਨੂੰ ਬਰਬਾਦ ਕਰਨ ਦੀ ਅਤੇ ਇਨਸਾਫ ਅਤੇ ਇਮਾਨਦਾਰੀ ਨੂੰ ਤਬਾਹ ਕਰਨ ਦੀ ਕੋਈ ਵਿਉਂਤਬੰਦੀ ਹੈ। ਇਨਕਲਾਬ ਨਿਰਾਸ਼ਾ ਅਤੇ ਢਹਿੰਦੀ ਕਲਾ ਦੀ ਫ਼ਿਲਾਸਫ਼ੀ ਨਹੀਂ ਹੈ। ਇਨਕਲਾਬ ਰੱਬ ਵਿਰੋਧੀ ਤਾਂ ਹੋ ਸਕਦਾ ਹੈ ਪਰ ਇਹ ਮਨੁੱਖ ਵਿਰੋਧੀ ਬਿਲਕੁਲ ਨਹੀਂ ਹੈ। ਇਹ ਤਾਂ ਬਹੁਤ ਹੀ ਵੱਡੀ ਜਿਉਂਦੀ ਜਾਗਦੀ ਮਜ਼ਬੂਤ ਸ਼ਕਤੀ ਹੈ ਜੋ ਪੁਰਾਣੇ ਅਤੇ ਨਵੇਂ ਟਕਰਾਅ ਦੀ ਚਿਨ੍ਹਕ ਹੈ, ਜੀਵਨ ਅਤੇ ਮੌਤ ਵਰਗੇ ਜੀਵਨ, ਰੋਸ਼ਨੀ ਅਤੇ ਹਨ੍ਹੇਰੇ ਵਿਚਲਾ ਟਕਰਾਅ ਹੈ। ਇਨਕਲਾਬ ਬਿਨਾ ਕੋਈ ਸਮਝੌਤਾ ਨਹੀਂ, ਕੋਈ ਸੁਰਮੇਲ ਨਹੀਂ, ਕੋਈ ਬਹਿਸ ਨਹੀਂ। "ਉਹ ਸੰਗੀਤ ਜਿਹੜਾ ਕਵੀਆਂ ਨੇ ਉਹਨਾਂ ਖੇਤਰਨਾ ਬਾਰੇ ਰਚਿਆ, ਉਹ ਵਾਸਤਵਿਕਤਾ ਨਹੀਂ ਬਣ ਸਕੇਗਾ, ਜੇ ਅਟੁੱਟ ਇਨਕਲਾਬ ਧਰਾਤਲ ਤੋਂ ਹਟਾ ਦਿੱਤਾ ਜਾਵੇਗਾ। ਇਨਕਲਾਬ ਪਿਆਰ ਹੈ। ਇਨਕਲਾਬ ਇਕ ਧਰਮ ਹੈ ਅਤੇ ਇਨਕਲਾਬ ਇਕ ਸੱਚ ਹੈ।"[166]

ਮੈਨੀਫ਼ੈਸਟੋ ਭਾਰਤੀ ਲੋਕਾਂ ਦੀ ਤਰਸਯੋਗ ਹਾਲਤ ਦਰਸਾਉਂਦਾ ਹੈ, ਜਿਹੜੇ ਵਿਦੇਸ਼ੀ ਪੂੰਜੀਵਾਦ ਅਤੇ ਦੇਸੀ ਪੂੰਜੀਵਾਦ ਦੇ ਦੋਹਰੇ ਜੂਲੇ ਦਾ ਸ਼ਿਕਾਰ ਹੋ ਰਹੇ ਸਨ। ਇਹ ਭਾਰਤੀ ਪੂੰਜੀਵਾਦੀ ਸ਼੍ਰੇਣੀ ਅਤੇ ਇਸਦੇ ਆਗੂਆਂ ਦੀ ਜੀ-ਹਜ਼ੂਰੀ ਅਤੇ ਕਾਇਰਤਾ ਭਰਪੂਰ ਨੀਤੀ ਨੂੰ ਨੰਗੀ ਕਰਦਾ ਹੈ, ਭਾਰਤੀ ਲੋਕਾਂ ਨੂੰ ਇਹਨਾਂ ਦੇ ਦੇਸ਼ਧ੍ਰੋਹੀ ਹਥਕੰਡਿਆਂ ਤੋਂ ਚੁਕੰਨੇ ਕਰਦਾ ਹੈ ਅਤੇ ਉਹਨਾਂ ਨੂੰ ਇਸ ਸਚਾਈ ਤੋਂ ਜਾਣੂੰ ਕਰਾਉਂਦਾ ਹੈ ਕਿ ਉਹਨਾ ਦੀ ਇਕੋ ਇਕ ਆਸ ਸਮਾਜਵਾਦ ਵਿਚ ਹੈ, ਜਿਹੜਾ ਸਹੀ ਅਰਥਾਂ ਵਿਚ ਆਜ਼ਾਦੀ ਲਿਆ ਸਕਦਾ ਹੈ ਅਤੇ ਸਾਰੇ ਹੀ ਸਮਾਜਕ ਭੇਦਭਾਵ ਅਤੇ ਉਚੇਚੀਆਂ ਰਿਆਇਤਾਂ ਹਟਾ ਸਕਦਾ ਹੈ।

ਮੈਨੀਫ਼ੈਸਟੋ ਦੱਸਦਾ ਹੈ, "ਭਾਰਤ" ਸਾਮਰਾਜਵਾਦ ਦੇ ਜੂਲੇ ਹੇਠ ਤੜਫ਼ ਰਿਹਾ ਹੈ। ਇਸਦੇ ਕਰੋੜਾਂ ਲੋਕ ਲਾਚਾਰਗੀ, ਗ਼ਰੀਬੀ ਅਤੇ ਬੇਸਮਝੀ ਦੇ ਸ਼ਿਕਾਰ ਹਨ। ਵਿਦੇਸ਼ੀ ਰਾਜ ਅਤੇ ਆਰਥਿਕ ਸ਼ੋਸ਼ਣ ਨੇ ਬਹੁਤੇ ਲੋਕਾਂ ਨੂੰ, ਜਿਹਨਾਂ ਵਿਚ ਕਿਰਤੀ ਅਤੇ ਕਿਸਾਨ ਸ਼ਾਮਿਲ ਹਨ, ਐਨਾ ਜ਼ਿਆਦਾ ਕਮਜ਼ੋਰ ਕਰ ਦਿੱਤਾ ਹੈ, ਮਰਦਾਊਪੁਣਾ ਖ਼ਤਮ ਕਰ ਦਿੱਤਾ ਹੈ। ਭਾਰਤੀ ਪ੍ਰੋਲੇਤਾਰੀ ਦੀ ਅੱਜ ਬਹੁਤ ਹੀ ਤਰਸਯੋਗ ਅਤੇ ਗੰਭੀਰ ਹਾਲਤ ਹੈ। ਇਸਨੂੰ ਦੋਹਰਾ ਖ਼ਤਰਾ

ਦਰਪੇਸ਼ ਹੈ। ਇਕ ਪਾਸੇ ਇਸਨੂੰ ਵਿਦੇਸ਼ੀ ਪੂੰਜੀਵਾਦ ਦਾ ਹਮਲਾ ਸਹਿਣਾ ਪੈ ਰਿਹਾ ਹੈ ਅਤੇ ਦੂਸਰੇ ਪਾਸੇ ਭਾਰਤੀ ਪੂੰਜੀਵਾਦ ਦਾ ਗ਼ੱਦਾਰੀ ਭਰਪੂਰ ਹਮਲਾ। ਦੂਸਰਾ ਹਮਲਾ ਪਹਿਲੇ ਵੱਲ ਹੌਲੀ ਹੌਲੀ ਮੇਲ ਮਿਲਾਪ ਦੇ ਹੱਥ ਵਧਾ ਰਿਹਾ ਹੈ। ਕੁਝ ਨੇਤਾਵਾਂ ਦਾ ਝੁਕਾਅ ਡੋਮੇਨੀਅਨ ਸਟੇਟਸ ਵੱਲ ਹੋ ਰਿਹਾ ਜੋ ਇਹ ਦਰਸਾਉਂਦਾ ਹੈ ਕਿ ਹਵਾ ਕਿਸ ਤਰਫ਼ ਵਗ ਰਹੀ ਹੈ। ਭਾਰਤੀ ਪੂੰਜੀਵਾਦ ਲੋਕਾਂ ਨਾਲ ਧੋਖਾ ਕਰਨ ਦੀ ਤਿਆਰੀ ਵਿਚ ਹੈ ਅਤੇ ਵਿਦੇਸ਼ੀ ਪੂੰਜੀਵਾਦ ਦੇ ਹੱਥਾਂ ਵਿਚ ਆਪਣੀ ਆਰਥਿਕਤਾ ਸੌਂਪ ਰਿਹਾ ਹੈ ਅਤੇ ਆਪਣੀ ਗ਼ੱਦਾਰੀ ਵਾਸਤੇ, ਸਰਕਾਰ ਵਿਚ ਥੋੜ੍ਹਾ ਜਿਹਾ ਹਿੱਸਾ ਲੈਣ ਲਈ ਪਾਸੇ ਮਾਰ ਰਿਹਾ ਹੈ। ਪ੍ਰੋਲੇਤਾਰੀ ਦੀ ਉਮੀਦ ਹੁਣ ਸਮਾਜਵਾਦ ਉੱਪਰ ਹੀ ਕੇਂਦਰਿਤ ਹੈ, ਜਿਹੜਾ ਪੂਰੀ ਆਜ਼ਾਦੀ ਲਿਆ ਸਕਦਾ ਹੈ ਅਤੇ ਹਰ ਪ੍ਰਕਾਰ ਦੇ ਸਮਾਜਕ ਵਿਤਕਰੇ ਅਤੇ ਰਿਆਇਤਾਂ ਹਟਾ ਸਕਦਾ ਹੈ।"[167]

## ਇਨਕਲਾਬੀ ਦਹਿਸ਼ਤ ਦੀ ਭੂਮਿਕਾ

ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਜਨ ਸਾਧਾਰਨ ਨੂੰ ਬਸਤੀਵਾਦੀ ਸਰਕਾਰ, ਸ਼੍ਰੇਣੀ ਦਮਨ ਅਤੇ ਸ਼ੋਸ਼ਣ ਦੇ ਵਿਰੁੱਧ ਲੜਾਈ ਨਾਲ ਜੋੜਨਾ ਹੈ, ਮੈਨੀਫ਼ੈਸਟੋ ਇਹ ਵੀ ਸਹੀ ਢੰਗ ਨਾਲ ਕਹਿੰਦਾ ਹੈ ਕਿ ਹਥਿਆਰਬੰਦ ਸੰਘਰਸ਼ ਦੀ ਲੋੜ ਹੈ ਤਾਂ ਜੋ ਆਜ਼ਾਦੀ ਦੇ ਆਦਰਸ਼ ਦੀ ਪੂਰਤੀ ਕੀਤੀ ਜਾ ਸਕੇ। ਇਹ ਅੱਗੇ ਕਹਿੰਦਾ ਹੈ –

"ਸਾਡੀ ਦਹਿਸ਼ਤ ਵਾਲੀ ਨੀਤੀ ਲਈ ਸਾਨੂੰ ਭੰਡਿਆ ਗਿਆ ਹੈ। ਸਾਡਾ ਉੱਤਰ ਹੈ ਕਿ ਦਹਿਸ਼ਤਗ਼ਰਦੀ ਕਦੇ ਵੀ ਇਨਕਲਾਬੀਆਂ ਦਾ ਮੰਤਵ ਨਹੀਂ ਹੁੰਦਾ, ਨਾ ਹੀ ਉਹ ਇਸ ਵਿਚ ਵਿਸ਼ਵਾਸ ਕਰਦੇ ਹਨ ਕਿ ਕੇਵਲ ਦਹਿਸ਼ਗਰਦੀ ਨਾਲ ਹੀ ਆਜ਼ਾਦੀ ਮਿਲੇਗੀ। ਨਿਰਸੰਦੇਹ, ਇਨਕਲਾਬੀ ਇਹ ਸੋਚਦੇ ਹਨ, ਅਤੇ ਠੀਕ ਵੀ ਹੈ, ਕਿ ਦਹਿਸ਼ਤ ਕਰਨ ਨਾਲ ਹੀ ਤਸ਼ੱਦਦ ਦਾ ਪ੍ਰਭਾਵੀ ਜਵਾਬ ਦਿੱਤਾ ਜਾ ਸਕਦਾ ਹੈ। ਬ੍ਰਿਟਿਸ਼ ਸਰਕਾਰ ਇਸ ਲਈ ਬਣੀ ਹੋਈ ਹੈ ਕਿ ਇਹ ਸਾਰੇ ਭਾਰਤ ਵਿਚ ਸਫ਼ਲਤਾ ਨਾਲ ਦਹਿਸ਼ਤ ਬਣਾਈ ਬੈਠੀ ਹੈ। ਇਸ ਸਰਕਾਰੀ ਦਹਿਸ਼ਤ ਦਾ ਕਿਵੇਂ ਉੱਤਰ ਦਿੱਤਾ ਜਾ ਸਕੇ? ਕੇਵਲ ਮੋੜਵੀਂ ਦਹਿਸ਼ਤ ਨਾਲ ਇਨਕਲਾਬੀ ਇਸ ਨੌਕਰਸ਼ਾਹੀ ਦੀ ਧੱਕੇਬਾਜ਼ੀ ਨਾਲ ਨਜਿੱਠ ਸਕਦੇ ਹਨ।"[168]

ਕਈ ਲੇਖਕਾਂ ਨੇ, ਉਹ ਵੀ ਜਿਹੜੇ ਆਪਣੇ ਆਪ ਨੂੰ ਕਮਿਉਨਿਸਟ ਕਹਾਉਂਦੇ ਹਨ, ਉਪਰ ਲਿਖੀਆਂ ਸਤਰਾਂ ਨੂੰ ਅਪ੍ਰਵਾਨ ਕੀਤਾ ਹੈ, ਇਹ ਇਲਜ਼ਾਮ ਲਾ ਕੇ ਕਿ ਇਹ ਭਗਤ ਸਿੰਘ ਅਤੇ ਉਹਦੇ ਸਾਥੀਆਂ ਪ੍ਰਤੀ ਪੱਖਵਾਦੀ ਵਤੀਰੇ ਦੀ ਉਪਜ ਹਨ ਕਿ ਦਹਿਸ਼ਤਗਰਦੀ ਢੰਗ ਹੀ ਠੀਕ ਹੈ। ਕੇਵਲ ਗ਼ਲਤ ਫ਼ਹਿਮੀ ਕਾਰਣ, ਜਾਂ ਇਸਤੋਂ ਵੀ ਖ਼ਰਾਬ, ਜਾਣਬੁਝ ਕੇ ਇਹਨਾਂ ਸਤਰਾਂ ਦੇ ਅਰਥ ਤੋੜਮਰੋੜ ਕੇ, ਦਹਿਸ਼ਤ ਅਤੇ ਦਹਿਸ਼ਤਗ਼ਰਦੀ ਜਿਹੇ ਸ਼ਬਦਾਂ ਦਾ ਹੱਠਧਰਮੀ ਨਾਲ ਵਿਰੋਧ ਕਰਕੇ ਇਸਦੇ ਲੇਖਕਾਂ ਨੂੰ ਬੰਦੂਕਾਂ ਨੂੰ ਖਿਲਾਉਣੇ ਸਮਝਣ ਵਾਲੇ ਕਹਿ ਕਿ ਨੁਕਤਾਚੀਨੀ ਕੀਤੀ ਹੈ। ਸਾਡੇ ਵਿਚਾਰ ਵਿਚ, ਇਹ ਸਤਰਾਂ ਕੇਵਲ ਐਨਾ ਹੀ, ਕਿ ਦਹਿਸ਼ਤ ਦਾ ਜਵਾਬ ਇਨਕਲਾਬੀ ਦਹਿਸ਼ਤ ਨਾਲ ਹੀ ਦਿੱਤਾ ਜਾ ਸਕਦਾ ਹੈ ਅਤੇ ਇਸ ਬਾਰੇ, ਭਗਤ ਸਿੰਘ ਅਤੇ ਉਸਦੇ ਸਾਥੀ ਪੂਰੀ ਤਰ੍ਹਾਂ ਅਤੇ ਸਹੀ ਤੌਰ 'ਤੇ, ਨਿਸ਼ਚਿਤ ਸਨ। ਐਸੇ ਹੀ ਵਿਚਾਰਾਂ ਨੂੰ ਐਸੀ ਹੀ ਭਾਸ਼ਾ ਵਿਚ ਵੀ ਆਈ ਲੈਨਿਨ ਦੁਆਰਾ ਪ੍ਰਗਟ ਕਰਨ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਸਦੇ ਵਿਰੁੱਧ ਕਿਸੇ ਨੂੰ ਦਹਿਸਤਗਰਦੀ ਦਾ ਇਲਜ਼ਾਮ

ਲਾਉਣ ਦਾ ਖ਼ਿਆਲ ਤਕ ਨਹੀਂ ਆਵੇਗਾ।

ਭਗਤ ਸਿੰਘ ਅਤੇ ਉਸਦੇ ਸਾਥੀਆਂ ਉੱਪਰ ਦਹਿਸ਼ਤਗਰਦੀ ਦਾ ਲੇਬਲ ਥੋਪਣ ਦਾ ਯਤਨ ਬਿਲਕੁਲ ਉਸੇ ਤਰ੍ਹਾਂ ਦੇ ਸ਼ਰਮਨਾਕ ਢੰਗ ਨਾਲ ਮੇਲ ਖਾਂਦਾ ਹੈ ਜਿਸ ਤਰ੍ਹਾਂ ਆਇਰਲੈਂਡ ਦੀ 1916 ਦੇ ਈਸਟਰ ਦੀ ਬਗ਼ਾਵਤ ਬਾਰੇ ਸੀ, ਕੇਵਲ ਬੁਰਜੁਆ ਸਾਮਰਾਜੀਆਂ ਦੁਆਰਾ ਹੀ ਨਹੀਂ ਸਗੋਂ ਉਸ ਵੇਲੇ ਦੇ ਯੂਰਪ ਦੀਆਂ ਕਿਰਤੀ ਪਾਰਟੀਆਂ ਵੱਲੋਂ ਵੀ, ਕਿ ਇਹ ਕੇਵਲ ਪੁਟਸ਼ (ਅਚਾਨਕ ਹੋਇਆ ਰਾਜਪਲਟਾ) ਹੈ। ਲੈਨਿਨ ਵਰਗੇ ਮਹਾਨ ਵਿਅਕਤੀ ਨੇ ਵੀ ਇਸ "ਘੋਰ ਹੱਠਧਰਮੀ ਅਤੇ ਉਪਦੇਸ਼ੀ ਵਿਚਾਰ ਪ੍ਰਤੀ ਘ੍ਰਿਣਾ ਪ੍ਰਗਟਾਈ ਸੀ।" ਉਸਨੇ ਕਿਹਾ "ਪੁਟਸ਼ ਜਿਹਾ ਵਖਾਣ" "ਵਿਗਿਆਨਕ ਤੌਰ 'ਤੇ, ਓਦੋਂ ਵਰਤਿਆ ਜਾਵੇ ਜਦ ਵਿਦਰੋਹੀ ਯਤਨ ਵਿਚੋਂ ਕੁੱਝ ਨਾ ਲੱਭਾ ਹੋਵੇ ਸਿਵਾਏ ਕੁਝ ਸਾਜ਼ਿਸ਼ੀ ਲੋਕਾਂ ਦੇ ਅਤੇ ਭੈੜੇ ਪਾਗਲਾਂ ਦੇ, ਅਤੇ ਜਨ ਸਾਧਰਨ ਵਿਚ ਕੋਈ ਹਮਦਰਦੀ ਨ ਜਾਗ ਸਕੀ ਹੋਵੇ।" ਅੱਗੇ ਉਹ ਕਹਿੰਦਾ ਹੈ ਕਿ ਇਹ ਐਸੀ ਹਾਲਤ ਨਹੀਂ ਹੈ ਜਿੱਥੇ ਤਕ ਆਇਰਸ਼ ਬਗ਼ਾਵਤ ਦਾ ਸੰਬੰਧ ਹੈ, ਕਿਉਂਕਿ ਸਦੀਆਂ ਪੁਰਾਣੀ ਆਇਰਸ਼ ਆਜ਼ਾਦੀ ਦੀ ਲਹਿਰ "ਜਿਹੜੀ ਕਈ ਪੜਾਵਾਂ ਅਤੇ ਗਠ-ਜੋੜਾਂ ਵਿਚੋਂ ਨਿੱਕਲ ਚੁੱਕੀ ਸੀ, ਨੇ ਆਪਣਾ ਪ੍ਰਗਟਾਵਾ, ਹੋਰ ਗੱਲਾਂ ਤੋਂ ਇਲਾਵਾ, ਇਕ ਵੱਡੀ ਆਇਰਿਸ਼ ਨੈਸ਼ਨਲ ਕਾਂਗਰਸ ਅਮਰੀਕਾ ਵਿਚ ਕੀਤਾ ਸੀ, ਜਿਸ ਵਿਚ ਆਇਰਲੈਂਡ ਦੀ ਆਜ਼ਾਦੀ ਦੀ ਆਵਾਜ਼ ਉਠਾਈ ਸੀ-ਇਸਨੇ ਆਪਣੇ ਆਪ ਨੂੰ ਗਲੀਆਂ ਵਿਚ ਹੋਈ ਲੜਾਈ ਵਿਚ ਪ੍ਰਗਟ ਕੀਤਾ ਸੀ ਜਿਹੜੀ ਨਿੱਕੇ ਜਿਹੇ ਬੁਰਜੁਆ ਵਰਗ ਨੇ ਕੀਤੀ ਸੀ ਕਿਰਤੀਆਂ ਦੇ ਇਕ ਵਰਗ ਨਾਲ, ਬਹੁਤ ਲੰਬੇ ਰੋਸ ਅੰਦੋਲਨ, ਵਖਾਵਿਆਂ (ਮੁਜ਼ਾਹਰਿਆਂ), ਅਖ਼ਬਾਰਾਂ ਨੂੰ ਦਬਾਉਣ, ਆਦਿ, ਮਗਰੋਂ। ਜੋ ਵੀ ਕੋਈ ਐਸੀ ਬਗ਼ਾਵਤ ਨੂੰ ਪੁਟਸ਼ ਕਹਿੰਦਾ ਹੈ, ਜਾਂ ਤਾਂ ਪਕਿਆ ਹੋਇਆ ਪ੍ਰਤੀਕ੍ਰਮਵਾਦੀ ਹੈ, ਜਾਂ ਹੱਠਧਰਮੀ ਜਿਹੜਾ ਸਮਾਜਿਕ ਇਨਕਲਾਬ ਦੀ ਪ੍ਰਕਿਰਿਆ ਨੂੰ ਸਮਝ ਹੀ ਨਹੀਂ ਸਕਦਾ।"[169]

1916 ਦੀ ਆਇਰਿਸ਼ ਲਹਿਰ ਦੀ ਸ਼ਕਤੀ ਅਤੇ ਮਜ਼ਬੂਤੀ ਦੀ ਨੁਕਤਾਚੀਨੀ ਕੀਤੇ ਬਿਨਾ, ਇਹ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸਾਮਰਾਜ ਵਿਰੋਧੀ ਅਤੇ ਬਸਤੀਵਾਦ ਵਿਰੋਧੀ ਲੜਾਈ ਮੁਕਾਬਲਤਨ ਬਹੁਤ ਉੱਚੀ ਪੱਧਰ ਤਕ ਪੁੱਜ ਚੁੱਕੀ ਸੀ – ਭਗਤ ਸਿੰਘ ਅਤੇ ਉਸਦੇ ਸਾਥੀ ਭਾਰਤੀ ਲੋਕਾਂ ਦੀ ਰਾਸ਼ਟਰੀ ਲਹਿਰ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ, ਜਿਹੜੇ ਕੌਮੀ ਯੋਧਿਆਂ ਦੇ ਕੰਮ ਅਤੇ ਨਾਅਰੇ ਆਪਣੇ ਸਮਝਦੇ ਸਨ, ਅਤੇ ਉਹ, ਆਤਮ ਬਲੀਦਾਨੀ ਅਤੇ ਨਿਸ਼ਕਾਮ ਸੇਵੀ ਸੁਤੰਤਰਤਾ ਸੰਗ੍ਰਾਮੀਆਂ ਪ੍ਰਤੀ ਆਪਣੇ ਪਿਆਰ ਅਤੇ ਸਤਿਕਾਰ ਦੁਆਰਾ ਉਹਨਾਂ ਨੂੰ ਜਿਉਂਦੇ ਅਵਤਾਰ ਮੰਨਦੇ ਸੀ। ਇਹ ਕਹਿਣਾ ਕਿ ਇਹ ਕੁਝ ਸਾਜ਼ਸੀਆਂ ਅਤੇ ਪਾਗਲਾਂ ਦਾ ਗੁੱਟ ਸੀ, ਸਹੀ ਨਹੀਂ। ਸਗੋਂ ਇਸਨੇ ਤਾਂ ਬ੍ਰਿਟਿਸ਼ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹੋਈਆਂ ਸਨ। ਕੇਵਲ ਓਹੀ ਜਿਹੜੇ ਹੰਢੇ ਹੋਏ ਪ੍ਰਤੀਕ੍ਰਮਵਾਦੀ ਹਨ, ਜਾਂ ਹੱਠਧਰਮੀ ਹਨ ਜਿਹੜੇ ਸਮਾਜਿਕ ਇਨਕਲਾਬ ਦੀ ਪ੍ਰਕ੍ਰਿਆ ਨੂੰ ਸਮਝ ਹੀ ਨਹੀਂ ਸਕਦੇ।", ਓਹੀ ਉਹਨਾਂ ਨੂੰ ਦਹਿਸ਼ਤਗਰਦ ਕਹਿ ਕੇ ਨਿੰਦ ਸਕਦੇ ਹਨ। ਅਸਲ ਵਿਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਵੱਡੇ ਹੌਸਲੇ ਵਾਲੇ ਕੰਮਾਂ ਦੀ ਐਨੀ ਹਰ ਮਨ ਪਿਆਰੀ ਸਰਾਹਨਾ ਦੇਸ ਵਾਸੀ ਕਰ ਰਹੇ ਸਨ, ਕਿ ਗਾਂਧੀ ਵਰਗਾ ਪ੍ਰਤੀਕਰਮਵਾਦੀ, ਅਸੀ ਮਗਰੋਂ ਦੱਸਾਂਗੇ ਉਸਦੇ ਬਾਰੇ, ਜਿਸਨੇ ਐਨਾ ਗੰਦਾ ਅਤੇ ਗਠ-ਜੋੜੀ ਵਤੀਰਾ ਇਹਨਾਂ ਭਾਰਤ ਮਾਂ ਦੇ ਮਹਾਨ ਪੁੱਤਰਾਂ ਅਤੇ ਯੋਧਿਆਂ ਦੇ ਅਦਾਲਤੀ ਕਤਲ ਸਮੇਂ ਦਿਖਾਇਆ ਸੀ, ਵੀ ਮਜਬੂਰ ਹੋ

ਗਿਆ ਸੀ, ਜਦ ਉਸਦੇ ਉੱਪਰ ਸਾਰੇ ਦੇਸ ਵਾਸੀਆਂ ਦਾ ਦਬਾਅ ਪਿਆ ਸੀ, ਤਾਂ ਉਸਨੇ ਵੀ ਇਹਨਾਂ ਦੇ ਕਾਰਜਾਂ ਨੂੰ ਸਰਾਹਿਆ ਸੀ – ਭਾਵੇਂ ਕਿੰਨੇ ਕਮੀਨੇਪਨ ਅਤੇ ਸੰਕੋਚ ਨਾਲ।

ਅੱਜ ਵੀ, ਉਹਨਾਂ ਦੀ ਸ਼ਹੀਦੀ ਦੇ 76 ਸਾਲ ਮਗਰੋਂ, ਕੁਝ ਲੋਕ ਹਨ ਜਿਹੜੇ ਭਗਤ ਸਿੰਘ ਅਤੇ ਉਸਦੇ ਸਾਥੀਆਂ 'ਤੇ ਇਲਜ਼ਾਮ ਲਾਉਂਦੇ ਹਨ ਕਿ ਉਹ ਅਨਾਰਕੀ ਅਤੇ ਦਹਿਸ਼ਤਗਰਦੀ ਫੈਲਾਉਣ ਦੀ ਵਿਚਾਰਧਾਰਾ ਦੇ ਬੁਰੀ ਤਰ੍ਹਾਂ ਸ਼ੈਦਾਈ ਸਨ, ਅਤੇ ਆਮ ਜਨ ਸਾਧਾਰਨ ਤੋਂ ਪਰ੍ਹੇ ਸਨ। ਇਹ, ਭਗਤ ਸਿੰਘ ਦੇ ਇਸ ਬਾਰੇ ਸਪੱਸ਼ਟ ਢੰਗ ਨਾਲ ਕਹਿ ਦੇਣ ਦੇ ਬਾਵਜੂਦ, ਜਿੱਥੇ ਉਹ ਇਨਕਲਾਬੀ ਹਿੰਸਾ ਦੀ ਅਹਿਮੀਅਤ ਉੱਤੇ ਬਲ ਦਿੰਦਾ ਹੈ, ਉਹ ਦਹਿਸ਼ਤਗਰਦੀ ਦੇ ਆਪਣੇ ਸੰਘਰਸ਼ ਵਿਚ ਇਸਤੇਮਾਲ ਸੰਬੰਧੀ ਇਸ ਪ੍ਰਕਾਰ ਕਹਿੰਦਾ ਹੈ –

"ਲੱਗਦਾ ਹੈ ਕਿ ਮੈਂ ਇਕ ਦਹਿਸ਼ਤਗਰ ਵਾਂਗ ਕੰਮ ਕੀਤਾ ਹੈ। ਪਰ ਮੈਂ ਦਹਿਸ਼ਤਗਰਦ ਨਹੀਂ ਹਾਂ। ਮੈਂ ਤਾਂ ਇਨਕਲਾਬੀ ਹਾਂ ਜਿਸਦੇ ਕੋਲ ਲੰਬੇ ਸੰਘਰਸ਼ ਦਾ ਪ੍ਰੋਗਰਾਮ ਹੈ, ਜਿਸ ਤਰ੍ਹਾਂ ਇਥੇ ਵਿਚਾਰ ਕੀਤਾ ਗਿਆ ਹੈ. . . . ਮੈਂ ਆਪਣੇ ਸਾਰੇ ਬਲ ਦੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਦਹਿਸ਼ਤਗਰਦ ਨਹੀਂ ਹਾਂ ਅਤੇ ਮੈਂ ਨ ਕਦੇ ਸੀ, ਸਿਵਾਏ ਸ਼ਾਇਦ ਮੇਰੇ ਇਨਕਲਾਬੀ ਸਫ਼ਰ ਦੇ ਸ਼ੁਰੂ ਵਿਚ। ਮੈਂ ਇਹ ਮੰਨਦਾ ਹਾਂ ਕਿ ਅਸੀਂ ਇਹਨਾਂ ਢੰਗਾਂ ਨਾਲ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਮੇਰਾ ਇਹ ਮਤਲਬ ਨਹੀਂ ਕਿ ਬੰਬ ਅਤੇ ਪਿਸਤੌਲ ਕਿਸੇ ਕੰਮ ਦੇ ਨਹੀਂ ਹਨ, ਬਲਕਿ ਠੀਕ ਗੱਲ ਇਸਦੇ ਉਲਟ ਹੈ. . .ਪਰ ਮੇਰੇ ਕਹਿਣ ਦਾ ਇਹ ਮਤਲਬ ਹੈ ਕਿ ਖ਼ਾਲੀ ਬੰਬ ਸੁੱਟਣੇ ਨਿਕੰਮੀ ਗੱਲ ਹੀ ਨਹੀਂ ਸਗੋਂ ਕਈ ਵਾਰੀ ਹਾਨੀਕਾਰਕ ਵੀ ਹੁੰਦੀ ਹੈ। ਪਾਰਟੀ ਦੇ ਮਿਲਟਰੀ ਮਹਿਕਮੇ ਨੂੰ ਸਦਾ ਹੀ ਸਾਰੇ ਜੰਗੀ ਸਾਮਾਨ ਨਾਲ ਤਿਆਰ ਰਹਿਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਸੰਕਟ ਸਮੇ ਵਰਤਿਆ ਜਾ ਸਕੇ। ਇਹ ਪਾਰਟੀ ਦੇ ਸਿਆਸੀ ਕੰਮ ਵਿਚ ਸਹਾਇਕ ਹੋਵੇ। ਇਹ ਇਕੱਲਾ ਨਾ ਕੁਝ ਕਰ ਸਕਦਾ ਹੈ ਅਤੇ ਨਾ ਹੀ ਕਰੇ।"[170]

ਆਪਣੀ ਜੇਲ੍ਹ ਕੋਠੜੀ ਵਿਚੋਂ ਇਕ ਸੁਨੇਹੇ ਵਿਚ ਇਸ ਤਰ੍ਹਾਂ ਭਗਤ ਸਿੰਘ ਸਰਕਾਰੀ ਤਾਕਤ ਉਪਰ ਕਬਜ਼ਾ ਕਰਨ, ਅਜੋਕੇ ਸਮਾਜਕ ਪ੍ਰਬੰਧ ਵਿਚ ਜਿਹੜਾ ਪੂਰਣ ਸੋਸ਼ਣ ਕਰਦਾ ਹੈ, ਉਪਰ ਬਲ ਦਿੰਦਾ ਹੈ –

*"ਸਾਡਾ ਇਨਕਲਾਬ ਤੋਂ ਮਤਲਬ ਹੈ ਅਜੋਕੇ ਸਮਾਜਿਕ ਪ੍ਰਬੰਧ ਨੂੰ ਜੜ੍ਹੋਂ ਉਖਾੜਨਾ। ਇਸ ਲਈ ਸਰਕਾਰੀ ਸ਼ਕਤੀ ਜ਼ਰੂਰੀ ਹੈ। ਸਰਕਾਰੀ ਮਸ਼ੀਨਰੀ ਅੱਜ ਇਕ ਵਿਸ਼ੇਸ਼ ਅਧਿਕਾਰ ਪ੍ਰਾਪਤ ਸ਼੍ਰੇਣੀ ਦੇ ਕੋਲ ਹੈ। ਜਨ ਸਾਧਾਰਨ ਦੇ ਹਿਤਾਂ ਦੀ ਰਾਖੀ ਕਰਨੀ, ਆਪਣੇ ਆਦਰਸ਼ ਨੂੰ ਅਸਲੀਅਤ ਵਿਚ ਬਦਲਨਾ, ਭਾਵ, ਐਸੇ ਸਮਾਜ ਦਾ ਨਿਰਮਾਣ ਕਰਨਾ ਜਿਹੜਾ ਕਾਰਲ ਮਾਰਕਸ ਦੇ ਸਿਧਾਂਤਾਂ ਦੇ ਅਨੁਕੂਲ ਹੋਵੇ, ਜਿਸ ਲਈ ਇਹ ਲੋੜ ਹੈ ਕਿ ਅਸੀਂ ਇਸ ਮਸ਼ੀਨਰੀ ਨੂੰ ਆਪਣੇ ਕਬਜ਼ੇ ਵਿਚ ਲਈਏ" (ਅਕਤੂਬਰ 1930)*[171]

2 ਫਰਵਰੀ 1931 ਨੂੰ, ਆਪਣੇ ਅਦਾਲਤੀ ਕਤਲ ਤੋਂ ਦੋ ਮਹੀਨੇ ਤੋਂ ਵੀ ਘੱਟ ਸਮਾ ਪਹਿਲਾਂ, ਭਗਤ ਸਿੰਘ ਨੇ ਆਪਣੀ ਸਦਾ ਯਾਦ ਰੱਖੀ ਜਾਣ ਵਾਲੀ ਅਪੀਲ ਲਿਖੀ – ਨੌਜਵਾਨ ਸਿਆਸੀ ਕਰਮੀਆਂ ਦੇ ਨਾਮ, ਜਿਸਨੂੰ, ਬਿਲਕੁਲ ਸਹੀ ਤੌਰ ਤੇ, ਉਸਦੀ ਅੰਤਿਮ ਵਸੀਅਤ ਕਿਹਾ ਜਾ ਸਕਦਾ ਹੈ। ਉਸ ਵੇਲੇ ਦੀ ਸਿਆਸੀ ਅਤੇ ਸਮਾਜਕ ਦਸ਼ਾ ਦਾ ਵਿਸ਼ਲੇਸ਼ਣ ਕਰਕੇ, ਅਤੇ ਕਾਂਗਰਸ ਦੁਆਰਾ ਕਾਇਰਤਾ ਭਰਪੂਰ ਅਤੇ ਜੀ ਹਜ਼ੂਰੀਆ ਵਤੀਰਾ ਅਪਨਾਉਣ ਨੂੰ ਜਾਣਦੇ ਹੋਏ, ਉਸਨੇ ਨੌਜਵਾਨ ਤਬਕੇ ਨੂੰ ਪ੍ਰੇਰਿਆ ਸੀ ਕਿ ਉਹ ਮਾਰਕਸ ਦੀ ਵਿਚਾਰਧਾਰਾ ਨੂੰ

ਅਪਨਾਉਣ, ਅਤੇ ਕਮਿਉਨਿਸਟ ਪਾਰਟੀ ਵਿਚ ਸ਼ਾਮਿਲ ਹੋ ਜਾਣ, ਲੋਕਾਂ ਵਿਚ ਜਾ ਕੇ ਕੰਮ ਕਰਨ ਅਤੇ ਉਹ ਸਭ ਕੁਝ ਕਰਨ ਜੋ ਉਹਨਾ ਦੇ ਵੱਸ ਦੀ ਗੱਲ ਹੈ ਜਿਸ ਨਾਲ ਕਿਰਤੀ ਵਰਗ ਅਤੇ ਕਿਸਾਨੀ ਜਥੇਬੰਦ ਹੋ ਜਾਵੇ, ਅਤੇ ਨੌਜਵਾਨਾਂ ਅੱਗੇ ਉਹ ਲੈਨਿਨ ਦਾ ਹੇਠ ਲਿਖਿਆ ਜਥੇਬੰਦਕ ਪ੍ਰਗਰਾਮ ਉਲੀਕਦਾ ਹੈ –

"ਸਾਨੂੰ ਲੋੜ ਹੈ, ਇਹ ਸ਼ਬਦ ਜੋ ਲੈਨਿਨ ਨੂੰ ਬਹੁਤ ਪਿਆਰਾ ਹੈ– ਪੇਸ਼ੇਵਰ ਇਨਕਲਾਬੀਆਂ ਦੀ। ਕੁਲਵਕਤੀ ਕਰਮੀਆਂ ਦੀ ਜਿਹਨਾਂ ਦੀ ਹੋਰ ਕੋਈ ਇੱਛਾ ਨਹੀਂ ਹੈ ਨਾ ਹੀ ਜੀਵਨ ਦਾ ਹੋਰ ਕੋਈ ਕੰਮ ਸਿਵਾਏ ਇਨਕਲਾਬ ਦੇ। ਜਿੰਨੀ ਵੱਡੀ ਗਿਣਤੀ ਇਹਨਾਂ ਕਰਮੀਆਂ ਦੀ ਹੋਵੇਗੀ, ਜਿਹੜੇ ਪਾਰਟੀ ਜਥੇਬੰਦੀ ਵਿਚ ਸ਼ਾਮਿਲ ਹੋਣਗੇ, ਓਨੀ ਵੱਧ ਸੰਭਾਵਨਾ ਹੀ ਸਾਡੀ ਸਫ਼ਲਤਾ ਦੀ ਹੋਵੇਗੀ। ਪਾਰਟੀ ਦਾ ਨਾਮ ਹੋਣਾ ਚਾਹੀਦਾ ਹੈ ਕਮਿਉਨਿਸਟ ਪਾਰਟੀ। ਇਹ ਸਿਆਸੀ ਕਰਮੀਆਂ ਦੀ ਪਾਰਟੀ, ਜਿਹੜੀ ਪੱਕੇ ਅਨੁਸ਼ਾਸ਼ਨ ਦੀ ਪਾਬੰਦ ਹੋਵੇ, ਅਤੇ ਹੋਰ ਸਾਰੀਆ ਲਹਿਰਾਂ ਦਾ ਕੰਮ ਸੰਭਾਲੇ। ਇਸਨੂੰ ਕਿਸਾਨਾਂ ਅਤੇ ਕਿਰਤੀਆਂ ਦੀ ਪਾਰਟੀ ਨੂੰ, ਲੇਬਰ ਯੂਨੀਅਨਾਂ ਨੂੰ ਅਤੇ ਹੋ ਸਕੇ ਤਾਂ ਕਾਂਗਰਸ ਅਤੇ ਹੋਰ ਉਸ ਵਰਗੀਆਂ ਪਾਰਟੀਆਂ ਤੇ ਵੀ ਕਬਜ਼ਾ ਕਰਕੇ, ਜਥੇਬੰਦ ਕਰਨਾ ਪਵੇਗਾ। ਅਤੇ ਸਿਆਸੀ ਚੇਤਨਾ ਜਗਾਉਣ ਵਾਸਤੇ, ਕੇਵਲ ਰਾਸ਼ਟਰੀ ਸਿਆਸਤ ਦੀ ਹੀ ਨਹੀਂ ਸਗੋਂ ਸ਼੍ਰੇਣੀ ਸਿਆਸਤ ਦੀ ਵੀ, ਪਾਰਟੀ ਇਕ ਬਹੁੱਤ ਵੱਡੀ ਪ੍ਰਕਾਸ਼ਨ ਮੁਹਿਮ ਚਲਾਵੇ।"[172]

## ਸਾਂਡਰਸ ਦਾ ਮਾਰਿਆ ਜਾਣਾ

1928 ਵਿਚ, ਬ੍ਰਿਟਿਸ਼ ਸਰਕਾਰ ਨੇ ਸਾਈਮਨ ਕਮਿਸ਼ਨ ਭਾਰਤ ਭੇਜਿਆ ਸੀ ਕਿ ਜਾ ਕੇ ਹੋਰ ਸੰਵਿਧਾਨਿਕ ਸੁਧਾਰ ਕਰਨ ਦੇ ਪ੍ਰਸ਼ਨ ਬਾਰੇ ਆਪਣੀ ਰਾਏ ਪੇਸ਼ ਕਰੇ – ਇਹ ਇਕ ਵੱਡਾ ਧੋਖਾ ਸੀ ਜੋ ਭਾਰਤ ਦੀ ਆਜ਼ਾਦੀ ਵਿਚ ਦੇਰ ਕਰਨ ਲਈ ਕੀਤਾ ਗਿਆ ਸੀ। ਭਾਰਤੀਆਂ ਦੀ ਕਮਿਸ਼ਨ ਦੀ ਸਥਾਪਨਾ ਬਾਰੇ ਕੋਈ ਸਲਾਹ ਨਹੀਂ ਲਈ ਗਈ ਸੀ, ਇਸ ਮਜ਼ਾਕ ਦੇ ਕਮਿਸ਼ਨ ਬਾਰੇ, ਨਾ ਹੀ ਭਾਰਤ ਦਾ ਇਸ ਵਿਚ ਕੋਈ ਪ੍ਰਤੀਨਿਧੀ ਸੀ। ਇਸ ਹਾਲਾਤ ਵਿਚ ਕਾਂਗਰਸੀ ਲੀਡਰਾਂ ਨੇ ਇਸਦਾ ਬਾਈਕਾਟ ਕਰਨ ਦਾ ਅਤੇ ਇਸਦੇ ਵਿਰੁੱਧ ਮੁਜ਼ਾਹਰੇ ਕਰਨ ਦਾ ਫ਼ੈਸਲਾ ਕੀਤਾ। ਐਚ ਐਸ ਆਰ ਏ ਦੇ ਇਨਕਲਾਬੀਆਂ ਨੇ ਇਹ ਫ਼ੈਸਲਾ ਕੀਤਾ ਕਿ ਬਾਈਕਾਟ ਅਤੇ ਇਹਨਾਂ ਰੋਸ ਪ੍ਰਗਟਾਵਿਆਂ ਦੀ ਹਿਮਾਇਤ ਕੀਤੀ ਜਾਵੇ। ਜਦ ਕਮਿਸ਼ਨ 30 ਅਕਤੂਬਰ 1928 ਨੂੰ ਲਾਹੌਰ ਆਇਆ, ਜਦ ਅਜੇ ਐਚ ਐਸ ਆਰ ਏ ਦੀ ਸਥਾਪਨਾ ਨੂੰ ਕੇਵਲ ਦੋ ਮਹੀਨੇ ਹੀ ਹੋਏ ਸਨ, ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਇਕ ਵਿਸ਼ਾਲ ਰੋਸ ਮਾਰਚ ਕਢਿਆ ਗਿਆ। ਪੁਲਿਸ ਨੇ ਪ੍ਰਦਰਸ਼ਨਕਾਰੀਆਂ ਉੱਪਰ ਲਾਠੀ ਵਰ੍ਹਾਈ। ਇਸ ਬੇਰਹਿਮੀ ਵਾਲੇ ਕੰਮ ਦੇ ਦੌਰਾਨ ਲਾਲਾ ਲਾਜਪਤ ਰਾਏ ਦੇ ਸਿਰ ਵਿਚ ਲਾਠੀ ਦੀਆਂ ਸੱਟਾਂ ਲੱਗੀਆਂ, ਉਹ ਲਾਠੀ ਜਿਹੜੀ ਇਕ ਪੁਲਿਸ ਸੁਪਡੈਂਟ, ਜੇਮਜ਼ ਸਕਾਟ, ਨੇ ਫੜੀ ਹੋਈ ਸੀ। ਇਸ ਸੱਟ ਲੱਗਣ ਕਾਰਨ ਲਾਜਪਤ ਰਾਏ ਦੀ 17 ਨਵੰਬਰ 1928 ਨੂੰ ਮੌਤ ਹੋ ਗਈ। ਸਾਰੇ ਦੇਸ਼ ਵਿਚ ਹੈਰਾਨੀ ਅਤੇ ਗੁੱਸਾ ਫੈਲ ਗਿਆ। ਹਰ ਕੋਈ ਦਰਦ ਅਤੇ ਬੇਇਜ਼ਤੀ ਮਹਿਸੂਸ ਕਰ ਰਿਹਾ ਸੀ ਜਿਸ ਢੰਗ ਨਾਲ, ਬੇਰਹਿਮ ਤਰੀਕੇ ਨਾਲ, ਲਾਲਾ ਲਾਜਪਤ ਰਾਏ ਦਾ ਬਸਤੀਵਾਦੀ ਸਰਕਾਰ ਦੁਆਰਾ ਕਤਲ ਕੀਤਾ ਗਿਆ ਸੀ। ਦੇਸ਼ ਦਾ ਨੌਜਵਾਨ ਤਬਕਾ ਤਾਂ ਬਹੁਤ ਹੀ ਗੁੱਸੇ ਵਿਚ ਆ ਗਿਆ ਸੀ

ਅਤੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਭੜਕਿਆ ਪਿਆ ਸੀ।

ਐਸੇ ਹਾਲਾਤ ਵਿਚ, ਐਚ ਐਸ ਆਰ ਏ ਨੇ ਫ਼ੈਸਲਾ ਕੀਤਾ ਕਿ ਸਕਾਟ ਨੂੰ ਮਾਰ ਦਿੱਤਾ ਜਾਵੇ। ਲਾਜਪਤ ਰਾਏ ਦੀ ਮੌਤ ਦੇ ਪੂਰਾ ਇਕ ਮਹੀਨਾ ਪਿੱਛੋਂ, 17 ਦਿਸੰਬਰ 1928 ਨੂੰ, ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਚੰਦਰ ਸ਼ੇਖਰ ਆਜ਼ਾਦ ਨੇ ਇਕ ਹੋਰ ਪੁਲਿਸ ਅਫ਼ਸਰ ਜੇ ਪੀ ਸਾਂਡਰਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਜਿਸਨੇ ਵੀ ਇਸ 30 ਅਕਤੂਬਰ ਦੇ ਲਾਠੀਚਾਰਜ ਵਿਚ ਹਿੱਸਾ ਲਿਆ ਸੀ, ਪਰ ਉਸਨੂੰ ਗ਼ਲਤੀ ਨਾਲ ਸਕਾਟ ਸਮਝਿਆ ਗਿਆ ਸੀ। ਉਸੇ ਰਾਤ ਹੱਥ ਲਿਖਤ ਇਸ਼ਤਿਹਾਰ ਲਾਹੌਰ ਦੀਆਂ ਕੰਧਾਂ ’ਤੇ ਚਿਪਕਾ ਦਿੱਤੇ ਗਏ ਸਨ, ਜਿਹਨਾਂ ’ਚ ਐਚ ਐਸ ਆਰ ਏ ਨੇ ਸਾਂਡਰਸ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਸੀ, ਅਤੇ ਹੋਰ ਗੱਲਾਂ ਸਮੇਤ, ਇਹ ਲਿਖਿਆ ਸੀ –

*‘ਜੇ ਪੀ ਸਾਂਡਰਸ ਦੀ ਮੌਤ ਨਾਲ, ਲਾਲਾ ਲਾਜਪਤ ਰਾਏ ਦੇ ਕਤਲ ਦਾ ਬਦਲਾ ਲੈ ਲਿਆ ਗਿਆ ਹੈ. . . .ਇਹ ਕੌਮੀ ਹਮਲਾ ਸਾਡੇ ਨੌਜਵਾਨਾਂ ਲਈ ਇਕ ਚੈਲੰਜ ਸੀ। ਅੱਜ ਦੁਨੀਆਂ ਨੇ ਦੇਖ ਲਿਆ ਹੈ ਕਿ ਉਹਨਾਂ ਦਾ ਖ਼ੂਨ ਠੰਢਾ ਨਹੀਂ ਹੋ ਚੁੱਕਾ ਹੈ। ਉਹ ਦੇਸ ਦੀ ਇੱਜ਼ਤ ਪਿੱਛੇ ਆਪਣੀਆ ਜਾਨਂ ਕੁਰਬਾਨ ਕਰ ਸਕਦੇ ਹਨ। ਇਸਦਾ ਸਬੂਤ ਨੌਜਵਾਨਾਂ ਨੇ ਦੇ ਦਿੱਤਾ ਹੈ ਜਿਹਨਾਂ ਦਾ ਉਹਨਾਂ ਦੇ ਦੇਸ ਦੇ ਲੀਡਰ ਤ੍ਰਿਸਕਾਰ ਕਰਦੇ ਹਨ ਅਤੇ ਮਜ਼ਾਕ ਉੜਾਉਂਦੇ ਹਨ.”*

ਐਚ ਐਸ ਆਰ ਏ ਦਾ ਬਿਆਨ ਅੱਗੇ ਕਹਿੰਦਾ ਹੈ –

“ਸਾਨੂੰ ਇਕ ਆਦਮੀ ਦੇ ਮਾਰੇ ਜਾਣੇ ’ਤੇ ਅਫ਼ਸੋਸ ਹੈ। ਪਰ ਇਹ ਆਦਮੀ ਉਸ ਜ਼ਾਲਮ, ਘ੍ਰਿਣਿਤ ਅਤੇ ਨਾ-ਇਨਸਾਫ਼ੀ ਪ੍ਰਸ਼ਾਸਨ ਦਾ ਹਿੱਸਾ ਸੀ ਕਿ ਉਸਨੂੰ ਮਾਰਨਾ ਜ਼ਰੂਰੀ ਸੀ। ਇਸ ਆਦਮੀ ਨੂੰ ਇਸ ਲਈ ਮਾਰਿਆ ਗਿਆ ਹੈ ਕਿ ਇਹ ਬ੍ਰਿਟਿਸ਼ ਸਰਕਾਰ ਦਾ ਮੁਲਾਜ਼ਮ ਸੀ। ਇਹ ਸਰਕਾਰ ਦੁਨੀਆ ਵਿਚ ਸਭ ਤੋਂ ਵੱਧ ਦਮਨਕਾਰੀ ਸਰਕਾਰ ਹੈ।

*‘ਸਾਨੂੰ ਇਨਸਾਨੀ ਖ਼ੂਨ ਬਹਾਉਣ ਦਾ ਅਫ਼ਸੋਸ ਹੈ ਪਰ ਇਨਕਲਾਬ ਦੀ ਵੇਦੀ ਖ਼ੂਨ ਨਾਲ ਧੋਣੀ ਜ਼ਰੂਰੀ ਬਣਦੀ ਹੈ। ਸਾਡਾ ਟੀਚਾ ਹੈ ਕਿ ਇਨਕਲਾਬ ਲਿਆਂਦਾ ਜਾਵੇ ਜਿਸ ਨਾਲ ਇਨਸਾਨ ਦੁਆਰਾ ਇਨਸਾਨ ਦਾ ਸੋਸ਼ਣ ਬੰਦ ਹੋ ਜਾਵੇ।*

*“ਇਨਕਲਾਬ ਜ਼ਿੰਦਾਬਾਦ!”*[173]

ਲਗਭਗ ਚਾਰ ਮਹੀਨੇ ਤਕ ਸਰਕਾਰ ਦੇ ਸਾਰੇ ਯਤਨ ਸਾਂਡਰਸ ਨੂੰ ਮਾਰਨ ਵਾਲਿਆਂ ਨੂੰ ਫੜਨ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੇ। ਇਨਕਲਾਬੀ ਸੰਘਰਸ਼ ਦੀ ਅਗਲੀ ਘਟਨਾ ਨੇ ਕੁਝ ਸੁਰਾਗ਼ ਜੁਟਾਏ ਜਿਸ ਨਾਲ ਭਗਤ ਸਿੰਘ ਅਤੇ ਉਸਦੇ ਸਾਥੀ ਫੜੇ ਗਏ ਅਤੇ ਉਹਨਾਂ ’ਤੇ ਵਿਸੇਸ਼ ਅਦਾਲਤ ਅੱਗੇ ਮੁਕੱਦਮਾ ਚਲਾਇਆ ਗਿਆ ਅਤੇ ਉਹਨਾਂ ਦਾ ਅਦਾਲਤੀ ਕਤਲ ਕੀਤਾ ਗਿਆ। ਇਸ ਘਟਨਾ ਵੱਲ ਚੱਲਦੇ ਹਾਂ।

## ਅਸੈਂਬਲੀ ਵਿਚ ਬੰਬ ਅਤੇ ਮੰਤਵ

ਬਸਤੀਵਾਦੀ ਸਰਕਾਰ ਨੇ ਅਤਿਆਚਾਰੀ ਪਬਲਿਕ ਸੇਫ਼ਟੀ ਬਿਲ ਅਤੇ ਦੀ ਟਰੇਡ ਡਿਸਪਿਊਟਸ ਬਿਲ ਸੈਂਟਰਲ ਲੈਜਿਸਲੇਟਿਵ ਅਸੈਂਬਲੀ, ਦਿੱਲੀ, ਵਿਚ ਦੋਹਰੇ ਮੰਤਵ ਲਈ ਪੇਸ਼ ਕੀਤੇ ਸਨ ਜਿਸ ਨਾਲ ਉੱਪਰ ਉਠ ਰਹੀ ਗਰਮਾਈ ਕਿਰਤੀ ਸ਼੍ਰੇਣੀ ਦੀ ਲਹਿਰ ਅਤੇ

ਲਹਿਰ ਵਿਚ ਵੱਧ ਰਿਹਾ ਕਮਿਊਨਿਸਟ ਪ੍ਰਭਾਵ ਰੋਕਿਆ ਜਾ ਸਕੇ। ਇੰਝ ਕਰਨ ਤੋਂ ਪਹਿਲਾਂ, 20 ਮਾਰਚ 1929 ਨੂੰ ਬਸਤੀਵਾਦੀ ਸਰਕਾਰ ਨੇ 31 ਸਿਰਕੱਢ ਮਜ਼ਦੂਰ ਅਤੇ ਕਮਿਊਨਿਸਟ ਲੀਡਰ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਗ੍ਰਿਫ਼ਤਾਰ ਕਰ ਲਏ ਸਨ ਅਤੇ ਅਦਾਲਤ ਅੱਗੇ ਕਰਨ ਲਈ ਮੇਰਠ ਕਾਂਸਪੀਰੇਸੀ ਕੇਸ ਵਿਚ ਲਾਏ ਇਲਜ਼ਾਮਾਂ ਦਾ ਸਾਹਮਣਾ ਕਰਨ ਲਈ ਲੈ ਆਂਦੇ ਸਨ।

ਐਚ ਐਸ ਆਰ ਏ ਨੇ ਫ਼ੈਸਲਾ ਕੀਤਾ ਕਿ ਨਾਟਕੀ ਢੰਗ ਨਾਲ ਅਸੈਂਬਲੀ ਦੀ ਕਾਰਵਾਈ ਵਿਚ ਵਿਘਨ ਪਾਇਆ ਜਾਵੇ ਅਤੇ ਇਸ ਮੰਤਵ ਲਈ ਅਸੈਂਬਲੀ ਹਾਲ ਵਿਚ ਬੰਬ ਸੁੱਟੇ ਜਾਣ ਕੇਵਲ ਉਪਰੋਕਤ ਬਿੱਲਾਂ ਪ੍ਰਤੀ ਰੋਸ ਪ੍ਰਗਟ ਕਰਨ ਲਈ ਅਤੇ ਇਕ-ਪਾਸੀ ਅਤੇ ਨਾ-ਇਨਸਾਫ਼ਮਈ ਕਾਰਵਾਈ, ਜਿਸ ਨਾਲ ਕਮਿਊਨਿਸਟ ਅਤੇ ਲੇਬਰ ਲੀਡਰ ਗ੍ਰਿਫ਼ਤਾਰ ਕੀਤੇ ਗਏ ਹਨ, ਦਾ ਵਿਰੋਧ ਕੀਤਾ ਜਾਏ। ਇਹ ਕੋਈ ਮਨਸ਼ਾ ਨਹੀਂ ਸੀ ਕਿ ਕਿਸੇ ਨੂੰ ਮਾਰਿਆ ਜਾਵੇ, ਬੰਬ ਤਾਂ ਕੇਵਲ ਸਰਕਾਰ ਨੂੰ ਇਕ ਵਾਰਨਿੰਗ ਵਜੋਂ ਹੀ ਸਨ। ਜਿਹਨਾਂ ਨੂੰ ਬੰਬ ਸੁੱਟਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ, ਉਹਨਾਂ ਨੇ ਬਚ ਨਿਕਲਣ ਲਈ ਕੋਈ ਕੋਸ਼ਿਸ਼ ਨਹੀਂ ਕਰਨੀ ਸੀ। ਇਸ ਦੀ ਬਜਾਏ, ਉਹਨਾਂ ਨੇ ਗ੍ਰਿਫ਼ਤਾਰੀ ਦੇਣੀ ਸੀ ਅਤੇ ਮਗਰੋਂ ਹੋਣ ਵਾਲੇ ਮੁਕੱਦਮੇ ਦੀ ਕਾਰਵਾਈ ਨੂੰ ਆਪਣੇ ਪ੍ਰੋਗਰਾਮ ਅਤੇ ਐਚ ਐਸ ਆਰ ਏ ਦੀ ਵਿਚਾਰਧਾਰਾ ਦੇ ਭਾਰਤ ਦੇ ਜਨ ਸਾਧਾਰਨ ਅੱਗੇ ਪ੍ਰਾਪੇਗੰਡੇ ਹਿਤ ਵਰਤਣਾ ਸੀ। ਲੰਬੀ ਬਹਿਸ ਮਗਰੋਂ ਬੰਬ ਸੁੱਟਣ ਦਾ ਕੰਮ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦੇ ਜ਼ਿੰਮੇ ਲਾਇਆ ਗਿਆ ਸੀ। ਜਦ ਕਿ ਪਹਿਲੇ ਨੇ, ਜੋ ਇਸਦੀ ਵਿਚਾਰਧਾਰਾ ਦਾ ਪੂਰਨ ਗਿਆਤਾ ਸੀ, ਅਦਾਲਤ ਦੇ ਅੱਗੇ ਐਚ ਐਸ ਆਰ ਏ ਦੇ ਵਿਚਾਰ ਅਤੇ ਪ੍ਰੋਗਰਾਮ ਰੱਖਣੇ ਸਨ, ਅਤੇ ਇਸਦੇ ਰਾਹੀਂ, ਸਾਰੇ ਦੇਸ ਵਾਸੀਆਂ ਅੱਗੇ। ਬਟੁਕੇਸ਼ਵਰ ਇਸ ਲਈ ਨਾਲ ਰਲਾਇਆ ਗਿਆ ਸੀ ਕਿ ਇਸ ਕਾਰਜ ਦਾ ਅਤੇ ਇਨਕਲਾਬੀ ਜਥੇਬੰਦੀ ਦਾ ਸਰਵ-ਭਾਰਤੀ ਰੂਪ ਦਿਸੇ। ਭਗਤ ਸਿੰਘ ਦੇ ਇਸ ਕੰਮ ਵਿਚ ਲਾਉਣ ਵਿਚ ਇਕ ਵੱਡਾ ਖ਼ਤਰਾ ਸੀ ਕਿਉਂਕਿ ਉਸਨੇ ਜੇ ਪੀ ਸਾਂਡਰਸ ਨੂੰ ਮਾਰਨ ਵਾਲੀ ਕਾਰਵਾਈ ਵਿਚ ਹਿੱਸਾ ਲਿਆ ਸੀ। ਜੋ ਵੀ ਸੀ, ਐਚ ਐਸ ਆਰ ਏ ਦੇ ਫ਼ੈਸਲੇ ਅਨੁਸਾਰ 8 ਅਪ੍ਰੈਲ 1929 ਨੂੰ, ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਸੈਂਟਰ ਅਸੈਂਬਲੀ ਹਾਲ ਵਿਚ ਦੋ ਬੰਬ ਸੁੱਟੇ ਜਾਂਦੇ ਟਰੇਡ ਡਿਸਪਿਊਟਸ ਬਿੱਲ ਪਾਸ ਹੋਇਆ ਹੀ ਸੀ। ਕੋਈ ਵੀ ਗੰਭੀਰ ਤੌਰ 'ਤੇ ਜ਼ਖ਼ਮੀ ਨਹੀਂ ਹੋਇਆ ਸੀ। ਫੇਰ ਵੀ, ਸਰਕਾਰੀ ਬੈਂਚਾਂ ਉਪਰ ਸਾਰੇ ਹਫੜਾ ਤਫ਼ੜੀ ਮਚ ਗਈ ਸੀ। ਭਗਤ ਸਿੰਘ ਨੇ ਬਿਨਾ ਨਿਸ਼ਾਨਾ ਲਾਏ ਪਿਸਤੌਲ 'ਚੋਂ ਦੋ ਗੋਲੀਆਂ ਵੀ ਚਲਾਈਆਂ ਸਨ। ਭਗਤ ਸਿੰਘ ਅਤੇ ਦੱਤ, ਆਪਣੇ ਪਸੰਦੀਦਾ ਨਾਅਰੇ "ਇਨਕਲਾਬ ਜ਼ਿੰਦਾਬਾਦ" ਅਤੇ "ਬ੍ਰਿਟਿਸ਼ ਸਾਮਰਾਜ ਮੁਰਦਾਬਾਦ" ਲਾਉਣ ਲੱਗ ਪਏ ਅਤੇ ਉਹਨਾਂ ਨੇ ਕੁਝ ਛੋਟੇ ਲੀਫ਼ਲੈਟ ਅਸੈਂਬਲੀ ਚੈਂਬਰ ਵਿਚ ਵੀ ਸੁੱਟੇ। ਇਹ ਲੀਫ਼ਲੈਟ ਐਚ ਐਸ ਆਰ ਏ ਦੇ ਨਾਮ ਹੇਠ ਸਨ, ਅਤੇ ਨਾਲ ਹੀ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਸਾਂਝਾ ਬਿਆਨ ਸੀ (ਜਿਸਦਾ ਲੇਖਕ ਕੇਵਲ ਭਗਤ ਸਿੰਘ ਹੀ ਸੀ), ਜਿਹੜਾ ਉਹਨਾਂ ਦੇ ਵਕੀਲ ਆਸਿਫ਼ ਅਲੀ ਨੇ ਜੂਨ 1929 ਨੂੰ ਸੈਸ਼ਨਜ਼ ਕੋਰਟ ਵਿਚ ਪੜ੍ਹਕੇ ਸੁਣਾਇਆ ਸੀ, ਜਿਸ ਤੋਂ ਸਾਨੂੰ ਇਸ ਕਾਰਵਾਈ ਦੇ ਅਸਲ ਮੰਤਵ ਦਾ ਪੂਰਾ ਪਤਾ ਚੱਲਦਾ ਹੈ ਅਤੇ ਇਸਦੇ ਇਲਕਾਲਬੀ ਕਾਰਵਾਈ ਵਿਚ ਸ਼ਕਤੀ ਪ੍ਰਯੋਗ ਬਾਰੇ ਵਿਚਾਰਾਂ ਅਤੇ ਇਸਦੀ ਅਹਿਮੀਅਤ ਦਾ ਬੋਧ ਹੁੰਦਾ ਹੈ ਅਤੇ ਇਨਕਲਾਬ ਸ਼ਬਦ ਦਾ ਅੰਤ੍ਰੀਵ ਭਾਵ ਕੀ ਹੈ, ਜੋ ਭਗਤ ਸਿੰਘ ਅਤੇ

ਉਸਦੇ ਸਾਥੀਆਂ ਨੇ ਸਮਝਿਆ ਸੀ। ਇਹਨਾਂ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ। ਇਹਨਾਂ ਦੋਹਾਂ ਦਸਤਾਵੇਜ਼ਾਂ ਵਿਚੋਂ ਹਵਾਲੇ ਦੇਣੇ ਜ਼ਰੂਰੀ ਮਹਿਸੂਸ ਹੁੰਦੇ ਹਨ, ਆਸ ਹੈ ਸਾਡੇ ਪਾਠਕ ਇਹ ਲੰਬੇ ਲੰਬੇ ਹਵਾਲੇ ਦੇਣ ਲਈ ਸਾਨੂੰ ਖਿਮਾ ਕਰਨਗੇ।

ਜਿਹੜਾ ਲੀਫ਼ਲੈਟ ਅਸੈਂਬਲੀ ਵਿਚ ਸੁੱਟਿਆ ਗਿਆ ਸੀ ਉਹ ਐਲਾਨ ਕਰਦਾ ਹੈ –

ਇਹ ਉਕਸਾਊ ਸ਼ਰਤਾਂ ਸਨ ਜਿਹਨਾਂ ਨੇ ਐਚ ਐਸ ਆਰ ਏ ਨੂੰ – *"ਬੋਲ਼ੇ ਕੰਨਾਂ ਨੂੰ ਕੁਝ ਸੁਣਾਉਣ ਲਈ ਉੱਚੀ ਆਵਾਜ਼ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਸੁਣ ਸਕਣ. . . ."* ਉਕਸਾਇਆ ਸੀ। ਅੱਗੇ ਕਹਿੰਦਾ ਹੈ, *". . . . ਜਦ ਕਿ ਲੋਕ ਸਾਈਮਨ ਕਮਿਸ਼ਨ ਵੱਲੋਂ ਕੁਝ ਹੋਰ ਟੁਕੜੇ ਮਿਲਣ ਦੀ ਉਡੀਕ ਵਿਚ ਸਨ. . .ਸਰਕਾਰ ਉਹਨਾਂ ਉੱਪਰ ਠੋਸ ਰਹੀ ਹੈ ਨਵੇਂ ਦਮਨਕਾਰੀ ਕਨੂੰਨ, ਜਿਵੇਂ ਪਬਲਿਕ ਸੇਫ਼ਟੀ ਅਤੇ ਟਰੇਡ ਯੂਨੀਅਨ ਬਿਲ. . . ਅਗਲੇ ਸੈਸ਼ਨ ਲਈ ਪ੍ਰੈਸ ਸੈਡੀਸ਼ਨ ਬਿਲ ਰਾਖਵਾਂ ਰੱਖ ਕੇ। ਮਜ਼ਦੂਰ ਲੀਡਰਾਂ ਦੀ ਅੰਨ੍ਹੇਵਾਹ ਗ੍ਰਿਫ਼ਤਾਰੀ ਜਦ ਕਿ ਉਹ ਖੁੱਲ੍ਹੇ ਮੈਦਾਨ ਵਿਚ ਕੰਮ ਕਰ ਰਹੇ ਸਨ, ਇਹ ਸਾਫ਼ ਜ਼ਾਹਰ ਕਰਦਾ ਹੈ ਕਿ ਹਵਾ ਦਾ ਕੀ ਰੁਖ਼ ਹੈ।"*[174]

ਐਸੇ ਹਾਲਾਤ ਨੇ ਐਚ ਐਸ ਆਰ ਏ ਨੂੰ ਮਜਬੂਰ ਕੀਤਾ ਸੀ ਕਿ ਉਹ ਆਪਣੀ ਫ਼ੌਜ ਨੂੰ ਕਾਰਵਾਈ ਕਰਨ ਦਾ ਹੁਕਮ ਦੇਵੇ ਜੋ ਉਸਨੇ ਕੀਤੀ, ਇਸ ਤੇ ਬਲ ਦਿੰਦਿਆਂ ਕਿ ਸਰਕਾਰ ਚਾਹੇ ਕੁਝ ਬੰਦਿਆਂ ਨੂੰ ਮਾਰਨ ਵਿਚ ਸਫ਼ਲ ਹੋ ਜਾਵੇ, ਪਰ ਇਹ ਕਦੇ ਵੀ ਉਹਨਾਂ ਵਿਚਾਰਾਂ ਨੂੰ ਨਹੀਂ ਮਿਟਾ ਸਕਦੀ ਜੋ ਜਨਤਾ ਦੀ ਆਜ਼ਾਦੀ ਦੇ ਪਿੱਛੇ ਬਣ ਚੁੱਕੇ ਹਨ। ਲੀਫ਼ਲੈਟ ਇਸ ਪ੍ਰਕਾਰ ਕਹਿੰਦਾ ਹੈ–

*"ਇਹਨਾਂ ਹੱਦੋਂ ਪਰ੍ਹੇ ਉਕਸਾਊ ਹਾਲਾਤ ਵਿਚ, ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ, ਬੜੀ ਗੰਭੀਰਤਾ ਨਾਲ, ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਸਮਝਦਿਆਂ, ਨੇ ਇਹ ਫ਼ੈਸਲਾ ਕੀਤਾ ਅਤੇ ਫ਼ੌਜ ਨੂੰ ਇਹ ਵਿਸ਼ੇਸ਼ ਕਾਰਵਾਈ ਕਰਨ ਦਾ ਹੁਕਮ ਦਿੱਤਾ ਸੀ ਤਾਂ ਜੋ ਇਸ ਬੇਇਜ਼ਤੀ ਵਾਲਾ ਢੌਂਗ ਅਤੇ ਵਿਦੇਸ਼ੀ ਨੌਕਰਸ਼ਾਹੀ ਦਾ ਸੋਸ਼ਣ ਬੰਦ ਕੀਤਾ ਜਾਵੇ। ਪਰ ਉਹਨਾਂ ਨੂੰ ਲੋਕਾਂ ਦੇ ਸਾਹਮਣੇ ਨੰਗਿਆਂ ਕਰਕੇ ਜ਼ਰੂਰ ਲਿਆਂਦਾ ਜਾਵੇ।*

*"ਲੋਕਾਂ ਦੇ ਪ੍ਰਤੀਨਿਧੀ ਆਪਣੇ ਚੋਣ ਖੇਤਰ ਵਿਚ ਮੁੜ ਜਾਣ ਅਤੇ ਲੋਕਾਂ ਨੂੰ ਆਉਣ ਵਾਲੇ ਇਨਕਲਾਬ ਲਈ ਤਿਆਰ ਕਰਨ ਅਤੇ ਸਰਕਾਰ ਨੂੰ ਵੀ ਪਤਾ ਲੱਗ ਜਾਵੇ ਪਬਲਿਕ ਸੇਫ਼ਟੀ ਅਤੇ ਟਰੇਡ ਡਿਸਪਿਊਟਸ ਐਕਟ ਅਤੇ ਲਾਲਾ ਲਾਜਪਤ ਰਾਏ ਦੀ ਨਿਰਦਈ ਹੱਤਿਆ ਦੇ ਵਿਰੋਧ ਵਿਚ ਰੋਸ ਪ੍ਰਗਟ ਕਰਦੇ ਹੋਏ, ਬੇਚਾਰੇ ਭਾਰਤੀਆਂ ਦੀ ਤਰਫ਼ੋਂ ਅਸੀਂ ਇਸ ਸਬਕ 'ਤੇ ਬਲ ਦੇਣਾ ਚਾਹੁੰਦੇ ਹਾਂ ਜੋ ਹਿਸਟਰੀ ਵਿਚ ਵਾਰ ਵਾਰ ਦੁਹਰਾਇਆ ਜਾਂਦਾ ਹੈ, ਕਿ ਵਿਅਕਤੀਆਂ ਨੂੰ ਮਾਰਨਾਂ ਤਾਂ ਆਸਾਨ ਹੈ ਪਰ ਵਿਚਾਰ ਬਚੇ ਹੀ ਰਹਿੰਦੇ ਹਨ। ਬੋਰਬਨ ਅਤੇ ਜ਼ਾਰ ਸਭ ਹੇਠਾਂ ਡਿੱਗ ਪਏ ਸਨ।*

*"ਅਸੀਂ ਅਫਸੋਸ ਨਾਲ ਇਹ ਕਬੂਲ ਕਰਦੇ ਹਾਂ ਕਿ ਅਸੀਂ, ਜਿਹੜੇ ਇਨਸਾਨੀ ਜੀਵਨ ਨੂੰ ਐਨਾ ਪਵਿਤੱਰ ਸਮਝਦੇ ਹਾਂ, ਜਿਹੜੇ ਸੁਨਹਿਰੀ ਭਵਿੱਖ ਦੇ ਸੁਪਨੇ ਦੇਖ ਰਹੇ ਹਾਂ, ਜਦ ਆਦਮੀ ਨੂੰ ਪੂਨਰ ਸ਼ਾਂਤੀ ਮਿਲੇਗੀ, ਪੂਰੀ ਆਜ਼ਾਦੀ ਮਿਲੇਗੀ, ਇਨਸਾਨੀ ਖ਼ੂਨ ਬਹਾਉਣਾ ਪਿਆ ਹੈ। ਪਰ ਵਿਅਕਤੀਆਂ ਦੀ ਸੁਨਹਿਰੀ ਇਨਕਲਾਬ ਦੀ ਵੇਦੀ 'ਤੇ ਦਿੱਤੀ ਕੁਰਬਾਨੀ ਜਿਹੜੀ ਸਾਰਿਆਂ ਲਈ ਆਜ਼ਾਦੀ ਲਿਆਏਗੀ ਜਿਸ ਨਾਲ ਆਦਮੀ ਦਾ ਆਦਮੀ ਦੁਆਰਾ*

*ਸ਼ੋਸ਼ਣ ਬੰਦੇ ਹੋ ਜਾਵੇਗਾ।*

*ਇਨਕਲਾਬ ਜ਼ਿੰਦਾਬਾਦ"*[175]

6 ਜੂਨ ਦਾ ਮੁਲਜ਼ਮਾਂ ਦੁਆਰਾ ਜੱਜ ਲਿਉਨਾਰਡ ਮਿਡਲਟਨ ਦੀ ਅਦਾਲਤ ਵਿਚ ਦਿੱਤਾ ਬਿਆਨ, ਸੁਚੱਜੇ ਅਤੇ ਵਿਗਿਆਨਕ ਢੰਗ ਨਾਲ ਭਗਤ ਸਿੰਘ ਅਤੇ ਦੱਤ ਵਿਰੁੱਧ ਲਾਏ ਗਏ ਇਲਜ਼ਾਮਾਂ ਦੇ ਜਵਾਬ ਦਿੰਦਾ ਹੈ, ਅਤੇ ਆਪਣੇ ਮੰਤਵ ਅਤੇ ਵਿਚਾਰਾਂ ਉੱਪਰ ਚੰਗਾ ਚਾਨਣਾ ਪਾਉਂਦਾ ਹੈ। ਅਦਾਲਤ ਵਿਚ ਸਵਾਲ ਉਠਾਇਆ ਗਿਆ ਸੀ – ਕੀ ਅਸੈਂਬਲੀ ਚੈਂਬਰ ਵਿਚ ਬੰਬ ਸੁੱਟੇ ਗਏ ਸਨ? ਅਤੇ ਕਿਉਂ? ਸਵਾਲ ਦੇ ਪਹਿਲੇ ਅੱਧ ਦੇ ਜਵਾਬ ਵਿਚ, ਮੁਲਜ਼ਮਾਂ ਨੇ 'ਹਾਂ' ਵਿਚ ਜਵਾਬ ਦਿੱਤਾ ਸੀ। ਦੂਸਰੇ ਭਾਗ ਦੇ ਜਵਾਬ ਵਿਚ, ਮੁਲਜ਼ਮ 'ਕੁਝ ਵਿਸਤਾਰ ਵਿਚ ਜਾਣਾ ਚਾਹੁੰਦੇ ਸਨ ਤਾਂ ਜੋ ਆਪ ਆਪਣੇ ਮੰਤਵ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਸਕਣ ਅਤੇ ਹਾਲਾਤ ਬਾਰੇ ਦੱਸ ਸਕਣ ਕਿ ਕਿਸ ਪ੍ਰਕਾਰ ਇਹ ਜੋ ਹੋਇਆ ਇਕ ਇਤਿਹਾਸਕ ਪਲ ਬਣ ਗਿਆ।

*"ਜਦ ਸਾਨੂੰ ਕੁਝ ਪੁਲਿਸ ਅਧਿਕਾਰੀਆਂ ਨੇ ਦਸਿਆ, ਜਿਹੜੇ ਸਾਡੇ ਕੋਲ ਜੇਲ੍ਹ ਵਿਚ ਆਏ ਸਨ ਕਿ ਲਾਰਡ ਇਰਵਿਨ ਨੇ ਦੋਹਾਂ ਸਦਨਾ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਹ ਕਿਹਾ ਸੀ ਕਿ ਇਹ ਹਮਲਾ ਕਿਸੇ ਵਿਅਕਤੀ ਉੱਪਰ ਨਹੀਂ ਹੋਇਆ ਸੀ ਸਗੋਂ ਇਕ ਸੰਸਥਾ ਦੇ ਉੱਪਰ ਹੋਇਆ ਸੀ, ਅਸੀਂ ਝੱਟ ਮੰਨ ਲਿਆ ਸੀ ਕਿ ਇਸ ਘਟਨਾ ਦੀ ਅਹਿਮੀਅਤ ਦੀ ਠੀਕ ਸਰਾਹਨਾ ਕੀਤੀ ਗਈ ਹੈ।*

*"ਅਸੀ ਇਨਸਾਨੀਅਤ ਪ੍ਰੇਮ ਵਿਚ ਕਿਸੇ ਤੋਂ ਪਿੱਛੇ ਨਹੀਂ ਹਾਂ। ਕਿਸੇ ਵਿਅਕਤੀ ਪ੍ਰਤੀ ਕੋਈ ਬੁਰੀ ਭਾਵਨਾ ਤਾਂ ਕੀ ਰੱਖਣੀ, ਅਸੀ ਇਨਸਾਨੀ ਜ਼ਿੰਦਗੀ ਨੂੰ ਐਨਾ ਪਵਿੱਤਰ ਸਮਝਦੇ ਹਾਂ ਕਿ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੇ।*

*"ਅਸੀਂ ਨਾ ਤਾਂ ਘੋਰ ਅੱਤਿਆਚਾਰ ਦੇ ਹਾਮੀ ਹਾਂ ਨਾ ਕਰਦੇ ਹਾਂ, ਜਿਹੜਾ ਸਾਡੇ ਦੇਸ ਲਈ ਸ਼ਰਮ ਦਾ ਬਾਇਸ ਹੈ, ਜਿਵੇਂ ਕਥਿਤ ਸਮਾਜਵਾਦੀ ਦੀਵਾਨ ਚਮਨ ਲਾਲ ਨੇ ਕਿਹਾ ਦਸਿਆ ਜਾਂਦਾ ਹੈ ਕਿ ਸਾਨੂੰ ਪਾਗਲ ਕਿਹਾ ਗਿਆ ਹੈ, ਜਿਸ ਤਰ੍ਹਾਂ ਟ੍ਰਿਬਿਊਨ ਅਤੇ ਹੋਰ ਪਰਚਿਆਂ ਵਿਚ ਛਪਿਆ ਹੈ ਅਤੇ ਕਈ ਹੋਰ ਵੀ ਇੰਝੇ ਸਮਝਦੇ ਹੋਣਗੇ"*

ਬਿਆਨ ਅੱਗੇ ਚਲ ਕੇ ਕਹਿੰਦਾ ਹੈ ਕਿ

" ... ਇਨਕਲਾਬੀਆਂ ਦੀ ਕਾਰਵਾਈ *ਇਕ ਅਮਲੀ ਰੋਸ ਪ੍ਰਗਟਾਵਾ ਸੀ ਇਕ ਸੰਸਥਾ ਦੇ ਵਿਰੁੱਧ, ਜਿਸਨੇ ਆਪਣੇ ਜਨਮ ਤੋਂ ਹੀ ਆਪਣੇ ਨਿਕੰਮੇਪਨ ਅਤੇ ਸ਼ਰਾਰਤ ਕਰਨ ਲਈ ਬਹੁਤ ਵੱਡੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਸੀ, ਇਕ ਐਸੀ ਸੰਸਥਾ ਜਿਹੜੀ ਇਸੇ ਲਈ ਹੋਂਦ ਵਿਚ ਆਈ ਸੀ ਕਿ ਦੁਨੀਆ ਨੂੰ ਭਾਰਤ ਦੀ ਦੁਰਗਤੀ ਅਤੇ ਬੇਚਾਰਗੀ ਦਿਖਾਈ ਜਾਵੇ, ਅਤੇ ਜਿਹੜੀ ਚਿੰਨ ਸੀ ਇਕ ਗ਼ੈਰ-ਜ਼ਿੰਮੇਵਾਰ ਅਤੇ ਤਾਨਾਸ਼ਾਹੀ ਰਾਜ ਦਾ। "*

ਜਦ ਉਹ ਮਤੇ, *"ਜਿਹੜੇ ਸਦਨ ਨੇ ਸਾਧਾਰਨ ਢੰਗ ਨਾਲ ਹੀ ਪਾਸ ਕੀਤੇ ਸਨ ਇਕ ਤਰਫ਼ਾ ਅਤੇ ਅਤਿਆਚਾਰੀ ਕਨੂੰਨ ਬਣਾਉਣ ਲਈ, ਨਫ਼ਰਤ ਨਾਲ ਪੈਰਾਂ ਹੇਠ ਮਸਲ ਦਿੱਤੇ ਗਏ ਅਸੰਬਲੀ ਦੀ 'ਫਲੋਰ' 'ਤੇ ਜਿਸਨੂੰ ਕਥਿਤ ਭਾਰਤੀ ਪਾਰਲੀਮੈਂਟ ਕਹਿੰਦੇ ਹਨ। ਸਰਕਾਰੀ ਤਜਵੀਜ਼ਾਂ ਜਿਹੜੀਆਂ ਚੁਣੇ ਹੋਏ ਮੈਂਬਰਾਂ ਨੇ ਰੱਦ ਕੀਤੀਆਂ, ਕਲਮ ਦੀ ਇਕ ਸਤਰ ਨਾਲ ਮੁੜ ਪ੍ਰਵਾਨ ਕਰ ਲਈਆਂ ਗਈਆਂ।"*

ਬਿਆਨ ਅੱਗੇ ਕਹਿੰਦਾ ਹੈ – *"ਸੰਖੇਪ ਵਿਚ, ਅਸੀਂ ਇਸ ਗੱਲ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੇ ਹਾਂ ਕਿ ਐਸੀ ਸੰਸਥਾ ਦੀ ਹੋਂਦ ਕਿਸੇ ਤਰ੍ਹਾਂ ਵੀ ਜਾਇਜ਼ ਹੈ ਅਤੇ ਜਾਰੀ ਰਹੇ, ਜਿਹੜੀ ਆਪਣੀ ਸੱਜ ਧੱਜ ਦੇ ਬਾਵਜੂਦ, ਪਸੀਨਾ ਬਹਾਉਂਦੇ ਭਾਰਤੀਆਂ ਦੇ ਪੈਸੇ ਨਾਲ ਬਣਾਈ ਸਜਾਈ, ਇਕ ਖੋਖਲਾ ਜਿਹਾ ਦਿਖਾਵਾ ਹੀ ਹੈ ਅਤੇ ਸ਼ਰਾਰਤੀ ਢੰਗ ਨਾਲ ਇਸਨੂੰ ਮੰਨਣ ਨੂੰ ਕਹਿੰਦੀ ਹੈ। ਅਸੀਂ ਨਾਲ–ਨਾਲ ਲੋਕਾਂ ਦੇ ਲੀਡਰਾਂ ਦੀ ਮਨੋਦਸ਼ਾ ਜਾਨਣ ਵਿਚ ਵੀ ਅਸਫ਼ਲ ਰਹੇ ਹਾਂ ਜਿਹੜੇ ਸਰਕਾਰ ਦੀ ਮਦਦ ਕਰਦੇ ਹਨ ਤਾਂ ਜੋ ਲੋਕਾਂ ਦਾ ਪੈਸਾ ਅਤੇ ਸਮਾਂ ਮੁਫ਼ਤ ਵਿਚ ਉਡਾਇਆ ਜਾ ਸਕੇ ਐਸੇ ਨਾਟਕੀ ਮੰਚ ਉੱਤੇ ਜਿਹੜਾ ਭਾਰਤ ਦੀ ਬੇਚਾਰਗੀ ਦਰਸਾਉਂਦਾ ਹੈ।*

*"ਅਸੀਂ ਇਹਨਾਂ ਸਾਰੀਆ ਗੱਲਾਂ ਬਾਰੇ ਵਿਚਾਰ ਕਰਦੇ ਰਹੇ ਹਾਂ, ਅਤੇ ਸਾਡੇ ਲੀਡਰਾਂ ਭਾਵ ਮਜ਼ਦੂਰ ਲਹਿਰ ਦੇ ਲੀਡਰਾਂ ਦੀ ਵੱਡੀ ਪੱਧਰ 'ਤੇ ਕੀਤੀ ਗ੍ਰਿਫਤਾਰੀ ਬਾਰੇ। ਜਦ ਟਰੇਡ ਡਿਸਪਿਊਟਸ ਬਿਲ ਦੀ ਪੇਸ਼ਕਾਰੀ ਸਾਨੂੰ ਅਸੈਂਬਲੀ ਵਿਚ ਲੈ ਆਈ, ਇਸ ਦੇ ਪਾਸ ਹੋਣ ਦੀ ਕਾਰਵਾਈ ਨੂੰ ਦੇਖਣ ਲਈ, ਜੋ ਗੱਲਬਾਤ ਸਦਨ ਵਿਚ ਹੋਈ ਉਸਨੇ ਸਾਡੀ ਵਿਚਾਰ ਪੱਕੀ ਕਰ ਦਿੱਤੀ ਕਿ ਕਰੋੜਾਂ ਮਜ਼ਦੂਰੀ ਕਰਦੇ ਮਿਹਨਤੀ ਭਾਰਤੀਆਂ ਲਈ ਇਸ ਸੰਸਥਾ ਤੋਂ ਕਈ ਉਮੀਦ ਨਹੀਂ ਹੈ ਜਿਹੜੀ ਇਕ ਦੁਖਦਾਈ ਸਮਾਰਕ ਹੈ ਸੋਸ਼ਣਕਾਰੀਆਂ ਦਾ ਅਤੇ ਬੇਚਾਰੇ ਮਜ਼ਦੂਰਾਂ ਦੀ ਗੁਲਾਮੀ ਦਾ। ਅੰਤ ਵਿਚ, ਇਹ ਇਕ ਬੇਇਜ਼ਤੀ ਸੀ, ਕਿ ਇਕ ਇਨਸਾਨੀਅਤ ਹੀਨ ਅਤੇ ਵਹਿਸ਼ੀ ਕਨੂੰਨ ਸਮਰਪਿਤ ਲੋਕਾਂ ਦੇ ਪ੍ਰਤਿਨਿਧੀਆਂ ਦੇ ਸਿਰ ਉਪਰ ਮਾਰ ਦਿੱਤਾ ਗਿਆ, ਅਤੇ ਭੁੱਖੇ ਮਰਦੇ ਅਤੇ ਘਾਲਨਾ ਘਾਲਦੇ ਕਰੋੜਾਂ ਲੋਕਾਂ ਦੇ ਹੱਕ ਮਾਰੇ ਗਏ ਜਿਹੜੇ ਉਹਨਾਂ ਲਈ ਆਪਣੀ ਹਾਲਤ ਸੁਧਾਰਣ ਲਈ ਜ਼ਰੂਰੀ ਸਨ। ਕੋਈ ਵੀ ਜੋ ਸਾਡੇ ਵਾਂਗ ਸੋਚ ਸਕਦਾ ਸੀ, ਐਸੇ ਘ੍ਰਿਣਿਤ ਦ੍ਰਿਸ਼ ਦੇਖਣ ਦਾ ਗਵਾਹ ਨਹੀ ਬਣਨਾ ਚਾਹੇਗਾ। ਕੋਈ ਨਹੀਂ, ਜਿਹਨਾਂ ਦਾ ਦਿਲ ਉਹਨਾਂ ਵਾਸਤੇ ਰੋਂਦਾ ਹੈ, ਜਿਹਨਾਂ ਨੇ ਚੁੱਪ ਚਾਪ ਰਹਿ ਕੇ ਆਪਣਾ ਖ਼ੂਨ ਦਿੱਤਾ ਹੈ ਐਸਾ ਆਰਥਿਕ ਢਾਂਚਾ ਬਣਾਉਣ ਲਈ, ਉਹ ਚੀਖ ਦਬਾ ਨਹੀਂ ਸਕਦਾ ਜਿਹੜੀ ਇਸ ਬੇਰਹਿਮੀ ਦੀ ਸੱਟ ਨੇ ਸਾਡੇ ਦਿਲ ਵਲੂੰਧੜ ਕੇ ਦਿੱਤੀ ਹੈ।"*

ਉਪਰੋਕਤ ਹਾਲਾਤ ਨੂੰ ਦੇਖਦੇ ਹੋਏ, ਅਸੈਂਬਲੀ ਚੈਂਬਰ ਦੀ ਫ਼ਰਸ਼ ਉੱਪਰ ਬੰਬ ਸੁੱਟੇ ਗਏ ਸਨ *"ਸਾਡਾ ਰੋਸ ਪ੍ਰਗਟ ਕਰਨ ਲਈ, ਉਹਨਾਂ ਵੱਲੋਂ ਜਿਹਨਾਂ ਕੋਲ ਹੋਰ ਕੋਈ ਸਾਧਨ ਨਹੀਂ ਬਚਿਆ ਸੀ ਆਪਣੇ ਆਪ ਨੂੰ ਪ੍ਰਗਟਾਉਣ ਦਾ, ਆਪਣੀ ਦਿਲ ਚੀਰਵੀਂ ਚੀਸ ਦਰਸਾਉਣ ਦਾ। ਸਾਡਾ ਤਾਂ ਮੰਤਵ ਕੇਵਲ ਇਹ ਸੀ ਕਿ ਡੋਰੇ ਹੋਏ ਲੋਕ ਸੁਣ ਸਕਣ ਅਤੇ ਬੇਪਰਵਾਹ ਲੋਕਾਂ ਨੂੰ ਸਮੇਂ ਸਿਰ ਚੌਕੰਨੇ ਕਰਨਾ ਸੀ"* ਕਿ *"ਭਾਰਤੀ ਲੋਕਾਂ ਦੇ ਸਾਗਰ ਦੀ ਦਿਸ ਰਹੀ ਅਹਿੱਲ ਖ਼ਾਮੋਸ਼ੀ ਥਲਿਓਂ ਇਕ ਤੂਫ਼ਾਨ ਉਠਣ ਵਾਲਾ ਹੈ। ਅਸੀਂ ਤਾਂ ਖ਼ਤਰੇ ਦੀ ਝੰਡੀ ਉੱਚੀ ਕਰ ਦਿੱਤੀ ਹੈ ਉਹਨਾਂ ਨੂੰ ਹੋਸ਼ ਵਿਚ ਲਿਆਉਣ ਲਈ ਜਿਹੜੇ ਕਾਹਲੀ ਮਚਾਈ ਫਿਰਦੇ ਹਨ ਬਿਨਾ ਅੱਗੇ ਆ ਰਹੇ ਖ਼ਤਰੇ ਵੱਲ ਧਿਆਨ ਕੀਤਿਆਂ।*

ਗਾਂਧੀਵਾਦੀ ਅਹਿੰਸਾ ਦੇ ਪੁਜਾਰੀਆਂ 'ਤੇ ਚੋਟ ਲਾਉਂਦੇ ਹੋਏ, ਬਿਆਨ ਕਹਿੰਦਾ ਹੈ –

*"ਅਸੀਂ ਖ਼ਿਆਲੀ ਹਿੰਸਾ ਦੇ ਯੁਗ ਦੇ ਅੰਤ 'ਤੇ ਮੁਹਰ ਲਾ ਦਿੱਤੀ ਹੈ, ਜਿਸ ਦੀ ਨਕਾਰਤਾ, ਉਠ ਰਹੀ ਪੀੜ੍ਹੀ ਨੇ ਤੱਕ ਲਈ ਹੈ, ਬਿਨਾ ਕਿਸੇ ਸ਼ੱਕ ਸ਼ੁਬੇ ਦੇ।"*

ਇਸ ਪ੍ਰਸ਼ਨ ਦੇ ਜਵਾਬ ਵਜੋਂ ਬਿਆਨ ਕਹਿੰਦਾ ਹੈ –

*"ਤਾਕਤ ਜਦ ਹਮਲਾ ਕਰਨ ਲਈ ਵਰਤੀ ਜਾਏ ਤਾਂ ਹਿੰਸਾ ਹੁੰਦੀ ਹੈ ਅਤੇ ਨੈਤਿਕ*

*ਤੌਰ 'ਤੇ ਮਾੜੀ ਹੁੰਦੀ ਹੈ, ਪਰ ਜਦ ਇਹ ਕਿਸੇ ਜਾਇਜ਼ ਮੰਤਵ ਲਈ ਵਰਤੀ ਜਾਏ, ਤਾਂ ਇਹ ਨੈਤਿਕ ਤੌਰ ਤੇ ਜਾਇਜ਼ ਹੁੰਦੀ ਹੈ। ਹਰ ਕੀਮਤ 'ਤੇ ਤਾਕਤ ਦੀ ਵਰਤੋਂ ਨਾ ਕਰਨਾ ਇਕ ਖ਼ਿਆਲੀ ਪੁਲਾਓ ਹੀ ਹੈ . . . . "*[176]

## ਉਦੇਸ਼ ਦੀ ਸੀਮਾ

ਉਹਨਾਂ ਦਾ ਇਸ ਕਾਰਵਾਈ ਪਿੱਛੇ ਕੀ ਇਰਾਦਾ ਸੀ, ਇਸ ਬਾਰੇ ਵਿਚਾਰ ਕਰਨ ਮਗਰੋਂ, ਮੁਲਜ਼ਮ ਫੇਰ ਆਪਣੇ ਉਦੇਸ਼ ਦੀ ਸੀਮਾ ਵੱਲ ਆਉਂਦੇ ਹਨ ਤੇ ਇਹ ਕਹਿੰਦੇ ਹਨ ਕਿ ਉਹਨਾਂ ਨੂੰ ਕੋਈ ਗਿਲਾ ਨਹੀਂ ਹੈ ਅਸੈਂਬਲੀ ਵਿਚ ਕਿਸੇ 'ਤੇ ਵੀ। *'ਇਸਦੇ ਉਲਟ"* ਉਹ ਕਹਿੰਦੇ ਹਨ *"ਅਸੀ ਇਨਸਾਨੀ ਜ਼ਿੰਦਗੀ ਨੂੰ ਐਨਾ ਪਵਿੱਤਰ ਸਮਝਦੇ ਹਾਂ ਕਿ ਕਿਹਾ ਨਹੀਂ ਜਾ ਸਕਦਾ ਅਤੇ ਅਸੀ ਪਹਿਲਾਂ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋਵਾਂਗੇ ਇਨਸਾਨੀਅਤ ਦੀ ਸੇਵਾ ਵਿਚ ਕਿਸੇ ਨੂੰ ਦੁੱਖ ਪਹੁੰਚਾਉਣ ਨਾਲੋਂ। ਸਾਮਰਾਜੀ ਸਰਕਾਰ ਦੇ ਭਾੜੇ ਦੇ ਫ਼ੌਜੀਆਂ ਵਾਂਗ ਨਹੀਂ, ਜਿਹਨਾਂ ਨੂੰ ਮਾਰਨ ਲਈ ਟਰੇਨਿੰਗ ਦਿੱਤੀ ਜਾਂਦੀ ਹੈ, ਅਨੁਸਾਸ਼ਨ ਵਿਚ ਰਖਿਆ ਜਾਂਦਾ ਹੈ।*

*ਬਿਨਾ ਕਿਸੇ ਰਹਿਮ ਦੇ। ਅਸੀ ਆਦਰ ਕਰਦੇ ਹਾਂ, ਅਤੇ ਜਿੱਥੇ ਤਕ ਸਾਡੀ ਸਮਰਥਾ ਹੈ, ਅਸੀ ਇਨਸਾਨੀ ਜ਼ਿੰਦਗੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਾਂ।" ਉਹਨਾ ਦਾ ਬਿਆਨ ਅੱਗੇ ਕਹਿੰਦਾ ਹੈ ਕਿ ਅਸੈਂਬਲੀ ਵਿਚ ਜਾਣ ਬੁੱਝ ਕੇ ਬੰਬ ਸੁੱਟਣ ਪਿੱਛੇ ਉਹਨਾਂ ਦਾ ਉਦੇਸ਼ ਜੋ ਸੀ ਉਹ ਉਹਨਾਂ ਦੀ ਇਸ ਕਾਰਵਾਈ ਦੇ ਸਿੱਟੇ ਨੂੰ ਦੇਖਕੇ ਸਮਝਣਾ ਚਾਹੀਦਾ ਹੈ "ਬਿਨਾ ਕਿਸੇ ਖਿਆਲੀ ਅਤੇ ਫ਼ਜ਼ੂਲ ਹਾਲਾਤ ਬਣਾ ਕੇ ਜਾਂ ਫ਼ਰਜ਼ ਕਰਕੇ"*

ਬੰਬ ਸੁੱਟਣ ਦੀ ਘਟਨਾ ਦੇ ਤਿੰਨ ਦਿਨ ਮਗਰੋਂ, 11 ਅਪ੍ਰੈਲ ਨੂੰ ਅਸੈਂਬਲੀ ਨੇ ਆਪਣੀ ਕਾਰਵਾਈ ਮੁੜ ਸ਼ੁਰੂ ਕੀਤੀ। ਅਸੈਂਬਲੀ ਦੇ ਪ੍ਰਧਾਨ, ਵਿਠਲਭਾਈ ਪਟੇਲ ਨੇ ਬਿਆਨ ਦਿੱਤਾ ਜਿਸ ਵਿਚ ਉਸਨੇ ਬੰਬ ਧਮਾਕੇ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ *" ਇਹ ਵੱਡਾ ਹਮਲਾ ਸੀ ਜਿਹਦੇ ਨਾਲ ਕੋਈ ਗੰਭੀਰ ਨੁਕਸਾਨ ਨਹੀਂ ਹੋਇਆ, ਰੱਬ ਦਾ ਸ਼ੁਕਰ ਹੈ, ਪਰ ਫਿਰ ਵੀ ਇਹ ਨਿਖੇਧੀ ਯੋਗ ਹੈ। ਫੇਰ ਅਸੈਂਬਲੀ ਨੇ ਇਕ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਜਿਸ ਵਿੱਚ ਆਪਣਾ ਭੈਅ, ਨਫ਼ਰਤ ਇਸ ਹਮਲੇ ਪ੍ਰਤੀ ਪ੍ਰਗਟ ਕੀਤਾ, 8 ਅਪ੍ਰੈਲ ਨੂੰ ਸਵੇਰ ਵੇਲੇ, ਅਤੇ ਉਹਨਾਂ ਨਾਲ ਜਿਹੜੇ ਕੁਝ ਜ਼ਖ਼ਮੀ ਹੋਏ ਹਮਦਰਦੀ ਪ੍ਰਗਟ ਕੀਤੀ ਅਤੇ ਕਿਸੇ ਨੁਕਸਾਨ ਦੇ ਨਾ ਹੋਣ ਨੂੰ ਪਰਮਾਤਮਾ ਦੀ ਮੇਹਰ ਦਰਸਾਇਆ, ਅਤੇ ਨਾਲ ਹੀ ਬਸਤੀਵਾਦੀ ਸਰਕਾਰ ਪ੍ਰਤੀ ਪੂਰੀ ਵਫ਼ਾਦਾਰੀ ਦਾ ਭਰੋਸਾ ਦਿਵਾਇਆ ਕਿ ਅੱਗੇ ਵਾਸਤੇ ਅਜਿਹੇ ਕਦਮ ਚੁੱਕੇ ਜਾਣ ਕਿ ਇਹੋ ਜਿਹੀ ਘਟਨਾ ਫੇਰ ਨਾ ਹੋਵੇ।"*

ਇਹ ਉਪਰਲੇ ਫ਼ਜ਼ੂਲ ਅਤੇ ਪਾਗਲਪਨ ਦੇ ਮਤੇ ਦੇ ਉਤਰ ਵਿਚ ਮੁਲਜ਼ਮਾਂ ਨੇ ਆਪਣੇ ਬਿਆਨ ਵਿਚ ਕਿਹਾ *"ਇਕ ਖ਼ਾਲੀ ਬੈਂਚ ਨੂੰ ਥੋੜ੍ਹਾ ਜਿਹਾ ਨੁਕਸਾਨ ਪੁੱਜਿਆ ਅਤੇ ਕੁਝ ਥੋੜੇ ਜਿਹੇ ਜ਼ਖ਼ਮ ਕੋਈ ਅੱਧੀ ਕੁ ਦਰਜਨ ਲੋਕਾਂ ਨੂੰ ਹੋਏ ਉਹ ਕਿਸੇ ਚਮਤਕਾਰ ਦਾ ਸਿੱਟਾ ਨਹੀਂ ਸਨ, ਜਿਸ ਤਰ੍ਹਾਂ ਸਰਕਾਰ ਅਤੇ ਉਸਦੇ ਪਿੱਠੂਆਂ ਨੇ ਦਾਅਵਾ ਕੀਤਾ ਹੈ, ਸਗੋਂ ਇਕ ਪੂਰੀ ਤਰ੍ਹਾਂ ਵਿਗਿਆਨਕ ਅਮਲ ਦਾ ਸਿੱਟਾ ਸੀ।*

*ਇਹ ਇਸ ਲਈ ਸੀ ਕਿ ਬੰਬ ਬਿਲਕੁਲ ਖ਼ਾਲੀ ਥਾਂ 'ਤੇ ਨਿਸ਼ਾਨਾ ਬਣਾ ਕੇ ਸੁੱਟੇ ਗਏ ਸਨ ਜਿਹੜੀ ਲੱਕੜੀ ਦੀਆਂ ਰੋਕਾਂ ਤੇ ਬੈਂਚਾਂ ਦੇ ਵਿਚਕਾਰ ਹੈ ਸੀ, ਜਿਸਦੇ ਫਲ ਸਰੂਪ ਜਿਹੜੇ*

*ਦੋ ਫੁੱਟ ਨਾਲੋਂ ਵੀ ਘੱਟ ਫ਼ਾਸਲੇ 'ਤੇ ਸਨ ਧਮਾਕੇ ਦੀ ਥਾਂ ਤੋਂ ਉਹਨਾਂ ਦਾ ਜਾਂ ਬਿਲਕੁਲ ਕੁਝ ਨੁਕਸਾਨ ਨਹੀਂ ਹੋਇਆ ਜਾਂ ਕੇਵਲ ਹਲਕੀ ਜਿਹੀ ਝਰੀਟ ਹੀ ਲੱਗੀ। ਨਾਲੇ, ਬੰਬਾਂ ਵਿਚ ਕੇਵਲ ਐਸਾ ਮਸਾਲਾ ਹੀ ਪਾਇਆ ਗਿਆ ਸੀ ਜਿਹੜਾ ਕੋਈ ਨੁਕਸਾਨ ਨਾ ਕਰੇ। ਬੰਬ ਸਰਕਾਰੀ ਬਾਕਸ ਵਿਚ ਵੀ ਸੁੱਟੇ ਜਾ ਸਕਦੇ ਸਨ ਮੁਲਜ਼ਮਾਂ ਦੁਆਰਾ ਜਿਹੜੇ ਆਸਾਨੀ ਨਾਲ ਸਰ ਜਾਨ ਸਾਈਮਨ 'ਤੇ ਛਾਪਾ ਮਾਰ ਸਕਦੇ ਸਨ, ਜਿਸਦਾ ਬਦਕਿਸਮਤ ਕਮਿਸ਼ਨ ਹਰ ਜਿਮੇਵਾਰ ਵਿਅਕਤੀ ਦੁਆਰਾ ਨਫ਼ਰਤ ਦਾ ਕਾਰਨ ਬਣਿਆ ਸੀ ਅਤੇ ਜਿਹੜਾ ਉਸ ਵੇਲੇ ਪ੍ਰੈਜ਼ੀਡੈਂਟ ਦੀ ਗੈਲਰੀ ਵਿਚ ਬੈਠਾ ਸੀ।*

ਬਿਆਨ ਜਾਰੀ ਰਿਹਾ, *"ਇਹ ਸਾਰੀਆਂ ਗੱਲਾਂ," ਸਾਡੇ ਉਦੇਸ਼ਾਂ ਤੋਂ ਪਰ੍ਹੇ ਦੀਆਂ ਸਨ ਅਤੇ ਬੰਬ ਸੁੱਟਣ ਦਾ ਵੀ ਜੋ ਵਿਚਾਰ ਸੀ ਉਹ ਠੀਕ ਪੂਰਾ ਹੋਇਆ ਅਤੇ ਉਹ ਸੁਰੱਖਿਅਤ ਥਾਂਵਾਂ 'ਤੇ ਹੀ ਡਿੱਗੇ।"* ਬਿਆਨ ਅੱਗੇ ਜਾ ਕੇ ਬਸਤੀਵਾਦੀ ਸਰਕਾਰ ਨੂੰ ਇਕ ਭੈਭੀਤ ਕਰਨ ਵਾਲੀ ਵਾਰਨਿੰਗ ਦਿੰਦਾ ਹੈ ਕਿ ਉਨ੍ਹਾਂ ਦੁਆਰਾ ਕੀਤਾ ਜ਼ੁਲਮ, ਦਮਨ, ਹਿੰਸਾ, ਆਦਿ ਉਹਨਾਂ ਦੇ ਭਾਰਤੀ ਲੋਕਾਂ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਹਾਇਤਾ ਹੀ ਕਰੇਗਾ।

ਬੰਬ ਸੁਟਣ ਤੋਂ ਮਗਰੋਂ, ਮੁਲਜ਼ਮਾਂ ਨੇ ਆਪਣੇ ਬਿਆਨ ਵਿਚ ਕਿਹਾ, *"ਅਸੀਂ. . . ਜੋ ਕੁਝ ਕੀਤਾ ਸੀ ਉਸਦੀ ਸਜ਼ਾ ਭੁਗਤਨ ਲਈ ਆਪ ਆਪਣੇ ਆਪ ਨੂੰ ਪੇਸ਼ ਕੀਤਾ ਤਾਂ ਜੋ ਸਾਮਰਾਜੀ ਸੋਸ਼ਣ ਕਰਨ ਵਾਲੇ ਇਹ ਸਮਝ ਸਕਣ ਕਿ ਵਿਅਕਤੀਆਂ ਨੂੰ ਕੁਚਲਣ ਨਾਲ ਵਿਚਾਰ ਨਹੀਂ ਕੁਚਲੇ ਜਾ ਸਕਦੇ। ਅਸੀਂ ਤਾਂ ਇਤਿਹਾਸ ਦੇ ਸਬਕ 'ਤੇ ਜ਼ੋਰ ਦੇਣਾ ਚਾਹੁੰਦੇ ਸਾਂ ਕਿ ਲੈਟਰਸ ਦਾ ਕੈਸ਼ੇ ਅਤੇ ਬਾਸਤਿਲੈ ਫ਼ਰਾਂਸ ਦੀ ਇਨਕਲਾਬੀ ਲਹਿਰ ਨੂੰ ਕੁਚਲ ਨਹੀਂ ਸਕੇ ਸੀ। ਫਾਂਸੀ ਦੇ ਤਖ਼ਤੇ ਅਤੇ ਸਾਇਬੇਰੀਆ ਦੀਆਂ ਖਾਣਾ ਰੂਸੀ ਇਨਕਲਾਬ ਦੀ ਬੱਤੀ ਨੂੰ ਬੁਝਾ ਨਹੀਂ ਸਕੇ ਸਨ। ਬਲੱਡੀ ਸੰਡੇ ਅਤੇ ਬਲੈਕ ਐਂਡ ਟੈਨਜ਼ ਆਇਰਸ਼ੀ ਆਜ਼ਾਦੀ ਦੀ ਲਹਿਰ ਦਾ ਗਲਾ ਘੁੱਟਣ ਵਿਚ ਅਸਫ਼ਲ ਰਹੇ ਸਨ।*

*"ਕੀ ਭਾਰਤ ਵਿਚ ਆਰਡੀਨੈਂਸ ਅਤੇ ਸੇਫ਼ਟੀ ਬਿਲ ਆਜ਼ਾਦੀ ਦੇ ਭਾਂਬੜ ਬੁਝਾਅ ਸਕਦੇ ਹਨ? ਸਾਜ਼ਿਸ਼ ਮੁਕੱਦਮੇ, ਝੂਠ ਮੂਠ ਬਣਾਏ ਹੋਏ ਜਾਂ ਕਿਤੋਂ ਲੱਭ ਲਏ, ਅਤੇ ਨੌਜਵਾਨਾਂ ਨੂੰ, ਜਿਹੜੇ ਮਹਾਨ ਆਦਰਸ਼ ਦੇ ਭੌਰੇ ਹਨ, ਜੇਲਾਂ ਵਿਚ ਡੱਕ ਕੇ ਇਨਕਲਾਬ ਦੀ ਚਾਲ ਨੂੰ ਰੋਕ ਨਹੀਂ ਸਕਦੇ। ਪਰ ਵੇਲੇ ਸਿਰ ਦਿੱਤੀ ਵਾਰਨਿੰਗ ਵੱਲ, ਜੇ ਬੇਧਿਆਨੀ ਨਾ ਦਿਖਾਈ ਗਈ, ਧਿਆਨ ਦਿੱਤਾ ਗਿਆ, ਤਾਂ ਸ਼ਾਇਦ ਜਾਨ ਮਾਲ ਦਾ ਨੁਕਸਾਨ ਅਤੇ ਹੋਰ ਦੁੱਖਾਂ ਤੋ ਬਚਾਅ ਹੋ ਸਕੇ।*

*"ਅਸੀਂ ਇਹ ਵਾਰਨਿੰਗ ਦੇਣ ਦੀ ਜ਼ਿਮੇਵਾਰੀ ਆਪਣੇ ਆਪ 'ਤੇ ਲਈ ਸੀ ਤੇ ਸਾਡਾ ਫ਼ਰਜ਼ ਪੂਰਾ ਹੋ ਗਿਆ ਹੈ।"*[177]

ਅੰਤ ਵਿਚ ਇਹ ਬਿਆਨ ਬਿਲਕੁਲ ਸਾਫ਼ ਸਪੱਸ਼ਟ ਜਵਾਬ ਦਿੰਦਾ ਹੈ ਸਵਾਲ ਦਾ – ਇਹਨਾਂ ਲਈ ਇਨਕਲਾਬ ਜਿਹੇ ਸ਼ਬਦ ਦਾ ਕੀ ਮਤਲਬ ਹੈ? ਜਿਹੜੇ ਆਦਰਸ਼ ਪਿੱਛੇ ਉਹਨਾਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ ਹੈ ਅਤੇ ਜਿਸ ਦੀ ਪ੍ਰਾਪਤੀ ਵਾਸਤੇ ਉਹ ਜਾਨ ਕੁਰਬਾਨ ਕਰ ਸਕਦੇ ਹਨ? ਇਹ ਹੈ ਜਵਾਬ, ਪੂਰੇ ਭਰੋਸੇ ਵਾਲਾ ਅਤੇ ਜਿਸ ਵਿਚ ਇਨਸਾਨੀਅਤ ਲਈ ਸ਼ਾਨਦਾਰ ਕਮਿਊਨਿਸਟ ਭਵਿੱਖ ਦੀ ਕਿਰਨ ਦਿਸ ਰਹੀ ਹੈ–

*"ਮੈਨੂੰ, (ਭਗਤ ਸਿੰਘ ਨੂੰ) ਹੇਠਲੀ ਅਦਾਲਤ ਵਿਚ ਪੁੱਛਿਆ ਗਿਆ ਸੀ ਕਿ ਇਨਕਲਾਬ ਦਾ ਕੀ ਮਤਲਬ ਹੈ? ਜਵਾਬ ਵਿਚ ਮੈਂ ਕਹਾਂਗਾ– ਇਨਕਲਾਬ ਦਾ ਮਤਲਬ ਜ਼ਰੂਰੀ ਨਹੀਂ*

ਗੜਬੜ ਮਚਾਣੀ ਜਾਂ ਵਿਅਕਤੀਗਤ ਬਦਲੇਖ਼ੋਰੀ ਹੋਵੇ। ਇਹ ਬੰਬ ਅਤੇ ਪਿਸਤੌਲ ਵਾਲਾ ਧਰਮ ਨਹੀਂ ਹੈ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਅਜੋਕਾ ਪ੍ਰਬੰਧ, ਜੋ ਸਰਾਸਰ ਬੇਇਨਸਾਫ਼ੀ 'ਤੇ ਆਧਾਰਿਤ ਹੈ, ਜ਼ਰੂਰ ਬਦਲਿਆ ਜਾਵੇ। ਉਤਪਾਦਕ ਜਾਂ ਮਜ਼ਦੂਰ, ਸਮਾਜ ਦੇ ਬਹੁਤ ਹੀ ਜ਼ਰੂਰੀ ਤੱਤ ਹੋਣ ਦੇ ਬਾਵਜੂਦ, ਆਪਣੇ ਸੋਸ਼ਣਹਾਰਿਆਂ ਦੁਆਰਾ ਠੱਗੇ ਜਾ ਰਹੇ ਹਨ, ਉਹਨਾਂ ਦੀ ਮਿਹਨਤ ਦਾ ਲਾਭ ਹੜੱਪ ਕਰ ਰਹੇ ਹਨ ਅਤੇ ਉਹਨਾਂ ਨੂੰ ਬੁਨਿਆਦੀ ਹੱਕ ਦੇਣ ਤੋਂ ਵੀ ਇਨਕਾਰੀ ਹਨ। ਕਿਸਾਨ, ਜਿਹੜਾ ਸਭ ਲਈ ਅਨਾਜ ਪੈਦਾ ਕਰਦਾ ਹੈ, ਆਪਣੇ ਪਰਿਵਾਰ ਸਮੇਤ ਭੁੱਖਾ ਮਰਦਾ ਹੈ। ਜੁਲਾਹਾ ਜਿਹੜਾ ਸਾਰੀ ਦੁਨੀਆਂ ਦੀਆਂਮੰਡੀਆਂ ਲਈ ਮਿੱਲਾਂ ਵਾਸਤੇ ਧਾਗਾ ਪੈਦਾ ਕਰਦਾ ਹੈ, ਆਪਣਾ ਅਤੇ ਆਪਣੇ ਬੱਚਿਆਂ ਦਾ ਸਰੀਰ ਨਹੀਂ ਢੱਕ ਸਕਦਾ। ਰਾਜ ਮਿਸਤਰੀ, ਲੁਹਾਰ ਅਤੇ ਤਰਖਾਨ ਜਿਹੜੇ ਸ਼ਾਨਦਾਰ ਮਹਿਲ ਉਸਾਰਦੇ ਹਨ, ਉਹ ਗੰਦੀਆਂ ਬਸਤੀਆਂ ਵਿਚ ਸੜਦੇ ਹਨ। ਪੂੰਜੀਪਤੀ ਅਤੇ ਸੋਸ਼ਣ ਕਰਨ ਵਾਲੇ, ਸਮਾਜ ਦੇ ਪਿੱਸੂ ਹਨ ਅਤੇ ਆਪ 'ਤੇ ਆਪਣੀ ਮਰਜ਼ੀ ਨਾਲ ਕਰੋੜਾਂ ਖਰਚਦੇ ਇਹ ਘੋਰ ਨਾਬਰਾਬਰੀਆਂ ਅਤੇ ਜਬਰੀ ਭੇਦ ਬਹੁਤ ਵੱਡੇ ਧੁੰਦੂਕਾਰੇ ਵੱਲ ਲੈ ਜਾਵੇਗਾ। ਇਸ ਤਰਾਂ ਦੀ ਹਾਲਤ ਦੇਰ ਤਕ ਨਹੀਂ ਬਣੀ ਰਹਿ ਸਕਦੀ ਅਤੇ ਇਹ ਸਪੱਸ਼ਟ ਹੈ ਕਿ ਅੱਜ ਦੀ ਸਮਾਜੀ ਐਸ਼ੋ-ਇਸ਼ਰਤ ਹੁਣ ਇਕ ਵੱਡੇ ਲਾਵੇ ਦੇ ਮੂੰਹ ਉੱਪਰ ਬੈਠੀ ਹੈ।

'ਇਸ ਸਭਿਅਤਾ ਦਾ ਸਾਰਾ ਰੂਪ, ਜੇ ਸਮੇ ਸਿਰ ਨਾ ਬਚਾਇਆ ਗਿਆ, ਤਾਂ ਛਹਿ ਢੇਰੀ ਹੋ ਜਾਵੇਗਾ। ਇਸ ਲਈ ਇਕ ਵੱਡੀ ਮੌਲਿਕ ਤਬਦੀਲੀ ਦੀ ਲੋੜ ਹੈ। ਅਤੇ ਜਿਹੜੇ ਇਸ ਗੱਲ ਨੂੰ ਸਮਝਦੇ ਹਨ ਉਹਨਾਂ ਦਾ ਫ਼ਰਜ਼ ਹੈ ਕਿ ਉਹ ਸਮਾਜ ਦਾ ਸਮਾਜਵਾਦ ਦੇ ਆਧਾਰ 'ਤੇ ਮੁੜ ਤੋਂ ਨਿਰਮਾਣ ਕਰਨ। ਜੇ ਇੰਝ ਨਹੀਂ ਕੀਤਾ ਜਾਂਦਾ ਅਤੇ ਆਦਮੀ ਦਾ ਆਦਮੀ ਦੁਆਰਾ ਅਤੇ ਇਕ ਕੌਮ ਦਾ ਦੂਸਰੀ ਕੌਮ ਦੁਆਰਾ ਸੋਸ਼ਣ ਬੰਦ ਨਹੀਂ ਹੁੰਦਾ, ਇਹ ਸਾਰਾ ਦੁੱਖ ਕਲੇਸ਼, ਜੋ ਇਨਸਾਨੀਅਤ ਨੂੰ ਭੈਭੀਤ ਕਰ ਰਿਹਾ ਹੈ, ਰੋਕਿਆ ਨਹੀਂ ਜਾ ਸਕਦਾ। ਇਹ ਸਾਰੀਆਂ ਗੱਲਾਂ ਕਿ ਜੰਗ ਬੰਦ ਹੋਣ ਮਗਰੋਂ ਸੰਸਾਰ ਵਿਚ ਅਮਨ ਚੈਨ ਵਰਤ ਜਾਵੇਗਾ, ਨੰਗਾ ਢੋਂਗ ਹੈ।

"ਇਨਕਲਾਬ ਤੋਂ ਸਾਡਾ ਮਤਲਬ ਹੈ ਐਸੇ ਪ੍ਰਬੰਧ ਦੀ ਸਥਾਪਨਾ ਜਿਸ ਵਿਚ ਐਸੇ ਭੈੜ ਨਾ ਹੋਣ, ਜਿਸ ਵਿਚ ਪ੍ਰੋਲੇਤਾਰੀ ਦੀ ਪ੍ਰਭੁਸੱਤਾ ਨੂੰ ਮਾਨਤਾ ਦਿੱਤੀ ਜਾਵੇ ਅਤੇ ਇਕ ਸੰਸਾਰ ਵਿਆਪੀ ਫ਼ੈਡਰੇਸ਼ਨ ਇਨਸਾਨੀਅਤ ਨੂੰ ਪੂੰਜੀਵਾਦ ਦੇ ਚੁੰਗਲ ਅਤੇ ਸਾਮਰਾਜੀ ਸ਼ਕਤੀਆਂ ਦੇ ਸਿਤਮ ਤੋਂ ਬਚਾ ਸਕੇ।

"ਇਹੀ ਸਾਡਾ ਆਦਰਸ਼ ਹੈ, ਅਤੇ ਇਹੀ ਵਿਚਾਰਧਾਰਾ ਸਾਡੀ ਪ੍ਰੇਰਣਾ ਹੈ। ਅਸੀ ਬਹੁਤ ਉੱਚੀ ਆਵਾਜ਼ ਵਿਚ ਇਹ ਵਾਰਨਿੰਗ ਦੇ ਦਿੱਤੀ ਹੈ।

"ਜੇ ਇਸ 'ਤੇ ਧਿਆਨ ਨਾ ਦਿੱਤਾ ਗਿਆ ਅਤੇ ਸਰਕਾਰ ਦਾ ਅਜੋਕਾ ਪ੍ਰਬੰਧ ਚੱਲਦਾ ਰਿਹਾ ਅਤੇ ਕੁਦਰਤੀ ਸ਼ਕਤੀਆਂ ਜੋ ਉੱਪਰ ਉਠ ਰਹੀਆਂ ਹਨ ਉਸਦੇ ਰਾਹਾ ਵਿਚ ਰੋੜਾ ਬਣਦਾ ਰਿਹਾ, ਇਕ ਬਹੁਤ ਖ਼ਤਰਨਾਕ ਸੰਘਰਸ਼ ਸ਼ੁਰੂ ਹੋ ਜਾਵੇਗਾ ਅਤੇ ਸਾਰੀਆਂ ਅੜਚਨਾ ਚੁੱਕ ਕੇ ਪਰ੍ਹੇ ਸੁੱਟ ਦਿੱਤੀਆਂ ਜਾਣਗੀਆਂ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਸਥਾਪਿਤ ਕਰਕੇ ਇਨਕਲਾਬ ਦਾ ਆਦਰਸ਼ ਪ੍ਰਾਪਤ ਕੀਤਾ ਜਾਵੇਗਾ। ਇਨਕਲਾਬ ਤਾਂ ਇਨਸਾਨੀਅਤ ਦਾ ਅਨਿੱਖੜਵਾਂ ਅੰਗ ਹੈ। ਆਜ਼ਾਦੀ ਤਾਂ ਹਰ ਇਕ ਦਾ ਪੈਦਾਇਸ਼ੀ ਹੱਕ ਹੈ ਜੋ ਤਬਾਹ ਨਹੀਂ ਕੀਤਾ ਜਾ ਸਕਦਾ। ਮਜ਼ਦੂਰ ਹੀ ਸਮਾਜ ਦਾ ਸਹੀ ਪਾਲਣਹਾਰ ਹੈ। ਲੋਕਾਂ ਦੀ ਪ੍ਰਭੁਸੱਤਾ ਕਿਰਤੀਆਂ ਦੀ ਓੜਕ ਤਕਦੀਰ ਹੈ।

*"ਇਹਨਾਂ ਅਰਥਾਂ ਲਈ, ਅਤੇ ਇਸ ਵਿਸ਼ਵਾਸ ਲਈ, ਅਸੀਂ ਹਰ ਦੁੱਖ ਤਕਲੀਫ ਦਾ, ਜੋ ਸਾਡੇ 'ਤੇ ਲੱਦੀ ਜਾਵੇਗੀ, ਖਿੜੇ ਮੱਥੇ ਸਵਾਗਤ ਕਰਾਂਗੇ। ਇਸ ਇਨਕਲਾਬ ਦੀ ਵੇਦੀ 'ਤੇ ਅਸੀਂ ਆਪਣੇ ਨੌਜਵਾਨਾਂ ਨੂੰ ਧੂਫ਼ ਬਣਾ ਕੇ ਲੈ ਆਏ ਹਾਂ, ਕਿਉਂਕਿ ਕੋਈ ਕੁਰਬਾਨੀ ਵੀ ਸਾਡੇ ਇਸ ਸ਼ਾਨਦਾਰ ਮੰਤਵ ਦੀ ਪੂਰਤੀ ਲਈ ਵੱਡੀ ਨਹੀਂ ਹੈ। ਅਸੀਂ ਸੰਤੁਸ਼ਟ ਹਾਂ, ਸਾਨੂੰ ਇਨਕਲਾਬ ਦੇ ਆਉਣ ਦੀ ਉਮੀਦ ਹੈ।*

*"ਇਨਕਲਾਬ ਜ਼ਿੰਦਾਬਾਦ"*[178]

ਕਿਉਂਕਿ ਮੁਜਰਿਮਾਂ ਨੇ ਅਸੈਂਬਲੀ ਵਿਚ ਬੰਬ ਸੁੱਟਣ ਦੇ ਜੁਰਮ ਦਾ ਇਕਬਾਲ ਕਰ ਲਿਆ ਸੀ, ਇਕੋ ਮੁੱਦਾ ਜਿਸ ਤੇ ਹੁਣ ਫ਼ੈਸਲਾ ਹੋਣਾ ਬਾਕੀ ਸੀ, ਇਹ ਸੀ ਕਿ ਉਹਨਾਂ ਦੀ ਮਨਸ਼ਾ ਕਿੱਥੇ ਤਕ ਸੀ, ਅਤੇ ਉਸਦੇ ਅਨੁਸਾਰ, ਸਜ਼ਾ ਤੈਅ ਹੋਣੀ ਸੀ। ਅਦਾਲਤ ਨੇ ਆਪਣਾ ਫ਼ੈਸਲਾ 12 ਜੂਨ ਨੂੰ ਸੁਣਾਇਆ, ਜਿਸ ਵਿਚ ਮੁਲਜ਼ਮਾਂ ਨੂੰ ਜੋ ਉਹਨਾਂ 'ਤੇ ਇਲਜ਼ਾਮ ਲੱਗੇ ਸਨ ਉਹਨਾਂ ਦਾ ਦੋਸ਼ੀ ਪਾਇਆ ਗਿਆ ਤੇ ਉਹਨਾਂ ਨੂੰ ਬਦਲੇਖ਼ੋਰੀ ਵਾਲੀ ਸਜ਼ਾ ਸੁਣਾਈ ਗਈ – ਉਮਰ ਕੈਦ।

***

ਕਾਂਡ 16

# ਦੂਸਰਾ ਲਾਹੌਰ ਸਾਜ਼ਿਸ਼ ਮੁਕੱਦਮਾ

ਅਸੈਂਬਲੀ ਦੀ ਬੰਬ ਘਟਨਾ ਤੋਂ ਮਗਰੋਂ, ਇਕ ਘਟਨਾਕ੍ਰਮ ਸ਼ੁਰੂ ਹੋ ਗਿਆ ਜਿਸ ਵਿਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਇਕ ਵਿਸ਼ੇਸ ਟ੍ਰਿਬਿਊਨਲ ਅੱਗੇ ਪੇਸ਼ ਕੀਤਾ ਗਿਆ, ਜਿਸਨੂੰ ਪ੍ਰਸਿੱਧ ਦੂਸਰਾ ਲਾਹੌਰ ਸਾਜ਼ਿਸ਼ ਮੁਕੱਦਮਾ ਕਿਹਾ ਗਿਆ ਅਤੇ ਉਹਨਾਂ ਨੂੰ ਫ਼ਾਂਸੀ ਦੇ ਤਖ਼ਤੇ ਉੱਤੇ ਭੇਜਿਆ ਗਿਆ। ਭਗਤ ਸਿੰਘ ਸਾਂਡਰਸ ਨੂੰ ਮਾਰਨ ਦੇ ਮਾਮਲੇ ਵਿਚ ਫੜਿਆ ਗਿਆ ਸੀ। ਜਿਹੜੀ ਪ੍ਰਿਸਤੌਲ ਵਿਚੋਂ ਉਸਨੇ ਅਸੈਂਬਲੀ ਵਿਚ ਗੋਲੀਆਂ ਚਲਾਈਆਂ ਸਨ, ਉਸੇ ਪਿਸਤੌਲ ਕਾਰਨ ਉਸ 'ਤੇ ਕੇਸ ਬਣਿਆ ਅਤੇ ਨਾਲ ਹੀ ਉਹ ਇਸ਼ਤਿਹਾਰ ਜਿਹੜੇ ਅਸੈਂਬਲੀ ਦੇ ਫ਼ਰਸ਼ ਉੱਪਰ ਖਿਲਾਰੇ ਗਏ ਸਨ, ਉਹ ਉਸਦੀ ਹੱਥ-ਲਿਖਤ ਸਾਬਤ ਹੋ ਗਈ ਸੀ – ਉਹੀ ਲਿਖਤ ਸੀ ਜਿਹੜੀ ਇਸ਼ਤਿਹਾਰਾਂ 'ਤੇ ਸੀ ਜਿਹੜੇ ਲਾਹੌਰ ਦੀਆਂ ਕੰਧਾਂ 'ਤੇ ਸਾਂਡਰਸ ਦੇ ਕਤਲ ਤੋਂ ਅਗਲੀ ਸ਼ਾਮ ਨੂੰ ਚਿਪਕਾਏ ਗਏ ਸਨ।

ਪੁਲਿਸ ਨੇ ਬਹੁਤ ਸਾਰੇ ਘਰਾਂ 'ਤੇ ਛਾਪਾ ਮਾਰਿਆ ਸੀ ਜਿਹੜੇ ਐਚ ਐਸ ਆਰ ਏ ਦੇ ਇਨਕਲਾਬੀਆਂ ਦੀ ਵਰਤੋਂ ਵਿਚ ਲਾਹੌਰ, ਆਗਰਾ ਅਤੇ ਸਹਾਰਨਪੁਰ ਵਿਚ, ਆਏ ਸਨ, ਜਿਸ ਨਾਲ ਕਈ ਇਨਕਲਾਬੀ ਫੜੇ ਗਏ ਸਨ, ਸਮੇਤ ਲਿਟਰੇਚਰ (ਸਾਹਿਤ), ਬੰਬ ਬਣਾਉਣ ਦਾ ਸਾਮਾਨ ਅਤੇ ਹੋਰ ਮਸ਼ਕੂਕ ਸਮੱਗਰੀ ਦੇ। ਉਹਨਾਂ ਵਿਚੋਂ ਦੋ – ਜੈ ਗੋਪਾਲ ਅਤੇ ਹੰਸ ਰਾਜ ਵੋਹਰਾ ਨੇ ਇਕਬਾਲ ਕਰ ਲਿਆ ਸੀ, ਜਿਸ ਨਾਲ ਹੋਰ ਇਨਕਲਾਬੀਆਂ ਦੀ ਗ੍ਰਿਫ਼ਤਾਰੀ ਪੰਜਾਬ, ਯੂ ਪੀ ਅਤੇ ਬਿਹਾਰ ਵਿਚ ਹੋਈ। ਐਨੇ ਤਸੀਹੇ ਉਹਨਾਂ ਨੂੰ ਦਿੱਤੇ ਗਏ ਕਿ ਉਹਨਾਂ ਵਿਚੋਂ ਦੋ, ਜੋ ਹੋਰ ਤਸੀਹੇ ਬਰਦਾਸ਼ਤ ਨਾ ਕਰ ਸਕੇ, ਵਾਅਦਾ ਮੁਆਫ਼ ਗਵਾਹ ਬਣ ਗਏ।[179] ਇਹਨਾਂ ਸੱਤਾਂ ਵਿਚੋਂ ਦੋ ਸੈਂਟਰਲ ਕਮੇਟੀ ਦੇ ਮੈਂਬਰ ਸਨ।

ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਹੋਰ ਕਈ ਇਨਕਲਾਬੀਆਂ ਦੇ ਮੁਕੱਦਮੇ ਦੀ ਸੁਣਾਈ 10 ਜੁਲਾਈ 1929 ਨੂੰ ਸ਼ੁਰੂ ਹੋਈ ਅਤੇ 7 ਅਕਤੂਬਰ 1930 ਨੂੰ ਖ਼ਤਮ ਹੋਈ। ਮੁਲਜ਼ਮਾਂ ਨੇ ਬਸਤੀਵਾਦੀ ਸਰਕਾਰ ਦਾ ਪਾਸਾ ਪੁੱਠਾ ਪਾ ਦਿੱਤਾ, ਜਦ ਉਹਨਾਂ ਨੇ ਅਦਾਲਤ ਨੂੰ ਆਪਣੇ ਪ੍ਰਾਪੇਗੰਡੇ ਦਾ ਅਤੇ ਆਪਣੇ ਪ੍ਰਗਰਾਮ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਸਾਧਨ ਬਣਾ ਲਿਆ, ਜਿਸ ਵਿਚ ਵਿਦੇਸ਼ੀ ਸਰਕਾਰ ਦੀਆਂ ਕਰਤੂਤਾਂ ਨੰਗੀਆਂ ਕੀਤੀਆਂ ਅਤੇ ਉਹਨਾਂ ਨੂੰ ਉਹਨਾਂ ਦੀਆਂ ਭਾਰਤੀਆਂ ਦੇ ਵਿਰੁੱਧ ਜ਼ਾਲਮਾਨਾ ਕਾਰਵਾਈਆ ਕਾਰਣ ਕਟਹਿਰੇ ਵਿਚ ਖੜ੍ਹੇ ਕਰ ਦਿੱਤਾ।

ਜਦ ਉਹ ਜੇਲ੍ਹ ਵਿਚ ਸਨ ਤਾਂ ਉਹਨਾਂ ਨੇ ਲੰਮੇ ਸਮੇ ਦੀ ਭੁੱਖ ਹੜਤਾਲ ਕੀਤੀ ਆਪਣੀ ਇਸ ਮੰਗ ਨੂੰ ਮਨਵਾਉਣ ਵਾਸਤੇ ਕਿ ਉਹਨਾਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦਿੱਤਾ ਜਾਵੇ, ਨਾ ਕਿ ਸਾਧਾਰਨ ਮੁਲਜ਼ਮਾਂ ਦਾ, ਅਤੇ ਨਾਲ ਹੀ ਚੰਗੇਰੀਆ ਸਹੂਲਤਾਂ ਦੀ ਮੰਗ ਕੀਤੀ, ਜਿਵੇਂ ਠੀਕ

ਖ਼ੁਰਾਕ, ਸਾਹਿਤ ਦੀ ਉਪਲਬਧੀ, ਅਤੇ ਜਬਰੀ ਮਜ਼ਦੂਰੀ ਨਾ ਕਰਨ ਦਾ ਹੱਕ। ਸਰਕਾਰ ਨੇ ਬਿਲਕੁਲ ਕੁਝ ਵੀ ਦੇਣ ਤੋਂ ਸਾਫ਼ ਇਨਕਾਰ ਕੀਤਾ ਅਤੇ ਫਲ ਸਰੂਪ, ਭੁੱਖ ਹੜਤਾਲ ਦੇ 64ਵੇਂ ਦਿਨ 13 ਸਤੰਬਰ 1929 ਨੂੰ, ਜਤਿੰਦਰ ਨਾਥ ਦਾਸ (ਪਿਆਰ ਨਾਲ ਜਤਿਨ ਕਹਿੰਦੇ ਸਨ) ਸ਼ਹੀਦੀ ਪ੍ਰਾਪਤ ਕਰ ਗਿਆ। ਜਦ ਉਸਦੀ ਅਰਥੀ ਕੱਢੀ ਗਈ ਤਾਂ ਲਾਹੌਰ ਦੇ ਬਾਜ਼ਾਰਾਂ ਵਿਚ ਬਹੁਤ ਵੱਡੀ ਗਿਣਤੀ ਵਿਚ ਲੋਕ ਉੱਤਰ ਆਏ, ਅਤੇ ਅੰਤ ਵਿਚ ਇਕ ਬਹੁਤ ਵੱਡਾ ਪਬਲਿਕ ਜਲਸਾ ਕੀਤਾ ਗਿਆ। ਇਸਦੇ ਮਗਰੋਂ ਦੁਰਗਾ ਭਾਬੀ (ਭਗਵਤੀ ਚਰਨ ਵੋਹਰਾ ਦੀ ਪਤਨੀ ਅਤੇ ਆਪ ਵੀ ਸੱਚੀ ਇਨਕਲਾਬੀ ਆਪਣੇ ਆਪ ਵਿਚ) ਜਤਿਨ ਦਾਸ ਦੀ ਮ੍ਰਿਤਕ ਦੇਹ ਨੂੰ ਰੇਲ ਗੱਡ ਰਾਹੀਂ ਲੈ ਕੇ ਲਾਹੌਰ ਤੋਂ ਕਲਕੱਤੇ ਗਈ। ਰਾਸਤੇ ਦੇ ਸਾਰੇ ਸਟੇਸ਼ਨਾਂ 'ਤੇ ਵੱਡੀ ਗਿਣਤੀ ਵਿਚ ਲੋਕ ਆਏ ਅਤੇ ਆਪਣੀ ਪਿਆਰੇ ਨੇਤਾ ਨੂੰ ਸ਼ਰਧਾਂਜਲੀ ਭੇਟ ਕੀਤੀ। ਕਲਕੱਤੇ ਵਿਚ ਇਕ ਬੇਮਿਸਾਲ ਭੀੜ, 6 ਲੱਖ ਲੋਕ, ਉਸਦੀ ਅਰਥੀ ਨਾਲ ਸ਼ਮਸ਼ਾਨ ਘਾਟ ਤੱਕ ਗਏ।

ਸਰਕਾਰੀ ਵਕੀਲ, ਗਾਰਡਨ ਨੋਡ, ਵੀ ਜਤਿਨ ਦਾਸ ਨੂੰ ਸ਼ਰਧਾਂਜਲੀ, ਭਾਵੇਂ ਇਕ ਦੰਭ ਹੀ ਸੀ, ਭੇਟ ਕਰਨ ਲਈ ਮਜਬੂਰ ਹੋ ਗਿਆ। ਉਸਨੇ ਅਦਾਲਤ ਵਿਚ 24 ਸਿਤੰਬਰ 1929 ਨੂੰ ਕਿਹਾ, *"ਮੈਂ ਸਾਰਿਆਂ ਵੱਲ, ਦਿਲੋਂ ਅਫ਼ਸੋਸ ਪ੍ਰਗਟ ਕਰਨਾ ਚਾਹੁੰਦਾ ਹਾਂ, ਸਦਮੇ ਦੀ ਭਾਵਨਾ ਜ਼ਾਹਰ ਕਰਦਾ ਹਾਂ ਜੋ ਅਸੀਂ ਮਹਿਸੂਸ ਕੀਤਾ ਹੈ ਜਤਿਨ ਦਾਸ ਦੀ ਬੇਮੌਕੇ ਮੌਤ ਉਪਰ। ਕੁਝ ਐਸੇ ਗੁਣ ਹੁੰਦੇ ਹਨ ਜਿਹੜੇ ਸਾਰਿਆਂ ਨੂੰ ਹੀ ਸਿਫ਼ਤ ਕਰਨ ਲਈ ਮਜਬੂਰ ਕਰ ਦਿੰਦੇ ਹਨ, ਉਹਨਾਂ ਵਿਚ ਸਭ ਤੋਂ ਵੱਡਾ ਗੁਣ ਹੁੰਦਾ ਹੈ ਹਿੰਮਤ ਅਤੇ ਲਗਨ, ਕਿਸੇ ਆਦਰਸ਼ ਨੂੰ ਪ੍ਰਾਪਤ ਕਰਨ ਵਾਸਤੇ। ਭਾਵੇਂ ਅਸੀਂ ਉਸ ਆਦਰਸ਼ ਨਾਲ ਸਾਂਝ ਨਹੀ ਰੱਖਦੇ ਜੋ ਉਸਦਾ ਸੀ, ਪਰ ਅਸੀਂ ਉਸਦੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਹਿ ਸਕਦੇ, ਉਸਦੀ ਦ੍ਰਿੜ੍ਹਤਾ ਦੀ ਉਸਦੀ ਹਿੰਮਤ ਦੀ ਜੋ ਉਸਨੇ ਦਿਖਾਈ।" (ਟ੍ਰਿਬਿਊਨ 26 ਸਿਤੰਬਰ, 1929)*[180]

ਬਹੁਤ ਭਾਵਪੂਰਨ ਹਿਰਦੇ ਤੋਂ ਆਈ ਸ਼ਰਧਾਂਜਲੀ 'ਮੇਰੀ' ਵੱਲੋਂ ਆਈ ਜੋ ਟੈਰੇਂਸਮੈਕਸਵਾਇਨੀ, ਲਾਰਡ ਮੇਅਰ ਆਫ਼ ਕੌਰਕ, ਦੀ ਵਿਧਵਾ ਸੀ, ਜਿਹੜਾ ਆਇਰਲੈਂਡ ਵਿਚ ਐਸੇ ਹੀ ਹਾਲਾਤ ਵਿਚ ਸ਼ਹੀਦ ਹੋਇਆ ਸੀ। *"ਟੈਰੈਂਸ ਮੈਕਸਵਾਇਨੀ ਦਾ ਪਰਿਵਾਰ ਇਸ ਸਦਮੇ ਵਿਚ ਦੇਸ਼ ਭਗਤ ਭਾਰਤੀਆਂ ਨਾਲ ਇਸ ਦੁੱਖ ਅਤੇ ਮਾਣ ਵਿਚ ਸ਼ਾਮਿਲ ਹੈ ਜੋ ਜਤਿੰਦਰ ਨਾਥ ਦਾਸ ਦੀ ਮੌਤ ਨਾਲ ਹੋਇਆ ਹੈ। ਆਜ਼ਾਦੀ ਆਵੇਗੀ।"*[181]

ਸਪੈਸ਼ਲ ਮੈਜਿਟਰੇਟ ਅਗੇ ਕਾਰਵਾਈ, ਜਿਸਦਾ ਮਤਲਬ ਸੀ ਇਹ ਦੇਖਣਾ ਕਿ ਕੀ ਗਵਾਹੀਆਂ ਤੋਂ ਇਕ ਸਪੱਸ਼ਟ ਮਾਮਲਾ ਬਣਦਾ ਹੈ ਕਿ ਮੁਲਜ਼ਮਾਂ ਨੂੰ ਕੋਰਟ ਆਦ ਸੈਸ਼ਨਜ਼ ਵਿਚ ਲਿਜਾਇਆ ਜਾਵੇ, ਇਨਸਾਫ਼ ਦਾ ਇਕ ਢਕੋਂਸਲਾ ਹੀ ਸੀ। ਮੁਲਜਮਾਂ ਨੂੰ ਆਮ ਵਾਂਗਰ ਹਥਕੜੀ ਲਾਈ ਹੋਈ ਸੀ, ਉਹਨਾਂ ਨੂੰ ਰੋਜ਼ ਕੁਟਾਪਾ ਫੇਰਿਆ ਜਾਂਦਾ ਸੀ, ਅਦਾਲਤ ਵਿਚ ਉਹਨਾਂ ਨਾਲ ਹੱਥੋਪਾਈ ਕੀਤੀ ਜਾਂਦੀ ਸੀ ਮੈਜਿਸਟਰੇਟ ਦੇ ਸਾਹਮਣੇ, ਜਦ ਕਿ ਮੁਲਜਮਾਂ ਦੇ ਰਿਸ਼ਤੇਦਾਰ ਅਤੇ ਮਿੱਤਰਾਂ ਅੱਗੇ ਹਰ ਅੜਚਨ ਖੜੀ ਕੀਤੀ ਜਾਂਦੀ ਸੀ ਤਾਂ ਜੋ ਉਹਨਾਂ ਨੂੰ ਅਦਾਲਤ ਵਿਚ ਜਾਣ ਤੋਂ ਅਤੇ ਕਾਰਵਾਈ ਸੁਣਨ-ਦੇਖਣ ਤੋਂ ਰੋਕਿਆ ਜਾਵੇ। ਬਹੁਤ ਥਾਂ ਉਥੇ ਪੁਲਿਸ ਅਤੇ ਜਾਸੂਸਾਂ ਨੇ, ਜੋ ਸਿਵਲੀਅਨ ਕੱਪੜਿਆਂ ਵਿਚ ਹੁੰਦੇ ਸਨ, ਨੇ ਹੀ ਮੱਲੀ ਹੁੰਦੀ ਸੀ ਅਤੇ ਜਿਹੜੇ ਮੁਲਜ਼ਮਾਂ ਦੀ ਆਪਸੀ ਕੀਤੀ ਗੱਲਬਾਤ ਦਾ ਹਰ ਸ਼ਬਦ ਸੁਣ ਸਕਦੇ ਸਨ। ਪਬਲਿਕ ਪ੍ਰੋਸੀਕਿਊਟਰ ਅਤੇ ਸਰਕਾਰੀ ਐਡਵੋਕੇਟ ਨੂੰ ਤਾਂ ਹਰ ਪ੍ਰਕਾਰ ਦਾ ਆਦਰ ਮਿਲਦਾ ਸੀ ਅਤੇ

ਉਹਨਾਂ ਦੀ ਹਰ ਬੇਨਤੀ ਝੱਟ ਮੰਨੀ ਜਾਂਦੀ ਸੀ ਪਰ, ਬਚਾਅ ਪੱਖ ਨੂੰ ਮੁਲਜ਼ਮਾਂ ਦੇ ਹੱਕਾਂ ਬਾਰੇ ਪੈਰ ਪੈਰ ਤੇ ਲੜਨਾ ਪੈਂਦਾ ਸੀ, ਅਤੇ ਹਰ ਮੰਗ ਮੈਜਿਸਟਰੇਟ ਦੁਆਰਾ ਠੁਕਰਾਈ ਜਾਂਦੀ ਸੀ, ਰੁਕਾਵਟ ਪਾਈ ਜਾਂਦੀ ਸੀ, ਜਿਸ ਦੇ ਕੰਮ ਉੱਪਰ ਪੁਲਿਸ ਅਤੇ ਸਰਕਾਰ ਦੀ ਨਜ਼ਰ ਹੈ ਸੀ। ਆਮ ਲੋਕਾਂ ਨੂੰ ਆਦਾਲਤ ਦੇ ਕਮਰੇ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ ਅਤੇ ਕਈ ਵਾਰ ਪ੍ਰੈਸ ਉੱਪਰ ਵੀ ਬੰਦਸ਼ਾਂ ਲੱਗ ਜਾਂਦੀਆਂ ਸਨ।

ਇਹ ਮੁਲਜ਼ਮਾਂ ਦੇ ਸਿਰ ਅਮਰ ਸਿਹਰਾ ਹੈ ਕਿ ਇਹਨਾਂ ਅਤਿ ਕਠਨ ਹਾਲਾਤ ਵਿਚ ਵੀ, ਉਹ ਬੜੇ ਮਾਣ, ਹਿੰਮਤ, ਹੌਸਲੇ ਅਤੇ ਸਭ ਤੋਂ ਵੱਧ, ਅਹਿੱਲ ਇਨਕਲਾਬੀ ਦ੍ਰਿੜ੍ਹਤਾ, ਜੋਸ਼ ਨਾਲ ਆਪਣੇ ਆਦਰਸ਼ ਦੇ ਵਫ਼ਾਦਾਰ ਰਹੇ ਅਤੇ ਉਸਦੀ ਪ੍ਰਾਪਤੀ ਲਈ ਖਿੜੇ ਮੱਥੇ ਆਸ਼ਾਵਾਦੀ ਰਹੇ। ਕੋਰਟ ਵਿਚ ਦਾਖ਼ਿਲ ਹੁੰਦੇ ਅਤੇ ਬਾਹਰ ਜਾਂਦੇ, ਉਹ ਹਮੇਸ਼ਾ "ਇਨਕਲਾਬ ਜ਼ਿੰਦਾਬਾਦ" 'ਪ੍ਰੋਲੇਤਾਰੀ ਜ਼ਿੰਦਾਬਾਦ" ਅਤੇ "ਸਾਮਰਾਜ ਮੁਰਦਾਬਾਦ" ਦੇ ਉੱਚੀ ਆਵਾਜ਼ ਵਿਚ ਨਾਅਰੇ ਮਾਰਦੇ।

24 ਜਨਵਰੀ, 1930 ਨੂੰ, ਮੁਲਜ਼ਮ, ਜਿਹਨਾਂ ਨੇ ਲਾਲ ਸਾਫ਼ੇ ਲਏ ਹੋਏ ਸਨ, ਅਦਾਲਤ ਵਿਚ ਆਏ ਅਤੇ ਨਾਅਰਾ ਲਗਾਇਆ 'ਲੈਨਿਨ ਜ਼ਿੰਦਾਬਾਦ'। ਵਿਸ਼ੇਸ਼ ਤੌਰ 'ਤੇ ਭਗਤ ਸਿੰਘ ਨੇ ਮੈਜਿਸਟਰੇਟ ਨੂੰ ਇਕ ਸੁਨੇਹਾ ਪਹੁੰਚਾਇਆ ਅਤੇ ਬੇਨਤੀ ਕੀਤੀ ਕਿ ਇਹ ਤਾਰ ਰਾਹੀਂ ਕਮਿਊਨਿਸਟ ਇੰਟਰਨੈਸ਼ਨਲ ਦੇ ਪ੍ਰਧਾਨ ਨੂੰ ਭੇਜ ਦਿੱਤਾ ਜਾਵੇ। ਸੁਨੇਹੇ ਵਿਚ ਲਿਖਿਆ ਸੀ – "ਅੱਜ ਲੈਨਿਨ ਦਿਵਸ ਦੇ ਮੌਕੇ 'ਤੇ ਅਸੀਂ ਆਪਣੀਆਂ ਹਾਰਦਿਕ ਵਧਾਈਆਂ ਭੇਜਦੇ ਹਾਂ ਕਾਮਰੇਡ ਲੈਨਿਨ ਦੇ ਜੇਤੂ ਅਤੇ ਅੱਗੇ ਵਧ ਰਹੇ ਇਨਕਲਾਬੀ ਸਫ਼ਰ ਦੀ ਸਫ਼ਲਤਾ ਵਾਸਤੇ ਜਿਸਦਾ ਮਹਾਨ ਤਜਰਬਾ ਸੋਵੀਅਤ ਰੂਸ ਵਿਚ ਕੀਤਾ ਜਾ ਰਿਹਾ ਹੈ। ਅਸੀਂ ਆਪਣੇ ਆਪ ਨੂੰ, ਸੰਸਾਰ ਦੀ ਇਨਕਲਾਬੀ ਲਹਿਰ ਨਾਲ ਜੋੜਨਾ ਚਾਹੁੰਦੇ ਹਾਂ। ਕਿਰਤੀਆਂ ਦਾ ਰਾਜ ਜ਼ਿੰਦਾਬਾਦ। ਪੂੰਜੀਵਾਦ ਮੁਰਦਾਬਾਦ। ਸਾਮਰਾਜ ਮੁਰਦਾਬਾਦ (ਦੀ ਟ੍ਰਿਬਿਊਨ, 26 ਜਨਵਰੀ, 1930)[182]

ਜਦ ਸਰਕਾਰ ਨੇ 19 ਫਰਵਰੀ ਨੂੰ ਸੁਲਾਹ ਸਫ਼ਾਈ ਦੀ ਸੈਨਤ ਕੀਤੀ ਤਾਂ ਮੁਲਜ਼ਮਾਂ ਨੇ ਵੀ ਮੁੜ ਸਹਿਯੋਗ ਅਰੰਭ ਦਿੱਤਾ ਅਤੇ ਮੁਕੱਦਮੇ ਦੀ ਕਾਰਵਾਈ ਆਰਾਮ ਨਾਲ ਚੱਲਦੀ ਰਹੀ 8 ਮਾਰਚ ਤੋਂ 3 ਮਈ ਤਕ, ਜਿਹੜਾ ਮੈਜਿਸਟਰੇਟ ਅਗੇ ਕਾਰਵਾਈ ਦਾ ਅੰਤਿਮ ਦਿਨ ਸੀ। ਇਸੇ ਦੌਰਾਨ , ਦੋ ਦਿਨ ਪਹਿਲਾਂ (1 ਮਈ ਨੂੰ) ਇਕ ਆਰਡੀਨੈਂਸ ਜਾਰੀ ਕੀਤਾ ਗਿਆ ਜਿਸ ਦੁਆਰਾ ਕੇਸ ਦੀ ਸੁਣਵਾਈ ਵਾਸਤੇ ਇਕ ਟ੍ਰਿਬਿਊਨਲ ਸਥਾਪਿਤ ਕੀਤਾ ਗਿਆ। ਨੋਡ, ਪਬਲਿਕ ਪ੍ਰਾਸਿਕਿਊਟਰ ਨੇ ਮੈਜਿਸਟਰੇਟ ਦਾ ਧੰਨਵਾਦ ਕੀਤਾ, ਕਿਉਂਕਿ ਅਜਿਹਾ ਕਰਨ ਲਈ ਉਸ ਕੋਲ ਚੰਗੇ ਕਾਰਣ ਸਨ ਅਤੇ ਰਾਏ ਸਾਹਿਬ ਪੰਡਿਤ ਸ੍ਰੀ ਕ੍ਰਿਸ਼ਨ ਨੇ ਉਸਦੀ "*ਨਿਰਪੱਖਤਾ*" ਲਈ। ਭਗਤ ਸਿੰਘ, ਜਿਸ ਨਾਲ ਹਦ ਦਰਜੇ ਦਾ ਦੁਰਵਿਵਹਾਰ ਕੀਤਾ ਗਿਆ ਸੀ ਨੇ ਵੀ ਮੈਜਿਸਟਰੇਟ ਬਾਰੇ ਬਿਨਾ ਗੁੱਸੇ ਦੇ ਗੱਲ ਕੀਤੀ। ਬਹੁਤ ਹੀ ਨਿਮਰਤਾ ਨਾਲ, ਅਤੇ ਵਿਅਕਤੀਗਤ ਨਫ਼ਰਤ ਤੋਂ ਬਿਲਕੁਲ ਮੁਕਤ ਜਿਸ ਪ੍ਰਕਾਰ ਉਹ ਡਰ ਮੁਕਤ ਵੀ ਸੀ, ਉਸਨੇ ਆਪਣੇ ਸਾਥੀਆਂ ਅਤੇ ਆਪਣੇ ਵੱਲੋਂ ਮੈਜਿਸਟਰੇਟ ਦਾ ਧੰਨਵਾਦ ਕੀਤਾ, ਮੈਜਿਸਟਰੇਟ ਨੂੰ ਇਹ ਕਹਿੰਦੇ ਹੋਏ ਕਿ ਭਾਵੇਂ ਉਹ ਅਕਸਰ ਨੌਕਰਸ਼ਾਹੀ ਦੀ ਅਵੱਗਿਆ ਕਰਦੇ ਸਨ, ਜਿਹਨਾਂ ਦਾ ਪ੍ਰਤਿਨਿਧੀ ਮੈਜਿਸਟਰੇਟ ਸੀ, ਉਹ ਉਸ ਨਾਲ ਜਾਤੀ ਤੌਰ 'ਤੇ ਕਤਈ ਨਾਰਾਜ਼ ਨਹੀਂ ਸਨ। ਉਸਨੇ ਇਹ ਵੀ ਕਿਹਾ ਕਿ ਮੈਜਿਸਟਰੇਟ ਬਹੁਤ ਹੀ ਠਰੰਮੇ ਵਾਲਾ ਅਤੇ ਨਰਮ ਸੀ ਜਿਸਦਾ ਲਾਭ ਸਰਕਾਰੀ ਪੱਖ ਲੈਂਦਾ ਰਿਹਾ, ਮੁਲਜ਼ਮ ਨਹੀਂ। ਅੱਗੇ ਉਸਨੇ ਕਿਹਾ ਕਿ ਟ੍ਰਿਬਿਊਨਲ ਦੀ ਨਿਯੁਕਤੀ ਮੁਲਜ਼ਮਾਂ ਦੀ ਸਪਸ਼ਟ

ਜਿੱਤ ਹੈ ਜਿਹੜੇ ਸ਼ੁਰੂ ਤੋਂ ਹੀ ਇਹ ਚਾਹੁੰਦੇ ਸਨ, ਹੋਰ ਕੁਝ ਨਹੀਂ, ਕਿ ਸਰਕਾਰ ਦੇ ਗੈਰ ਕਾਨੂਨੀ ਚਰਿੱਤਰ ਨੂੰ ਪਬਲਿਕ ਦੇ ਸਾਹਮਣੇ ਨੰਗਾ ਕੀਤਾ ਜਾਵੇ। ਟ੍ਰਿਬਿਊਨਲ ਦੀ ਨਿਯੁਕਤੀ ਕਰਕੇ ਸਰਕਾਰ ਨੇ ਆਪਣਾ ਸਹੀ ਰੰਗ ਦਿਖਾ ਦਿੱਤਾ ਹੈ।

## ਟ੍ਰਿਬਿਊਨਲ

ਲਾਹੌਰ ਕਾਂਸਪੀਰੇਸੀ ਕੇਸ ਆਰਡੀਨੈਂਸ, ਜਿਸਦੇ ਤਹਿਤ ਟ੍ਰਿਬਿਊਨਲ ਦੀ ਸਥਾਪਨਾ ਕੀਤੀ ਗਈ ਸੀ, ਗਵਰਨਰ ਜਨਰਲ ਲਾਰਡ ਇਰਵਨ ਨੇ ਆਪਣੇ ਅਖੌਤੀ ਅਧਿਕਾਰ, ਜੋ ਉਸਨੂੰ ਗਵ੍ਰਨਮੈਂਟ ਆਫ਼ ਇੰਡੀਆ ਐਕਟ 1919 ਦੀ ਧਾਰਾ 72 ਦੇ ਅੰਤਰਗਤ ਮਿਲੇ ਹੋਏ ਸਨ, ਨੂੰ ਵਰਤਦੇ ਹੋਏ ਜਾਰੀ ਕੀਤਾ ਸੀ। ਪਰ ਉਸੇ ਐਕਟ ਵਿਚ ਇਹ ਸ਼ਰਤ ਰੱਖੀ ਹੋਈ ਸੀ ਕਿ ਗਵਰਨਰ ਜਨਰਲ ਦਾ ਆਰਡੀਨੈਂਸ ਛੇ ਮਹੀਨੇ ਤੋਂ ਵੱਧ ਦੇਰ ਤਕ ਲਾਗੂ ਨਹੀਂ ਰਹਿ ਸਕਦਾ ਅਤੇ ਇਹ ਕੇਵਲ ਸੰਕਟ ਕਾਲ (ਐਮਰਜੈਂਸੀ) ਦੌਰਾਨ ਹੀ ਕੀਤਾ ਜਾ ਸਕਦਾ ਹੈ। ਐਸੀ ਐਮਰਜੈਂਸੀ ਤਾਂ ਕੋਈ ਨਹੀਂ ਸੀ। ਪਰ ਕਿਉਂਕਿ ਭਗਤ ਸਿੰਘ ਅਤੇ ਉਸਦੇ ਸਾਥੀ ਬਹੁਤ ਹੀ ਹਰਮਨ ਪਿਆਰੇ ਸਨ, ਅਤੇ ਉਹਨਾਂ ਦਾ ਪਿਆਰ ਲੋਕਾਂ ਵਿਚ ਦਿਨੋ ਦਿਨ ਵਧ ਰਿਹਾ ਸੀ ਜਿਸ ਪ੍ਰਕਾਰ ਉਹ ਆਪਣੀ ਮਿਸਾਲ ਨਾਲ ਲੋਕਾਂ ਨੂੰ ਪ੍ਰੇਰਿਤ ਕਰ ਰਹੇ ਸਨ, ਬਸਤੀਵਾਦੀ ਸਰਕਾਰ ਕੋਈ ਐਸਾ ਸਖ਼ਤ ਰਸਤਾ ਅਪਨਾਉਣਾ ਚਾਹੁੰਦੀ ਸੀ ਜਿਸ ਨਾਲ ਫਾਂਸੀ ਦੀ ਸਜ਼ਾ ਤਕ ਝੱਟ ਪਹੁੰਚ ਸਕੇ, ਵਿਸ਼ੇਸ਼ ਕਰ ਭਗਤ ਸਿੰਘ ਵਾਸਤੇ। ਨਾ ਕੋਈ ਜਿਊਰੀ ਬਣਨੀ ਸੀ ਤੇ ਨਾ ਹੀ ਫ਼ੈਸਲੇ ਦੇ ਵਿਰੁੱਧ ਕੋਈ ਅਪੀਲ ਹੋਣੀ ਸੀ, ਜਿਸਦੇ ਮੈਂਬਰ ਜਦ ਮਰਜ਼ੀ ਹਟਾਏ ਜਾ ਸਕਦੇ ਸਨ – ਜਿਹੜੇ ਸੱਚੀਂ ਦੋ ਮਹੀਨੇ ਮਗਰੋਂ ਹੀ ਹਟਾ ਦਿੱਤੇ ਗਏ ਸਨ। *ਜੇ ਮੁਲਜ਼ਮ ਕੋਰਟ ਵਿਚ ਹਾਜ਼ਰ ਹੋਣ ਲਈ ਬਹੁਤ ਕਮਜ਼ੋਰ ਹੋਣ (ਜਿਵੇਂ ਉਹ ਭੁੱਖ ਹੜਤਾਲ ਦੇ ਮਗਰੋਂ ਸਨ) ਜਾਂ ਸਿਆਸੀ ਰੋਸ, ਪੁਲੀਸ ਦੇ ਨਾਜਾਇਜ਼ ਵਰਤਾਰੇ ਕਾਰਨ, ਹਾਜ਼ਰ ਨਾ ਹੋਣ ਤਾਂ ਕਾਰਵਾਈ ਉਹਨਾਂ ਦੀ ਗ਼ੈਰਹਾਜ਼ਰੀ ਵਿਚ ਵੀ ਹੋ ਸਕਦੀ ਹੈ।*

ਇਹ ਕੋਈ ਅਦਾਲਤੀ ਟ੍ਰਿਬਿਊਨਲ ਨਹੀਂ ਸੀ। ਇਹ ਤਾਂ ਸਿਆਸੀ ਅਦਾਲਤ ਸੀ, ਜਿਸਨੂੰ ਖੁੱਲ੍ਹਮ ਖੁੱਲ੍ਹਾ ਤਾਨਾਸ਼ਾਹੀ ਸਰਕਾਰ ਨੇ ਇਸ ਸੰਦ ਵਜੋਂ ਵਰਤਿਆ ਸੀ ਤਾਂ ਜੋ ਭਾਰਤ ਮਾਤਾ ਦੇ ਸਰਵਉੱਤਮ ਪੁੱਤਰਾਂ ਨੂੰ ਖ਼ਤਮ ਕੀਤਾ ਜਾ ਸਕੇ – ਸਾਰੇ ਹੀ ਕਾਇਦੇ ਕਾਨੂੰਨਾਂ ਦੇ ਖ਼ਿਲਾਫ਼।

ਟ੍ਰਿਬਿਊਨਲ ਨੇ ਆਪਣੀ ਕਾਰਵਾਈ 5 ਮਈ, 1930 ਨੂੰ ਸ਼ੁਰੂ ਕੀਤੀ। ਜਦ ਮੁਲਜ਼ਮਾ ਨਾਲ 12 ਮਈ ਨੂੰ ਬਹੁਤ ਭੱਦਾ ਵਿਹਾਰ ਕੀਤਾ ਗਿਆ, ਹੱਥੋਪਾਈ ਕੀਤੀ ਗਈ ਅਦਾਲਤ ਵਿਚ ਹੀ, ਉਹ ਅਗੇ ਲਈ ਕਾਰਵਾਈ ਵਿਚ ਸ਼ਾਮਿਲ ਨਹੀਂ ਹੋਏ, ਅਤੇ ਕਾਰਵਾਈ ਉਹਨਾਂ ਦੀ ਗ਼ੈਰਹਾਜ਼ਰੀ ਵਿਚ "ਚੱਲਦੀ" ਰਹੀ। ਬਚਾਅ ਪੱਖ ਦੀ ਬੇਨਤੀ ਕਿ ਸਾਰੇ ਹੀ ਸਰਕਾਰੀ ਗਵਾਹਾਂ ਦਾ ਕਰਾਸ–ਐਗਜ਼ਾਮੀਨੇਸ਼ਨ ਕੀਤਾ ਜਾਵੇ ਅਤੇ ਬਚਾਅ ਪੱਖ ਨੂੰ ਹੋਰ ਸਮਾਂ ਦਿੱਤਾ ਜਾਵੇ ਤਾਂ ਜੋ ਸਬੂਤਾਂ ਦਾ ਪੂਰੀ ਤਰ੍ਹਾਂ ਅਧਿਐਨ ਕਰ ਸਕੇ, ਠੁਕਰਾ ਦਿੱਤੀ ਗਈ – ਕਿਉਂਕਿ ਕਾਰਵਾਈ ਛੇਤੀ ਛੇਤੀ ਕਰ ਕੇ ਛੇ ਮਹੀਨਿਆਂ ਤੋਂ ਪਹਿਲਾਂ ਖ਼ਤਮ ਕਰਨੀ ਚਾਹੁੰਦੇ ਸਨ, ਜਿਸਦੇ ਮਗਰੋ ਕਮਿਸ਼ਨ ਦੀ ਅਵਧੀ ਖ਼ਤਮ ਹੋ ਜਾਣੀ ਸੀ ਅਤੇ ਨਾਲ ਹੀ ਕਮਿਸ਼ਨ ਵੀ ਅਤੇ ਸਾਰੀ ਕਾਰਵਾਈ ਹੀ ਗ਼ੈਰਕਾਨੂੰਨੀ ਬਣ ਜਾਣੀ ਸੀ। ਇਸ ਲਈ ਪ੍ਰਾਸੀਕਿਊਟਰ ਨੇ ਆਪਣੀ ਕਾਰਵਾਈ 26 ਅਗਸਤ

ਨੂੰ ਹੀ ਖ਼ਤਮ ਕਰ ਦਿੱਤੀ ਤਾਂ ਜੋ ਸਾਰਾ ਮੁਕੱਦਮਾ 31 ਅਕਤੂਬਰ 1930 ਤਕ ਪੂਰਾ ਹੋ ਜਾਵੇ। 10 ਸਿਤੰਬਰ ਨੂੰ ਕਾਰਡਨ ਨੋਡ ਨੇ ਆਪਣਾ ਅੰਤਲਾ ਭਾਸ਼ਣ ਸਮਾਪਤ ਕੀਤਾ। ਇਕ ਮਹੀਨੇ ਤੋਂ ਘੱਟ ਸਮੇਂ ਮਗਰੋਂ, 7 ਅਕਤੂਬਰ 1930 ਨੂੰ, ਸਪੈਸ਼ਲ ਟ੍ਰਿਬਿਊਨਲ ਨੇ, ਜਿਹੜਾ ਮੁਕੱਦਮੇ ਦੀ ਸੁਣਵਾਈ ਕਰ ਰਿਹਾ ਸੀ, ਆਪਣਾ ਫ਼ੈਸਲਾ ਸੁਣਾ ਦਿੱਤਾ, ਤਿੰਨਾਂ ਨੂੰ ਬਰੀ ਕਰਦਿਆਂ ਅਤੇ ਬਾਕੀਆਂ ਨੂੰ ਦੋਸ਼ੀ ਕਰਾਰ ਦਿੰਦਿਆਂ। ਜਦ ਕਿ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਸੱਤਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ, ਬਾਕੀ ਦੋ ਨੂੰ ਸੱਤ ਤੇ ਪੰਜ ਸਾਲ ਦੀ ਕੈਦ ਬਾਮੁਸ਼ੱਕਤ ਮਿਲੀ।

ਨਹਿਰੂ ਵੀ, ਜਿਸ ਦਾ ਵਤੀਰਾ, ਸ਼੍ਰੇਣੀ ਅਤੇ ਆਪਣੇ ਹਿਤ ਦੇ ਕਾਰਣ, ਅਤੇ ਗਾਂਧੀ ਦੇ ਭੈੜੇ ਪ੍ਰਭਾਵ ਕਾਰਣ, ਜਿਸਦਾ ਅਹਿੰਸਾ ਪ੍ਰਚਾਰ ਇਕਪਾਸੜ ਸੀ, ਅਤੇ ਅਹਿੰਸਾ 'ਤੇ ਹੀ ਜ਼ਿਦ ਕਰਦਾ ਸੀ ਚਾਹੇ ਜਨਤਾ ਉਪਰ ਸੋਸ਼ਣਕਾਰੀ ਕਿੰਨਾ ਵੀ ਜ਼ੁਲਮ ਕਰਨ ਅਤੇ ਸਦਾ ਮਿਲੀ-ਜੁਲੀ ਨੀਤੀ ਹੀ ਅਪਨਾਉਂਦਾ ਸੀ, ਨੇ ਵੀ ਕੋਰਟ ਦੇ ਫ਼ੈਸਲੇ ਬਾਰੇ ਬਹੁਤ ਹੀ ਗ਼ੁੱਸੇ ਅਤੇ ਦੁੱਖ ਨਾਲ ਆਪਣਾ ਪ੍ਰਤੀਕਰਮ ਪੇਸ਼ ਕੀਤਾ ਸੀ। ਇਕ ਭਾਸ਼ਣ ਵਿਚ ਜਿਹੜਾ ਉਸਨੇ ਇਲਾਹਾਬਾਦ ਵਿਖੇ 12 ਅਕਤੂਬਰ, 1930 ਨੂੰ ਦਿੱਤਾ, ਉਸਨੇ ਕਿਹਾ *"ਜੇ ਇੰਗਲੈਂਡ ਉਪਰ ਜਰਮਨੀ ਹਮਲਾ ਕਰ ਦੇਵੇ. . . ਕੀ ਲਾਰਡ ਇਰਵਨ ਲੋਕਾਂ ਨੂੰ ਇਹ ਨਸੀਹਤ ਦੇਣ ਤੁਰ ਪਏਗਾ ਕਿ ਹਮਲਾਵਰ ਦੇ ਖ਼ਿਲਾਫ਼ ਹਿੰਸਾ ਨਾ ਕਰੋ? ਜੇ ਉਹ ਐਸਾ ਕਰਨ ਨੂੰ ਤਿਆਰ ਨਹੀਂ ਹੈ, ਤਾਂ ਉਹ ਇਹ ਸਵਾਲ ਨਾ ਉਠਾਏ। ਇਹ ਮਹਾਤਮਾ ਗਾਂਧੀ ਅਤੇ ਹੋਰਨਾਂ ਲਈ ਹੈ, ਜਿਹੜੇ ਉਸ ਨਾਲ ਰਲ ਕੇ, ਇਸ ਵਿਚ ਵਿਸ਼ਵਾਸ ਰੱਖਦੇ ਹਨ, ਐਸਾ ਕਰਨ ਲਈ . . . .ਪਰ ਇਸ ਬਾਰੇ ਕੋਈ ਗ਼ਲਤ ਫਹਿਮੀ ਨਹੀਂ ਹੋਣੀ ਚਾਹੀਦੀ। ਚਾਹੇ ਮੈਂ ਉਸ ਨਾਲ ਸਹਿਮਤ ਹਾਂ ਕਿ ਨਹੀਂ, ਮੇਰਾ ਦਿਲ ਉਸਦੀ ਹਿੰਮਤ ਹੌਸਲੇ ਅਤੇ ਆਤਮ-ਸਨਮਾਨ, ਭਗਤ ਸਿੰਘ ਵਰਗੇ ਵਿਅਕਤੀ ਲਈ ਭਰਿਆ ਹੋਇਆ ਹੈ। ਭਗਤ ਸਿੰਘ ਵਰਗਾ ਹੌਸਲਾ ਕਿਸੇ ਵਿਚ ਬਹੁਤ ਘੱਟ ਹੁੰਦਾ ਹੈ. . . .ਜੇ ਵਾਇਸਰਾਏ ਇਹ ਉਮੀਦ ਕਰਦਾ ਹੈ ਕਿ ਅਸੀਂ ਉਸਦੀ ਅਤੇ ਉਸਦੇ ਉੱਚੇ ਆਦਰਸ਼ ਦੀ ਪ੍ਰਸ਼ੰਸਾ ਨਾ ਕਰੀਏ, ਤਾਂ ਉਹ ਗਲਤੀ 'ਤੇ ਹੈ। ਉਹ ਆਪਣੇ ਦਿਲ ਤੋਂ ਹੀ ਪੁੱਛੇ ਕਿ ਉਹ ਕੀ ਮਹਿਸੂਸ ਕਰਦਾ ਜੇ ਭਗਤ ਸਿੰਘ ਅੰਗ੍ਰੇਜ਼ ਹੁੰਦਾ ਅਤੇ ਇੰਗਲੈਂਡ ਲਈ ਕੰਮ ਕਰਦਾ?"*[183]

## ਭਗਤ ਸਿੰਘ ਦੇ ਅੰਤਿਮ ਦਿਨ

ਇਸੇ ਦੌਰਾਨ ਜਿਵੇਂ ਫ਼ੈਸਲੇ ਦਾ ਦਿਨ ਆ ਰਿਹਾ ਸੀ, ਆਪਣੀ ਪੈਤ੍ਰਿਕ ਭਾਵਨਾ ਨੂੰ ਨਾ ਰੋਕਦੇ ਹੋਏ, ਭਗਤ ਸਿੰਘ ਦੇ ਪਿਤਾ ਨੇ ਟ੍ਰਿਬਿਊਨਲ ਅੱਗੇ ਪਟੀਸ਼ਨ ਦਾਇਰ ਕੀਤੀ, ਉਸਦੀ ਜਾਨ ਬਚਾਉਣ ਲਈ ਆਖ਼ਰੀ ਯਤਨ ਕਰਨ ਲਈ। ਆਪਣੇ ਪਿਤਾ ਦੀ ਪਟੀਸ਼ਨ ਬਾਰੇ ਸੁਣ ਕੇ, ਭਗਤ ਸਿੰਘ ਗ਼ੁੱਸੇ ਨਾਲ ਲਾਲ ਪੀਲਾ ਹੋ ਗਿਆ ਅਤੇ ਆਪਣੇ ਪਿਤਾ ਨੂੰ ਇਕ ਇਤਰਾਜ਼ਯੋਗ ਪੱਤਰ ਲਿਖਿਆ, ਜਿਸ ਤੋਂ ਭਗਤ ਸਿੰਘ ਦਾ ਅਸਲੀ ਆਚਰਣ ਪ੍ਰਗਟ ਹੁੰਦਾ ਹੈ – ਆਚਰਣ ਜਿਹੜਾ ਉਹ ਜਿਉਂਦਾ ਸੀ ਅਤੇ ਬਾਕੀਆਂ ਤੋਂ ਵੀ ਐਸੇ ਆਚਰਣ ਦੀ ਉਮੀਦ ਰੱਖਦਾ ਸੀ, ਸਮੇਤ ਉਹਨਾਂ ਦੇ ਜਿਹਨਾਂ ਨੂੰ ਉਹ ਬਹੁਤ ਪਿਆਰ ਕਰਦਾ ਸੀ, ਸਤਿਕਾਰ ਕਰਦਾ ਸੀ, ਕਿ ਉਸ 'ਤੇ ਚੱਲਣ। ਭਗਤ ਸਿੰਘ ਦਾ ਪੂਰਾ ਪੱਤਰ 4 ਅਕਤੂਬਰ 1930 ਦੀ ਟ੍ਰਿਬਿਊਨ ਵਿਚ, ਫ਼ੈਸਲੇ ਤੋਂ ਕੇਵਲ ਤਿੰਨ ਦਿਨ ਪਹਿਲਾਂ, ਛਪਿਆ, ਜਿਸ ਵਿਚ ਉਸਦੀ ਮਹਾਨ ਹਿੰਮਤ, ਆਪਣੇ ਨਿਯਮ

ਪ੍ਰਤੀ ਵਫ਼ਾਦਾਰੀ ਅਤੇ ਆਤਮ-ਬਲੀਦਾਨ ਦੀ ਮਹਾਨ ਭਾਵਨਾ, ਪਰ ਨਾਲ ਹੀ, ਉਹ ਜ਼ਖ਼ਮ ਜੋ ਉਸਨੂੰ ਉਸਦੇ ਪਿਤਾ ਨੇ ਦਿੱਤਾ, ਜਿਸਨੂੰ ਉਹ ਪਿਆਰ ਵੀ ਕਰਦਾ ਸੀ ਤੇ ਸਤਿਕਾਰ ਵੀ। ਇਹ ਹੈ, ਜੋ ਹੋਰ ਗੱਲਾਂ ਤੋਂ ਇਲਾਵਾ, ਭਗਤ ਸਿੰਘ ਨੇ ਉਸ ਮੌਕੇ ਆਪਣੇ ਪਿਤਾ ਨੂੰ ਲਿਖਿਆ-

"ਮੇਰੇ ਪਿਆਰੇ ਪਿਤਾ ਜੀ,

*ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਤੁਸੀਂ ਟ੍ਰਿਬਿਊਨਲ ਦੇ ਮੈਂਬਰਾਂ ਅੱਗੇ ਇਕ ਪਟੀਸ਼ਨ ਦਿੱਤੀ ਹੈ ਮੇਰੇ ਬਚਾਅ ਵਿਚ। ਇਹ ਐਸੀ ਸੱਟ ਲੱਗੀ ਹੈ ਮੈਨੂੰ ਜੋ ਸਹਿਜ ਵਿਚ ਝੱਲੀ ਨਹੀਂ ਜਾ ਸਕਦੀ। ਇਸਨੇ ਮੇਰੇ ਮਨ ਦਾ ਸਾਰਾ ਤਵਾਜ਼ਨ ਵਿਗਾੜ ਦਿਤਾ ਹੈ।*

*ਮੈਂ ਇਹ ਨਹੀਂ ਸਮਝ ਸਕਿਆ ਹਾਂ ਕਿ ਤੁਸੀ ਇਹ ਕਿਵੇਂ ਯੋਗ ਸਮਝਿਆ ਕਿ ਐਸੀ ਪਟੀਸ਼ਨ ਦਿੱਤੀ ਜਾਵੇ ਐਸ ਸਟੇਜ 'ਤੇ ਅਤੇ ਇਹਨਾਂ ਹਾਲਾਤਾਂ ਵਿਚ। ਪਿਤਾ ਵਾਲੇ ਸਾਰੇ ਭਾਵਾਂ ਅਤੇ ਅਹਿਸਾਸ ਦੇ ਬਾਵਜੂਦ, ਮੈਂ ਨਹੀਂ ਸਮਝਦਾ ਕਿ ਤੁਹਾਨੂੰ ਕੋਈ ਵੀ ਐਸਾ ਹੱਕ ਸੀ ਕਿ ਮੇਰੇ ਵੱਲੋਂ ਅਤੇ ਮੇਰੇ ਨਾਲ ਸਲਾਹ ਕੀਤੇ ਬਿਨਾ, ਐਸਾ ਕਦਮ ਚੁੱਕੋਂ।*

*"ਮੇਰੀ ਜ਼ਿੰਦਗੀ ਐਨੀ ਕੀਮਤੀ ਨਹੀਂ ਹੈ, ਘੱਟੋ ਘੱਟ ਮੇਰੇ ਲਈ, ਜਿੰਨੀ ਸ਼ਾਇਦ ਤੁਸੀਂ ਸੋਚ ਰਹੇ ਹੋ। ਆਪਣੇ ਅਸੂਲਾਂ ਦੀ ਕੀਮਤ ਦੇ ਕੇ ਇਸਨੂੰ ਖ਼ਰੀਦਣ ਦਾ ਕੋਈ ਲਾਭ ਨਹੀਂ ਹੈ। ਮੇਰੇ ਹੋਰ ਵੀ ਸਾਥੀ ਹਨ, ਜਿਹਨਾਂ ਦਾ ਮਾਮਲਾ ਵੀ ਐਨਾ ਹੀ ਗੰਭੀਰ ਹੈ ਜਿੰਨਾ ਮੇਰਾ। ਅਸੀਂ ਸਾਂਝੀ ਨੀਤੀ ਅਪਣਾਈ ਸੀ ਅਤੇ ਅਸੀਂ ਅੰਤ ਤਕ ਉਸ 'ਤੇ ਖੜ੍ਹੇ ਰਹਾਂਗੇ, ਚਾਹੇ ਸਾਨੂੰ ਕੁਝ ਵੀ ਵਿਅਕਤੀਗਤ ਤੌਰ 'ਤੇ ਇਸ ਲਈ ਕਰਨਾ ਪਵੇ।*

*"ਪਿਤਾ ਜੀ, ਮੈਂ ਬਿਲਕੁਲ ਹੈਰਾਨ ਹਾਂ। ਮੈਨੂੰ ਡਰ ਹੈ ਕਿ ਮੈਂ ਆਮ ਆਦਰ ਵੀ ਭੁੱਲ ਜਾਵਾਂ ਅਤੇ ਮੇਰੀ ਭਾਸ਼ਾ ਰਤਾ ਖ਼ਰਵੀ ਹੋ ਜਾਵੇ ਜਦ ਮੈਂ ਤੁਹਾਡੇ ਇਸ ਕਦਮ ਦੀ ਨੁਕਤਾਚੀਨੀ ਕਰਾਂ, ਨਿਖੇਧੀ ਕਰਾਂ। ਮੈਨੂੰ ਸਾਫ਼ ਤੌਰ 'ਤੇ ਕਹਿਣ ਦਿਓ। ਮੈਨੂੰ ਲੱਗਦਾ ਹੈ ਜਿਵੇਂ ਮੇਰੀ ਪਿੱਠ ਵਿਚ ਛੁਰਾ ਮਾਰ ਦਿੱਤਾ ਗਿਆ ਹੈ। ਜੇ ਕੋਈ ਹੋਰ ਵਿਅਕਤੀ ਇੰਝ ਕਰਦਾ ਤਾਂ ਮੈਂ ਇਸਨੂੰ ਗ਼ੱਦਾਰੀ ਤੋਂ ਘੱਟ ਨਾ ਸਮਝਦਾ। ਪਰ ਤੁਹਾਡੇ ਲਈ ਮੈਂ ਇਹ ਕਹਾਂਗਾ ਕਿ ਇਹ ਕਮਜ਼ੋਰੀ ਹੈ – ਇਕ ਬਹੁਤ ਹੀ ਭੈੜੀ ਕਿਸਮ ਦੀ ਕਮਜ਼ੋਰੀ।*

*" ਇਹ ਉਹ ਸਮਾਂ ਸੀ ਜਦ ਹਰ ਇਕ ਦੇ ਜਿਗਰੇ ਦਾ ਇਮਤਿਹਾਨ ਹੋ ਰਿਹਾ ਸੀ। ਪਿਤਾ ਜੀ, ਮੈਨੂੰ ਇਹ ਕਹਿਣ ਦਿਓ ਕਿ ਤੁਸੀਂ ਫੇਲ ਹੋ ਗਏ ਹੋ। ਮੈਨੂੰ ਪਤਾ ਹੈ ਕਿ ਤੁਸੀ ਦਿਲੋਂ ਓਨੇ ਹੀ ਦੇਸ਼ ਭਗਤ ਹੋ ਜਿੰਨਾ ਹੋਰ ਕੋਈ ਹੋ ਸਕਦਾ ਹੈ। ਮੈਨੂੰ ਪਤਾ ਹੈ ਤੁਸੀਂ ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਆਪਣਾ ਜੀਵਨ ਲਾਇਆ ਹੋਇਆ ਹੈ, ਪਰ ਕਿਉਂ, ਇਸ ਵੇਲੇ ਤੁਸੀਂ ਐਨੀ ਕਮਜ਼ੋਰੀ ਦਿਖਾਈ ਹੈ? ਮੈ ਸਮਝ ਨਹੀਂ ਸਕਦਾ।*

*"ਅੰਤ ਵਿਚ, ਮੈ ਆਪ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰੇ ਹੋਰ ਮਿੱਤਰ ਅਤੇ ਹੋਰ ਸਾਰੇ ਜੋ ਮੇਰੇ ਇਸ ਮਾਮਲੇ ਵਿਚ ਦਿਲਚਸਪੀ ਰੱਖਦੇ ਹਨ ਕਿ ਮੈਂ ਤੁਹਾਡਾ ਇਹ ਕਦਮ ਪ੍ਰਵਾਨ ਨਹੀਂ ਕੀਤਾ ਹੈ।*

*"ਮੈਂ ਚਾਹੁੰਦਾ ਹਾਂ ਕਿ ਪਬਲਿਕ ਨੂੰ ਇਸ ਉਲਝਣ ਬਾਰੇ ਪੂਰਾ ਪਤਾ ਲੱਗੇ ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰਾ ਇਹ ਪੱਤਰ ਪ੍ਰਕਾਸ਼ਿਤ ਕਰ ਦਿਓ।*

*'ਆਪ ਜੀ ਦਾ ਪਿਆਰਾ ਪੁੱਤਰ, ਭਗਤ ਸਿੰਘ"*[184]

3 ਮਾਰਚ 1931 ਨੂੰ ਭਗਤ ਸਿੰਘ ਪਰਿਵਾਰ ਨੂੰ ਆਖ਼ਰੀ ਵਾਰ ਮਿਲਿਆ। ਆਪਣੇ

ਨਿੱਕੇ ਭਰਾ ਦੀਆਂ ਅੱਖਾਂ ਵਿਚ ਹੰਝੂ ਦੇਖ ਕੇ ਉਹ ਦੁਖੀ ਹੋਇਆ। ਭਗਤ ਸਿੰਘ ਨੇ ਉਸਨੂੰ ਇਕ ਪੱਤਰ ਲਿਖਿਆ – ਬਹੁਤ ਕਰਣਾਮਈ ਅਤੇ ਪ੍ਰੇਰਕ। ਅਸਲੀ, ਉਰਦੂ ਵਿਚ ਲਿਖਿਆ, ਇਥੇ ਦਿੱਤਾ ਜਾਂਦਾ ਹੈ।

ਇੰਗਲਿਸ਼ ਵਿਚ ਇਸਦਾ ਤਰਜਮਾ ਪੂਰਾ ਇਨਸਾਫ਼ ਨਹੀਂ ਕਰਦਾ ਜਿਸ ਪ੍ਰਕਾਰ ਸ਼ਕਤੀਸ਼ਾਲੀ ਨਜ਼ਮਾਂ ਲਿਖੀਆਂ ਹਨ। ਸਾਡੇ ਪਾਠਕ ਜਿਹਨਾਂ ਨੂੰ ਉਰਦੂ ਭਾਸ਼ਾ ਦਾ ਗਿਆਨ ਹੈ ਉਹ ਇਸਦੀ ਪੂਰੀ ਭਾਵਨਾ ਦੀ ਗਹਿਰਾਈ ਸਮਝ ਸਕਦੇ ਹਨ, ਵਲਵਲਿਆਂ ਨੂੰ ਨਾਪ ਸਕਦੇ ਹਨ ਜੋ ਭਗਤ ਸਿੰਘ ਨੇ ਇਸ ਬਹੁਤ ਸੰਖੇਪ ਪੱਤਰ ਵਿਚੇ ਲਿਖੇ ਹਨ –

"3 ਮਾਰਚ, 1931

"ਅਜ਼ੀਜ਼ ਕੁਲਤਾਰ,

"ਆਜ ਤੁਮਹਾਰੀ ਆਂਖੋਂ ਮੇਂ ਆਂਸੂ ਦੇਖਕਰ ਬਹੁਤ ਰੰਜ ਹੁਆ। ਆਜ ਤੁਮਹਾਰੀ ਬਾਤ ਮੇਂ ਬਹੁਤ ਦਰਦ ਥਾ। ਤੁਮਹਾਰੇ ਆਂਸੂ ਮੁਝ ਸੇ ਬਰਦਾਸ਼ਤ ਨਹੀਂ ਹੁਏ।

"ਬਰਖ਼ੁਰਦਾਰ, ਹਿੰਮਤ ਸੇ ਤਾਲੀਮ ਹਾਸਿਲ ਕਰਤੇ ਜਾਨਾ ਔਰ ਸਿਹਤ ਕਾ ਖ਼ਿਆਲ ਰਖਨਾ।

'ਹੌਸਲਾ ਰਖਨਾ। ਔਰ ਕਿਆ ਲਿਖੂੰ – ਸ਼ਾਇਰੀ ਮੇਂ ਕਿਆ ਕਹੂੰ ਸੁਣੋ –
ਉਸੇ ਯੇਹ ਫ਼ਿਕਰ ਹਰ ਦਮ ਨਯਾ ਤਰਜ਼ੇ ਜਫ਼ਾ ਕਯਾ ਹੈ
ਹਮੇਂ ਯੇਹ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਿਹਾ ਕਯਾ ਹੈ
ਦੈਰ ਸੇ ਕਯੋਂ ਖ਼ਫ਼ਾ ਰਹੇਂ ਔਰ ਕਯੋਂ ਗਿਲਾ ਕਰੇਂ
ਹਮਾਰਾ ਜਹਾਂ ਹੈ ਸਹੀ, ਆਓ ਮੁਕਾਬਲਾ ਕਰੇਂ
ਕੋਈ ਦਮ ਕਾ ਮਹਿਮਾਨ ਹੂੰ ਐ ਅਹਿਲੇ ਮਹਿਫ਼ਲ
ਚਿਰਾਗ਼ੇ ਸਹਿਰ ਹੂੰ, ਬੁਝਾ ਚਾਹਤਾ ਹੂੰ
ਮੇਰੀ ਹਵਾ ਮੇਂ ਰਹੇਗੀ ਖ਼ਯਾਲ ਕੀ ਖ਼ੁਸ਼ਬੂ
ਯੇਹ ਮੁਸ਼ਤੇ ਖ਼ਾਕ ਹੈ, ਫ਼ਾਨੀ ਰਹੇ ਨਾ ਰਹੇ
ਅੱਛਾ ਰੁਖ਼ਸਤ
ਖ਼ੁਸ਼ ਰਹੋ ਅਹਿਲੇ ਵਤਨ ਹਮ ਤੋ ਸਫ਼ਰ ਕਰਤੇ ਹੈਂ.
ਹੌਸਲੇ ਸੇ ਰਹਿਨਾ
ਨਮਸਤੇ,
ਤੁਮਹਾਰਾ ਭਾਈ, ਭਗਤ ਸਿੰਘ।

ਪਹਿਲੀਆ ਅੱਠ ਸਤਰਾਂ ਹਨ ਮੁਹੰਮਦ ਇਕਬਾਲ, ਜੋ ਭਾਰਤੀ ਉਪ ਮਹਾਂਦੀਪ ਦੇ ਸਭ ਤੋਂ ਵੱਡੇ ਲੇਖਕਾਂ ਵਿਚੋਂ ਸੀ, ਦੀ ਇਕ ਕਵਿਤਾ ਵਿਚੋਂ, ਅਤੇ ਆਖਿਰੀ ਸਤਰ, ਅੱਛਾ ਰੁਖ਼ਸਤ ਦੇ ਮਗਰੋਂ, ਵਾਜਿਦ ਅਲੀ ਸ਼ਾਹ ਦੀ, ਜਿਹੜੀ ਉਹਨੇ ਸੁਣਾਈ ਸੀ ਜਦ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਉਸਨੂੰ ਲਖਨਊ ਵਿਚੋਂ ਕੱਢ ਦਿਤਾ ਸੀ, ਉਸਨੂੰ ਗੱਦੀਓਂ ਲਾਹ ਕੇ ਅਵਧ ਉੱਪਰ ਕਬਜ਼ਾ ਕਰ ਲਿਆ ਸੀ। ਅਸਲੀ ਕਵਿਤਾ ਇੰਜ ਸੀ –

"ਦਰੋ ਦੀਵਾਰ ਪੇ ਹਸਰਤ ਸੇ ਨਜ਼ਰ ਕਰਤੇ ਹੈਂ
ਖ਼ੁਸ਼ ਰਹੋ ਅਹਿਲੇ ਵਤਨ, ਹਮ ਤੋਂ ਸਫ਼ਰ ਕਰਤੇ ਹੈਂ[185]

ਭਗਤ ਸਿੰਘ ਨੇ ਜਾਣ ਬੁੱਝ ਕੇ ਉਪਰਲੇ ਸ਼ਿਅਰ ਦੀ ਪਹਿਲੀ ਸਤਰ ਛੱਡ ਦਿੱਤੀ ਸੀਂ। ਏ.ਜੀ. ਨੂਰਾਨੀ, ਬੜੀ ਵਧੀਆ ਪੁਸਤਕ, ਦੀ ਟਰਾਇਲ ਆਫ਼ ਭਗਤ ਸਿੰਘ, ਵਿਚ ਠੀਕ ਕਹਿੰਦਾ ਹੈ ਕਿ *ਇਹ ਜਾਣ ਕੇ ਹੀ ਛੱਡੀ ਸੀ ... .ਉਹ ਭਗਤ ਸਿੰਘ ਦੇ ਅਹਿਸਾਸ ਦੀ ਨ.ਫਾਸਤ ਅਤੇ ਹੌਸਲੇ ਬਾਰੇ ਬਹੁਤ ਕੁਛ ਲਿਖਦਾ ਹੈ ਕਿਉਂਕਿ ਭਗਤ ਸਿੰਘ ਨੇ ਉਸ ਦੁਨੀਆਂ ਨਾਲ ਕੋਈ ਮੋਹ ਨਹੀਂ ਜਿਤਾਇਆ ਜਿਹੜੀ ਉਹ ਛੱਡ ਕੇ ਜਾਣ ਵਾਲਾ ਸੀ। ਉਹ ਪਿੱਛੇ ਮੁੜ ਕੇ ਦੇਖਣਾ ਹੀ ਨਹੀਂ ਚਾਹੁੰਦਾ ਸੀ। ਉਹ ਦੁਨੀਆਂ ਨੂੰ ਹੱਸਦੇ ਹੱਸਦੇ ਛੱਡ ਗਿਆ, ਇਸ ਗੱਲੋਂ ਸੁਨਿਸ਼ਚਿਤ ਕਿ ਉਹ ਇਮਾਨਦਾਰੀ ਅਤੇ ਹਿੰਮਤ ਦੇ ਇਕ ਚਿੰਨ ਵਾਂਗ ਆਪਣੇ ਦੇਸ ਵਾਸੀਆਂ ਦੇ ਦਿਲਾਂ ਵਿਚ ਜਿਉਂਦਾ ਰਹੇਗਾ।"*[186.]

ਜਦ ਜ਼ਿੰਦਗੀ ਦਾ ਅੰਤ ਨੇੜੇ ਹੋਰ ਨੇੜੇ ਆ ਰਿਹਾ ਸੀ, ਭਗਤ ਸਿੰਘ ਦਾ ਸਮਾਜਵਾਦ ਅਤੇ ਕਮਿਉਨਿਜ਼ਮ ਵਿਚ ਦ੍ਰਿੜ੍ਹ ਵਿਸ਼ਵਾਸ ਹੋਰ ਪੱਕਾ ਹੋਈ ਜਾ ਰਿਹਾ ਸੀ। ਆਪਣੇ ਅਦਾਲਤੀ ਕਤਲ ਦੇ ਕੁਝ ਦਿਨ ਪਹਿਲਾਂ ਹੀ, ਮਾਰਚ 1931 ਵਿਚ, ਪੰਜਾਬ ਦੇ ਗਵਰਨਰ ਦੇ ਨਾਮ ਇਕ ਚਿੱਠੀ ਵਿਚ ਉਸਨੇ ਆਪਣੇ ਆਪ ਨੂੰ ਇਸ ਪ੍ਰਕਾਰ ਪ੍ਰਗਟ ਕੀਤਾ ਸੀ – "ਆਉ ਇਹ ਐਲਾਨ ਕਰੀਏ ਕਿ ਜੰਗ ਦੀ ਹਾਲਤ ਬਣੀ ਹੋਈ ਹੈ ਅਤੇ ਬਣੀ ਹੀ ਰਹੇਗੀ ਜਦ ਤਕ ਭਾਰਤੀ ਮਿਹਨਤਕਸ਼ ਮੁੱਠੀ ਭਰ ਪਿੱਸੂਆਂ ਦੇ ਹੱਥੋਂ ਸੋਸ਼ਿਤ ਹੁੰਦੇ ਰਹਿਣਗੇ। ਉਹ ਚਾਹੇ ਪੂਰੇ ਬ੍ਰਿਟਿਸ਼ ਪੂੰਜੀਪਤੀ ਹੋਣ, ਜਾਂ ਮਿਲੇ ਜੁਲੇ ਅਤੇ ਭਾਰਤੀ, ਜਾਂ ਕੇਵਲ ਭਾਰਤੀ। ਉਹ ਆਪਣਾ ਕਪਟੀ ਸੋਸ਼ਣ ਮਿਲੇ ਜੁਲੇ ਜਾਂ ਪੂਰੀ ਤਰ੍ਹਾਂ ਭਾਰਤੀ ਨੌਕਰਸ਼ਾਹੀ ਦੇ ਹੱਥੋਂ ਕਰਾਉਂਦੇ ਹੋਣ। ਇਹਨਾਂ ਸਭ ਗੱਲਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਹ ਜੰਗ ਤਾਂ ਜਾਰੀ ਰਹੇਗੀ। ਇਹ ਵਧੇਰੀ ਤਾਕਤ, ਜੁਰਅਤ ਅਤੇ ਨਾ ਡੋਲਣ ਵਾਲੀ ਦ੍ਰਿੜ੍ਹਤਾ ਨਾਲ ਲੜੀ ਜਾਏਗੀ ਜਦ ਤਕ ਸਮਾਜਵਾਦੀ ਰਿਪਬਲਿਕ ਦੀ ਸਥਾਪਨਾ ਨਹੀਂ ਹੋ ਜਾਂਦੀ।"[187]

ਉਸ ਸਮੇਂ ਜਦ ਇਹ ਲੱਗਦਾ ਸੀ ਕਿ ਸਭ ਕੁਝ ਖੋਹਿਆ ਗਿਆ ਹੈ, ਉਪਰੋਕਤ ਸਤਰਾਂ ਲਿਖਣਾ ਇਕ ਬਹੁਤ ਵਧੀਆ ਢੰਗ ਦੇ ਇਤਿਹਾਸ ਅਤੇ ਇਸਦੇ ਕਾਨੂੰਨ ਦੇ ਗਿਆਨ ਅਤੇ ਸਮਝ ਦਾ ਸੂਚਕ ਹੈ, ਉਸਦੀ ਦ੍ਰਿੜ੍ਹਤਾ, ਖੁਸ਼ੀ ਭਰਿਆ ਆਸ਼ਾਵਾਦੀ ਸੁਭਾਅ ਅਤੇ ਜੁਰਅਤ ਜੋ ਉਹਨਾਂ ਵਿਚ ਦਰਸਾਈ ਗਈ ਹੈ। ਐਸੇ ਸਮੇਂ ਜਦ ਭਾਰਤ ਦੇ ਵਿਦੇਸ਼ੀ ਹਾਕਮ ਭਾਰਤੀ ਜਨਤਾਂ ਵੱਲੋਂ ਨਫ਼ਰਤ ਦੀ ਨਿਗਾਹ ਨਾਲ ਦੇਖੇ ਜਾਂਦੇ ਸਨ, ਇਹ ਵਿਚਾਰ ਪ੍ਰਗਟ ਕਰਨੇ ਕਿ ਇਹ ਸ਼ੋਸ਼ਣ ਭਰਪੂਰ ਪ੍ਰਬੰਧ ਉਖਾੜ ਕੇ ਸੁੱਟ ਦੇਣ ਦੀ ਜਦੋ ਜਹਿਦ ਜਾਰੀ ਰਹੇਗੀ ਭਾਵੇ ਬਿਟਿਸ਼ ਸੋਸ਼ਣ ਦੀ ਥਾਂ ਭਾਰਤੀ ਸੋਸ਼ਣ ਹੀ ਕਿਉਂ ਨ ਮੱਲ ਲਵੇ, ਉਸ ਸਮੇਂ ਅਤੇ ਸਥਿਤੀ ਵਾਸਤੇ ਬਹੁਤ ਹੀ ਮਹੱਤਵਪੂਰਨ ਸੀ ਅਤੇ ਸਿੱਧ ਕਰਦਾ ਹੈ ਕਿ ਉਹ ਇਸ ਸੰਘਰਸ਼ ਦੇ ਆਰ ਪਾਰ ਵੀ ਦੇਖ ਸਕਦਾ ਸੀ ਭਾਵ ਵਿਦੇਸ਼ੀ ਗੁਲਾਮੀ ਤੋਂ ਮੁਕਤੀ ਦੇ ਅੱਗੇ ਵੀ ਦੇਖਦਾ ਸੀ।

ਜਤਿਨ ਦਾਸ, ਭਗਵਤੀ ਚਰਨ ਵੋਹਰਾ ਅਤੇ ਚੰਦਰ ਸ਼ੇਖ਼ਰ ਆਜ਼ਾਦ ਦੀਆਂ ਸਰਵਉੱਤਮ ਕੁਰਬਾਨੀਆਂ ਦਾ ਜ਼ਿਕਰ ਕਰਦੇ ਹੋਏ, ਭਗਤ ਸਿੰਘ ਆਪਣੀ ਚਿੱਠੀ ਨੂੰ ਸਮਾਪਤ ਕਰਦਿਆਂ ਪੰਜਾਬ ਗਵਰਨਰ ਨੂੰ ਕਹਿੰਦਾ ਹੈ, *"ਕਿਉਂਕਿ ਅਦਾਲਤ ਨੇ ਆਪਣੇ ਫ਼ੈਸਲੇ ਵਿਚ ਇਹ ਕਿਹਾ ਹੈ ਕਿ ਉਸਨੇ ਅਤੇ ਉਸਦੇ ਇਨਕਲਾਬੀ ਸਾਥੀਆਂ ਨੇ ਬ੍ਰਿਟਿਸ਼ ਕਰਾਉਨ ਦੇ ਵਿਰੁੱਧ ਜੰਗ ਲੜੀ ਸੀ, ਇਸ ਲਈ ਉਹ ਜੰਗੀ ਕੈਦੀ ਹਨ ਅਤੇ ਇਸ ਲਈ ਉਹਨਾਂ ਦਾ ਅਧਿਕਾਰ ਹੈ ਕਿ ਉਹਨਾਂ ਨੂੰ ਗੋਲੀ ਮਾਰੀ ਜਾਏ ਨਾ ਕਿ ਫਾਂਸੀ ਦਿੱਤੀ ਜਾਏ।"* ਭਗਤ ਸਿੰਘ ਅੱਗੇ ਕਹਿੰਦਾ ਹੈ *"ਇਹ ਤੁਹਾਡੇ*

*'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੀ ਕਾਰਵਾਈ ਨਾਲ ਸਾਬਤ ਕਰੋ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ ਇਹੀ ਤੁਹਾਡਾ ਮਤਲਬ ਹੈ। ਅਸੀ ਦਿਲੋਂ ਇਹ ਬੇਨਤੀ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਤੁਸੀਂ ਆਪਣੇ ਮਿਲਟਰੀ ਮਹਿਕਮੇ ਨੂੰ ਹੁਕਮ ਦਿਉਗੇ ਕਿ ਉਹ ਫ਼ੌਜ ਦੀ ਇਕ ਟੁਕੜੀ ਭੇਜਣ ਜਾਂ ਸ਼ੂਟਿੰਗ ਪਾਰਟੀ ਭੇਜਣ ਜਿਹੜੀ ਸਾਨੂੰ ਮੌਤ ਦੇ ਘਾਟ ਉਤਾਰੇ।"*[188]

ਆਪਣੇ ਜੀਵਨ ਦੇ ਬਿਲਕੁਲ ਅੰਤ ਤਕ, ਭਗਤ ਸਿੰਘ ਪੂਰੀ ਤਰ੍ਹਾਂ ਵਿਚਾਰਵਾਨ ਰਿਹਾ ਤੀਖਣ ਬੁੱਧੀ ਦਾ ਮਾਲਿਕ ਰਿਹਾ। 22 ਮਾਰਚ ਨੂੰ, ਫਾਂਸੀ ਲੱਗਣ ਤੋਂ ਇਕ ਦਿਨ ਪਹਿਲਾਂ, ਉਸਦੇ ਇਨਕਲਾਬੀਆਂ ਸਾਥੀਆਂ ਨੇ ਜੇਲ੍ਹ ਵਿਚੋਂ ਇਕ ਰੁੱਕਾ ਭੇਜਿਆ ਜਿਸ ਵਿਚ ਇਹ ਸਵਾਲ ਪੁਛਿਆ ਸੀ ਕਿ ਕੀ ਉਹ ਜੀਉਂਦਾ ਰਹਿਣਾ ਚਾਹੇਗਾ? ਉਸਦਾ ਜਵਾਬ, ਜਿਵੇਂ ਸਦਾ ਹੀ ਉਹ ਦੂਰਦਰਸ਼ੀ-ਸੂਝਵਾਨ ਰਿਹਾ ਸੀ, ਹੇਠ ਲਿਖਿਆ ਚਿਤ੍ਰ ਬਣਾਉਂਦਾ ਹੈ - ਉਸਦੀ ਜੀਉਣ ਦੀ ਇੱਛਾ ਅਤੇ ਉਸ ਜੀਵਨ ਦਾ ਉਦੇਸ਼, ਅਤੇ ਨਾਲ ਹੀ ਇਨਕਲਾਬੀ ਪਾਰਟੀ ਦੀਆਂ ਕੁਰਬਾਨੀਆਂ ਅਤੇ ਉਸਨੂੰ ਐਨਾ ਉੱਚਾ ਚੜ੍ਹਾਉਣ ਵਿਚ ਸਹਾਈ ਹੋਣਾ, ਆਦਿ-

"ਜਿਉਂਦੇ ਰਹਿਣ ਦੀ ਇੱਛਾ ਤਾਂ ਕੁਦਰਤੀ ਗੱਲ ਹੈ। ਇਹ ਮੇਰੇ ਵਿਚ ਵੀ ਹੈ। ਮੈ ਉਹ ਛੁਪਾਉਣਾ ਨਹੀਂ ਚਾਹੁੰਦਾ। ਪਰ ਇਹਦੇ ਨਾਲ ਸ਼ਰਤ ਹੈ। ਮੈਂ ਇਕ ਕੈਦੀ ਦੇ ਤੌਰ 'ਤੇ ਜਾਂ ਬੰਦਸ਼ਾਂ ਅੰਦਰ ਨਹੀਂ ਜਿਉਣਾ ਚਾਹੁੰਦਾ। ਮੇਰਾ ਨਾਮ ਭਾਰਤੀ ਇਨਕਲਾਬ ਦਾ ਚਿਹਨ ਬਣ ਗਿਆ ਹੈ। ਇਨਕਲਾਬੀ ਪਾਰਟੀ ਦੇ ਆਦਰਸ਼ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਾ ਚੁੱਕ ਦਿਤਾ ਹੈ ਅਤੇ ਮੈਂ ਜਿਉਂਦਾ ਰਹਿ ਕੇ ਵੀ ਉਸ ਤੋਂ ਉੱਚਾ ਨਹੀਂ ਉੱਠ ਸਕਦਾ। ਹਾਂ ਇਕ ਗੱਲ ਮੈਨੂੰ ਅੱਜ ਵੀ ਚੁਭਦੀ ਹੈ। ਮੇਰੇ ਦਿਲ ਵਿਚ ਇਹ ਤਮੰਨਾ ਪਲੀ ਹੋਈ ਸੀ ਕਿ ਮੈਂ ਇਨਸਾਨੀਅਤ ਅਤੇ ਆਪਣੇ ਦੇਸ ਲਈ ਕੁਝ ਕਰਾਂਗਾ। ਮੈਂ ਉਸ ਤਮੰਨਾ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਮੈਂ ਜਿਉਂਦਾ ਰਹਾਂ ਤਾਂ ਸ਼ਾਇਦ ਪੂਰਾ ਕਰਨ ਦਾ ਮੈਨੂੰ ਮੌਕਾ ਮਿਲੇ। ਜੇ ਕਦੇ ਮੇਰੇ ਮਨ ਵਿਚ ਆਇਆ ਕਿ ਮੈਨੂੰ ਮਰਨਾ ਨਹੀਂ ਚਾਹੀਦਾ, ਤਾਂ ਇਸੇ ਨਿਸ਼ਾਨੇ ਦੀ ਪੂਰਤੀ ਲਈ ਹੀ ਆਇਆ ਹੈ। ਅੱਜ ਕਲ ਮੈਨੂੰ ਆਪਣੇ ਆਪ 'ਤੇ ਮਾਣ ਹੈ ਅਤੇ ਮੈਂ ਆਖ਼ਰੀ ਇਮਤਿਹਾਨ ਦਾ ਇੰਤਜ਼ਾਰ ਕਰ ਰਿਹਾ ਹਾਂ। ਮੈਂ ਚਾਹੁੰਦਾ ਹਾਂ ਉਹ ਦਿਨ ਬਹੁਤ ਨੇੜੇ ਆ ਜਾਵੇ ਤੁਹਾਡਾ ਸਾਥੀ, ਭਗਤ ਸਿੰਘ"[189]

ਜਿਵੇਂ ਸਿਆਸਤ ਦੇ ਸਵਾਲਾਂ ਵਿਚ, ਓਵੇਂ ਹੀ ਧਰਮ ਦੇ ਸਵਾਲਾਂ ਵਿਚ - ਭਗਤ ਸਿੰਘ ਦੀ ਆਪਣੇ ਅਸੂਲਾਂ ਪ੍ਰਤੀ ਵਫ਼ਾਦਾਰੀ ਅਤੇ ਵਿਸ਼ਵਾਸਾਂ ਵਿਚ ਯਕੀਨ ਉਸ ਕੋਲੋਂ ਝਟ ਆਉਣ ਵਾਲੀ ਮੌਤ ਦੇ ਮੂੰਹ ਵਿਚੋਂ ਵੀ, ਨਹੀਂ ਗਿਆ। ਮਨਮਥ ਗੁਪਤਾ ਜਿਹੜਾ ਕਾਕੋਰੀ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਸੀ, ਉਸਨੇ 23 ਮਾਰਚ 1931 ਦੇ ਹਾਲਾਤ ਇਸ ਪ੍ਰਕਾਰ ਮੁੜ ਜੋੜੇ ਹਨ, ਜਿਹੜਾ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਜ਼ਿੰਦਗੀ ਦਾ ਆਖ਼ਰੀ ਦਿਨ ਸੀ। ਇਹ ਹੁਕਮ ਮਿਲਣ ਦੇ ਮਗਰੋਂ ਕਿ ਉਹਨਾਂ ਨੂੰ ਫਾਂਸੀ ਉਸੇ ਸ਼ਾਮ ਨੂੰ ਦਿੱਤੀ ਜਾਵੇਗੀ, ਜੇਲ ਦਾ ਚੀਫ਼ ਵਾਰਡਨ, ਇਕ ਰੱਬ ਤੋਂ ਡਰਨ ਵਾਲਾ ਬੰਦਾ, ਜਿਸਦਾ ਨਾਮ ਚਤਰ ਸਿੰਘ ਸੀ, ਭਗਤ ਸਿੰਘ ਦੇ ਕੋਲ ਇਕ

ਗੁਟਕਾ (ਗੁਰਬਾਣੀ ਹੈਂਡਬੁਕ) ਲੈ ਕੇ ਗਿਆ ਅਤੇ ਉਸਨੂੰ ਕਿਹਾ ਕਿ ਅਰਦਾਸ ਕਰੇ। ਜਿਵੇਂ ਉਹ ਸਦਾ ਹੀ ਬਹੁਤ ਨਿਮਰਤਾ ਨਾਲ ਬੋਲਦਾ ਸੀ, ਭਗਤ ਸਿੰਘ ਨੇ ਉਸਦੀ ਬੇਨਤੀ ਨਾ ਮੰਨੀ, ਇਹ ਕਹਿ ਕਿ ਉਹ ਸਾਰੀ ਉਮਰ ਨਾਸਤਕ ਰਿਹਾ ਹੈ ਅਤੇ ਉਸ ਵਿਚਾਰ ਤੋਂ ਅੱਜ ਜ਼ਿੰਦਗੀ ਦੇ ਆਖਰੀ ਦਿਨ ਉਹ ਹਟ ਨਹੀਂ ਸਕਦਾ। ਇਸਦੀ ਬਜਾਏ ਉਸਨੇ ਸਾਰਾ ਦਿਨ ਵੀ ਆਈ ਲੈਨਿਨ ਦੀ ਜੀਵਨੀ ਪੜ੍ਹਦਿਆ ਬਿਤਾਇਆ ਜਿਹੜੀ ਉਸਦੀ ਬੇਨਤੀ 'ਤੇ ਉਸਨੂੰ ਭੇਜੀ ਗਈ

ਸੀ। ਸ਼ਾਮ ਦੇ ਤਕਰੀਬਨ ਸੱਤ ਵਜੇ, ਇਕ ਜੇਲ ਦਾ ਕਰਮਚਾਰੀ ਉਸ ਕੋਲ ਆਇਆ ਉਸਦੇ ਨਾਲ ਫਾਂਸੀ ਦੇ ਤਖ਼ਤੇ ਤਕ ਜਾਣ ਲਈ। ਭਗਤ ਸਿੰਘ, ਜਿਹੜਾ ਜੀਵਨੀ ਪੜ੍ਹਨ ਵਿਚ ਰੁੱਝਾ ਹੋਇਆ ਸੀ, ਨੇ ਕਿਹਾ, *"ਇਕ ਮਿੰਟ ਰੁਕ ਜਾ, ਇਕ ਇਨਕਲਾਬੀ ਦੂਸਰੇ ਨੂੰ ਮਿਲ ਰਿਹਾ ਹੈ."* ਕੁਝ ਹੋਰ ਪੰਨੇ ਪੜ੍ਹਨ ਮਗਰੋਂ ਉਹ ਜਿੰਦਗੀ ਦਾ ਆਖ਼ਰੀ ਸਫ਼ਰ ਤੈਅ ਕਰਨ ਲਈ ਉਠ ਖੜੋਇਆ। "ਇਨਕਲਾਬ ਜਿੰਦਾਬਾਦ" ਅਤੇ "ਸਾਮਰਾਜ ਮੁਰਦਾਬਾਦ" ਦੇ ਨਾਅਰੇ ਲਾਉਂਦੇ ਤਿੰਨ ਮਹਾਨ ਇਨਕਲਾਬੀ – ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਫਾਂਸੀ ਦੇ ਫੰਦੇ ਅੱਗੇ ਆ ਗਏ। ਹੇਠ ਲਿਖੀਆਂ ਸਤਰਾਂ ਗਾਉਂਦਿਆਂ ਉਹਨਾਂ ਨੂੰ ਫ਼ਾਂਸੀ ਦਿੱਤੀ ਗਈ, ਜਿਹੜੀਆਂ ਓਦੋਂ ਤੋਂ ਕਰੋੜਾਂ ਭਾਰਤੀ ਦੁਹਰਾਉਂਦੇ ਆਏ ਹਨ ਅਤੇ ਜਿਹੜੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਇਨਕਲਾਬੀ ਅਮਰਤਾ ਦਾ ਚਿਨ ਬਣ ਗਈਆਂ ਹਨ –

"ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫ਼ਤ
ਮੇਰੀ ਮਿੱਟੀ ਸੇ ਭੀ ਖ਼ੁਸ਼ਬੂਏ ਵਤਨ ਆਏਗੀ."

ਪਬਲਿਕ ਦੇ ਗੁੱਸੇ ਤੋਂ ਡਰਦੇ ਹੋਏ ਅਤੇ ਆਪਣੇ ਦੇਸ ਦੇ ਤਿੰਨ ਸਪੂਤਾਂ ਦਾ ਅਫ਼ਸੋਸ ਕਰਦੇ ਹੋਏ ਲੋਕਾਂ ਦੇ ਭੜਕ ਉੱਠਣ ਦੀ ਸੰਭਾਵਨਾ ਕਾਰਣ, ਬਸਤੀਵਾਦੀ ਸਰਕਾਰ ਨੇ ਉਹਨਾਂ ਦੇ ਮਿਰਤਕ ਸਰੀਰਾਂ ਨੂੰ ਉਹਨਾਂ ਦੇ ਪਰਿਵਾਰਾਂ ਦੇ ਹਵਾਲੇ ਕਰਨ ਦੀ ਥਾਂ, ਬੜੇ ਖ਼ੁਫ਼ੀਆ ਢੰਗ ਨਾਲ ਅਤੇ ਬੜੀ ਜਲਦੀ ਨਾਲ, ਫ਼ਿਰੋਜ਼ਪੁਰ ਦੇ ਨੇੜੇ ਸਤਿਲੁਜ ਦਰਿਆ ਦੇ ਕੰਢੇ ਅਗਨ ਭੇਟ ਕਰ ਦਿੱਤਾ।

ਭਾਰਤੀ ਲੋਕਾਂ ਦਾ ਪ੍ਰਤੀਕਰਮ ਸੰਭਾਵਨਾ ਦੇ ਅਨੁਸਾਰ ਹੀ ਹੋਇਆ। ਸਾਰੇ ਦੇਸ ਵਿਚ ਹੀ ਗ਼ਮ ਦੀ ਲਹਿਰ ਦੌੜ ਗਈ। ਸਾਰੇ ਸ਼ਹਿਰਾਂ ਅਤੇ ਪਿੰਡਾਂ ਵਿਚ ਅਫਸੋਸ ਸਭਾਵਾਂ ਅਤੇ ਮੁਜ਼ਾਹਰੇ ਕੀਤੇ ਗਏ। ਉਹ ਵੀ ਜਿਹੜੇ ਪਹਿਲਾਂ ਇਕ ਪਾਸੇ ਹੀ ਖੜੇ ਰਹਿੰਦੇ ਸਨ ਇਹਨਾਂ ਅਫਸੋਸ ਅਤੇ ਗੁੱਸੇ ਦੇ ਪ੍ਰਗਟਾਵਿਆਂ ਵਿਚ ਸ਼ਾਮਿਲ ਹੋਏ। ਕਈ ਥਾਂਵਾਂ 'ਤੇ ਗੁੱਸੇ ਵਿਚ ਆਏ ਲੋਕਾਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ ਅਤੇ ਲਾਠੀਆਂ ਅਤੇ ਗੋਲੀਆਂ ਦੀ ਬੁਛਾੜ ਸਹਿੰਦੇ ਰਹੇ, ਜਿਸ ਵਿਚ ਇਕ ਸੌ ਤੋਂ ਵੱਧ ਜਾਨਾਂ ਚਲੀਆਂ ਗਈਆਂ। ਸੈਂਕੜਿਆਂ ਸਕੂਲ ਅਤੇ ਕਾਲਜ ਜਾ ਚੁੱਕੇ ਸ਼ਹੀਦਾਂ ਦੇ ਸਤਿਕਾਰ ਵਿਚ ਬੰਦ ਕੀਤੇ ਗਏ ਅਤੇ ਹਜ਼ਾਰਾਂ ਨੇ ਵਰਤ ਰੱਖੇ।

24 ਮਾਰਚ ਨੂੰ, ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਫਾਂਸੀ 'ਤੇ ਚਾੜ੍ਹੇ ਜਾਣ ਦੇ ਅਗਲੇ ਦਿਨ, ਇਕ ਬੜੇ ਧਿਆਨ ਨਾਲ ਡਰਾਫਟ ਕੀਤੇ ਬਿਆਨ ਵਿਚ, ਨਹਿਰੂ ਨੇ ਦਿਲੀ ਵਿਚ ਪ੍ਰੈਸ ਨੂੰ ਦਸਿਆ –

*"ਮੈਂ ਉਹਨਾਂ ਦੇ ਅੰਤਿਮ ਦਿਨਾਂ ਵਿਚ ਬਿਲਕੁਲ ਚੁੱਪ ਰਿਹਾ ਹਾਂ, ਤਾਂ ਜੋ ਕਿਤੇ ਕੋਈ ਮੇਰਾ ਸ਼ਬਦ ਉਹਨਾਂ ਦੀ ਸਜ਼ਾ ਨੂੰ ਘਟਾਉਣ ਦੇ ਰਾਹ ਵਿਚ ਕੋਈ ਰੁਕਾਵਟ ਨਾ ਬਣ ਜਾਏ। ਹਾਂ, ਮੈਂ ਚੁੱਪ ਰਿਹਾ ਹਾਂ, ਅਤੇ ਮੈਂ ਇੰਜ ਮਹਿਸੂਸ ਕੀਤਾ ਹੈ ਜਿਵੇਂ ਫਟ ਜਾਵਾਂਗਾ ਅਤੇ ਹੁਣ ਸਭ ਕੁਝ ਖ਼ਤਮ ਹੋ ਗਿਆ ਹੈ।*

*"ਅਸੀਂ ਸਾਰੇ ਰਲ ਕੇ ਵੀ ਉਸਨੂੰ ਬਚਾ ਨਹੀਂ ਸਕਦੇ ਸੀ, ਜਿਹੜਾ ਸਾਨੂੰ ਐਨਾ ਪਿਆਰਾ ਸੀ ਅਤੇ ਜਿਸਦਾ ਸ਼ਾਨਦਾਰ ਹੌਸਲਾ ਅਤੇ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਰਹੇ ਹਨ। ਭਾਰਤ ਆਪਣੇ ਬਚਿਆਂ ਨੂੰ ਫਾਂਸੀ ਦੇ ਤਖ਼ਤੇ ਤੋਂ ਬਚਾ ਨਹੀਂ ਸਕਿਆ।*

*" ਹੁਣ ਹੜਤਾਲਾਂ ਹੋਣਗੀਆਂ, ਸ਼ੋਕ ਸਭਾਵਾਂ ਹੋਣਗੀਆਂ ਅਤੇ ਹਰ ਥਾਂ ਜਲੂਸ ਕੱਢੇ*

*ਜਾਣਗੇ। ਸਾਰੇ ਦੇਸ ਵਿਚ ਸਾਡੀ ਬੇਚਾਰਗੀ ਉਪਰ ਅਫ਼ਸੋਸ ਜ਼ਾਹਰ ਕੀਤਾ ਜਾਵੇਗਾ ਪਰ ਉਸ ਉੱਪਰ ਮਾਣ ਵੀ ਹੋਵੇਗਾ ਜਿਹੜਾ ਹੁਣ ਨਹੀਂ ਹੈ, ਅਤੇ ਜਦ ਇੰਗਲੈਂਡ ਸਾਡੇ ਨਾਲ ਗੱਲ ਕਰੇਗਾ ਅਤੇ ਕਿਸੇ ਸਮਝੌਤੇ ਦੀ ਗੱਲ ਛੇੜੇਗਾ, ਅਸੀਂ ਇਹ ਨਾ ਭੁੱਲ ਜਾਈਏ ਕਿ ਸਾਡੇ ਵਿਚਕਾਰ ਭਗਤ ਸਿੰਘ ਦੀ ਲਾਸ਼ ਹੋਵੇਗੀ।"*[190]

ਨਹਿਰੂ ਦੁੱਗਣਾ ਗ਼ਲਤ ਸੀ। ਉਸਦੀ ਖ਼ਾਮੋਸ਼ੀ ਮਦਦਗਾਰ ਨਹੀਂ ਸੀ ਸਾਬਤ ਹੋਈ– ਖ਼ਾਮੋਸ਼ੀ, ਵਿਸ਼ੇਸ਼ਕਰ ਕਾਂਗਰਸ ਪਾਰਟੀ ਦੇ ਅੰਦਰ। ਅਤੇ ਇੰਗਲੈਂਡ ਅਤੇ ਕਾਂਗਰਸ ਵਿਚਕਾਰ ਗੱਲਬਾਤ ਦੇ ਦੌਰਾਨ ਕਦੇ ਵੀ ਭਗਤ ਸਿੰਘ ਦੀ ਲਾਸ਼ ਉਹਨਾਂ ਵਿਚਕਾਰ ਨਹੀਂ ਆਈ ਸੀ। ਭਾਰਤ ਦੀ ਆਜ਼ਾਦੀ ਅਤੇ ਅੰਗ੍ਰੇਜ਼ਾਂ ਦੇ ਭਾਰਤ ਤੋਂ ਚਲੇ ਜਾਣ ਮਗਰੋਂ, ਭਾਰਤੀ ਸ਼ਾਸਕ ਸ਼੍ਰੇਣੀਆਂ ਅਤੇ ਕਾਂਗਰਸ ਪਾਰਟੀ ਨੇ ਆਪਣਾ ਪੂਰਾ-ਪੂਰਾ ਵਾਹ ਲਾਇਆ ਹੈ ਕਿ ਭਗਤ ਸਿੰਘ ਨੂੰ ਪੂਰੀ ਤਰ੍ਹਾਂ ਭੁਲਾ ਦਿੱਤਾ ਜਾਵੇ, ਬਿਲਕੁਲ ਖੂੰਜੇ ਲਾ ਦਿੱਤਾ ਜਾਵੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਸੰਬੰਧ ਵਿਚ। ਪਰ ਉਹ ਇਸ ਕਮੀਨੀ ਹਰਕਤ ਵਿਚ ਅਸਫ਼ਲ ਰਹੇ ਹਨ। ਭਗਤ ਸਿੰਘ ਅਤੇ ਉਸਦੇ ਸਾਥੀਆਂ ਇਨਕਲਾਬੀ ਪਰੰਪਰਾ ਨੂੰ ਜਿਉਂਦੀ ਰੱਖਣ ਦਾ ਸਿਹਰਾ ਕੇਵਲ ਭਾਰਤੀ ਜਨ ਸਾਧਾਰਨ ਨੂੰ ਹੀ ਜਾਂਦਾ ਹੈ ਅਤੇ ਦੇਸ ਦੀ ਕਮਿਉਨਿਸਟ ਲਹਿਰ ਨੂੰ।

ਫੇਰ ਵੀ, ਹਮਦਰਦੀ, ਭਗਤ ਸਿੰਘ ਅਤੇ ਉਸਦੇ ਨਾਲ ਦੇ ਮੁਲਜ਼ਮਾਂ ਮੁਕੱਦਮੇ ਦੀ ਸੁਣਾਈ ਦੌਰਾਨ ਦੀ ਪ੍ਰਸ਼ੰਸਾ ਅਤੇ ਅਫ਼ਸੋਸ ਭਰੇ ਦਬਾਅ ਹੇਠ ਅਤੇ ਤਿੰਨਾਂ ਨੂੰ ਦਿੱਤੀ

ਫਾਂਸੀ ਮਗਰੋਂ ਲਾਵੇ ਵਾਂਗ ਲੋਕਾਂ ਦਾ ਗ਼ੁੱਸਾ ਭੜਕਨ ਕਾਰਨ, ਕਾਂਗਰਸ ਪਾਰਟੀ ਦੇ ਲੀਡਰਾਂ ਨੂੰ ਵੀ ਮਜਬੂਰ ਹੋਣਾ ਪਿਆ ਕਿ ਉਹ ਲਹਿਰ ਦੇ ਨਾਲ ਹੀ ਤੁਰਨ ਅਤੇ ਭਗਤ ਸਿੰਘ ਦੀਆਂ ਸਿਫ਼ਤਾਂ ਕਰਨ। ਉਹ ਹੋਰ ਕੁਝ ਨਹੀਂ ਕਰ ਸਕਦੇ ਸਨ ਇਸ ਕਾਰਨ ਕਿ ਉਸ ਵੇਲੇ ਭਗਤ ਸਿੰਘ ਸਭ ਤੋਂ ਵੱਧ ਹਰ ਮਨ ਪਿਆਰਾ ਸੀ, ਉਸਦਾ ਆਦਰ ਸੀ ਅਤੇ ਸਤਿਕਾਰ ਸੀ, ਮਹਾਤਮਾ ਗਾਂਧੀ ਨਾਲੋਂ ਵੀ ਵੱਧ, ਜਿਸ ਦੀ ਆਭਾ ਹੁਣ ਖੰਡਨ ਹੋ ਗਈ ਸੀ ਉਸਦੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਫਾਂਸੀ ਦੇਣ ਵਿਚ ਵਿਦੇਸ਼ੀ ਸਰਕਾਰ ਨਾਲ ਸਹਿਯੋਗ ਕਰਨ ਕਾਰਣ। (ਇਸ ਬਾਰੇ ਹੋਰ ਵੀ) ਪਟਾਭੀ ਸੀਤਾਰਾਮਈਆ, ਕਾਂਗਰਸ ਪਾਰਟੀ ਦਾ ਇਤਹਾਸਕਾਰ, ਭਗਤ ਸਿੰਘ ਦੀ ਹਰਮਨ ਪਿਆਰਤਾ ਦੀ ਪੁਸ਼ਟੀ ਕਰਦਾ ਹੈ ਇਸੇ ਮਾੜੇ ਜਿਹੇ ਬਿਆਨ ਨਾਲ –

"ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਉਸ ਵੇਲੇ ਭਗਤ ਸਿੰਘ ਦਾ ਨਾਮ ਐਨਾ ਸਾਰੇ ਦੇਸ ਵਿਚ ਹਰ ਪਾਸੇ ਮਸ਼ਹੂਰ ਹੋ ਗਿਆ ਸੀ ਅਤੇ ਓਨਾ ਹੀ (ਨਹੀਂ ਬੁਹਤ ਜ਼ਿਆਦਾ) ਮਹਾਤਮਾ ਗਾਂਧੀ ਨਾਲੋਂ ਵੀ।"[191]

ਨਹਿਰੂ, ਆਪਣੇ ਵਿਸ਼ੇਸ ਪ੍ਰਸਪਰ ਵਿਰੋਧੀ ਅਤੇ ਮਤ-ਮਾਰੀ ਢੰਗ ਨਾਲ, ਜਿਹੜਾ ਪ੍ਰਸ਼ੰਸ਼ਾ ਅਤੇ ਅਪ੍ਰਵਾਨਗੀ ਦਾ ਮਿਸ਼ਰਣ ਸੀ ਭਗਤ ਸਿੰਘ ਵਾਸਤੇ, ਭਗਤ ਸਿੰਘ ਦੇ ਹਰਮਨ ਪਿਆਰਾ ਹੋਣ ਦੀ ਹੇਠ ਲਿਖੀ ਤਸਵੀਰ ਪੇਸ਼ ਕਰਦਾ ਹੈ –

"ਭਗਤ ਸਿੰਘ ਆਪਣੇ ਦਹਿਸ਼ਤਗਰਦੀ ਦੇ ਕੰਮਾਂ ਕਰਕੇ ਹਰਮਨ ਪਿਆਰਾ ਨਹੀਂ ਬਣਿਆ (ਨਹਿਰੂ ਇਹੋ ਜਿਹੇ ਢੰਗ ਨਾਲ ਹਿੰਸਾ ਅਤੇ ਦਹਿਸ਼ਤਵਾਦ ਦਾ ਜ਼ਿਕਰ ਕਰਨ ਵਾਲਾ ਇਕੱਲਾ ਨਹੀਂ ਸੀ – ਕਈ ਮਗਰੋਂ ਬਣਨ ਵਾਲੇ ਕਮਿਉਨਿਸਟ ਵੀ ਓਨੇ ਹੀ ਦੋਸ਼ੀ ਹਨ ਜਿੰਨਾ ਉਹ) ਪਰ ਇਸ ਲਈ ਕਿ ਉਹ ਲੱਗਦਾ ਸੀ ਕੇਵਲ ਐਸਾ ਕਿ ਉਹ ਲਾਲਾ ਲਾਜਪਤ ਰਾਏ ਦਾ ਆਦਰ, ਅਤੇ ਉਸਦੇ ਰਾਹੀਂ ਸਾਰੇ ਦੇਸ਼ ਦਾ, ਕਾਇਮ ਰੱਖਣਾ ਚਾਹੁੰਦਾ ਸੀ। ਉਹ ਇਕ ਚਿੰਨ੍ਹ ਬਣ ਗਿਆ।

ਉਸਦਾ ਇਹ ਕੰਮ ਭੁੱਲ ਗਿਆ (ਸੱਚੀਮੁੱਚੀਂ?) ਅਤੇ ਕੁਝ ਮਹੀਨਿਆਂ ਦੌਰਾਨ ਹੀ ਪੰਜਾਬ ਦਾ ਹਰ ਪਿੰਡ ਅਤੇ ਸ਼ਹਿਰ ਅਤੇ ਕੁਝ ਘੱਟ ਹੱਦ ਤਕ, ਬਾਕੀ ਦੇ ਉੱਤਰੀ ਭਾਰਤ (ਨਹੀਂ ਸਾਰਾ ਭਾਰਤ) ਵਿਚ ਉਸਦਾ ਨਾਮ ਗੂੰਜਣ ਲੱਗ ਪਿਆ। ਬੇਸ਼ੁਮਾਰ ਗੀਤ ਬਣ ਗਏ ਉਸ ਸੰਬੰਧੀ ਅਤੇ ਐਨਾ ਹਰਮਨ ਪਿਆਰਾ ਉਹ ਹੋ ਗਿਆ ਕਿ ਸੋਚ ਤੋਂ ਬਾਹਰੀ ਹੈਰਾਨੀ ਵਾਲੀ ਗੱਲ ਸੀ।[192]

ਏ.ਜੀ ਨੂਰਾਨੀ ਦੇ ਮਨ ਵਿਚ ਨਹਿਰੂ ਵਰਗੇ ਬੰਦੇ ਹੀ ਹੋਣਗੇ ਜਦ ਉਸਨੇ ਆਪਣੀ ਪੁਸਤਕ ਦੇ ਅੰਤ ਵਿਚ ਇਹ ਸ਼ਬਦ ਕਹੇ, "ਉਸਦੀ (ਭਗਤ ਸਿੰਘ) ਮੌਤ 'ਤੇ, ਭਾਰਤੀ ਲੀਡਰ ਇਕ ਦੂਸਰੇ ਤੋਂ ਅਗੇ ਲੰਘ ਰਹੇ ਸਨ ਉਸਦੀ ਸਿਫ਼ਤ ਕਰਨ ਵਿਚ।

ਹੈਰਾਨੀ ਹੁੰਦੀ ਹੈ ਕਿ ਉਹਨਾਂ ਵਿਚੋਂ ਕਿੰਨਿਆਂ ਨੂੰ ਪਤਾ ਸੀ ਕਿ ਉਸਦੇ ਜਾਣ ਨਾਲ ਉਹਨਾਂ ਨੇ ਇਕ ਅਜਿਹਾ ਇਨਸਾਨ ਗੁਆ ਲਿਆ ਹੈ, ਜਿਹੜਾ, ਜੇ ਉਹ ਜੀਉਂਦਾ ਰਹਿੰਦਾ, ਉਸਦਾ ਭਾਰਤ ਦੀ ਸਿਆਸਤ 'ਤੇ ਬਹੁਤ ਵੱਡਾ, ਜਿਸਦਾ ਕਿ ਆਸ ਨਹੀਂ ਕੀਤਾ ਜਾ ਸਕਦਾ, ਪ੍ਰਭਾਵ ਪੈਣਾ ਸੀ।" ਗਾਂਧੀ ਤਾਂ ਨਿਰਸੰਦੇਹ ਇਸ ਗੱਲ ਵਿਚ ਅਪਵਾਦ ਹੀ ਸੀ, ਕਿਉਂਕਿ ਉਸਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਭਗਤ ਸਿੰਘ, ਜੇ ਉਹ ਜਿਉਂਦਾ ਰਹਿੰਦਾ, ਉਸਦਾ ਭਾਰਤੀ ਸਿਆਸਤ ਦੇ ਵਿਕਾਸ ਉੱਪਰ ਬਹੁਤ ਵੱਡਾ ਪ੍ਰਭਾਵ ਹੋਣਾ ਸੀ – ਉਸ ਦਿਸ਼ਾ ਵੱਲ ਜਿਹੜੀ ਉਸਦੇ ਬਿਲਕੁਲ ਉਲਟ ਸੀ ਅਤੇ ਜਿਹੜੀ ਕਾਂਗਰਸ ਨੇ ਗਾਂਧੀ ਦੀ ਅਗਵਾਈ ਵਿਚ ਬਣਾਈ ਹੋਈ ਸੀ। ਬਸ ਇਸੇ ਕਾਰਣ, ਕਿ ਗਾਂਧੀ ਨੇ (ਸਿਵਾਏ ਇਕ ਵਾਰੀ ਹੀ ਬਹੁਤ ਸਾਰੇ ਦਬਾਅ ਕਾਰਨ) ਭਗਤ ਸਿੰਘ ਦੀ ਕਦੀ ਸਿਫ਼ਤ ਨਹੀਂ ਕੀਤੀ ਸੀ ਅਤੇ ਸਾਮਰਾਜੀਆਂ ਨਾਲ ਮਿਲੀਭੁਗਤ ਦੀ ਭੂਮਿਕਾ ਹੀ ਅਦਾ ਕਰਦਾ ਰਿਹਾ ਸੀ ਜਿਸ ਕਾਰਨ ਉਹ ਉਸਨੂੰ ਅਤੇ ਉਸਦੇ ਸਾਥੀਆ ਨੂੰ ਫਾਂਸੀ ਦੇ ਤਖ਼ਤੇ 'ਤੇ ਪੁਚਾਣ ਵਿਚ ਸਫ਼ਲ ਹੋਏ ਸਨ।

ਉਸਦੇ ਫਾਂਸੀ ਲੱਗਣ ਦੇ ਚਾਰ ਸਾਲ ਮਗਰੋਂ, ਭਗਤ ਸਿੰਘ ਨੂੰ ਇਕ ਬਹੁਤ ਹੀ ਅਸੰਭਵ ਦਿਸ਼ਾ – ਪਰ ਬਹੁਤ ਹੀ ਅਧਿਕਾਰਤ ਸਰੋਤ– ਵੱਲੋ ਸ਼ਰਧਾਂਜਲੀ ਮਿਲੀ – ਇੰਟੈਲੀਜੈਂਸ ਬਿਉਰੋ ਦੇ ਡਾਇਰੈਕਟਰ, ਸਰ ਹੋਰੇਸ ਵਿਲੀਅਮਸਨ, ਕੋਲੋਂ। ਉਸਨੇ ਆਪਣੀ ਪੁਸਤਕ – ਇੰਡੀਆ ਅਤੇ ਕਮਿਉਨਿਜ਼ਮ – ਵਿਚ ਲਿਖਿਆ, *"ਭਗਤ ਸਿੰਘ ਨੇ ਕੋਈ ਗ਼ਲਤੀ ਨਹੀਂ ਕੀਤੀ। ਕੈਦੀਆ ਦਾ ਕਟਹਿਰਾ ਸਿਆਸੀ ਫ਼ੋਰਮ ਬਣ ਗਿਆ ਅਤੇ ਸਾਰੇ ਪਿੰਡਾਂ ਵਿਚ ਉਸਦੀ ਬਹਾਦਰੀ ਦੀ ਧਾਂਕ ਬੈਠ ਗਈ। ਹਰ ਸ਼ਹਿਰ ਵਿਚ ਉਸਦੀ ਫ਼ੋਟੋ ਵਿਕਦੀ ਸੀ ਅਤੇ ਕੁਝ ਚਿਰ ਤਾਂ ਉਹ ਹਰਮਨ ਪਿਆਰਾ ਹੋਣ ਵਿਚ ਉਹ ਮਿ. ਗਾਂਧੀ ਦਾ ਪ੍ਰਤਿਦਵੰਦੀ ਬਣ ਗਿਆ ਸੀ।"*[193]

***

ਕਾਂਡ 17

# ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਸੂਲੀ ਚੜਾਉਣ ਵਿਚ ਗਾਂਧੀ ਦੀ ਭੂਮਿਕਾ




ਗਾਂਧੀ ਜਾਣ ਬੁੱਝ ਕੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਜੇਲ੍ਹ ਵਿਚ ਮਿਲਣ ਜਾਣ ਤੋਂ ਟਲਦਾ ਰਿਹਾ। 17 ਫ਼ਰਵਰੀ ਨੂੰ ਗਾਂਧੀ ਨੇ ਵਾਇਸਰਾਏ, ਲਾਰਡ ਇਰਵਨ ਨਾਲ ਆਪਣੀ ਗੱਲਬਾਤ ਸ਼ੁਰੂ ਕੀਤੀ। ਛੇ ਦਿਨ ਮਗਰੋਂ, ਪ੍ਰੀਵੀ ਕੌਂਸਲ ਦੀ ਜੁਡੀਸ਼ਲ ਕਮੇਟੀ (ਬ੍ਰਿਟਿਸ਼ ਕਲੋਨੀਆਂ ਤੋਂ ਆਉਂਦੀ ਅਪੀਲ ਦਾ ਸਰਵਉੱਚ ਕੋਰਟ) ਨੇ ਭਗਤ ਸਿੰਘ ਦੀ ਮੌਤ ਦੀ ਸਜ਼ਾ ਦੇ ਵਿਰੁੱਧ ਅਪੀਲ ਖ਼ਾਰਿਜ ਕਰ ਦਿੱਤੀ। ਗਾਂਧੀ–ਇਰਵਨ ਸਮਝੌਤੇ ਵਿਚ, ਜਿਹੜਾ 5 ਮਾਰਚ 1931 ਨੂੰ ਹੋਇਆ, ਬਿਲਕੁਲ ਕੋਈ ਪ੍ਰਾਵਧਾਨ ਨਹੀਂ ਸੀ ਭਗਤ ਸਿੰਘ ਅਤੇ ਉਹਦੇ ਇਨਕਲਾਬੀ ਸਾਥੀਆਂ ਦੇ ਮਾਮਲੇ ਵਿਚ। ਇਸ ਸਮਝੌਤੇ ਦੇ ਪੈਰ੍ਹੇ 12 ਅਤੇ 13, ਜਿਸ ਵਿਚ ਮੁਕੱਦਮਾ ਵਾਪਸ ਲੈਣ ਦੀ ਪ੍ਰਵੀਜ਼ਨ ਤਾਂ ਸੀ, ਵਿਚ ਦੋ ਉਪਬੰਧ ਸਨ, ਕਿ ਮੁਕੱਦਮਾ ਜਾਂ ਕੈਦ ਸਿਵਿਲ ਡਿਸਓਬੀਡੀਐਂਸ ਲਹਿਰ (ਸਿਵਿਲ ਨਾਫ਼ਰਮਾਨੀ ਲਹਿਰ) ਅਤੇ ਜੋ ਇਲਜ਼ਾਮ ਲੱਗੇ ਹਨ ਉਹ ਜਾਂ ਦੋਸ਼ ਆਰੋਪਣ ਹਿੰਸਾ ਜਾਂ ਹਿੰਸਾ ਭੜਕਾਉਣ ਦਾ ਸਿੱਟਾ ਨਹੀਂ ਹਨ। ਇਸ ਪ੍ਰਕਾਰ ਅਣਕਿਹਾ ਪਰ ਬਿਲਕੁਲ ਸਪੱਸ਼ਟ ਬਿਨਾ ਕਿਸੇ ਲਗ ਲਗਾਅ ਦੇ, ਇਹ ਸੁਨੇਹਾ ਸੀ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ

ਲਈ ਕੋਈ ਉਮੀਦ ਨਹੀਂ ਹੈ। ਸਜ਼ਾਏ ਮੌਤ ਉਮਰ ਕੈਦ ਵਿਚ ਘਟਾਈ ਜਾ ਸਕਦੀ ਸੀ, ਐਸੀ ਸ਼ਰਤ ਹੀ ਇਹਨਾਂ ਮਹਾਨ ਇਨਕਲਾਬੀਆਂ ਦੀ ਜਾਨ ਬਚਾ ਸਕਦੀ ਸੀ ਭਾਵ ਫਾਂਸੀ ਦੇ ਫੰਦੇ ਤੋਂ ਬਚਾ ਸਕਦੀ ਸੀ ਪਰ ਇਸਦਾ ਗਾਂਧੀ-ਇਰਵਨ ਪੈਕਟ ਦੇ ਅਨੁਸਾਰ ਸਵਾਲ ਹੀ ਨਹੀਂ ਉਠਦਾ ਸੀ। ਇਹ ਕਿਹਾ ਜਾ ਸਕਦਾ ਹੈ ਕਿ ਗਾਂਧੀ-ਇਰਵਨ ਦੀ ਸਾਰੀ ਗੱਲਬਾਤ ਦੌਰਾਨ, ਸਾਰੀ ਕਾਂਗਰਸ ਕਮੇਟੀ ਗਾਂਧੀ ਦੇ ਨਾਲ ਸੀ। ਉਹ ਇਸਦੇ ਮੈਂਬਰਾਂ ਨੂੰ ਪੂਰੀ ਤਰ੍ਹਾਂ ਗੱਲਬਾਤ ਦੇ ਬਾਰੇ ਸੂਚਿਤ ਰੱਖਦਾ ਸੀ ਭਾਵੇਂ ਇੰਝ ਕਰਨ ਲਈ, ਭਾਵ ਉਹਨਾਂ ਨਾਲ ਸਲਾਹ ਕਰਨ ਲਈ, ਉਹਨਾਂ ਨੂੰ ਅੱਧੀ ਰਾਤ ਜਗਾਉਣਾ ਪਵੇ। ਇਸ ਪ੍ਰਕਾਰ ਇਕੱਲਾ ਗਾਂਧੀ ਹੀ ਨਹੀਂ, ਕਾਂਗਰਸ ਪਾਰਟੀ ਦੇ ਸਾਰੇ ਹੀ ਲੀਡਰ ਇਹਨਾਂ ਮਹਾਨ ਇਨਕਲਾਬੀਆਂ ਨੂੰ ਫਾਂਸੀ 'ਤੇ ਚਾੜ੍ਹਨ ਦੀ ਸਾਜ਼ਿਸ਼ ਵਿਚ ਸ਼ਾਮਿਲ ਸਨ। ਗਾਂਧੀ ਇਰਵਨ ਸਮਝੌਤੇ ਦੇ ਇਕ ਦਿਨ ਮਗਰੋਂ, ਗਾਂਧੀ ਨੇ ਇਕ ਪ੍ਰੈਸ ਕਨਫ਼ਰੰਸ ਕੀਤੀ, ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਵਿਦੇਸ਼ੀ ਸੰਵਾਦਦਾਤਾ ਅਤੇ ਭਾਰਤੀ ਰਸਾਲਿਆਂ ਦੇ ਵੱਡੇ ਪੱਤਰਕਾਰ ਦਿੱਲੀ ਆਏ। ਇਸ ਕਾਨਫ਼ਰੰਸ ਵਿਚ ਗਾਂਧੀ ਨੇ ਇਸ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ ਜਾਵੇਗੀ, ਅਤੇ ਇਧਰ ਉੱਧਰ ਦੀ ਗੱਲ ਕਰਦੇ, ਇਹੀ ਕਿਹਾ ਕੇ ਪ੍ਰੈਸ ਵਿਚ ਕਾਫ਼ੀ ਮੈਟੀਰੀਅਲ ਹੈ ਜਿਸ ਤੋਂ ਪੱਤਰਕਾਰ ਆਪਣੇ ਅਨੁਮਾਨ ਲਾ ਸਕਦੇ ਹਨ।

7 ਮਾਰਚ ਨੂੰ ਗਾਂਧੀ ਨੇ ਦਿੱਲੀ ਵਿਚ ਇਕ ਬਹੁਤ ਵੱਡੇ ਪਬਲਿਕ ਜਲਸੇ ਵਿਚ ਕਿਹਾ, ਜਿਥੇ ਉਸਨੂੰ ਇਕ ਲਾਲ ਲੀਫ਼ਲੈਟ ਦਿੱਤਾ ਗਿਆ ਸੀ, ਜਿਸ ਵਿਚ ਕਈ ਸਵਾਲ ਕੀਤੇ ਹੋਏ ਸਨ, ਸਮੇਤ ਭਗਤ ਸਿੰਘ ਅਤੇ ਉਸਦੇ ਸਾਥੀਆਂ ਬਾਰੇ। ਗਾਂਧੀ ਦਾ ਜਵਾਬ, ਗੁੱਸੇ ਅਤੇ ਬੇਈਮਾਨੀ ਭਰਪੂਰ, ਹੇਠ ਲਿਖਿਆ ਸੀ –

*"ਸ਼ਾਇਦ ਗਲਬਾਤ ਕਰਦਿਆਂ ਤੁਸੀਂ ਵਾਇਸਰਾਏ ਕੋਲੋਂ ਚੰਗੇਰੀਆਂ ਸ਼ਰਤਾਂ ਮਨਵਾ ਸਕਦੇ ਸੀ, ਪਰ ਅਸੀਂ, ਕਾਂਗਰਸ ਵਰਕਿੰਗ ਕਮੇਟੀ ਇਸਤੋਂ ਵੱਧ ਨਹੀਂ ਮਨਵਾ ਸਕੇ ਜੋ ਅਸੀਂ ਮਨਵਾਈਆਂ। ਮੈਂ ਤੁਹਾਨੂੰ ਇਹ ਦਸ ਦੇਵਾਂ ਕਿ ਸਾਰੀ ਗੱਲ ਬਾਤ ਦੌਰਾਨ ਮੈਂ ਆਪ ਇਕੱਲਾ ਕਾਰਜਸ਼ੀਲ ਨਹੀਂ ਸੀ ਸਗੋਂ ਸਾਰੀ ਹੀ ਕਾਂਗਰਸ ਕਮੇਟੀ ਦੀ ਮੈਨੂੰ ਹਿਮਾਇਤ ਸੀ। ਅਸੀਂ ਉਹ ਦਬਾਅ ਪਾਇਆ, ਜੋ ਪਾ ਸਕਦੇ ਸੀ ਆਪਣੀ ਗੱਲ ਬਾਤ ਵਿਚ ਅਤੇ ਆਪਣੇ ਆਪ ਵਿਚ ਅਸੀਂ ਇਹ ਤਸੱਲੀ ਕੀਤੀ ਕਿ ਜੋ ਇਨਸਾਫ਼ ਨਾਲ ਸਾਨੂੰ ਮਿਲ ਸਕਦਾ ਸੀ ਇਸ ਸਮਝੌਤੇ ਦੇ ਤਹਿਤ। ਅਸੀਂ, ਗੱਲਬਾਤ ਕਰਨ ਵਾਲੇ, ਇਸ ਆਰਜ਼ੀ ਅਮਨ ਸੰਧੀ ਵਿਚ, ਆਪਣਾ ਸੱਚ ਅਤੇ ਅਹਿੰਸਾ ਪ੍ਰਤੀ ਪ੍ਰਣ ਭੁੱਲ ਨਹੀਂ ਸਕਦੇ ਸੀ, ਇਨਸਾਫ਼ ਦੀਆਂ ਹੱਦਾਂ ਨਹੀਂ ਭੁੱਲ ਸਕਦੇ ਸੀ।"*

ਉਸਨੇ ਅੱਗੇ ਕਿਹਾ, "ਪਰ ਇਹ ਅਜੇ ਵੀ ਸਾਡੇ ਲਈ ਸੰਭਵ ਹੈ ਕਿ ਅਸੀਂ ਉਹਨਾਂ ਦੀ ਰਿਹਾਈ, ਜਿਹਨਾਂ ਦਾ ਤੁਸੀਂ ਨਾਮ ਲੈ ਰਹੇ ਹੋ ਮਨਵਾ ਸਕਦੇ ਹਾਂ ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਤੁਸੀਂ ਸਮਝੌਤਾ ਲਾਗੂ ਕਰੋ। ਯੁਵਾ ਭਾਰਤ ਸਮਝੌਤੇ ਦਾ ਪਾਲਣ ਕਰੇ ਅਤੇ ਇਸਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰੇ ਅਤੇ ਜੇ ਰੱਬ ਨੇ ਚਾਹਿਆ, ਭਗਤ ਸਿੰਘ ਅਤੇ ਦੂਸਰੇ ਅਜੇ ਜੀਵਿਤ ਹਨ, ਜਦ ਅਸੀਂ ਠੀਕ ਪੜਾਅ 'ਤੇ ਪੁੱਜਦੇ ਹਾਂ, ਉਹ ਫਾਂਸੀ ਦੇ ਤਖ਼ਤੇ ਤੋਂ ਬਚਾਏ ਹੀ ਨਹੀਂ ਜਾ ਸਕਣਗੇ, ਰਿਹਾਅ ਕਰ ਦਿੱਤੇ ਜਾਣਗੇ। (ਸਾਡੇ ਦੁਆਰਾ ਜ਼ੋਰ ਦਿੱਤਾ ਗਿਆ) [194]

ਗਾਂਧੀ ਦੇ ਇਸ ਜਵਾਬ ਦਾ ਭਾਵ-ਅਰਥ ਹੈ ਕਿ ਉਹਦੇ ਕੋਲ ਇਹ ਵਿਸ਼ਵਾਸ ਕਰਨ ਲਈ ਕਾਫ਼ੀ ਕੁਝ ਸੀ ਕਿ ਭਗਤ ਸਿੰਘ ਅਤੇ ਉਸਦੇ ਸਾਥੀ ਕੁਝ ਦੇਰ ਹੋਰ ਜਿਉਂਦੇ ਰਹਿ ਸਕਦੇ

ਸਨ। ਆਰਕਾਈਵ ਵਿੱਚੋਂ ਲਏ ਸਬੂਤ, ਪੂਰੀ ਤਰ੍ਹਾਂ ਇਹ ਦੱਸਦੇ ਹਨ ਕਿ ਇਰਵਨ ਨੇ ਗਾਂਧੀ ਨੂੰ ਬੜੇ ਸਾਫ਼ ਸ਼ਬਦਾਂ ਵਿਚ ਕਿਹਾ ਸੀ ਕਿ ਮੌਤ ਦੀ ਸਜ਼ਾ ਛੇਤੀ ਹੀ ਦੇ ਦਿੱਤੀ ਜਾਵੇਗੀ। ਗਾਂਧੀ ਦਾ ਪਬਲਿਕ ਵਿਚ ਖੜ੍ਹੇ ਹੋ ਕੇ ਇਹ ਦਾਅਵਾ ਕਰਨਾ ਕਿ ਉਸਨੇ ਇਰਵਨ ਕੋਲ ਬਹੁਤ ਦਲੀਲ ਕੀਤੀ ਸੀ ਕਿ ਮੌਤ ਦੀ ਸਜ਼ਾ ਨੂੰ ਘਟਾ ਦਿੱਤਾ ਜਾਵੇ, ਸਾਫ਼ ਅਤੇ ਪੂਰੀ ਤਰ੍ਹਾਂ ਦੇ ਝੂਠ ਹਨ।

ਗਾਂਧੀ-ਇਰਵਨ ਗੱਲਬਾਤ ਠੀਕ ਤਰ੍ਹਾਂ ਤਾਂ 18 ਫ਼ਰਵਰੀ ਨੂੰ ਦੁਪਹਿਰ ਦੇ ਮਗਰੋਂ ਸ਼ੁਰੂ ਹੋਈ ਜਦ ਗਾਂਧੀ ਨੇ ਭਗਤ ਸਿੰਘ ਦਾ ਸਵਾਲ ਉਠਾਇਆ। ਇਰਵਨ ਨੇ ਗਾਂਧੀ ਨਾਲ ਆਪਣੀ ਸਾਰੀ ਗੱਲਬਾਤ ਉਸ ਦੁਪਹਿਰ ਮਗਰੋਂ ਹੋਈ ਪੂਰੀ ਤਫ਼ਸੀਲ ਨਾਲ ਨੋਟ ਕੀਤੀ। ਇਰਵਨ ਦੇ ਨੋਟ ਦਾ ਅੰਤਿਮ ਪੈਰਾ ਇੰਝ ਹੈ –

"ਅੰਤ ਵਿਚ, ਅਤੇ ਉਪਰੋਕਤ ਨਾਲ ਸੰਬੰਧਿਤ ਨਹੀਂ, ਉਸਨੇ ਭਗਤ ਸਿੰਘ ਦਾ ਮਾਮਲਾ ਇਠਾਇਆ। ਉਸਨੇ ਸਜ਼ਾ ਘਟਾਉਣ ਦੀ ਵਕਾਲਤ ਨਹੀਂ ਕੀਤੀ, ਭਾਵੇਂ ਉਹ ਕਰ ਸਕਦਾ ਸੀ, ਜਾਨ ਲੈਣ ਦੇ ਵਿਰੋਧ ਵਿਚ ਹੋਣ ਕਰਕੇ, ਉਹ ਇਹੋ ਰਾਹ ਆਪ ਅਪਣਾ ਸਕਦਾ ਸੀ। ਉਸਨੇ ਇਹ ਵੀ ਸੋਚਿਆ ਕਿ ਇਸ ਨਾਲ ਅਮਲ ਉਪਰ ਪ੍ਰਭਾਵ ਪਵੇਗਾ। ਪਰ ਉਸਨੇ ਇਸ ਹਾਲਾਤ ਵਿਚ ਮੁਲਤਵੀ ਕਰਨ ਲਈ ਜ਼ਰੂਰ ਕਿਹਾ ਸੀ। ਮੈਂ ਇਹ ਕਹਿ ਕੇ ਸੰਤੁਸ਼ਟ ਰਿਹਾ ਕਿ ਅਸਲੀ ਤਰੀਕਾਂ ਬਾਰੇ ਜੋ ਵੀ ਫ਼ੈਸਲਾ ਹੋਵੇ, ਮੇਰੇ ਵਿਚਾਰ ਵਿਚ ਸਜ਼ਾ ਘਟਾਉਣੀ ਨਹੀਂ ਬਣਦੀ ਸੀ ਕਿਉਂਕਿ ਇਹ ਫੈਸਲਾ ਕਿਸੇ ਹੋਰ ਹਿੰਸਕ ਮਾਮਲੇ ਵਿਚ ਵੀ ਬਰਾਬਰੀ 'ਤੇ ਲਾਗੂ ਕਰਨ ਦੀ ਮੰਗ ਕੀਤੀ ਜਾ ਸਕਦੀ ਸੀ। ਵਾਇਸਰਾਏ ਦੇ ਅਧਿਕਾਰ ਰਹਿਮ ਦੇ ਚੰਗੀ ਤਰ੍ਹਾਂ ਜਾਣੇ ਜਾਂਦੇ ਕਾਰਨਾਂ ਕਰਕੇ ਵਰਤੇ ਜਾਣੇ ਹੁੰਦੇ ਹਨ ਅਤੇ ਮੈਂ ਇਹ ਮਹਿਸੂਸ ਨਹੀਂ ਕਰ ਸਕਦਾ ਸੀ ਕਿ ਇਹ ਉਹਨਾਂ ਕਾਰਨਾਂ ਕਰਕੇ ਲਾਗੂ ਕੀਤੇ ਜਾਣ ਜਿਹੜੇ ਸਿਆਸੀ ਮੰਨ ਲਏ ਗਏ ਸਨ।"[195] (ਮਹਾਦੇਵ ਦੇਸਾਈ ਦੀ ਡਾਇਰੀ ਵਿਚ ਹੱਥ ਲਿਖਤ ਲੇਖ ਦੇ ਅਨੁਸਾਰ[196]) ਗਾਂਧੀ ਦਾ ਆਪਣਾ ਬਿਆਨ ਉਸਦੀ ਇਰਵਨ ਨਾਲ ਗੱਲ ਬਾਤ ਬਾਰੇ ਇਰਵਨ ਦੇ ਨੋਟ ਨਾਲੋਂ ਭਿੰਨ ਨਹੀਂ ਹੈ।

*"ਮੈਂ ਭਗਤ ਸਿੰਘ ਬਾਰੇ ਕਿਹਾ – 'ਇਸ ਵਿਚ ਸ਼ਕ ਨਹੀਂ ਉਹ ਬਹਾਦਰ ਆਦਮੀ ਹੈ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਉਸਦੀ ਸੋਚ ਠੀਕ ਨਹੀਂ ਹੈ। ਪਰ ਇਹ ਸਭ ਤੋਂ ਵੱਡੀ ਸਜ਼ਾ ਦੀ ਬੁਰਾਈ ਹੈ ਕਿ ਇਹ ਐਸੇ ਆਦਮੀ ਨੂੰ ਇਹ ਮੌਕਾ ਨਹੀਂ ਦਿੰਦੀ ਕਿ ਉਹ ਆਪਣੇ ਆਪ ਦਾ ਸੁਧਾਰ ਕਰ ਸਕੇ। ਮੈਂ ਇਹ ਮਾਮਲਾ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ ਇਨਸਾਨੀ ਤੌਰ 'ਤੇ ਅਤੇ ਚਾਹੁੰਦਾ ਹਾਂ ਕਿ ਸਜ਼ਾ ਸਸਪੈਂਡ ਕਰ ਦਿੱਤੀ ਜਾਵੇ ਤਾਂ ਜੋ ਦੇਸ਼ ਵਿਚ ਬੇਲੋੜੀ ਗੜਬੜ ਨਾ ਹੋ ਜਾਵੇ। ਮੈਂ ਆਪ ਉਸ ਨੂੰ ਰਿਹਾਅ ਕਰ ਦੇਵਾਂ ਪਰ ਮੈਂ ਕਿਸੇ ਸਰਕਾਰ ਤੋਂ ਇਹ ਉਮੀਦ ਨਹੀਂ ਕਰ ਸਕਦਾ ਕਿ ਐਸਾ ਕਰੇ। ਮੈਂ ਬੁਰਾ ਨਹੀਂ ਮਨਾਵਾਂਗਾ ਜੇ ਤੁਸੀਂ ਇਸ ਮਾਮਲੇ ਵਿਚ ਕੋਈ ਜਵਾਬ ਨਹੀਂ ਦਿਓਗੇ।"*[197]

ਉਪਰੋਕਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗਾਂਧੀ ਭਗਤ ਸਿੰਘ ਦੀ ਸਜ਼ਾ ਨੂੰ ਅਮਲ ਵਿਚ ਲਿਆਉਣ ਦੀ ਕੇਵਲ ਸਸਪੈਨਸ਼ਨ (ਅੱਗੇ ਪਾਉਣਾ) ਹੀ ਮੰਗ ਰਿਹਾ ਸੀ ਅਤੇ ਸਜ਼ਾਏ ਮੌਤ ਨੂੰ ਘੱਟ ਕਰਨ ਲਈ ਨਹੀਂ ਕਹਿ ਰਿਹਾ ਸੀ। ਸਸਪੈਨਸ਼ਨ ਦਾ ਮਤਲਬ ਮੁਲਤਵੀ ਕਰਨ ਤੋਂ ਕੁਝ ਵੱਧ ਨਹੀਂ ਸੀ, ਇਸ ਲਈ ਕਿ *ਦੇਸ਼ ਵਿਚ ਬਹੁਤ ਗੜਬੜੀ ਹੋ ਜਾਵੇਗੀ। ਨਾ ਵਾਇਸਰਾਏ ਦਾ ਨੋਟ ਅਤੇ ਨਾ ਹੀ ਗਾਂਧੀ ਦਾ ਬਿਆਨ ਇਹ ਦਰਸਾਉਂਦਾ ਹੈ ਕਿ ਗਾਂਧੀ ਨੇ ਭਗਤ ਸਿੰਘ ਅਤੇ*

*ਉਸਦੇ ਸਾਥੀਆਂ, ਰਾਜਗੁਰੂ ਅਤੇ ਸੁਖਦੇਵ, ਦੀ ਸਜ਼ਾ ਨੂੰ ਘਟਾਉਣ ਲਈ ਕੋਈ ਪੁਰਜ਼ੋਰ ਅਪੀਲ ਕੀਤੀ ਸੀ।*

ਇਕ ਮਹੀਨਾ ਮਗਰੋਂ, ਅਤੇ ਗਾਂਧੀ-ਇਰਵਨ ਸਮਝੌਤਾ 5 ਮਾਰਚ ਨੂੰ ਹੋਣ ਮਗਰੋਂ, ਗਾਂਧੀ ਨੇ ਉਹਨਾਂ ਦੇ ਫਾਂਸੀ ਦੇਣ ਦੇ ਆਮਲ ਨੂੰ ਅੱਗੇ ਪਾਉਣ ਦਾ ਸਵਾਲ ਉਠਾਇਆ ਸੀ, ਜਿਹੜੀ ਪ੍ਰੈਸ ਰਿਪੋਰਟਾਂ ਅਨੁਸਾਰ 23 ਮਾਰਚ ਦੀ ਪੱਕੀ ਕੀਤੀ ਹੋਈ ਸੀ, ਉਸੇ ਦਿਨ ਜਦ ਕਾਂਗਰਸ ਦਾ ਸੈਸ਼ਨ ਕਰਾਚੀ ਵਿਚ ਹੋਣ ਵਾਲਾ ਸੀ ਜਿਸ ਵਿਚ ਗਾਂਧੀ-ਇਰਵਨ ਸਮਝੌਤੇ ਨੂੰ ਮਨਜ਼ੂਰੀ ਦੇਣਾ ਏਜੰਡੇ ਦੇ ਬਹੁਤ ਉੱਪਰ ਹੋਣਾ ਸੀ। ਇਹ ਮੰਦਭਾਗੀ ਮੌਕਾ-ਮੇਲ ਦੀ ਘਟਨਾ ਗਾਂਧੀ ਲਈ ਬਹੁਤ ਅਣਸੁਖਾਵੀਂ ਸੀ। ਇਰਵਨ ਦੇ ਆਪਣੀ ਗਾਂਧੀ ਨਾਲ ਗੱਲਬਾਤ ਦਾ ਰਿਕਾਰਡ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ,

ਮੌਤ ਦੀਆਂ ਸਜ਼ਾਵਾਂ ਨੂੰ ਘੱਟ ਤਾਂ ਕੀ ਕਰਨਾ, ਵਾਇਸਰਾਏ ਫ਼ਾਂਸੀ ਚਾੜ੍ਹਨ ਨੂੰ ਮੁਲਤਵੀ ਕਰਨ ਲਈ ਵੀ ਰਜ਼ਾਮੰਦ ਨਹੀਂ ਸੀ ਅਤੇ ਗਾਂਧੀ ਨੇ ਕੋਈ ਵਧੇਰੇ ਪੁਰਜ਼ੋਰ ਦਲੀਲ ਨਹੀਂ ਦਿੱਤੀ ਸੀ ਉਸ ਵੇਲੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਪੱਖ ਵਿਚ 18 ਫਰਵਰੀ ਵਾਲੀ ਮੀਟਿੰਗ ਨਾਲੋ। ਸਗੋਂ ਉਹ ਤਾਂ ਸਜ਼ਾ ਦੇ ਅਮਲ ਦਰਾਮਦ ਨਾਲ ਸਹਿਮਤ ਹੀ ਸੀ, ਜਿਹੜਾ ਉਸਦੀ ਜਾਣਕਾਰੀ ਮੁਤਾਬਕ, 24 ਮਾਰਚ ਲਈ ਪੱਕਾ ਕੀਤਾ ਗਿਆ ਹੋਇਆ ਸੀ।

ਭਗਤ ਸਿੰਘ ਦਾ ਸਵਾਲ ਗਾਂਧੀ ਨੇ ਆਪਣੀ ਇਰਵਨ ਨਾਲ ਹੋਈ ਮਿਟਿੰਗ ਵਿਚ ਬਿਲਕੁਲ ਅੰਤ ਵਿਚ ਉਠਾਇਆ ਸੀ। ਉਸਨੇ ਲਿਖਿਆ, "ਜਦ ਉਹ ਜਾਣ ਲੱਗਾ ਤਾਂ ਉਸਨੇ ਪੁਛਿਆ ਕਿ ਕੀ ਉਹ ਭਗਤ ਸਿੰਘ ਦਾ ਮਾਮਲਾ ਉਠਾ ਸਕਦਾ ਹੈ, ਇਹ ਕਹਿੰਦੇ ਹੋਏ ਕਿ ਉਸਨੇ ਪ੍ਰੈਸ ਵਿਚ ਦੇਖਿਆ ਹੈ ਕਿ ਉਸਦੀ ਫਾਂਸੀ 24 ਤਰੀਕ ਨੂੰ ਹੋਣੀ ਹੈ। ਇਹ ਮੰਦਭਾਗਾ ਦਿਨ ਸੀ ਕਿਉਂਕਿ ਉਸੇ ਦਿਨ ਹੀ ਕਾਂਗਰਸ ਦੇ ਨਵੇਂ ਪ੍ਰਧਾਨ ਨੇ ਕਰਾਚੀ ਆਉਣਾ ਸੀ ਅਤੇ ਬਹੁਤ ਹਰ ਮਨ ਪਿਆਰਾ ਜੋਸ਼ ਖ਼ਰੋਸ਼ ਹੋਣ ਵਾਲਾ ਸੀ।

"ਮੈਂ ਉਸਨੂੰ ਕਿਹਾ ਕਿ ਮੈਂ ਮਾਮਲੇ 'ਤੇ ਬਹੁਤ ਹੀ ਧਿਆਨ ਨਾਲ ਗ਼ੌਰ ਕਰ ਲਿਆ ਹੈ ਪਰ ਕੋਈ ਕਾਰਨ ਨਹੀਂ ਬਣਦਾ ਸੀ ਕਿ ਮੈਂ ਆਪਣੀ ਜ਼ਮੀਰ ਨੂੰ ਮਨਾ ਲੈਂਦਾ ਸਜ਼ਾ ਨੂੰ ਘੱਟ ਕਰਨ ਬਾਰੇ। ਜਿੱਥੇ ਤਕ ਤਰੀਕ ਦਾ ਸਵਾਲ ਹੈ, ਮੈਂ ਇਸਦੀ ਸੰਭਾਵਨਾ ਕਾਂਗਰਸ ਸੈਸ਼ਨ ਤਕ ਮੁਲਤਵੀ ਕਰਨ 'ਤੇ ਵੀ ਵਿਚਾਰ ਕੀਤੀ ਸੀ ਪਰ ਜਾਣ ਕੇ ਰੱਦ ਕਰ ਦਿੱਤੀ ਸੀ ਕਈ ਕਾਰਨਾਂ ਕਰਕੇ –

"(1) ਸਜ਼ਾ 'ਤੇ ਅਮਲ ਲਿਆਉਣ ਨੂੰ ਮੁਲਤਵੀ ਕਰਨਾ, ਕੇਵਲ ਸਿਆਸੀ ਕਾਰਨਾਂ ਕਰਕੇ, ਜਦ ਹੁਕਮ ਜਾਰੀ ਹੋ ਚੁੱਕੇ ਸਨ, ਮੈਨੂੰ ਅਯੋਗ ਲੱਗਦਾ ਸੀ।

(2) ਮੁਲਤਵੀ ਕਰਨਾ ਗ਼ੈਰ-ਇਨਸਾਨੀ ਗੱਲ ਹੋਵੇਗੀ ਕਿਉਂਕਿ ਇਸਤੋਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਪਤਾ ਲੱਗੇਗਾ ਕਿ ਮੈਂ ਸਜ਼ਾ ਘਟਾਉਣ 'ਤੇ ਗ਼ੌਰ ਕਰ ਰਿਹਾ ਹਾਂ।

(3) ਕਾਂਗਰਸ ਨੂੰ ਸ਼ਿਕਾਇਤ ਦਾ ਹੱਕ ਮਿਲ ਜਾਣਾ ਸੀ ਕਿ ਸਰਕਾਰ ਨੇ ਉਹਨਾਂ ਨਾਲ ਧੋਖਾ ਕੀਤਾ ਹੈ।

" ਉਹ (ਗਾਂਧੀ) ਇਹਨਾਂ ਦਲੀਲਾਂ ਨਾਲ ਸਹਿਮਤ ਜਾਪਦਾ ਸੀ ਅਤੇ ਉਸਨੇ ਹੋਰ ਕੁਝ ਨਹੀਂ ਕਿਹਾ।"[198]

ਉਸੇ ਦਿਨ ਸ਼ਾਮ ਨੂੰ ਗਾਂਧੀ ਨੇ ਹੋਮ ਸੈਕਟਰੀ, ਹਰਬਰਟ ਐਮਰਸਨ, ਨਾਲ ਤਿੰਨ ਘੰਟੇ ਗੱਲ ਬਾਤ ਕੀਤੀ। ਐਮਰਸਨ ਦੇ ਲਿਖੇ ਨੋਟ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਸਨੇ ਓਹੀ ਕੁਝ

ਕਿਹਾ ਸੀ ਜੋ ਉਸਨੇ ਵਾਇਸਰਾਏ ਕੋਲ ਕਿਹਾ ਸੀ ਸਵੇਰ ਵੇਲੇ। ਹੋਰ ਤਾਂ ਹੋਰ ਭਗਤ ਸਿੰਘ ਬਾਰੇ ਸਵਾਲ ਐਮਰਸਨ ਨੇ ਉਠਾਇਆ ਸੀ।

*"ਮੈਂ ਫਿਰ ਉਸਨੂੰ ਪੁਛਿਆ ਕਿ ਕੀ ਉਸਨੇ ਅਖ਼ਬਾਰਾਂ ਵਿਚ ਪੜ੍ਹ ਲਿਆ ਹੈ ਕਿ ਗਵਰਨਰ-ਜਨਰਲ ਇਨ ਕੌਂਸਲ ਨੇ ਭਗਤ ਸਿੰਘ ਵਾਸਤੇ ਹੋਈ ਰਹਿਮ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਉਸਨੇ ਕਿਹਾ ਕਿ ਉਸਨੇ ਪੜ੍ਹਿਆ ਹੈ ਅਤੇ ਉਸਨੂੰ ਇਸਦੇ ਸਿੱਟਿਆਂ ਤੋਂ ਡਰ ਸੀ। ਮੈਂ ਤਰੀਕ ਦਾ ਜ਼ਿਕਰ ਨਹੀਂ ਕੀਤਾ ਜਿਸ ਦਿਨ ਫਾਂਸੀ ਹੋਣੀ ਸੀ ਪਰ ਮੈਂ ਉਸਨੂੰ ਇਹ ਜ਼ਰੂਰ ਦਸਿਆ ਸੀ ਕਿ ਇਹ ਸਵਾਲ ਕਿ ਕਾਂਗਰਸ ਦੇ ਕਰਾਚੀ ਸੈਸ਼ਨ ਤੋਂ ਪਹਿਲਾਂ ਹੋਵੇ ਜਾਂ ਪਿੱਛੋ ਬੜੀ ਗੰਭੀਰਤਾ ਨਾਲ ਸਰਕਾਰ ਦੇ ਗੌਰ ਅਧੀਨ ਲਿਆਂਦਾ ਗਿਆ ਹੈ ਅਤੇ ਸਰਕਾਰ ਨੇ ਦੋਹਾਂ ਹਾਲਾਤ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਫ਼ੈਸਲਾ ਕੀਤਾ ਕਿ ਸਜ਼ਾਯਾਫ਼ਤਾ ਲੋਕਾਂ ਦੀ ਸਜ਼ਾ ਮੁਲਤਵੀ ਕਰਨੀ ਅਤੇ ਮਹਾਤਮਾ ਗਾਂਧੀ ਵਾਸਤੇ ਵੀ ਇਨਸਾਫ਼ ਦੀ ਗੱਲ ਨਹੀਂ ਹੋਵੇਗੀ ਕਿ ਇਹ ਪ੍ਰਭਾਵ ਦੇਣਾ ਕਿ ਸਜ਼ਾ ਦਾ ਘਟਾਉਣਾ ਵਿਚਾਰ ਅਧੀਨ ਹੈ ਜਦ ਕਿ ਇਹ ਗੱਲ ਨਹੀਂ ਸੀ। ਉਹ ਮੰਨ ਗਿਆ ਕਿ ਦੋਹਾਂ ਬਦਲਾਂ ਨਾਲੋਂ ਇਹੀ ਬਿਹਤਰ ਹੋਵੇਗਾ ਕਿ ਇੰਤਜ਼ਾਰ ਕੀਤਾ ਜਾਵੇ, ਪਰ ਉਸਨੇ ਸੁਝਾਅ ਦਿੱਤਾ, ਭਾਵੇ ਗੰਭੀਰਤਾ ਨਾਲ ਨਹੀਂ, ਕਿ ਤੀਸਰਾ ਰਸਤਾ ਸਜ਼ਾ ਨੂੰ ਘਟਾਉਣਾ ਬਿਹਤਰ ਹੋਣਾ ਸੀ। ਉਸਦੀ ਇਸ ਮਾਮਲੇ ਵਿਚ ਕੋਈ ਵਿਸ਼ੇਸ ਦਿਲਚਸਪੀ ਨਹੀਂ ਸੀ। ਮੈਂ ਉਸਨੂੰ ਕਿਹਾ ਸੀ ਕਿ ਅਸੀ ਖ਼ੁਸ਼ਕਿਸਮਤ ਹੋਵਾਂਗੇ ਜੇ ਅਸੀਂ ਬਿਨਾ ਕਿਸੇ ਗੜ-ਬੜੀ ਦੇ ਇਸ ਮਾਮਲੇ ਵਿਚੋਂ ਲੰਘ ਜਾਈਏ ਅਤੇ ਉਸਨੂੰ ਕਿਹਾ ਕਿ ਉਹ ਪੂਰੀ ਕੋਸ਼ਿਸ਼ ਕਰੇ ਕਿ ਦਿੱਲੀ ਵਿਚ ਕਿਸੇ ਵੀ ਜਲਸੇ ਨੂੰ ਅਗਲੇ ਕੁਝ ਦਿਨਾਂ ਵਿਚ ਰੋਕ ਸਕੇ ਅਤੇ ਕੋਈ ਹਿੰਸਕ ਭਾਸ਼ਣ ਨਾ ਹੋਣ। ਉਸਨੇ ਵਚਨ ਦਿੱਤਾ ਕਿ ਉਹ ਸਭ ਕੁਝ ਕਰੇਗਾ ਜੋ ਉਹ ਕਰ ਸਕਦਾ ਹੈ।"*[199]

ਜੋ ਐਮਰਸਨ ਨੇ ਲਿਖਿਆ ਹੈ ਉਸਦੀ ਪੁਸ਼ਟੀ ਉਸ ਚਿੱਠੀ ਪੱਤਰ ਤੋਂ ਹੁੰਦੀ ਹੈ ਜੋ ਦੋਹਾਂ ਵਿਚਕਾਰ ਅਗਲੇ ਦਿਨ ਹੋਇਆ, ਜਿਸ ਤੋਂ ਬਿਨਾ ਕਿਸੇ ਭੁਲੇਖੇ ਤੋਂ ਇਹ ਸਿੱਧ ਹੁੰਦਾ ਹੈ ਕਿ ਦੋਹਾਂ ਵਿਚਕਾਰ ਕਾਫ਼ੀ ਰਾਬਤਾ ਸੀ। ਇਹ ਯੋਗ ਲੱਗਦਾ ਹੈ ਕਿ ਐਮਰਸਨ ਦਾ 20 ਮਾਰਚ ਦਾ ਗਾਂਧੀ ਦਾ ਪੱਤਰ ਅਤੇ ਉਸਦਾ ਉਸੇ ਦਿਨ ਦਿੱਤੇ ਉੱਤਰ, ਦੋਹਾਂ ਦਾ ਉਤਾਰਾ ਇਥੇ ਕਰ ਦਿੱਤਾ ਜਾਵੇ।

## ਐਮਰਸਨ ਦਾ ਗਾਂਧੀ ਨੂੰ ਪੱਤਰ

*ਭਾਰਤ ਸਰਕਾਰ, ਹੋਮ ਡਿਪਾਰਟਮੈਂਟ, ਨਵੀਂ ਦਿੱਲੀ ਮਾਰਚ 1931*

*ਸਾਡੀ ਕੱਲ ਰਾਤ ਹੋਈ ਗੱਲਬਾਤ, ਭਗਤ ਸਿੰਘ, ਆਦਿ ਦੀ ਸਜ਼ਾ 'ਤੇ ਅਮਲ ਦਰਾਮਦ ਕਰਦੇ ਹੋਏ ਜੋਸ਼ ਖਰੋਸ਼ ਦੇ ਖ਼ਤਰੇ ਦੇ ਸੰਦਰਭ ਵਿਚ, ਚੀਫ਼ ਕਮਿਸਨਰ, ਦਿੱਲੀ ਨੇ ਮੈਨੂੰ ਸੂਚਿਤ ਕੀਤਾ ਹੈ ਕਿ ਸ਼ਹਿਰ ਨੂੰ ਨੋਟਿਸ ਦੇ ਦਿੱਤਾ ਗਿਆ ਹੈ ਕਿ ਮਿ. ਸੁਭਾਸ਼ ਚੰਦਰ ਬੋਸ ਇਕ ਰੋਸ ਮੀਟਿੰਗ ਨੂੰ 5.30 ਵਜੇ ਸੰਬੋਧਨ ਕਰਨਗੇ। ਮੈਂ ਇਸ ਮਾਮਲੇ ਵਿਚ ਤੁਹਾਡੀਆਂ ਮੁਸ਼ਕਿਲਾਂ ਪੂਰੀ ਤਰ੍ਹਾਂ ਸਮਝਦਾ ਹਾਂ ਅਤੇ ਮੈਨੂੰ ਲੱਗਦਾ ਹੈ ਤੁਸੀਂ ਵੀ ਸਰਕਾਰ ਦੀਆਂ ਮੁਸ਼ਕਿਲਾਂ ਸਮਝਦੇ ਹੋ ਕਿ ਇਸ ਵੇਲੇ ਕਿਸੇ ਬਚਾਅ ਦੀ ਕਾਰਵਾਈ ਤੋਂ ਗੁਰੇਜ਼ ਕੀਤਾ ਜਾਵੇ, ਜਿਹੜੀ ਕਰਨੀ ਜ਼ਰੂਰੀ ਮਹਿਸੂਸ ਹੋਵੇ ਜੇ ਗੜਬੜ ਬਹੁਤ ਵਧ ਜਾਂਦੀ ਹੈ। ਜੇ ਜਲਸਾ ਅੱਜ ਹੀ ਹੁੰਦਾ ਹੈ ਤਾਂ ਸੰਭਵ ਹੈ ਕਿ ਭਾਵਨਾਵਾਂ ਭੜਕ ਜਾਣ, ਵਿਸ਼ੇਸ਼ਕਰ ਜੇ ਭੜਕਾਊ ਭਾਸ਼ਣ ਦਿੱਤੇ ਗਏ। ਸਰਕਾਰ ਤੁਹਾਡੇ ਦੁਆਰਾ ਦਿੱਤੀ ਗਈ ਕਿਸੇ ਵੀ ਸਹਾਇਤਾ ਲਈ ਸ਼ੁਕਰਗੁਜ਼ਾਰ ਹੋਵੇਗੀ ਜੇ ਤੁਸੀਂ ਇਸ ਨੂੰ ਰੋਕ ਸਕੋ ਅਤੇ*

*ਐਸੇ ਹਾਲਾਤ ਪੈਦਾ ਹੋਣ ਤੋਂ ਬਚਾਓ ਜਿਹੜੇ ਜੇ ਨਾ ਕਾਬੂ ਵਿਚ ਰੱਖੇ ਜਾ ਸਕੇ ਤਾਂ ਉਸਦੇ ਬਹੁਤ ਗੰਭੀਰ ਸਿੱਟੇ ਨਿਕਲਣਗੇ।"*

*ਤੁਹਾਡਾ ਹਿਤੂ,*
*ਐਚ ਡਬਲ ਯੂ ਐਮਰਸਨ"*[200]

**ਗਾਂਧੀ ਦਾ ਜਵਾਬ**

ਐਮ ਕੇ ਗਾਂਧੀ ਐਸਕ.
1-ਦਰਯਾਗੰਜ, ਦਿੱਲੀ। ਮਾਰਚ 20, 1931.
ਡੀਅਰ ਮਿ. ਐਮਰਸਨ,

ਤੁਹਾਡਾ ਪੱਤਰ ਹੁਣੇ ਮਿਲਿਆ। ਧੰਨਵਾਦ। ਜਿਸ ਜਲਸੇ ਦਾ ਤੁਸੀਂ ਜ਼ਿਕਰ ਕੀਤਾ ਹੈ ਉਸਦਾ ਮੈਨੂੰ ਪਤਾ ਸੀ। ਮੈ ਪਹਿਲਾਂ ਹੀ ਸਾਰੇ ਸੰਭਵ ਕਦਮ ਚੁੱਕ ਲਏ ਹਨ ਅਤੇ ਉਮੀਦ ਹੈ ਕਿ ਕੁਝ ਵੀ ਅਣਸੁਖਾਵਾਂ ਨਹੀਂ ਵਾਪਰੇਗਾ। ਮੇਰਾ ਸੁਝਾਅ ਹੈ ਕਿ ਪੁਲਿਸ ਦਾ ਬਹੁਤਾ ਦਿਖਾਵਾ ਨਾ ਹੋਵੇ ਅਤੇ ਜਲਸੇ ਵਿਚ ਕੋਈ ਦਖ਼ਲ ਨਾ ਦਿੱਤਾ ਜਾਵੇ। ਨਾਰਾਜ਼ਗੀ ਤਾਂ ਬਿਨਾ ਸ਼ੱਕ ਜ਼ਰੂਰ ਹੈ। ਇਹ ਚੰਗੇਰਾ ਹੋਵੇਗਾ ਕਿ ਇਸਦਾ ਗੁੱਸਾ ਜਲਸਿਆਂ ਆਦਿ, ਰਾਹੀ ਨਿਕਲ ਜਾਵੇ।

ਤੁਹਾਡਾ ਹਿਤੂ, ਐਮ ਕੇ ਗਾਂਧੀ[201]

ਗਾਂਧੀ ਦੀ ਇਰਵਨ ਨਾਲ ਗੱਲਬਾਤ ਅਤੇ ਉਸਦੇ ਐਮਰਸਨ ਨਾਲ ਚਿੱਠੀ ਪੱਤਰ ਨੂੰ ਦੇਖਦੇ ਹੋਏ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗਾਂਧੀ ਕੋਲ ਐਸਾ ਕੁਝ ਵੀ ਨਹੀਂ ਸੀ ਇਹ ਮੰਨਣ ਲਈ ਕਿ (ੳ) ਬਸਤੀਵਾਦੀ ਸਰਕਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਜਿੰਦਗੀਆਂ ਬਖ਼ਸ਼ਣ ਵਾਲੀ ਸੀ (ਅ) ਉਸਨੂੰ ਵਾਰ ਵਾਰ ਕਿਹਾ ਗਿਆ ਸੀ ਕਿ ਸਰਕਾਰ ਮੌਤ ਦੀ ਸਜ਼ਾ ਨੂੰ ਅਮਲ ਵਿਚ ਲਿਆਉਣ ਲਈ ਦ੍ਰਿੜ ਸੀ ਅਤੇ ਉਸਨੇ ਕੋਈ ਵੀ ਅਰਥ ਭਰਪੂਰ ਯਤਨ ਨਹੀਂ ਕੀਤਾ ਸੀ ਕਿ ਉਹ ਫ਼ੈਸਲਾ ਬਦਲਿਆ ਜਾਵੇ, ਅਤੇ ਇਸਦੇ ਉਲਟ, ਇਰਵਨ ਇਹ ਮੰਨਣ ਲੱਗ ਪਿਆ ਸੀ ਕਿ ਉਹ ਗੰਭੀਰਤਾ ਨਾਲ ਮੌਤ ਦੀ ਸਜ਼ਾ ਘਟਾ ਕੇ ਉਮਰ ਕੈਦ ਦੇ ਹੱਕ ਵਿਚ ਨਹੀਂ ਹੈ (ੲ) ਉਹ ਝਟ ਹੀ ਸਰਕਾਰ ਦੇ ਫ਼ੈਸਲੇ ਨਾਲ ਸਹਿਮਤ ਹੋ ਗਿਆ ਕਿ ਇਹਨਾਂ ਇਨਕਲਾਬੀਆਂ ਨੂੰ ਫਾਂਸੀ ਦੇ ਤਖ਼ਤੇ 'ਤੇ ਭੇਜਿਆ ਜਾਵੇ। ਇਸ ਤੋਂ ਵੀ ਵੱਧ, ਉਸਨੇ ਐਮਰਸਨ ਨਾਲ ਗੱਲਬਾਤ ਅਤੇ ਚਿੱਠੀ ਪੱਤਰ ਵਿਚ ਇਕ ਸਰਾਕਾਰੀ ਸਲਾਹਕਾਰ ਦੀ ਭੂਮਿਕਾ ਨਿਭਾਈ ਸੀ, ਸਰਕਾਰ ਨੂੰ ਇਹ ਸਲਾਹ ਦੇ ਕੇ ਕਿ ਗੜਬੜੀ ਹੋਣ 'ਤੇ ਹਾਲਤ ਨਾਲ ਕਿਵੇਂ ਨਿਬੜਨਾ ਹੈ, ਜਿਹੜੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਫਾਂਸੀ ਦੇ ਮਗਰੋਂ ਰੋਸ ਪ੍ਰਗਟ ਕਰਨ ਲਈ ਹੋਣ ਦਾ ਡਰ ਸੀ।

ਡਾ. ਪਟਾਭੀ ਸੀਤਾਰਮਈਆ, ਕਾਂਗਰਸ ਪਾਰਟੀ ਦਾ ਇਤਿਹਾਸਕਾਰ, ਇਹ ਇਲਜ਼ਾਮ ਨਹੀਂ ਲਾਉਂਦਾ ਕਿ ਗਾਂਧੀ ਨਾਲ ਵਾਇਸਰਾਏ ਨੇ ਧੋਖਾ ਕੀਤਾ ਸੀ। ਇਸਦੇ ਉਲਟ, ਉਸਦੇ ਗਾਂਧੀ-ਇਰਵਨ ਸਮਝੌਤੇ ਦੇ ਸੰਖੇਪ ਦੁਹਰਾਅ ਦੇ ਅਨੁਸਾਰ, ਭਾਵੇਂ ਇਰਵਨ ਫਾਂਸੀ ਦਾ ਦਿਨ ਮੁਲਤਵੀ ਕਰਨ ਲਈ ਤਿਆਰ ਸੀ, ਇਹ ਗਾਂਧੀ ਹੀ ਸੀ ਜਿਸਨੇ ਇਹ ਚਾਹਿਆ ਸੀ ਕਿ ਕਾਂਗਰਸ ਦੇ ਕਰਾਚੀ ਵਿਚ ਹੋਣ ਵਾਲੇ ਸੈਸ਼ਨ ਤੋ ਪਹਿਲਾਂ ਹੀ ਲਾ ਦਿੱਤੀ ਜਾਵੇ। ਨਿਰਸੰਦੇਹ, ਗਾਂਧੀ ਦਾ ਇਸ ਘਟਨਾਕ੍ਰਮ ਬਾਰੇ, ਜਿਸ ਪ੍ਰਕਾਰ ਉਸਨੇ ਪਬਲਿਕ ਸਾਹਮਣੇ ਬਿਆਨਾਂ ਵਿਚ ਕਿਹਾ, ਇਸਦੇ ਉਲਟ ਹੈ ਅਤੇ ਸਚਾਈ ਤੋਂ ਦੂਰ ਹੈ।

ਇਹ ਹੈ ਜੋ ਸੀਤਾਰਾਮਈਆ ਨੇ ਲਿਖਿਆ – "ਜੋ ਵੀ ਹੈ ਲਾਰਡ ਇਰਵਨ ਇਸ ਮਾਮਲੇ

ਵਿਚ ਕੋਈ ਸਹਾਇਤਾ ਨਹੀਂ ਕਰ ਸਕਦਾ ਸੀ, ਪਰ ਇਹ ਜ਼ਰੂਰ ਮੰਨਦਾ ਸੀ ਕਿ ਫਾਂਸੀ ਨੂੰ ਮੁਲਤਵੀ ਕਰ ਦਿੱਤਾ ਜਾਵੇ ਕਾਂਗਰਸ ਦੇ ਸੈਸ਼ਨ ਦੇ ਬਾਅਦ ਤਕ। ਕਰਾਚੀ ਦਾ ਸੈਸ਼ਨ ਮਾਰਚ ਦੇ ਆਖਿਰੀ ਦਿਨਾਂ ਵਿਚ ਹੋਣਾ ਸੀ, ਪਰ ਗਾਂਧੀ ਨੇ ਇਹ ਜ਼ਰੂਰ ਕਿਹਾ ਸੀ ਵਾਇਸਰਾਏ ਨੂੰ ਕਿ ਜੇ ਉਹਨਾਂ ਲੜਕਿਆਂ ਨੂੰ ਫਾਂਸੀ ਦੇਣੀ ਹੈ ਤਾਂ ਚੰਗਾ ਹੋਵੇ ਕਿ ਸੈਸ਼ਨ ਤੋਂ ਪਹਿਲਾਂ ਹੀ ਦੇ ਦਿੱਤੀ ਜਾਵੇ। ਦੇਸ਼ ਵਿਚ ਹਾਲਾਤ ਸਾਫ਼ ਹੋ ਜਾਣਗੇ। ਲੋਕਾਂ ਦੇ ਦਿਲਾਂ ਵਿਚ ਕੋਈ ਝੂਠੀ ਉਮੀਦ ਨਹੀਂ ਹੋਵੇਗੀ। ਗਾਂਧੀ ਇਰਵਨ ਸਮਝੌਤਾ ਬਚੇਗਾ ਜਾਂ ਨਹੀਂ ਇਹ ਕਾਂਗਰਸ ਫ਼ੈਸਲਾ ਕਰ ਲਵੇਗੀ ਅਤੇ ਇਹ ਵੀ ਸਚਾਈ ਸਾਹਮਣੇ ਹੋਵਗੀ ਕਿ ਤਿੰਨ ਲੜਕੇ ਮਾਰ ਦਿੱਤੇ ਗਏ ਹਨ।"[202]

ਗਾਂਧੀ, ਜਿਸਨੇ 18 ਫ਼ਰਵਰੀ ਤੋਂ 19 ਮਾਰਚ ਤਕ ਆਪਣੀ ਵਾਇਸਰਾਏ ਨਾਲ ਗੱਲਬਾਤ ਵਿਚ ਕੁਝ ਵੀ ਖ਼ਾਸ ਨਹੀਂ ਕੀਤਾ ਸੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਜਾਨਾਂ ਬਚਾਉਣ ਲਈ 23 ਮਾਰਚ ਨੂੰ ਵਾਇਸਰਾਏ ਨੂੰ ਹੇਠ ਦਿੱਤਾ ਪੱਤਰ ਲਿਖਿਆ ਸੀ, ਉਸੇ ਦਿਨ ਜਿਸ ਦਿਨ ਫਾਂਸੀ ਲੱਗੀ ਸੀ –

"ਇਹ ਜ਼ਾਲਮਾਨਾ ਗੱਲ ਲੱਗਦੀ ਹੈ ਕਿ ਤੁਹਾਡੇ ਉਪਰ ਚਿੱਠੀ ਵਗ੍ਹਾ ਕੇ ਮਾਰਾਂ, ਪਰ ਆਮ ਜਨਤਾ ਦੀ ਅੰਤਿਮ ਅਪੀਲ ਵਾਸਤੇ ਮੰਗ ਹੈ। ਭਾਵੇਂ ਤੁਸੀਂ ਮੈਨੂੰ ਸਾਫ਼-ਸਾਫ਼ ਦੱਸ ਦਿੱਤਾ ਸੀ ਕਿ ਤੁਹਾਡੇ ਦੁਆਰਾ ਭਗਤ ਸਿੰਘ ਅਤੇ ਦੋ ਹੋਰਨਾਂ ਦੀ ਮੌਤ ਦੀ ਸਜ਼ਾ ਨੂੰ ਘੱਟ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ, ਤੁਸੀਂ ਕਿਹਾ ਸੀ ਕਿ ਮੇਰੀ ਬੇਨਤੀ 'ਤੇ ਤੁਸੀਂ ਸਨਿਚਰਵਾਰ ਨੂੰ ਗ਼ੌਰ ਕਰੋਗੇ। ਡਾ. ਸਪਰੂ ਮੈਨੂੰ ਕੱਲ ਮਿਲੇ ਸੀ ਅਤੇ ਉਹਨਾਂ ਮੈਨੂੰ ਕਿਹਾ ਸੀ ਕਿ ਤੁਸੀਂ ਇਸ ਮਾਮਲੇ ਵਿਚ ਤਕਲੀਫ਼ ਮਹਿਸੂਸ ਕਰ ਰਹੇ ਹੋ ਅਤੇ ਆਪਣੇ ਦਿਮਾਗ਼ 'ਤੇ ਬਹੁਤ ਬੋਝ ਪਾ ਰਹੇ ਹੋ ਕਿ ਕੀ ਠੀਕ ਰਾਹ ਆਪਨਾਇਆ ਜਾਵੇ। ਜੇ ਮੁੜ ਵਿਚਾਰ ਕਰਨ ਦੀ ਕੋਈ ਗੁੰਜਾਇਸ਼ ਬਾਕੀ ਹੈ ਤਾਂ ਮੈਂ ਤੁਹਾਡਾ ਧਿਆਨ ਹੇਠ ਲਿਖੇ 'ਤੇ ਦਿਵਾਉਂਦਾ ਹਾਂ –

"ਹਰਮਨ ਪਿਆਰਾ ਲੋਕਾਂ ਦਾ ਵਿਚਾਰ ਇਹ ਮੰਗ ਕਰਦਾ ਹੈ, ਠੀਕ ਜਾਂ ਗਲਤ, ਕਿ ਸਜ਼ਾਏ ਮੌਤ ਘਟਾਈ ਜਾਵੇ। ਜੇ ਕੋਈ ਅਸੂਲ ਵਿਚ ਆਵੇ, ਇਹ ਅਕਸਰ ਫ਼ਰਜ਼ ਬਣਦਾ ਹੈ ਕਿ ਇਸਦਾ ਸਤਿਕਾਰ ਕੀਤਾ ਜਾਵੇ।"

ਅੱਗੇ ਗਾਂਧੀ ਕਹਿੰਦਾ ਹੈ, "ਇਹ ਦੇਖ ਕੇ ਕਿ ਮੈਂ ਤੁਹਾਨੂੰ ਇਹ ਸੂਚਿਤ ਕਰਨ ਯੋਗ ਹਾਂ ਕਿ ਇਨਕਲਾਬੀ ਪਾਰਟੀ ਨੇ ਮੈਨੂੰ ਭਰੋਸਾ ਦੁਆਇਆ ਹੈ ਕਿ ਜੇ ਉਹਨਾਂ ਦੀਆਂ ਜਾਨਾਂ ਬਚਾ ਲਈਆਂ ਜਾਂਦੀਆਂ ਹਨ, ਪਾਰਟੀ ਆਪਣੇ ਹੱਥ ਰੋਕ ਲਵੇਗੀ, ਜਦ ਤਕ ਸਜ਼ਾ ਸਸਪੈਂਡ ਰਹਿੰਦੀ ਹੈ ਇਨਕਲਾਬੀ ਕਤਲ ਨਹੀਂ ਕੀਤੇ ਜਾਣਗੇ, ਮੇਰੇ ਵਿਚਾਰ ਵਿਚ ਇਹ ਅੰਤਿਮ ਫ਼ਰਜ਼ ਹੈ।"

" ਇਸ ਤੋਂ ਪਹਿਲਾਂ ਵੀ ਸਿਆਸੀ ਕਤਲ ਮਾਫ਼ ਕੀਤੇ ਗਏ ਹਨ। ਉਹਨਾਂ ਦੀ ਜ਼ਿੰਦਗੀ ਬਚਾਉਣੀ ਜ਼ਰੂਰੀ ਲੱਗਦੀ ਹੈ, ਜੇ ਇਸ ਕਾਰਨ ਬਹੁਤ ਸਾਰੀਆਂ ਹੋਰ ਜਾਨਾਂ ਵੀ ਬਚਾਈਆਂ ਜਾ ਸਕਣ ਅਤੇ ਹੋ ਸਕਦਾ ਹੈ ਕਿ ਇਨਕਲਾਬੀ ਜੁਰਮ ਖ਼ਤਮ ਹੀ ਹੋ ਜਾਣ।"[203]

ਇਹ ਚਿੱਠੀ ਲਿਖਣ ਤੋਂ ਬਾਅਦ ਗਾਂਧੀ, ਡਰ ਗਿਆ ਸੀ, ਭਾਵੇਂ ਦੇਰ ਨਾਲ ਇਹ ਸੋਚ ਕੇ ਕਿ ਫ਼ਾਂਸੀ ਲੱਗਣ ਮਗਰੋਂ ਹਿੰਸਕ ਸਿੱਟੇ ਨਿਕਲਣਗੇ ਅਤੇ ਫਲਸਰੂਪ ਗਾਂਧੀ-ਇਰਵਨ ਸਮਝੌਤਾ ਰੱਦ ਹੋ ਜਾਵੇਗਾ ਅਤੇ ਇਸ ਇੱਛਾ ਨਾਲ ਕਿ ਕੌਮੀ ਆਜ਼ਾਦੀ ਸੰਘਰਸ਼ ਵਿਚੋਂ ਇਨਕਲਾਬੀ ਭਾਗ ਖ਼ਤਮ ਕਰ ਦਿੱਤਾ ਜਾਵੇਗਾ ਜੇ ਮੌਤ ਦੀ ਸਜ਼ਾ ਘੱਟ ਕਰ ਦਿੱਤੀ ਜਾਵੇ, ਅਤੇ ਐਸੇ ਪਖੰਡ ਨਾਲ ਉਹ ਮਗਰੋਂ ਦਾਅਵਾ ਕਰ ਸਕੇਗਾ ਕਿ ਉਸਨੇ ਉਹਨਾਂ ਦੀਆਂ ਜਾਨਾਂ ਬਚਾਉਣ ਲਈ

ਪੂਰਾ-ਪੂਰਾ ਜ਼ੋਰ ਲਾਇਆ ਸੀ। ਜੇ ਉਹ ਅਸਲ ਵਿਚ ਇਮਾਨਦਾਰ ਹੁੰਦਾ, ਉਹਨਾਂ ਨੂੰ ਬਚਾਉਣ ਵਿਚ, ਉਹ ਇਹ ਬਹੁਤੇ ਪਹਿਲਾਂ ਕਰ ਸਕਦਾ ਸੀ ਅਤੇ ਵਧੇਰੇ ਜ਼ੋਰ ਨਾਲ, ਗਾਂਧੀ-ਇਰਵਨ ਗੱਲਬਾਤ ਦੀ ਇਕ ਸ਼ਰਤ ਬਣਾ ਕੇ ਕਿ ਮੌਤ ਦੀ ਸਜ਼ਾ ਜ਼ਰੂਰ ਘਟਾਈ ਜਾਵੇ ਅਤੇ ਇਸ ਮੰਗ ਲਈ ਦੇਸ ਵਿਆਪੀ ਰੋਸ ਲਹਿਰ ਦਾ ਸਮਰਥਨ ਕੀਤਾ ਜਾਵੇਗਾ ਜੇ ਮੰਗ ਰੱਦ ਕਰ ਦਿੱਤੀ ਗਈ ਤਾਂ। ਜੇ ਗਾਂਧੀ ਅਤੇ ਕਾਂਕਰਸ ਪਾਰਟੀ ਚਾਹੁੰਦੀ ਕਿ ਇਹਨਾਂ ਇਨਕਲਾਬੀਆਂ ਦੀਆਂ ਜਾਨਾਂ ਬਚਾਉਣੀਆਂ ਹਨ, ਉਹਨਾਂ ਕੋਲ ਚੜ੍ਹਤ ਵੀ ਸੀ ਅਤੇ ਜਨ ਸਾਧਾਰਨ ਉਹਨਾਂ ਦੇ ਪਿੱਛੇ ਸੀ ਜਿਸ ਨਾਲ ਬ੍ਰਿਟਿਸ਼ ਸਮਰਾਜਵਾਦ ਕੁਝ ਝੁਕ ਜਾਂਦਾ। ਪਰ ਸਾਰੇ ਹੀ ਸਬੂਤ ਇਹੀ ਸਿੱਧ ਕਰਦੇ ਹਨ ਕਿ ਗੱਲ ਤਾਂ ਉਲਟੇ ਪਾਸੇ ਸੀ। ਗਾਂਧੀ ਅਤੇ ਉਸਦੀ ਪਾਰਟੀ ਓਨੇ ਹੀ ਉਤਸਕ ਸਨ ਜਿੰਨਾ ਬ੍ਰਿਟਿਸ਼ ਸਾਮਰਾਜਵਾਦ, ਇਨਕਲਾਬੀਆਂ ਨੂੰ ਭਾਰਤੀ ਆਜ਼ਾਦੀ ਸੰਘਰਸ਼ ਵਿਚ ਖ਼ਤਮ ਕਰਨ ਵਿਚ, ਜਿਸਦਾ ਭਗਤ ਸਿੰਘ ਪ੍ਰਤੀਨਿਧੀ ਸੀ। ਬਸ ਇਹੀ ਤੱਤ ਨਿਕਲਦਾ ਹੈ ". . . ਐਨੀ ਦੇਰ ਭਾਵ 19 ਮਾਰਚ ਤਕ, ਉਸਦੀ ਵਾਇਸਰਾਏ ਨਾਲ ਅਤੇ ਹੋਮ ਸੈਕਟਰੀ ਨਾਲ ਗੱਲ ਬਾਤ ਵਿਚ ਅਤੇ ਇਸਦੇ ਹੋਮ ਸੈਕਟਰੀ ਨਾਲ ਚਿੱਠੀ ਪੱਤਰ ਵਿਚ ਗਾਂਧੀ ਨੇ ਇਕ ਸਾਫ ਸੰਕੇਤ ਦਿੱਤਾ ਸੀ ਕਿ ਭਗਤ ਸਿੰਘ ਦੀ ਹੋਣੀ ਵਿਚ ਉਸਦੀ ਦੀ ਕੋਈ ਰੁਚੀ ਨਹੀਂ ਸੀ। 23 ਮਾਰਚ ਦੀ ਸਵੇਰ ਨੂੰ, ਗਾਂਧੀ ਵਾਸਤੇ ਕੋਈ ਕਾਰਨ ਨਹੀਂ ਸੀ ਇਹ ਯਕੀਨ ਕਰਨ ਵਿਚ ਕਿ ਬਿਲਕੁਲ ਅੰਤਲੇ ਪਲਾਂ ਵਿਚ ਉਸਦੀ ਰਹਿਮ ਦੀ ਦਲੀਲ ਦੇ ਪ੍ਰਵਾਨ ਹੋਣ ਦੀ ਕੋਈ ਸੰਭਾਵਨਾ ਸੀ."[204] ਮਨਮਥਨਾਥ ਗੁਪਤਾ ਦੇ ਸ਼ਬਦਾਂ ਵਿਚ, 'ਗਾਂਧੀ ਦੇ ਆਪਣੇ ਐਮਰਸਨ ਨੂੰ ਲਿਖੇ ਪੱਤਰ ਤੋਂ ਇਹ ਸਪਸ਼ਟ ਹੈ ਕਿ ਉਹ ਭਾਵੁਕ ਤੌਰ 'ਤੇ ਬਿਲਕੁਲ ਵੀ ਦੁਖੀ ਨਹੀਂ ਸੀ ਉਹਨਾਂ ਦੇ ਫਾਂਸੀ ਚੜ੍ਹਨ 'ਤੇ ਜਿੰਨਾ ਸਾਰਾ ਭਾਰਤ ਦੇਸ, ਸਮੇਤ ਨਹਿਰੂ ਅਤੇ ਬੋਸ ਦੇ[205]

1957 ਵਿਚ ਇਰਵਨ, ਓਦੋਂ ਲਾਰਡ ਹੇਲੀਫ਼ੈਕਸ, ਨੇ ਆਪਣੇ ਮੈਮੋਇਰਜ਼ (ਸਵੈਜੀਵਨੀ) ਪ੍ਰਕਾਸ਼ਿਤ ਕੀਤੇ ਸਨ- *ਫ਼ੁੱਲਨੈਸ ਆਫ਼ ਡੇਜ਼* - ਜਿਸ ਵਿਚ ਉਸਨੇ ਆਪਣੀ ਮਹਾਤਮਾ ਗਾਂਧੀ ਨਾਲ 19 ਮਾਰਚ 1931 ਵਿਚ ਹੋਈ ਗੱਲਬਾਤ ਨੂੰ ਦੁਹਰਾਇਆ- ਬਿਲਕੁਲ ਉਸੇ ਤਰ੍ਹਾਂ ਜਿਵੇਂ ਉਸ ਦਿਨ ਨੋਟ ਲਿਖਿਆ ਸੀ। ਗਾਂਧੀ ਨੇ ਕਿਹਾ, "ਜੇ ਨੌਜਵਾਨ ਨੂੰ ਫਾਂਸੀ ਹੋ ਜਾਂਦੀ ਹੈ ਤਾਂ ਇਹ ਸੰਭਾਵਨਾ ਹੈ ਕਿ ਉਹ ਕੌਮੀ ਸ਼ਹੀਦ ਬਣ ਜਾਵੇਗਾ ਅਤੇ ਆਮ ਵਾਤਾਵਰਣ ਗੰਭੀਰ ਢੰਗ ਨਾਲ ਪੱਖਪਾਤੀ ਹੋ ਜਾਵੇਗਾ। ਮਿ. ਗਾਂਧੀ ਨੇ ਕਿਹਾ ਕਿ ਉਸਨੂੰ ਬਹੁਤ ਡਰ ਹੈ ਕਿ, ਜਦ ਤਕ ਮੈਂ ਕੁਝ ਨਹੀਂ ਕਰਦਾ ਇਸ ਮਾਮਲੇ ਵਿਚ, ਇਸ ਦਾ ਅਸਰ ਇਹ ਹੋਵੇਗਾ ਕਿ ਸਾਡਾ ਸਮਝੌਤਾ ਤਬਾਹ ਹੋ ਜਾਵੇਗਾ। ਮੈਂ ਕਿਹਾ ਸੀ ਕਿ ਮੈਨੂੰ ਖੇਦ ਹੈ ਉਸ ਨਾਲੋਂ ਘੱਟ ਨਹੀਂ, ਪਰ ਇਹ ਉਸਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਕੇਵਲ ਤਿੰਨ ਹੀ ਰਾਹ ਸਾਨ ਸਾਡੇ ਲਈ। ਪਹਿਲਾ ਸੀ. . . ਫਾਂਸੀਆਂ ਲੱਗਣ ਦਿਓ, ਦੂਸਰਾ ਸੀ. . .ਭਗਤ ਸਿੰਘ ਨੂੰ ਮੁਹਲਤ ਦੇ ਦਿੱਤੀ ਜਾਵੇ, ਅਤੇ ਤੀਸਰਾ ਸੀ ਕਿ ਕਾਂਗਰਸ ਸੈਸ਼ਨ ਖ਼ਤਮ ਹੋਣ ਤੋਕ ਕੋਈ ਵੀ ਫ਼ੈਸਲਾ ਰੋਕੀ ਰਖਿਆ ਜਾਵੇ। ਮੈਂ ਉਸਨੂੰ ਕਿਹਾ ਸੀ. . . ਇਹ ਮੇਰੀ ਲਈ ਅਸੰਭਵ ਹੈ. . . ਕਿ ਉਸਨੂੰ ਮੁਹਲਤ ਦਿਆਂ ਅਤੇ ਕੇਵਲ ਫ਼ੈਸਲੇ ਨੂੰ ਮੁਲਤਵੀ ਕਰਨਾ ਅਤੇ ਲੋਕਾਂ ਨੂੰ ਇਹ ਸੋਚਣ ਲਈ ਉਤਸਾਹਿਤ ਕਰਨਾ ਕਿ ਮੁਹਲਤ ਦੀ ਸੰਭਾਵਨਾ ਹੈ. . . ਕੋਈ ਸਪੱਸ਼ਟ ਸਿੱਧੀ ਗੱਲ ਨਹੀਂ ਸੀ ਜਾਂ ਇਮਾਨਦਾਰੀ ਨਹੀਂ ਹੋਵੇਗੀ। ਕੇਵਲ ਪਹਿਲਾ ਰਸਤਾ ਹੀ ਸੰਭਵ ਸੀ ਬਹੁਤ ਸਾਰੀਆਂ ਆਉਂਦੀਆਂ ਮੁਸ਼ਕਲਾਂ ਦੇ ਬਾਵਜੂਦ। ਗਾਂਧੀ ਨੇ ਇਕ ਪਲ ਵਾਸਤੇ ਸੋਚਿਆ ਅਤੇ ਫੇਰ ਕਿਹਾ, "ਕੀ ਯੁਅਰ ਐਕਸੀਲੈਂਸੀ ਮੇਰੇ ਇਹ ਕਹਿਣ 'ਤੇ ਕੋਈ ਇਤਰਾਜ਼

ਕਰਨਗੇ ਕਿ ਮੈਂ ਨੌਜਵਾਨ ਦੀ ਜਾਨ ਵਾਸਤੇ ਵਕਾਲਤ ਕਰਦਾ ਹਾਂ?"[206]

ਗਾਂਧੀ ਦੀ ਦੇਰ ਨਾਲ ਦਿੱਤੀ ਇਹ ਦਲੀਲ, ਭਾਵੇ ਦਿਲੋਂ ਕੀਤੀ ਗਈ ਸੀ ਮੌਤ ਦੀ ਸਜ਼ਾ ਨੂੰ ਘੱਟ ਕਰਨ ਲਈ, ਵਾਇਸਰਾਏ ਵਾਸਤੇ ਪੂਰੀ ਹੈਰਾਨੀ ਦੀ ਗੱਲ ਸੀ, ਉਹਨਾਂ ਦੀ 18 ਫਰਵਰੀ ਤੋਂ 19 ਮਾਰਚ ਤਕ ਹੋਈ ਗੱਲ ਬਾਤ ਦੇ ਚਾਨਣੇ ਵਿਚ। ਇਰਵਨ ਨੇ ਗਾਂਧੀ ਦੀ ਅਪੀਲ ਰੱਦ ਕਰਨ ਵਿਚ ਕੋਈ ਸਮਾਂ ਨਾ ਲਿਆ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ ਨੂੰ ਫਾਂਸੀ ਦੇ ਦਿੱਤੀ ਗਈ।

## ਗਾਂਧੀ ਦਾ ਸਨਕੀ ਅਤੇ ਦੋਹਰਾਪਨ

ਜਦ ਫਾਂਸੀ ਦੇਣ ਦੀ ਖ਼ਬਰ ਦਿੱਲੀ ਪਹੁੰਚੀ ਗਾਂਧੀ ਜੀ ਨੇ ਬੜੇ ਧਿਆਨ ਨਾਲ ਲਿਖਿਆ ਬਿਆਨ ਕਰਾਚੀ ਰਵਾਨਾ ਹੋਣ ਤੋਂ ਪਹਿਲਾਂ 24 ਮਾਰਚ ਨੂੰ ਜਾਰੀ ਕੀਤਾ। ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮਜਬੂਰ ਕੀਤੇ ਜਾਣ ਦੇ ਨਾਲ – ਗਾਂਧੀ ਤਾਂ ਇਸ ਬਿਆਨ ਵਿਚ ਇਸ ਗੱਲ ਵਿਚ ਰੁਚਿਤ ਸੀ, ਪਹਿਲੇ, ਲੋਕਾਂ ਦੇ ਗੁੱਸੇ ਨੂੰ, ਭਾਰਤ ਦੇ ਸਰਵਉੱਤਮ ਨੌਜਾਵਾਨਾਂ ਦੇ ਅਦਾਲਤੀ ਕਤਲ ਮਗਰੋਂ, ਲੋਕਾਂ ਵਿਚ ਆ ਗਿਆ ਸੀ, ਕਿਵੇਂ ਬੁਰਜੁਆ ਹੱਦਾਂ ਤਕ ਸੀਮਿਤ ਰੱਖਿਆ ਜਾ ਸਕੇ ਅਤੇ ਦੂਸਰੇ, ਕੋਈ ਵੀ ਐਸਾ ਪ੍ਰਭਾਵ ਦੂਰ ਕੀਤਾ ਜਾਵੇ ਕਿ ਇਹ ਫਾਂਸੀ ਦੀ ਸਜ਼ਾ ਬ੍ਰਿਟਿਸ਼ ਬਸਤੀਵਾਦ ਦੇ ਵਿਸ਼ਵਾਸ ਘਾਤ ਕਾਰਨ ਹੋਈ ਸੀ। ਹੁਣ ਦੇਖੋ ਗਾਂਧੀ ਦਾ ਬਿਆਨ–

"ਅਜ ਤਕ ਕਦੇ ਵੀ, ਸਾਡੀ ਯਾਦਦਾਸ਼ਤ ਵਿਚ ਐਸਾ ਹੋਇਆ ਹੋਵੇ ਜਿੰਨਾ ਰੋਮਾਂਸ ਭਗਤ ਸਿੰਘ ਦੇ ਜੀਵਨ ਸੰਬਧੀ ਹੋਇਆ ਹੈ। ਭਾਵੇਂ ਮੈਂ ਉਸਨੂੰ ਲਾਹੌਰ ਵਿਚ ਇਕ ਵਿਦਿਆਰਥੀ ਦੇ ਤੌਰ 'ਤੇ ਕਈ ਵਾਰ ਦੇਖਿਆ ਹੋਵੇ, ਮੈਨੂੰ ਭਗਤ ਸਿੰਘ ਦੀ ਸ਼ਕਲ ਸੂਰਤ, ਨੈਣ ਨਕਸ਼, ਯਾਦ ਨਹੀਂ ਹਨ। ਪਰ ਪਿਛਲੇ ਮਹੀਨੇ ਦੌਰਾਨ, ਇਹ ਮੇਰੇ ਲਈ ਸਨਮਾਨ ਵਾਲੀ ਗੱਲ ਸੀ ਕਿ ਮੈਂ ਉਸਦੀ ਦੇਸ਼ ਭਗਤੀ, ਹਿੰਮਤ ਅਤੇ ਉਸਦੇ ਭਾਰਤੀ ਜਨਤਾ ਲਈ ਅਥਾਹ ਪ੍ਰੇਮ ਬਾਰੇ ਕਹਾਣੀਆਂ ਸੁਣੀਆਂ। ਜਿੰਨੀ ਕੁਝ ਜਾਣਕਾਰੀ ਮੇਰੇ ਤੀਕ ਪੁਜੀ ਹੈ ਉਸਦੇ ਆਧਾਰ 'ਤੇ ਮੈਂ ਕਹਿ ਸਕਦਾ ਹਾਂ ਕਿ ਉਸਦੀ ਹਿੰਮਤ ਲਾਸਾਨੀ ਸੀ। ਇਹ ਕਿ ਉਸਨੇ ਆਪਣੇ ਅਸਾਧਾਰਣ ਹੌਸਲੇ ਦਾ ਦੁਰਉਪਯੋਗ ਕੀਤਾ, ਉਸਦੇ ਬਹੁਤ ਸਾਰੇ ਗੁਣਾਂ ਕਾਰਨ ਭੁਲਾ ਦਿੱਤਾ ਗਿਆ ਹੈ। ਐਸੇ ਨੌਜਵਾਨ ਅਤੇ ਉਸਦੇ ਸਾਥੀਆਂ ਦੇ ਫਾਂਸੀ 'ਤੇ ਚੜ੍ਹਾਉਣ ਨਾਲ ਉਹਨਾਂ ਨੂੰ ਸ਼ਹੀਦਾਂ ਦਾ ਤਾਜ ਮਿਲ ਗਿਆ ਹੈ। ਉਹਨਾਂ ਦੇ ਚਲਾਣੇ ਨੂੰ ਹਜ਼ਾਰਾਂ ਲੋਕ ਆਪਣਾ ਨਿਜੀ ਨੁਕਸਾਨ/ਸਦਮਾ ਮਹਿਸੂਸ ਕਰ ਰਹੇ ਹਨ। ਉਸਦੀ ਮੌਤ 'ਤੇ ਨਿਜੀ ਤੌਰ ਤੇ ਅਫ਼ਸੋਸ ਕਰਦਾ ਹੋਇਆ ਮੈਂ ਦੇਸ਼ਵਾਸੀਆਂ ਨਾਲ ਆਪਣਾ ਅਫ਼ਸੋਸ ਅਤੇ ਸਦਮਾ ਸਾਂਝਾ ਕਰਦਾ ਹਾਂ, ਨਾਲ ਹੀ ਮੈਂ ਦੇਸ਼ ਦੇ ਨੌਜਵਾਨਾਂ ਨੂੰ ਚੌਕੰਨੇ ਕਰਦਾ ਹਾਂ ਕਿ ਉਹ ਉਸਦੀ ਮਿਸਾਲ ਦੀ ਨਕਲ ਨਾ ਕਰਨ। ਹਾਂ ਜ਼ਰੂਰ ਉਹਨਾਂ ਦੀ ਕੁਰਬਾਨੀ ਦੀ ਭਾਵਨਾ, ਉਹਨਾਂ ਦੀ ਮਿਹਨਤ ਅਤੇ ਅਥਾਹ ਹਿੰਮਤ ਦੀ ਨਕਲ ਜ਼ਰੂਰ ਕਰਨ। ਪਰ ਅਸੀਂ ਉਹਨਾਂ ਗੁਣਾਂ ਨੂੰ ਉਹਨਾਂ ਵਾਂਗਰ ਇਸਤੇਮਾਲ ਨਾ ਕਰੀਏ। ਇਸ ਦੇਸ਼ ਦੀ ਗ਼ੁਲਾਮੀ ਤੋਂ ਮੁਕਤੀ ਕਦਾਚਿਤ ਕਤਲ ਦੁਆਰਾ ਨਾ ਹੋਵੇ।

"ਜਿਥੇ ਤਕ ਸਰਕਾਰ ਦੀ ਗੱਲ ਹੈ, ਮੈਂ ਇਹ ਮਹਿਸੂਸ ਕੀਤੇ ਬਿਨਾ ਨਹੀਂ ਰਹਿ ਸਕਦਾ ਕਿ ਉਹਨਾਂ ਨੇ ਇਹ ਸੁਨਹਿਰੀ ਮੌਕਾ ਗੁਆ ਦਿੱਤਾ ਹੈ ਜਦ ਉਹ ਇਨਕਲਾਬੀ ਪਾਰਟੀ ਦਾ ਮਨ ਜਿੱਤ ਸਕਦੇ ਸੀ। ਇਹ ਉਹਨਾਂ ਦਾ ਸਪੱਸ਼ਟ ਫ਼ਰਜ਼ ਸੀ ਜਦ ਸਮਝੌਤਾ ਹੋ ਗਿਆ ਸੀ, ਕਿ ਉਹ

ਘਟੋਘਟ ਫਾਂਸੀ ਦੇਣੀ ਅਨਿਸ਼ਚਿਤ ਸਮੇਂ ਲਈ ਸਸਪੈਂਡ ਕਰ ਦਿੰਦੇ। ਆਪਣੇ ਇਸ ਕੰਮ ਨਾਲ ਉਹਨਾਂ ਨੇ ਸਮਝੌਤੇ ਉੱਪਰ ਬਹੁਤ ਵੱਡਾ ਭਾਰ ਪਾ ਦਿੱਤਾ ਹੈ ਅਤੇ ਇਕ ਵਾਰ ਫੇਰ ਉਹਨਾਂ ਨੇ ਜਨ ਸਾਧਾਰਨ ਦੀ ਆਵਾਜ਼ ਨੂੰ ਦਬਾ ਕੇ ਆਪਣੀ ਵਹਿਸ਼ੀ ਸੱਤਾ ਦੀ ਨੁਮਾਇਸ਼ ਕੀਤੀ ਹੈ। ਇਹ ਉਹਨਾਂ ਦਾ ਹਠ ਉਹਨਾਂ ਦੀ ਸ਼ਕਤੀ ਦਾ ਦਿਖਾਵਾ ਹੈ ਕਿ ਬਹੁਤ ਵੱਡੀਆਂ ਲੰਮੀਆਂ ਚੌੜੀਆਂ ਤੇ ਕਹਿ ਲਓ ਸ਼ਾਨਦਾਰ ਸ਼ਬਦਾਂ ਵਿਚ ਲਪੇਟੀਆਂ ਗੱਲਾਂ ਕਰਨ ਦੇ ਬਾਵਜੂਦ, ਉਹ ਆਪਣੇ ਹੱਥੋਂ ਸੱਤਾ ਨਹੀਂ ਗੁਆਉਣੀ ਚਾਹੁੰਦੇ। ਪਰ ਸਾਡੇ ਰਾਸ਼ਟਰ ਦਾ ਫ਼ਰਜ਼ ਬਿਲਕੁਲ ਸਪੱਸ਼ਟ ਹੈ। ਕਾਂਗਰਸ ਆਪਣੇ ਮਿਥੇ ਹੋਏ ਰਾਹ ਤੋਂ ਬਿਲੁਕਲ ਨ ਥਿੜਕੇ। ਮੇਰੇ ਵਿਚਾਰ ਵਿਚ, ਵੱਡੀ ਤੋਂ ਵੱਡੀ ਉਕਸਾਹਟ ਦੇ ਬਾਵਜੂਦ, ਕਾਂਗਰਸ ਇਸ ਸਮਝੌਤੇ ਦੀ ਪ੍ਰਵਾਨਗੀ ਦੇ ਦੇਵੇ। ਅਸੀ ਨਾਰਾਜ਼ ਹੋ ਕੇ ਆਪਣੇ ਆਪ ਨੂੰ ਗ਼ਲਤ ਨਾ ਸਾਬਤ ਕਰੀਏ। ਆਉ ਅਸੀ ਇਹ ਮੰਨੀਏ ਕਿ ਸਜ਼ਾ ਦਾ ਘਟਾਉਣਾ ਇਸ ਸਮਝੌਤੇ ਦਾ ਹਿੱਸਾ ਨਹੀਂ ਸੀ। ਅਸੀਂ ਸਰਕਾਰ ਉਪਰ ਗੁੰਡੇਪਨ ਦਾ ਇਲਜ਼ਾਮ ਚਾਹੇ ਲਾ ਦੇਈਏ ਪਰ ਅਸੀਂ ਉਹਨਾਂ ਉਪਰ ਸਮਝੌਤਾ ਤੋੜਨ ਦਾ ਇਲਜ਼ਾਮ ਨਾ ਲਾਈਏ। ਇਹ ਮੇਰਾ ਬਹੁਤ ਸੋਚਿਆ ਸਮਝਿਆ ਵਿਚਾਰ ਹੈ ਕਿ, ਸਰਕਾਰ ਦੁਆਰਾ ਇਕ ਬਹੁਤ ਹੀ ਵੱਡੀ ਗ਼ਲਤੀ ਕਰ ਹੋ ਗਈ ਹੈ ਅਤੇ ਇਸ ਨਾਲ ਸਾਡੀ ਆਜ਼ਾਦੀ ਜਿੱਤਣ ਦੀ ਸ਼ਕਤੀ ਵਧ ਗਈ ਹੈ ਜਿਸ ਖ਼ਾਤਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਆਪਣੀ ਜਾਨ ਦਿੱਤੀ ਹੈ। ਅਸੀ ਇਸ ਮੌਕੇ ਨੂੰ ਗੁਆ ਨਾ ਛੱਡੀਏ ਆਪਣੇ ਆਪ ਨੂੰ ਗ਼ੁੱਸੇ ਵਿਚ ਡੋਬ ਕੇ। ਆਮ ਹੜਤਾਲ ਤਾਂ ਨਿਸ਼ਚਿਤ ਹੀ ਹੈ। ਇਸਤੋਂ ਚੰਗੇਰਾ ਆਦਰ ਸ਼ਹੀਦ ਦੇਸ਼ ਭਗਤਾਂ ਦੀ ਯਾਦ ਨੂੰ ਨਹੀਂ ਦਿੱਤਾ ਜਾ ਸਕਦਾ ਕਿ ਅਸੀ ਚੁਪ ਚਾਪ ਅਤੇ ਸ਼ਾਂਤੀ ਭਰਪੂਰ ਜਲੂਸ ਕੱਢੀਏ। ਇਹ ਆਤਮ ਸੁੱਚਤਾ ਅਤੇ ਦੇਸ ਦੀ ਸੇਵਾ ਪ੍ਰਤੀ ਸਮਰਪਨ ਦੀ ਭਾਵਨਾ ਬਣ ਜਾਵੇ।"[207]

ਗਾਂਧੀ ਦੀਆ ਸਰਕਾਰ ਦੇ ਖ਼ਿਲਾਫ਼ ਬੜ੍ਹਕਾਂ ਕੇਵਲ ਉਸਦਾ ਸਨਕੀਪਨ ਅਤੇ ਦੋਹਰਾਪਨ ਹੀ ਸੀ, ਪਖੰਡ ਸੀ, ਕਿਉਂਕਿ ਸਰਕਾਰ ਨਾਲ ਰਲ ਕੇ, ਇਹ ਕਿਸੇ ਪ੍ਰਕਾਰ ਵੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਚਾੜ੍ਹਨ ਲਈ ਘੱਟ ਜਿੰਮੇਵਾਰ ਨਹੀਂ ਸੀ ਕਿਉਂਕਿ, ਉਸਦੇ ਅਤੇ ਕਾਂਗਰਸ ਕੋਲ ਇਹ ਸਮਰਥਾ ਸੀ ਕਿ ਉਹ ਵਾਇਸਰਾਏ ਨੂੰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਜੱਲਾਦ ਦੇ ਫੰਦੇ 'ਚੋ ਮੁਹਲਤ ਦੇਣ ਲਈ ਮਨਾ ਸਕਦੇ ਸਨ। ਉਹ ਉਸ ਨਾਲ ਓਨੇ ਹੀ ਗੁੱਸੇ ਸਨ ਜਿੰਨੇ ਸਰਕਾਰ ਨਾਲ

ਇਹਨਾਂ ਨੌਜਵਾਨ ਦੇਸ਼ ਭਗਤਾਂ ਦੀ ਨਿਰਦਈ ਹੱਤਿਆ ਵਾਸਤੇ। ਇਸ ਵਿਚ ਹੈਰਾਨੀ ਦੀ ਗੱਲ ਨਹੀਂ ਕਿ ਕਰਾਚੀ ਨੇੜੇ ਮਲੀਰ ਸਟੇਸ਼ਨ 'ਤੇ ਪਹੁੰਚ ਕੇ, ਗਾਂਧੀ ਦਾ ਸਾਹਮਣਾ ਬਹੁਤ ਹੀ ਗ਼ੁੱਸੇ ਵਿਚ ਆਈ ਹੋਈ ਭੀੜ ਨਾਲ ਹੋਇਆ, ਭਾਵ ਉਥੇ ਨੌਜਵਾਨ ਭਾਰਤ ਸਭਾ ਦੇ ਮਜ਼ਾਹਰਾਕਾਰ, ਲਾਲ ਕਮੀਜ਼ਾਂ ਪਾਈ 'ਗਾਂਧੀ ਮੁਰਦਾਬਾਦ' ਅਤੇ 'ਵਾਪਸ ਚਲੇ ਜਾਓ' ਦੇ ਨਾਅਰੇ ਲਾ ਰਹੇ ਸਨ। ਲਾਹੋਰ ਤੋਂ ਕਰਾਚੀ ਤਕ ਸਾਰੇ ਹੀ ਸਟੇਸ਼ਨਾਂ 'ਤੇ ਉਸਦਾ ਕਾਲੇ ਝੰਡਿਆਂ ਨਾਲ ਸਵਾਗਤ ਕੀਤਾ ਗਿਆ ਸੀ। ਆਪਣੇ 26 ਮਾਰਚ ਦੇ ਪ੍ਰੈਸ ਨੂੰ ਦਿੱਤੇ ਬਿਆਨ ਵਿਚ, ਲੋਕਾਂ ਦੇ ਗ਼ੁੱਸੇ ਨੂੰ ਸ਼ਾਂਤ ਕਰਨ ਲਈ, ਗਾਂਧੀ ਨੇ ਕਿਹਾ ਕਿ ਇਹ ਉਸਦੇ ਵਿਰੁੱਧ ਗ਼ੁੱਸੇ ਦੇ ਪ੍ਰਗਟਾਵ ਸਹੀ ਹਨ, ਲੋਕਾਂ ਦਾ ਇਸ ਪ੍ਰਕਾਰ ਗ਼ੁਸੇ ਵਿਚ ਆਉਣਾ ਜਾਇਜ਼ ਹੈ। ਉਸੇ ਬਿਆਨ ਵਿਚ ਜਦ ਉਸਨੂੰ ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਅੱਗੇ ਸਿਰ ਝੁਕਾਉਣਾ ਪਿਆ ਸੀ, ਉਸਨੇ ਆਪਣੇ ਬੁਰਜੁਆ ਅੰਦਾਜ਼ ਵਿਚ ਇਹ ਵਾਰਨਿੰਗ ਵੀ ਦਿੱਤੀ ਸੀ ਨੌਜਾਵਾਨਾਂ ਨੂੰ ਕਿ ਉਹ ਹਿੰਸਾ ਦਾ ਰਾਹ ਨਾ ਅਪਨਾਉਣ.

*"ਇਸ ਆਤਮ-ਦਮਨ ਅਤੇ ਕਮਜ਼ੋਰੀ, ਜੋ ਡਰਪੋਕ ਦਸ਼ਾ ਦੀ ਲਖਾਇਕ ਹੈ, ਨਾਲ ਦੇਸ ਵਿਚ ਅਸੀ ਬਹੁਤ ਸਾਰੀ ਬਹਾਦਰੀ ਨਹੀਂ ਦਿਖਾ ਸਕਦੇ, ਨਾ ਹੀ ਬਹੁਤ ਜ਼ਿਆਦਾ ਆਤਮ ਬਲੀਦਾਨ। ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਅੱਗੇ ਸਿਰ ਝੁਕਦਾ ਹੈ। ਪਰ ਮੈਂ ਤਾਂ ਇਸ ਤੋਂ ਵੀ ਵੱਡੀ ਬਹਾਦਰੀ ਚਾਹੁੰਦਾ ਹਾਂ। ਜੇ ਮੈਂ ਆਪਣੇ ਨੌਜਵਾਨ ਮਿੱਤਰਾਂ ਨੂੰ ਨਾਰਾਜ਼ ਕੀਤੇ ਬਿਨਾ ਇਹ ਕਹਿ ਦਿਆਂ , ਨਿਮਾਣੇ, ਸ਼ਰੀਫ ਅਤੇ ਅਹਿੰਸਕ ਲੋਕਾਂ ਨੂੰ, ਕਿ ਐਸੀ ਬਹਾਦਰੀ ਹੋਵੇ ਜਿਹੜੀ ਸੂਲ਼ੀ ਦੇ ਤਖ਼ਤੇ ਉੱਪਰ ਚੜ੍ਹ ਜਾਏ, ਬਿਨਾਂ ਕਿਸੇ ਨੂੰ ਨੁਕਸਾਨ ਪੁਚਾਏ, ਜਾਂ ਨੁਕਸਾਨ ਪੁਚਾਣ ਦਾ ਖਿਆਲ ਕੀਤੇ, ਕਿਸੇ ਇਕ ਵਿਅਕਤੀ ਪ੍ਰਤੀ ਵੀ."*[208]

ਸਦਾ ਗਾਂਧੀ ਦਾ ਇਹੀ ਫ਼ਾਰਮੂਲਾ ਹੁੰਦਾ ਸੀ ਜਦ ਉਹ ਜਿੱਤ ਦੇ ਜਬਾੜ੍ਹੇ ਵਿਚੋਂ ਹਾਰ ਖਿੱਚ ਲੈਂਦਾ ਸੀ। ਇਹੋ ਜਿਹੀ ਆਪਣੇ ਆਪਨੂੰ ਮਾਰਨ ਵਾਲੀ ਤੁਕਬੰਦੀ ਉਪਰਲੇ ਉਲੇਖ ਵਿਚ ਬਿਲਕੁਲ ਹੈਰਾਨ ਕਰਨ ਵਾਲੀ ਹੈ। ਇਕ ਪਾਸੇ ਤਾਂ 'ਇਹ ਦੇਸ. . . ਕਮਜ਼ੋਰਾਂ ਦਾ, ਬਿਲਕੁਲ ਡਰਪੋਕ ਹੋਣ ਦੀ ਸੀਮਾ ਤਕ ਦਾ, ਜਿਸ ਵਿਚ ਅਸੀਂ ਬਹੁਤ ਬਹਾਦਰੀ ਨਹੀਂ ਦਿਖਾ ਸਕਦੇ" ਅਤੇ ਦੂਸਰੇ ਪਾਸੇ, "ਅਸੀਂ ਇਸਤੋਂ ਵੀ ਵੱਡੀ ਬਹਾਦਰੀ ਤਕ ਪਹੁੰਚੀਏ ਹੋਰ ਕਮਜ਼ੋਰੀ ਅਤੇ ਡਰਪੋਕਪੁਣਾ ਦਿਖਾ ਕੇ", ਭਾਵ ਜਿਸਨੂੰ ਕਹਿੰਦੇ ਹਨ "ਕਮਜ਼ੋਰਾਂ ਅਤੇ ਸ਼ਰੀਫ਼ ਅਹਿੰਸਕ ਲੋਕਾਂ ਦੀ ਬਹਾਦਰੀ ਦਿਖਾਈਏ।"

ਐਸੀ ਬਹਾਦਰੀ ਹੀ ਸੀ ਜਿਸਦੀ ਬ੍ਰਿਟਿਸ਼ ਬਸਤੀਵਾਦੀ ਲੋਕ ਬਹੁਤ ਦਾਦ ਦਿੰਦੇ ਸਨ ਤੇ ਨਾਲ ਨਾਲ ਵਹਿਸ਼ੀ ਅਤੇ ਬੇਰਹਿਮੀ ਵਾਲੇ ਢੰਗ ਵਰਤਦੇ ਸਨ ਆਪਣੇ ਸ਼ਿਕਾਰਾਂ ਉੱਪਰ ਅਤੇ ਮਜ਼ਲੂਮਾਂ ਤੋਂ ਉਮੀਦ ਰੱਖਦੇ ਸਨ ਕਿ ਉਹ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਣ ਬਿਨਾ ਕਿਸੇ ਨੂੰ ਜ਼ਖ਼ਮ ਲਾਏ, ਘਾਇਲ ਕੀਤੇ ਅਤੇ ਨਾ ਹੀ ਆਪਣੇ ਉਪਰ ਜ਼ੁਲਮ ਕਰਨ ਵਾਲਿਆਂ ਪ੍ਰਤੀ ਉਹਨਾਂ ਨੂੰ ਜ਼ਖ਼ਮੀ ਕਰਨ ਦਾ ਕੋਈ ਵਿਚਾਰ ਮਨ ਵਿਚ ਰੱਖਣ।

ਜਦ ਇਹ ਪੁਛਿਆ ਗਿਆ ਕਿ ਕੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਲਾਉਣ ਮਗਰੋਂ ਉਸਦੀ ਪੁਜ਼ੀਸ਼ਨ ਕੁਝ ਬਦਲੀ ਹੈ ਗਾਂਧੀ-ਇਰਵਨ ਸਮਝੌਤੇ ਸੰਬੰਧੀ, ਉਸਨੇ ਜਵਾਬ ਦਿੱਤਾ ਸੀ "ਇਹਨਾਂ ਮੌਤ ਦੀਆਂ ਸਜ਼ਾਵਾਂ 'ਤੇ ਰੋਕ ਲਾਉਣੀ ਇਸ ਸਮਝੌਤੇ ਦਾ ਹਿੱਸਾ ਨਹੀਂ ਸੀ। ". . . . ਇਸਦੀਆਂ ਸ਼ਰਤਾਂ ਬਾਹਰੀ ਕੋਈ ਉਕਸਾਹਟ ਮੈਨੂੰ ਮੇਰੇ ਰਾਹ ਤੋਂ ਥਿੜਕਾ ਦੇਵੇਗੀ ਜਦ ਮੈਂ ਸਮਝੌਤੇ ਲਈ ਸਹਿਮਤੀ ਦੇ ਚੁੱਕਾ ਹਾਂ।"[209]

ਮਗਰੋਂ ਜਦ ਉਸੇ ਦਿਨ ਉਸਨੇ ਕਰਾਚੀ ਕਾਂਗਰਸ ਨੂੰ ਸੰਬੋਧਨ ਕੀਤਾ, ਗਾਂਧੀ ਨੇ ਮੂੰਹ 'ਚੋਂ ਇਹ ਝੂਠ ਕਢਿਆ ਤੇ ਬਹਾਨਾ ਕੀਤਾ ਕਿ ਫਾਂਸੀ ਦੇਣ ਨਾਲ ਉਸਨੂੰ ਬਹੁਤ ਧੱਕਾ ਲੱਗਾ ਸੀ। "ਵਾਇਸਰਾਏ ਨਾਲ ਗੱਲ ਬਾਤ ਕਰਦਿਆਂ ਮੈਨੂੰ ਕੁਝ ਉਮੀਦ ਬੱਝ ਗਈ ਸੀ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਜਾਨ ਬਚਾਈ ਜਾ ਸਕੇਗੀ। ਐਨੇ ਸਾਰੇ ਸਬੂਤ ਉਪਰ ਦੇਣ ਦੇ ਮੱਦੇ ਨਜ਼ਰ, ਐਸਾ ਕੋਈ ਆਧਾਰ ਨਹੀ ਬਚਦਾ ਜਿਸ ਤੇ ਗਾਂਧੀ ਐਸੀ ਕੋਈ ਉਮੀਦ ਕਰ ਸਕਦਾ ਸੀ। ਵਾਇਸਰਾਏ ਨੇ ਵਾਰ-ਵਾਰ ਇਹ ਦੁਹਰਾਇਆ ਸੀ ਕਿ ਭਾਵ ਗਾਂਧੀ ਸਾਹਮਣੇ ਸਪੱਸ਼ਟ ਕੀਤਾ ਸੀ ਕਿ ਬ੍ਰਿਟਿਸ਼ ਸਾਮਰਾਜਵਾਦ ਕਤਈ ਇਹਨਾਂ ਇਲਕਲਾਬੀਆਂ ਦੀ ਜਾਨ ਬਖ਼ਸ਼ੀ ਨਹੀਂ ਕਰ ਸਕਦਾ। ਹੋਰ ਵੱਡੀ ਗੱਲ ਇਹ ਹੈ ਕਿ ਗਾਂਧੀ ਨੂੰ ਇਹਨਾਂ ਸਜ਼ਾਵਾਂ ਨੂੰ ਅਮਲ ਵਿਚ ਲਿਆਉਣ ਬਾਰੇ ਕੋਈ ਚਿੰਤਾ ਨਹੀਂ ਸੀ, ਜਦ ਉਹ ਇਥੇ ਤਕ ਕਹਿ ਗਿਆ ਸੀ ਕਿ ਭਾਵ ਵਾਇਸਰਾਏ ਨੂੰ ਆਪਣੀ ਤਰਜੀਹ ਬਾਰੇ ਦਸ ਦਿੱਤਾ ਸੀ ਕਿ ਫਾਂਸੀ ਕਾਂਗਰਸ ਦੇ ਸੈਸ਼ਨ ਤੋਂ ਪਹਿਲਾਂ ਹੀ ਦੇ ਦਿੱਤੀ ਜਾਵੇ।

ਇਹ ਗੱਲ ਪੱਕੀ ਕਰਕੇ, ਗਾਂਧੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਕਤਲ ਲਈ ਸਰਕਾਰ ਨਾਲ ਰਲਿਆ ਹੋਇਆ ਸੀ, ਇਨਕਲਾਬੀ ਹਿੰਸਾ ਨੂੰ ਫ਼ਜ਼ੂਲ ਦੀ ਗੱਲ ਕਹਿ ਰਿਹਾ ਸੀ ਬੜੇ ਹੀ ਹੰਕਾਰੀ ਢੰਗ ਨਾਲ। ਗਾਂਧੀ ਨੇ ਆਪਣੇ ਵਿਰੁੱਧ ਨੁਕਤਾਚੀਨੀ ਕਰਨ ਵਾਲਿਆਂ, ਵਿਸ਼ੇਸ਼ਕਰ ਨੌਜਵਾਨਾਂ ਨੂੰ ਕਿਹਾ ਸੀ –

"ਹੁਣ ਨੌਜਵਾਨਾਂ ਨੂੰ ਮੇਰਾ ਸੁਨੇਹਾ। ਜੇ ਤੁਸੀਂ ਮੇਰੀ ਸੇਵਾ ਚਾਹੁੰਦੇ ਹੋ, ਮੇਰਾ ਤਿਆਗ ਨਾ ਕਰੋ। ਆਓ ਅਤੇ ਆ ਕੇ ਸਭ ਕੁਝ ਸਮਝੋ ਮੇਰੇ ਪਾਸੋਂ। ਤੁਹਾਨੂੰ ਇਹ ਜਰੂਰ ਪਤਾ ਹੋਣਾ ਚਾਹੀਦਾ ਹੈ ਕਿ ਮੇਰਾ ਇਹ ਵਿਸ਼ਵਾਸ ਹੈ ਕਿ ਇਕ ਕਾਤਿਲ ਨੂੰ, ਚੋਰ ਨੂੰ ਜਾਂ ਡਾਕੂ ਨੂੰ ਵੀ ਸਜ਼ਾ ਨਹੀਂ ਦੇਣੀ। ਇਸ ਲਈ ਇਸ ਸ਼ੱਕ ਲਈ ਕੋਈ ਗੁੰਜਾਇਸ਼ ਨਹੀਂ ਹੈ ਕਿ ਮੈਂ ਭਗਤ ਸਿੰਘ ਨੂੰ ਬਚਾਉਣਾ ਨਹੀਂ ਚਾਹੁੰਦਾ ਸੀ। ਪਰ ਮੈਂ ਇਹ ਵੀ ਚਾਹੁੰਦਾ ਹਾਂ ਕਿ ਤੁਸੀਂ ਭਗਤ ਸਿੰਘ ਦੀ ਗ਼ਲਤੀ ਮਹਿਸੂਸ ਕਰੋ। ਜੇ ਮੈਨੂੰ ਕਦੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਨਾਲ ਗਲ ਕਰਨ ਦਾ ਮੌਕਾ ਮਿਲਦਾ, ਤਾਂ ਮੈਂ ਉਹਨਾਂ ਨੂੰ ਦੱਸਦਾ ਕਿ ਜਿਹੜਾ ਰਾਹ ਉਹਨਾਂ ਨੇ ਅਪਨਾਇਆ ਹੈ ਗ਼ਲਤ ਹੈ, ਬੇਵਜ੍ਹਾ ਹੈ।"[210.]

ਜਦ ਉਹ ਆਪਣੇ ਭਾਸ਼ਣ ਨੂੰ ਸਮਾਪਤ ਕਰ ਰਿਹਾ ਸੀ, ਗਾਂਧੀ ਨੂੰ ਪੁਛਿਆ ਗਿਆ ਸੀ, 'ਭਗਤ ਸਿੰਘ ਦੀ ਜਾਨ ਬਚਾਉਣ ਲਈ ਤੁਸੀਂ ਕੀ ਕੀਤਾ?" ਗਾਂਧੀ ਨੇ ਗੁੱਸੇ ਵਿਚ ਆਕੇ ਜਵਾਬ ਦਿੱਤਾ ਸੀ, 'ਮੈਂ ਵਾਇਸਰਾਏ ਕੋਲ ਬੇਨਤੀ ਕੀਤੀ ਸੀ ਦਲੀਲ ਦਿੱਤੀ ਸੀ, ਜਿੰਨੀ ਮੈਂ ਦੇ ਸਕਦਾ ਸੀ, ਮੈਂ ਉਸਨੂੰ ਮਨਾਉਣ ਲਈ ਸਭ ਕੁਝ ਕੀਤਾ ਸੀ ਜੋ ਮੈਂ ਕਰ ਸਕਦਾ ਸੀ। ਜਿਸ ਦਿਨ ਭਗਤ ਸਿੰਘ ਦੇ ਰਿਸ਼ਤੇਦਾਰਾਂ ਨਾਲ ਅੰਤਿਮ ਮੁਲਾਕਾਤ ਸੀ ਮੈਂ ਵਾਇਸਰਾਏ ਨੂੰ ਨਿਜੀ ਪੱਤਰ ਲਿਖਿਆ ਸੀ 23 ਤਰੀਕ ਦੀ ਸਵੇਰ ਨੂੰ। ਮੈਂ ਆਪਣੀ ਸਾਰੀ ਆਤਮਾ ਉਸ ਵਿਚ ਪਾ ਦਿੱਤੀ ਸੀ, ਪਰ ਕੋਈ ਲਾਭ ਨਾ ਹੋਇਆ। ਤੁਸੀਂ ਕਹਿੰਦੇ ਹੋ ਮੈ ਇਸਤੋਂ ਵੱਧ ਕਰ ਸਕਦਾ ਸੀ। ਮੈਂ ਮੌਤ ਦੀ ਸਜ਼ਾ ਘਟਾਉਣੀ ਸਮਝੌਤੇ ਦੀ ਸ਼ਰਤ ਰੱਖ ਦਿੰਦਾ। ਮੈਂ ਇੰਝ ਨਹੀਂ ਕਰ ਸਕਦਾ ਸੀ। ਅਤੇ ਗੱਲ ਬਾਤ 'ਚੋਂ ਬਾਹਰ ਹੋਣ ਦੀ ਧਮਕੀ ਦੇਣਾ ਵਿਸ਼ਵਾਸ ਘਾਤ ਹੋਣਾ ਸੀ। ਵਰਕਿੰਗ ਕਮੇਟੀ ਮੇਰੇ ਨਾਲ ਸਹਿਮਤ ਸੀ ਕਿ ਸਮਝੌਤੇ ਲਈ ਸਜ਼ਾ ਘਟਾਉਣ ਦੀ ਸ਼ਰਤ ਨਾ ਰੱਖੀ ਜਾਏ। ਇਸ ਲਈ ਮੈਂ ਕੇਵਲ ਇਸ ਦਾ ਜ਼ਿਕਰ ਹੀ ਕਰ ਸਕਦਾ ਸੀ, ਸਮਝੌਤੇ ਤੋਂ ਇਲਾਵਾ। ਮੇਰੀ ਉਮੀਦ ਸੀ ਕਿ ਸਰਕਾਰ ਉਦਾਰਤਾ ਦਿਖਾਏਗੀ। ਪਰ ਮੇਰੀ ਉਮੀਦ ਪੂਰੀ ਨਾ ਹੋਈ। ਪਰ ਸਮਝੌਤਾ ਤੋੜਨ ਦਾ ਇਹ ਕਾਰਣ ਨਹੀਂ ਹੋ ਸਕਦਾ।"[211]

## ਗਾਂਧੀ ਦੀ ਅਹਿੰਸਾ ਦਾ ਸਹੀ ਅਰਥ ਅਤੇ ਸ਼੍ਰੇਣੀ ਆਧਾਰ

ਇਸ ਪ੍ਰਕਾਰ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਗਾਂਧੀ-ਇਰਵਨ ਸਮਝੌਤਾ ਕਰਨ ਅਤੇ ਇਸ ਨੂੰ ਬਚਾਈ ਰੱਖਣ 'ਤੇ ਬਹੁਤ ਵੱਡਾ ਇਵਜ਼ਾਨਾ ਲਾ ਦਿੱਤਾ ਨਾ ਕਿ ਭਾਰਤ ਦੇ ਸਰਵਸ੍ਰੇਸ਼ਟ ਯੁਵਕਾਂ ਨੂੰ ਸਾਮਰਾਜੀ ਜੱਲਾਦ ਦੇ ਫਾਂਸੀ ਦੇ ਫੰਦੇ 'ਚੋਂ ਬਚਾਉਣ 'ਤੇ। ਗਾਂਧੀ-ਇਰਵਨ ਸਮਝੌਤਾ, ਜਿਸ 'ਤੇ ਗਾਂਧੀ ਨੂੰ ਬਹੁਤ ਮਾਣ ਸੀ ਅਤੇ ਉਮੀਦਾਂ ਵੀ, ਕਾਂਗਰਸ ਸੰਘਰਸ਼ ਦਾ ਕੋਈ ਵੀ ਮੰਤਵ ਪੂਰਾ ਨਾ ਕਰ ਸਕਿਆ – ਹੋਰ ਤਾਂ ਹੋਰ ਨਮਕ ਟੈਕਸ ਵੀ ਨਾ ਹਟਵਾ ਸਕਿਆ। ਇਸ ਸਮਝੌਤੇ ਦੇ ਅੰਤਰਗਤ, ਕਾਂਗਰਸ ਨੇ ਸਿਵਲ ਨਾਫ਼ਰਮਾਨੀ ਲਹਿਰ ਵਾਪਸ ਲੈਣੀ ਸੀ ਅਤੇ ਇਸਦੇ ਇਵਜ਼ ਵਿਚ ਇਸਨੇ ਗੋਲਮੇਜ਼ ਕਾਨਫ਼ਰੰਸ ਵਿਚ ਸ਼ਾਮਿਲ ਹੋਣਾ ਸੀ, ਜਿਸਦਾ ਪਹਿਲਾਂ ਇਸ ਨੇ ਬਾਈਕਾਟ

ਕਰਨ ਦਾ ਪ੍ਰਣ ਲਿਆ ਸੀ। ਸੈਲਫ਼-ਗਵਰਨਮੈਂਟ (ਆਪਣੀ ਸਰਕਾਰ) ਬਣਾਉਣ ਵੱਲ ਇਕ ਵੀ ਕਦਮ ਨਹੀਂ ਚੁਕਿਆ ਗਿਆ ਸੀ। ਆਰਡੀਨੈਂਸ ਵਾਪਸ ਲੈਣੇ ਸਨ ਅਤੇ ਸਿਆਸੀ ਕੈਦੀਆਂ ਨੂੰ ਰਿਹਾ ਕਰਨਾ ਸੀ– ਸਿਵਾਏ ਉਹਨਾਂ ਦੇ ਜਿਹੜੇ ਹਿੰਸਾ ਅਤੇ ਹਿੰਸਾ ਭੜਕਾਉਣ ਦੇ ਦੋਸ਼ੀ ਸਨ ਜਾਂ ਸਿਪਾਹੀ ਜਿਹਨਾਂ ਨੇ ਹੁਕਮ ਮੰਨਣ ਤੋਂ ਇਨਕਾਰ ਕੀਤਾ ਸੀ। ਇਸ ਪ੍ਰਾਵਧਾਨ ਵਿਚੋਂ ਭਗਤ ਸਿੰਘ ਵਰਗਿਆਂ ਨੂੰ ਬਾਹਰ ਹੀ ਨਹੀਂ ਰਖਿਆ ਸੀ ਸਗੋਂ 18 ਰਾਇਲ ਗੜ੍ਹਵਾਲ ਰਾਈਫ਼ਲਜ਼ ਦੇ ਸਿਪਾਹੀਆਂ ਨੂੰ ਵੀ ਜਿਹਨਾਂ ਨੇ ਪੇਸ਼ਾਵਰ ਵਿਚ ਇਕ ਭੀੜ ਉੱਪਰ ਗੋਲੀ ਚਲਾਉਣ ਤੋਂ ਨਾਂਹ ਕਰ ਦਿੱਤੀ ਸੀ। ਐਸਾ ਅਜੀਬ ਨਜ਼ਾਰਾ ਬਣ ਗਿਆ ਸੀ ਜਿਸ ਵਿਚ ਹਿੰਦੂ ਫੌਜੀਆਂ ਦੀਆਂ ਦੋ ਪਲਾਟੂਨਾਂ ਨੇ ਮੁਸਲਮਾਨ ਭੀੜ ਦੇ ਉੱਤੇ ਗੋਲੀ ਚਲਾਉਣ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਫ਼ੌਜ ਨੂੰ ਛੱਡ ਕੇ ਭੀੜ ਨਾਲ ਰਲ ਗਏ ਸਨ, ਅਤੇ ਕਈਆਂ ਨੇ ਆਪਣੇ ਹਥਿਆਰ ਵੀ ਸਪੁਰਦ ਕਰ ਦਿੱਤੇ ਸਨ। ਇਸ ਘਟਨਾ ਦੇ ਮਗਰੋਂ ਪੁਲਿਸ ਅਤੇ ਫ਼ੌਜ ਨੂੰ ਪੇਸ਼ਾਵਰ ਵਿਚੋਂ ਕੱਢ ਲਿਆ ਗਿਆ ਸੀ, ਜਿਸਦੇ ਫਲਸਰੂਪ ਸਾਰਾ ਸ਼ਹਿਰ ਪੂਰੀ ਤਰ੍ਹਾਂ ਲੋਕਾਂ ਦੇ ਹੱਥਾਂ ਵਿਚ 25 ਆਪ੍ਰੈਲ ਤੋ 4 ਮਈ 1930 ਤਕ ਰਿਹਾ ਸੀ। ਗੜ੍ਹਵਾਲ ਰਾਈਫ਼ਲਜ਼ ਦੇ 17 ਆਦਮੀਆਂ ਨੂੰ ਬਹੁਤ ਬੇਰਹਿਮੀ ਵਾਲੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ ਉਮਰ ਕੈਦ ਤੋਂ ਲੈ ਕੇ ਕੈਦ ਬਾਮੁਸ਼ੱਕਤ ਤਕ ਵੱਖ ਵੱਖ ਸਮੇ ਤਕ ਦੀ।

ਗੜ੍ਹਵਾਲ ਸਿਪਾਹੀਆਂ ਦੇ ਗੋਲੀ ਚਲਾਉਣ ਤੋਂ ਇਨਕਾਰ ਕਰਨ – ਅਹਿੰਸਾ ਦਾ ਇਕ ਨਾਟਕੀ ਢੰਗ– ਉਹਨਾਂ ਨੂੰ ਗਾਂਧੀ ਦੇ ਪ੍ਰੇਮੀ ਬਣਾ ਸਕਦਾ ਸੀ। ਪਰ ਨਹੀਂ, ਐਸਾ ਕੁਝ ਨਾ ਹੋਇਆ। ਭਗਤ ਸਿੰਘ ਅਤੇ ਉਸਦੇ ਸਾਥੀ ਗਾਂਧੀ ਦੀ ਨਾਰਾਜ਼ਗੀ ਦੇ ਸ਼ਿਕਾਰ ਬਣੇ ਕਿਉਂਕਿ ਉਹ ਹਿੰਸਾ ਦੇ ਕੰਮਾ ਦੇ ਦੋਸ਼ੀ ਸਨ, ਗੜ੍ਹਵਾਲੀ ਸਿਪਾਹੀ ਵੀ ਗਾਂਧੀ ਦੇ ਗੁੱਸੇ ਤੋਂ ਨਾ ਬਚ ਸਕੇ ਜਾਂ ਇਸ ਲਈ ਕਿ ਉਹ ਗੋਲੀ ਚਲਾਉਣ ਦੇ ਹੁਕਮ ਦੀ ਅਦੂਲੀ ਕਰ ਕੇ ਅਹਿੰਸਾ ਦੇ ਪਾਲਣ ਦੇ ਦੋਸ਼ੀ ਸਨ! ਇਹ ਦੋ ਗੁੱਟ ਗਾਂਧੀ-ਇਰਵਨ ਪੈਕਟ ਹੇਠ ਜਾਰੀ ਆਰਡੀਨੈਂਸ ਤੋ ਬਾਹਰ ਰੱਖੇ ਗਏ ਸਨ । ਗਾਂਧੀ ਦਾ ਐਸੇ ਪ੍ਰਸਪਰ ਵਿਰੋਧੀ ਵਤੀਰੇ ਦਾ ਕਾਰਣ ਬਿਲਕੁਲ ਸਪੱਸ਼ਟ ਹੈ ਸਿੱਧਾ ਵੀ ਹੈ – ਦੋਵਾਂ ਪ੍ਰਕਾਰ ਦੀ ਹਿੰਸਾ ਜੋ ਇਨਕਲਾਬੀ ਕਰ ਰਹੇ ਸਨ ਅਤੇ ਗੜ੍ਹਵਾਲੀ ਜੇਤੂਆਂ ਦੁਆਰਾ ਜੇਤੂ ਅਹਿੰਸਾ ਇਕ ਬੰਦੇ ਦੁਆਰਾ ਦੂਸਰੇ ਦਾ ਅਤੇ ਇਕ ਕੌਮ ਦੁਆਰਾ ਦੂਸਰੇ ਦਾ ਸੋਸ਼ਣ ਕਰਨ ਵਾਲੇ ਪ੍ਰਬੰਧ ਦੀਆਂ ਨੀਹਾਂ ਨੂੰ ਖ਼ਤਰਾ ਬਣ ਗਿਆ ਸੀ ਅਤੇ ਇਸ ਲਈ ਇਸ ਪ੍ਰਾਪਰਟੀ ਦੇ ਸਾਧੂ ਰਖਿਅਕ ਨੂੰ ਪਸੰਦ ਨਹੀਂ ਸੀ, ਜਿਹੜਾ ਅਤਿ ਦੇ ਧਾਰਮਿਕ ਅਤੇ ਨਿਮਰਤਾ ਦੇ ਅਸੂਲਾਂ 'ਤੇ ਚੱਲਣ ਵਾਲਾ ਸੀ ਅਤੇ ਪ੍ਰਾਪਰਟੀ ਪ੍ਰੇਮੀ ਸੀ, ਆਰ ਪੀ ਦੱਤ ਤੋਂ ਉਧਾਰੇ ਲਏ ਸ਼ਬਦਾਂ ਵਿਚ।

ਲੰਡਨ ਵਿਚ ਗੋਲ ਮੇਜ਼ ਕਾਨਫ਼ਰੰਸ ਵਿਚ ਹਾਜ਼ਰੀ ਦੌਰਾਨ ਗਾਂਧੀ ਨੇ ਸਪਸ਼ਟ ਕਰ ਦਿੱਤਾ ਸੀ, ਇਕ ਫ਼ਰਾਂਸੀਸੀ ਪੱਤਰਕਾਰ ਨੂੰ ਦਿੱਤੀ ਇੰਟਰਵਿਊ ਵਿਚ ਕਿ ਉਸਦੇ ਗੜ੍ਹਵਾਲ ਸਿਪਾਹੀਆਂ ਦੇ ਹੁਕਮ ਨਾ ਮੰਨਣ ਨੂੰ ਉਸਨੇ ਕਿਉਂ ਪ੍ਰਵਾਨ ਨਹੀਂ ਕੀਤਾ ਸੀ –

*"ਇਕ ਸਿਪਾਹੀ ਜਿਹੜਾ ਗੋਲੀ ਚਲਾਉਣ ਦੇ ਹੁਕਮ ਦਾ ਪਾਲਣ ਕਰਨ ਤੋਂ ਇਨਕਾਰ ਕਰਦਾ ਹੈ, ਉਹ ਆਪਣੀ ਲਈ ਹੋਈ ਪ੍ਰਤਿਗਯਾ ਤੋੜਦਾ ਹੈ ਅਤੇ ਉਲੰਘਣਾ ਕਰਨ ਦਾ ਦੋਸ਼ੀ ਬਣਦਾ ਹੈ। ਮੈਂ ਸਰਕਾਰੀ ਕਰਮਚਾਰੀਆਂ ਅਤੇ ਸਿਪਾਹੀਆਂ ਨੂੰ ਹੁਕਮ-ਅਦੂਲੀ ਕਰਨ ਲਈ ਨਹੀਂ ਕਹਿ ਸਕਦਾ, ਕਿਉਂ ਜਦ ਮੈਂ ਸੱਤਾ ਪੱਖ ਵਿਚ ਹੋਵਾਂਗਾ, ਮੈਂ ਉਹਨਾਂ ਸਿਪਾਹੀਆਂ ਅਤੇ ਕਰਮਚਾਰੀਆਂ ਦਾ ਇਸਤੇਮਾਲ ਕਰਾਂਗਾ। ਜੇ ਮੈਂ ਉਹਨਾਂ ਨੂੰ ਹੁਕਮ-ਅਦੂਲੀ ਕਰਨੀ ਸਿਖਾਵਾਂ*

*ਤਾਂ ਮੈਨੂੰ ਇਹੀ ਡਰ ਰਹੇਗਾ ਕਿ ਕਿਤੇ ਮੇਰੇ ਨਾਲ ਵੀ ਇਹੋ ਕੁਝ ਕਰਨਗੇ ਜੇ ਸੱਤਾ ਮੇਰੇ ਹੱਥ ਆਈ ਤਾਂ।"*[212]

ਗਾਂਧੀ ਦਾ ਉਪਰੋਕਤ ਜਵਾਬ ਉਸਦੇ ਅਸਲੀ ਸ਼੍ਰੇਣੀ ਆਧਾਰ ਅਤੇ ਮਤਲਬ 'ਤੇ ਅਤੇ ਨਾਲ ਹੀ ਉਸਦੇ ਅਹਿੰਸਾ ਦੇ ਸੰਕਲਪ 'ਤੇ ਵੱਡੀ ਅਤੇ ਖੋਜਵੀਂ ਰੋਸ਼ਨੀ ਪਾਉਂਦਾ ਹੈ। ਨਾਲ ਹੀ ਇਹ ਉਸਦੀ ਦੂਰਦ੍ਰਿਸ਼ਟੀ ਦਰਸਾਉਂਦਾ ਹੈ ਕਿਉਂਕਿ ਭਾਰਤ ਦੀ ਆਬਾਦੀ ਦੇ ਸੋਸ਼ਣ ਕਰਦੇ ਵਰਗਾਂ ਦਾ, ਬੁਰਜੁਆ ਅਤੇ ਜ਼ਮੀਂਦਾਰਾਂ ਦੇ ਪ੍ਰਤਿਨਿਧੀਆਂ ਵਿਚੋ ਉਹ ਸਭ ਤੋਂ ਵੱਧ ਅੱਗੇ ਦੀ ਸੋਚ ਰਿਹਾ ਸੀ ਕਿ ਜਦ ਅੰਗਰੇਜ਼ ਚਲੇ ਗਏ ਤਾਂ ਸਥਾਨਕ ਸ਼ੋਸ਼ਣ ਕਰਨ ਵਾਲਿਆਂ ਨੂੰ ਆਪਣੀ ਹਕੂਮਤ ਮਜਬੂਤ ਕਰਨੀ ਪਵੇਗੀ। ਇਸ ਲਈ ਉਸਦੀ ਪੂਰੀ ਕੋਸ਼ਿਸ਼ ਸੀ ਕਿ ਉਹ ਹਰ ਪ੍ਰਕਾਰ ਦੀ ਲਹਿਰ, ਚਾਹੇ ਹਿੰਸਕ ਹੋਵੇ, ਜਿਵੇਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਤੇ ਭਾਵੇਂ ਅਹਿੰਸਕ ਹੋਵੇ ਗੜ੍ਹਵਾਲੀ ਸਿਪਾਹੀਆਂ ਦੀ, ਜਿਹੜੀ ਉਹਨਾਂ ਦੀ ਹਕੂਮਤ ਨੂੰ ਨੁਕਸਾਨ ਦੇਵੇ ਨੂੰ ਖ਼ਤਮ ਕਰਨਾ ਚਾਹੁੰਦਾ ਸੀ।

ਗਾਂਧੀ ਇਰਵਨ ਪੈਕਟ ਅਧੀਨ, ਸੰਪੂਰਨ ਆਜ਼ਾਦੀ ਦੇ ਸਾਰੇ ਹੀ ਟੀਚੇ ਅਤੇ ਸਾਮਰਾਜਵਾਦ ਨਾਲ ਕੋਈ ਸਮਝੌਤਾ ਨਾ ਕਰਨ ਦੇ ਵਚਨ ਜਿਹੜੇ ਬੜੀ ਸੱਜ ਧੱਜ ਨਾਲ ਲਾਹੌਰ ਕਾਂਗਰਸ 1929 ਵਿਚ ਐਲਾਨੇ ਗਏ ਸਨ, ਪੂਰੀ ਤਰ੍ਹਾਂ ਭੁਲਾ ਦਿੱਤੇ ਗਏ ਸਨ। ਕਾਂਗਰਸ ਬਸ ਗੋਲ ਮੇਜ਼ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਵਾਲੀ ਹੀ ਰਹਿ ਗਈ ਸੀ ਅਤੇ ਇਸਦੀ ਇੱਜ਼ਤ ਆਬਰੂ ਸਭ ਹੇਠ ਚਲੀ ਗਈ ਸੀ *". . . .ਜਦ ਇਸਨੇ ਇਸ ਸਰਕਾਰੀ ਪਿੱਠੂਆਂ ਦੀ, ਕਠਪੁਤਲੀਆਂ ਦੀ ਮਿਲੀ ਜੁਲੀ ਭੀੜ ਵਿਚ, ਜਿਹਨਾਂ ਨੂੰ ਰੋਮ ਵਿਚ ਲਿਜਾਏ ਗਏ ਕੈਦੀਆਂ ਵਾਂਗ ਲਿਆਂਦਾ ਗਿਆ ਸੀ, ਇਕ ਆਈਟਮ ਵੱਜੋਂ ਹੀ ਸ਼ਾਮਿਲ ਕੀਤਾ ਗਿਆ ਸੀ ਤਾਂ ਜੋ ਉਹ ਵੈਸਟ-ਮਿੰਸਟਰ ਦੇ ਵਿਧਾਨਕਾਰਾਂ ਨੂੰ ਆਪਣੀ ਵੰਡ ਅਤੇ ਘੜਮੱਚ ਦਿਖਾ ਸਕਣ"*[213]. ਗਾਂਧੀ ਗੋਲਮੇਜ਼ ਕਾਨਫਰੰਸ ਤੋਂ ਖਾਲੀ ਹੱਥ ਭਾਰਤ ਵਾਪਸ ਆਇਆ ਤੇ ਆਉਂਦੇ ਹੋਏ ਰਾਹ ਵਿਚ ਮਸੋਲਿਨੀ ਨੂੰ ਮਿਲਿਆ।

ਪਹਿਲਾਂ ਸਿਵਿਲ ਨਾਫ਼ਰਮਾਨੀ ਲਹਿਰ ਵੇਲੇ, ਗਾਂਧੀ ਨੇ 9 ਜਨਵਰੀ 1930 ਦੇ *ਨਿਊਯਾਰਕ ਵਰਲਡ* ਵਿਚ ਇਕ ਬਿਆਨ ਪ੍ਰਕਾਸ਼ਿਤ ਕਰਾਇਆ ਸੀ ਕਿ "ਆਜ਼ਾਦੀ ਦੇ ਮਤੇ ਤੋਂ ਕਿਸੇ ਨੂੰ ਡਰਨਾ ਨਹੀਂ ਚਾਹੀਦਾ"। ਅਤੇ, 30 ਜਨਵਰੀ ਨੂੰ ਆਪਣੇ ਪਰਚੇ *ਯੰਗ ਇੰਡੀਆ* ਰਾਹੀਂ ਉਸਨੇ **11-ਨੁਕਾਤੀ** ਪੇਸ਼ਕਸ਼ ਕੀਤੀ ਸੀ ਜਿਸ ਵਿਚ ਕਈ ਸੁਧਾਰਾਂ ਦਾ ਜ਼ਿਕਰ ਕੀਤਾ ਸੀ, ਜਿਹਨਾਂ ਦੇ ਕੀਤੇ ਜਾਣ ਦੇ ਬਦਲੇ ਉਸਨੇ ਸਿਵਿਲ ਨਾਫ਼ਰਮਾਨੀ ਵਾਪਸ ਲੈਣ ਦਾ ਵਚਨ ਦਿੱਤਾ ਸੀ। ਆਰ ਪੀ ਦੱਤ ਦੇ ਸ਼ਬਦਾਂ ਵਿਚ *"11 ਨੁਕਿਤਿਆ ਦੇ ਪ੍ਰਕਾਸ਼ਨ ਨਾਲ ਦੂਸਰੀ ਧਿਰ ਨੂੰ ਇਹ ਸੰਕੇਤ ਦੇ ਦਿੱਤਾ ਸੀ ਕਿ ਆਜ਼ਾਦੀ ਦਾ ਦਾਅਵਾ ਤਾਂ ਕੇਵਲ ਸੌਦੇਬਾਜ਼ੀ ਦਾ ਹੀ ਸਾਧਨ ਸੀ, ਜਿਵੇਂ ਬਾਜ਼ਾਰ ਵਿਚ ਖ਼ਰੀਦੋ-ਫਰੋਖ਼ਤ ਵੇਲੇ ਕੀਤਾ ਜਾਂਦਾ ਹੈ ਅਤੇ ਜਿਹੜਾ ਚੰਗੀਆਂ ਰਿਆਇਤਾਂ ਦੇ ਬਦਲੇ ਇਕ ਪਾਸੇ ਰਖਿਆ ਜਾ ਸਕਦਾ ਸੀ।"*[214]

## ਗਾਂਧੀ ਦੀ ਦੋ ਮੋਰਚਿਆਂ 'ਤੇ ਲੜਾਈ

ਜਦ ਕਿ ਭਾਰਤੀ ਜਨਤਾ ਚਾਹੁੰਦੀ ਸੀ ਓੜਕ ਤਕ ਲੜਨਾ, ਬ੍ਰਿਟਿਸ਼ ਰਾਜ ਨੂੰ ਖ਼ਤਮ ਕਰਨ ਲਈ ਅਤੇ ਇਕ ਲੋਕਰਾਜੀ ਸੁਤੰਤਰ ਰਿਪਬਲਿਕ ਆਫ਼ ਇੰਡੀਆ ਸਥਾਪਤ ਕਰਨ ਲਈ, ਦੂਸਰੇ ਪਾਸੇ ਕਾਂਗਰਸ, ਵਿਸ਼ੇਸ਼ਕਰ ਗਾਂਧੀ ਸਿਵਿਲ ਨਾਫ਼ਰਮਾਨੀ ਦੀ ਮੁਹਿੰਮ ਨੂੰ "ਸੀਮਿਤ ਅਤੇ

ਨਿਯੰਤਰਿਤ ਵਖਾਵਾ ਬਣਾਉਣਾ ਚਾਹੁੰਦੇ ਸਨ ਜਨਤਕ

ਦਬਾਅ ਦਾ ਤਾਂ ਜੋ ਚੰਗੇਰੀਆਂ ਸ਼ਰਤਾਂ ਅਤੇ ਰਿਆਇਤਾਂ ਬ੍ਰਿਟਿਸ਼ ਸਰਕਾਰ ਪਾਸੋਂ ਲਈਆਂ ਜਾ ਸਕਣ।[215] ਆਪਣੇ ਵਾਇਸਰਾਏ ਵੱਲ ਭੇਜੇ ਪੱਤਰ ਵਿਚ ਗਾਂਧੀ ਨੇ ਉਸ ਸ਼ਕਤੀ ਦਾ ਜ਼ਿਕਰ ਕੀਤਾ ਜਿਹੜੀ ਉਸਨੂੰ ਇਸ ਦੀ ਅਗਵਾਈ ਕਰਨ ਲਈ ਪ੍ਰੇਰਿਤ ਕਰ ਰਹੀ ਸੀ –

"ਹਿੰਸਾ ਵਾਲੀ ਪਾਰਟੀ ਛਾਈ ਜਾ ਰਹੀ ਹੈ ਅਤੇ ਆਪਣੀ ਹੋਂਦ ਪ੍ਰਗਟ ਕਰ ਰਹੀ ਹੈ. . . ਮੇਰਾ ਇਹ ਮੰਤਵ ਹੈ ਕਿ ਕਿ ਐਸੀ ਸ਼ਕਤੀ ਹਰਕਤ ਵਿਚ ਲਿਆ ਦਿਆਂ (ਅਹਿੰਸਾ), ਬ੍ਰਿਟਿਸ਼ ਰਾਜ ਦੀ ਜਥੇਬੰਦਕ ਹਿੰਸਾ ਦੇ ਵਿਰੋਧ ਵਿਚ, ਗ਼ੈਰਜਥੇਬੰਦਕ ਹਿੰਸਕ ਸ਼ਕਤੀ ਅਤੇ ਹਿੰਸਾ ਦੀ ਪਾਰਟੀ ਦੇ ਸਨਮੁਖ। ਚੁੱਪ ਕਰਕੇ ਬੈਠ ਜਾਣ ਦਾ ਮਤਲਬ ਹੋਵੇਗਾ ਉਪਰੋਕਤ ਸ਼ਕਤੀਆਂ ਦੇ ਹੱਥ ਲਗਾਮਾਂ ਫੜਾ ਦੇਣੀਆਂ।"[216]

ਗਾਂਧੀ ਦੇ ਇਸ ਪੈਂਤੜੇ ਉਪਰ ਪਾਮ ਦੱਤ ਇਹ ਸਹੀ ਟਿੱਪਣੀ ਕਰਦਾ ਹੈ, ਇਸਨੂੰ ਭਾਰਤੀ ਬੁਰਜੁਆ ਦੇ ਸ਼੍ਰੇਣੀ ਹਿਤ ਨਾਲ ਜੋੜਕੇ –

"ਇਸ ਪ੍ਰਕਾਰ ਜਦ ਜਨ ਅੰਦੋਲਨ ਉੱਠ ਰਿਹਾ ਸੀ, ਗਾਂਧੀ ਨੇ ਦੋ ਮੋਰਚਿਆਂ ਤੇ ਲੜਾਈ ਦਾ ਐਲਾਨ ਕਰ ਦਿੱਤਾ, ਬ੍ਰਿਟਿਸ਼ ਰਾਜ ਦੇ ਵਿਰੁੱਧ ਹੀ ਨਹੀਂ, ਭਾਰਤ ਦੇ ਅੰਦਰੂਨੀ ਵੈਰੀ ਦੇ ਵਿਰੁੱਧ ਵੀ। ਇਹ ਦੋ ਮੋਰਚਿਆਂ ਦੀ ਲੜਾਈ ਦਾ ਸੰਕਲਪ ਭਾਰਤੀ ਬੁਰਜੁਆ ਸ਼੍ਰੇਣੀ ਦੀ ਭੂਮਿਕਾ, ਕਿਉਂਕਿ ਇਹ ਡਰ ਗਈ ਸੀ ਕਿ ਇਸਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ, ਸਾਮਰਾਜ ਅਤੇ ਜਨ ਅੰਦੋਲਨ ਵਿਚਕਾਰ ਲੜਾਈ ਕਾਰਨ, ਇਕ ਪਾਗਲਪਨ ਦੇ ਖ਼ਤਰੇ ਦੇ ਬਾਵਜੂਦ (ਇਹ ਮਹਾਤਮਾ ਗਾਂਧੀ ਦਾ ਕਥਨ ਹੈ ਉਸਦੇ ਵਾਇਸਰਾਏ ਨੂੰ ਲਿਖੇ ਪੱਤਰ ਵਿਚ) ਤਾਂ ਜੋ ਇਸ ਨੂੰ ਸੀਮਾ ਵਿਚ ਹੀ ਰਖਿਆ ਜਾ ਸਕੇ (ਚੁੱਪ ਚਾਪ ਬੈਠਣ ਦਾ ਮਤਲਬ ਹੋਵੇਗਾ ਲਗਾਮਾ ਉਪਰੋਕਤ ਦੋਵਾਂ ਸ਼ਕਤੀਆਂ ਹੱਥ ਫੜਾ ਦੇਣੀਆਂ) ਅਤੇ ਅਹਿੰਸਾ ਦੀ ਜਾਦੂ ਦੀ ਛੜੀ ਫੜ ਕੇ ਸਮਝੌਤਾ ਕਰਨਾ। ਪਰ, ਅਹਿੰਸਾ, ਜਿਵੇਂ ਲੋਕਰਾਜੀ ਸ਼ਕਤੀਆਂ ਨੇ ਸਪੇਨ ਸੰਬੰਧੀ 'ਦਖਲ ਨਾ ਦੇਣ' ਦੀ ਨੀਤੀ ਅਪਨਾਈ ਸੀ, ਇਕ-ਤਰਫ਼ੀ ਅਹਿੰਸਾ ਸੀ।" ਇਹ ਭਾਰਤੀ ਲੋਕਾਂ ਲਈ ਅਹਿੰਸਾ ਸੀ, ਪਰ ਸਾਮਰਾਜ ਲਈ ਨਹੀਂ ਜਿਹੜਾ ਰੱਜ ਕੇ ਹਿੰਸਾ ਕਰ ਰਿਹਾ ਸੀ – ਅਤੇ ਜੰਗ ਜਿੱਤ ਗਿਆ ਸੀ।"

ਗਾਂਧੀ ਦੇ ਸੰਘਰਸ਼ ਦਾ ਸੰਕਲਪ, ਉਸਦੀ ਸਮਝ, ਉਸਦੀ ਰਣਨੀਤੀ ਇਹ ਸਭ ਭਾਰਤੀ ਆਜ਼ਾਦੀ ਦੀ ਲੜਾਈ ਦੀ ਜਿੱਤ ਵੱਲ ਜਾਂਦੇ ਸੰਕੇਤ ਮੁਸ਼ਕਿਲ ਨਾਲ ਹੀ ਕਹੇ ਜਾ ਸਕਦੇ ਸਨ। ਉਸਦੀ ਤਾਂ ਇਹੀ ਰਣਨੀਤੀ ਸੀ ਕਿ ਕਿਸ ਪ੍ਰਕਾਰ ਸ਼ਕਤੀਸ਼ਾਲੀ ਆਜ਼ਾਦੀ ਲਹਿਰ ਉਪਰ ਲੀਡਰੀ ਦਾ ਦਾਅਵਾ ਕੀਤਾ ਜਾਵੇ, ਤੇ ਨਾਲ ਹੀ ਇਸਨੂੰ ਬੁਰਜੁਆ ਹੱਦਾਂ ਵਿਚ ਹੀ ਸੀਮਿਤ ਰੱਖੇ ਤੇ ਇਸਦੇ ਵਿਕਾਸ ਦੇ ਰਾਹ ਵਿਚ ਐਨੀਆਂ ਰੁਕਾਵਟਾਂ ਖੜ੍ਹੀਆਂ ਕਰੀ ਜਾਵੇ ਕਿ ਇਹ ਕਮਜ਼ੋਰ ਹੁੰਦੀ ਹੁੰਦੀ ਖ਼ਤਮ ਹੀ ਹੋ ਜਾਵੇ। ਇਸੇ ਲਈ ਉਸਦੀ ਲੜਾਈ ਦੋ ਮੋਰਚਿਆਂ 'ਤੇ ਸੀ। ਇਸੇ ਲਈ ਉਸਦੀ ਕੋਸ਼ਿਸ਼ ਸੀ ਇਸਨੂੰ ਅਹਿੰਸਕ ਰੱਖਣ ਲਈ। ਇਸੇ ਲਈ ਉਸਦੀ ਨਮਕ ਲਹਿਰ ਕੇਵਲ 78 ਹੱਥੀ ਚੁਣੇ ਵਿਅਕਤੀਆਂ ਤਕ ਹੀ ਮਹਿਦੂਦ ਰਹੀ ਸੀ- ਉਸਦੀ ਮਨਸ਼ਾ ਇਹ ਸੀ ਕਿ ਇਸਦੀ ਸ਼ਮੂਲੀਅਤ ਵਿਚੋਂ ਉਹਨਾਂ ਨੂੰ ਬਾਹਰ ਹੀ ਰਖਿਆ ਜਾਵੇ ਜਿਹੜੇ, ਭਾਵ ਉਦਯੋਗਿਕ ਕਿਰਤੀ ਸ਼੍ਰੇਣੀ ਅਤੇ ਦੱਬੇ ਕੁਚਲੇ ਲੱਖਾਂ ਕਰੋੜਾਂ ਕਿਸਾਨ, ਦੋਵੇਂ ਵਰਗ ਜਿਹਨਾਂ ਤੋਂ ਗਾਂਧੀ ਪਲੇਗ ਵਾਂਗ ਡਰਦਾ ਸੀ।

ਗਾਂਧੀ ਦੀ ਭੂਮਿਕਾ ਦਾ ਸ਼ੋਸ਼ਣ ਕਰਨ ਵਾਲੇ ਵਰਗ ਦੇ ਇਕ ਬਹੁਤ ਸ੍ਰੇਸ਼ਟ ਪ੍ਰਤਿਨਿਧੀ

ਵਜੋਂ ਭਾਰਤੀ ਜਨਤਾ ਦੇ ਦੁਸ਼ਮਣ ਵਜੋਂ ਅਤੇ ਭਾਰਤੀ ਲੋਕਾਂ ਦੀ ਇਨਕਿਲਾਬੀ ਲੜਾਈ ਦੇ ਸਿਪਾਹੀਆਂ ਦੇ ਜੱਲਾਦ ਵਜੋਂ, ਸਾਮਰਾਜ ਦੇ ਬਿਲਕੁਲ ਨੇੜਲੇ ਸਹਿਯੋਗੀ ਵਜੋਂ, ਹੇਠ ਲਿਖੇ ਸ਼ਬਦਾਂ ਵਿਚ ਜਿਹੜੇ ਕਦੇ ਵੀ ਭੁਲਾਏ ਨਹੀਂ ਜਾ ਸਕਦੇ, ਪਾਮ ਦੱਤ ਵਲੋਂ ਖ਼ੁਲਾਸਾ ਕੀਤਾ ਗਿਆ ਹੈ–

*"ਨਰਮ ਖ਼ਿਆਲੀ ਲੀਡਰਾਂ ਦਾ ਉਹਦੇ ਨਿਜੀ ਵਿਲੱਖਣ ਸੁਭਾਅ ਬਾਰੇ ਜੋ ਵੀ ਵਿਚਾਰ ਹੋਵੇ, ਇਸ ਵਿਚ ਕੋਈ ਸੰਦੇਹ ਨਹੀਂ ਕਿ ਉਹ ਪੁਰਾਣੇ ਜੁੱਟ ਦਾ ਬਹੁਤ ਹੀ ਗੁੱਝਾ ਅਤੇ ਤਜਰਬੇਕਾਰ ਸਿਆਸਤਦਾਨ ਸੀ, ਜਿਸਦੀ ਲੋਕਾਂ ਵਿਚ ਲਾਮਿਸਾਲ ਧਾਂਕ ਸੀ ਜਿਹੜੀ ਹੁਣ ਸੰਸਾਰ ਪੱਧਰ ਦੀ ਇਸ਼ਤਿਹਾਰਬਾਜ਼ੀ ਨਾਲ ਹੋਰ ਵੀ ਵਧ ਗਈ ਸੀ ਤੇ ਉਹ ਮਹਾਨ ਭਾਰਤੀ ਦਿਸਣ ਲੱਗ ਪਿਆ ਸੀ, ਇਕ ਸਾਧੂ ਪੁਰਖ ਜਿਹੜਾ ਪ੍ਰਾਪਰਟੀ ਦਾ ਪ੍ਰਮੁੱਖ ਧਾਰਮਿਕ ਭਾਵਨਾ ਅਤੇ ਆਦਰਸ਼ ਅਸੂਲਾਂ ਭਾਵ ਨਿਮਰਤਾ ਅਤੇ ਗ਼ਰੀਬੀ ਨਾਲ ਪਿਆਰ ਦੁਆਰਾ ਰਖਿਅਕ ਸੀ। ਉਹ ਰੂਹਾਨੀਅਤ ਅਤੇ ਧਾਰਮਿਕਤਾ ਦਾ ਅਲੰਬਰਦਾਰ ਸੀ ਜਿਹੜਾ ਕੁਝ ਵੀ ਯੋਗ ਠਹਿਰਾ ਸਕਦਾ ਸੀ ਇਸ ਪ੍ਰਕਾਰ ਦੇ ਉਲਝਣ ਭਰਪੂਰ ਢੰਗ ਨਾਲ ਅਤੇ ਦਲੀਲਾਂ ਨਾਲ ਜਿਹੜੀਆਂ ਸਾਧਾਰਨ ਬੰਦੇ ਵਿਚ ਬੇਈਮਾਨੀ ਕਹਾ ਸਕਦੀਆਂ ਹੋਣ ਪਰ ਮਹਾਨ ਬੰਦਿਆਂ ਲਈ, ਜਿਵੇਂ ਮੈਕਡਾਨਲਡ ਜਾਂ ਗਾਂਧੀ ਇਹ ਸਮਝੇ ਜਾਂਦੇ ਹਨ ਕਿ ਉਹ ਰੂਹਾਨੀ ਦਲੀਲ ਦੇ ਉਚਤਮ ਵਕਤਾ ਹਨ, ਪੈਗ਼ੰਬਰ ਜਿਹੜਾ ਆਪਣੇ ਨਿਜੀ ਸੰਤਪੁਣੇ ਨਾਲ ਅਤੇ ਨਿਸ਼ਕਾਮਤਾ ਨਾਲ ਲੋਕਾਂ ਦੇ ਦਿਲਾਂ ਦੇ ਦਰਵਾਜ਼ੇ ਖੋਲ੍ਹ ਸਕਦਾ ਸੀ ਜਿੱਥੇ ਬੁਰਜੁਆ ਲੀਡਰ ਦਾਖਿਲ ਹੋਣ ਦੀ ਉਮੀਦ ਨਹੀਂ ਰੱਖ ਸਕਦੇ ਸਨ – ਅਤੇ ਕਿਸੇ ਵੀ ਜਨ ਅੰਦੋਲਨ ਨੂੰ, ਜਿਸਨੂੰ ਉਸਦੀ ਨੇੜਤਾ ਦਾ ਮਾਣ ਪ੍ਰਾਪਤ ਹੋਇਆ ਹੋਵੇ, ਨੂੰ ਤੋੜਨ ਫੋੜਨ ਵਿਚ ਸਭ ਤੋਂ ਵੱਡੀ ਗਾਰੰਟੀ ਸੀ। ਇਹ ਇਨਕਲਾਬ ਦਾ ਜੋਨ੍ਹਾ, ਅਟੁੱਟ ਤਬਾਹੀ ਦਾ ਜਰਨੈਲ, ਜਿਹੜਾ ਵਿਕਾਸਸ਼ੀਲ ਸੰਘਰਸ਼ ਦੀ ਹਰ ਲਹਿਰ ਵਿਚ ਬੁਰਜੁਆ ਦੀ ਮੈਸਕਟ (ਸ਼ਗਨ ਚਿਨ੍ਹ) ਬਣ ਜਾਂਦਾ ਸੀ। ਇਸੇ ਪ੍ਰਕਾਰ ਹੀ ਇਹ ਵਿਸ਼ੇਸ਼ ਪੱਖ ਮੁੜ ਉਭਰਿਆ ਭਾਰਤੀ ਸਿਆਸਤ ਵਿਚ ਮਗਰੋਂ ਹਰ ਬਣਨ ਵਾਲੇ ਸੰਵਿਧਾਨ ਦਾ ਅਣਲਿਖਤ ਲੇਖ ਬਣਕੇ – ਗਾਂਧੀ ਬਿਨਾ ਕੁਝ ਵੀ ਨਹੀਂ (ਅਸਲ ਵਿਚ ਇਹ ਵਖਾਣ ਹੈ ਸ਼੍ਰੇਣੀ ਸ਼ਕਤੀਆ ਵਿਚਕਾਰ ਇਕ ਬਹੁਤ ਹੀ ਅਨਿਸ਼ਚਿਤ ਤਵਾਜ਼ਨ)। ਬੁਰਜੁਆ ਦੀਆਂ ਸਾਰੀਆਂ ਹੀ ਉਮੀਦਾਂ ਗਾਂਧੀ ਉਪਰ ਟਿਕੀਆਂ ਸਨ, ਇਕ ਅਜਿਹੇ ਵਿਅਕਤੀ ਵਜੋਂ ਜਿਹੜਾ ਲਹਿਰਾਂ ਦੀ ਸਵਾਰੀ ਕਰ ਸਕਦਾ ਸੀ, ਐਨਾ ਕੁ ਜਨ ਅੰਦੋਲਨ ਚਲਾ ਸਕਦਾ ਸੀ ਜਿਸ ਨਾਲ ਇਹ ਸਫ਼ਲ ਸੌਦੇਬਾਜ਼ੀ ਬਣ ਸਕੇ ਅਤੇ ਨਾਲ ਨਾਲ ਭਾਰਤ ਨੂੰ ਇਨਕਲਾਬ ਤੋਂ ਬਚਾਇਆ ਜਾ ਸਕੇ।"[217]*

ਇਸ ਲੰਮੇ ਪਰ ਟਾਲੇ ਨਾ ਜਾ ਸਕਣ ਵਾਲੇ ਵਿਸ਼ਾ–ਭਟਕਣ ਮਗਰੋਂ, ਆਓ ਹੁਣ ਕਰਾਚੀ ਕਾਂਗਰਸ ਵੱਲ ਮੁੜਦੇ ਹਾਂ। 29 ਮਾਰਚ, 1931 ਨੂੰ ਇਸਨੇ ਮਤਾ ਪਾਸ ਕੀਤਾ ਜਿਹੜਾ ਇਸ ਪ੍ਰਕਾਰ ਸੀ –

"ਇਹ ਕਾਂਗਰਸ, ਆਪਣੇ ਆਪ ਨੂੰ ਕਿਸੇ ਵੀ ਸਿਆਸੀ ਹਿੰਸਾ ਨਾਲ ਨਾ ਜੋੜਦੇ ਹੋਏ ਅਤੇ ਨਾ ਹੀ ਕਿਸੇ ਸ਼ਕਲ ਸੂਰਤ ਵਿਚ ਪ੍ਰਵਾਨ ਕਰਦੇ ਹੋਏ, ਸਵਰਗੀ ਸਰਦਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਬਹਾਦਰੀ ਅਤੇ ਕੁਰਬਾਨੀ ਪ੍ਰਤੀ ਆਪਣੀ ਸਰਾਹਨਾ ਪ੍ਰਗਟ ਕਰਦੀ ਹੈ. . . . ਅਤੇ ਉਹਨਾਂ ਦੇ ਸੋਗੀ ਪਰਿਵਾਰ ਨਾਲ ਮਿਲ ਕੇ ਉਹਨਾਂ ਦੇ ਚਲਾਣੇ 'ਤੇ ਅਫ਼ਸੋਸ ਕਰਦੀ ਹੈ। ਕਾਂਗਰਸ ਦਾ ਆਪਣਾ ਵਿਚਾਰ ਹੈ ਕਿ ਇਹ ਤਿੰਨਾਂ ਦੀ ਫਾਂਸੀ ਇਕ ਘੋਰ ਬਦਲਾਖੋਰੀ

ਦੀ ਮਿਸਾਲ ਬਣੀ ਹੈ ਅਤੇ ਦੇਸ ਦੀ ਜਨਤਾ ਦੀ ਇਕ ਮੱਤ ਮੰਗ ਕਿ ਸਜ਼ਾ ਘਟਾਈ ਜਾਵੇ, ਨੂੰ ਨਜ਼ਰ ਅੰਦਾਜ਼ ਕਰਦੀ ਹੈ। ਕਾਂਗਰਸ ਦੇ ਅੱਗੇ ਇਹ ਵੀ ਵਿਚਾਰ ਹੈ ਕਿ ਸਰਕਾਰ ਨੇ ਇਕ ਸੁਨਹਿਰੀ ਮੌਕਾ ਗੁਆ ਦਿੱਤਾ ਹੈ ਜਿਸ ਰਾਹੀਂ ਦੋ ਕੌਮਾਂ ਵਿਚਾਲੇ ਸਦਭਾਵਨਾ ਬਣਾਈ ਜਾ ਸਕਦੀ ਸੀ, ਜਿਸਦੀ ਇਸ ਵੇਲੇ ਬਹੁਤ ਹੀ ਲੋੜ ਸੀ, ਅਤੇ ਅਮਨ ਦੇ ਰਾਹ ਵੱਲ ਪ੍ਰੇਰਿਆ ਜਾ ਸਕਦਾ ਸੀ, ਜਿਹੜਾ ਨਿਰਾਸ਼ਾ ਕਾਰਣ ਸਿਆਸੀ ਹਿੰਸਾ ਅਪਨਾਉਂਦਾ ਹੈ।"[218]

ਨਹਿਰੂ ਨੇ ਆਪਣੇ ਭਾਸ਼ਣ ਵਿਚ ਇਹ ਸਪਸ਼ਟ ਕੀਤਾ ਕਿ ਉਪਰੋਕਤ ਮਤਾ ਗਾਂਧੀ ਨੇ ਡਰਾਫ਼ਟ ਕੀਤਾ ਸੀ। ਨਹਿਰੂ ਨੇ ਇਹ ਵੀ ਕਿਹਾ, "ਅਸੀਂ ਭਗਤ ਸਿੰਘ ਦੀ ਸਜ਼ਾ ਉਮਰ ਕੈਦ ਵਿਚ ਘਟਾਉਣ ਦਾ ਯਤਨ ਕੀਤਾ ਪਰ ਸਫਲ ਨਹੀਂ ਹੋਏ।" ਇਹ ਝੂਠ ਸੀ। ਭਾਵੇਂ ਸਾਰੀ ਜਨਤਾ ਦੇ ਦਬਾਅ ਹੇਠ, ਗਾਂਧੀ ਨੇ ਉਪਰੋਕਤ ਮਤਾ ਲਿਖਿਆ ਸੀ, "*ਕਾਂਗਰਸ ਦੀ ਸਰਾਹਨਾ ਬਹਾਦਰੀ ਅਤੇ ਕੁਰਬਾਨੀ ਵਾਸਤੇ. . . ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ*" ਅਤੇ ਛੇਤੀਂ ਹੀ ਉਹ ਪਿਛੇ ਮੁੜ ਪਿਆ ਅਤੇ 29 ਮਾਰਚ ਦੇ ਮਤੇ ਬਾਰੇ ਆਪਣੀ ਸਿਆਣਪ 'ਤੇ ਸ਼ੱਕ ਕਰਨ ਲੱਗਾ। ਉਸਨੇ ਲਿਖਿਆ, "ਕਾਤਲਾਂ ਦੀ ਸਿਫ਼ਤ ਕੁਝ ਵਧੇਰੇ ਹੀ ਕੀਤੀ ਜਾ ਰਹੀ ਹੈ। ਜੇ ਅਸੀਂ ਹਰ ਕਾਤਲ ਦੀ ਸਰਾਹਨਾ ਕਰਨੀ ਹੈ, ਗੁਣ ਗਾਉਣੇ ਹਨ ਕਿਉਂਕ ਕਾਤਲ ਦੇ ਕਤਲ ਪਿਛੇ ਸਿਆਸੀ ਮੰਤਵ ਸੀ, ਅਸੀਂ ਉਸਦੇ ਕੰਮ ਦੀ ਸਰਾਹਨਾ ਤੋਂ ਸ਼ੁਰੂ ਕਰੀਏ. . .ਸਰਾਹਨਾ. . . ਕਿਉਂਕਿ ਕੋਈ ਨਾਇਕ ਮੇਰੇ ਮਨ ਵਿਚ ਸ਼ੰਕਾ ਪੈਦਾ ਕਰਦਾ ਹੈ ਕਿ ਮੈਂ ਕਾਂਗਰਸ ਦੇ ਮਤੇ ਨੂੰ ਭਗਤ ਸਿੰਘ ਦੇ ਬਾਰੇ ਕਿਉਂ ਲਿਖਿਆ ਸੀ?"[219] ਜੋ ਵੀ ਹੈ, ਗਾਂਧੀ ਨੂੰ ਮਜਬੂਰ ਹੋਣਾ ਪਿਆ ਸੀ ਕਿ ਭਗਤ ਸਿੰਘ ਦੀ "ਹਿੰਮਤ", "ਜੁਰਅਤ" ਅਤੇ "ਬੇਦਾਗ਼ ਆਚਰਣ" ਦੀ ਸਰਾਹਨਾ ਕਰੇ, 'ਉਸਦੇ ਜੀਵਨ ਗਿਰਦ ਰੁਮਾਂਸ ਅਤੇ ਉਹਦੇ ਦੋ ਹੋਰ ਸਾਥੀਆਂ ਸਮੇਤ "ਫਾਂਸੀ ਚਾੜ੍ਹੇ ਜਾਣ ਨੇ ਉਹਨਾਂ ਨੂੰ ਸ਼ਹੀਦ ਬਣਾ ਦਿੱਤਾ ਅਤੇ ਉਹਨਾਂ ਦੇ ਦੁਆਲੇ "ਪ੍ਰਕਾਸ਼ ਕੁੰਡਲ" (ਹਾਲਾ) ਬਾਣਾ ਦੇਣਾ।'[220] ਗਾਂਧੀ ਇਸੇ ਵਿਸ਼ੇ 'ਤੇ ਵਾਪਸ ਆਇਆ ਇਕ ਲੇਖ ਵਿਚ, ਜੋ ਯੰਗ ਇੰਡੀਆ ਦੇ 11 ਜੂਨ 1931 ਦੇ ਅੰਕ ਵਿਚ ਛਪਿਆ। ਉਸਦੀ ਭੂਮਿਕਾ ਭਗਤ ਸਿੰਘ ਦੇ ਸੰਬੰਧ ਵਿਚ ਬਾਰੇ ਜੋ ਨੁਕਤਾਚੀਨੀ ਹੋਈ, ਉਸਦਾ ਜਵਾਬ ਦਿੰਦਿਆਂ ਉਸਨੇ ਇਕ ਵਾਰ ਫਿਰ ਆਪਣੀ ਸਮਝ 'ਤੇ ਸ਼ੰਕਾ ਪ੍ਰਗਟਾਇਆ ਭਗਤ ਸਿੰਘ ਸੰਬੰਧੀ ਆਪਣੇ 29 ਮਾਰਚ ਦੇ ਮਤੇ ਨੂੰ ਲਿਖਣ ਬਾਰੇ ਦਸਿਆ, "ਮੈਂ ਪਹਿਲਾਂ ਹੀ ਆਪਣੇ ਸ਼ੰਕੇ ਪ੍ਰਗਟ ਕਰ ਚੁੱਕਾ ਹਾਂ ਕਿ ਮੈਂ ਕਿਵੇਂ ਇਹ ਮਤਾ ਡਰਾਫ਼ਟ ਕੀਤਾ ਅਤੇ ਪੇਸ਼ ਕੀਤਾ, ਪਾਸ ਕਰਾਇਆ, ਇਸ ਲਈ ਨਹੀਂ ਕਿ ਇਹ ਗ਼ਲਤ ਸੀ ਪਰ ਇਸ ਲਈ ਕਿ ਇਸ ਦਾ ਗ਼ਲਤ ਅਰਥ ਕਢਿਆ ਗਿਆ ਹੈ। ਮੈਂ ਇਸ ਗੱਲ ਵਿਚ ਦਿਲਚਸਪੀ ਲਈ ਸੀ ਜਿਹੜੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸਜ਼ਾ ਘਟਾਉਣ ਵਾਸਤੇ ਚੱਲੀ ਸੀ। ਮੈਂ ਆਪਣਾ ਸਾਰਾ ਤਾਣ ਇਸ ਕੰਮ ਵਿਚ ਲਾ ਦਿੱਤਾ ਸੀ। ਇਸ ਲਈ ਮੈਨੂੰ ਇਸ ਦੁਖਾਂਤ ਦੇ ਮੁੱਖ ਪਾਤਰ ਦੀ ਜੀਵਨੀ ਦਾ ਅਧਿਐਨ ਕਰਨਾ ਪਿਆ। ਮੈਂ ਉਸਦੇ ਸਮਰਪਿਤ ਨੂੰ ਵੀ ਮਿਲਿਆ ਅਤੇ ਹੋਰਨਾਂ ਨੂੰ ਜੋ ਉਸ ਨਾਲ ਜੁੜੇ ਹੋਏ ਸਨ, ਉਸਦੇ ਦੇ ਇਸ ਕੰਮ ਲਈ ਨਹੀਂ ਸਗੋਂ ਉਸਦੇ ਆਚਰਣ ਕਾਰਨ। ਇਸ ਪ੍ਰਕਾਰ ਮੈਂ ਕੁਦਰਤੀ ਤੌਰ 'ਤੇ ਉਸ ਮਤੇ ਵੱਲ ਨੂੰ ਹੋਇਆ ਸਾਂ।"[221]

ਗਾਂਧੀ ਦਾ ਇਹ ਦਾਅਵਾ ਕਰਨ ਦੀ ਕਿ ". . . .ਮੈਂ ਸਾਰਾ ਤਾਣ ਇਸ ਵਿਚ ਲਗਾ ਦਿੱਤਾ ਸੀ", ਜਿਵੇਂ ਉਪਰ ਦਰਸਾਇਆ ਗਿਆ ਹੈ, ਰਿਕਾਰਡ ਦੇ ਆਧਾਰ 'ਤੇ ਪੁਸ਼ਟੀ ਨਹੀਂ ਹੁੰਦੀ ਅਤੇ ਇਸ ਲਈ ਇਹ ਸਰਾਸਰ ਝੂਠ ਹੈ। ਉਸਦੇ 23 ਮਾਰਚ 1931 ਦੇ ਪੱਤਰ ਦੇ ਸਿਵਾਏ,

ਜਿਹੜਾ ਫਾਂਸੀ ਦੇਣ ਤੋਂ ਪਹਿਲਾਂ ਲਿਖਿਆ ਗਿਆ ਸੀ, ਉਸਨੇ ਆਪਣਾ ਸਾਰਾ ਤਾਣ ਬ੍ਰਿਟਿਸ਼ ਵਾਇਸਰਾਏ ਇਰਵਨ ਨਾਲ ਪੈਕਟ ਦੀ ਰੂਪ-ਰੇਖਾ ਬਣਾਉਣ ਅਤੇ ਲਾਗੂ ਕਰਨ ਵਿਚ ਲਾ ਦਿੱਤਾ ਹੋਇਆ ਸੀ। ਉਸਦਾ ਮਗਰਲਾ ਦਾਅਵਾ ਕਿ "ਕਿ ਉਹ ਖ਼ੁਸ਼ੀ ਨਾਲ ਵਾਇਸਰਾਏ ਕੋਲ ਆਪਣੀ ਜਾਨ ਪੇਸ਼ ਕਰ ਦਿੰਦਾ ਭਗਤ ਸਿੰਘ ਅਤੇ ਹੋਰਨਾਂ ਨੂੰ ਬਚਾਉਣ ਦੀ ਖ਼ਾਤਿਰ" ਵੀ ਰਿਕਾਰਡ ਅਨੁਸਾਰ ਸੱਚ ਨਹੀਂ ਹੈ। ਅਸਲ ਵਿਚ ਉਸਦੇ ਮਨ ਵਿਚ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ, ਸਿਆਸਤ ਅਤੇ ਕੰਮਾਂ ਲਈ ਐਨੀ ਨਾਪਸੰਦਗੀ ਸੀ ਕਿ ਉਸਨੇ ਕਿਸੇ ਵੀ ਤਰ੍ਹਾਂ ਆਪਣੇ ਆਪ ਨੂੰ ਭਗਤ ਸਿੰਘ ਦੀ ਯਾਦਗਾਰ ਬਣਾਉਣ ਦੇ ਕਾਰਜ ਨਾਲ ਜੁੜਨ ਤੋਂ ਇਨਕਾਰ ਕਰ ਦਿੱਤਾ ਸੀ। ਯਾਦਗਾਰ ਕਮੇਟੀ ਨੂੰ ਆਪਣੇ 20 ਜੂਨ 1931 ਦੇ ਪੱਤਰ ਵਿਚ ਉਸਨੇ ਆਪਣਾ ਕਾਰਣ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਸੀ-*"ਕਿਸੇ ਲਈ ਵੀ ਕੋਈ ਯਾਦਗਾਰ ਬਣਾਉਣ ਦਾ ਨਿਰਸੰਦੇਹ ਮਤਲਬ ਹੁੰਦਾ ਹੈ ਕਿ ਯਾਦਗਾਰ ਬਣਾਉਣ ਵਾਲਾ ਉਸਦੇ ਕੀਤੇ ਕੰਮਾਂ 'ਤੇ ਚੱਲੇਗਾ ਜਿਸਦੀ ਯਾਦਗਾਰ ਬਣਾਈ ਜਾ ਰਹੀ ਹੈ। ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੱਦਾ ਦਿੱਤਾ ਹੁੰਦਾ ਹੈ ਕਿ ਉਸਦੇ ਕਾਰਜਾਂ ਦੀ ਨਕਲ ਕਰਨ। ਇਸ ਲਈ ਮੈਂ ਆਪਣੇ ਆਪ ਨੂੰ ਕਿਸੇ ਪ੍ਰਕਾਰ ਵੀ ਇਸ ਯਾਦਗਾਰ ਨਾਲ ਜੋੜ ਨਹੀਂ ਸਕਦਾ।"*[222]

ਅਸੀਂ ਇਹ ਸੈਕਸ਼ਨ, ਹੇਠ ਲਿਖੀ ਸੰਤੁਲਿਤ ਅਤੇ ਨਰਮ ਢੰਗ ਨਾਲ ਨੂਰਾਨੀ ਦੁਆਰਾ ਮਹਾਤਮਾ ਗਾਂਧੀ ਦੀ ਭਗਤ ਸਿੰਘ ਦੇ ਮਾਮਲੇ ਵਿਚ ਅਦਾ ਕੀਤੀ ਭੂਮਿਕਾ ਬਾਰੇ ਲਿਖ, ਕੇ ਸਮਾਪਤ ਕਰਦੇ ਹਾਂ-

"ਅੰਤਿਮ ਖੇਦ ਹੈ ਗਾਂਧੀ ਦੀ ਭੂਮਿਕਾ ਫਰਵਰੀ 18 ਅਤੇ ਮਾਰਚ 22 ਦੇ ਦਰਮਿਆਨ ਦੀ। 20 ਮਾਰਚ ਨੂੰ ਉਹ ਐਮਰਸਨ ਨੂੰ, ਨੌਕਰਸ਼ਾਹ, ਜਿਸਨੇ ਆਪਣੇ ਨਸਲਵਾਦ ਦਾ

ਕੇਂਦਰੀ ਅਸੈਂਬਲੀ ਵਿਚ 14 ਸਤੰਬਰ 1929 ਨੂੰ ਨੁਕਸਾਨ-ਨਿਯੰਤਰਾਂ ਸਮੇਂ ਪ੍ਰਗਟਾਇਆ ਸੀ। ਇਹ ਪਹਿਲਾਂ ਹੀ ਭੈੜੀ ਗੱਲ ਸੀ ਕਿ ਗਾਂਧੀ ਨੇ ਵਾਇਸਰਾਏ ਨਾਲ 18 ਮਾਰਚ 19 ਨੂੰ ਗੱਲ ਚਲਾਈ। ਇਹ ਉਸ ਤੋਂ ਵੀ ਭੈੜੀ ਗੱਲ ਸੀ ਕਿ ਉਸਨੇ ਹੋਮ ਸੈਕਟਰੀ ਨੂੰ ਸਲਾਹ ਦਿੱਤੀ, ਉਸਦੇ ਮਗਰੋਂ ਕਿ ਕਿਸ ਤਰ੍ਹਾਂ ਗ਼ੁੱਸੇ ਅਤੇ ਰੋਸ ਦੀ ਲਹਿਰ ਨੂੰ ਭਾਵ ਆਪਣੇ ਹੀ ਲੋਕਾਂ ਨੂੰ ਕਾਬੂ ਕੀਤਾ ਜਾਵੇ ਜਦ ਉਹ ਇਕ ਦੇਸ਼ ਭਗਤ ਦੀ ਫਾਂਸੀ 'ਤੇ ਭੜਕੇ ਸਨ, ਅਤੇ ਜਿਸਦੀ ਦੇਸ਼ ਭਗਤੀ ਗਾਂਧੀ ਖ਼ੁਦ ਹੀ ਸਰ੍ਹਾਉਂਦੇ ਸਨ।"

ਜਾਰੀ ਰੱਖਦੇ ਹੋਏ ਨੂਰਾਨੀ ਅੰਤ ਵਿਚ ਕਹਿੰਦਾ ਹੈ -

*"ਗਾਂਧੀ ਖ਼ੁਦ ਹੀ ਦਖਲ ਦੇ ਕੇ ਭਗਤ ਸਿੰਘ ਦੀ ਜਾਨ ਬਚਾ ਸਕਦਾ ਸੀ। ਉਸਨੇ ਐਸਾ ਨਹੀਂ ਕੀਤਾ, ਅੰਤ ਤਕ। ਮਗਰੋਂ ਦੇ ਦਾਅਵੇ ਜਿਵੇਂ 'ਮੈਂ ਤਾਂ ਸਾਰਾ ਹੀ ਤਾਣ ਲਾ ਦਿੱਤਾ ਉਸਨੂੰ (ਵਾਇਸਰਾਏ) ਮਨਾਉਣ 'ਤੇ ਉਹਨਾਂ ਰਿਕਾਰਡਾਂ ਨੂੰ ਘੋਖਿਆਂ ਜਿਹੜੇ ਦਹਾਕਿਆਂ ਮਗਰੋ ਖੋਲ੍ਹੇ ਗਏ ਸਭ ਖੋਖਲੇ ਹੀ ਹਨ। ਇਸ ਦੁਖਾਂਤ ਵਿਚ ਗਾਂਧੀ ਨਾ ਤਾਂ ਕੌਮ ਪ੍ਰਤੀ ਸੱਚ ਕਹਿ ਰਿਹਾ ਸੀ ਨਾ ਹੀ ਆਪਣੇ ਸਭ ਤੋਂ ਨੇੜਲੇ ਸਾਥੀਆਂ ਕੋਲ ਕਿ ਉਸਨੇ ਭਗਤ ਸਿੰਘ ਨੂੰ ਬਚਾਉਣ ਲਈ ਵਾਇਸਰਾਏ ਨਾਲ ਕੀ ਗੱਲ ਕੀਤੀ ਸੀ।"*[223]

ਸਾਦੀ ਅਤੇ ਗੈਰ-ਰਾਜਨੀਤਕ ਭਾਸ਼ਾ ਵਿਚ ਇਸ ਸੱਚ ਅਤੇ ਅਹਿੰਸਾ ਸੰਤ ਬਾਰੇ ਅੱਜ ਹੀ ਕਿਹਾ ਜਾ ਸਕਦਾ ਹੈ ਕਿ ਗਾਂਧੀ ਇਸ ਮਾਮਲੇ ਵਿੱਚ ਬਿਲਕੁਲ ਝੂਠ ਬੋਲ ਰਿਹਾ ਸੀ।

***

ਕਾਂਡ 18

# ਭਗਤ ਸਿੰਘ ਦਾ ਵਿਰਸਾ

ਭਗਤ ਸਿੰਘ ਦੇ ਇਨਕਲਾਬੀ ਵਿਰਸੇ ਅਤੇ ਸਿਖਿਆਵਾਂ ਨੂੰ ਸਾਂਭ ਕੇ ਰੱਖਣ ਲਈ, ਸਾਡੇ ਲੇਖ ਦਾ ਅੰਤਲਾ ਭਾਗ ਸੋਸ਼ਣਕਾਰੀ ਵਰਗਾਂ ਦੀ ਕੋਸ਼ਿਸ਼ ਉਸਨੂੰ ਖੁਰਦ ਬੁਰਦ ਕਰਨ ਅਤੇ ਇਕ ਨੁਕਸਾਨ ਨਾ ਦੇਣ ਵਾਲੇ ਅਵਤਾਰ ਵਰਗਾ ਬਣਾਉਣ ਦੇ ਵਿਰੁੱਧ ਲੜਨ ਵਿਚ ਅਤੇ ਗ਼ਲਤ ਬਿਆਨੀਆਂ ਨੂੰ ਠੀਕ ਕਰਨ ਵਿਚ ਲਾਇਆ ਗਿਆ ਹੈ, ਭਾਵੇ ਕਿੰਨੀਆਂ ਵੀ ਠੀਕ ਭਾਵਨਾਵਾਂ ਵਾਲੀਆਂ ਹੋਣ, ਨਾਲ ਹੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਕਾਰਜਾਂ ਬਾਰ, ਖੱਬੇ ਪੱਖ ਦੇ ਇਕ ਵਰਗ ਦੁਆਰਾ।

ਗਾਂਧੀ ਨੇ ਆਪਣੇ ਸੁਭਾਵਕ ਅੜੀਅਲਪੁਣੇ ਦੁਆਰਾ, ਇਹ ਅੜੀਅਲਪੁਣਾ ਜਿਹੜਾ ਬੁਰਜੁਆ-ਜ਼ਿਮੀਂਦਾਰ ਸ਼੍ਰੇਣੀਆਂ ਦੇ ਹੱਕ ਵਿਚ ਹੈ, ਅਤੇ ਜਿਸਦਾ ਉਹ ਅਤੇ ਉਸਦੀ ਕਾਂਗਰਸ ਪਾਰਟੀ ਪ੍ਰਤੀਨਿਧ ਕਰਦੇ ਸਨ - ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਕਈ ਢੰਗਾਂ ਨਾਲ ਨਿਖੇਧੀ ਕੀਤੀ, ਕਦੇ "ਭੁੱਲੜ ਦੇਸ਼ ਭਗਤ", "ਬੇਦਲੀਲੇ ਬੰਦੇ" "ਦੇਸ਼ ਦੇ ਦੁਸ਼ਮਨ", ਜਿਹਨਾਂ ਦੀ ਇਨਕਿਲਾਬੀ ਕੁਰਬਾਨੀ, ਪ੍ਰਤਿਸ਼ਠਾ ਅਤੇ ਪਿਆਰ" ਸਾਰੇ ਫ਼ਿਜ਼ੂਲ ਦੇ ਯਤਨ ਹੀ ਨਹੀਂ ਸਨ, ਸਗੋਂ ਅਗਿਆਨੀ, ਰਾਹੋਂ ਘੁੱਥੇ ਅਤੇ ਬੇਸਮਝ ਹੋਣ ਕਾਰਨ, ਨੇ ਦੇਸ ਦਾ ਬਹੁਤਾ ਨੁਕਸਾਨ ਕੀਤਾ ਹੈ ਕਿਸੇ ਹੋਰ ਕਾਰਵਾਈ ਨਾਲੋਂ"। ਗਾਂਧੀ ਦੁਆਰਾ ਇਨਕਲਾਬੀਆਂ ਦੀ ਇਸ ਪ੍ਰਕਾਰ ਦੀ ਨਿਖੇਧੀ ਉਸ ਵੇਲੇ, ਅਤੇ ਹੁਣ ਤਕ ਜਾਰੀ ਹੈ, ਨੂੰ ਲੋਕਾਂ ਨੇ ਘ੍ਰਿਣਾ ਨਾਲ ਸਾਰੇ ਭਾਰਤੀ ਉਪ ਮਹਾਂਦੀਪ ਵਿਚ ਰੱਦ ਕਰ ਦਿੱਤਾ ਸੀ ਕਿਉਂਕਿ ਸਚਾਈ ਤਾਂ ਇਸਦੇ ਉਲਟ ਸੀ ਜਿਸਦਾ ਗਾਂਧੀ ਨੇ ਦਾਅਵਾ ਕੀਤਾ ਸੀ। ਇਹ ਗਾਂਧੀ ਅਤੇ ਕਾਂਗਰਸ ਪਾਰਟੀ ਸੀ ਜਿਸਨੇ ਦੇਸ ਦੇ ਕਰੋੜਾਂ ਲੋਕਾਂ ਲਈ ਮੁਸੀਬਤ ਅਤੇ ਬਦਕਿਸਮਤੀ ਲਿਆਂਦੀ ਸੀ, ਜਦ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਇਸ ਗੱਲ ਦਾ ਸਿਹਰਾ ਦਿੱਤਾ ਬਣਦਾ ਹੈ ਕਿ ਉਹਨਾਂ ਨੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕੀਤੀ, ਇੱਛਾਵਾਂ ਨੂੰ, ਖ਼ਾਹਿਸ਼ਾਂ ਨੂੰ ਅਤੇ ਉਸਤੋਂ ਵੀ ਵਧ, ਉਹਨਾਂ ਦੇ ਹਿਤਾਂ ਨੂੰ ਪ੍ਰਗਟ ਕੀਤਾ ਅਤੇ ਇਸ ਲਹਿਰ ਨੂੰ ਲੋਕਾਂ ਦੇ ਇਸ ਵਿਅਕਤੀ ਦੁਆਰਾ ਦੂਸਰੇ ਦਾ ਅਤੇ ਇਕ ਕੌਮ ਦਾ ਦੂਸਰੀ ਕੌਮ ਦੁਆਰਾ ਸੋਸ਼ਣ ਕਰਨ ਦੇ ਵਿਰੁੱਧ ਲੜਾਈ ਕੀਤੀ। ਇਸੇ ਕਰਕੇ ਹੀ, ਉਹਨਾਂ ਦੀ ਸ਼ਹੀਦੀ ਦੇ 75 ਸਾਲ ਮਗਰੋਂ ਵੀ ਭਗਤ ਸਿੰਘ ਅਤੇ ਉਸਦੇ ਸਾਥੀ ਲੋਕਾਂ ਨੂੰ ਪ੍ਰੇਰਿਤ ਕਰ ਰਹੇ ਹਨ, ਵਿਸ਼ੇਸ਼ ਕਰ ਨੌਜਵਾਨਾਂ ਨੂੰ, ਆਪਣੀ ਬਹਾਦਰੀ ਅਤੇ ਆਪਣੇ ਸੁੰਦਰ ਜੀਵਨ ਦੇ ਸਮਾਜਵਾਦ ਵਿਚ ਆਦਰਸ਼ ਪ੍ਰਾਪਤ ਕਰਨ ਲਈ, ਜਦ ਕਿ ਗਾਂਧੀ ਦਾ ਮਾਣ ਤਾਂ ਬਹੁਤ ਹੱਦ ਤੱਕ ਡੁੱਬ ਗਿਆ ਹੈ, ਬਾਵਜੂਦ ਉਸਦੀ ਸੋਸ਼ਣ ਕਰਨ ਵਾਲਿਆਂ ਵੱਲੋ, ਭਾਰਤੀ ਜਾਂ ਵਿਦੇਸ਼ੀ, ਪੂਜਾ ਹੋਣ ਦੇ। ਪਰ ਇਹ ਸ਼ਰਮਨਾਇਕ ਅਤੇ ਨੰਗੀ ਹਰਕਤ ਹੈ ਕਮਿਉਨਿਸਟ ਲਹਿਰ ਦੇ ਕੁਝ ਵਰਗਾਂ ਵੱਲੋਂ, ਜਿਹੜੇ ਉਸਨੂੰ ਮਹਾਤਮਾ ਕਹਿੰਦੇ ਹਨ ਅਤੇ ਪਿਤਾ ਕਹਿੰਦੇ ਹਨ।

## ਖੁਰਦਬੁਰਦ ਕਰਨ ਦੇ ਯਤਨ

ਅੱਠ ਦਹਾਕਿਆਂ ਤਕ, ਭਾਰਤੀ ਸਾਸ਼ਕ ਸ਼੍ਰੇਣੀਆਂ, ਬ੍ਰਿਟਿਸ਼ ਬੁਰਜੂਆ ਦੀ ਤਾਂ ਗੱਲ ਹੀ ਛੱਡੋ, ਨੇ ਆਪਣਾ ਪੂਰਾ ਤਾਣ ਲਾਇਆ ਹੈ ਕਿ ਭਗਤ ਸਿੰਘ ਨੂੰ **'ਕੁਛ ਵੀ ਨਹੀਂ'** ਕਰਾਰ ਦੇ ਦਿੱਤਾ ਜਾਵੇ, ਪਰ ਪੂਰੀ ਤਰ੍ਹਾਂ ਅਸਫਲ ਰਹੇ ਹਨ ਇਸ ਭੱਦੀ ਅਤੇ ਦੁਖਦਾਈ ਕੋਸ਼ਿਸ਼ ਵਿਚ, ਕਿਰਤੀ ਵਰਗ ਦੀ ਲਹਿਰ ਦੇ ਯਤਨਾਂ ਸਦਕਾ, ਜਿਸਨੇ ਉਸਦੀਆਂ ਸਿਖਿਆਵਾਂ ਨੂੰ ਜੀਵਿਤ ਰੱਖਿਆ ਹੈ, ਨਾਲ ਹੀ ਲਗਾਤਾਰ ਅਤੇ ਅਥਾਹ ਸ਼ਰਧਾ ਪ੍ਰਗਟਾਈ ਹੈ ਭਾਰਤ ਦੇ ਕਰੋੜਾਂ ਲੋਕਾਂ ਨੇ ਇਸ ਮਹਾਂਪੁਰਖ ਨੂੰ, ਜਿਸਨੇ ਆਪਣੇ ਬਹੁਤ ਹੀ ਥੋੜ੍ਹਚਿਰੇ ਜੀਵਨ ਵਿਚ ਐਨਾ ਕੁਝ ਕੀਤਾ ਭਾਰਤੀਆਂ ਦੀ ਆਜ਼ਾਦੀ ਦੇ ਯਤਨ ਨੂੰ ਅੱਗੇ ਵਧਾਉਣ ਲਈ। ਜਦ ਕਿ ਭਗਤ ਸਿੰਘ ਜੈਸੀ ਸ਼ਖ਼ਸੀਅਤ ਦਾ ਰੰਗ ਮੱਧਮ ਨਹੀਂ ਪੈਂਦਾ, ਭਾਰਤ ਦੇ ਸਾਸ਼ਕ ਵਰਗ ਵੀ ਉਸਦੀ ਸੌਵੀਂ ਬਰਸੀ ਮਨਾਉਣ ਵਿਚ ਸ਼ਾਮਿਲ ਹੋਏ। ਕਈ ਥਾਵਾਂ ਤੇ ਉਸਦੇ ਨਾਮ 'ਤੇ ਉਸਾਰੀਆਂ ਹੁੰਦੀਆਂ ਹਨ, ਸੰਸਥਾਵਾਂ ਨੂੰ ਉਸਦਾ ਨਾਮ ਦਿੱਤਾ ਜਾਂਦਾ ਹੈ ਅਤੇ ਬਹੁਤ ਆਦਰਯੋਗ ਯੂਨੀਵਸਿਟੀਆਂ ਵਿਚ ਉਹਨੇ ਨਾਮ ਦੀਆਂ ਚੇਅਰਾਂ ਸਥਾਪਿਤ ਹੋਈਆਂ ਹਨ। ਭਾਰਤ ਵਿਚ ਦੋ ਪ੍ਰਾਕਾਰ ਦੇ ਜਸ਼ਨ ਮਨਾਏ ਜਾ ਰਹੇ ਹਨ- ਇਕ ਭਾਰਤੀ ਪ੍ਰੋਲੇਤਾਰੀਆਂ ਵੱਲੋਂ, ਕਿਸਾਨੀ ਅਤੇ ਇਨਕਲਾਬੀ ਬੁੱਧੀਜੀਵੀ ਜਿਹੜੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਸਿਖਿਆਵਾਂ ਅਤੇ ਕਾਰਨਾਮਿਆਂ ਨੂੰ ਅੱਗੇ ਵਧਾ ਰਹੇ ਹਨ, ਅਤੇ ਦੂਸਰੇ, ਭਾਰਤੀ ਸਾਸ਼ਕ ਸ਼੍ਰੇਣੀਆਂ ਵੱਲੋ ਇਕੋ ਇਕ ਮੰਤਵ ਲਈ ਕਿ ਭਗਤ ਸਿੰਘ ਦੇ ਨਾਮ ਅਤੇ ਕਾਰਜਾਂ ਦੇ ਵਿਰਸੇ ਨੂੰ ਖੁਰਦ-ਬੁਰਦ ਕਰਨ, ਉਸਦੇ ਵਿਚੋਂ ਇਨਕਲਾਬੀ ਤੱਤ ਕੱਢ ਦੇਣ, ਅਤੇ ਉਸਨੂੰ ਬੇਅਰਥ ਦਾ ਅਵਤਾਰ ਬਣਾ ਦੇਣ, ਅਤੇ ਨਾਲ ਨਾਲ ਆਪਣੇ ਦੁਆਰਾ ਭਾਰਤੀਆਂ ਦੇ ਸੋਸ਼ਣ ਅਤੇ ਦਮਨ ਚੱਕਰ ਨੂੰ ਹੋਰ ਵੀ ਵਧਾਈ ਜਾਣ।

ਆਪਣੀ ਬਹੁਤ ਹੀ ਵਧੀਆ ਰਚਨਾ, *ਸਟੇਟ ਅਤੇ ਇਨਕਲਾਬ*, ਵਿਚ ਲੈਨਿਨ ਕਹਿੰਦਾ ਹੈ ਇਸ ਦਸ਼ਾ ਬਾਰੇ ਜਿਸ ਰਾਹੀਂ ਦਮਨਕਾਰੀ ਸ਼੍ਰੇਣੀਆਂ ਨੇ ਉਹਨਾਂ ਇਨਕਲਾਬੀਆਂ ਨੂੰ ਦੇਵਤੇ ਬਣਾ ਦਿੱਤਾ ਜਿਹਨਾਂ ਉੱਪਰ ਉਹਨਾਂ ਦੇ ਜੀਵਨ ਵਿਚ ਉਹ ਔਤਿਆਚਾਰ ਢਾਹੁੰਦੇ ਰਹੇ ਸਨ, ਇਕੋ ਇਕ ਮੰਤਵ ਲਈ ਕਿ ਉਹਨਾਂ ਦੀਆਂ ਸਿਖਿਆਵਾਂ ਨੂੰ ਤੋੜ-ਮਰੋੜ ਕੇ, ਕਮਜ਼ੋਰ ਕਰਕੇ। ਲੋਕਾਂ ਨੂੰ ਧੋਖਾ ਦਿੱਤਾ ਜਾ ਸਕੇ। ਲੈਨਿਨ ਨੇ ਕਿਹਾ ਸੀ, "ਮਾਰਕਸ ਦੀਆਂ ਸਿਖਿਆਵਾਂ ਨਾਲ ਹੁਣ ਕੀ ਹੋ ਰਿਹਾ ਹੈ" ਜੋ ਇਤਿਹਾਸ ਵਿਚ ਇਨਕਿਲਾਬੀਆਂ ਦੀਆਂ ਸਿਖਿਆਵਾਂ ਨਾਲ ਅਤੇ ਦਮਨ ਹੋ ਰਹੀਆਂ ਸ਼੍ਰੇਣੀਆਂ ਦੇ ਉਹਨਾਂ ਨੂੰ ਮੁਕਤ ਕਰਾਉਣ ਦੇ ਸੰਘਰਸ਼ ਵਿਚ ਜੁਟੇ ਹੋਏ ਲੀਡਰਾਂ ਨਾਲ ਹੁੰਦਾ ਆ ਰਿਹਾ ਹੈ। ਮਹਾਨ ਇਨਕਲਾਬੀਆਂ ਦੇ ਜੀਵਨ ਕਾਲ ਵਿਚ ਦਮਨਕਾਰੀ ਸ਼੍ਰੇਣੀ ਉਹਨਾਂ ਨੂੰ ਲਗਾਤਾਰ ਸਤਾਉਂਦੀ ਰਹੀ, ਉਹਨਾਂ ਦੀਆਂ ਸਿਖਿਆਵਾਂ ਨੂੰ ਘ੍ਰਿਣਾ ਅਤੇ ਬਦਦਿਮਾਗੀ ਨਾਲ ਗਰਦਾਨਦੀ ਰਹੀ, ਹੱਦ ਦਰਜੇ ਦਾ ਉਹਨਾਂ ਬਾਰੇ ਝੂਠ ਬੋਲਦੀ ਰਹੀ, ਅਤੇ ਬੁਰੀ ਭਾਵਨਾਂ ਦੀਆਂ ਮੁਹਿੰਮਾਂ ਚਲਾਉਂਦੀ ਰਹੀ। ਉਹਨਾਂ ਦੀ ਮੌਤ ਦੇ ਮਗਰੋਂ ਉਹਨਾਂ ਨੂੰ ਕੋਈ ਨੁਕਸਾਨ ਨਾ ਦੇ ਸਕਣ ਵਾਲੇ ਦੇਵਤੇ ਬਣਾ ਦਿੰਦੀ ਰਹੀ, ਸੰਤ ਬਣਾ ਦਿੰਦੀ ਰਹੀ ਅਤੇ ਉਹਨਾਂ ਦੇ ਨਾਮ ਦੇ ਦੁਆਲੇ ਚਾਨਣ-ਚੱਕਰ ਬਣਾਉਂਦੀ ਰਹੀ ਸੋਸ਼ਿਤ ਹੋ ਰਹੇ ਲੋਕਾਂ ਨੂੰ ਸੰਤੁਸ਼ਟ ਕਰਨ ਵਾਸਤੇ ਅਤੇ ਉਹਨਾਂ ਨੂੰ ਧੋਖਾ ਦੇਣ ਵਾਸਤੇ, ਅਤੇ ਨਾਲ ਹੀ ਇਨਕਲਾਬੀ ਸਿਖਿਆ ਦੇ ਸਾਰ ਨੂੰ ਬਲਹੀਣ ਬਣਾਉਂਦੀ ਰਹੀ। ਉਹ ਅੱਗੇ ਧੱਕ ਕੇ ਲਿਆਕੇ ਉਸਦਾ ਚਰਚਾ ਕਰਦੇ ਹਨ ਜੋ ਬੁਰਜੂਆ ਦੁਆਰਾ ਪ੍ਰਵਾਨ ਕਰਨ ਯੋਗ ਹੈ। ਸਾਰੇ ਹੀ ਸਮਾਜਕ ਕੱਟੜਤਾ ਭਰੇ ਲੋਕ ਹੁਣ "ਮਾਰਕਸਿਸਟ"

ਬਣ ਗਏ ਹਨ (ਹੱਸੋ ਨਾ) ਅਤੇ ਹੋਰ ਜਲਦੀ ਜਲਦੀ, ਜਰਮਨ ਬੁਰਜੁਆ ਵਿਦਵਾਨ, ਜਿਹੜੇ ਕੱਲ ਮਾਰਕਸਿਜ਼ਮ ਨੂੰ ਤਬਾਹ ਕਰਨ ਵਾਲੇ ਕਹਾਉਂਦੇ ਸਨ, ਹੁਣ **ਕੌਮੀ ਜਰਮਨ ਮਾਰਕਸ** ਦੀ ਗੱਲ ਕਰ ਰਹੇ ਹਨ, ਜਿਹਨਾਂ ਨੇ, ਉਹ ਕਹਿੰਦੇ ਹਨ, ਕਿਰਤੀਆਂ ਦੀਆਂ ਯੂਨੀਅਨਾਂ ਨੂੰ ਪੜ੍ਹਾਇਆ ਜਿਹੜੀਆਂ ਹੁਣ ਐਨੇ ਸ਼ਾਨਦਾਰ ਢੰਗ ਨਾਲ ਜੇਥੇਬੰਦ ਹੋ ਗਈਆਂ ਹਨ ਇਕ ਲੁੱਟ-ਮਾਰ ਦੀ ਜੰਗ ਛੇੜਨ ਲਈ!"[224]

ਭਗਤ ਸਿੰਘ ਦੀਆਂ ਸਿਖਿਆਵਾਂ ਅਤੇ ਕਾਰਨਾਮਿਆਂ ਨਾਲ ਵੀ ਭਾਰਤੀ ਸ਼ਾਸਕ ਸ਼੍ਰੇਣੀਆਂ ਵੱਲੋਂ ਕੁਝ ਐਸਾ ਹੀ ਕੀਤਾ ਜਾ ਰਿਹਾ ਹੈ, ਜਿਹੜੀਆਂ ਉਸਦੇ ਜੀਵਨ ਕਾਲ ਵਿਚ ਉਸਨੂੰ ਭੰਡਦੀਆਂ ਰਹੀਆਂ, ਉਸਦੀਆਂ ਸਿਖਿਆਵਾਂ ਅਤੇ ਕੰਮਾਂ ਨੂੰ ਬੜੀ ਘ੍ਰਿਣਾ ਨਾਲ ਤਕਦੀਆਂ ਸਨ ਅਤੇ ਉਸਦੇ ਖ਼ਿਲਾਫ਼ ਝੂਠ ਦੀ ਮੁਹਿੰਮ ਚਲਾਉਂਦੀਆਂ ਸਨ, ਜਿਹੜੀਆਂ ਇਸ ਹਦ ਤਕ ਚਲੀਆਂ ਗਈਆਂ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਬ੍ਰਿਟਿਸ਼ ਸਾਮਰਾਜ ਦੁਆਰਾ ਅਦਾਲਤੀ ਕਤਲ ਵਿਚ ਸਰਕਾਰ ਨਾਲ ਰਲ ਗਈਆਂ। ਇਹੀ ਘ੍ਰਿਣਿਤ ਸ਼੍ਰੇਣੀਆਂ ਹੁਣ ਇਕ ਦੂਸਰੇ ਦੇ ਪੈਰ ਮਿੱਧ ਰਹੀਆਂ ਹਨ ਭਗਤ ਸਿੰਘ ਨੂੰ ਅਪਨਾਉਣ ਦੀ ਦੌੜ ਵਿਚ, ਤਾਂ ਜੋ ਉਸਨੂੰ ਇਕ ਨੁਕਸਾਨ ਰਹਿਤ ਦੇਵਤਾ ਬਣਾ ਦੇਣ, ਉਸਦੇ ਨਾਮ ਦੁਆਲੇ ਇਕ ਚਾਨਣ-ਚੱਕਰ ਬਣਾ ਦੇਣ ਅਤੇ ਭਾਰਤੀ ਲੋਕਾਂ ਨੂੰ ਪਤਿਆ ਲੈਣ ਅਤੇ ਉਹਨਾਂ ਨੂੰ ਧੋਖਾ ਦੇ ਸਕਣ, ਅਤੇ ਨਾਲ ਹੀ ਉਸਦੀਆਂ ਸਿਖਿਆਵਾਂ ਵਿਚੋਂ ਇਨਕਲਾਬੀ ਤੱਤ ਕੱਢ ਦੇਣ ਵਿਚ ਲੱਗੀਆਂ ਹਨ, ਉਸਦੇ ਸਮਾਜ ਵਿਰੋਧੀ ਸ਼ਸਤਰ ਨੂੰ ਖੁੰਡਾ ਕਰ ਰਹੀਆਂ ਹਨ ਅਤੇ ਉਸਦੇ ਪ੍ਰੋਲੇਤਾਰੀ ਅੰਤਰ-ਰਾਸ਼ਟਰੀ ਪ੍ਰਸੰਗ ਅਤੇ ਵਿਚਾਰਧਾਰਾ ਨੂੰ ਕਮਜ਼ੋਰ ਕਰ ਰਹੀਆਂ ਹਨ, ਖ਼ਰਾਬ ਕਰ ਰਹੀਆਂ ਹਨ। ਭਗਤ ਸਿੰਘ ਦੇ ਨਾਮ ਅਤੇ ਵਿਚਾਰਾਂ ਨੂੰ ਇਸ ਪ੍ਰਕਾਰ ਦੂਸ਼ਿਤ ਕਰਕੇ ਭਾਰਤੀ ਸ਼ਾਸਕ ਸ਼੍ਰੇਣੀਆਂ ਨੂੰ, ਸਭ ਕੁਝ ਭੁਲ ਗਿਆ ਹੈ, ਭਗਤ ਸਿੰਘ ਇਕ ਪਾਸੇ ਕਰ ਦਿੱਤਾ ਗਿਆ ਹੈ ਜਿਹੜਾ ਮਾਰਕਸੀ ਹੈ, ਪਦਾਰਥਵਾਦੀ, ਪ੍ਰੋਲੇਤਾਰੀ ਅੰਤਰ-ਰਾਸ਼ਟਰਵਾਦੀ, ਹਰ ਪ੍ਰਕਾਰ ਦੇ ਸੋਸ਼ਣ ਦਾ, ਅੰਧ ਵਿਸ਼ਵਾਸ ਦਾ ਧਾਰਮਿਕ ਮੂਲਵਾਦ ਦਾ ਅਤੇ ਜਾਤੀ ਭੇਦ, ਆਦਿ ਨਾਲ ਕਿਸੇ ਵੀ ਪ੍ਰਕਾਰ ਦਾ ਸਮਝੌਤਾ ਨਾ ਕਰਨ ਵਾਲਾ ਦ੍ਰਿੜ੍ਹ ਦੁਸ਼ਮਣ ਹੈ। ਜੋ ਉਹਨਾਂ ਨੂੰ, ਉਹਨਾਂ ਦੇ ਸ਼੍ਰੇਣੀ ਹਿਤਾਂ ਨੂੰ ਰਾਸ ਆਉਂਦਾ ਹੈ ਉਸਨੂੰ ਉਹ ਅਗੇ ਵੱਲ ਧਕ ਦਿੰਦੇ ਹਨ, ਅਤੇ ਇੱਥੇ ਤਕ ਚਲੇ ਜਾਂਦੇ ਹਨ ਕਿ ਬਹੁਤ ਵੱਡੇ ਇਸ਼ਤਿਹਾਰ ਬਣਾ ਲੈਂਦੇ ਹਨ ਅਤੇ ਸਾਰੇ ਦੇਸ ਵਿਚ ਵੱਡੀਆਂ-ਵੱਡੀਆਂ ਥਾਵਾਂ 'ਤੇ ਲਾ ਦਿੰਦੇ ਹਨ ਜਿਹਨਾਂ ਵਿਚ ਗਾਂਧੀ ਅਤੇ ਭਗਤ ਸਿੰਘ ਦੀ ਤਸਵੀਰ ਨਾਲ ਨਾਲ ਹੁੰਦੀ ਹੈ ਨਾਲ ਹੀ ਗਾਂਧੀ ਦਾ ਕੋਈ ਹਵਾਲਾ ਦੇ ਦਿੰਦੇ ਹਨ ਜਿਸ ਵਿਚ ਸੰਘਰਸ਼ ਵਿਚ ਅਹਿੰਸਾ ਦੀ ਅਹਿਮੀਅਤ 'ਤੇ ਜੋਰ ਪਾਉਂਦੇ ਹਨ ਅਤੇ ਭਗਤ ਸਿੰਘ ਦੇ ਹਵਾਲੇ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਨ, ਪ੍ਰਸੰਗਕਤਾ ਤੋਂ ਬਿਲਕੁਲ ਦੂਰ, ਜਿਸ ਨਾਲ ਭਗਤ ਸਿੰਘ ਨੂੰ ਐਸਾ ਬਣਾ ਦਿੰਦੇ ਹਨ ਜਿਵੇਂ ਉਹ ਗਾਂਧੀ ਦਾ ਸ਼ਰਧਾਲੂ ਹੋਵੇ, ਉਸਦੀ ਅਹਿੰਸਾ ਦਾ ਉਪਾਸ਼ਕ। ਇਸ ਭਰਿਸ਼ਟਤਾ ਤੋਂ ਪਰ੍ਹੇ ਕੀ ਹੋ ਸਕਦਾ ਹੈ?

## ਹਿੰਸਾ ਦੀ ਇਨਕਲਾਬੀ ਭੂਮਿਕਾ

ਜਦ ਕਿ ਭਗਤ ਸਿੰਘ ਕੋਈ ਬੰਦੂਕਧਾਰੀ ਅਤੇ ਹਰ ਵੇਲੇ ਬੰਦੂਕ ਨੂੰ ਖਿਲਾਉਣਾ ਸਮਝ ਗੋਲੀਆਂ ਨਹੀਂ ਚਲਾਉਂਦਾ ਸੀ, ਕਿਉਂਕਿ ਉਹਨੇ ਆਪ ਹੀ ਕਈ ਵਾਰੀ ਸਪੱਸ਼ਟ ਕੀਤਾ ਸੀ, ਪਰ ਨਾਲ ਹੀ ਉਹ ਗਾਂਧੀ ਦੇ ਭਰਮ-ਜਾਲ, ਪ੍ਰਤਿਕ੍ਰਮਵਾਦੀ ਅਤੇ ਇਕ-ਪਾਸੜ ਅਹਿੰਸਾ ਪ੍ਰਤੀ

ਜ਼ਿਦ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਸੀ ਉਸਨੇ ਲਿਖਿਆ, "ਤਾਕਤ ਜਦ ਹਮਲਾਵਰੀ ਢੰਗ ਨਾਲ ਵਰਤੀ ਜਾਏ", "ਹਿੰਸਾ ਹੁੰਦੀ ਹੈ ਅਤੇ ਇਸ ਲਈ ਨੈਤਿਕ ਤੌਰ 'ਤੇ ਜਾਇਜ਼ ਨਹੀਂ ਹੁੰਦੀ। ਪਰ ਜੇ ਇਹ ਨੇਕ ਕੰਮ ਲਈ ਵਰਤੀ ਜਾਏ, ਇਹ ਨੈਤਿਕ ਤੌਰ 'ਤੇ ਸਹੀ ਹੁੰਦੀ ਹੈ। ਤਾਕਤ ਨੂੰ ਪੂਰੀ ਤਰ੍ਹਾਂ ਹਰ ਕੀਮਤ ਤੇ ਖ਼ਤਮ ਕਰ ਦੇਣਾ ਸ਼ੇਖ਼ ਚਿਲੀ ਵਰਗਾ ਕਾਲਪਨਿਕ ਸੁਪਨਾ ਹੈ ਅਤੇ ਨਵੀਂ ਲਹਿਰ ਜਿਹੜੀ ਦੇਸ ਵਿਚ ਉੱਠੀ ਹੈ ਅਤੇ ਜਿਸਦੀ ਅਸੀਂ ਵਾਰਨਿੰਗ ਦਿੱਤੀ ਹੈ, ਉਹਨਾਂ ਆਦਰਸ਼ਾਂ ਤੋਂ ਪ੍ਰੇਰਿਤ ਹੈ ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਅਤੇ ਸ਼ਿਵਾਜੀ, ਕਮਾਲ ਪਾਸ਼ਾ, ਵਾਸ਼ਿੰਗਟਨ ਅਤੇ ਗੈਰੀਬਾਲ੍ਡੀ, ਲਫ਼ੈਤੇ ਅਤੇ ਲੈਨਿਨ ਨੇ ਪ੍ਰੇਰਿਆ ਸੀ।"[225]

ਭਗਤ ਸਿੰਘ ਅਤੇ ਉਸਦੇ ਸਾਥੀ ਚੰਗੀ ਤਰ੍ਹਾਂ ਸਮਝਦੇ ਸਨ ਕਿ ਹਿੰਸਾ ਨੇ ਇਨਸਾਨੀਅਤ ਦੇ ਆਜ਼ਾਦੀ ਦੇ ਸੰਘਰਸ਼ ਵਿਚ ਸੋਸ਼ਣ ਦੇ ਸ਼ਿਕੰਜੇ ਅਤੇ ਦਮਨ ਚੱਕਰ ਵਿਚੋਂ ਨਿਕਲਣ ਲਈ ਕਿਸ ਪ੍ਰਕਾਰ ਦੀ ਇਨਕਲਾਬੀ ਭੂਮਿਕਾ ਨਿਭਾਈ ਹੈ। ਇਸ ਲਈ ਉਹਨਾਂ ਨੇ ਜਾਣ ਬੁੱਝ ਕੇ, ਬੜੇ ਜੋਸ਼ ਨਾਲ, ਇਸ ਹਥਿਆਰ ਨੂੰ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਸੰਘਰਸ਼ ਵਿਚ ਸਹੀ ਤੌਰ 'ਤੇ ਵਰਤਿਆ, ਇਸਦੇ ਇਸਤੇਮਾਲ ਨੂੰ ਰੂਹਾਨੀ ਉੱਚਤਾ ਸਮਝਿਆ। ਦੂਸਰੇ ਪਾਸੇ ਗਾਂਧੀ ਵਾਸਤੇ, ਤਾਕਤ ਬਿਲਕੁਲ ਬਦੀ ਸੀ।

ਏਂਗਲਜ਼, ਆਪਣੇ ਦੂਹਰਿੰਗ ਨਾਲ ਵਿਵਾਦ ਵਿਚ, ਦੂਹਰਿੰਗ ਦਾ ਮਜ਼ਾਕ ਕਰਦਾ ਸੀ ਉਸਦੇ ਤਾਕਤ ਦੀ ਵਰਤੋਂ ਬਾਰੇ ਘਮੰਡੀ ਵਤੀਰੇ ਕਾਰਣ, ਇਹਨਾਂ ਤਿੱਖੇ ਸ਼ਬਦਾਂ ਵਿਚ – "ਹੇਰ ਦੂਹਰਿੰਗ ਲਈ ਤਾਕਤ ਘੋਰ ਬਦੀ ਹੈ. . . .ਪਰ ਉਹ ਤਾਕਤ ਇਤਿਹਾਸ ਵਿਚ ਹੋਰ ਭੂਮਿਕਾ ਅਦਾ ਕਰਦੀ ਹੈ, ਇਨਕਲਾਬੀ ਭੂਮਿਕਾ, ਜਿਹੜੀ ਮਾਰਕਸ ਦੇ ਸ਼ਬਦਾਂ ਵਿਚ, ਹਰ ਪੁਰਾਣੇ ਸਮਾਜ ਦੀ ਦਾਈ ਹੁੰਦੀ ਹੈ ਜਿਸ ਨੇ ਨਵਾਂ ਗਰਭ ਧਾਰਨ ਕੀਤਾ ਹੋਇਆ ਹੋਵੇ, ਅਤੇ ਇਹ ਐਸਾ ਸੰਦ ਹੈ ਜਿਸ ਦੀ ਸਹਾਇਤਾ ਨਾਲ ਸਮਾਜਕ ਲਹਿਰ ਆਪਣਾ ਰਾਹ ਬਣਾਉਂਦੀ ਅੱਗੇ ਵਧਦੀ ਹੈ ਅਤੇ ਮਰੀਆਂ ਹੋਈਆਂ, ਪਿੰਜਰ ਬਣੀਆਂ ਸਿਆਸੀ ਰੂਪ-ਰੇਖਾਵਾਂ ਨੂੰ ਟਹਿਸ ਮਹਿਸ ਕਰ ਦਿੰਦੀ ਹੈ। ਇਸ ਬਾਰੇ ਹੇਰ ਦੂਹਰਿੰਗ ਕੋਲ ਕੋਈ ਸ਼ਬਦ ਨਹੀਂ ਹੈ। ਕੇਵਲ ਹਉਕਿਆਂ ਅਤੇ ਪੀੜਾਂ ਨਾਲ ਹੀ ਉਹ ਇਸਦੀ ਸੰਭਾਵਨਾ ਮੰਨਦਾ ਹੈ ਕਿ ਸ਼ਾਇਦ ਤਾਕਤ ਦੀ ਵਰਤੋਂ ਜ਼ਰੂਰੀ ਹੋਵੇ ਸੋਸ਼ਣਕਾਰੀ ਆਰਥਿਕ ਪ੍ਰਬੰਧ ਨੂੰ ਚੁੱਕ ਕੇ ਪਰ੍ਹੇ ਸੁੱਟਣ ਲਈ – ਮੰਦੇ ਭਾਗਾਂ ਨੂੰ ਕਿਉਂਕਿ ਤਾਕਤ ਦੀ ਹਰ ਵਰਤੋਂ, ਇਸਦੇ ਵਰਤਣ ਵਾਲੇ ਨੂੰ ਚਰਿੱਤ੍ਰ ਭਰਿਸ਼ਟ ਕਰਦੀ ਹੈ। ਇਹ ਵਿਚਾਰ ਉਸਨੇ ਬਣਾਈ ਰਖਿਆ, ਇਸਦੇ ਬਾਵਜੂਦ ਵੀ ਕਿ ਹਿੰਸਾ ਨੇ ਬਹੁਤ ਹੀ ਵੱਧ ਗਤੀ ਦਿੱਤੀ ਹੈ, ਨੈਤਿਕ ਅਤੇ ਰੂਹਾਨੀ ਤੌਰ 'ਤੇ ਹਰ ਜੇਤੂ ਇਨਕਲਾਬ ਨੂੰ! ਅਤੇ ਜਰਮਨੀ ਵਿਚ, ਜਿੱਥੇ ਇਕ ਹਿੰਸਕ ਲੜਾਈ . . . .ਦਾ ਇਹ ਲਾਭ ਹੋਵੇਗਾ ਕਿ ਇਹ ਐਸੀ ਕੱਟੜਤਾ ਦੂਰ ਕਰੇਗੀ ਜਿਹੜੀ ਕੌਮੀ ਚੇਤਨਾ ਵਿਚ ਤੀਹ ਸਾਲਾ ਜੰਗ ਵਿਚ ਹੋਈ ਬੇਇਜ਼ਤੀ ਦੇ ਕਾਰਣ ਸਮਾਈ ਹੋਈ ਹੈ। ਅਤੇ ਇਸ ਪਾਦਰੀ ਦਾ ਸੋਚਣ ਢੰਗ – ਬੇਜਾਨ, ਨੀਰਸ ਅਤੇ ਨਪੁੰਸਕ – ਇਹ ਹੱਕ ਜਮਾਉਂਦਾ ਹੈ ਕਿ ਉਹ ਇਕ ਇਤਿਹਾਸ ਦੀ ਸਭ ਤੋਂ ਵੱਡੀ ਇਨਕਲਾਬੀ ਪਾਰਟੀ ਉੱਪਰ ਆਪਣੀ ਰਾਏ ਠੋਸ ਸਕੇ।"[226]

ਗਾਂਧੀ ਤਾਂ ਹਿੰਸਾ ਦੀ ਇਨਕਲਾਬੀ ਭੂਮਿਕਾ ਬਾਰੇ ਜਾਣਨਾ ਵੀ ਨਹੀਂ ਚਾਹੁੰਦਾ ਸੀ, ਕਿਉਂਕਿ ਉਹ ਸਮਾਜ ਦੀ ਇਨਕਲਾਬੀ ਤਬਦੀਲੀ ਦੇ ਕੰਮ ਵਿਚ ਲੱਗਾ ਹੀ ਨਹੀਂ ਹੋਇਆ ਸੀ। ਉਹ ਤਾਂ ਇਸ ਸੰਭਾਵਨਾ ਨੂੰ ਵੀ ਨਹੀਂ ਮੰਨਦਾ ਸੀ, ਸੰਕੋਚਵੇਂ ਢੰਗ ਨਾਲ ਵੀ, ਕਿ ਸ਼ੋਸ਼ਣਹਾਰੀ ਪ੍ਰਬੰਧ ਨੂੰ ਪਰ੍ਹੇ ਵਗ੍ਹਾ ਸੁੱਟਣ ਲਈ ਹਿੰਸਾ ਦੀ ਸ਼ਾਇਦ ਲੋੜ ਪੈ ਸਕਦੀ ਹੈ ਕਿਉਂਕਿ ਉਹ ਇਸ

ਪ੍ਰਕਾਰ ਦੇ 'ਪਰ੍ਹੇ ਸੁੱਟਣ' ਦੇ ਪੱਖ ਵਿਚ ਹੀ ਨਹੀਂ ਸੀ। ਉਸਦੇ ਅਨੁਸਾਰ ਹਰ ਪ੍ਰਕਾਰ ਦੀ ਹਿੰਸਾ, ਹਿੰਸਾ ਵਰਤਣ ਵਾਲੇ ਬੰਦੇ ਨੂੰ ਭਰਿਸ਼ਟ ਕਰਦੀ ਹੈ। ਅਤੇ ਭਾਰਤ ਵਿਚ, ਜਿੱਥੇ ਇਕ ਹਿੰਸਕ ਸੰਘਰਸ਼ ਦਾ ਇਹ ਲਾਭ ਹੋਣਾ ਸੀ ਕਿ ਇਸ ਨਾਲ, ਗਾਂਧੀ ਦੇ ਆਪਣੇ ਸ਼ਬਦਾਂ ਵਿਚ ਹੀ, ਕਮਜ਼ੋਰੀ ਜਿਹੜੀ ਡਰਪੋਕ ਬਣਾ ਰਹੀ ਸੀ, ਕੌਮੀ ਚੇਤਨਾ ਵਿਚ ਸਮਾਈ ਪਈ ਸੀ ਵਿਦੇਸ਼ੀ ਦਮਨ ਦੇ ਕਾਰਣ ਅਤੇ ਔਤਿਆਚਾਰੀ ਵਤੀਰੇ ਦੇ ਕਾਰਣ ਦਾ ਸਫ਼ਾਇਆ ਕੀਤਾ ਜਾ ਸਕਦਾ ਸੀ।

ਆਪਣੇ ਵੱਲੋਂ, ਭਗਤ ਸਿੰਘ ਅਤੇ ਉਸਦੇ ਸਾਥੀ ਐਸੇ ਹਾਲਾਤ ਨੂੰ ਲੰਮੇ ਪਿਆਂ (ਭਾਵ ਬਿਨਾ ਕੁਝ ਕੀਤੇ) ਨਹੀਂ ਦੇਖਣਾ ਚਾਹੁੰਦੇ ਸਨ। ਉਹ ਤਾਂ ਹੀਣਤਾ ਅਤੇ ਗ਼ੁਲਾਮੀ ਦੀ ਭਾਵਨਾ, ਜਿਹੜੀ ਕੌਮੀ ਚੇਤਨਾ ਵਿਚ ਸਮਾਈ ਹੋਈ ਸੀ, ਦਾ ਸਫ਼ਾਇਆ ਕਰਨਾ ਚਾਹੁੰਦੇ ਸਨ। ਜਦ ਗਾਂਧੀ ਨੇ ਆਪਣੇ ਲੇਖ "ਬੰਬ ਦੀ ਫ਼ਿਲਾਸਫ਼ੀ", ਵਿਚ ਐਚ ਐਸ ਆਰ ਏ 'ਤੇ ਹਮਲਾ ਕੀਤਾ ਸੀ ਇਹ ਕਹਿ ਕੇ ਕਿ ਇਹ ਦਹਿਸ਼ਤਗਰਦ ਜਥੇਬੰਦੀ ਹੈ, ਤਾਂ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਜਵਾਬੀ ਹਮਲਾ ਕੀਤਾ ਸੀ ਇਕ ਲੇਖ ਵਿਚ ਜਿਸ ਵਿਚ ਉਹਨਾਂ ਨੇ ਕਿਹਾ ਸੀ ਕਿ 'ਦਹਿਸ਼ਤਗਰਦੀ (ਇਥੇ ਇਸਦਾ ਭਾਵ ਹੈ ਕਿ ਸੰਘਰਸ਼ ਵਿਚ ਹਿੰਸਕ ਢੰਗ ਵਰਤਣੇ) ਉਸ ਸੋਚ ਵਿਚੋਂ ਉਪਜਿਆ ਹੈ ਜਦ ਨੌਜਵਾਨਾਂ ਨੇ ਕੌਮੀ ਗ਼ੁਲਾਮੀ ਦੀ ਲਾਹਨਤ ਮਹਿਸੂਸ ਕੀਤੀ ਅਤੇ "ਵਧ ਰਹੀ, ਬੜੀ ਸ਼ਿੱਦਤ ਨਾਲ, ਨਾ ਬੁਝਾਈ ਜਾਣ ਵਾਲੀ ਆਜ਼ਾਦੀ ਦੀ ਪਿਆਸ" ਨੂੰ ਮਹਿਸੂਸ ਕੀਤਾ, ਕਿ ਦਹਿਸ਼ਤਗਰਦੀ ਇਕ ਪੜਾਅ ਹੈ, ਬਹੁਤ ਜ਼ਰੂਰੀ, ਜੋ ਇਨਕਲਾਬ ਦੇ ਸਫ਼ਰ ਵਿਚ ਪਾਰ ਕਰਨਾ ਪੈਂਦਾ ਹੈ। ਦਹਿਸ਼ਤਗਰਦੀ ਪੂਰਨ ਇਨਕਲਾਬ ਨਹੀਂ ਅਤੇ ਇਨਕਲਾਬ ਦਹਿਸ਼ਤ ਬਿਨਾ ਪੂਰਾ ਨਹੀਂ ਹੁੰਦਾ, ਕਿ ਦਹਿਸ਼ਤ ਦਮਨਕਾਰੀਆਂ ਦੇ ਮਨ ਵਿਚ ਡਰ ਪੈਦਾ ਕਰਦੀ ਹੈ ਅਤੇ ਦੱਬੇ ਕੁਚਲੇ ਲੋਕਾਂ ਵਿਚ ਉਮੀਦ ਜਗਾਉਂਦੀ ਹੈ, ਥਿੜਕੇ ਹੋਏ ਲੋਕਾਂ ਵਿਚ ਹਿੰਮਤ ਅਤੇ ਸਵੈਭਰੋਸਾ ਪੈਦਾ ਕਰਦੀ ਹੈ ਅਤੇ ਸ਼ਾਸਕ ਵਰਗ ਦੀ ਉੱਚਤਾ ਦੀ ਭਾਵਨਾ ਦੇ ਜਾਦੂ ਨੂੰ ਦੂਰ ਕਰਦੀ ਹੈ। ਇਹ ਗ਼ੁਲਾਮ ਕੌਮ ਦਾ ਦੁਨੀਆਂ ਦੀ ਨਜ਼ਰਾਂ ਵਿਚ ਦਰਜਾ ਉੱਚਾ ਕਰਦੀ ਹੈ ਜਦ ਇਹ ਕੌਮ ਦੀ ਆਜ਼ਾਦੀ ਦੀ ਭੁੱਖ ਦਾ ਬਹੁਤ ਹੀ ਭਰੋਸੇ ਯੋਗ ਸਬੂਤ ਪੇਸ਼ ਕਰਦੀ ਹੈ।[227]

ਉਹ ਲੇਖ ਅੱਗੇ ਜਾ ਕੇ ਕਹਿੰਦਾ ਹੈ ਕਿ ਕਾਂਗਰਸ ਨੇ, ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਜੰਗ ਦਾ ਐਲਾਨ ਕਰਨ ਦੀ ਥਾਂ, ਇਨਕਲਾਬੀਆਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਹੈ। ਭਾਰਤ ਦੀ ਜਨਤਾ ਪੂਰੀ ਤਰ੍ਹਾਂ ਇਨਕਲਾਬੀਆਂ ਵੱਲ ਹੈ ਅਤੇ ਗਾਂਧੀ ਦਾ ਉਲਟਾ ਦਾਅਵਾ ਖੋਖਲਾ ਹੈ ਅਤੇ ਲਾਰਡ ਇਰਵਨ ਅਤੇ ਉਸ ਵਰਗੇ ਹੋਰ ਦਮਨਕਾਰੀ ਕੇਵਲ ਆਜ਼ਾਦੀ ਦੇ ਦੁਸ਼ਮਣਾਂ ਨੂੰ ਹੀ ਮਿੱਤਰ ਲੱਗਦੇ ਹੋਣਗੇ ਅਤੇ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੇ ਲੋਕਾਂ ਦੀ ਸੋਚ ਵਿਚ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ।'

ਇਹ ਠੀਕ ਢੰਗ ਨਾਲ ਦਲੀਲ ਦਿੰਦਾ ਹੈ ਕਿ ਜਦ ਇਨਕਲਾਬੀਆਂ ਦੀਆਂ ਕੋਸ਼ਿਸ਼ਾਂ ਦੇਸ ਨੂੰ ਆਜ਼ਾਦੀ ਦੀ ਪ੍ਰਾਪਤੀ ਦੀ ਰਾਹ ਉੱਪਰ ਬਹੁਤ ਅੱਗੇ ਲੈ ਗਈਆਂ, ਐਸੇ ਜੋ ਇਸ ਨਾਲ ਸਹਿਮਤ ਨਹੀਂ ਉਹ ਵੀ ਮੰਨਦੇ ਹਨ, ਅਹਿੰਸਾ ਦਾ ਪਾਗਲਪਨ ਅਤੇ ਗਾਂਧੀ ਦੀ ਸਮਝੌਤਾਵਾਦੀ ਮਾਨਸਿਕਤਾ ਨੇ ਤਾਂ ਕੇਵਲ ਇਹਨਾਂ ਯਤਨਾਂ ਨੂੰ, ਜਿਹਨਾਂ ਦੁਆਰਾ ਲੋਕਾਂ ਨੂੰ ਇਕੱਠੇ ਕਰਕੇ ਜਨ ਅੰਦੋਲਨ ਲਈ ਤਿਆਰ ਕੀਤਾ ਸੀ, ਨਿਸਫ਼ਲ ਕਰਨ ਦੀ ਹੀ ਕੋਸ਼ਿਸ਼ ਕੀਤੀ ਹੈ, ਜਿਸਦਾ ਸਿੱਟਾ ਨਿਕਲਿਆ ਹੈ ਅਸਫ਼ਲਤਾ। ਅੱਗੇ ਜਾ ਕੇ ਲੇਖ ਕਹਿੰਦਾ ਹੈ, "ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦੇਸ ਉਸਨੂੰ ਹੋਰ ਤਜਰਬੇ ਕਰਨ ਦਾ ਮੌਕਾ ਦੇਣ ਤੋਂ ਇਨਕਾਰ ਕਰਦਾ ਹੈ।"

ਅੰਤ ਵਿਚ ਲੇਖ ਕਹਿੰਦਾ ਹੈ ਇਸ ਗੂੰਜਦੀ ਸੁਰ ਵਿਚ "ਕੋਈ ਐਸਾ ਜੁਰਮ ਨਹੀਂ ਜੋ ਬ੍ਰਿਟਿਸ਼ ਸਰਕਾਰ ਨੇ ਨਹੀਂ ਕੀਤਾ ਹੈ। ਜਾਣ ਬੁੱਝ ਕੇ ਕੀਤੇ ਅਤਿਆਚਾਰੀ ਰਾਜ ਨੇ ਸਾਨੂੰ ਕੰਗਾਲ ਬਣਾ ਦਿੱਤਾ ਹੈ, ਸਾਡਾ ਖ਼ੂਨ ਚੂਸ ਕੇ ਸਾਨੂੰ ਬੱਗੇ ਕਰ ਦਿੱਤਾ ਹੈ। ਇਕ ਕੌਮ ਦੇ ਨਾਤੇ ਅਸੀਂ ਬੇਇਜ਼ਤ ਅਤੇ ਕੁਚਲੇ ਹੋਏ ਪਏ ਹਾਂ। ਕੀ ਅਜੇ ਵੀ ਲੋਕ ਉਮੀਦ ਕਰਦੇ ਹਨ ਕਿ ਅਸੀਂ ਭੁਲ ਜਾਈਏ ਅਤੇ ਖਿਮਾ ਕਰ ਦਈਏ? ਅਸੀਂ ਆਪਣਾ ਬਦਲਾ ਲਵਾਂਗੇ – ਲੋਕਾਂ ਦੇ ਜ਼ੁਲਮ ਦੇ ਖਿਲਾਫ਼ ਹੱਕੀ ਬਦਲਾ। ਕਾਇਰ ਲੋਕ ਪਿੱਛੇ ਡਿੱਗ ਪੈਣ ਅਤੇ ਸਮਝੌਤੇ ਅਤੇ ਅਮਨ ਲਈ ਲਿਲਕੜੀਆਂ ਭਰਦੇ ਰਹਿਣ। ਅਸੀਂ ਕੋਈ ਰਹਿਮ ਲਈ ਬੇਨਤੀ ਨਹੀਂ ਕਰ ਰਹੇ। ਸਾਡੀ ਤਾਂ ਜੰਗ ਹੈ ਅੰਤ ਤਕ ਦੀ ਜਿੱਤ ਹੋਵੇ ਜਾਂ ਮੌਤ ਤਕ ਦੀ। 'ਇਨਕਲਾਬ ਜ਼ਿੰਦਾਬਾਦ।'"[228]

ਉਪਰੋਕਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਅਤੇ ਉਸਦੇ ਸਾਥੀ ਸਦਾ ਹੀ ਆਜ਼ਾਦੀ ਦੀ ਲੜਾਈ ਵਿਚ ਅਤੇ ਸਮਾਜਵਾਦ ਸਥਾਪਿਤ ਕਰਨ ਵਿਚ ਹਿੰਸਾ ਦੀ ਇਨਕਲਾਬੀ ਭੂਮਿਕਾ ਸਮਝਦੇ ਸਨ। ਆਪਣੇ ਅੰਤਿਮ ਦਿਨ ਤਕ, ਜਿਵੇਂ ਭਗਤ ਸਿੰਘ ਦੇ ਅੰਤਮ ਸਿਆਸੀ ਬਿਆਨ ਤੋਂ ਸਪਸ਼ਟ ਹੁੰਦਾ ਹੈ "ਜੋ ਨੌਜਵਾਨਾਂ ਨੂੰ ਸੰਬੋਧਤ ਹੈ, ਅਤੇ ਉਸਦੇ ਫਾਂਸੀ ਲੱਗਣ ਤੋਂ ਦੋ ਮਹੀਨੇ ਤੋਂ ਪਹਿਲਾਂ ਲਿਖਿਆ ਗਿਆ ਸੀ, ਕਿ ਉਹਨਾਂ ਨੇ ਕਦੇ ਵੀ ਆਪਣਾ ਪੈਂਤੜਾ ਨਹੀਂ ਬਦਲਿਆ। ਉਹ ਆਪਣੀ ਵਿਚਾਰਧਾਰਾ ਅਤੇ ਸਿਆਸੀ ਦ੍ਰਿਸ਼ਟੀ ਵਿਚ ਪੂਰਾ ਵਿਸ਼ਵਾਸ ਰੱਖਦੇ ਹੋਏ, ਅਤੇ ਆਪਣੇ ਸੰਘਰਸ਼ ਦੇ ਢੰਗ ਨੂੰ ਵੀ ਸਹੀ ਮੰਨਦੇ ਹੋਏ, ਕਾਨੂੰਨੀ ਅਤੇ ਗ਼ੈਰਕਾਨੂੰਨੀ ਪੱਖਾਂ ਨੂੰ ਜੋੜਦੇ ਹੋਏ, ਜਨ ਅੰਦੋਲਨ ਵਿਚ, ਲੋੜ ਪੈਣ ਤੇ, ਇਕਨਲਾਬੀ ਹਿੰਸਾ ਭਰਦੇ ਹੋਏ ਖ਼ੁਸ਼ੀ ਖ਼ੁਸ਼ੀ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਗਏ। ਭਾਰਤ ਦੇ ਸ਼ਾਸ਼ਕ ਵਰਗ ਦੇ ਇਹ ਯਤਨ, ਜਿਹੜੇ ਆਪਣੀ ਬੇਰਿਹਮ ਵਹਿਸ਼ੀਅਤ ਲਈ ਮਸ਼ਹੂਰ ਹਨ, ਭਾਰਤ ਦੀ ਕਿਸਾਨੀ ਅਤੇ ਕਿਰਤੀ ਸ਼੍ਰੇਣੀਆਂ ਦੇ ਨਿੱਕੇ ਜਿਹੇ ਸ਼ੁਰੂਆਤੀ ਸੰਘਰਸ਼ ਨੂੰ ਵੀ ਹੱਦ ਦਰਜੇ ਦੇ ਤਸ਼ੱਦਦ ਨਾਲ ਦਬਾਉਂਦੇ ਹਨ, ਤਾਂ ਅਹਿੰਸਾ ਦੇ ਪੁਜਾਰੀ ਅਤੇ ਪਾਲਣਹਾਰੇ ਬਣਨ ਦਾ ਬਹਾਨਾ, ਅਤੇ ਉਹਨਾਂ ਦੇ ਇਹ ਯਤਨ ਕਰਕੇ ਕਹਿਣਾ ਕਿ ਭਗਤ ਸਿੰਘ ਦੀਆਂ ਕੋਸ਼ਿਸ਼ਾਂ ਅਸਫ਼ਲ ਹੋ ਜਾਣਗੀਆਂ, ਕਿਉਂਕਿ ਭਗਤ ਸਿੰਘ ਦੀਆਂ ਸਿਖਿਆਵਾਂ, ਪ੍ਰੋਲੇਤਾਰੀ ਇਨਕਲਾਬੀ ਲਹਿਰ ਨੇ ਸਾਂਭ ਕੇ ਰੱਖੀਆ ਹਨ ਅਤੇ ਭਾਰਤੀ ਜਨਤਾ ਦੇ ਮਨ ਵਿਚ ਸਮਾਅ ਗਈਆਂ ਹਨ।

## ਖੱਬੇ ਪੱਖ ਵੱਲੋਂ ਉਲਟੀ ਮੋੜ ਤਰੋੜ

ਜੇ ਭਾਰਤੀ ਸ਼ਾਸਕ ਸ਼੍ਰੇਣੀਆਂ ਭਗਤ ਸਿੰਘ ਦੀਆਂ ਸਿਖਿਆਵਾਂ ਨੂੰ ਵਿਗਾੜ ਰਹੀਆਂ ਹਨ ਇਹ ਕਹਿ ਕੇ ਕਿ ਆਪਣੇ ਜੀਵਨ ਦੇ ਅੰਤਲੇ ਸਮੇ ਵਿਚ ਉਸਨੰ ਇਨਕਲਾਬੀ ਹਿੰਸਾ ਦੀ ਲੋੜ ਵਿਚ ਵਿਸ਼ਵਾਸ ਕਰਨਾ ਬੰਦ ਕਰ ਦਿੱਤਾ ਸੀ, ਅਪਣੇ ਢੰਗ ਤਰੀਕਿਆਂ ਵਿਚ ਗ਼ਲਤੀ ਸਮਝ ਲਈ ਸੀ ਅਤੇ ਗਾਂਧੀ ਦੇ ਅਹਿੰਸਾ ਦਾ ਸੰਕਲਪ ਮੰਨ ਲਿਆ ਸੀ, ਇਕ ਹੋਰ ਵਿਗਾੜ ਵਿਰੋਧੀ ਦਿਸ਼ਾ ਵਿਚ, ਵੀ ਕੁਝ ਦੇਰ ਤੋਂ ਹੋਣਾ ਸ਼ੁਰੂ ਹੋ ਚੁੱਕਾ ਸੀ। ਇਸਦੇ ਅਨੁਸਾਰ, ਭਗਤ ਸਿੰਘ ਅਤੇ ਉਸਦੇ ਕਾਮਰੇਡ, ਆਪਣੀਆਂ ਇਹ ਗੱਲਾਂ ਕਰੀ ਜਾਣ ਦੇ ਬਾਵਜੂਦ ਕਿ ਲੋਕਾਂ ਨੂੰ, ਪ੍ਰੋਲੇਤਾਰੀ ਅਤੇ ਕਿਸਾਨੀ ਨੂੰ ਉਕਸਾਉਣ ਅਤੇ ਜਥੇਬੰਦ ਕਰਨ ਦੀ ਲੋੜ ਹੈ ਉਹਨਾਂ ਦੀ ਪੱਧਰ 'ਤੇ ਕੰਮ ਕਰਕੇ, ਉਹ ਅਸਲ ਵਿਚ ਵਿਅਕਤੀਗਤ ਦਹਿਸ਼ਤਗ਼ਰਦੀ ਨਾਲ ਜੁੜੇ ਹੋਏ ਸਨ, ਜਿਵੇਂ ਸਾਂਡਰਸ ਦਾ ਕਤਲ ਅਤੇ ਅਸੈਂਬਲੀ ਵਿਚ ਬੰਬ ਸੁਟਣਾ। ਇਸ ਵਿਗਾੜ ਲਈ ਭਾਰਤ ਵਿਚਲੀ

ਕਮਿਉਨਿਸਟ ਲਹਿਰ ਦੇ ਕੁਝ ਬੰਦੇ ਅਤੇ ਕੁਝ ਫ਼ਰਾਖ਼-ਦਿਲੀਏ ਬੁੱਧੀਜੀਵੀ, ਕਸੂਰਵਾਰ ਹਨ, ਭਾਵੇਂ ਜਦ ਉਹ ਭਗਤ ਸਿੰਘ ਦੀ ਨੁਕਤਾਚੀਨੀ ਕਰਦੇ ਹਨ, ਨਾਲ ਨਾਲ ਉਸਦੀ ਅਤੇ ਉਸਦੇ ਸਾਥੀਆਂ ਦੀ ਹਿੰਮਤ, ਇਮਾਨਦਾਰੀ ਅਤੇ ਬਹਾਦਰੀ ਦੀ ਵੀ ਕਦਰ ਕਰਦੇ ਹਨ। ਹੋਰ ਤਾਂ ਹੋਰ ਸਵਰਗੀ ਕਾਮਰੇਡ ਸ਼ਿਵ ਵਰਮਾ, ਭਗਤ ਸਿੰਘ ਦੇ ਬਹੁਤ ਨਿਕਟਵਰਤੀ ਸਾਥੀ ਅਤੇ ਜੋ ਆਪ ਵੀ ਲਾਹੌਰ ਸਾਜ਼ਿਸ਼ ਕੇਸ ਵਿਚ ਮੁਲਜ਼ਮ ਸੀ, ਜਿਸ ਨੇ ਸਭ ਤੋਂ ਵੱਧ ਕੋਸ਼ਿਸ਼ ਕੀਤੀ ਕਿ ਭਗਤ ਸਿੰਘ ਦੀਆਂ ਲਿਖਤਾਂ ਨੂੰ ਲੱਭ ਕੇ ਉਹਨਾਂ ਦੀ ਸਾਂਭ ਸੰਭਾਲ ਕੀਤੀ ਜਾਵੇ, ਇਸ ਦਬਾਅ ਹੇਠ ਆਉਣੋ ਬਚਿਆ ਨਹੀਂ ਸੀ। ਉਸਦੀ ਲੰਬੀ, ਪਰ ਬਹੁਤ ਹੀ ਕੀਮਤੀ "ਇੰਟਰੋਡਕਸ਼ਨ" ਜੋ ਉਸਨੇ **ਸਿਲੈਕਟ ਰੀਇਟਿੰਗਜ਼ ਆਫ਼ ਸ਼ਹੀਦ ਭਗਤ ਸਿੰਘ** ਦੀ ਲਿਖੀ, ਉਹ ਲਿਖਦਾ ਹੈ *ਕਿ "ਲਾਹੌਰ ਅਤੇ ਕਾਨ੍ਹਪੁਰ ਦੇ ਇਨਕਲਾਬੀਆਂ ਦੇ ਗੁੱਟ 1926-27 ਵਿਚ ਸਮਾਜਵਾਦ ਵੱਲ ਹੋਣੇ ਸ਼ੁਰੂ ਹੋ ਗਏ ਸਨ, 8-9 ਸਿਤੰਬਰ ਦੀ ਦਿੱਲੀ ਵਿਚ ਹੋਈ ਮੀਟਿੰਗ, ਜਿਸ ਵਿਚ ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਦਾ ਨਾਮ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਰੱਖਣ ਦਾ ਫ਼ੈਸਲਾ ਕੀਤਾ ਸੀ, ਓਦੋਂ ਜਥੇਬੰਦੀ ਦਾ ਉਦੇਸ਼ ਸਮਾਜਵਾਦ ਬਣ ਗਿਆ ਸੀ।"* ਅੱਗੇ ਕਹਿੰਦਾ ਹੈ, "ਅਸੀਂ ਆਪਣੇ ਪੁਰਾਣੇ ਢੰਗ ਦੇ ਕੰਮ ਨਾਲ ਹੀ ਜੁੜੇ ਰਹੇ। ਅਸੀਂ ਕਿਰਤੀਆਂ, ਕਿਸਾਨਾਂ, ਨੌਜਵਾਨਾਂ ਅਤੇ ਗਭਲੀ ਸ਼੍ਰੇਣੀ ਦੇ ਬੁੱਧੀਜੀਵੀਆਂ ਨੂੰ ਜਥੇਬੰਦ ਕਰਨ ਦੀਆਂ ਗੱਲਾਂ ਕਰਦੇ ਰਹੇ, ਪਰ ਸਿਵਾਏ ਪੰਜਾਬ ਵਿਚ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਦੇ, ਕੋਈ ਗੰਭੀਰ ਯਤਨ ਨਾ ਕੀਤਾ ਗਿਆ ਇਸ ਦਿਸ਼ਾ ਵਿਚ ਹੋਰ ਕਿਤੇ ਵੀ। ਇਸ ਸੰਬੰਧ ਵਿਚ, ਸਾਡੀ ਵਿਗਿਆਨਕ ਸਮਾਜਵਾਦ ਦੀ ਸਮਝ, ਭਾਵ, ਮਾਰਕਸਇਜ਼ਮ ਦੋਸ਼ ਪੂਰਨ ਸੀ। ਅਸੀਂ ਇਹ ਸਮਝਣੋਂ ਅਸਫ਼ਲ ਰਹੇ ਕਿ ਮਾਰਕਸਵਾਦ *ਥਿਉਰੀਅਤੇ ਪ੍ਰੈਕਟਿਸ* ਨੂੰ ਵੱਖ-ਵੱਖ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਇਸ ਦਿਸ਼ਾ ਵਿਚ ਵਿਅਕਤੀਗਤ ਕਾਰਜ ਲਈ ਕੋਈ ਥਾਂ ਨਹੀਂ ਹੈ।

"ਸਾਡੀ ਉਮੀਦ ਸੀ ਹਿੰਸਕ ਕਾਰਵਾਈਆਂ ਨੂੰ ਇਕੱਠੇ ਕਰਨ ਦੀ, ਸਮੇਤ ਜ਼ਾਲਿਮ ਸਰਕਾਰੀ ਕਰਮਚਾਰੀਆਂ ਦੇ ਕਤਲ ਦੀ, ਅਤੇ ਵੱਡੇ ਪੱਧਰ ਦੀ ਬਗ਼ਾਵਤ ਦੀ, ਕਿਰਤੀਆਂ, ਕਿਸਾਨਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਸੰਗਠਨ ਬਣਾ ਕੇ। ਪਰ ਅਸਲ ਵਿਚ, ਸਾਡਾ ਮੁੱਖ ਬਲ ਹਿਸਕ ਕਾਰਵਾਈਆਂ ਅਤੇ ਹਥਿਆਰਬੰਦ ਲੜਾਈ ਦੀਆਂ ਤਿਆਰੀਆਂ 'ਤੇ ਹੀ ਰਿਹਾ। ਅਸੀ ਸੋਚਿਆ ਕਿ ਇਹ ਜ਼ਰੂਰੀ ਸੀ ਲੋਕਾਂ ਨੂੰ ਗਹਿਰੀ ਨੀਂਦ ਵਿਚੋਂ ਜਗਾਉਣ ਲਈ ਅਤੇ ਵੱਡੀ ਪੱਧਰ 'ਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਦਮਨ ਦਾ ਮੁਕਾਬਲਾ ਕਰਨ ਲਈ. . . .ਸਾਡੀ ਪਹੁੰਚ ਵਿਚ ਜੋ ਵਿਰੋਧਤਾ ਸੀ ਉਸਦੀ ਆਪਣੀ ਦਲੀਲ ਸੀ. . . .ਸਾਡਾ ਫ਼ੈਸਲਾ ਕਿ ਕਿਰਤੀਆਂ ਅਤੇ ਕਿਸਾਨਾਂ ਨੂੰ ਸੰਗਠਿਤ ਕਰਾਂਗੇ ਇਕ ਪਵਿੱਤਰ ਇੱਛਾ ਹੀ ਰਹੀ। ਸਾਡੇ ਸਾਧਨਾ ਦਾ ਵੱਡਾ ਹਿੱਸਾ ਬਦਲਦੇ ਕਾਰਜਾਂ ਵਿਚ ਹੀ ਜਾਂਦਾ ਰਿਹਾ।"[229]

ਸਾਥੀ ਵਰਮਾ ਦੇ ਉਪਰੋਕਤ ਕਥਨ ਦੇ ਜਵਾਬ ਵਿਚ ਕੁਝ ਨੁਕਤੇ ਉਠਾਉਣੇ ਜ਼ਰੂਰੀ ਹਨ। ਪਹਿਲਾ, ਸਾਥੀ ਵਰਮਾ ਸਾਧਾਰਨ ਤੌਰ 'ਤੇ ਕਹਿੰਦਾ ਹੈ "ਸਿਵਾਏ ਪੰਜਾਬ ਵਿਚ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਦੇ, ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ ਉਸ ਦਿਸ਼ਾ ਵਿਚ ਹੋਰ ਕਿਸੇ ਪਾਸੇ." ਨੌਜਵਾਨ ਭਾਰਤ ਸਭਾ ਦੀ ਸਥਾਪਨਾ, ਇਸਦੀਆਂ ਸ਼ਾਖਾਂ ਦੀ ਸਥਾਪਨਾ, ਪ੍ਰਾਪੇਗੰਡੇ ਅਤੇ ਅੰਦੋਲਨ ਵਾਸਤੇ ਇਸਦੀਆਂ ਕਾਰਵਾਈਆਂ, ਉਸ ਸਮੇਂ ਬਹੁਤ ਸ਼ਲਾਘਾਯੋਗ ਸਨ।

## ਐਨ ਬੀ ਐਸ ਦਾ ਲੋਕਾਂ ਵਿਚ ਕੰਮ

ਲੋਕਾਂ ਵਿਚ ਜਾ ਕੇ ਬਹੁਤ ਹੀ ਸਫ਼ਲਤਾ ਨਾਲ ਕੰਮ ਕਰਨ ਦੇ ਕੁਝ ਵੇਰਵੇ ਇਥੇ ਦਿੱਤੇ ਜਾਂਦੇ ਹਨ। ਐਨ ਬੀ ਐਸ ਨੇ ਵਿਭਿੰਨ-ਪੱਖੀ ਗਤੀਵਿਧੀਆਂ ਅਤੇ ਮੁਹਿਮਾਂ ਚਲਾਈਆਂ ਇਸਦੀ ਧਰਮ ਨਿਰਪੇਖੀ, ਲੋਕ ਰਾਜੀ, ਰਿਪਬਲੀਕਨ, ਸਮਾਜਵਾਦੀ ਅਤੇ ਅੰਤਰ-ਰਾਸ਼ਟਰੀ ਦ੍ਰਿਸ਼ਟੀ ਅਤੇ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣ ਲਈ। ਆਪ ਬਿਲਕੁਲ ਅੰਤਰ-ਰਾਸ਼ਟਰੀ, ਇਹ ਲੋਕਾਂ ਵਿਚ ਪ੍ਰਚਾਰ ਕਰਦੀ ਸੀ ਕਿ ਦੂਸਰੇ ਦੇਸਾਂ ਤੇ ਵੀ ਸਾਮਰਾਜੀ ਹਮਲੇ ਦਾ ਵਿਰੋਧ ਕਰਨ। ਉਹ ਇਸ ਨੂੰ ਵੱਡੀ ਸ਼ਰਮ ਦਾ ਬਾਇਸ ਸਮਝਦੇ ਸਨ ਕਿ ਭਾਰਤੀ ਫ਼ੌਜ ਨੂੰ ਦੂਸਰੇ ਦੇਸਾਂ ਦੇ ਲੋਕਾਂ ਦੇ ਵਿਰੁੱਧ ਵਰਤਿਆ ਜਾਂਦਾ ਹੈ, ਜਿਵੇਂ ਚੀਨ ਅਤੇ ਅਫ਼ਗ਼ਾਨਿਸਤਾਨ, ਭਾਰਤੀ ਸਿਪਾਹੀਆਂ ਨੂੰ ਪ੍ਰੇਰਨਾ ਕਿ ਉਹ ਦੂਸਰੇ ਦੇਸਾਂ ਵਿਚ ਨਾ ਜਾਣ, "ਜਿਹਨਾਂ ਦਾ ਸਾਡੇ ਦੇਸ ਨਾਲ ਕੋਈ ਝਗੜਾ ਨਹੀਂ ਹੈ- ਉਹਨਾਂ 'ਤੇ ਗੋਲੀ ਚਲਾਉਣੀ, ਉਹਨਾਂ ਨੂੰ ਮਾਰਨ ਲਈ ਅਤੇ ਉਥੋਂ ਦੇ ਮਾਸੂਮ ਲੋਕਾਂ ਨੂੰ ਗ਼ੁਲਾਮ ਬਣਾਉਣ ਲਈ।"

ਸਾਰੇ ਤੰਗ ਅਤੇ ਨਿੱਕੇ-ਨਿੱਕੇ ਧਾਰਮਿਕ ਅਤੇ ਗੁੱਟ ਸਿਆਸਤ ਤੋਂ ਉੱਪਰ ਉਠ ਕੇ, ਐਨ ਬੀ ਐਸ ਨੇ ਬਹੁਤ ਵੱਡੀ ਗਿਣਤੀ ਵਿਚ ਲੈਕਚਰ ਕਰਵਾਏ ਅਤੇ ਸਮਾਜਿਕ, ਸਿਆਸੀ ਤੇ ਆਰਥਿਕ ਵਿਸ਼ਿਆਂ 'ਤੇ ਵਿਚਾਰ ਪ੍ਰਗਟ ਕੀਤੇ ਗਏ, ਇਥੋਂ ਤਕ ਕਿ ਵੱਖ-ਵੱਖ ਧਰਮਾਂ ਦੇ ਸੰਸਥਾਪਕਾਂ ਨੂੰ ਛੱਡ ਕੇ, ਮਾਰਕਸ ਅਤੇ ਏਂਗਲਜ਼ ਦੀ ਇਤਿਹਾਸ ਦੇ ਸਭ ਤੋਂ ਮਹਾਨ ਵਿਅਕਤੀਆਂ ਵਜੋਂ, ਪ੍ਰਸ਼ੰਸਾ ਕੀਤੀ ਗਈ ਧਾਰਮਿਕ ਜੈਕਾਰੇ ਛੱਡ ਕੇ ਦੋ ਨਾਅਰਿਆਂ ਦਾ ਚਲਨ ਪ੍ਰਚਾਰਿਆ- ਇਨਕਲਾਬ ਜ਼ਿੰਦਾਬਾਦ ਅਤੇ ਹਿੰਦੁਸਤਾਨ ਜ਼ਿੰਦਾਬਾਦ ਐਨ ਬੀ ਐਸ ਅਤੇ ਇਸਦਾ ਹੈਡਕੁਆਰਟਰ ਲਾਹੌਰ ਵਿਖੇ ਦੇਸ਼ ਭਗਤ ਨੌਜਵਾਨਾਂ ਲਈ ਖਿੱਚ ਦਾ ਥੰਮ ਬਣ ਗਿਆ। ਬਸਤੀਵਾਦੀ ਸਰਕਾਰ ਨੇ ਐਨ ਬੀ ਐਸ ਦੀਆਂ ਗਤੀਵਿਧੀਆਂ ਨੂੰ ਭੈਭੀਤ ਕਰਨ ਵਾਲੀਆਂ ਜਾਣ ਕੇ ਜੁਲਾਈ 1927 ਵਿਚ ਹੋਏ ਦੁਸਹਿਰਾ ਬੰਬ ਮਾਮਲੇ ਵਿਚ ਭਗਤ ਸਿੰਘ ਨੂੰ ਫਸਾਉਣਾ ਚਾਹਿਆ, ਜਿਸਦੇ ਨਾਲ ਭਗਤ ਸਿੰਘ ਅਤੇ ਉਸਦੀ ਜਥੇਬੰਦੀ ਦਾ ਕੋਈ ਵੀ ਸੰਬੰਧ ਨਹੀਂ ਸੀ। ਆਪਣੀ ਕੋਸ਼ਿਸ਼ ਵਿਚ ਅਸਫਲ ਹੋ ਕੇ, ਸਰਕਾਰ ਨੇ ਭਗਤ ਸਿੰਘ ਨੂੰ ਰਿਹਾਅ ਕਰ ਦਿੱਤਾ, ਪਰ 60,000 ਰੁਪਏ ਦੀ ਜ਼ਮਾਨਤ ਉੱਪਰ - ਜੋ ਉਸ ਵੇਲੇ ਬਹੁਤ ਵੱਡੀ ਰਕਮ ਸੀ।

ਮਾਰਚ 1928 ਦੇ ਅੰਤ ਵਿਚ ਐਨ ਬੀ ਐਸ ਨੇ ਜਲਸਿਆਂ ਦਾ ਕੌਮੀ ਹਫ਼ਤਾ ਮਨਾਇਆ। ਇਹਨਾਂ ਵਿਚੋਂ ਇਕ ਜਲਸੇ ਵਿਚ (28 ਮਾਰਚ) ਕਮਿਉਨਿਸਟ ਲੀਡਰ ਐਸ ਏ ਡਾਂਗੇ ਅਤੇ ਫਿਲਿਪ ਸਪ੍ਰੈਟ, ਗ੍ਰੇਟ ਬ੍ਰਿਟੇਨ ਦੀ ਕਮਿਉਨਿਸਟ ਪਾਰਟੀ ਤੋਂ, ਨੇ ਆਪਣੇ ਭਾਸ਼ਣਾਂ ਵਿਚ ਭਾਰਤੀ ਆਜ਼ਾਦੀ ਦੀ ਅਹਿਮੀਅਤ ਬਿਆਨ ਕੀਤੀ। ਭਗਤ ਸਿੰਘ ਦੇ ਉੱਦਮ ਨਾਲ, ਐਨ ਬੀ ਐਸ ਅਤੇ ਵਰਕਰਜ਼ ਐਂਡ ਪੇਜ਼ੰਟਸ ਪਾਰਟੀ ਵਿਚ ਅੰਮ੍ਰਿਤਸਰ ਵਿਖੇ ਨੇੜਲੇ ਸੰਬੰਧ ਸਥਾਪਿਤ ਕੀਤੇ ਗਏ, ਅਤੇ ਐਨ ਬੀ ਐਸ ਨੇ ਵਰਕਰਜ਼ ਅਤੇ ਪੇਜ਼ੰਟਸ ਪਾਰਟੀ ਦੁਆਰਾ 11-13 ਅਪ੍ਰੈਲ ਵਿਚ ਕੀਤੀ ਗਈ ਯੂਥ ਕਾਨਫ਼ਰੰਸ ਵਿਚ ਹਿੱਸਾ ਲਿਆ। ਇਸ ਕਾਨਫ਼ਰੰਸ ਵਿਚ, ਇਹ ਫ਼ੈਸਲਾ ਲਿਆ ਗਿਆ ਕਿ ਪੰਜਾਬ ਦੇ ਹਰ ਇਲਾਕੇ ਵਿਚ ਐਨ ਬੀ ਐਸ ਦੀਆਂ ਸ਼ਾਖਾਵਾਂ ਖੋਲੀਆਂ ਜਾਣ, ਅਤੇ ਬਹੁਤ ਬਲ ਦਿੱਤਾ ਗਿਆ ਪਿੰਡਾਂ ਵਿਚ ਕੰਮ ਕਰਨ 'ਤੇ।

ਐਨ ਬੀ ਐਸ ਨੇ ਕਿਸਾਨਾਂ ਦੀਆਂ ਮੰਗਾਂ ਅਤੇ ਸ਼ਿਕਾਇਤਾਂ ਦਾ ਕੰਮ ਆਪਣੇ ਹੱਥ ਵਿਚ

ਲਿਆ, ਇਸਨੂੰ ਆਜ਼ਾਦੀ ਦੇ ਸੰਘਰਸ਼ ਨਾਲ ਜੋੜਦੇ ਹੋਏ ਅਤੇ ਕਿਸਾਨਾਂ ਦੇ ਮਨਾਂ ਵਿਚ ਆਜ਼ਾਦੀ ਵਾਸਤੇ ਅਥਾਹ ਪਿਆਰ ਜਗਾਇਆ। ਇਸਨੇ ਲਾਇਲਪੁਰ ਵਿਖੇ ਕਿਰਤੀਆਂ ਅਤੇ ਕਿਸਾਨਾਂ ਦੀ ਕਾਨਫ਼ਰੰਸ ਸਿਤੰਬਰ 1928 ਦੇ ਅੰਤ ਵਿਚ ਕਰਾਈ। ਇਸ ਵਿਚ ਪ੍ਰਮੁੱਖ ਵਕਤਾਵਾਂ ਨੇ ਭਾਸ਼ਣ ਦਿੱਤੇ, ਸਮੇਤ ਸਪ੍ਰੈਟ, ਬ੍ਰਾਡਲੇ, ਡਾਂਗੇ (ਸਾਰੇ ਕਮਿਉਨਿਸਟ) ਅਤੇ ਕੇਦਾਰ ਨਾਥ ਸਹਿਗਲ (ਪ੍ਰਧਾਨ, ਐਨ ਬੀ ਐਸ) ਅਤੇ ਛਬੀਲ ਦਾਸ, ਸੈਕਟਰੀ, ਐਨ ਬੀ ਐਸ ਟ੍ਰੈਕਟ ਸੁਸਾਇਟੀ (ਉਪਰ ਦਸਿਆ ਜਾ ਚੁੱਕਾ ਹੈ)। ਕਾਨਫਰੰਸ ਦੀ ਕਾਰਵਾਈ ਵਿਚ ਇਨਕਲਾਬੀਆਂ ਦੀ ਪ੍ਰਸੰਸਾ ਕੀਤੀ ਗਈ, ਸਾਮਰਾਜਵਾਦ ਅਤੇ ਸੋਸ਼ਣ ਦੀ ਨਿਖੇਧੀ ਕੀਤੀ ਗਈ, ਅਤੇ ਸਮਾਜਕ ਇਨਕਲਾਬ ਦੀ ਲੋੜ ਉੱਪਰ ਬਲ ਦਿੱਤਾ ਗਿਆ, ਅਤੇ ਉਸੇ ਦਿਸ਼ਾ ਵਿਚ, ਕਿਰਤੀਆਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨ ਲਈ।

ਖੱਬੇ ਪੱਖ ਵੱਲ ਝੁਕਾਅ ਵਾਲੇ ਕਾਂਗਰਸੀਆਂ ਦੀ ਸਹਾਇਤਾ ਨਾਲ, ਐਨ ਬੀ ਐਸ ਨੇ "ਰੂਸ ਦੇ ਮਿੱਤਰ" ਹਫ਼ਤਾ ਅਗਸਤ 1928 ਵਿਚ ਮਨਾਇਆ ਅਤੇ ਸੋਵੀਅਤ ਯੂਨੀਅਨ ਵੱਲ ਦੋਸਤੀ ਦਾ ਹੱਥ ਵਧਾਇਆ ਅਤੇ ਉਸਦੇ ਸਾਮਰਾਜ ਵਿਰੋਧੀ ਕਾਰਜ ਨਾਲ ਆਪਣੇ ਆਪ ਨੂੰ ਜੋੜਿਆ ਅਤੇ ਇਹ ਐਲਾਨ ਕੀਤਾ ਕਿ ਕੋਈ ਵੀ ਭਾਰਤੀ ਇੰਗਲੈਂਡ ਦੀ ਰੂਸ ਵਿਰੁੱਧ ਲੜਾਈ ਵਿਚ ਇੰਗਲੈਂਡ ਵੱਲੋਂ ਨਹੀ ਲੜੇਗਾ। ਪੂੰਜੀਵਾਦ ਦੀ ਤਬਾਹੀ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਜਮਹੂਰੀਅਤ ਹੀ ਆਜ਼ਾਦ ਅਤੇ ਖ਼ੁਸ਼ਹਾਲ ਜੀਵਨ ਦੇ ਹਾਲਾਤ ਪੈਦਾ ਕਰ ਸਕਦੀ ਹੈ, ਇਹ ਸੁਨੇਹਾ ਹਫ਼ਤੇ ਭਰ ਦੇ ਜਸ਼ਨਾਂ ਮਗਰੋਂ ਗਿਆ।

ਐਨ ਬੀ ਐਸ, ਕਿਰਤੀ ਕਿਸਾਨ ਪਾਰਟੀ ਦੇ ਨਾਲ ਰਲ ਕੇ ਕਿਸਾਨਾਂ ਨੂੰ ਜ਼ਮੀਨ ਦੇ ਮਾਲੀਏ ਨੂੰ ਪੂਰੀ ਤਰ੍ਹਾਂ ਮਾਫ਼ ਕਰਨ ਦੀ ਮੰਗ ਵਿਚ ਇਕੱਠੇ ਕੀਤਾ ਜਦ 1931 ਵਿਚ ਕਣਕ ਦੀਆਂ ਕੀਮਤਾਂ ਬਹੁਤ ਡਿੱਗ ਗਈਆਂ। ਇਸ ਦੁਆਰਾ 1928 ਵਿਚ ਬਹੁਤ ਸਾਰੀਆਂ ਲੇਬਰ ਯੂਨੀਅਨਾਂ 'ਤੇ ਨਿਯੰਤਰਣ ਕਰਨ ਲਈ ਅੰਮ੍ਰਿਤਸਰ ਵਿਚ ਯਤਨ ਕੀਤਾ ਗਿਆ ਤਾਂ ਜੋ ਸ਼ਹਿਰੀ ਕਿਰਤੀਆਂ 'ਤੇ ਪ੍ਰਭਾਵ ਪਾਇਆ ਜਾ ਸਕੇ। ਇਸਨੇ ਟਰੇਡ ਡਿਸਪਿਊਟਸ ਬਿਲ ਦਾ ਅਤੇ ਸਰਕਾਰ ਦੁਆਰਾ ਚੁੱਕੇ ਹੋਰ ਕਿਰਤੀ ਸ਼੍ਰੇਣੀ ਵਿਰੋਧੀ ਕਦਮਾਂ ਦਾ ਪੁਰਜ਼ੋਰ ਵਿਰੋਧ ਕੀਤਾ। ਉਸੇ ਮਹੀਨੇ ਵਿਚ ਇਕ ਜਲਸਾ ਕੀਤਾ ਗਿਆ ਜਿਸ ਵਿਚ "ਪੂੰਜੀ ਅਤੇ ਲੇਬਰ ਵਿਚਲੀ ਜੰਗ' ਦੇ ਵਿਸ਼ੇ ਤੇ ਵਿਚਾਰ ਕੀਤੇ ਗਏ, ਜਿਸ ਵਿਚ ਉੱਘੇ ਬੁਲਾਰਿਆਂ ਨੇ ਉਪਰੋਕਤ ਬਿੱਲ ਦੀ ਨਿਖੇਧੀ ਕੀਤੀ ਅਤੇ ਅਕਤੂਬਰ ਇਨਕਲਾਬ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ।

## ਟ੍ਰੈਕਟ ਸੁਸਾਇਟੀ

ਸੰਖੇਪ ਅਤੇ ਸਸਤੇ ਪਰਚਿਆਂ ਦੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਅਹਿਮੀਅਤ ਨੂੰ ਸਮਝਦੇ ਹੋਏ ਐਨ ਬੀ ਐਸ ਨੇ ਅੱਠ ਟ੍ਰੈਕਟ ਜਾਰੀ ਕੀਤੇ ਇਕ ਤੋਂ ਬਾਅਦ ਦੂਸਰਾ ਜਲਦੀ ਜਲਦੀ। ਬਹੁਤ ਸਸਤੀ ਕੀਮਤ ਦੇ, ਇਹ ਟ੍ਰੈਕਟ ਜਨਤਾ ਵਿਚ ਐਨ ਬੀ ਐਸ ਦੇ ਇਨਕਲਾਬੀ ਮੰਤਵਾਂ ਅਤੇ ਟੀਚਿਆਂ ਦਾ ਪ੍ਰਚਾਰ ਕਰਦੇ ਸਨ, ਜਿਹੜੇ ਧਰਮ ਨਿਰਪੱਖਤਾ, ਰਾਸ਼ਟਰਵਾਦ ਅਤੇ ਸਮਾਜਵਾਦ ਬਾਰੇ ਜਾਣਕਾਰੀ ਦਿੰਦੇ ਹਜ਼ਾਰਾਂ ਦੀ ਗਿਣਤੀ ਵਿਚ ਛਪਵਾਏ ਗਏ ਸਨ ਅਤੇ ਬਹੁਤ ਸਾਦੀ, ਆਸਾਨੀ ਨਾਲ ਸਮਝ ਆਉਣ ਵਾਲੀ ਭਾਸ਼ਾ ਵਿਚ ਇਹ ਸਮਝਾਇਆ ਗਿਆ ਸੀ ਕਿ ਬ੍ਰਿਟਿਸ਼ ਨੇ ਭਾਰਤ ਨੂੰ ਤਲਵਾਰ ਦੇ ਜ਼ੋਰ ਨਾਲ ਫ਼ਤਿਹ ਕੀਤਾ ਸੀ, ਭਾਰਤੀਆਂ ਦੇ ਲਾਭ ਵਾਸਤੇ

ਨਹੀਂ ਆਪਣੇ ਨਿਜੀ ਲਾਭ ਵਾਸਤੇ ਅਤੇ ਉਹ ਤਲਵਾਰ ਦੁਆਰਾ ਹੀ ਬਾਹਰ ਕੱਢੇ ਜਾ ਸਕਦੇ ਹਨ। ਟ੍ਰੈਕਟਾਂ ਵਿਚ ਲੋਕਾਂ ਦੀ ਬਹੁਤ ਭੈੜੀ ਹਾਲਤ ਨੂੰ ਚੰਗੀ ਤਰ੍ਹਾਂ ਬਿਆਨ ਕੀਤਾ ਹੁੰਦਾ ਸੀ। ਸਵਰਗ ਤੋਂ ਕੋਈ ਰੱਬ ਉੱਤਰ ਕੇ ਨਹੀਂ ਆਉਣਾ ਸੀ ਲੋਕਾਂ ਨੂੰ ਆਪਣੀ ਭੈੜੀ ਹਾਲਤ ਵਿਚੋਂ ਛੁਟਕਾਰਾ ਦਿਵਾਉਣ ਲਈ। ਉਹਨਾਂ ਨੂੰ ਤਾਂ ਆਪਣੀ ਕਿਸਮਤ ਆਪ ਹੀ ਆਪਣੇ ਹੱਥ ਵਿਚ ਲੈਣੀ ਪਵੇਗੀ ਅਤੇ ਆਪਣੇ ਆਪ ਨੂੰ ਆਪ ਮੁਕਤ ਕਰਨਾ ਪਵੇਗਾ। ਨੌਜਵਾਨਾਂ ਵਿਚ ਪ੍ਰਚਾਰ ਕੀਤਾ ਜਾਂਦਾ ਸੀ ਕਿ ਉਹ ਕਮਿਊਨਿਜ਼ਮ ਦੇ ਅਸੂਲ ਅਤੇ ਬੋਲਸ਼ਵਿਕ ਨੂੰ ਪੜ੍ਹਨ, ਆਜ਼ਾਦੀ ਅਤੇ ਬਰਾਬਰੀ ਬਾਰੇ ਪੜ੍ਹਨ, ਲੋਕ ਰਾਜ ਅਤੇ ਆਤਮ ਨਿਰਣੇ ਬਾਰੇ ਪੜ੍ਹਨ, ਅਤੇ ਇਸ ਰਾਹੀਂ ਹੀ ਸਿਆਸੀ ਅਤੇ ਆਰਥਿਕ ਆਜ਼ਾਦੀ ਲਈ ਜਾ ਸਕਦੀ ਹੈ। ਕੋਈ ਸ਼ੱਕ ਦੀ ਗੱਲ ਨਹੀਂ ਇਹ ਸਭ ਗੱਲਾਂ ਸਰਕਾਰ ਨੂੰ ਬਹੁਤ ਇਤਰਾਜ਼ ਯੋਗ ਲੱਗੀਆਂ ਕਿਉਂਕਿ ਇਹ ਬੋਲਸ਼ਵਿਕ ਅਤੇ ਕਮਿਊਨਿਸਟ ਵਿਚਾਰਧਾਰਾ ਦਾ ਖੁੱਲ੍ਹਮ ਖੁੱਲ੍ਹਾ ਪ੍ਰਚਾਰ ਸੀ।

ਇਹਨਾਂ ਟ੍ਰੈਕਟਾਂ ਨੂੰ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲਿਆ, ਜਿਸ ਦੇ ਫਲਸਰੂਪ ਉੱਤਰੀ ਭਾਰਤ ਦੇ ਕਈ ਸ਼ਹਿਰਾਂ ਵਿਚ ਨੌਜਵਾਨ ਸਭਾਵਾਂ ਅਤੇ ਵਿਦਿਆਰਥੀ ਯੂਨੀਅਨਾਂ ਬਣਾਈਆਂ ਗਈਆਂ। ਅਸਲ ਵਿਚ ਲਾਹੌਰ ਦੀ ਸਟੂਡੈਂਟ ਯੂਨੀਅਨ ਐਨ ਬੀ ਐਸ ਦੇ ਨਾਲ ਜੁੜ ਗਈ। ਸਰਕਾਰੀ ਰਿਪੋਰਟ ਉਸ ਵੇਲੇ ਦੀ ਇਹੀ ਕਹਿੰਦੀ ਹੈ ਕਿ ਲਾਹੌਰ ਸਟੂਡੈਂਟਸ ਯੂਨੀਅਨ ਐਨ ਬੀ ਐਸ ਦੀ ਹੀ ਸਹਾਇਕ ਸੰਸਥਾ ਸੀ ਜਾਂ "ਇਨਕਲਾਬੀਆਂ ਦੀ ਭਰਤੀ ਦਾ ਦਫ਼ਤਰ ਸੀ ਅਤੇ ਸ਼ੁਰੂ ਤੋਂ ਹੀ ਯੂਨੀਅਨ ਦਾ ਖ਼ੁਫ਼ੀਆ ਸੈਕਸ਼ਨ ਇਸ ਉਦੇਸ਼ ਦੀ ਪੂਰਤੀ ਲਈ ਕੰਮ ਕਰਦਾ ਰਿਹਾ ਸੀ।

ਵਿਦਿਆਰਥੀਆਂ ਵਿਚ ਐਨ ਬੀ ਐਸ ਦਾ ਰਸੂਖ਼ ਬਹੁਤ ਵਧ ਜਾਣ 'ਤੇ ਸਰਕਾਰ ਨੂੰ ਡਰ ਪੈ ਗਿਆ ਅਤੇ ਇਸਨੂੰ ਦਬਾਉਣ ਲਈ ਕਈ ਕਦਮ ਚੁੱਕੇ ਗਏ। ਸਕੂਲਾਂ ਨੂੰ ਧਮਕੀ ਦਿੱਤੀ ਗਈ ਕਿ ਉਹਨਾਂ ਦੀ ਗਰਾਂਟ ਬੰਦ ਕਰ ਦਿੱਤੀ ਜਾਵੇਗੀ ਜਦ ਤਕ ਸਕੂਲਾਂ ਦੇ ਮੁਖੀ ਇਨਕਲਾਬੀ ਤੱਤਾਂ ਨੂੰ ਕੱਢ ਨਹੀਂ ਦਿੰਦੇ ਅਤੇ ਅਧਿਆਪਕਾਂ ਨੂੰ ਜਿਹੜੇ ਇਹੋ ਜਿਹਾ ਪ੍ਰਚਾਰ ਕਰਦੇ ਸਨ ਸਸਪੈਂਡ ਕਰ ਦੇਣ ਲਈ ਕਿਹਾ ਗਿਆ। ਐਸੇ ਦਮਨਕਾਰੀ ਕਦਮਾਂ ਨਾਲ ਸਰਕਾਰ ਦਾ ਵਿਰੋਧ ਵਧੇਰੇ ਵਧ ਗਿਆ, ਅਤੇ ਵਿਦਿਆਰਥੀ ਐਨ ਬੀ ਐਸ ਨਾਲ ਮਿਲ ਕੇ ਖੁੱਲ੍ਹਮ ਖੁੱਲ੍ਹਾ ਬਗ਼ਾਵਤੀ ਸੁਰ ਅਪਨਾਉਣ ਲੱਗ ਪਏ।

## ਸਾਈਮਨ ਕਮਿਸ਼ਨ ਦਾ ਬਾਈਕਾਟ

ਐਨ ਬੀ ਐਸ ਨੇ ਸਾਈਮਨ ਕਮਿਸ਼ਨ ਦੇ ਬਾਈਕਾਟ ਲਈ ਬਹੁਤ ਜਬਰਦਸਤ ਪ੍ਰਚਾਰ ਕੀਤਾ। ਜਿਹੜਾ 30 ਅਕਤੂਬਰ 1928 ਨੂੰ ਲਾਹੌਰ ਵਿਚ ਕਮਿਸ਼ਨ ਦੇ ਵਿਰੋਧ ਵਿਚ ਬਹੁਤ ਵੱਡਾ ਮੁਜ਼ਾਹਰਾ ਕੀਤਾ ਗਿਆ, ਉਹਦੀ ਰੂਹੇ-ਰਵਾਂ ਐਨ ਬੀ ਐਸ ਹੀ ਸੀ। ਕਾਂਗਰਸੀ ਲੀਡਰਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ ਕਿ ਇਸਦੀ ਹਿਮਾਇਤ ਕਰਨ ਅਤੇ ਸ਼ਾਮਿਲ ਵੀ ਹੋਣ, ਜਿਸ ਵਿਚ ਲਾਲਾ ਲਾਜਪਤ ਰਾਏ ਨੂੰ ਸੱਟਾਂ ਲੱਗੀਆਂ ਜਿਸ ਕਾਰਣ ਉਹ ਦੋ ਹਫ਼ਤੇ ਮਗਰੋ ਪਰਲੋਕ ਚਲਾ ਗਿਆ। ਲਾਲਾ ਜੀ ਦੇ ਕਤਲ ਦਾ ਬਦਲਾ ਲੈਣ ਲਈ, ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਪੁਲਿਸ ਅਫ਼ਸਰ ਸਾਂਡਰਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ, ਐਸਾ ਕੰਮ ਜਿਸ ਲਈ ਉਹਨਾਂ ਨੂੰ ਆਪਣੀ ਜਾਨ ਦੀ ਕੀਮਤ ਦੇਣੀ ਪਈ ਸੀ।

ਅਕਤੂਬਰ 1928 ਵਿਚ ਐਨ ਬੀ ਐਸ ਨੇ ਇਕ ਸਮਾਚਾਰ ਪੱਤਰ ਕਢਿਆ, *'ਦੀ ਨੌਜਾਵਨ'* ਇਸ ਇਰਾਦੇ ਨਾਲ ਕਿ ਨੌਜਵਾਨਾਂ ਵਿਚ ਦੇਸ਼ਭਗਤੀ ਦੀ ਭਾਵਨਾ ਵਿਕਸਿਤ ਕੀਤੀ ਜਾਵੇ ਅਤੇ ਕਿਰਤੀਆਂ, ਕਿਸਾਨਾਂ ਅਤੇ ਗ਼ਰੀਬਾਂ ਦੇ ਹਿਤਾਂ ਦੀ ਰਾਖੀ ਲਈ ਲਿਟਰੇਚਰ ਵੰਡਿਆ ਜਾਵੇ ਤਾਂ ਜੋ ਭਾਰਤ ਮਾਤਾ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਲਈ ਤਿਆਰ ਹੋਣ। ਪਰਚਾ ਨੌਜਵਾਨਾਂ ਨੂੰ ਪ੍ਰੇਰਦਾ ਸੀ ਕਿ ਉਹ ਕਮਜ਼ੋਰੀ ਅਤੇ ਡਰਪੁਣੇ ਦਾ ਤਿਆਗ ਕਰਨ, ਅਤੇ ਬ੍ਰਿਟਿਸ਼ ਸਰਕਾਰ ਪ੍ਰਤੀ ਨੌਜਵਾਨਾ ਦੇ ਮਨਾਂ ਵਿਚ ਗਹਿਰੀ ਨਫ਼ਰਤ ਪੈਦਾ ਕੀਤੀ ਜਾਵੇ ।

22 ਤੋਂ 24 ਫਰਵਰੀ 1929 ਤਕ, ਐਨ ਬੀ ਐਸ ਨੇ ਆਪਣੀ ਦੂਸਰੀ ਸੂਬਾਈ ਕਾਨਫ਼ਰੰਸ ਲਾਹੌਰ ਵਿਖੇ ਕੀਤੀ, ਜਿਸ ਵਿਚ, ਸਾਮਰਾਜ ਦੀ ਸਖ਼ਤ ਨਿਖੇਧੀ ਕਰਨ ਦੇ ਇਲਾਵਾ, ਪੂਰਨ ਆਜ਼ਾਦੀ ਅਤੇ ਕਿਰਤੀਆਂ ਤੇ ਕਿਸਾਨਾਂ ਦੇ ਇਨਕਲਾਬ ਦਾ ਮਤਾ ਪਾਸ ਕੀਤਾ ਗਿਆ। ਕਾਨਫਰੰਸ ਵਿਚ ਕਾਂਗਰਸ ਪਾਰਟੀ ਦੀ ਬਹੁਤ ਨੁਕਤਾਚੀਨੀ ਕੀਤੀ ਗਈ ਕਿਉਂਕਿ ਇਸਨੇ ਡੋਮੀਨੀਅਨ ਸਟੇਟਸ ਫ਼ਾਰ ਇੰਡੀਆ ਦੀ ਮੰਗ ਕੀਤੀ ਸੀ।

1929 ਦੇ ਅੰਤ ਤਕ, ਐਨ ਬੀ ਐਸ ਨੇ ਪੱਛਮੀ ਉੱਤਰ ਪ੍ਰਦੇਸ਼ ਦੇ ਕਈ ਜ਼ਿਲਿਆਂ ਵਿਚ, ਅਤੇ ਕਰਾਚੀ ਵਿਚ ਸ਼ਾਖ਼ਾਵਾਂ ਖੋਲ੍ਹ ਦਿੱਤੀਆਂ ਸਨ, ਅਤੇ ਬੰਬਈ ਅਤੇ ਸੂਰਤ ਵਿਚ ਵੀ ਆਪਣਾ ਪ੍ਰਭਾਵ ਫੈਲਾਉਣ ਸ਼ੁਰੂ ਕਰ ਦਿੱਤਾ ਸੀ।

ਅਸੈਂਬਲੀ ਵਿਚ ਕ੍ਰੀਤੇ ਬੰਬ ਧਮਾਕੇ ਦੇ ਫਲਸਰੂਪ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਗ੍ਰਿਫ਼ਤਾਰੀ ਮਗਰੋਂ ਐਨ ਬੀ ਐਸ ਦੀਆਂ ਗਤੀਵਿਧੀਆਂ ਵਿਚ ਹੋਰ ਤੇਜ਼ੀ ਆਈ।

ਉਹਨਾਂ ਦੀ ਭੁੱਖ ਹੜਤਾਲ ਨੇ ਹਾਲਤ ਹੋਰ ਭੜਕਾ ਦਿੱਤੀ। ਸਾਰੇ ਸੂਬੇ ਵਿਚ ਬਹੁਤ ਵੱਡੇ ਜਲਸੇ ਕੀਤੇ ਗਏ, ਵਿਸ਼ੇਸ਼ ਕਰ ਅੰਮ੍ਰਿਤਸਰ ਅਤੇ ਲਾਹੌਰ ਵਿਚ ਅਤੇ ਭੁੱਖ ਹੜਤਾਲੀਆਂ ਦੀ ਨਿੱਘਰ ਹਿਮਾਇਤ ਕੀਤੀ ਗਈ ਅਤੇ ਸਰਾਕਰ 'ਤੇ ਦਬਾਅ ਪਾਇਆ ਗਿਆ ਕਿ ਉਹਨਾਂ ਦੀਆਂ ਮੰਗਾਂ ਮੰਨ ਲਈਆਂ ਜਾਣ। ਬੀ ਐਨ ਐਸ ਦੁਆਰਾ 30 ਜੂਨ ਭਗਤ ਸਿੰਘ ਦਿਵਸ ਦੇ ਤੌਰ 'ਤੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਮਨਾਇਆ ਗਿਆ ਜਿਸ ਵਿਚ ਲੋਕਾਂ ਨੇ ਬੜੇ ਜੋਸ਼ ਖ਼ਰੋਸ਼ ਨਾਲ ਹਿੱਸਾ ਲਿਆ। ਇਕ ਵਾਰ ਫੇਰ, ਅੰਮ੍ਰਿਤਸਰ ਅਤੇ ਲਾਹੌਰ ਵਿਚਲੇ ਜਲਸਿਆਂ ਵਿਚ ਬਹੁਤ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ, ਕਿਉਂਕਿ ਇਹ ਸੂਬੇ ਦੇ ਸਭ ਤੋਂ ਵੱਡੇ ਸ਼ਹਿਰ ਸਨ ਜਿੱਥੇ ਲੋਕ ਵਹੀਰਾਂ ਘੱਤ ਕੇ ਪੁੱਜੇ ਅਤੇ ਵੱਡੇ ਜੋਸ਼ ਦਾ ਪ੍ਰਗਟਾਵਾ ਕੀਤਾ। ਅੰਮ੍ਰਿਤਸਰ ਦੇ ਜਲਸੇ ਵਿਚ ਪਹਿਲਾਂ ਵਾਲੇ ਨਾਅਰੇ ਬੰਦੇ ਮਾਤਰਮ ਦੀ ਥਾਂ ਜਿਹੜੇ ਨਾਅਰੇ ਭਗਤ ਸਿੰਘ ਨੇ ਅਮਰ ਬਣਾਏ ਸਨ "ਇਨਕਲਾਬ ਜ਼ਿੰਦਾਬਾਦ" ਅਤੇ 'ਸਾਮਰਾਜਵਾਦ ਮੁਰਦਾਬਾਦ" ਉਹ ਲਾਏ ਗਏ। ਇਹਨਾਂ ਜਲਸਿਆਂ ਵਿਚ ਇਹ ਆਵਾਜ਼ ਪੁਰਜ਼ੋਰ ਢੰਗ ਨਾਲ ਉਠਾਈ ਗਈ ਕਿ ਸਾਮਰਾਜ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਪੂਰੀ ਆਜ਼ਾਦੀ ਦੀ ਵਕਾਲਤ ਕੀਤੀ ਗਈ ਅਤੇ ਨੌਜਵਾਨਾਂ ਦੀ ਹਰ ਪ੍ਰਕਾਰ ਦੀ ਕੁਰਬਾਨੀ ਦੇਣ ਦੀ ਤਿਆਰੀ ਦਰਸਾਈ ਗਈ।

ਇਸਦੀ 3 ਫਰਵਰੀ 1930 ਵਿਚ ਦਿੱਲੀ ਹੋਈ ਮੀਟਿੰਗ ਵਿਚ ਐਨ ਬੀ ਐਸ ਦੇ ਕਮੇਟੀ ਨੇ ਫ਼ੈਸਲਾ ਕੀਤਾ ਕਿ 10 ਮਈ ਨੂੰ ਇਨਕਲਾਬ ਦਿਵਸ ਦੇ ਤੌਰ 'ਤੇ ਮਨਾਇਆ ਜਾਵੇ, ਜਿਸਦਾ ਵਿਸਤ੍ਰਿਤ (ਵਿਸਥਾਰ ਪੂਰਵਕ) ਪ੍ਰੋਗਰਾਮ ਹਰ ਜਗ੍ਹਾਂ ਕੀਤਾ ਜਾਵੇ। ਲਾਲ ਝੰਡੇ ਲੈ ਕੇ ਜਲੂਸ ਕੱਢੇ ਜਾਣ ਜਿਸ ਵਿਚ ਕਿਰਤੀ ਤੇ ਕਿਸਾਨ ਸ਼ਾਮਿਲ ਹੋਣ। ਮੰਜ਼ਿਲ 'ਤੇ ਪਹੁੰਚ ਕੇ ਲਾਲ ਝੰਡਾ ਲਹਿਰਾਉਣਾ ਸੀ ਅਤੇ ਸਲਾਮੀ ਦੇਣੀ ਸੀ, ਨੌਜਵਨਾਂ ਨੂੰ ਸਰੀਰਿਕ ਟਰੇਨਿੰਗ ਦੇਣੀ ਸੀ, ਸਮੇਤ

ਬੰਦੂਕ ਆਦਿ, ਤਲਵਾਰ ਅਤੇ ਲਾਠੀਆਂ ਚਲਾਉਣ ਦੀ।

ਮਹਤਾਮਾ ਗਾਂਧੀ ਦੁਆਰਾ ਚਲਾਈ ਗਈ ਸਿਵਿਲ ਨਾਫ਼ਰਮਾਨੀ ਲਹਿਰ ਵਿਚ ਐਨ ਬੀ ਐਸ ਨੇ ਵੱਧ ਚੜ੍ਹ ਕੇ ਹਿੱਸਾ ਲਿਆ, ਅਤੇ ਸ਼ਹਿਰਾਂ ਤੇ ਪਿੰਡਾ ਵਿਚ ਵੱਡੇ-ਵੱਡੇ ਜਲਸੇ ਕੀਤੇ।ਐਨ ਬੀ ਐਸ ਦੀ ਸਹਾਇਤਾ ਬਿਨ੍ਹਾ, ਕਾਂਗਰਸ ਪਾਰਟੀ ਜਿਸਦੀ ਹਰਮਨ-ਪਿਆਰਤਾ ਹੇਠਾਂ ਵੱਲ ਜਾ ਚੁਕੀ ਸੀ, ਆਪਣਾ ਸੁਨੇਹਾ ਲੋਕਾਂ ਤੀਕ ਠੀਕ ਤਰ੍ਹਾਂ ਨਹੀ ਪੁਚਾ ਸਕਦੀ ਸੀ। ਕਾਂਗਰਸ ਦੀ ਸਹਾਇਤਾ ਕਰਦਿਆਂ ਐਨ ਬੀ ਐਸ ਨੇ ਇਹ ਸੁਨਿਸ਼ਚਿਤ ਕੀਤਾ ਕਿ ਇਸਦਾ ਆਪਣਾ ਪੂਰੀ ਤਰ੍ਹਾਂ ਸਾਮਰਾਜ ਵਿਰੋਧੀ ਅਤੇ ਕਾਂਗਰਸ ਦੀ ਸਮਝੌਤਾਵਾਦੀ ਨੀਤੀ ਦੇ ਖੰਡਨ ਦਾ ਸੁਨੇਹਾ ਲੋਕਾਂ ਤੀਕ ਪੁੱਜੇ। ਸਰਕਾਰ ਨੇ ਬੜੇ ਸਖਤ ਕਦਮ ਚੁੱਕੇ ਐਨ ਬੀ ਐਸ ਦੀ ਵੱਧ ਰਹੀ ਪ੍ਰਸਿੱਧੀ ਨੂੰ ਰੋਕਣ ਲਈ ਪਰ ਕੋਈ ਸਫ਼ਲਤਾ ਨਾ ਹੋਈ। 20 ਮਾਰਚ 1930 ਨੂੰ ਮੇਰਠ ਦਿਵਸ ਮਨਾਇਆ ਗਿਆ, ਜਲੂਸ ਕੱਢੇ ਗਏ ਅਤੇ ਪੈਸਾ ਵੀ ਇਕੱਠਾ ਕੀਤਾ ਗਿਆ ਮੇਰਠ ਸਾਜ਼ਿਸ਼ ਮਾਮਲੇ ਵਿਚ ਮੁਕੱਦਮਾ ਭੁਗਤ ਰਹੇ ਦੇਸ਼ ਭਗਤਾਂ ਦੀ ਮਦਦ ਲਈ। ਇਸ ਦੀਆ ਗਤੀਵਿਧੀਆਂ ਨੂੰ ਦਬਾਉਣ ਵਿਚ ਸਫ਼ਲ ਨਾ ਹੋਣ ਨਾਲ, ਅਤੇ ਇਹਨਾਂ ਨੂੰ ਜਨਤਕ ਅਮਨ ਲਈ ਖ਼ਤਰਾ ਮੰਨਦੇ ਹੋਏ ਐਨ ਬੀ ਐਸ ਨੂੰ 23 ਜੂਨ 1930 ਨੂੰ ਗੈਰ ਕਾਨੂਨੀ ਜਥੇਬੰਦੀ ਕਰਾਰ ਦਿੱਤਾ ਗਿਆ, ਇਹਦੇ ਦਫ਼ਤਰਾਂ 'ਤੇ ਛਾਪੇ ਮਾਰੇ ਗਏ, ਸਾਰੇ ਪੰਜਾਬ ਅਤੇ ਸਿੰਧ ਵਿਚ ਇਸਦੇ ਸਿਰਕੱਢ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਸਪੈਸ਼ਲ ਟ੍ਰਿਬਿਊਨਲ ਦੁਆਰਾ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ 7 ਅਕਤੂਬਰ 1930 ਨੂੰ ਮੌਤ ਦੀ ਸਜ਼ਾ ਸੁਣਾਉਣ ਦੇ ਮਗਰੋ, ਭਗਤ ਸਿੰਘ ਤਾਂ ਕਰੋੜਾਂ ਦੇਸ ਵਾਸੀਆਂ ਲਈ ਇਕ ਪੂਜਣ ਯੋਗ ਵਿਅਕਤੀ ਬਣ ਗਿਆ। ਜਦ ਸਿਵਿਲ ਨਾਫ਼ਰਮਾਨੀ ਲਹਿਰ ਜ਼ੋਰਾਂ 'ਤੇ ਸੀ ਤਾਂ ਗਾਂਧੀ ਨੇ ਆਪਣੇ ਹੀ ਅਜੀਬ ਢੰਗ ਨਾਲ ਉਸਨੂੰ ਵਾਪਸ ਲੈ ਲਿਆ, ਅਤੇ ਵਾਇਸਰਾਏ ਨਾਲ ਗੱਲਬਾਤ ਕਰਨ ਲਈ ਰਾਜ਼ੀ ਹੋ ਗਿਆ। ਦੂਸਰੇ ਪਾਸੇ ਐਨ ਬੀ ਐਸ ਨੂੰ ਜੂਨ 1930 ਵਿਚ ਗ਼ੈਰ ਕਾਨੂਨੀ ਐਲਾਇਆ ਜਾ ਚੁੱਕਾ ਸੀ, ਪਰ ਇਸਨੇ ਆਪਣੇ ਆਪ ਨੂੰ ਭਗਤ ਸਿੰਘ ਅਪੀਲ ਕਮੇਟੀ ਦੇ ਰੂਪ ਵਿਚ ਬਹਾਲ ਕਰ ਲਿਆ, ਜਿਸ ਦਾ ਮੰਤਵ ਸੀ ਬਹੁਤ ਵੱਡੀ ਪੱਧਰ 'ਤੇ ਹਸਤਾਖਰ ਇਕੱਠੇ ਕਰਨਾ ਤੇ ਇਕ ਮੈਮੋਰੰਡਮ ਪੇਸ਼ ਕਰਨਾ ਤਾਂ ਜੋ ਮੌਤ ਦੀਆਂ ਸਜ਼ਾਵਾਂ ਨੂੰ ਘੱਟ ਕੀਤਾ ਜਾਵੇ। 17 ਫਰਵਰੀ ਨੂੰ ਸਾਰੇ ਪੰਜਾਬ ਵਿਚ ਭਗਤ ਸਿੰਘ ਦਿਵਸ ਮਨਾਇਆ ਗਿਆ, ਜਦ ਵੱਡੀ ਗਿਣਤੀ ਵਿਚ ਵਿਦਿਆਰਥੀ ਕਾਲਜਾਂ ਤੋਂ ਗ਼ੈਰ ਹਾਜ਼ਰ ਰਹੇ। ਉਸ ਦਿਨ ਇਕ ਜਲੂਸ ਕਢਿਆ ਗਿਆ ਅਤੇ ਸ਼ਾਮ ਨੂੰ ਇਕ ਜਲਸਾ ਕੀਤਾ ਗਿਆ ਜਿਸ ਵਿਚ 15000 ਲੋਕ ਇਕੱਠੇ ਹੋਏ, ਅਤੇ ਵੱਡੇ ਲੀਡਰਾਂ ਨੇ ਆਪਣੇ ਭਾਸ਼ਣ ਦਿੱਤੇ। ਇਹ ਮੁਹਿੰਮ ਐਨੀ ਤਕੜੀ ਸੀ ਕਿ ਕਾਂਗਰਸ ਦੇ ਲੀਡਰ ਵੀ ਇਸ ਵਿਚ, ਜੋ ਭਗਤ ਸਿੰਘ ਅਤੇ ਸਾਥੀਆਂ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਲਈ ਚਲਾਈ ਗਈ ਸੀ, ਸ਼ਾਮਿਲ ਹੋਣ ਲਈ ਮਜਬੂਰ ਹੋ ਗਏ ਅਤੇ ਜਿਸ ਨੂੰ ਕਿਸੇ ਗੱਲਬਾਤ ਸ਼ੁਰੂ ਕਰਨ ਦੀ ਪਹਿਲੀ ਸ਼ਰਤ ਬਣਾਇਆ ਗਿਆ। ਇਹ ਤਾਂ ਕਹਿਣ ਦੀ ਗੱਲ ਹੀ ਨਹੀਂ ਕਿ ਗਾਂਧੀ, ਸਾਰੀਆਂ ਇਸ ਪ੍ਰਕਾਰ ਦੀਆਂ ਸ਼ਰਤਾਂ ਅਤੇ ਅਪੀਲਾਂ ਨੂੰ ਨਜ਼ਰ ਅੰਦਾਜ਼ ਕਰਦਾ ਹੋਇਆ ਵਾਇਸਰਾਏ ਨਾਲ ਗੱਲ ਕਰਨ ਤੁਰ ਪਿਆ ਜਿਸਦੇ ਸਿੱਟੇ ਵਜੋਂ ਗਾਂਧੀ-ਇਰਵਨ ਪੈਕਟ 'ਤੇ ਦਸਤਖ਼ਤ ਹੋਏ। ਜਦ ਗਾਂਧੀ ਉਹਨਾਂ (ਸਰਕਾਰ) ਵੱਲ ਸੀ ਤਾਂ ਸਰਕਾਰ ਨੇ ਸਾਡੇ ਸ਼੍ਰੇਸਠ ਇਨਕਲਾਬੀਆਂ ਨੂੰ 23 ਮਾਰਚ 1931 ਨੂੰ ਫਾਹੇ ਲਾ ਦਿੱਤਾ। ਜਦ ਉਹ 25 ਮਾਰਚ ਨੂੰ ਕਾਂਗਰਸ

ਦੇ ਕਰਾਚੀ ਸੈਸ਼ਨ ਵਿਚ ਸ਼ਾਮਲ ਹੋਣ ਲਈ ਆਇਆ, ਉਸਦੀ ਬਹੁਤ ਵੱਡੀ ਪੱਧਰ 'ਤੇ ਮੁਖ਼ਾਲਫਤ ਹੋਈ, ਜਿੱਥੇ ਐਨ ਬੀ ਐਸੇ ਦੇ ਹਿਮਾਇਤੀ ਕਾਲੇ ਝੰਡੇ ਦਿਖਾ ਰਹੇ ਸਨ ਅਤੇ **ਗਾਂਧੀ ਮੁਰਦਾਬਾਦ** ਦੇ ਨਾਅਰੇ ਲਗਾ ਰਹੇ ਸਨ। ਕਾਂਗਰਸ ਸੈਸ਼ਨ ਦੇ ਨਾਲ ਨਾਲ ਹੀ ਐਨ ਬੀ ਐਸ ਨੇ ਵੀ ਅਪਣੀ ਵੱਖਰੀ ਕਾਨਫ਼ਰੰਸ ਕੀਤੀ, ਜਿਸਦੀ ਪ੍ਰਧਾਨਗੀ ਸੁਭਾਸ਼ ਚੰਦਰ ਬੋਸ ਨੇ ਐਨ ਬੀ ਐਸ ਦੀ ਬੇਨਤੀ 'ਤੇ ਕੀਤੀ। ਇਸ ਕਾਨਫ਼ਰੰਸ ਦੇ ਡੈਲੀਗੇਟਾਂ ਨੂੰ ਪ੍ਰੇਰਿਆ ਗਿਆ ਕਿ ਉਹ **ਲੋਕਾਂ ਦੀ ਸਮਾਜਵਾਦੀ ਸਰਕਾਰ ਦੀ ਸਥਾਪਨਾ ਲਈ ਕੰਮ ਕਰਨ।"**

ਆਪਣੀ ਪੰਜ ਸਾਲ ਦੇ ਥੋੜ੍ਹੇ ਅਰਸੇ ਦੀ ਪਰ ਬਹੁਤ ਅਹਿਮ ਹੋਂਦ ਦੇ ਦੌਰਾਨ, ਐਨ ਬੀ ਐਸ ਨੇ ਭਗਤ ਸਿੰਘ ਦੇ ਨਾਅਰੇ ਬੁਲੰਦ ਕਰਕੇ ਲੋਕਾਂ ਵਿਚ ਜੋਸ਼ ਭਰਿਆ। ਇਹ ਨਾਅਰੇ "ਇਨਕਲਾਬ ਜ਼ਿੰਦਾਬਾਦ" ਅਤੇ "ਸਾਮਰਾਜ ਮੁਰਦਾਬਾਦ" ਦੇਸ ਦੇ ਇਕ ਕੋਨੇ ਤੋਂ ਦੂਸਰੇ ਕੋਨੇ ਤਕ ਗੂੰਜਦੇ ਰਹੇ। ਉਪਰੋਕਤ ਸਰਵੇਖਣ ਨੂੰ ਦੇਖਦੇ ਹੋਏ ਅਤੇ ਐਨ ਬੀ ਐਸ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਂਦੇ ਹੋਏ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਐਚ ਐਸ ਆਰ ਏ ਅਤੇ ਇਸਦੀ ਲੋਕਾਂ ਵਿਚ ਫੈਲੀ ਐਨ ਬੀ ਐਸ, ਲੋਕਾਂ ਨੂੰ ਆਜ਼ਾਦੀ ਪ੍ਰਾਪਤੀ ਲਈ ਜਨ ਅੰਦੋਲਨ ਨਾਲ ਜੋੜਨ ਲਈ ਉਮੀਦ ਤੋਂ ਬਾਹਰੀ ਸਫਲਤਾ ਪ੍ਰਾਪਤ ਕਰ ਸਕੀ ਆਪਣੇ ਸ਼ਕਤੀਸ਼ਾਲੀ ਇਨਕਲਾਬੀ ਆਦਰਸ਼ਾਂ ਅਤੇ ਸਮਾਜਵਾਦ ਦੇ ਕਾਰਣ। ਇਸ ਸਰਵੇਖਣ ਦੇ ਮੱਦੇ ਨਜ਼ਰ, ਸਾਥੀ ਵਰਮਾ ਦੇ ਇਸ ਕਥਨ ਨਾਲ ਸਹਿਮਤ ਹੋਣਾ ਸੰਭਵ ਨਹੀਂ ਹੈ ਕਿ "ਕਿਰਤੀਆਂ ਅਤੇ ਕਿਸਾਨਾ ਨੂੰ ਜਥੇਬੰਦ ਕਰਨ ਦਾ ਫ਼ੈਸਲਾ ਇਕ ਪਵਿੱਤਰ ਖ਼ਵਾਹਿਸ਼ ਹੀ ਬਣਿਆ ਰਿਹਾ"। (ਇਸ ਭਾਗ ਵਿਚ ਜੋ ਜਾਣਕਾਰੀ ਦਿੱਤੀ ਗਈ ਹੈ ਉਹ ਐਸ ਇਰਫ਼ਾਨ ਹਬੀਬ ਦੀ ਪਿੱਛੇ ਜਿਹ ਛਪੀ ਪੁਸਤਕ *"ਟੂ ਮੇਕ ਦੀ ਡੈਫ ਹੀਅਰ"* ਵਿਚੋਂ ਲਈ ਗਈ ਹੈ)

ਜਿਸ ਪ੍ਰਕਾਰ ਐਚ ਐਸ ਆਰ ਏ, ਆਪਣੀ ਲੋਕ ਜਥੇਬੰਦੀ ਦੁਆਰਾ, ਐਨ ਬੀ ਐਸ ਵੀ, ਆਪਣਾ ਜਥੇਬੰਦੀ ਢਾਂਚਾ ਲੋਕ ਅੰਦੋਲਲ ਦੀ ਸ਼ਕਰ ਵਿਚ ਵਿਕਸਿਤ ਕਰ ਰਿਹਾ ਸੀ, ਤਾਂ ਜੋ ਲੋਕਾਂ ਤਕ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਮੌਤ ਦੀ ਸਜ਼ਾ, ਬੇਰਹਿਮੀ ਨਾਲ ਕੀਤਾ ਜਾ ਰਿਹਾ ਲਹਿਰ ਦਾ ਦਮਨ, ਇਹਨਾਂ ਗਤੀਵਿਧੀਆਂ ਨੂੰ ਕੁਝ ਘੱਟ ਕਰ ਸਕਿਆ, ਇਨਕਲਾਬੀਆਂ ਨੂੰ ਲੋਕ ਅੰਦਲਨ ਰਾਹੀਂ ਆਪਣੇ ਨਾਲ ਮੇਲਣ ਦੇ ਆਪਣੇ ਪ੍ਰੋਗਰਾਮ ਅੱਗੇ ਵਧਾਉਣ ਵਿਚ ਰੋਕ ਲਾ ਸਕਿਆ। ਪਰ ਉਹ ਆਪਣਾ ਟੀਚਾ ਪ੍ਰਾਪਤ ਕਰਨ ਵਿਚ ਸਫਲ ਹੋਏ, ਇਕ ਬਹੁਤ ਹੀ ਲਾਮਿਸਾਲ ਅਤੇ ਵੱਡੀ ਪੱਧਰ 'ਤੇ ਅਤੇ ਇਕ ਬਹੁਤ ਹੀ ਸ਼ਾਨਦਾਰ ਅਤੇ ਆਧੁਨਿਕ ਢੰਗ ਨਾਲ – ਐਸਾ ਢੰਗ ਜਿਸਦੀ ਸਰਾਹਨਾਂ ਖੱਬੇ ਪੱਖ ਦੇ ਉਹਨਾਂ ਆਲੋਚਕਾਂ ਨੇ ਵੀ ਕੀਤੀ ਜਿਹਨਾਂ ਹਿੰਸਾ ਦਾ ਸਦਾ ਲਈ ਤਿਆਗ ਕਰਨ ਦੀ ਸਹੁੰ ਖਾਧੀ ਹੋਈ ਸੀ।

ਦੂਸਰੇ, ਐਨ ਬੀ ਐਸ ਦੇ ਇਲਾਵਾ, ਹੋਰ ਲੋਕ ਲਹਿਰਾਂ, ਜਿਵੇ ਲਾਹੌਰ ਵਿਦਿਆਰਥੀ ਯੂਨੀਅਨ, ਬਾਲ ਵਿਦਿਆਰਥੀ ਯੂਨੀਅਨ, ਅਤੇ ਬਾਲ ਭਾਰਤ ਸਭਾ ਦੀ ਸਥਾਪਨਾ ਹੋਈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਚਮਲ ਲਾਲ ਦੇ ਸ਼ਬਦਾਂ ਵਿਚ–

"ਇਹ ਦਿਲਚਸਪੀ ਵਾਲੀ ਗੱਲ ਹੈ ਕਿ ਐਨ ਬੀ ਐਸ ਨੇ ਬਾਲ ਭਾਰਤ ਸਭਾ ਬਣਾਉਣ ਵਿਚ ਸਹਾਇਤਾ ਦਿੱਤੀ, ਜਿਹੜੀ ਸਕੂਲ ਦੇ ਬਚਿਆ ਦੀ (12 ਤੋਂ 16 ਸਾਲ ਦੀ ਉਮਰ ਤਕ) ਸਭਾ ਸੀ। ਕਿਸੇ ਇਤਿਹਾਸਕਾਰ ਨੇ ਅੱਜੇ ਤਕ ਸੁਤੰਰਤਾ ਸੰਗ੍ਰਾਮ ਦੇ ਇਸ ਮਹੱਤਵਪੂਰਨ ਅਤੇ ਦਿਲਸਪ ਪੱਖ ਵੱਲ ਧਿਆਨ ਨਹੀਂ ਦਿੱਤਾ ਹੈ। ਬਾਲ ਭਾਰਤ ਸਭਾ, ਅੰਮ੍ਰਿਤਸਰ ਦੇ ਪ੍ਰਧਾਨ,

ਜਿਸਦੀ ਉਮਰ ਕੇਵਲ 11 ਸਾਲ ਦੀ ਸੀ, ਨੂੰ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਹੋਈ ਸੀ। ਅਤੇ ਯਸ਼, ਜਿਹੜਾ ਕੇਵਲ 10 ਸਾਲ ਦਾ ਸੀ, ਜਿਸਨੇ ਮਗਰੋਂ ਜਾ ਕੇ ਦੈਨਿਕ ਅਖ਼ਬਾਰ ਮਿਲਾਪ ਦਾ ਐਡੀਟਰ ਬਣਨਾ ਸੀ, ਬਾਲ ਭਾਰਤ ਸਭਾ ਦਾ ਸੈਕਟਰੀ ਸੀ। ਉਸ ਉਪਰ ਤਿੰਨ ਦੋਸ਼ਾਂ ਲਈ ਮੁਕੱਦਮਾ ਚਲਾਇਆ ਗਿਆ ਸੀ, ਸਮੇਤ ਲਾਹੌਰ ਸ਼ਹਿਰ ਦੀ ਕਾਂਗਰਸ ਅਤੇ ਐਨ ਬੀ ਐਸ ਦੀ ਸਹਾਇਤਾ ਕਰਨ ਲਈ। ਉਹਨਾਂ ਦਿਨਾਂ ਵਿਚ 1192 ਨਿੱਕੀ ਉਮਰ ਦੇ ਬੱਚਿਆਂ, ਪੰਦਰਾਂ ਸਾਲ ਤੋਂ ਹੇਠਾਂ ਦੇ, ਨੂੰ ਉਹਨਾਂ ਦੀਆਂ ਸਿਆਸੀ ਗਤੀਵਿਧੀਆਂ ਲਈ ਸਜ਼ਾ ਸੁਣਾਈ ਗਈ ਸੀ। ਬਾਲ ਭਾਰਤ ਸਭਾ ਦੇ ਇਲਾਵਾ, ਬਾਲ ਸਟੂਡੈਂਟਸ ਯੂਨੀਅਨ ਵੀ ਉਹਨਾਂ ਦਿਨਾਂ ਵਿਚ ਬਹੁਤ ਸਰਗਰਮ ਸੀ। ਉਸ ਸਮੇ ਭਗਤ ਸਿੰਘ ਨੇ ਪੰਜਾਬ ਦੇ ਨੌਜਵਾਨਾਂ ਨੂੰ ਹੀ ਨਹੀ ਇਹਨਾਂ ਜਥੇਬੰਦੀਆਂ ਵੱਲ ਨੇੜੇ ਲਿਆਂਦਾ, ਲਾਹੌਰ ਸਿਟੀ ਕਾਂਗਰਸ ਵੀ ਉਸ ਦੀ ਮਿਕਨਾਤੀਸੀ ਖਿੱਚ ਤੋਂ ਬਚ ਨਹੀਂ ਸਕੀ। ਲਾਲਾ ਲਾਜਪਤ ਰਾਏ ਦਾ ਪੋਤਾ, ਬਲਦੇਵ ਰਾਜ, ਬਾਲ ਸਟੂਡੈਂਟਸ ਯੂਨੀਅਨ ਦਾ ਸੈਕਟਰੀ ਸੀ, ਅਤੇ ਦਯੋਨਤ ਰਾਏ, ਇਸਦਾ ਪ੍ਰਧਾਨ। ਇਸ ਪ੍ਰਕਾਰ ਦੀ ਦੇਸ਼ ਭਗਤੀ ਦੀ ਭਾਵਨਾ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਉਹਨਾਂ ਦਿਨਾਂ ਵਿਚ ਪੈਦਾ ਕਰ ਦਿੱਤੀ ਹੋਈ ਸੀ।[230]

ਤੀਸਰਾ, ਇਹ ਸੱਚ ਨਹੀਂ ਹੈ ਕਿ ਇਨਕਲਾਬੀ ਥਿਊਰੀ ਅਤੇ ਪ੍ਰੈਕਟਿਸ ਵਿਚਲਾ ਫਰਕ ਸਮਝਣ ਵਿਚ ਅਸਫ਼ਲ ਰਹੇ ਸੀ ਜਾਂ ਮਾਰਕਸਿਜ਼ਮ ਵਿਚ ਵਿਅਕਤੀਗਤ ਕਾਰਵਾਈ ਲਈ ਕੋਈ ਨਹੀਂ ਹੈ। ਲੈਨਿਨ ਵਰਗਾ ਮਹਾਨ ਵਿਅਕਤੀ, ਆਪਣੇ ਲੇਖਾਂ –ਗੁਰੀਲਾ ਜੰਗ" ਅਤੇ "ਫ਼ਾਰਮਜ਼ ਆਫ਼ ਵਰਕਿੰਗ ਕਲਾਸ ਮੂਵਮੈਂਟ" ਵਿਚ ਬਿਲਕੁਲ ਸਹੀ ਲਿਖਦਾ ਹੈ ਤੇ ਸਾਰੇ ਹੀ ਸੰਘਰਸ਼ ਦੇ ਢੰਗਾਂ ਨੂੰ ਆਪਸ ਵਿਚ ਮਿਲਾਉਣ ਦੀ ਲੋੜ 'ਤੇ ਅਤੇ ਇਕ ਢੰਗ ਤੋਂ ਦੂਸਰੇ ਢੰਗ ਦੀ ਥਾਂ ਜੈਸੀ ਤਬਦੀਲੀ 'ਤੇ, ਜੈਸੀ ਸਮੇਂ ਦੀ ਲੋੜ ਹੋਵੇ, ਜ਼ੋਰ ਦਿੰਦਾ ਹੈ – ਐਸੀ ਚੀਜ਼ ਜਿਹੜੀ ਉਹ ਮਾਰਕਸਿਸਟ ਸਮਝ ਹੀ ਨਹੀਂ ਸਕੇ, ਜਿਹਨਾਂ ਨੇ ਪ੍ਰਣ ਕਰ ਲਿਆ ਸੀ ਕਿ ਹਿੰਸਕ ਢੰਗ ਸੰਘਰਸ਼ ਵਿਚ ਨਹੀਂ ਵਰਤਣੇ ਅਤੇ ਜਿਹੜੇ ਹਰ ਹਿੰਸਕ ਵਰਤੋਂ ਨੂੰ ਦਹਿਸ਼ਤਗਰੀ ਗਿਣਦੇ ਹਨ। ਥਿਊਰੀ ਤੋਂ ਪ੍ਰੈਕਟਿਸ ਨੂੰ ਵੱਖਰਾ ਕਰਨਾ ਤਾਂ ਇਕ ਪਾਸੇ ਰਿਹਾ, ਇਨਕਲਾਬੀਆਂ ਦੀ ਵਿਚਾਰਧਾਰਾ, ਕਾਰਵਾਈਆਂ, ਜਿਵੇਂ ਅਸੀਂ ਦੇਖਾਂਗੇ, ਵਿਚ ਇਹ ਸ਼ਕਤੀਸ਼ਾਲੀ ਤੱਤ ਸਮਾਇਆ ਹੋਇਆ ਸੀ।

ਇਸ ਵਿਵਾਦ ਦੇ ਸੰਬੰਧ ਵਿਚ, ਆਸੀ ਸਾਥੀ ਪੀ ਐਮ ਐਸ ਗਰੇਵਾਲ, ਸੈਂਟਰਲ ਕਮਿਉਨਿਸਟ ਪਾਰਟੀ (ਮ) (ਸੀ ਪੀ ਐਮ) ਦੇ ਮੈਂਬਰ, ਨਾਲ ਦਲੀਲ ਕਰਨ 'ਤੇ ਮਜਬੂਰ ਹੋ ਗਏ ਹਾਂ, ਜਿਹੜਾ ਹੁਣ ਆਪਣੀ ਭਗਤ ਸਿੰਘ ਬਾਰੇ ਛਪੀ ਪੁਸਤਕ ਵਿਚ ਕਹਿੰਦਾ ਹੈ – *"ਭਾਵੇਂ ਇਹ ਪ੍ਰਸਪਰ ਵਿਰੋਧੀ ਹੀ ਦਿਸੇ, ਸੱਚ ਤਾਂ ਇਹ ਹੈ ਕਿ ਭਗਤ ਸਿੰਘ ਨੂੰ ਆਮ ਲੋਕਾਂ ਵਿਚ ਇਕ ਪ੍ਰੇਰਣਾ ਸ੍ਰੋਤੀ ਚਿੰਨ ਮੰਨਿਆ ਜਾਂਦਾ ਹੈ, ਉਹਨਾਂ ਕੰਮਾ ਕਰਕੇ ਜਿਹੜੇ ਵਿਅਕਤੀਗਤ ਦਹਿਸ਼ਤਗਰਦੀ ਦੇ ਕੰਮ ਸਨ। ਜਦ ਆਮ ਲੋਕ ਭਗਤ ਸਿੰਘ ਨੂੰ ਯਾਦ ਕਰਦੇ ਹਨ ਤਾਂ ਸਾਂਡਰਸ ਦੇ ਗੋਲੀ ਮਾਰਨ, ਅਤੇ ਅਸੈਂਬਲੀ ਵਿਚ ਸੁਟੇ ਬੰਬ ਅਤੇ ਇਸੇ ਸੰਬੰਧ ਵਿਚ ਉਸਦੀ ਸ਼ਹੀਦੀ ਨੂੰ ਯਾਦ ਕਰਦੇ ਹਨ।"*[231] ਇਸ ਪ੍ਰਸਪਰ ਵਿਰੋਧ ਦਾ ਤਸੱਲੀਬਖ਼ਸ਼ ਜਵਾਬ ਨਾ ਦੇ ਸਕਣ ਕਰਕੇ, ਉਹ ਅੱਗੇ ਹੋਰ ਮੁਸ਼ਕਿਲ ਵਿਚ ਫਸ ਜਾਂਦਾ ਹੈ ਜਦ ਉਹ ਹੋਰ ਹਾਸੋ ਹੀਣੇ ਪ੍ਰਸਪਰ ਵਿਰੋਧ ਵਿਚ ਕਹਿੰਦਾ ਹੈ – *"ਇਸ ਰਾਹ 'ਤੇ ਚੱਲ ਕੇ ਭਾਰਤ ਬਸਤੀਵਾਦੀ ਗੁਲਾਮੀ ਤੋਂ ਮੁਕਤ ਨਹੀਂ ਹੋ ਸਕਦਾ ਸੀ ਪਰ ਇਸਦੀ ਭੂਮਿਕਾ – ਲੋਕਾਂ ਨੂੰ ਪ੍ਰੇਰਿਤ ਕਰਨ, ਵਿਸ਼ੇਸ਼ ਕਰ ਨੌਜਵਾਨਾ ਨੂੰ, ਆਜ਼ਾਦੀ ਦੇ ਸੰਘਰਸ਼ ਵਿਚ ਸ਼ਾਮਿਲ ਹੋਣ ਲਈ – ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।"*

ਇਸ ਪ੍ਰਕਾਰ ਇਕ ਪਾਸੇ ਉਹ ਕਹਿੰਦਾ ਹੈ ਕਿ ਵਿਅਕਤੀਗਤ ਦਹਿਸ਼ਤ ਦੇ ਕੰਮ ਜਿਸਦੇ ਭਗਤ ਸਿੰਘ ਅਤੇ ਉਸਦੇ ਸਾਥੀ ਕਸੂਰਵਾਰ ਸਨ, ਭਾਰਤ ਨੂੰ ਆਜ਼ਾਦੀ ਨਹੀਂ ਦੁਆ ਸਕਦੇ ਸੀ, ਜਿਹੜੇ, ਉਸਦੇ ਵਿਚਾਰ ਵਿਚ, ਆਜ਼ਾਦੀ ਦੇ ਸੰਘਰਸ਼ ਵਿਚ ਰੁਕਾਵਟ ਪਾਉਂਦੇ ਸਨ, ਪਰ, ਦੂਸਰੇ ਪਾਸੇ, ਇਹਨਾਂ ਕੰਮਾਂ ਦੀ ਭੂਮਿਕਾ ਬਾਰੇ ਆਮ ਲੋਕਾਂ ਨੂੰ ਇਸ ਸੰਘਰਸ਼ ਨਾਲ ਜੋੜਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ – ਇਸ ਪ੍ਰਕਾਰ ਇਹਨਾਂ ਕੰਮਾਂ ਨੇ ਆਜ਼ਾਦੀ ਦੇ ਸੰਘਰਸ਼ ਨੂੰ ਅੱਗੇ ਵਧਣ ਵਿਚ ਵੱਡੀ ਸਹਾਇਤਾ ਦਿੱਤੀ ਹੈ। ਸਾਥੀ ਗਰੇਵਾਲ ਦੀ ਦਲੀਲ ਗੋਲਮੋਲ ਜਿਹੀ ਹੈ – ਇਕ ਪਾਸੇ ਇਹ ਇਨਕਾਰ ਨਹੀਂ ਕੀਤਾ ਜਾ ਸਕਦਾ, ਅਤੇ ਦੂਸਰੇ ਪਾਸੇ, ਇਹ ਜ਼ਰੂਰ ਮੰਨਣਾ ਚਾਹੀਦਾ ਹੈ। ਅੰਤ ਵਿਚ ਉਹ ਇਹ ਮੰਨਣ ਲਈ ਮਜਬੂਰ ਹੋ ਜਾਂਦਾ ਹੈ ਕਿ "ਉਹਨਾਂ ਵਿਸ਼ੇਸ਼ ਹਾਲਾਤ ਵਿਚ ਇਹ ਕੰਮ ਜੋ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਕੀਤੇ. . . ਨਾਲ ਉਹਨਾਂ ਨੂੰ ਸੂਰਵੀਰਤਾ ਅਤੇ ਪ੍ਰੇਰਨਾ ਦਾਇਕ ਰੰਗਤ ਮਿਲੀ।" ਦੂਸਰੇ ਸ਼ਬਦਾਂ ਵਿਚ, ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਕੰਮ ਸਹੀ ਸਨ, ਸਮਕਾਲੀ ਹਾਲਾਤ ਦੇ ਮੁਤਾਬਿਕ ਸਨ ਅਤੇ ਨਿਸ਼ਚੇ ਹੀ ਸੂਰਵੀਰਤਾ ਵਾਲੇ ਅਤੇ ਪ੍ਰੇਰਣਾਦਾਇਕ ਸਨ। ਜਦ ਐਸੀ ਗੱਲ ਹੈ ਸੀ, ਤਾਂ ਐਸਾ ਕਹਿਣ ਦਾ ਕੀ ਲਾਭ ਸੀ ਕਿ ਇਹ *ਵਿਅਕਤੀਗਤ ਦਹਿਸ਼ਤਗਰਦੀ ਦੇ ਕੰਮ ਸਨ?* ਆਖ਼ਰਕਾਰ ਸਾਥੀ ਗਰੇਵਾਲ ਇਹ ਵਾਕ ਹੋਰ ਜੋੜਦਾ ਹੈ, ਜਿਵੇਂ ਆਪਣੀ ਪੁਜ਼ੀਸਨ ਨੂੰ ਦਹਿਸ਼ਤਗਰਦੀ ਦੀ ਹਿਮਾਇਤ ਕਰਨ ਦੇ ਇਲਜ਼ਾਮਾਂ ਤੋਂ ਮਹਿਫ਼ੂਜ ਕਰਨ ਹਿਤ। "ਕਈ ਵੀ ਸਾਧਾਰੀਕਰਨ ਕਰਨਾ ਕਿ ਦਹਿਸ਼ਤਗਰਦੀ ਦੇ ਕੰਮ ਹਰ ਹਾਲਤ ਵਿਚ ਪ੍ਰੇਰਣਾਦਾਇਕ ਹੋ ਸਕਦੇ ਹਨ, ਕੇਵਲ ਬੇਪੇਂਦੇ ਦੇ ਲੋਟੇ ਵਾਲੀ ਗੱਲ ਹੈ।"[232]

ਸਾਨੂੰ ਇਹ ਪਤਾ ਨਹੀਂ ਕਿ ਆਂਟ (ਮਾਸੀ?) ਸੈਲੀ ਦਾ ਕਿਸ ਵੱਲ ਇਸ਼ਾਰਾ ਹੈ, ਕਿਉਂਕਿ ਕਮਿਉਨਿਸਟ ਲਹਿਰ ਵਿਚ ਕੋਈ ਵੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਕੰਮਾਂ ਦਾ ਕੋਈ ਸਾਧਾਰੀਕਰਨ ਨਹੀਂ ਕਰਦੇ ਕਿ ਹਿੰਸਾ ਦੇ ਸਾਰੇ ਕੰਮ ਸੂਰਬੀਰਤਾ ਅਤੇ ਪ੍ਰੇਰਣਾ ਭਰਪੂਰ ਸਨ।

ਸਚਾਈ ਤਾਂ ਇਹ ਹੈ ਕਿ ਆਪਣੇ ਕਾਰਜਾਂ ਦੁਆਰਾ, ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਆਪਣੇ ਨਾਅਰਿਆਂ, ਵਿਚਾਰਧਾਰਾ ਅਤੇ ਪੁਲਿਟੀਕਲ ਥਿਊਰੀ ਨੂੰ – ਇਨਕਲਾਬ ਜ਼ਿੰਦਾਬਾਦ, ਸਮਾਜਵਾਦ ਅਤੇ ਲੋਕਾਂ ਦੀ ਆਜ਼ਾਦੀ ਨਾਲ ਜੋੜ ਦਿੱਤਾ ਸੀ – ਜਦ ਕਿ ਇਸਦੇ ਉਲਟ, ਗਾਂਧੀ ਦਾ ਅਹਿੰਸਾ ਦਾ ਸੰਕਲਪ ਅਤੇ ਸਾਮਰਾਜ ਅਤੇ ਬੁਰਜੁਆ ਜਾਗੀਰਦਾਰੀ ਨਾਲ ਸਮਝੌਤਾ ਕਰਨਾ ਸੀ – ਅਤੇ ਇਕ ਐਸੀ ਸ਼ਕਤੀ ਪੈਦਾ ਕਰ ਸਕੀ ਸੀ ਜਿਸ ਨੇ ਆਮ ਲੋਗਾਂ 'ਤੇ ਪਕੜ ਪ੍ਰਾਪਤ ਕਰ ਲਈ ਸੀ। ਉਹਨਾਂ ਦੀਆਂ ਇਸ ਪ੍ਰਕਾਰ ਦੀਆਂ ਕਾਰਵਾਈਆਂ ਨਾਲ ਲੋਕਾਂ 'ਤੇ ਬਿਜਲੀ ਦੀ ਲਹਿਰ ਵਰਗਾ ਅਸਰ ਹੋਇਆ ਸੀ। ਲਾਲਾ ਲਾਜਪਤ ਰਾਏ ਦੀ ਮੌਤ ਦੇ ਮਗਰੋਂ ਦਾ ਉਹਨਾਂ ਦਾ ਐਲਾਨ, ਜਿਸ ਵਿਚ ਉਹਨਾਂ ਨੇ ਕਿਹਾ ਸੀ "ਦੁਨੀਆਂ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਭਾਰਤ ਅਜੇ ਜਿਉਂਦਾ ਹੈ, ਕਿ ਭਾਰਤੀ ਨੌਜਵਾਨਾਂ ਦਾ ਖ਼ੂਨ ਠੰਢਾ ਨਹੀਂ ਹੋਇਆ ਹੈ ਅਤੇ ਉਹ ਆਪਣੀਆਂ ਜਾਨਾਂ ਨੂੰ ਖਤਰੇ ਵਿਚ ਪਾ ਸਕਦੇ ਹਨ ਜੇ ਉਹਨਾਂ ਦੇ ਦੇਸ਼ ਦੀ ਇੱਜ਼ਤ ਨੂੰ ਖ਼ਤਰਾ ਬਣ ਜਾਵੇ.. . . . " ਨਾਲ ਸਾਰਾ ਦੇਸ ਇਸ ਤਰ੍ਹਾਂ ਜਾਗ ਪਿਆ ਸੀ ਜਿਵੇਂ ਪਹਿਲਾਂ ਕਦੇ ਨਹੀਂ ਜਾਗਿਆ ਸੀ। ਸਾਰੇ ਦੇਸ ਦੇ ਵਾਸੀਆਂ ਦਾ ਹੁੰਗਾਰਾ ਬੇਮਿਸਾਲ ਸੀ ਇਸੇ ਲਈ ਕਿ ਇਸਦਾ ਬੇਮਿਸਾਲੀ ਤੌਰ ਤੇ ਬਹੁਤ ਵੱਡਾ ਸਿਆਸੀ ਅਰਥ ਸੀ।

ਜਿੱਥੇ ਤਕ ਅਸੈਂਬਲੀ ਵਿਚ ਬੰਬ ਦਾ ਸਵਾਲ ਹੈ, ਕਿਸੇ ਤਰ੍ਹਾਂ ਵੀ ਇਹ ਵਿਸ਼ੇਸ਼ਣ

"ਦਹਿਸ਼ਤਗਰਦ" ਉਹਨਾਂ ਦੇ ਨਾਮ ਨਾਲ ਨਹੀਂ ਜੋੜਿਆ ਜਾ ਸਕਦਾ, ਕਿਉਂਕਿ ਨਾ ਤਾਂ ਉਹਨਾਂ ਦੀ ਮਨਸ਼ਾ ਸੀ ਅਤੇ ਨਾ ਹੀ ਉਹਨੇਂ ਕਿਸੇ ਨੂੰ ਕੋਈ ਨੁਕਸਾਨ ਪੁਚਾਇਆ ਸੀ। ਉਹ ਤਾਂ ਇਕ ਪ੍ਰਕਾਰ ਦਾ ਨਾਟਕੀ ਰੋਸ ਪ੍ਰਗਟਾਵਾ ਸੀ ਬ੍ਰਿਟਿਸ਼ ਸਰਕਾਰ ਦੀਆਂ ਕਮਿਉਨਿਸਟ ਵਿਰੋਧੀ ਅਤੇ ਪ੍ਰੋਲੇਤਾਰੀ ਵਿਰੋਧੀ ਨੀਤੀਆਂ ਦੇ ਖ਼ਿਲਾਫ਼। ਇਸ ਤੋਂ ਵੱਧ ਇਹ ਕਿ, ਇਹ ਸਾਰੇ ਕੰਮ ਉਹਨਾਂ ਦੀ ਪਾਰਟੀ ਐਚ ਐਸ ਆਰ ਏ ਦੇ ਹੁਕਮ ਅਤੇ ਨਿਗਰਾਨੀ ਹੇਠ ਕੀਤੇ ਗਏ ਸਨ। ਸਾਰੇ ਹੀ ਮੰਤਵ ਜਿਹੜੇ ਇਸ ਕਾਰਜ ਨਾਲ ਪ੍ਰਾਪਤ ਕਰਨੇ ਸਨ ਪੂਰੀ ਤਰ੍ਹਾਂ ਪ੍ਰਾਪਤ ਹੋ ਗਏ ਸਨ। ਉਹਨਾਂ ਨੇ ਆਪਣੇ ਉਪਰ ਚੱਲੇ ਮੁਕੱਦਮੇ ਨੂੰ ਸਰਕਾਰ ਉੱਪਰ ਮੁਕਦੱਮੇ ਦੀ ਕਾਰਵਾਈ ਵਜੋਂ ਬਦਲ ਦਿੱਤਾ, ਅਤੇ ਅਦਾਲਤ ਨੂੰ ਸਰਕਾਰ ਦੇ ਜੁਰਮਾਂ, ਬ੍ਰਿਟਿਸ਼ ਸਾਮਰਾਜਵਾਦ ਦੇ ਜ਼ੁਲਮਾਂ ਨੂੰ ਨੰਗੇ ਕਰਨ ਹਿਤ ਵਰਤਿਆ ਅਤੇ ਨਾਲ ਹੀ ਕਮਿਉਨਿਜ਼ਮ ਅਤੇ ਪ੍ਰੋਲੇਤਾਰੀ ਅੰਤਰ-ਰਾਸ਼ਟਰੀਵਾਦ ਲਈ ਇਸਤਮਾਲ ਕੀਤਾ। ਇਹ ਉਹਨਾਂ ਦਾ ਪਿਆਰ ਸੀ, ਅਤੇ ਸਮਰਪਣ ਸੀ, ਕਿਰਤੀ ਸ਼੍ਰੇਣੀ ਲਹਿਰ, ਉਹਨਾਂ ਦੀ ਭਾਰਤ ਦੀ ਆਜ਼ਾਦੀ ਦੀ ਲਹਿਰ ਪ੍ਰਤੀ ਕਾਰਜ ਦੀ ਸ਼ਰਧਾ, ਨੌਜਵਨਾਂ ਅਤੇ ਬੁੱਧੀਜੀਵੀਆਂ ਪ੍ਰਤੀ – ਜੋ ਸਾਰੇ ਇਹਨਾਂ ਕੰਮਾਂ ਦਾ ਭਾਵ ਸਮਝਦੇ ਸਨ ਅਤੇ ਇਸੇ ਲਈ ਉਹ ਇਹਨਾਂ ਕੰਮਾਂ ਦਾ ਸਵਾਗਤ ਕਰਦੇ ਸਨ ਬੜੀ ਵੱਡੀ ਜੋਸ਼ ਖ਼ਰੋਸ਼ੀ ਦੇ ਨਾਲ। ਇਹੀ ਆਮ ਲੋਕਾਂ ਵੱਲੋਂ ਮਿਲਿਆ ਹੁੰਗਾਰਾ ਸੀ ਜਿਸਨੇ ਆਪਣੀ ਵਾਰੀ ਵਿਚ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਉਹਨਾਂ ਦੇ ਗਿਰਦ ਚਾਨਣ-ਚੱਕਰ ਉਲੀਕ ਕੇ ਸਨਮਾਨ ਕੀਤਾ, ਜਿਸਦੇ ਉਹ ਸਭ ਵੱਡੇ ਮਹਾਨ ਢੰਗ ਨਾਲ ਅਧਿਕਾਰੀ ਸਨ ਅਤੇ ਰਹਿਣਗੇ ਵੀ।

ਹੋਰ ਤਾਂ ਹੋਰ, ਨਹਿਰੂ ਵੀ ਭਗਤ ਸਿੰਘ ਦੇ ਕਾਰਨਾਮਿਆਂ ਤੋਂ, ਉਸਦੇ ਅਦਾਲਤ ਵਿਚ ਵਿਹਾਰ ਤੋਂ ਦ੍ਰਵਿਆ ਗਿਆ ਸੀ ਐਥੋਂ ਤਕ ਕਿ ਉਸਨੇ ਭਗਤ ਸਿੰਘ ਬਾਰੇ ਹੇਠ ਦਿੱਤੀਆਂ ਪ੍ਰਸ਼ੰਸ਼ਾ ਦੀਆ ਸਤਰਾਂ ਲਿਖੀਆਂ ਸਨ–

*"ਉਹ (ਭਗਤ ਸਿੰਘ) ਐਸਾ ਸਪੱਸ਼ਟ ਲੜਾਕੂ ਸੀ ਜਿਸਨੇ ਆਪਣੇ ਦੁਸ਼ਮਣ ਦਾ ਮੁਕਾਬਲਾ ਖੁੱਲੇ ਮੈਦਾਨ ਵਿਚ ਕੀਤਾ। ਉਹ ਜਵਾਨ ਲੜਕਾ ਸੀ ਜਿਸ ਵਿਚ ਦੇਸ਼ ਪਿਆਰ ਦੀ ਜਵਾਲਾ ਭੜਕ ਰਹੀ ਸੀ। ਉਹ ਇਕ ਚਿੰਗਾਰੀ ਵਰਗਾ ਸੀ ਜਿਹੜੀ ਥੋੜੇ ਸਮੇਂ ਵਿਚ ਭਾਂਬੜ ਬਣ ਗਈ ਸੀ ਅਤੇ ਦੇਸ਼ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਫੈਲ ਗਈ ਸੀ ਅਤੇ ਹਰ ਥਾਂ ਪਸਰੇ ਹਨ੍ਹੇਰੇ ਨੂੰ ਹਟਾ ਰਹੀ ਸੀ।"*

ਅਸਲ ਵਿਚ ਸਾਥੀ ਗਰੇਵਾਨ ਨੇ ਵੀ, ਆਪਣੀ ਪੁਸਤਕ ਦੀ ਭੂਮਿਕਾ ਵਿਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕੀਤੀ ਸੀ ਉਹਨਾਂ ਦੀ 'ਬਿਨਾ ਕਿਸੇ ਸਮਝੌਤੇ ਵਾਲੀ ਬਸਤੀਵਾਦੀ ਧੱਕੇਸ਼ਾਹੀ ਪ੍ਰਤੀ ਨਫ਼ਰਤ ਵਾਸਤੇ, ਸ਼ਬਦਾਂ ਦੁਆਰ ਵੀ ਅਤੇ ਕਰਮਾਂ ਦੁਆਰਾ ਵੀ, ਜਿਸਨੇ ਕਰੋੜਾਂ ਸਮਕਾਲੀਆਂ ਨੂੰ ਹਿੰਮਤ ਅਤੇ ਪ੍ਰੇਰਣਾ ਪ੍ਰਦਾਨ ਕੀਤੀ ਤਾਂ ਜੋ ਉਹ ਸੁਤੰਤਰਤਾ ਸੰਗ੍ਰਾਮ ਵਿਚ ਕੁੱਦ ਪੈਣ। ਉਹਨਾਂ ਦਾ ਸਾਮਰਾਜ ਵਿਰੋਧੀ ਕਾਰਜ ਸਾਰਿਆਂ ਨੂੰ ਹੀ ਪ੍ਰੇਰਿਤ ਕਰ ਰਿਹਾ ਹੈ ਜਿਹੜੇ ਸਾਮਰਾਜੀ ਸੋਸ਼ਣ ਅਤੇ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੱਜ ਤਕ ਦੀ ਸਾਮਰਾਜ ਵਿਰੋਧੀ ਲੜਾਈ ਇਨਕਲਾਬੀਆਂ ਦੀਆਂ ਯਾਦਾਂ ਅਤੇ ਉਹਨਾਂ ਦੇ ਕੰਮਾਂ ਨੂੰ ਲੋਕਾਂ ਵਿਚ ਜਾਗ੍ਰਤੀ ਲਿਆਉਣ ਲਈ ਯਾਦ ਕੀਤਾ ਜਾਂਦਾ ਹੈ।"[233]

ਇਹ ਬਿਲਕੁਲ ਠੀਕ ਹੈ, ਪਰ ਇਹ ਉਸਦੇ ਬਿਆਨ ਜਿਹੜਾ ਉਸਨੇ ਆਪਣੀ ਉਪਰੋਕਤ

ਪੁਸਤਕ ਵਿਚ ਦਿੱਤਾ ਇਸਦੇ ਬਿਲਕੁਲ ਉਲਟ ਹੈ, ਜਿਸਦੇ ਅਨੁਸਾਰ ਭਗਤ ਸਿੰਘ ਨੂੰ ਇਕ ਪ੍ਰੇਰਣਾਦਾਇਕ ਚਿਨ੍ਹ ਵਾਂਗ ਯਾਦ ਕੀਤਾ ਜਾਂਦਾ ਹੈ, ਸਪੱਸ਼ਟ ਹੈ ਉਹਨਾਂ ਕੰਮਾਂ ਕਰਕੇ ਜਿਹੜੇ ਦਹਿਸ਼ਤ.ਗਦੀ ਕਹੇ ਜਾ ਸਕਦੇ ਹਨ – ਉਹ ਕਹਿੰਦਾ ਹੈ, ਇਕ ਐਸਾ ਰਾਹ, ਭਾਰਤ ਨੂੰ ਵਿਦੇਸ਼ੀ ਸਾਮਰਾਜ ਦੀ ਗ਼ੁਲਾਮੀ ਤੋਂ ਆਜ਼ਾਦ ਨਹੀਂ ਕਰਾ ਸਕਦਾ ਸੀ। " ਜਦ ਇਹ ਸੀ ਤਾਂ ਫੇਰ ਕਿਉਂ ਸਾਮਰਾਜ ਵਿਰੋਧੀ ਸੰਘਰਸ਼ ਵਿਚ ਇਹਨਾਂ ਇਨਕਲਾਬੀ ਯੋਧਿਆਂ, ਵਿਸੇਸ਼ ਕਰਕੇ ਭਗਤ ਸਿੰਘ, ਨੂੰ ਸ਼ਕਤੀਸ਼ਾਲੀ ਚਿੰਨ੍ਹ ਮੰਨਿਆ ਜਾਂਦਾ ਹੈ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸੰਘਰਸ਼ ਵਿਚ ਸ਼ਾਮਿਲ ਹੋਣ ਲਈ? ਉਸ ਹਾਲਤ ਵਿਚ ਤਾਂ ਜ਼ਰੂਰ ਇਹੀ ਚੰਗਾ ਹੁੰਦਾ ਕਿ ਸਾਰਿਆਂ ਨੂੰ ਇਸ ਸੰਘਰਸ਼ ਨਾਲ ਜੁੜੇ ਹੋਏ ਹਨ, ਸੂਚਿਤ ਕੀਤਾ ਜਾਂਦਾ ਕਿ ਭਗਤ ਸਿੰਘ ਦਾ ਰਾਹ ਨਾ ਫੜੋ, ਕਿਉਂਕਿ ਇਹ ਕਦੇ ਆਜ਼ਾਦੀ ਪ੍ਰਾਪਤੀ, ਅਤੇ ਵੇਜ-ਸਲੇਵਰੀ (ਭਾੜੇ ਦੀ ਗੁਲਾਮੀ) ਤੋਂ ਮੁਕਤੀ ਦਾ ਰਾਹ ਨਹੀਂ ਬਣ ਸਕਦਾ। ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਭੂਮਿਕਾ ਬਾਰੇ ਇਸਦੇ ਪ੍ਰਸਪਰ ਵਿਰੋਧੀ ਵਿਚਾਰਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਜਿੱਥੇ ਉਹ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਕੰਮਾਂ ਨਾਲ ਸਹਿਮਤ ਹੈ, ਸਾਥੀ ਗਰੇਵਾਲ ਕੁਝ ਬਨਾਉਟੀ ਮਾਰਕਸੀਆਂ ਦੇ ਨਾਂ 'ਤੇ ਅਤੇ ਆਪਣੀ ਪਾਰਟੀ ਦੇ ਕੁਝ ਵਰਗਾਂ ਨੂੰ ਖ਼ੁਸ਼ ਕਰਨ ਲਈ, ਇਹਨਾਂ ਕੰਮਾ ਨੂੰ ਵਿਆਕਤੀਗਤ ਦਹਿਸ਼ਤਗਰਦੀ ਕਹਿਣ ਤੇ ਮਜਬੂਰ ਹੋ ਜਾਂਦਾ ਹੈ, ਜਿਹਨਾਂ ਦੁਆਰਾ ਕਦੇ ਵੀ ਆਜ਼ਾਦੀ ਨਹੀਂ ਆ ਸਕਦੀ ਸੀ, ਜਾਂ ਹੋਰ ਕਿਸੇ ਕਿਸਮ ਦੀ ਗੁਲਾਮੀ ਤੋਂ ਮੁਕਤੀ।

ਜੇ ਭਗਤ ਸਿੰਘ ਦਹਿਸ਼ਤਗਰਦ ਨਹੀਂ ਸੀ, ਉਹ ਬਿਲਕੁਲ ਨਿਰਾਸ਼ ਹੋਇਆ ਹੋਇਆ ਇਨਸਾਨ ਵੀ ਨਹੀਂ ਸੀ। ਉਹਨਾਂ ਨੂੰ ਜਵਾਬ ਦੇਣ ਲਈ ਜਿਹੜੇ ਭਗਤ ਸਿੰਘ ਦੇ ਕੰਮਾਂ ਨੂੰ ਉਸਦੀ ਮਾਯੂਸੀ ਦੀ ਉਪਜ ਕਹਿੰਦੇ ਹਨ, ਸਾਥੀ ਵਰਮਾ ਨੇ ਠੀਕ ਕਿਹਾ ਸੀ ਕਿ "ਭਗਤ ਸਿੰਘ ਨੇ ਕਦੇ ਵੀ ਕੋਈ ਵੱਡਾ ਕਦਮ ਐਚ ਆਰ ਐਸ ਏ ਦੀ ਕੇਂਦਰੀ ਕਮੇਟੀ ਨੂੰ ਭਰੋਸੇ ਵਿਚ ਲਏ ਬਿਨਾ ਨਹੀਂ ਲਿਆ ਸੀ" ਅਤੇ ਨਾਲ ਹੀ ਕਿਹਾ "ਇਹ ਅਸਫ਼ਲਤਾ ਅਤੇ ਨਿਰਾਸ਼ਾ ਦੀ ਥਿਊਰੀ ਅਸੈਂਬਲੀ ਵਾਲਾ ਸਾਰੇ ਐਕਸ਼ਨ ਦੇ ਸਿਆਸੀ ਪੱਖ ਨੂੰ ਠੱਗ ਲੈਂਦੀ ਹੈ ਅਤੇ ਇਸਨੂੰ ਕੇਵਲ ਨਿਰਾਸ਼ਾ ਦੀ ਉਪਜ ਕਹਿ ਕੇ ਛੁਟਿਆ ਦਿੰਦੀ ਹੈ।"[234]

ਭਗਤ ਸਿੰਘ ਦੀਆਂ ਲਿਖਤਾਂ ਦੀ ਭੂਮਿਕਾ ਲਿਖਦੇ ਹੋਏ ਸਵ. ਵੱਡੇ ਕਮਿਉਨਿਸਟ, ਬੀ ਟੀ ਰਨਦੀਵੇ, ਜਿਸਨੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਬਹੁਤ ਵੱਡੀ ਸ਼ਰਧਾਂਜਲੀ ਦਿੱਤੀ (ਹੇਠਾਂ ਲਿਖੀ ਜਾਂਦੀ ਹੈ) ਵੀ ਛੁਪੀ ਜਿਹੀ ਟਿੱਪਣੀ ਕਰਨੋਂ ਨਹੀਂ ਰੁਕ ਸਕਿਆ ਸੀ ਕਿ ਭਗਤ ਸਿੰਘ ਦੇ ਵਿਅਕਤੀਗਤ ਕਾਰਵਾਈ ਵੱਲੋ ਬਦਲ ਕੇ ਸ਼੍ਰੇਣੀ ਸੰਘਰਸ਼ ਵੱਲ ਜਾਣ ਦੇ ਬਾਵਜੂਦ ਵੀ ਅਤੇ ਸਫਲਤਾ ਨਾਲ ਇਸ ਸਭ ਕੁਝ ਨੂੰ ਚਲ ਰਹੇ ਅੰਗਰੇਜ਼ਾਂ ਦੇ ਖ਼ਿਲਾਫ਼ ਕੌਮੀ ਸੰਘਰਸ਼ ਨਾਲ ਝੱਟ ਜੋੜਨ ਨਾਲ ਵੀ, ਉਸਦੇ ਮਨ ਵਿਚ ਇਹ ਟਕਰਾਅ ਹੀ ਰਿਹਾ – ਇਨਕਲਾਬੀ ਵਿਚਾਰਧਾਰਾ ਦੀ ਫੌਰੀ ਮੰਗ ਅਤੇ ਤੀਬਰ ਵਿਅਕਤੀਗਤ ਇੱਛਾ ਝੱਟ ਮਿਲਟਰੀ ਐਕਸ਼ਨ ਲੈਣ ਦੇ ਅਤੇ ਆਤਮ ਬਲੀਦਾਨ ਦੇਣ ਦੇਣ ਦੇ ਵਿਚਕਾਰ ਟਕਰਾਅ ਬਣਿਆ ਹੀ ਰਿਹਾ।"[235] ਫੇਰ ਉਹ ਇਕ ਸੰਪਾਦਕੀ ਲੇਖ 13 ਨਵੰਬਰ 1930 ਵਾਲੇ, ਜੋ ਵਰਕਰਜ਼ ਵੀਕਲੀਜ਼ ਕਮਿਉਨਿਸਟ ਪਾਰਟੀ ਦੇ ਪਰਚੇ ਵਿਚ ਛਪਿਆ ਸੀ, ਉਹ ਦਹਿਸ਼ਤ.ਗਰਦੀ ! ਨੂੰ ਵਿਅਕਤੀਗਤ ਬਦਲਾਖੋਰੀ ਕਹਿੰਦਾ ਹੈ, ਇਨਕਲਾਬ ਨਹੀਂ. . .ਐਨੀਆਂ ਸਾਰੀਆਂ ਜਾਨਾਂ ਦੀ ਅਫ਼ਸੋਸਨਾਕ ਬਰਬਾਦੀ। ਪਰ ਉਸੇ ਲੇਖ ਵਿਚ ਉਹ ਲੈਨਿਨ ਦਾ ਹਵਾਲਾ ਦਿੰਦਾ ਹੈ "ਵਿਅਕਤੀਗਤ ਦਹਿਸ਼ਤਗਰਦੀ ਦੀ ਕੁਝ

ਹਾਲਾਤ ਵਿਚ ਉਚਿਤਤਾ"– ਐਸੇ ਹਾਲਾਤ ਜੋ ਐਚ ਆਰ ਐਸ ਏ ਦੇ ਭਗਤ ਸਿੰਘ ਅਤੇ ਉਹਦੇ ਸਾਥੀਆਂ ਲਈ ਬਣੇ ਸਨ। ਅੱਗੇ ਚਲ ਕੇ ਰਨਦੀਵੇ ਕਹਿੰਦਾ ਹੈ "ਕਮਿਉਨਿਸਟ ਪਾਰਟੀ ਹਮੇਸ਼ਾ ਇਹਨਾਂ ਦੇਸ਼ਭਗਤਾਂ ਦੀਆ ਕੁਰਬਾਨੀਆਂ ਦੇ ਪਿੱਛੇ ਇਨਕਲਾਬੀ ਅਤੇ ਸਾਮਰਾਜ ਵਿਰੋਧੀ ਉਤਸਾਹ ਮੰਨਦੀ ਹੈ, ਉਹਨਾਂ ਦੇ ਵਿਅਕਤੀਗਤ ਐਕਸ਼ਨ ਅਤੇ ਹਾਲਾਤ ਦੇ ਜਾਇਜ਼ੇ ਨਾਲ ਅਸਹਿਮਤ ਹੁੰਦੇ ਹੋਏ।"[237] ਇਸ ਨਾਲ ਇਹ ਇਕ ਇਲਜ਼ਾਮ ਚੁੰਬੜਿਆ ਹੀ ਰਹਿੰਦਾ ਸੀ ਕਿ ਭਗਤ ਸਿੰਘ ਮਨ ਕਰ ਕੇ ਸੀ ਅਤੇ ਹੈ, ਇਕ ਪ੍ਰਕਾਰ ਦਾ ਦਹਿਸ਼ਤ ਗਰਦ। ਅਤੇ ਇਹ ਬਿਲਕੁਲ ਸਹੀ ਕਥਨ ਹੈ, ਜਿਹੜਾ ਇਸਦੇ ਉਲਟ, ਰਨਦੀਵੇ, ਉਸੇ ਭੂਮਿਕਾ ਵਿਚ ਸਿਰਫ਼ ਚਾਰ ਪੰਨੇ ਪਹਿਲਾਂ ਕਹਿੰਦਾ ਹੈ – "ਭਗਤ ਸਿੰਘ ਦੇ ਪਬਲਿਕ ਜੀਵਨ ਵਿਚ ਖੁੱਲ੍ਹ ਕੇ ਉੱਤਰਦੇ ਇਹ ਐਲਾਨ ਹੋਇਆ ਕਿ ਇਹ ਨੌਜਵਾਨ ਇਨਕਲਾਬੀ ਹੈ ਜਿਸਦੇ ਮਨ ਵਿਚ ਲੋਕਾਂ ਪ੍ਰਤੀ ਸੋਚ ਵਸੀ ਹੈ, ਇਨਕਲਾਬ ਦੀ ਸੋਝੀ ਹੈ ਅਤੇ ਇਨਕਲਾਬ ਦੀ ਬਹੁਤ ਹੀ ਅੱਗੇ ਵਧੀ ਸਾਇੰਸ ਵਿਚੋ ਇਹ ਸਿਖ ਰਿਹਾ ਹੈ,"[238], ਭਾਵ ਮਾਰਕਸਿਜ਼ਮ। ਸਾਡੇ ਲਈ ਤਾਂ ਇਹ ਪੱਕਾ ਸਬੂਤ ਹੈ ਕਿ ਭਗਤ ਸਿੰਘ ਦਹਿਸ਼ਤਗਰਦ ਨਹੀਂ ਸੀ, ਇਹ ਉਸਦੇ ਪੁਰਜ਼ੋਰ ਬਿਆਨ ਵਿਚ ਹੈ ਜਿਹੜਾ ਉਨੇ ਨੌਜਵਾਨ ਸਿਆਸੀ ਕਰਮੀਆਂ ਲਈ ਦਿੱਤਾ ਸੀ ਜਿਸ ਵਿਚ ਉਹ ਹਰ ਇਕ ਦੇ ਮਨ ਵਿਚੋਂ ਇਹ ਗੱਲ ਕੱਢਦਾ ਹੈ (ਰਸਮੀ ਤੌਰ 'ਤੇ ਨਹੀਂ) ਖੁੱਲਮ-ਖੁੱਲ੍ਹਾ ਦਹਿਸ਼ਤਗਰਦੀ ਦੀ ਨਿਖੇਧੀ ਕਰਦਾ ਹੈ।[239] ਜਿਵੇ ਸਾਥੀ ਰਨਦੀਵੇ ਚਾਹੁੰਦਾ ਹੈ ਕਿ ਅਸੀ ਮੰਨ ਲਈਏ, ਕਿਉਂਕਿ ਕੋਈ ਵੀ ਉਸ ਦਾ ਤਿਆਗ ਨਹੀਂ ਕਰ ਸਕਦਾ ਜਿਸਦਾ ਉਹ ਦੋਸ਼ੀ ਹੀ ਨਹੀਂ ਹੈ ਨਾ ਯਕੀਨ ਵਜੋਂ ਅਤੇ ਨਾ ਹੀ ਅਮਲ ਵਜੋ) ਇਸ ਗੱਲ ਦਾ ਕਿ ਉਹ ਦਹਿਸ਼ਤ ਗਰਦ ਹੈ। "ਮੈਂ ਸਾਰਾ ਬਲ ਦੇ ਕੇ ਇਹ ਐਲਾਨ ਕਰਦਾ ਹਾਂ ਕਿ ਮੈਂ ਦਹਿਸ਼ਤਗਰਦ ਨਹੀਂ ਹਾਂ ਅਤੇ ਮੈਂ ਕਦੇ ਵੀ ਨਹੀਂ ਸੀ, ਸਿਵਾਏ ਸ਼ਾਇਦ ਮੇਰੇ ਇਨਕਲਾਬੀ ਕੰਮ ਦੇ ਸ਼ੁਰੂ ਵਿਚ। ਕਿਉਂਕਿ ਭਗਤ ਸਿੰਘ ਇਸ ਕੰਮ ਵਿਚ ਵੀਹ ਸਾਲ ਦੀ ਉਮਰ ਤੋਂ ਪਹਿਲੇ ਸਾਲਾਂ ਵਿਚ ਪੈ ਗਿਆ ਸੀ (ਕਿਸ਼ੋਰ ਅਵਸਥਾ ਵਿਚ), ਇਸ ਬਿਆਨ ਤੋਂ ਇਹ ਸਪਸ਼ਟ ਹੈ ਕਿ ਸਾਂਡਰਸ ਦਾ ਕਤਲ ਅਤੇ ਅਸੈਂਬਲੀ ਵਿਚ ਸੁਟਿਆ ਬੰਬ ਮਗਰੋਂ ਉਹ ਦਹਿਸ਼ਤਗਰਦ ਨਹੀਂ ਰਿਹਾ ਸੀ। ਇਸਦੇ ਮੱਦੇ ਨਜ਼ਰ, ਭਗਤ ਸਿੰਘ ਉੱਪਰ ਦਹਿਸ਼ਤਗਰਦੀ ਦਾ ਬਿੱਲਾ ਚਮੇੜੀ ਜਾਣਾ, ਨਾਲ ਹੀ ਉਸਦੀ ਸਿਫ਼ਤ ਆਸਮਾਨਾਂ ਤਾਈ ਕਰੀ ਜਾਣ ਦਾ ਭਾਵ ਹੈ ਸੱਚਾਈ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਅਤੇ ਪ੍ਰਸਪਰ ਵਿਰੋਧੀ ਅਤੇ ਆਤਮ-ਵਿਨਾਸ਼ੀ ਗੱਲਾਂ ਕਰੀ ਜਾਣਾ।

ਜਾਂਦੇ ਜਾਂਦੇ ਇਸ ਗੱਲ 'ਤੇ ਵੀ ਬਲ ਦੇ ਦੇਈਏ ਕਿ ਭਗਤ ਸਿੰਘ ਕਮਿਉਨਿਸਟਾਂ ਦਾ ਬਹੁਤ ਆਦਰ ਕਰਦਾ ਸੀ। ਇਹ ਆਦਰ ਅਤੇ ਐਚ ਐਸ ਆਰ ਏ ਦੇ ਇਨਕਲਾਬੀਆਂ ਦੀ ਤੀਬਰ ਇੱਛਾ ਕਿ ਕਮਿਉਨਿਸਟਾਂ ਨੂੰ ਠੋਸ ਹਿਮਾਇਤ ਦਿੱਤੀ ਜਾਵੇ ਇਸ ਗੱਲ ਤੋਂ ਸਾਫ਼ ਸਪਸ਼ਟ ਹੈ ਕਿ ਇਹ ਬ੍ਰਿਟਿਸ਼ ਦਾ ਸਾਮਰਾਜ ਦਾ ਵਹਿਸ਼ੀਆਨਾ ਹਮਲਾ ਸੀ ਕਮਿਉਨਿਸਟਾਂ ਉਪਰ ਤਾਂ ਜੋ ਕਿਰਤੀ ਵਰਗ ਨੂੰ ਅਪਾਹਜ ਕੀਤਾ ਜਾ ਸਕੇ, ਕਮਿਉਨਿਸਟਾਂ ਦੀਆਂ ਅੰਨ੍ਹੇਵਾਹ ਗ੍ਰਿਫ਼ਤਾਰੀਆਂ ਕਰਕੇ ਅਤੇ ਉਹਨਾਂ ਨੂੰ ਇਕ ਕੰਗਾਰੂ ਅਦਾਲਤ ਸਾਹਮਣੇ ਮੇਰਠ ਵਿਚ ਲਿਜਾ ਕੇ ਤਾਂ ਜੋ ਉਹ ਸਾਜ਼ਿਸ਼ ਦੇ ਦੋਸ਼ ਦਾ ਸਾਹਮਣਾ ਕਰਨ, ਅਤੇ ਇਸਦੇ ਨਾਲ ਨਾਲ ਹੀ ਐਸੇ ਹਮਲੇ ਕੀਤੇ ਜਾਣ ਪਬਲਿਕ ਸੇਫ਼ਟੀ ਬਿਲ ਅਤੇ ਟਰੇਡ ਡਿਸਪਿਊਟਸ ਬਿਲ ਰਾਹੀਂ, ਜਿਸ ਕਾਰਨ ਐਚ ਐਸ ਆਰ ਏ ਨੇ ਐਸੈਂਬਲੀ ਵਿਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ।

ਇਸ ਹਾਲਤ ਵਿਚ, ਐਚ ਐਸ ਆਰ ਏ ਆਪਣੀ ਜਥੇਬੰਦੀ ਨੂੰ ਤੋੜ ਕੇ ਕਮਿਉਨਿਸਟ

ਪਾਰਟੀ ਵਿਚ ਕਿਉਂ ਨਹੀ ਰਲ ਗਈ ਜਿਸਦੀ ਵਿਚਾਰਧਾਰਾ ਨਾਲ ਉਹਨਾਂ ਦਾ ਕੋਈ ਮਤ ਭੇਦ ਨਹੀਂ ਸੀ ? ਅਜੇ ਘੋਸ਼, ਜਿਹੜਾ ਭਗਤ ਸਿੰਘ ਦਾ ਨੇੜਲਾ ਮਿੱਤਰ ਸੀ ਅਤੇ ਜੰਗੀ ਸਾਥੀ ਸੀ, ਅਤੇ ਜਿਹੜਾ ਮਗਰੋਂ ਕਮਿਉਨਿਸਟ ਪਾਰਟੀ ਦਾ ਜਨਰਲ ਸੈਕਟਰੀ ਬਣਿਆ ਸੀ, ਇਸ ਸਵਾਲ ਦੇ ਜਵਾਬ ਦੀ ਸੂਹ ਦਿੰਦਾ ਹੈ। ਆਪਣੀ ਜੀਵਨੀ ਵਿਚ ਉਹ ਕਹਿੰਦਾ ਹੈ, "ਅਪ੍ਰੈਲ 1929 ਵਿਚ ਅਖ਼ਬਾਰਾਂ ਦੀਆਂ ਵੱਡੀਆਂ ਸੁਰਖ਼ੀਆਂ ਵਿਚ ਦਿੱਤਾ ਗਿਆ ਕਿ ਸਾਰੇ ਦੇਸ ਵਿਚ ਕਮਿਉਨਿਸਟ ਅਤੇ ਟਰੇਡ ਯੂਨੀਅਨ ਲੀਡਰਾਂ ਦੀਆਂ ਵੱਡੇ ਪੈਮਾਨੇ 'ਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਸਾਡੇ ਵਿਚੋਂ ਭਗਤ ਸਿੰਘ ਅਤੇ ਕਈ ਹੋਰ ਪਹਿਲਾਂ ਹੀ ਕੁਝ ਕਮਿਉਨਿਸਟ ਲੀਡਰਾਂ ਨੂੰ ਮਿਲ ਚੁੱਕੇ ਸਨ। ਸਾਨੂੰ ਉਹਨਾਂ ਨਾਲ ਹਮਦਰਦੀ ਸੀ ਅਤੇ ਇਕ ਸਮੇਂ ਇਹ ਵੀ ਸੋਚਿਆ ਸੀ ਕਿ ਉਹਨਾਂ ਨਾਲ ਇਕੱਠੇ ਕੰਮ ਕਰਨ ਦਾ ਏਕਾ ਕਰ ਲਿਆ ਜਾਵੇ – ਕਮਿਊਨਿਸਟ ਲੋਕਾਂ ਨੂੰ ਜਥੇਬੰਦ ਕਰਨ ਅਤੇ ਲੋਕ ਅੰਦੋਲਨ ਸ਼ੁਰੂ ਕਰਨ, ਅਤੇ ਅਸੀ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਇਸਦਾ ਹਥਿਆਰਬੰਦ ਹਿੱਸਾ ਬਣ ਕੇ ਕੰਮ ਕਰੀਏ। ਪਰ ਜਦ ਸਾਨੂੰ ਪਤਾ ਲੱਗਾ ਕਿ ਕਮਿਉਨਿਸਟ ਵਿਅਕਤੀਗਤ ਹਥਿਆਰਬੰਦ ਕਾਰਜ ਨੂੰ ਲਹਿਰ ਵਾਸਤੇ ਹਾਨੀਕਾਰਕ ਸਮਝਦੇ ਹਨ, ਤਾਂ ਅਸੀਂ ਇਹ ਖ਼ਿਆਲ ਛੱਡ ਦਿੱਤਾ।"

ਘੋਸ਼ ਅੱਗੇ ਜਾ ਕੇ ਕਹਿੰਦਾ ਹੈ, ਕਮਿਉਨਿਸਟਾਂ ਦੀਆਂ ਦੇਸ ਵਿਆਪੀ ਗ੍ਰਿਫ਼ਤਾਰੀਆਂ, ਜਿਸ ਦੇ ਫਲਸਰੂਪ ਮੇਰਠ ਸਾਜ਼ਿਸ਼ ਮੁਕੱਦਮਾ ਕੀਤਾ ਗਿਆ ਸੀ "ਸਾਡੇ ਵਿਚਾਰ ਵਿਚ ਇਨਕਲਾਬੀ ਲਹਿਰ ਲਈ ਬਹੁਤ ਮਹੱਤਵਪੂਰਨ ਸੀ," ਕਿਉਂਕਿ ਉਹ ਇਸਨੂੰ ਸਾਮਰਾਜੀਆਂ ਦੁਆਰਾ ਉਸ ਕਾਰਜ ਉਪਰ ਹਮਲਾ ਗਿਣਦੇ ਸਨ, ਜਿਹੜਾ ਸਾਡਾ ਆਪਣਾ ਕਾਰਜ ਸੀ, ਇਕ ਲਹਿਰ ਜਿਸ ਨਾਲ ਸਾਡਾ ਪਿਆਰ ਸੀ ਅਤੇ ਹਮਦਰਦੀ ਸੀ। ਅਸੀ ਗ੍ਰਿਫ਼ਤਾਰੀਆਂ ਵਿਰੁੱਧ ਹੀ ਰੋਸ ਪ੍ਰਗਟ ਕਰਨ ਦਾ ਨਿਸਚਾ ਕੀਤਾ ਸਗੋਂ ਸਾਰੀ ਹੀ ਸਾਮਰਾਜੀ ਨੀਤੀ ਜਿਹੜੀ ਇਕ ਪਾਸੇ ਤਾਂ ਸੰਵਿਧਾਨਿਕ ਸੁਧਾਰਾਂ ਦਾ ਢੋਂਗ ਰਚ ਰਹੀ ਸੀ ਅਤੇ ਦੂਸਰੇ ਪਾਸੇ ਲੋਕਾਂ ਦੇ ਵਿਰੁੱਧ ਐਨਾ ਤਸ਼ੱਦਦ ਕਰ ਰਹੀ ਸੀ। ਥੋੜ੍ਹੇ ਦਿਨਾਂ ਮਗਰੋਂ ਹੀ ਕੇਂਦਰੀ ਅਸੈਂਬਲੀ ਵਿਚ ਸਰਕਾਰੀ ਬੈਂਚਾ 'ਤੇ ਬੰਬ ਧਮਾਕੇ ਹੋਏ।"

ਘੋਸ਼ ਹੋਰ ਕਹਿੰਦਾ ਹੈ ਕਿ ਸਾਡੇ ਵਿਚ ਭਗਤ ਸਿੰਘ ਪਹਿਲਾ ਸੀ ਜਿਹੜਾ ਸਮਾਜਵਾਦੀ ਵਿਚਾਰਧਾਰਾ ਵੱਲ ਖਿਚਿਆ ਗਿਆ ਸੀ. . .ਵਧੇਰੇ ਕਰਕੇ ਆਪਣੇ ਅਧਿਐਨ, ਗੋਸ਼ਟੀਆਂ ਜਿਹੜੀਆਂ ਅਕਸਰ ਹੁੰਦੀਆਂ ਰਹਿੰਦੀਆਂ ਸਨ ਰੋਜ਼ ਨਿਤ ਹੋ ਰਹੀਆਂ ਵਾਰਦਾਤਾਂ ਦੇ ਸੰਬੰਧ ਵਿਚ, ਉਹ ਹਥਿਆਰਬੰਦ ਕਾਰਵਾਈ ਦੀ ਲੋੜ 'ਤੇ ਬਲ ਦੇਣ ਲੱਗ ਪਿਆ ਸੀ, ਜਨ ਅੰਦੋਲਨ ਦੇ ਅਨਿਖੜਵੇਂ ਅੰਗ ਦੇ ਤੌਰ 'ਤੇ, ਇਸਦੀਆਂ ਲੋੜਾਂ ਦੇ ਅਨੁਸਾਰ" (ਭਗਤ ਸਿੰਘ ਅਤੇ ਉਸਦੇ ਸਾਥੀ, ਅਜੈ ਘੋਸ਼) ਘੋਸ਼ ਦੀ ਜੀਵਨੀ ਤੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਉਨਾਂ ਵਿਚੋਂ ਦੋ ਜਣੇ – ਘੋਸ਼ ਅਤੇ ਭਗਤ ਸਿੰਘ – ਕਮਿਉਨਿਸਟਾਂ ਨਾਲ ਸਹਿਯੋਗ ਅਤੇ ਮਿਲ ਕੇ ਕੰਮ ਕਰਨ ਵੱਲੀਂ ਗੰਭੀਰਤਾ ਨਾਲ ਸੋਚਦੇ ਸਨ ਪਰ ਇਸ ਗੱਲੋਂ ਡਰਦੇ ਸਨ ਕਿ ਉਹਨਾਂ ਨੂੰ ਇਹ ਨਾ ਕਹਿ ਦਿੱਤਾ ਜਾਵੇ ਕਿ ਉਹ ਹਥਿਆਰਬੰਦ ਕਾਰਵਾਈ ਦੇ ਬਿਲਕੁਲ ਵਿਰੁੱਧ ਸਨ। ਇਸ ਗੱਲ ਦੀ ਪੁਸ਼ਟੀ ਸੋਹਣ ਸਿੰਘ ਜੋਸ਼ ਵੀ ਕਰਦੇ ਹਨ, ਜਿਹਨਾਂ ਨੂੰ ਭਗਤ ਸਿੰਘ ਨੇ ਕਲਕੱਤੇ ਵਿਚ ਹੋਈ ਦਸੰਬਰ 1928 ਦੀ ਕਿਰਤੀਆਂ ਅਤੇ ਕਿਸਾਨਾਂ ਦੀ ਮੀਟਿੰਗ ਵਿਚ ਕਿਹਾ ਸੀ, "ਅਸੀਂ ਤੁਹਾਡੀ ਪਾਰਟੀ ਦੇ ਪ੍ਰਗਰਾਮਾਂ ਅਤੇ ਕਾਰਵਾਈਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ, ਪਰ ਕਈ ਵਾਰੀ ਐਸਾ ਮੌਕਾ ਆਉਂਦਾ ਹੈ ਕਿ ਵੈਰੀ ਦੇ ਵਾਰ ਦਾ ਲੋਕਾਂ ਵਿਚ ਆਪਣੇ ਆਪ 'ਤੇ ਭਰੋਸਾ ਰੱਖਣ ਲਈ

ਹਥਿਆਰਬੰਦ ਕਾਰਵਾਈ ਨਾਲ ਜਵਾਬ ਦੇਣਾ ਪੈਂਦਾ ਹੈ।"[240]

ਇੰਞ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਿਲ ਹੋਣ ਤੋਂ ਨਾ-ਰਜ਼ਾਮੰਦੀ ਉਹਨਾਂ ਦੇ ਥਿਊਰੀ ਵਿਚ ਕੱਚੇ ਹੋਣ ਕਰਕੇ ਨਹੀਂ ਸੀ, ਨਾ ਹੀ ਉਹਨਾਂ ਦੇ ਅਨਾਰਕੀ ਅਤੇ ਵਿਅਕਤੀਗਤ ਹਥਿਆਰਬੰਦ ਕਾਰਵਾਈ ਤੋਂ ਛੁਟਕਾਰਾ ਪਾਉਣ ਦੀ ਅਸਮਰਥਾ ਕਾਰਨ ਸੀ। ਭਗਤ ਸਿੰਘ ਅਤੇ ਉਸਦੇ ਸਾਥੀ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ, ਅਤੇ ਸਾਡੇ ਵਿਚਾਰ ਵਿਚ ਇਹ ਠੀਕ ਸੀ, ਕਿ ਇਨਕਲਾਬੀ ਹਿੰਸਾ ਨੂੰ ਕੌਮੀ ਸੁਤੰਰਤਾ ਸੰਗ੍ਰਾਮ ਅਤੇ ਸਮਾਜਵਾਦ ਦੀ ਸਥਾਪਤੀ ਵਿਚ ਯੋਗ ਭੂਮਿਕਾ ਦਿੱਤੀ ਜਾਵੇ। ਉਹ ਇਨਕਲਾਬੀ ਹਿੰਸਾ ਦੇ ਹਥਿਆਰ ਵੱਲ ਪਿੱਠ ਮੋੜਨ ਲਈ ਤਿਆਰ ਨਹੀਂ ਸਨ। ਇਹ ਅਫ਼ਸੋਸ ਦੀ ਗੱਲ ਹੈ ਕਿਉਂਕਿ ਜੇ ਕਮਿਊਨਿਸਟ ਪਾਰਟੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਇਸ ਪ੍ਰਸ਼ਨ 'ਤੇ ਅੱਧਵਾਟੇ ਮਿਲਣ ਲਈ ਹੀ ਤਿਆਰ ਹੋ ਜਾਂਦੀ ਅਤੇ ਉਹਨਾਂ ਨਾਲ ਰਲ ਕੇ ਭਾਰਤ ਦੇ ਦੱਬੇ-ਕੁਚਲੇ ਲੋਕਾਂ ਦੀ ਮੁਕਤੀ ਲਈ ਸੰਘਰਸ਼ ਕਰਦੀ, ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ ਨੂੰ ਆਪਸ ਵਿਚ ਜੋੜ ਕੇ, ਹਿੰਸਕ ਅਤੇ ਅਹਿੰਸਕ, ਤਾਂ ਠੀਕ ਹੁੰਦਾ। ਪਰ ਐਸਾ ਨਾ ਹੋਇਆ। ਇਸ ਲਈ ਐਚ ਐਸ ਆਰ ਏ ਦੇ ਭਗਤ ਸਿੰਘ ਅਤੇ ਉਸਦੇ ਸਾਥੀ, ਕਾਨੂੰਨੀ ਅਤੇ ਗ਼ੈਰ ਕਾਨੂੰਨੀ ਕਾਰਵਾਈ ਨੂੰ ਸੂਝ ਬੂਝ ਨਾਲ ਆਪਸ ਵਿਚ ਜੋੜ ਕੇ, ਆਪਣੇ ਇਨਕਲਾਬੀ ਕਾਰਜ ਵਿਚ ਅੱਗੇ ਵਧਦੇ ਰਹੇ। ਇੰਜ ਕਰਕੇ ਉਹਨਾਂ ਨੇ ਭਾਰਤੀ ਲੋਕਾਂ ਦੀ ਮੁਕਤੀ ਲਈ ਇਕ ਬਹੁਤ ਵੱਡਾ ਯੋਗਦਾਨ ਪਾਇਆ। ਉਹਨਾਂ ਦਾ ਇਹ ਯੋਗਦਾਨ ਸੀ ਜਿਸਤੋਂ ਅੱਜ ਕਿਰਤੀ ਸ਼੍ਰੇਣੀ ਬਹੁਤ ਕੁਛ ਸਿਖ ਸਕਦੀ ਹੈ। ਇਹੀ ਸਾਰ ਹੈ, ਸਹੀ ਅਰਥ ਹੈ, ਭਗਤ ਸਿੰਘ ਦੀਆਂ ਸਿਖਿਆਵਾਂ ਦਾ। ਇਹੀ ਸਿਖਿਆਵਾਂ ਲਗਾਤਾਰ ਪ੍ਰੇਰਨਾ ਸਰੋਤ ਬਣੀਆਂ ਰਹੀਆਂ ਹਨ, ਡੰਕੇ ਦੀ ਚੋਟ ਵਾਂਗਰ ਜੋ ਸਾਰੇ ਹੀ ਪ੍ਰੋਲੇਤਾਰੀਆਂ ਅਤੇ ਭਾਰਤ ਦੀ ਕਿਸਾਨੀ ਨੂੰ ਪੁਕਾਰ ਰਹੀਆਂ ਸਨ ਕਿ ਦਮਨ, ਸੋਸ਼ਣ, ਬਦਨਾਮੀ, ਗ਼ਰੀਬ ਅਤੇ ਭੁੱਖਮਰੀ ਦੇ ਖ਼ਿਲਾਫ਼ ਆਵਾਜ਼ ਉਠਾਉਣ ਅਤੇ ਇਕ ਨਵੇਂ ਸਮਾਜ ਦਾ ਨਿਰਮਾਣ ਕਰਨ – ਸਮਾਜਵਾਦੀ ਸਮਾਜ – ਅਤੇ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਸੁਪਨੇ ਸਾਕਾਰ ਕਰਨ।

## ਭਗਤ ਸਿੰਘ ਦੀਆਂ ਸਿਖਿਆਵਾਂ

ਭਗਤ ਸਿੰਘ ਦੇ ਵਿਰਸੇ ਨੂੰ ਅਤੇ ਉਸਦੀਆਂ ਸਿਖਿਆਵਾਂ ਨੂੰ, ਸੋਸ਼ਤ ਸ਼੍ਰੇਣੀਆਂ ਦੇ ਯਤਨਾਂ ਤੋਂ ਕਿ ਉਹ ਭਗਤ ਸਿੰਘ ਨੂੰ ਆਪਣਾ ਦਰਸਾਅ ਕੇ ਉਸਨੂੰ ਇਕ ਬੇਨੁਕਸਾਨਾ ਜਿਹਾ ਦੇਵਤਾ ਬਣਾਉਣ ਤੋਂ ਰੋਕਣ ਲਈ, ਅਤੇ ਕਈ ਭੁਲੇਖੇ ਪਾਉਣ ਤੋਂ ਠੱਲ੍ਹਣ ਲਈ ਕਿੰਨੇ ਵੀ ਠੀਕ ਦਰਸਾਏ ਗਏ ਹੋਣ, ਖੱਬੇ ਪੱਖ ਦੁਆਰਾ ਭਗਤ ਸਿੰਘ ਅਤੇ ਉਸਦੇ ਸਾਥੀਆਂ ਬਾਰੇ, ਇਹ ਬਹੁਤ ਹੀ ਜ਼ਰੂਰੀ ਹੈ ਕਿ ਉਸਦੀਆਂ ਸਿਖਿਆਵਾਂ ਨੂੰ ਲੋਕਾਂ ਤੀਕ ਪਹੁੰਚਾਇਆ ਜਾਵੇ, ਕਿਉਂਕਿ ਅੱਜ ਉਹਨਾਂ ਦੀ ਬਹੁਤ ਹੀ ਜ਼ਰੂਰਤ ਹੈ, ਜਿਵੇਂ ਉਹਨਾਂ ਦਿਨਾਂ ਵਿਚ ਸੀ। ਇਹਨਾਂ ਸਿਖਿਆਵਾਂ ਦਾ ਸ਼ਿਵ ਵਰਮਾ ਦੇ ਸ਼ਬਦਾਂ ਵਿਚ ਹੇਠ ਖੁਲਾਸਾ ਕੀਤਾ ਜਾਂਦਾ ਹੈ। –

*"ਭਗਤ ਸਿੰਘ ਨੇ ਇਨਕਲਾਬੀ ਲਹਿਰ ਨੂੰ ਤਿੰਨ ਨਾਅਰੇ ਦਿੱਤੇ ਸਨ – (1) ਇਨਕਲਾਬ ਜ਼ਿੰਦਾਬਾਦ (2) ਪ੍ਰੋਲੇਤਾਰੀ ਜ਼ਿੰਦਾਬਾਦ ਅਤੇ (3) ਸਾਮਰਾਜਵਾਦ ਮੁਰਦਾਬਾਦ। ਇਹਨਾਂ ਨਾਅਰਿਆਂ ਰਾਹੀ ਉਸਨੇ ਆਪਣੇ ਸਮੁੱਚੇ ਪ੍ਰੋਗਰਾਮ ਦਾ ਖ਼ੁਲਾਸਾ ਕੀਤਾ ਸੀ।*

*"ਪਹਿਲਾ ਨਾਅਰਾ ਵਿਚਾਰਧਾਰਾ ਦਾ ਪ੍ਰਤੀਕ ਸੀ – ਇਨਕਲਾਬੀ ਲਹਿਰ ਆਜ਼ਾਦੀ ਪ੍ਰਾਪਤੀ ਦੇ ਨਾਲ ਖ਼ਤਮ ਨਹੀਂ ਹੋਵੇਗੀ –ਇਹ ਤਾਂ ਚੱਲਦੀ ਰਹੇਗੀ ਜਦ ਤਕ ਐਸਾ ਪ੍ਰਬੰਧ ਜਿਸ ਵਿਚ ਇਕ ਆਦਮੀ ਦੁਆਰਾ ਦੂਸਰੇ ਆਦਮੀ ਦਾ ਅਤੇ ਇਕ ਦੇਸ ਦੁਆਰਾ ਦੂਸਰੇ ਦੇਸ ਦਾ ਸੋਸ਼ਣ ਹੁੰਦਾ ਹੈ, ਦਾ ਖ਼ਾਤਮਾ ਨਹੀਂ ਹੋ ਜਾਂਦਾ ਅਤੇ ਸਮਾਜ ਦੇ ਢਾਂਚੇ ਵਿਚ ਸਮਾਜਕ–ਆਰਥਿਕ ਮੁਢਲੀ ਤਬਦੀਲੀ ਨਹੀਂ ਲਿਆਈ ਜਾਂਦੀ।"*

ਦੂਸਰਾ ਨਾਅਰਾ ਇਹ ਐਲਾਨ ਕਰਦਾ ਸੀ ਕਿ *"ਭਵਿੱਖ ਤਾਂ ਕਰੋੜਾਂ ਕਿਰਤੀਆਂ ਦਾ ਹੈ, ਪ੍ਰੋਲਤਾਰੀਆਂ ਦਾ ਹੈ ਜਿਹੜੇ ਇਨਕਲਾਬ ਦੇ ਰੂਹੇ–ਰਵਾਂ ਹਨ, ਐਸਾ ਨਾਅਰਾ ਜਿਸਨੂੰ ਹੁਣ ਭੁੱਲ ਜਾਣ ਦੇ, ਸਮਾਜਵਾਦ ਦੇ ਦੋਖੀਆਂ ਦੁਆਰਾ – ਯਤਨ ਹੋ ਰਹੇ ਹਨ – ਅਤੇ ਕਈ ਤਾਂ ਸਾਡੇ ਆਪਣੇ ਪੁਰਾਣੇ ਇਨਕਲਾਬੀ ਵੀ ਜਿਹੜੇ ਸਮਾਜਵਾਦ ਦਾ ਦਮ ਤਾਂ ਭਰਦੇ ਹਨ ਪਰ ਨਾਲ ਹੀ ਇਸ ਰੁਝਾਨ ਦੇ ਸ਼ਿਕਾਰ ਹੋ ਗਏ ਹਨ ਅਤੇ ਪਹਿਲੇ ਅਤੇ ਤੀਸਰੇ ਨਾਅਰੇ 'ਤੇ ਬਲ ਦਿੰਦੇ ਹਨ ਅਤੇ ਦੂਸਰੇ ਦੇ ਉੱਤੋਂ ਦੀ ਲੰਘ ਜਾਂਦੇ ਹਨ।"*

ਤੀਸਰਾ ਨਾਅਰਾ ਹੱਥ ਵਿਚਲੇ ਕੰਮ ਦੇ ਸੰਬੰਧ ਵਿਚ ਹੈ। *"ਇਕ ਗ਼ੁਲਾਮ ਕੌਮ ਸ਼੍ਰੇਣੀ ਰਹਿਤ ਸਮਾਜ ਦਾ ਨਿਰਮਾਣ ਨਹੀਂ ਕਰ ਸਕਦੀ, ਸ਼ੋਸ਼ਣ ਬੰਦੀ ਨਹੀਂ ਕਰ ਸਕਦੀ ਅਤੇ ਸਾਰਿਆਂ ਵਿਚ ਬਰਾਬਰੀ ਨਹੀਂ ਲਿਆ ਸਕਦੀ। ਐਸੀ ਕੌਮ ਵਾਸਤੇ, ਸਭ ਤੋਂ ਪਹਿਲਾ ਅਤੇ ਅਹਿਮ ਕੰਮ ਹੈ ਸਾਮਰਾਜੀ ਸੰਗਲਾਂ ਨੂੰ ਤੋੜਨਾ ਜਿਨ੍ਹਾਂ ਨਾਲ ਇਹ ਬੰਨ੍ਹੀ ਪਈ ਹੈ। ਦੂਸਰੇ ਸ਼ਬਦਾਂ ਵਿਚ ਗ਼ੁਲਾਮ ਦੇਸ ਵਿਚ ਇਨਕਲਾਬ ਸਾਮਰਾਜ ਵਿਰੋਧੀ ਅਤੇ ਬਸਤੀਵਾਦ ਵਿਰੋਧੀ ਹੋਣਾ ਚਾਹੀਦਾ ਹੈ।"*[241]

ਉਪਰੋਕਤ ਤੋਂ ਇਹ ਸਪਸ਼ਟ ਹੈ ਕਿ ਭਗਤ ਸਿੰਘ ਤੰਗ ਰਾਸ਼ਟਰਵਾਦ ਦੀ ਵਕਾਲਤ ਨਹੀਂ ਕਰਦਾ ਸੀ। ਉਸਦੀ ਦ੍ਰਿਸ਼ਟੀ, ਉਸਦੀ ਫਿਲਾਸਫ਼ੀ, ਉਸਦੀ ਸਿਆਸੀ ਵਿਚਾਰਧਾਰਾ, ਇਕ ਪੂਰੇ ਅੰਤਰ–ਰਾਸ਼ਟਰਵਾਦੀ ਵਾਲੀ ਸੀ, ਜਿਹੜਾ ਚਾਹੁੰਦਾ ਸੀ, ਅਤੇ ਉਸ ਵਾਸਤੇ ਕੰਮ ਕਰਦਾ ਸੀ, ਕਿ ਸਾਰੀ ਇਨਸਾਨੀਅਤ ਨੂੰ ਸਾਮਰਾਜੀ ਹਕੂਮਤ ਅਤੇ ਸੋਸ਼ਣ ਦੇ ਪ੍ਰਬੰਧ ਤੋਂ, ਆਜ਼ਾਦੀ ਮਿਲੇ, ਕੇਵਲ ਭਾਰਤ ਦੇ ਲੋਕਾਂ ਨੂੰ ਹੀ ਨਹੀਂ।

ਇਹ ਅਤਿਅੰਤ ਜ਼ਰੂਰੀ ਹੈ ਕਿ ਭਗਤ ਸਿੰਘ ਦੀਆਂ ਸਿਖਿਆਵਾਂ, ਬੜੇ ਧਿਆਨ ਨਾਲ ਸੁਚੱਜੇ ਢੰਗ ਨਾਲ ਲੋਕਾਂ ਵਿਚ ਪ੍ਰਚਾਰੀਆਂ ਜਾਣ, ਕਿਉਂਕਿ, ਸਾਥੀ ਵਰਮਾ ਦੇ ਸ਼ਬਦਾਂ ਵਿਚ "ਆਮ ਲੋਕ ਇਹ ਨਹੀਂ ਜਾਣਦੇ ਕਿ ਭਗਤ ਸਿੰਘ ਅਸਲ ਵਿਚ ਕੀ ਸੀ। ਉਹ ਐਨਾ ਹੀ ਜਾਣਦੇ ਹਨ ਕਿ ਉਹ ਬਹੁਤ ਬਹਾਦਰ ਸੀ ਜਿਸਨੇ ਸਾਂਡਰਸ ਨੂੰ ਮਾਰ ਕੇ ਲਾਲਾ ਜੀ ਦੇ ਕਤਲ ਦਾ ਬਦਲਾ ਲਿਆ ਸੀ ਅਤੇ ਕੇਂਦਰੀ ਅਸੈਂਬਲੀ ਵਿਚ ਬੰਬ ਸੁਟਿਆ ਸੀ। ਇਹ ਕਿ ਭਗਤ ਸਿੰਘ ਇਕ ਬਹੁਤ ਉੱਚ ਪਾਏ ਦਾ ਬੁੱਧੀਜੀਵੀ ਸੀ ਇਹ ਬਹੁਤਿਆਂ ਨੂੰ ਪਤਾ ਨਹੀਂ ਹੈ। ਇਸ ਨਾਲ ਮਤਲਬੀ ਲੋਕਾਂ ਲਈ ਉਸਦੇ ਇਨਕਲਾਬੀ ਲਹਿਰ ਵਿਚ ਆਦਰਸ਼ੀ ਪੱਖ ਨੂੰ ਤੋੜਨਾ ਮਰੋੜਨਾ ਸੌਖਾ ਹੋ ਜਾਂਦਾ ਹੈ, ਅਤੇ ਉਹ ਆਪਣੇ ਨਾਜਾਇਜ਼ ਢੰਗ ਨਾਲ ਉਸ ਬਾਰੇ, ਅਤੇ ਉਸਦੇ ਆਦਰਸ਼ ਬਾਰੇ ਪ੍ਰਚਾਰ ਕਰਨ ਲੱਗ ਪੈਂਦੇ ਹਨ। ਇਸ ਤੋੜ–ਮਰੋੜ ਨੂੰ ਰੋਕਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। " ਇਸੇ ਲਈ, ਸਾਥੀ ਵਰਮਾ ਕਹਿੰਦਾ ਹੈ, "ਮੈਂ ਭਗਤ ਸਿੰਘ ਦੀਆਂ ਸਾਰੀਆਂ ਲਿਖਤਾਂ ਨੂੰ ਇਕ ਥਾਂ ਇਕੱਠੇ ਕੀਤਾ ਅਤੇ ਮੈਂ ਪਾਠਕ 'ਤੇ ਇਹ ਛੱਡਦਾ ਹਾਂ ਕਿ ਉਹ ਇਸ ਮਹਾਨ ਸ਼ਹੀਦੇ ਬਾਰੇ ਆਪਣਾ ਵਿਚਾਰ ਬਣਾਵੇ।"[242]

ਇਹਨਾਂ ਲਿਖਤਾਂ ਨੂੰ ਇਕ ਥਾਂ ਲਿਆ ਕੇ ਅਤੇ, ਪਾਠਕਾਂ ਅੱਗੇ ਪੇਸ਼ ਕਰਕੇ, ਸਾਥੀ

ਵਰਮਾ ਨੇ ਇਨਕਲਾਬੀ ਲਹਿਰ ਦੀ ਅਮਰ ਸੇਵਾ ਨਿਭਾਈ ਹੈ। ਉਸਦੀਆਂ ਮਿਹਨਤਾਂ ਦੇ ਸਦਕੇ, ਅੱਜ ਬਹੁਤ ਹੋਰ ਲੋਕਾਂ ਨੂੰ ਪਤਾ ਚਲਿਆ ਹੈ ਕਿ ਉਹ ਕਿੱਡੀ ਵੱਡੀ ਬੁੱਧੀਜੀਵੀ ਸ਼ਖਸੀਅਤ ਦਾ ਮਾਲਕ ਸੀ, ਇਕ ਮਹਾਨ ਵਿਆਕਤੀ ਸੀ, ਅਤੇ ਸਿਆਸੀ ਵਿਚਾਰਵਾਨ ਸੀ– ਇਸਦੇ ਇਲਾਵਾ ਉਹਦੇ ਵਿਚ ਅਥਾਹ ਦੀ ਹਿੰਮਤ ਸੀ, ਐਸਾ ਸੀ ਭਗਤ ਸਿੰਘ। ਸਾਥੀ ਵਰਮਾ ਦੇ ਇਹ ਯਤਨ ਕਿ ਭਗਤ ਸਿੰਘ ਦੀ ਅਹਿਮੀਅਤ ਨੂੰ ਪ੍ਰਚਾਰਣ ਅਤੇ ਹਰਮਨ ਪਿਆਰੀ ਬਣਾਉਣ ਲਈ, ਕਰੋੜਾਂ ਲੋਕਾਂ ਤਕ ਪਹੁੰਚਾਉਣ ਲਈ ਇਕ ਬਹੁਤ ਹੀ ਵੱਡਾ ਉਪਰਾਲਾ ਹੈ।

ਐਸੇ ਸਮੇਂ ਜਦ ਐਂਗਲੋ–ਅਮਰੀਕਨ ਸਾਮਰਾਜਵਾਦ, ਜਿਸਦੇ ਹੱਥ 20 ਲੱਖ ਇਰਾਕੀਆਂ ਅਤੇ ਲੱਖਾਂ ਅਫ਼ਗਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ, ਉਹ ਇਹਨਾਂ ਦੋਹਾਂ ਕੌਮਾਂ ਦੇ ਵਿਰੁੱਧ ਲੁੱਟ–ਖਸੁੱਟ ਦੀ ਜੰਗ ਜਾਰੀ ਰੱਖ ਰਿਹਾ ਹੈ, ਅਤੇ ਹੋਰ ਜੰਗਾਂ ਲਈ ਵੀ ਤਿਆਰੀ ਵਿਚ ਹੈ, ਜਦ ਕਿ ਇਨਸਾਨੀਅਤ ਦਾ ਤੀਸਰਾ ਭਾਗ ਜਿਸ ਦੀ ਇਕ ਬੰਦੇ ਪ੍ਰਤੀ 2 ਡਾਲਰ ਤੋਂ ਘੱਟ ਆਮਦਨੀ ਹੈ, ਬੜੀ ਤੰਗੀ ਵਿਚ ਗੁਜ਼ਾਰਾ ਕਰਦਾ ਹੈ, ਬਹੁਤ ਗ਼ਰੀਬੀ ਅਤੇ ਦਮਨ ਦਾ ਸਾਹਮਣਾ ਕਰ ਰਿਹਾ ਹੈ, ਜਦ ਸਾਮਰਾਜ ਦੇ ਵਿਚਕਾਰ ਵੀ ਬਹੁਤ ਲੋਕਾਂ ਨੂੰ ਰੋਜ਼ਗਾਰ ਨਹੀਂ ਮਿਲ ਰਹੇ, ਗ਼ਰੀਬੀ ਵਿਚ ਰੁਲ ਰਹੇ ਹਨ, ਅਤੇ ਸਖ਼ਤ ਕਾਨੂੰਨਾਂ ਹੇਠ ਦੱਬੇ ਜਾ ਰਹੇ ਹਨ, ਤਾਂ ਭਗਤ ਸਿੰਘ ਦੇ ਹੇਠ ਲਿਖੇ ਸ਼ਬਦਾਂ ਦਾ ਵਿਸ਼ੇਸ਼ ਅਤੇ ਗੂੰਜਵਾਂ ਸੰਦਰਭ ਬਣ ਜਾਂਦਾ ਹੈ –

"ਸਾਡਾ ਵਿਸ਼ਵਾਸ ਹੈ ਕਿ ਐਸੀਆਂ ਸਭ ਸਰਕਾਰਾਂ, ਵਿਸ਼ੇਸ਼ਕਰ ਇਹ ਬ੍ਰਿਟਿਸ਼ ਸਰਕਾਰ ਬੇਚਾਰੇ ਅਣਇੱਛਤ ਭਾਰਤੀਆਂ ਉਪਰ, ਇਕ ਜਥੇਬੰਦ ਡਾਕੂਆਂ ਅਤੇ ਸੋਸ਼ਤਾਂ ਵਾਂਗ, ਜਿਹਨਾਂ ਕੋਲ ਕਤਲੋ–ਗ਼ਾਰਤ ਅਤੇ ਤਬਾਹੀ ਦੇ ਸਾਰੇ ਸਾਧਨ ਹਨ, ਵਰਗਾ ਵਿਹਾਰ ਕਰਦੀਆਂ ਹਨ। ਅਮਨ ਕਾਨੂੰਨ ਦੇ ਨਾਂ 'ਤੇ ਉਹ ਉਹਨਾਂ ਸਾਰਿਆਂ ਨੂੰ ਕੁਚਲ ਦਿੰਦੇ ਹਨ ਜਿਹੜੇ ਉਹਨਾਂ ਨੂੰ ਨੰਗਾ ਕਰਨ ਜਾਂ ਉਹਨਾਂ ਦਾ ਵਿਰੋਧ ਕਰਨ ਦੀ ਜੁਰਅਤ ਕਰਦੇ ਹਨ।

"ਅਸੀਂ ਇਹ ਵੀ ਮੰਨਦੇ ਹਾਂ ਕਿ ਸਾਮਰਾਜ ਕੁਝ ਵੀ ਨਹੀਂ ਬਲਕਿ ਇਕ ਲੁੱਟ– ਖਸੁੱਟ ਕਰਨ ਦੀ ਸਾਜ਼ਿਸ਼ ਹੈ। ਸਾਮਰਾਜਵਾਦ ਆਦਮੀ ਦੁਆਰਾ ਆਦਮੀ ਦਾ ਸੋਸ਼ਣ ਕਰਨ ਦੇ ਵਿਕਾਸ ਦੀ ਆਖ਼ਿਰੀ ਸਟੇਜ ਹੈ। ਸਾਮਰਾਜਵਾਦੀ, ਆਪਣੇ ਮਨਸੂਬਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ, ਅਦਾਲਤੀ ਕਤਲ ਹੀ ਨਹੀਂ ਕਰਦੇ, ਆਪਣੀਆਂ ਅਦਾਲਤਾਂ ਦੇ ਰਾਹੀਂ ਉਹ ਕਤਲੇ–ਆਮ ਵੀ ਕਰਾਉਂਦੇ–ਕਰਦੇ ਹਨ, ਬਰਬਾਦੀ ਕਰਦੇ ਹਨ ਅਤੇ ਜੰਗ ਵਰਗੇ ਹੋਰ ਖਤਰਨਾਕ ਜੁਰਮ ਕਰਦੇ ਹਨ। ਉਹ ਮਾਸੂਮ ਅਤੇ ਨਿਹੱਥੇ ਲੋਕਾਂ ਨੂੰ ਗੋਲੀ ਮਾਰਨ ਤੋਂ ਰਤਾ ਵੀ ਨਹੀਂ ਝਿਜਕਦੇ, ਜਿਹੜੇ ਉਹਨਾਂ ਦੀ ਲੁੱਟ ਖਸੁੱਟ ਵਾਲੀ ਮੰਗ ਨੂੰ ਪੂਰੀ ਨਹੀਂ ਕਰਦੇ ਜਾਂ ਉਹਨਾਂ ਦੇ ਤਬਾਹੀਕੁਨ ਅਤੇ ਘਿਨਾਉਣੇ ਛਲਾਂ ਅੱਗੇ ਝੁਕਦੇ ਨਹੀਂ। ਅਮਨ ਅਤੇ ਸ਼ਾਂਤੀ ਦੇ ਰਾਖੇ ਹੋਣ ਦੇ ਬਾਣੇ ਵਿਚ ਉਹ ਅਮਨ ਭੰਗ ਕਰਦੇ ਹਨ, ਬਦਅਮਨੀ ਕਰਦੇ ਹਨ, ਲੋਕਾਂ ਨੂੰ ਮਾਰਦੇ ਹਨ, ਅਤੇ ਹਰ ਪ੍ਰਕਾਰ ਸੋਚੇ ਜਾਣ ਵਾਲੇ ਅਪਰਾਧ ਕਰਦੇ ਹਨ। 'ਸਾਡਾ ਇਹ ਵਿਸ਼ਵਾਸ ਹੈ ਕਿ ਆਜ਼ਾਦੀ ਹਰ ਇਕ ਦਾ ਪੈਦਾਇਸ਼ੀ ਹੱਕ ਹੈ ਜਿਸਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਹਰ ਵਿਅਕਤੀ ਨੂੰ ਆਪਣੀ ਮਿਹਨਤ ਦਾ ਫਲ ਮਾਨਣ ਦਾ ਹੱਕ ਹੈ ਅਤੇ ਹਰ ਕੌਮ ਆਪਣੇ ਸਾਧਨਾਂ ਦੀ ਬਿਨਾ ਕਿਸੇ ਸ਼ੱਕ ਸ਼ੁਬੇ ਦੇ ਮਾਲਕ ਹੈ। ਜੇ ਕੋਈ ਸਰਕਾਰ ਉਨ੍ਹਾਂ ਦੇ ਇਸ ਹੱਕ ਤੋਂ ਉਹਨਾਂ ਨੂੰ ਵਾਂਝਿਆ ਕਰਦੀ ਹੈ, ਤਾਂ ਉਥੇ ਦੇ ਲੋਕਾਂ ਦਾ ਇਹ ਹੱਕ ਨਹੀਂ ਉਹਨਾਂ ਦਾ ਧਰਮ ਹੈ – ਕਿ ਉਹ ਉਸ ਸਰਕਾਰ ਨੂੰ ਬਰਬਾਦ ਕਰ ਦੇਣ। ਕਿਉਂਕਿ ਬ੍ਰਿਟਿਸ਼ ਸਰਕਾਰ ਇਹਨਾਂ ਅਸੂਲਾਂ ਨੂੰ ਧਾਰਣ ਕਰਨ ਤੋਂ ਇਨਕਾਰੀ ਹੈ

ਜਿਹਨਾਂ ਪਿੱਛੇ ਅਸੀ ਖੜ੍ਹੇ ਹਾਂ, ਇਹ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਰ ਯਤਨ ਕੀਤਾ ਜਾਏ, ਜਿਸ ਦੁਆਰਾ ਇਨਕਲਾਬ ਲਿਆਂਦਾ ਜਾਵੇ ਅਤੇ ਇਸ ਸਰਕਾਰ ਨੂੰ ਤਬਾਹ ਕਰਨਾ ਨੈਤਿਕ ਤੌਰ 'ਤੇ ਜਾਇਜ਼ ਹੋਵੇਗਾ। ਅਸੀ ਤਬਦੀਲੀ ਚਾਹੁੰਦੇ ਹਾਂ, ਇਕ ਵੱਡੀ ਤਬਦੀਲੀ ਅੱਜ ਦੇ ਸਾਮਾਜਕ, ਸਿਆਸੀ ਅਤੇ ਆਰਥਿਕ ਤੰਤਰ ਵਿਚ, ਅਤੇ ਅਜੋਕੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਬਦਲ ਦੇਣਾ ਚਾਹੁੰਦੇ ਹਾਂ ਇਕ ਨਵੇਂ ਪ੍ਰਬੰਧ ਦੁਆਰਾ, ਜਿਸ ਵਿਚ ਕੋਈ ਵੀ ਕਿਸੇ ਦਾ ਸੋਸ਼ਣ ਨ ਕਰ ਸਕੇ ਅਤੇ ਇੰਞ ਹਰ ਖੇਤਰ ਵਿਚ ਪੂਰੀ ਆਜ਼ਾਦੀ ਪ੍ਰਾਪਤ ਹੋਵੇ। ਇਹ ਸਾਡੀ ਸੋਚ ਹੈ ਕਿ ਜਦ ਤਕ ਸਾਰਾ ਹੀ ਸਾਮਾਜਕ ਪ੍ਰਬੰਧ ਨਹੀਂ ਬਦਲਿਆ ਜਾਂਦਾ ਅਤੇ ਸਮਾਜਵਾਦੀ ਸਮਾਜ ਦੀ ਉਸਾਰੀ ਨਹੀਂ ਹੋ ਜਾਂਦੀ, ਸਾਰੀ ਦੁਨੀਆਂ ਇਕ ਖ਼ਤਰਨਾਕ ਤਬਾਹੀ ਦੇ ਕੰਢੇ ਖੜ੍ਹੀ ਹੈ।

"ਜਿੱਥੋ ਤਕ, ਤਗੋਕਿਆਂ, ਸ਼ਾਤੀਪੂਰਨ ਜਾਂ ਦੂਸਰੇ, ਇਸ ਇਨਕਲਾਬ ਦੇ ਆਦਰਸ਼ ਨੂੰ ਪ੍ਰਾਪਤ ਕਰਨ ਦਾ ਸਵਾਲ ਹੈ, ਅਸੀ ਇਹ ਐਲਾਨ ਕਰਦੇ ਹਾਂ ਕਿ ਇਸਦੀ ਚੋਣ ਉਹਨਾਂ ਦੇ ਹੱਥ ਹੈ ਜਿਹਨਾਂ ਹੱਥ ਵਿਚ ਸੱਤਾ ਹੈ। ਇਨਕਲਾਬੀ, ਆਪਣੇ ਉੱਤਮ ਪਰਉਪਕਾਰੀ ਅਸੂਲਾਂ ਕਾਰਨ, ਅਮਨ-ਪ੍ਰੇਮੀ ਹਨ – ਉਹ ਸਾਰਥਿਕ ਅਤੇ ਸਦੀਵੀ ਅਮਨ ਲੋਚਦੇ ਹਨ ਜਿਹੜਾ ਇਨਸਾਫ ਅਤੇ ਬਰਾਬਰੀ 'ਤੇ ਆਧਾਰਿਤ ਹੋਵੇ, ਐਵੇਂ ਭੁਲਾਵੇ ਵਾਲਾ ਅਮਨ ਨਹੀਂ ਜਿਹੜਾ ਕਾਇਰਤਾ ਵਿਚੋ ਜਨਮਦਾ ਹੈ ਅਤੇ ਸੰਗੀਨਾਂ ਨਾਲ ਕਾਇਮ ਰੱਖਿਆ ਜਾਂਦਾ ਹੈ। ਜੇ ਇਨਕਲਾਬੀ ਬੰਬ ਅਤੇ ਪਿਸਤੌਲ ਹੱਥ ਵਿਚ ਫੜਦੇ ਹਨ, ਇਹ ਇਸੀ ਲਈ ਕਿ ਇਸਦੀ ਬੇਹੱਦ ਲੋੜ ਹੁੰਦੀ ਹੈ ਅਤੇ ਆਖ਼ਰੀ ਢੰਗ ਬਚਦਾ ਹੈ। 'ਇਹ ਸਾਡਾ ਨਿਸਚਾ ਹੈ ਕਿ "ਅਮਨ ਕਾਨੂੰਨ ਇਨਸਾਨ ਲਈ ਹੈ ਨਾ ਕੇ ਇਨਸਾਨ ਅਮਨ ਕਾਨੂੰਨ ਲਈ ਹੈ। ਕਾਨੂੰਨ ਦੀ ਪਵਿਤੱਰਤਾ ਤਾਂ ਹੀ ਕਾਇਮ ਰੱਖੀ ਜਾ ਸਕਦੀ ਹੈ ਜੇ ਇਹ ਲੋਕਾਂ ਦੀ ਇੱਛਾ ਦਾ ਪ੍ਰਗਟਾਵਾ ਹੋਵੇ, ਪਰ ਜਦ ਇਹ ਸੋਸ਼ਣਕਾਰੀ ਸ਼੍ਰੇਣੀਆਂ ਦਾ ਸੰਦ ਬਣ ਜਾਂਦਾ ਹੈ, ਤਾਂ ਇਸਦੀ ਪਵਿੱਤਰਤਾ ਅਤੇ ਅਹਿਮੀਅਤ ਖ਼ਤਮ ਹੋ ਜਾਂਦੀ ਹੈ ਕਿਉਂਕਿ ਇਨਸਾਫ਼ ਦੀ ਪਹਿਲੀ ਸ਼ਰਤ ਹੈ ਕਿ ਉਹ ਨਿਰਪੱਖ ਹੋਵੇ, ਖ਼ੁਦਗਰਜ਼ੀ ਰਹਿਤ। ਜਦ ਵੀ ਇਨਸਾਫ਼ ਹਰਮਨ ਪਿਆਰੀਆਂ ਸਮਾਜਕ ਲੋੜਾਂ ਤੋਂ ਇਨਕਾਰੀ ਹੋ ਜਾਂਦਾ ਹੈ, ਤਾਂ ਇਹ ਬੇਇਨਸਾਫ਼ੀ ਅਤੇ ਜ਼ੁਲਮੋ-ਸਿਤਮ ਦਾ ਸਾਧਨ ਬਣ ਜਾਂਦਾ ਹੈ। ਐਸੇ ਕਾਨੂੰਨ ਨੂੰ ਬਣਾਈ ਰੱਖਣਾ ਇਕ ਪਾਖੰਡ ਹੁੰਦਾ ਹੈ, ਜਨ ਸਾਧਾਰਨ ਦੇ ਵਿਰੁੱਧ ਕਿਸੇ ਮਤਲਬਖੋਰੀ ਦਾ ਲਖਾਇਕ ਹੁੰਦਾ ਹੈ।"[243]

ਜੇਲ੍ਹ ਵਿਚ ਹੀ ਭਗਤ ਸਿੰਘ ਨੇ ਚਾਰ ਹੋਰ ਹੱਥ-ਲੇਖਾਂ ਦੇ ਡਰਾਫ਼ਟ ਬਣਾਏ, ਜਿਹਨਾਂ ਨੂੰ ਜੇਲ੍ਹ ਵਿਚੋਂ ਚੋਰੀ ਬਾਹਰ ਲਿਜਾਇਆ ਗਿਆ ਸੀ ਅਤੇ ਕਿਸੇ ਨੂੰ ਸਾਂਭ ਕੇ ਰੱਖਣ ਲਈ ਦਿੱਤੇ ਗਏ ਸਨ, ਪਰ ਉਸਨੇ ਪੁਲਿਸ ਦੇ ਡਰੋਂ ਉਹ ਫਾੜ ਦਿੱਤੇ ਸਨ। ਇਹ ਬਹੁੱਤ ਵੱਡੀ ਗੱਲ ਹੈ ਕਿ ਆਪਣੀ ਕੈਦ ਦੌਰਾਨ – 8 ਅਪ੍ਰੈਲ 1929 ਤੋਂ ਲੈ ਕੇ 23 ਮਾਰਚ 1931 ਤਕ, ਜੋ ਉਸਨੇ ਇੱਕ ਲੰਬੀ ਭੁੱਖ ਹੜਤਾੜ ਸ਼ੁਰੂ ਕੀਤੀ ਹੋਈ ਸੀ ਅਤੇ ਅਦਾਲਤੀ ਕਾਰਵਾਈ ਚੱਲ ਰਹੀ ਸੀ – ਉਸਨੇ ਐਨਾ ਕੁਝ ਲਿਖਿਆ ਸੀ ਜੋ ਬਹੁਤ ਕੀਮਤੀ ਸੀ। ਇਹ ਕੀਮਤੀ ਦਸਤਾਵੇਜ਼ਾਂ ਦੇ ਦੁੱਖ ਭਰੇ ਨੁਕਸਾਨ ਹੋਣ ਦੇ ਬਾਵਜੂਦ ਵੀ, ਇਸਦੀਆਂ ਲਿਖਤਾਂ ਦਾ ਸਾਰ ਉਸਦੀਆਂ ਉਹਨਾਂ ਲਿਖਤਾਂ ਵਿਚੋ ਮਿਲ ਜਾਂਦਾ ਹੈ ਜਿਹੜੀਆਂ ਬਚ ਗਈਆਂ ਹਨ, ਜਿਸ ਨਾਲ ਸਾਨੂੰ ਇਹ ਮੌਕਾ ਮਿਲਦਾ ਹੈ ਕਿ ਅਸੀਂ ਅਸੀ ਉਸ ਅਸਾਧਾਰਣ ਪੁਰਖ ਦਾ ਮੁਲਾਂਕਣ ਕਰੀਏ ਜਿਸਨੇ ਸਿਆਸਤ, ਧਰਮ, ਕਲਾ, ਸਾਹਿਤ, ਸਭਿਅਤਾ, ਭਾਸ਼ਾ, ਪ੍ਰੇਮ, ਸੁੰਦਰਤਾ, ਆਤਮਘਾਤ ਅਤੇ ਹੋਰ ਕਈ ਵਿਸ਼ਿਆਂ 'ਤੇ ਲਿਖਿਆ। ਉਸਦੀ ਜੇਲ-ਡਾਇਰੀ (ਨੋਟ ਬੁੱਕ) ਵਿਚੋਂ, ਇਹ ਸਪੱਸ਼ਟ ਹੁੰਦਾ ਹੈ ਕਿ ਉਹ ਇਕ ਪੁਸਤਕ 'ਦੀ ਸਾਇੰਸ ਆਫ਼ ਦੀ

ਸਟੇਟ' ਉੱਪਰ ਵੀ ਲਿਖਣਾ ਚਾਹੁੰਦਾ ਸੀ, ਜਿਸ ਵਿਚ ਉਹ ਸਟੇਟ ਦੇ ਇਤਿਹਾਸਕ ਪਿਛੋਕੜ ਤੋਂ ਲੈ ਕੇ ਸਮਾਜਵਾਦੀ ਸਟੇਟ ਤਕ ਦਾ ਉਲੇਖ ਕਰਨਾ ਚਾਹੁੰਦਾ ਸੀ। ਨੋਟ ਬੁੱਕ (ਡਾਇਰੀ) ਆਪਣੇ ਆਪ ਵਿਚ ਹੀ ਇੱਕ ਵੱਡੀ ਦਸਤਾਵੇਜ਼ ਹੈ ਜਿਸ ਤੋਂ ਭਗਤ ਸਿੰਘ ਦੇ ਕਈ ਵਿਸ਼ਿਆਂ ਵਿਚ ਬੜੀ ਗਹਿਰੀ ਦਿਲਚਸਪੀ ਦੇ ਸੰਕੇਤ ਮਿਲਦੇ ਹਨ ਅਤੇ ਜਿਹੜੀਆਂ ਕਿਤਾਬਾਂ ਉਸਨੇ ਜੇਲ੍ਹ ਵਿਚ ਪੜ੍ਹੀਆਂ ਉਹਨਾਂ ਉੱਪਰ ਨੋਟ ਮਿਲਦੇ ਹਨ।

## ਸ਼ਹੀਦ ਹੋ ਗਿਆ ਭਗਤ ਸਿੰਘ ਵਧੇਰੇ ਖ਼ਤਰਨਾਕ ਸੀ

ਇਸ ਸਭ ਦੇ ਮੱਦੇ ਨਜ਼ਰ, ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਬ੍ਰਿਟਿਸ਼ ਸਰਕਾਰ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇਣ ਦਾ ਫ਼ੈਸਲਾ ਕਰ ਲਿਆ ਹੋਇਆ ਸੀ, ਵਿਸ਼ੇਸ਼ਕਰ ਭਗਤ ਸਿੰਘ ਨੂੰ। ਸਾਮਰਾਜਵਾਦ ਅਤੇ ਸ਼ੋਸ਼ਣਕਾਰੀ ਦਾ ਐਨਾ ਖ਼ਤਰਨਾਕ ਵੈਰੀ ਜੱਲਾਦ ਦੇ ਫੰਦੇ ਤੋਂ ਬਚ ਨਹੀਂ ਸਕਦਾ ਸੀ। ਪ੍ਰੋਫ਼ੈਸਰ ਚਮਨ ਲਾਲ ਦੇ ਸ਼ਬਦਾਂ ਵਿਚ "ਬ੍ਰਿਟਿਸ਼ ਬਸਤੀਵਾਦੀ ਸਰਕਾਰ ਨੂੰ ਇਹ ਪਤਾ ਸੀ ਅੰਤ ਦਾ ਕਿਉਂਕਿ ਉਸਦੀ ਸ਼ਖ਼ਸੀਅਤ ਵਿਚ ਉਹ ਭਾਰਤੀ ਲੈਨਿਨ ਨੂੰ ਵੱਡਾ ਹੋ ਰਿਹਾ ਦੇਖਦੇ ਸਨ। ਬ੍ਰਿਟਿਸ਼ ਸਰਕਾਰ ਕਾਂਗਰਸ ਨੂੰ ਤਾਂ ਬਰਦਾਸ਼ਤ ਕਰ ਸਕਦੀ ਸੀ, ਉਸ ਨਾਲ ਵਰਤੋਂ ਵੀ ਕਰ ਸਕਦੀ ਸੀ, ਜਿਸ ਕੋਲ ਉਹ ਬਿਨਾ ਕਿਸੇ ਡਰ ਦੇ ਸਿਆਸੀ ਸ਼ਕਤੀ ਵੀ ਦੇ ਸਕਦੀ ਸੀ ਅਤੇ ਨਾਲ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਕਰ ਸਕਦੀ ਸੀ। ਪਰ ਉਹ ਭਗਤ ਸਿੰਘ ਨੂੰ ਜੀਉਂਦਾ ਨਹੀ ਬਰਦਾਸ਼ਤ ਕਰ ਸਕਦੀ ਸੀ, ਕਿਉਕਿ ਉਸਨੇ ਤਾਂ ਸਾਮਰਾਜੀ ਪ੍ਰਬੰਧ ਅਤੇ ਪੂੰਜੀਵਾਦੀ ਸ਼ੋਸ਼ਣ ਨੂੰ ਚੁੱਕ ਕੇ ਪਰ੍ਹੇ ਵਗਾਹ ਮਾਰਨਾ ਸੀ।[244]

ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਭਗਤ ਸਿੰਘ ਨੂੰ ਮਾਰ ਤਾਂ ਦਿੱਤਾ ਪਰ ਉਹ ਉਸਦੀ, ਜਿਵੇਂ ਭਗਤ ਸਿੰਘ ਨੇ ਭਵਿਖਬਾਣੀ ਕੀਤੀ ਸੀ, ਰੂਹ ਅਤੇ ਸਿਖਿਆਵਾਂ ਨੂੰ ਨਹੀਂ ਮਾਰ ਸਕੇ। ਆਪਣੀ ਜੇਲ੍ਹ ਕੋਠੜੀ ਅਤੇ ਅਦਾਲਤ ਦੇ ਕਮਰੇ ਤੋਂ, ਉਹ ਬ੍ਰਿਟਿਸ਼ ਸਾਮਰਾਜਵਾਦ ਅਤੇ ਕਾਂਗਰਸ ਦੇ ਗਾਂਧੀਵਾਦੀਆਂ ਨੂੰ ਥਰ ਥਰ ਕੰਬਾ ਦਿੰਦਾ ਸੀ। ਉਸਦੀ ਹਰਮਨ ਪਿਆਰਤਾ ਨਵੀਂ ਸਿਖਰਾਂ ਛੂਹਣ ਲੱਗ ਪਈ ਸੀ, ਅਤੇ ਗਾਂਧੀ ਨੂੰ ਪਿੱਛੇ ਛੱਡ ਰਹੀ ਸੀ – ਇਹ ਕੋਈ ਛੋਟੀ ਪ੍ਰਾਪਤੀ ਨਹੀਂ ਸੀ ਇਕ ਨੌਜਾਵਨ ਵਾਸਤੇ ਜਿਹੜਾ ਅਜੇ ਵੀਹ ਸਾਲ ਦਾ ਹੀ ਹੋਇਆ ਸੀ, ਅਤੇ ਮਸਾਂ ਛੇ ਸੱਤ ਸਾਲਾਂ ਤੋਂ ਸਰਗਰਮੀ ਨਾਲ ਇਨਕਲਾਬੀ ਕਾਰਜ ਵਿਚ ਲੱਗਾ ਸੀ। ਮੌਤ ਤੋਂ ਡਰਨਾਂ ਤਾਂ ਕੀ, ਉਹ ਆਪਣੇ ਫਾਂਸੀ ਦਿੱਤੇ ਜਾਣ ਦੀ ਖਿੜੇ ਮੱਥੇ ਉਡੀਕ ਕਰ ਰਿਹਾ ਸੀ, ਇਹ ਪੂਰੀ ਤਰ੍ਹਾਂ ਜਾਣਦੇ ਹੋਏ ਕਿ ਮੌਤ ਤਾਂ ਉਸਦੇ ਮੰਤਵ ਨੂੰ, ਜਿਸ ਲਈ ਉਹ ਜੀਵਿਆ ਸੀ, ਅਤੇ ਜਿਸ ਮੰਤਵ ਦੀ ਖਾਤਰ ਉਹ ਮਰਨ ਲਈ ਤਿਆਰ ਸੀ, ਹੋਰ ਵੀ ਮਜ਼ਬੂਤ ਕਰੇਗੀ।

ਮੌਤ ਦੀ ਸਜ਼ਾ ਦਾ ਐਲਾਨ ਹੋਣ ਮਗਰੋਂ, ਜੈ ਦੇਵ ਕਪੂਰ ਨੇ ਉਸਨੂੰ ਪੁੱਛਿਆ "ਕੀ ਉਹਨੂੰ ਐਨੀ ਛੋਟੀ ਉਮਰ ਵਿਚ ਮਰਨ 'ਤੇ ਕੋਈ ਅਫ਼ਸੋਸ ਹੈ ?" ਭਗਤ ਸਿੰਘ ਪਹਿਲਾਂ ਇਸ ਸਵਾਲ 'ਤੇ ਹਸਿਆ ਸੀ ਅਤੇ ਮਗਰੋਂ ਗੰਭੀਰ ਢੰਗ ਦਾ ਉੱਤਰ ਦਿੱਤਾ ਸੀ –

"ਇਨਕਲਾਬ ਦੇ ਰਾਹ 'ਤੇ ਪੈਰ ਧਰਦੇ ਹੀ, ਮੈਂ ਇਹ ਸੋਚ ਲਿਆ ਸੀ ਕਿ ਜੇ ਮੈਂ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਸਾਰੇ ਦੇਸ ਵਿਚ ਪਹੁੰਚਾ ਸਕਿਆ, ਆਪਣੀ ਜਾਨ ਦੇ ਕੇ ਵੀ, ਤਾਂ ਮੈਂ ਸਮਝਾਂਗਾ ਕਿ ਮੈਨੂੰ ਮੇਰੀ ਜ਼ਿੰਦਗੀ ਦੀ ਪੂਰੀ ਕੀਮਤ ਮਿਲ ਗਈ ਹੈ। ਅੱਜ ਫਾਂਸੀ ਦੀਆਂ ਬੈਰਕਾਂ ਦੀਆਂ ਸੀਖਾਂ ਦੇ ਪਿੱਛੇ ਬੈਠੇ, ਮੈਂ ਇਸ ਨਾਅਰੇ ਦੀ ਆਵਾਜ਼ ਕਰੋੜਾਂ ਦੇ ਮੂੰਹੋਂ ਸੁਣ ਰਿਹਾ ਹਾਂ। ਮੈਨੂੰ

ਯਕੀਨ ਹੈ ਕਿ ਮੇਰਾ ਇਹ ਨਾਅਰਾ ਸਾਮਰਾਜ ਉਪਰ ਹਮਲਾ ਕਰੇਗਾ, ਆਜ਼ਾਦੀ ਦੇ ਸੰਘਰਸ਼ ਦਾ ਅੰਤ ਤਕ ਰੂਹੇ ਰਵਾਂ ਬਣਿਆ ਰਹੇਗਾ . . .ਇਸ ਨਿੱਕੀ ਜਿਹੀ ਜਾਨ ਦੀ ਇਸ ਤੋਂ ਵੱਧ ਹੋਰ ਕੀ ਕੀਮਤ ਹੋ ਸਕਦੀ ਹੈ?"

ਮੌਤ ਦੀ ਸਜ਼ਾ ਦਾ ਐਲਾਨ ਹੋਣ ਤੋਂ ਪਹਿਲਾਂ ਵੀ ਭਗਤ ਸਿੰਘ ਨੂੰ ਪਤਾ ਸੀ ਕਿ ਅਦਾਲਤੀ ਕਾਰਵਾਈ ਦਾ ਕੀ ਫ਼ੈਸਲਾ ਹੋਵੇਗਾ। ਉਸਨੇ ਆਪਣੀ ਜਾਨ ਬਚਾਉਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਸੀ। ਉਹ ਨਿਡਰ ਹੋ ਕੇ ਮੌਤ ਵੱਲ ਵਧਿਆ ਸੀ, ਕਿਉਂਕਿ ਉਸਦਾ ਇਕੋ ਮਤਲਬ ਸੀ ਅਦਾਲਤ ਦੇ ਕਮਰੇ ਅਤੇ ਦੋਸ਼ੀਆਂ ਦੇ ਕਟਹਿਰੇ ਨੂੰ ਬ੍ਰਿਟਿਸ਼ ਸਾਮਰਾਜ ਨੂੰ ਕਟਹਿਰੇ ਵਿਚ ਖੜ੍ਹੇ ਕਰਨਾ, ਉਸਦੇ ਜੁਰਮਾਂ ਲਈ ਅਤੇ ਆਪਣੇ ਕੌਮੀ ਆਜ਼ਾਦੀ ਦੇ ਸੁਨੇਹੇ ਨੂੰ, ਸਮਾਜਵਾਦ ਨੂੰ, ਪ੍ਰੋਲੇਤਾਰੀ ਅੰਤਰ ਰਾਸ਼ਟਰਵਾਦ ਦਾ ਪ੍ਰਚਾਰ ਕਰਨਾ 'ਤੇ ਇਕ ਆਦਮੀ ਦੁਆਰਾ ਦੂਸਰੇ ਦੇ ਸੋਸ਼ਣ, ਇਕ ਦੇਸ ਦੁਆਰਾ ਦੂਸਰੇ ਦੇ ਸ਼ੋਸ਼ਣ ਨੂੰ ਨੰਗਾ ਕਰਨਾ।

ਆਪਣੀ ਭੂਮਿਕਾ ਵਿਚ, ਸ਼ਿਵ ਵਰਮਾ ਇਕ ਘਟਨਾ ਦਾ ਜ਼ਿਕਰ ਕਰਦਾ ਹੈ ਜਿਹੜੀ ਜੁਲਾਈ 1930 ਦੇ ਆਖ਼ਰੀ ਐਤਵਾਰ ਨੂੰ ਵਾਪਰੀ ਸੀ, ਜਦ ਭਗਤ ਸਿੰਘ ਲਾਹੌਰ ਸੈਂਟਰਲ ਜੇਲ੍ਹ ਤੋਂ ਆਪਣੇ ਸਾਥੀ ਕੈਦੀਆਂ ਨੂੰ ਬੋਰਿਸਟਲ ਜੇਲ੍ਹ ਵਿਚ ਮਿਲਣ ਆਇਆ ਸੀ, ਇਸ ਬਹਾਨੇ ਕਿ ਬਚਾਅ ਪੱਖ ਦੀ ਕਿਸ ਤਰ੍ਹਾਂ ਪੇਸ਼ਕਾਰੀ ਕਰਨੀ ਹੈ।ਅਚਾਨਕ ਗੱਲਬਾਤ ਫ਼ੈਸਲੇ ਵੱਲ ਮੁੜੀ ਜਿਸਦੀ ਉਹ ਬੜੀ ਤੀਬਰਤਾ ਨਾਲ ਇੰਤਜ਼ਾਰ ਕਰ ਰਹੇ ਸਨ।ਮੁਲਜ਼ਮਾਂ ਨੇ ਇਕ ਦੂਸਰੇ ਨੂੰ ਮਜ਼ਾਕ ਨਾਲ ਸਜ਼ਾ ਸੁਣਾਈ, ਸਿਵਾਏ ਰਾਜਗੁਰੂ ਅਤੇ ਭਗਤ ਸਿੰਘ ਦੇ, ਇਹ ਜਾਣਦੇ ਹੋਏ ਕਿ ਉਹਨਾਂ ਦੋਹਾਂ ਨੂੰ ਤਾਂ ਜ਼ਰੂਰ ਫਾਂਸੀ ਦੀ ਸਜ਼ਾ ਮਿਲਦੀ ਹੈ।ਸਾਥੀ ਸ਼ਿਵ ਵਰਮਾ ਇਹ ਕਹਾਣੀ ਇਸ ਪ੍ਰਕਾਰ ਸੁਣਾਉਂਦਾ ਹੈ–

"ਮੇਰੇ ਅਤੇ ਰਾਜਗੁਰੂ ਬਾਰੇ? ਸਾਨੂੰ ਤੁਸੀਂ ਬਰੀ ਕਰਨ ਲੱਗੇ ਹੋ?' ਭਗਤ ਸਿੰਘ ਨੇ ਮੁਸਕਰਾ ਕੇ ਪੁਛਿਆ। ਕਿਸੇ ਨੇ ਜਵਾਬ ਨਾ ਦਿੱਤਾ।

"ਕੀ ਗੱਲ ਅਸਲੀਅਤ ਸਮਝਣ ਤੋਂ ਡਰਦੇ ਹੋ? ਉਸਨੇ ਹਲਕੀ ਜਿਹੀ ਸੁਰ ਵਿਚ ਪੁਛਿਆ। ਚੁੱਪ ਚਾਂ।

'ਉਹ ਸਾਡੀ ਚੁੱਪ 'ਤੇ ਹੱਸਣ ਲੱਗ ਪਿਆ ਅਤੇ ਬੋਲਿਆ, "ਗਰਦਨ ਤੋਂ ਲਟਕਾਇਆ ਜਾਵੇ ਜਦ ਤਕ ਅਸੀਂ ਮਰ ਨਾ ਜਾਈਏ। ਇਹੀ ਅਸਲੀਅਤ ਹੈ, ਸਾਥੀਓ। ਮੈਨੂੰ ਪਤਾ ਹੈ। ਤੁਹਾਨੂੰ ਵੀ ਇਹ ਪਤਾ ਹੈ. ਫੇਰ, ਇਸ ਪ੍ਰਤੀ ਅੱਖਾਂ ਕਿਉਂ ਮੀਟਦੇ ਹੋ?

'ਭਗਤ ਸਿੰਘ ਚੜ੍ਹਦੀ ਕਲਾ ਵਿਚ ਸੀ। ਉਹ ਨੀਵੀਂ ਆਵਾਜ਼ ਵਿਚ ਬੋਲ ਰਿਹਾ ਸੀ। ਇਹ ਉਸਦਾ ਤਰੀਕਾ ਹੀ ਸੀ. . . ਉਂਚੀ ਬੋਲਣਾ ਉਸਦੀ ਆਦਤ ਨਹੀਂ ਸੀ। ਇਹੀ ਸ਼ਾਇਦ ਉਸਦੀ ਸ਼ਕਤੀ ਵੀ ਸੀ। ਉਸਨੇ ਅੱਗੇ ਕਿਹਾ, "ਦੇਸ਼ ਭਗਤਾਂ ਲਈ ਇਹ ਸਭ ਤੋਂ ਵੱਡਾ ਇਨਾਮ ਹੈ ਅਤੇ ਮੈਨੂੰ ਮਾਣ ਹੈ ਕਿ ਮੈਨੂੰ ਇਹ ਮਿਲਣ ਵਾਲਾ ਹੈ. . . ਉਹ ਮੈਨੂੰ ਮਾਰ ਲੈਣ, ਪਰ ਉਹ ਮੇਰੇ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਉਹ ਮੇਰੇ ਸਰੀਰ ਨੂੰ ਕੁਚਲ ਦੇਣ ਪਰ ਉਹ ਮੇਰੀ ਰੂਹ ਨੂੰ ਨਹੀ ਕੁਚਲ ਸਕਣਗੇ। ਮੇਰੇ ਵਿਚਾਰ ਬ੍ਰਿਟਿਸ਼ ਸਰਕਾਰ ਨੂੰ ਡਰਾਉਂਦੇ ਰਹਿਣਗੇ ਇਕ ਸਰਾਪ ਵਾਂਗਰ ਜਦ ਤਕ ਉਹਨਾਂ ਨੂੰ ਇਸ ਦੇਸ਼ ਵਿਚੋਂ ਧੱਕੇ ਮਾਰ ਕੇ ਭਜਾ ਨਹੀਂ ਦਿੱਤਾ ਜਾਂਦਾ।

"ਪੂਰੇ ਜੋਸ਼ ਨਾਲ ਬੋਲਦੇ ਹੋਏ, ਉਸਨੇ ਕਹਿਣਾ ਜਾਰੀ ਰੱਖਿਆ, 'ਮਰਿਆ ਹੋਇਆ ਭਗਤ ਸਿੰਘ ਸਾਡੇ ਬ੍ਰਟਿਸ਼ ਗ਼ੁਲਾਮ ਕਰਨ ਹਾਰਿਆਂ ਲਈ ਜਿਉਂਦੇ ਨਾਲੋਂ ਵਧੇਰੇ ਖ਼ਤਰਨਾਕ

ਹੋਵੇਗਾ। ਜਦ ਮੈਨੂੰ ਫਾਂਸੀ ਦੇ ਦਿੱਤੀ ਜਾਵੇਗੀ ਤਾਂ ਮੇਰੇ ਇਨਕਲਾਬੀ ਵਿਚਾਰਾਂ ਦੀ ਖ਼ੁਸ਼ਬੂ ਇਸ ਸੁੰਦਰ ਧਰਤੀ ਦੇ ਵਾਤਾਵਰਣ ਵਿਚ ਸਮਾ ਜਾਵੇਗੀ। ਇਹ ਨੌਜਵਾਨਾਂ ਨੂੰ ਨਸ਼ਿਆ ਦੇਵੇਗੀ ਅਤੇ ਉਹਨਾਂ ਨੂੰ ਆਜ਼ਾਦੀ ਅਤੇ ਇਨਕਲਾਬ ਲਈ ਤਿਆਰ ਕਰ ਦੇਵੇਗੀ ਅਤੇ ਇਸ ਨਾਲ ਬ੍ਰਿਟਿਸ਼ ਸਮਾਰਾਜ ਦੀ ਮੌਤ ਨੇੜੇ ਆ ਜਾਵੇਗੀ। ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ। ਮੈਂ ਉਸ ਦਿਨ ਦੀ ਖ਼ੁਸ਼ੀ ਨਾਲ ਉਡੀਕ ਕਰ ਰਿਹਾ ਹਾਂ ਜਦ ਮੈਨੂੰ ਮੇਰੀਆਂ ਦੇਸ ਲਈ ਕੀਤੀਆਂ ਸੇਵਾਵਾਂ, ਅਤੀ ਮੇਰੇ ਦੇਸ ਦੇ ਲੋਕਾਂ ਲਈ ਮੇਰੇ ਪਿਆਰ ਦਾ ਸਭ ਤੋਂ ਉੱਚਾ ਇਨਾਮ ਮਿਲੇਗਾ।"[245]

ਸਾਥੀ ਵਰਮਾ ਅੱਗੇ ਕਹਿੰਦਾ ਹੈ ਕਿ ਇਕ ਸਾਲ ਦੇ ਅੰਦਰ-ਅੰਦਰ ਭਗਤੀ ਸਿੰਘ ਦੀ ਭਵਿਖ ਬਾਣੀ ਠੀਕ ਸਾਬਤ ਹੋ ਗਈ। ਉਸਦਾ ਨਾਮ ਮੌਤ ਨੂੰ ਵੰਗਾਰਨ ਵਾਲੇ ਹੌਸਲੇ, ਕੁਰਬਾਨੀ, ਦੇਸ਼ਭਗਤੀ ਅਤੇ ਦ੍ਰਿੜ੍ਹਤਾ ਦਾ ਪ੍ਰਤੀਕ ਬਣ ਗਿਆ। ਉਹਦੇ ਇਸ ਸਮਾਜਵਾਦੀ ਸਮਾਜ ਸਥਾਪਤ ਕਰਨ ਦੇ ਸੁਪਨੇ ਪੜ੍ਹੇ ਲਿਖੇ ਨੌਜਵਾਨਾਂ ਦੇ ਮਨਾਂ ਵਿਚ ਘਰ ਕਰ ਗਏ ਅਤੇ ਉਸਦਾ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਸਾਰੀ ਕੌਮ ਦਾ ਯੁੱਧ-ਨਾਦ ਬਣ ਗਿਆ। 1931-32 ਵਿਚ ਲੋਕ ਇਕ ਹੋ ਕੇ ਉੱਪਰ ਉੱਠੇ। ਕੈਦਾਂ, ਕੁਟਾਪਾ ਅਤੇ ਲਾਠੀਆਂ ਦੀ ਮਾਰ ਉਹਨਾਂ ਦਾ ਮਨੋਬਲ ਹਿਲਾ ਨਾ ਸਕੇ। ਇਹੀ ਭਾਵਨਾ, ਇਸ ਤੋਂ ਵੀ ਉੱਚੀ ਪੱਧਰ 'ਤੇ, **ਭਾਰਤ ਛੱਡੋ ਅੰਦੋਲਨ** ਦੇ ਦਿਨਾਂ ਵਿਚ ਵੀ ਦੇਖੀ ਗਈ। ਭਗਤ ਸਿੰਘ ਦਾ ਨਾਮ ਅਪਣਾ ਬੁੱਲਾਂ ਤੇ ਰੱਖ ਕੇ ਅਤੇ ਉਸਦੇ ਨਾਅਰੇ ਉਹਨਾਂ ਦੇ ਝੰਡਿਆਂ 'ਤੇ ਨੌਜਵਾਨ ਹੋ ਰਹੇ ਯੁਵਕ ਅਤੇ ਹੋਰ ਛੋਟੇ ਬਾਲ ਵੀ ਗੋਲੀਆਂ ਦਾ ਸਾਹਮਣਾ ਕਰਨ ਲੱਗੇ ਜਿਵੇਂ ਉਹ ਮੱਖਣ ਦੀਆਂ ਬਣੀਆਂ ਹੋਈਆਂ ਹੋਣ। ਸਾਰੀ ਕੌਮ ਹੀ ਸ਼ੁਦਾਈ ਹੋ ਗਈ ਸੀ। ਤੇ ਫੇਰ ਸਮਾ ਆਇਆ 1945-46 ਦਾ ਜਦ ਦੁਨੀਆਂ ਨੇ ਇਕ ਨਵਾਂ ਭਾਰਤ ਉਭਰਦਾ ਹੋਇਆ ਦੇਖਿਆ। ਕਿਰਤੀ, ਕਿਸਾਨ, ਵਿਦਿਆਰਥੀ, ਯੁਵਕ, ਸਮੁੰਦਰੀ ਫ਼ੌਜ, ਹਵਾਈ ਫੌਜ, ਪੁਲਿਸ ਵੀ – ਸਾਰੇ ਹੀ ਜ਼ੋਰ ਦੀ ਸੱਟ ਮਾਰਨ ਲਈ ਅੱਗੇ ਆ ਗਏ। ਸ਼ਾਂਤੀਪੂਰਵਕ ਅੰਦੋਲਨ ਦੀ ਥਾਂ ਸਰਗਰਮ ਬਦਲੇ ਨੇ ਲੈ ਲਈ।

ਕੁਰਬਾਨੀ ਤੇ ਕਸ਼ਟ ਸਹਾਰਨ ਦੀ ਭਾਵਨਾ, ਜਿਹੜੀ ਕੁਝ ਥੋੜਿਆਂ ਨੇ ਹੀ 1930 ਤਕ ਦਿਖਾਈ ਸੀ, ਇਕ ਦੇਸ ਵਿਆਪੀ ਵਰਤਾਰਾ ਬਣ ਗਿਆ। ਬਗ਼ਾਵਤ ਦੀ ਭਾਵਨਾ ਕੌਮ ਵਿਚ ਵੱਡੀ ਪੱਧਰ 'ਤੇ ਉਜਾਗਰ ਹੋ ਗਈ ਸੀ।

"ਭਗਤ ਸਿੰਘ ਨੇ ਠੀਕ ਹੀ ਕਿਹਾ ਸੀ। ਭਾਵਨਾ (ਰੂਹ) ਕਦੇ ਨਹੀਂ ਮਰਦੀ।[246]

ਸਾਥੀ ਰਨਦੀਵੇ ਕੋਈ ਅਤਿਕਥਨੀ ਨਹੀਂ ਕਰ ਰਿਹਾ ਸੀ, ਜਦ ਉਸਨੇ 'ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ ਦੀ ਭੂਮਿਕਾ ਵਿਚ, ਹੋਰ ਗੱਲਾਂ ਸਮੇਤ, ਭਗਤ ਸਿੰਘ ਨੂੰ ਨਿੱਘੀ ਸ਼ਰਧਾਂਲੀ ਦਿੰਦਿਆਂ, ਲਿਖਿਆ ਸੀ –

"ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਨਾਂ ਨੇ ਭਾਰਤੀ ਲੋਕਾਂ ਦੇ ਮਨਾਂ ਵਿਚ ਇਕ ਪੱਕੀ ਥਾਂ ਬਣਾ ਲਈ ਹੈ। ਉਸ ਸਮੇਂ ਦਾ ਹੋਰ ਕੋਈ ਇਨਕਲਾਬੀ ਐਨੀ ਗਹਿਰੀ ਹਮਦਰਦੀ ਦੀ ਭਾਵਨਾ, ਠੋਸ ਕਦਮੀ, ਅਤੇ ਲੋਕਾਂ ਨਾਲ ਇਕ-ਮਿਕ ਹੋਣ ਦੀ ਐਸੀ ਪ੍ਰਖ਼ਤਾ ਦਸ਼ਾ ਨਹੀਂ ਪ੍ਰਾਪਤ ਕਰ ਸਕਿਆ ਸੀ। ਭਗਤ ਸਿੰਘ ਅਤੇ ਉਸਦੇ ਸਾਥੀ ਭਾਰਤੀਆਂ ਦੀਂ ਚੇਤਨਾ ਦੇ ਭਾਗ ਬਣ ਗਏ, ਉਹਨਾਂ ਦੀਆਂ ਇੱਛਾਵਾਂ ਅਤੇ ਵਲਵਲਿਆਂ ਦੇ ਪ੍ਰਤੀਕ ਬਣ ਗਏ, ਅਤੇ ਗ਼ੁਲਾਮੀ ਤੋਂ ਮੁਕਤ ਹੋਣ ਦੀ ਲੜਾਈ ਦੇ ਚਿੰਨ੍ਹ ਬਣ ਗਏ। ਭਗਤ ਸਿੰਘ ਦੇ 1929 ਵਿਚ ਲਾਹੌਰ ਵਿਚ ਚਲਦੇ ਮੁਕੱਦਮੇ ਦੀ ਸੁਣਵਾਈ ਦੇ ਨਾਜ਼ਕ ਦਿਨਾਂ ਵਿਚ ਹਰ ਭਾਂਤ ਦੇ ਲੋਕ – ਸਮਾਜ ਦੇ

ਉਪਰਲੇ ਵਰਗਾਂ ਤੋਂ ਲੈ ਕੇ ਕਿਰਤੀ ਅਤੇ ਕਿਸਾਨੀ ਤਕ, ਸਿਆਸੀ ਤੌਰ 'ਤੇ ਸਰਗਰਮ ਤੋਂ ਲੈ ਕੇ ਸਿਆਸਤ ਤੋਂ ਬੇਖ਼ਬਰ – ਸਾਰੇ ਹੀ ਇਹਨਾਂ ਇਨਕਲਾਬੀਆਂ ਦੀ ਸ਼ੂਰਵੀਰਤਾ ਦੇ ਕਾਰਨਾਮਿਆਂ ਨੂੰ, ਬ੍ਰਿਟਿਸ਼ ਅਦਾਲਤ ਮੂਹਰੇ ਆਦਰ ਨਾਲ ਦੇਖਦੇ ਸਨ ਅਤੇ ਉਹਨਾਂ ਦੇ ਵਿਰੋਧ ਦੀ ਬੜੇ ਨਿੱਘ ਨਾਲ ਸਰਾਹਨਾ ਕਰਦੇ ਸਨ, ਅਤੇ ਇਸਨੂੰ ਦੇਸ਼ ਦੇ ਗੌਰਵ ਦਾ ਪ੍ਰਗਟਾਵਾ ਮੰਨਦੇ ਸਨ।

*"ਕੋਈ ਹੋਰ ਇਨਕਲਾਬੀ ਜਾਗ ਰਹੀ ਜਨਤਾ ਨਾਲ ਐਨਾ ਡੂੰਘਾ ਰਾਬਤਾ ਨਾ ਸਥਤਾਪਤ ਕਰ ਸਕਿਆ, ਕੋਈ ਹੋਰ ਆਮ ਲੋਕਾਂ ਅਤੇ ਨੌਜਵਾਨਾਂ ਵਿਚ ਐਨਾ ਪਿਆਰਾ ਨਹੀਂ ਬਣਿਆ ਜਿੰਨਾ ਭਗਤ ਸਿੰਘ। ਅਸੈਂਬਲੀ ਵਿਚ ਬੰਬ ਸੁੱਟ ਕੇ ਉਸਨੇ ਇਸ ਨਾਅਰੇ ਨੂੰ ਆਪਣੇ ਸੰਘਰਸ਼ ਦਾ ਪ੍ਰਤੀਕ ਬਣਾ ਦਿੱਤਾ – ਇਨਕਲਾਬ ਜ਼ਿੰਦਾਬਾਦ –ਐਸਾ ਨਾਅਰਾ ਜਿਸ ਬਾਰੇ ਉਸ ਵੇਲੇ ਦੇ ਭਾਰਤੀਆਂ ਨੂੰ ਕੁਝ ਵੀ ਪਤਾ ਨਹੀਂ ਸੀ। ਇਸ ਵਿਚ ਸ਼ੱਕ ਨਹੀਂ ਕਿ ਕਮਿਉਨਿਸਟ ਲੀਡਰ ਕੁੱਝ ਚਿਰ ਪਹਿਲਾਂ ਇਹ ਨਾਅਰਾ ਲਾਉਣ ਲੱਗ ਪਏ ਸਨ, ਪਰ ਇਹ ਅਜੇ ਲੋਕਾਂ ਤਕ ਨਹੀਂ ਪੁੱਜਾ ਸੀ।*

*'ਇਹ ਬੇਚੈਨ ਇਨਕਲਾਬੀ ਕੇਵਲ ਨਾਅਰਿਆਂ ਨਾਲ ਸੰਤੁਸ਼ਟ ਨਹੀਂ ਸੀ। ਇਹ ਤਾਂ ਬਹੁਤ ਵੱਡੀ ਹਿੰਮਤ ਦਾ ਮੁਜੱਸਮਾ ਸੀ, ਮੌਤ ਨੂੰ ਵੰਗਾਰਦੀ ਰੂਹ, ਤਸੀਹੇ ਸਹਿੰਦਿਆਂ ਸਭ ਕੁਝ ਕੁਰਬਾਨ ਕਰ ਦੇਣ ਦੀ ਅਥਾਹ ਹਿੰਮਤ, ਜਿਸਦੇ ਬਿਨਾਂ ਇਨਕਲਾਬ ਦੀਆਂ ਸਭ ਗੱਲਾਂ ਫੋਕੀਆਂ ਹੀ ਰਹਿ ਜਾਂਦੀਆਂ ਨੇ। ਕੋਈ ਇਨਕਲਾਬ, ਕੋਈ ਇਨਕਲਾਬੀ ਵਿਚਾਰਧਾਰਾ ਸਫ਼ਲ ਨਹੀਂ ਹੋ ਸਕਦੀ ਬਿਨਾਂ ਵਿਅਕਤੀਗਤ ਬਹਾਦਰੀ ਦੇ ਅਤੇ ਤਸੀਹਿਆਂ ਪ੍ਰਤੀ ਸਹਿਣਸ਼ੀਲ ਹੋਣ ਦੀ ਸਮਰਥਾ ਦੇ, ਬਿਨਾਂ ਵਿਅਕਤੀਆਂ ਦੇ ਲੋਕਾਂ ਵਿਚ ਆਪਣੀ ਕੁਰਬਾਨੀ ਦੀ ਮਿਸਾਲ ਨਾਲ ਜੋਸ਼ ਪੈਦਾ ਕੀਤੇ, ਬਿਨਾਂ ਉਹਨਾਂ ਦੇ ਫਾਂਸੀਆਂ 'ਤੇ ਚੜ੍ਹਨ ਲਈ ਅਤੇ ਜੱਲਾਦ ਦੇ ਕੁਹਾੜੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੇ। ਕੋਈ ਇਨਕਲਾਬੀ ਵਿਚਾਰਧਾਰਾ ਸਫ਼ਲ ਨਹੀਂ ਹੋ ਸਕਦੀ ਜਦ ਤੱਕ ਦੁਸ਼ਮਣ ਦੇ ਵਿਰੁੱਧ, ਜਿਸ ਨੂੰ ਚੁੱਕ ਕੇ ਬਾਹਰ ਮਾਰਨਾ ਹੈ, ਬਹੁਤ ਡੂੰਘੀ ਨਫ਼ਰਤ ਨਾ ਹੋਵੇ, ਹਰ ਪਾਸਿਉਂ ਉਸਦੇ, ਉਸਦੀਆਂ ਸੰਸਥਾਵਾਂ ਅਤੇ ਸਾਧਨਾ ਵਿਰੁੱਧ ਜੰਗ ਨਾ ਛੇੜੀ ਹੋਵੇ। ਭਗਤ ਸਿੰਘ ਦੇ ਮਨ ਵਿਚ ਜਿੱਥੇ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਵੱਡੀ ਨਫਰਤ ਸੀ ਉਥੇ ਉਸਦੀ ਆਪਣੀ ਬਹਾਦਰੀ ਵੀ ਸੀ ਅਤੇ ਉਹ ਸੰਘਰਸ਼ਸ਼ੀਲ ਕੌਮ ਦਾ ਪ੍ਰਤੀਕ ਬਣ ਗਿਆ ਸੀ, ਕੌਮ ਦੀ ਵਿਦੇਸ਼ੀ ਰਾਜ ਪ੍ਰਤੀ ਨਫ਼ਰਤ ਦਾ ਸਾਕਾਰ ਰੂਪ ਬਣ ਗਿਆ ਸੀ।"*[247] ਭਗਤ ਸਿੰਘ ਦਾ ਜੀਵਨ ਅਤੇ ਉਸਦੇ ਕਾਰਨਾਮਿਆਂ ਦੇ ਸਰਵੇਖਣ ਕਰਦੇ ਹੋਏ, ਅਸੀ ਅਲੈਗਜ਼ੈਂਡਰ ਹੈਰਜ਼ਨ ਦੇ ਇਨਕਲਾਬੀਆਂ ਦੀ ਉਸ ਪੀੜ੍ਹੀ ਸੰਬੰਧੀ, ਜਿਹੜੀ ਵੱਡੇ ਲੋਕਾਂ ਅਤੇ ਵੱਡੇ ਜ਼ਿਮੀਂਦਾਰਾਂ ਵਿੱਚੋਂ ਰੂਸ ਵਿਚ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਉਭਰੀ ਸੀ, ਬਹੁਤ ਹੀ ਸੂਝ ਬੂਝ ਨਾਲ ਕੀਤੇ ਕਥਨਾਂ ਨੂੰ ਯਾਦ ਕੀਤੇ ਬਿਨਾਂ ਨਹੀਂ ਰਹਿ ਸਕਦੇ। ਉਹ ਕਹਿੰਦਾ ਹੈ, *"ਕੁਲੀਨ ਵਰਗ ਨੇ ਰੂਸ ਨੂੰ ਸ਼ਰਾਬੀ ਅਫ਼ਸਰ, ਧਾਂਦਲੇਬਾਜ਼, ਜੂਏਬਾਜ਼, ਮੇਲਿਆਂ ਦੇ ਨਾਇਕ, ਖਰਮਸਤੀਆਂ ਕਰਨ ਵਾਲੇ, ਮਾਰਾਂ ਕੁੱਟਾਂ ਕਰਨ ਵਾਲੇ, ਦਲਾਲ ਦਿੱਤੇ ਸਨ ਅਤੇ ਨਾਲ ਹੀ ਸੰਤੁਸ਼ਟ ਅਤੇ ਭਾਵੁਕ ਜ਼ਿਮੀਂਦਾਰ ਦਿੱਤੇ ਸਨ, ਵਿਹਲੜ ਸੁਪਨਈ ਅਤੇ ਗੱਪਾਂ ਸ਼ੱਪਾਂ ਮਾਰਨ ਵਾਲੇ"* ਪਰ, ਉਹ ਲਿਖਦਾ ਹੈ, *"ਉਹਨਾਂ ਵਿਚੋਂ ਹੀ ਵਿਕਸਿਤ ਹੋਏ ਸਨ 14 ਦਿਸੰਬਰ ਵਾਲੇ ਲੋਕ, ਸੂਰਬੀਰਾਂ ਦੀ ਯੁੱਧ ਪੰਗਤੀ, ਰੋਮੂਲਸ ਅਤੇ ਰੈਮੁਸ ਵਰਗੇ, ਇਕ ਜੰਗਲੀ ਜਾਨਵਰ ਦਾ ਦੁੱਧ ਪੀਂਦੇ ..ਉਹ ਤਾਂ ਸਚਮੁੱਚ ਮਹਾਂਬਲੀ ਸਨ, ਸਿਰ ਤੋਂ ਪੈਰ ਤੱਕ ਪੂਰੇ ਲੋਹੇ ਦੇ ਬਣੇ ਹੋਏ, ਜੰਗ ਦੇ ਸਾਥੀ ਜਿਹੜੇ ਜਾਣਬੁਝ ਕੇ ਯਕੀਨੀ ਮੌਤ ਦੇ ਮੂੰਹ ਵਿਚ ਗਏ ਤਾਂ*

*ਜੋ ਨੌਜੁਆਨ ਪੀੜ੍ਹੀ ਨੂੰ ਜਗਾਅ ਸਕਣ, ਇਕ ਨਵਾਂ ਜੀਵਨ ਜਿਉਣ ਲਈ ਅਤੇ ਉਹਨਾਂ ਬੱਚਿਆਂ ਨੂੰ ਪਵਿੱਤਰ ਕਰਨ ਲਈ ਜਿਹੜੇ ਜ਼ੁਲਮ ਅਤੇ ਗ਼ੁਲਾਮੀ ਦੇ ਵਾਤਾਵਰਣ ਵਿਚ ਪੈਦਾ ਹੋਏ ਸਨ।"*[248]

ਇਹ ਮਨ ਵਿਚ ਰੱਖਦੇ ਹੋਏ ਕਿ ਉੱਨੀਵੀਂ ਸਦੀ ਦੇ ਸ਼ੁਰੂ ਦੇ ਜ਼ਾਰ ਦੇ ਰੂਸ ਵਿਚ ਅਤੇ ਵੀਹਵੀਂ ਸਦੇ ਦੇ ਸ਼ੁਰੂ ਵਿਚ ਬਸਤੀਵਾਦੀ ਭਾਰਤ ਵਿਚ ਕੀ ਅਣੋਖਾ ਵਾਪਰਿਆ, ਅਤੇ ਨਾਲ ਹੀ ਦਸੰਬਰ ਵਾਲੇ ਰੂਸੀਆਂ ਵਿਚ, ਇਕ ਪਾਸੇ ਭਗਤ ਸਿੰਘ ਦੇ ਸਾਥੀਆਂ ਵਿਚ ਦੂਸਰੇ ਪਾਸੇ, ਸਾਨੂੰ ਇਹ ਕਹਿਣ ਦਾ ਜ਼ਰੂਰ ਅਧਿਕਾਰ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਤਿੰਨ ਦਹਾਕਿਆਂ ਵਿਚ ਭਾਰਤ ਨੇ ਵੀ ਆਪਣਾ ਚੰਗ ਹਿੱਸਾ ਪਾਇਆ ਸੁੱਤੇ ਪਏ ਜ਼ਮੀਂਦਾਰਾਂ ਨੂੰ, ਗਿਣਤੀ ਮਿਣਤੀ ਕਰਦੇ ਦੁਕਾਨਦਾਰਾਂ ਨੂੰ, ਦਲਾਲਾਂ ਨੂੰ ਵਿਹਲੜ ਸੁਪਨਸਾਜਾਂ ਨੂੰ ਅਤੇ ਗਪੌੜ ਸੰਖਾਂ ਨੂੰ ਪੈਦਾ ਕਰਨ ਵਿਚ। ਪਰ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਉਹਨਾਂ ਵਿਚੋਂ ਹੀ ਵਿਕਸਿਤ ਹੋਏ ਸਨ ਐਚ ਐਸ ਆਰ ਏ ਦੇ ਇਨਕਲਾਬੀ, ਭਗਤ ਸਿੰਘ ਅਤੇ ਉਸਦੇ ਸਾਥੀ, ਸੂਰਵੀਰਾਂ ਅਤੇ ਮਹਾਨ ਯੋਧਿਆਂ ਜਿਹੇ ਮਹਾਂ-ਮਾਨਵ, ਜਿਹੜੇ ਖ਼ਾਲਿਸ ਸੋਨੇ ਦੇ ਬਣੇ ਹੋਏ ਸਨ, ਜੰਗੀ-ਸਾਥੀ ਜਿਹੜੇ ਖਿੜੇ ਮੱਥੇ ਮੌਤ ਵੱਲ ਵਧੇ ਸਨ ਅਤੇ ਜਿਹਨਾਂ ਨੇ ਇੰਝ ਕਰਦੇ ਹੋਏ, ਯੁਵਾ ਪੀੜੀ ਨੂੰ ਜਗਾਇਆ ਸੀ ਨਵਾਂ ਜੀਵਨ ਜਿਉਣ ਵਾਸਤੇ ਅਤੇ ਜ਼ੁਲਮ, ਕਮਜ਼ੋਰੀ ਅਤੇ ਗ਼ੁਲਾਮੀ ਦੇ ਵਾਤਾਵਰਣ ਵਿਚ ਪੈਦਾ ਹੋਏ ਬੱਚਿਆਂ ਦਾ ਸ਼ੁੱਧੀਕਰਨ ਕੀਤਾ ਸੀ। ਇਹ ਸੁਨੇਹਾ ਓਦੋਂ ਬਹੁਤ ਜ਼ੋਰਦਾਰ ਸੀ ਅਤੇ ਹੁਣ ਵੀ ਓਨਾ ਹੀ ਜ਼ੋਰਦਾਰ ਹੈ। ਇਸਨੂੰ ਦੂਰ-ਦੂਰ ਤਕ ਫੈਲਾਇਆ ਜਾਵੇ, ਇਸ ਅਤੀ ਉੱਤਮ ਕਾਰਜ ਵਾਸਤੇ – ਭਾਵ ਮਨੁੱਖ ਜਾਤੀ ਦੀ ਆਜ਼ਾਦੀ ਵਾਸਤੇ।

ਇਨਕਲਾਬ ਜ਼ਿੰਦਾਬਾਦ! ਭਗਤ ਸਿੰਘ ਜ਼ਿੰਦਾਬਾਦ!!

***

## ਅੰਤਕਾ

# ਭਗਤ ਸਿੰਘ ਸਾਡੇ ਵਿਚੋਂ ਹੀ ਇਕ ਸੀ

## ਕਮੀਲਾ ਹਯਾਤ

(ਸੰਪਾਦਕ ਦਾ ਨੋਟ- ਹੇਠ ਦਿੱਤਾ ਕਮੀਲਾ ਹਯਾਤ ਦਾ ਬਹੁਤ ਹੀ ਵਧੀਆ ਹੇਠਲਾ ਲੇਖ *ਲਾਲਕਾਰ* ਦੇ ਸਿਤੰਬਰ/ਅਕਤੂਬਰ 2013 ਦੇ ਅੰਕ ਵਿਚ ਮੁੜ-ਛਾਪਿਆ ਗਿਆ ਸੀ, ਭੂਮਿਕਾ ਸਮੇਤ -

*28 ਸਤੰਬਰ ਭਗਤ ਸਿੰਘ, ਭਾਰਤੀ ਉਪਮਹਾਦੀਪ ਦੀ ਮੁਕਤੀ ਦੀ ਜੰਗ ਦਾ ਮਹਾਨ ਇਨਕਲਾਬੀ ਸੁਤੰਤਰਤਾ ਸੰਗ੍ਰਾਮੀ, ਅਤੇ ਇਕ ਮਹਾਨ ਮਾਰਕਸੀ ਬੁੱਧੀਜੀਵੀ ਦਾ 106ਵਾਂ ਜਨਮ ਦਿਨ ਹੈ, ਜਿਸਨੂੰ ਉਸਦੀਆਂ ਇਨਕਲਾਬੀ ਗਤੀਵਿਧੀਆਂ ਕਾਰਨ ਬੇਰਹਿਮ ਬਸਤੀਵਾਦੀ ਸਰਕਾਰ ਨੇ 23 ਸਾਲ ਦੀ ਉਮਰ ਵਿਚ ਫਾਂਸੀ 'ਤੇ 1931 ਵਿਚ ਲਟਕਾਇਆ ਸੀ। ਭਾਵੇਂ ਭਗਤ ਸਿੰਘ ਦਾ ਇਨਕਲਾਬੀ ਜੀਵਨ ਭਾਰਤ ਵਿੱਚ ਅਤੇ ਹੋਰ ਅੱਗੇ ਪਾਕਿਸਤਾਨ ਵਿਚ ਵੀ ਬੜੇ ਪਿਆਰ ਨਾਲ ਯਾਦ ਕੀਤਾ ਜਾਂਦਾ ਹੈ, ਤੰਗਦਿਲੀ ਅਤੇ ਇਤਿਹਾਸ ਨੂੰ ਬੇਸ਼ਰਮੀ ਨਾਲ ਮੋੜਨ-ਤਰੋੜਨ ਕਾਰਨ, ਭਗਤ ਸਿੰਘ ਨੂੰ ਭੁਲਾ ਹੀ ਦਿੱਤਾ ਗਿਆ ਹੈ। ਉਹ, ਜਿਹੜਾ ਇਕ ਮਾਰਕਸੀ ਪਦਾਰਥਵਾਦੀ ਨਾਸਤਕ ਹੋਣ ਦੇ ਨਾਤੇ, ਹਰ ਪ੍ਰਕਾਰ ਦੀ ਧਾਰਮਿਕ ਵੰਡ ਅਤੇ ਰੂੜ੍ਹੀਵਾਦ ਨੂੰ ਨ਼ਫਰਤ ਕਰਦਾ ਸੀ, ਜਿਸਨੇ ਹਰ ਭਾਰਤੀ ਵਾਸਤੇ, ਦੱਬੇ ਕੁਚਲੇ ਲੋਕਾਂ ਵਾਸਤੇ, ਕਿਤੇ ਵੀ ਹੋਣ, ਸੋਸ਼ਤ ਕੀਤੇ ਜਾ ਰਹੇ ਲੋਕਾਂ ਵਾਸਤੇ, ਆਪਣੀ ਜਾਨ ਕੁਰਬਾਨ ਕੀਤੀ - ਦੀਵਾਲੀਆ ਹੋਈ ਪਾਕਿਸਤਾਨੀ ਸੰਸਥਾਪਨਾ ਨੇ ਇਕ ਸੰਦੂਕ ਵਿਚ ਬੰਦ ਕਰ ਦਿੱਤਾ ਹੈ ਅਤੇ ਉਸ ਉੱਪਰ 'ਹਿੰਦੂ/ਸਿੱਖ' ਲਿਖ ਦਿੱਤਾ ਹੈ।*

ਇਸ ਲਈ 22 ਨਵੰਬਰ 2012 ਦੇ ਰੋਜ਼ਾਨਾ ਜੰਗ ਵਿਚ ਕਮੀਲਾ ਹਯਾਤ ਦੇ ਇਕ ਲੇਖ ਨੂੰ ਪੜ੍ਹਕੇ ਤਾਜ਼ੀ ਹਵਾ ਵਿਚ ਸਾਹ ਲੈਣ ਦਾ ਅਨੁਭਵ ਹੋਇਆ , ਜਿਸ ਵਿਚ ਉਸਨੇ ਸਹੀ ਤੌਰ 'ਤੇ ਇਹ ਦਲੀਲ ਦਿੱਤੀ ਕਿ ਪਾਕਿਸਤਾਨ ਜਿਹਾਦੀਆਂ ਦੀ ਦਹਿਸ਼ਤਗਰਦੀ ਦੇ ਖ਼ਿਲਾਫ ਸਫ਼ਲ ਲੜਾਈ ਨਹੀਂ ਲੜ ਸਕਦਾ , ਜਦ ਤਕ ਇਸਦੇ ਨਾਲ ਹੀ ਇਹ ਮਤੱਸਬ ਦੇ ਖ਼ਿਲਾਫ ਅਤੇ ਐਸੀ ਮਾਨਸਿਕਤਾ ਦੇ ਖ਼ਿਲਾਫ ਵੀ ਜਦੋਜਹਿਦ ਕਰੇ ਜਿਸਨੇ ਪਾਕਿਸਤਾਨ ਦੇ ਸਕੂਲਾਂ ਵਿਚ ਇਤਿਹਾਸ ਦੀਆਂ ਪੁਸਤਕਾਂ ਦਾ ਸਫਾਇਆ ਹੀ ਕਰ ਦਿੱਤਾ ਹੈ, ਜਿਹਨਾਂ ਵਿਚ ਭਗਤ ਸਿੰਘ ਜੈਸੇ ਮਹਾਂ ਪੁਰਖਾਂ ਦਾ ਜ਼ਿਕਰ ਆਉਂਦਾ ਹੈ, ਜਿਹੜੇ ਸਾਰੇ ਉਪਮਹਾਂਦੀਪ ਵਿਚ ਸਭ ਦੇ ਸਾਂਝੇ ਹਨ। ਅਸੀਂ ਇਹ ਬਹੁਤ ਹੀ ਵਧੀਆ ਲੇਖ ਛਾਪਣ ਦੇ ਇੰਤਜ਼ਾਰ ਵਿਚ ਰਹੇ ਹਾਂ। ਭਗਤ ਸਿੰਘ ਦਾ ਜਨਮ ਦਿਨ ਨੇੜੇ ਹੋਣ ਨਾਲ, ਹੁਣ ਇਹ ਬਹੁਤ ਠੀਕ ਲੱਗਦਾ ਹੈ ਕਿ ਇਹ ਹੁਣ ਛਾਪਿਆ ਜਾਵੇ, ਕਿਉਂਕਿ ਇਹ ਸਾਰੇ ਹੀ ਚੰਗੇ ਪਾਕਿਸਤਾਨੀਆਂ ਦੇ ਨੁਕਤਾ-ਨਿਗ੍ਹਾ ਦੀ ਨੁਮਾਇੰਦਗੀ ਕਰਦਾ

ਹੈ। ਅਸੀ ਇਹ ਲੇਖ ਮੁੜ ਛਾਪ ਰਹੇ ਹਾਂ, ਕਮੀਲਾ ਹਯਾਤ ਅਤੇ 'ਜੰਗ' ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਦਾ ਇਜ਼ਹਾਰ ਕਰਦੇ ਹੋਏ।'

"ਬਹੁਤ ਗੱਲ ਬਾਤ ਅਤੇ ਸੋਚ ਵਿਚਾਰ ਹੋ ਰਹੀ ਹੈ ਦੇਸ ਵਿਚ ਕਿ ਤਾਲਿਬਾਨ ਅਤੇ ਹੋਰ ਹਥਿਆਰਬੰਦ ਜਥੇਬੰਦੀਆਂ, ਜਿਹਨਾਂ ਨੇ ਸਾਡੇ ਸਮਾਜ ਵਿਚ ਐਨਾ ਮਜ਼ਬੂਤ ਆਧਾਰ ਸਥਤਾਪਿਤ ਕਰ ਲਿਆ ਹੈ, ਨਾਲ ਕਿਵੇਂ ਨਜਿੱਠਿਆ ਜਾਵੇ। ਇਹ ਬਿਲਕੁਲ ਜਾਇਜ਼ ਸੋਚ ਹੈ। ਦਹਿਸ਼ਤ ਜਿਹੜੀ ਤਾਲਿਬਾਨ ਲੈ ਕੇ ਆਏ ਹਨ ਅਤੇ ਖ਼ੌਫ-ਹਿਰਾਸ ਜਿਹੜਾ ਉਹਨਾਂ ਨੇ ਸਾਡੇ ਦੇਸ ਉਪਰ ਥੋਪਿਆ ਹੈ, ਉਸਨੇ ਸਾਡੇ ਦੇਸ ਨੂੰ ਬਦਲ ਕੇ ਰੱਖ ਦਿੱਤਾ ਹੈ, ਸ਼ਾਇਦ ਸਦਾ ਲਈ। ਫਾਤਾ (ਸੰਘੀ ਸਰਕਾਰ ਦੁਆਰਾ ਸ਼ਾਸ਼ਿਤ) ਇਲਾਕੇ ਦੇ ਲੋਕਾਂ ਦਾ ਜੀਵਨ ਢੰਗ ਪਛਾਣੋਂ ਬਾਹਰੀ ਤੌਰ 'ਤੇ ਬਦਲ ਗਿਆ ਹੈ। ਜਿਵੇਂ ਉਹ ਆਪ ਖ਼ੁਦ ਹੀ ਕਹਿੰਦੇ ਹਨ- ਜਦ ਉਹਨਾਂ ਨੂੰ ਬੋਲਣ ਦਾ ਮੌਕਾ ਦਿੱਤਾ ਜਾਂਦਾ ਹੈ – ਕਿ ਉਹ ਐਨੇ ਸਾਲਾਂ ਤੋਂ ਅਤਿ ਦੀ ਨਾ-ਯਕੀਨ ਕਰਨ ਵਾਲੀ ਵਹਿਸ਼ੀਅਤ ਵਿਚ ਜੀ ਰਹੇ ਹਨ। ਉਹ ਇਸ ਜਿਲ੍ਹਣ ਵਿਚੋਂ ਬਚਾਏ ਜਾਣ ਦੀ ਮੰਗ ਕਰਦੇ ਹਨ, ਪਰ ਉਹਨਾਂ ਦੀ ਸੁਣਵਾਈ ਕੋਈ ਵੀ ਕਰਦਾ ਨਹੀਂ ਦਿਸਦਾ।

ਸਹੀ ਗੱਲ ਤਾਂ ਇਹ ਹੈ ਕਿ, ਇਹ ਖ਼ਤਰੇ ਅਤੇ ਧਮਕੀਆਂ ਤਾਲਿਬਾਨਾਂ ਤਕ ਹੀ ਮਹਿਦੂਦ ਨਹੀਂ ਹਨ, ਉਹਨਾਂ ਤੋਂ ਪਰ੍ਹੇ ਤਕ ਜਾਂਦੀਆਂ ਹਨ। ਇਸ ਵੱਲ ਸਾਡਾ ਵਧੇਰੇ ਧਿਆਨ ਜਾਣਾ ਚਾਹੀਦਾ ਹੈ। ਇਹ ਅੱਤਵਾਦ ਜਿਹੜਾ ਲੋਕਾਂ ਦੇ ਮਨਾਂ ਵਿਚ ਵਸ ਗਿਆ ਹੈ ਵਿਸ਼ੇਸ਼ ਕਰਕੇ ਖ਼ਤਰਨਾਕ ਹੈ, ਦਹਿਸ਼ਤ ਗਰਦਾਂ ਨਾਲੋਂ ਵੀ ਵੱਧ। ਹੁਣ ਹਰ ਪਾਸੇ ਇਸ ਪ੍ਰਕਾਰ ਦੀ ਸੋਚ ਬਣ ਗਈ ਹੈ ਕਿ ਸਾਡੇ ਵੱਡੇ ਸ਼ਹਿਰਾਂ ਵਿਚ, ਸਾਡੇ ਕਸਬਿਆਂ ਅਤੇ ਪਿੰਡਾਂ ਵਿਚ, ਜਿਹੜੇ ਚਾਰੋ ਸੂਬਿਆਂ ਵਿਚ ਹਨ। ਪਲੇਗ ਵਾਂਗਰ ਇਹ ਬਹੁਤ ਜਲਦੀ ਨਾਲ ਫੈਲ ਗਈ ਹੈ।

ਇਹ ਮਸਲਾ, ਥੋੜ੍ਹੇ ਚਿਰ ਤੋਂ, ਇਸ ਵਿਵਾਦ ਤੋਂ ਸਾਹਮਣੇ ਆਇਆ ਹੈ – ਸ਼ਾਦਮਾਨ ਫੱਵਾਰਾ ਚੌਕ ਲਾਹੌਰ ਨੂੰ ਭਗਤ ਸਿੰਘ ਦਾ ਨਾਮ ਦਿੱਤਾ ਜਾਵੇ, ਜਿਹੜਾ ਬੇਮਿਸਾਲ ਢੰਗ ਨਾਲ ਬੜੀ ਹਿੰਮਤ ਵਾਲਾ ਮਾਰਕਸੀ ਇਨਕਲਾਬੀ ਸੀ, ਸੁਤੰਤਰਤਾ ਸੰਗ੍ਰਾਮੀ ਸੀ ਜਿਸਦੀ ਲੜਾਈ ਬਸਤੀਵਾਦੀ ਰਾਜ ਦੇ ਖ਼ਿਲਾਫ਼ ਉਸਨੂੰ 23 ਸਾਲ ਦੀ ਉਮਰ ਵਿਚ ਫਾਂਸੀ ਦੇ ਤਖ਼ਤੇ 'ਤੇ ਉਸੇ ਥਾਂ ਤੇ (ਸ਼ਾਦਮਾਨ ਫ਼ੱਵਾਰਾ ਚੌਕ), 1931 ਵਿਚ ਲਈ ਗਈ ਸੀ।

14 ਨਵੰਬਰ ਨੂੰ ਦਿਲਕਸ਼ ਲਾਹੌਰ ਕਮੇਟੀ, ਜਿਸ ਵਿਚ ਉੱਘੇ ਆਰਕੀਟੈਕਟ, ਲੇਖਕ, ਕਲਾਕਾਰ ਅਤੇ ਪ੍ਰਸਾਸ਼ਕ ਸਨ, ਨੇ ਇਸ ਫੈਸਲੇ ਦੀ ਪ੍ਰਵਾਨਗੀ ਦਿੱਤੀ ਸੀ ਕਿ ਭਗਤ ਸਿੰਘ ਦੀ ਦੇਸ਼ ਭਗਤੀ ਦੇ ਸੰਘਰਸ਼ ਨੂੰ ਸ਼ਰਧਾਂਜਲੀ ਵਜੋਂ ਇਸ ਚੌਕ ਦਾ ਨਾਂ ਬਦਲ ਦਿੱਤਾ ਜਾਵੇ। ਕਮੇਟੀ ਇਸ ਲਈ ਬਣਾਈ ਗਈ ਸੀ ਕਿ ਲਾਹੌਰ ਵਿਚ ਸੜਕਾਂ ਅਤੇ ਹੋਰ ਥਾਵਾਂ ਦੇ ਨਾਂ ਬਲਦੇ ਜਾਣ, ਅਤੇ ਹੋਰ ਕੰਮ ਵੀ ਸ਼ਹਿਰ ਵਿਚ ਸ਼ੁਰੂ ਕਰਾਇਆ ਜਾ ਸਕੇ।

ਪਰ ਥੋੜ੍ਹੇ ਦਿਨਾਂ ਮਗਰੋਂ ਹੀ, ਲਾਹੌਰ ਹਾਈਕੋਰਟ ਦੇ ਜਸਟਿਸ ਨਾਸੀਰ ਸਈਦ ਸ਼ੇਖ਼ ਨੇ ਸਿਟੀ ਡਿਸਟਰਿਕਟ ਸਰਕਾਰ, ਲਾਹੌਰ, ਨੂੰ ਨਾਮ ਬਦਲਣ ਦੇ ਨੋਟੀਫਿਟਕੇਸ਼ਨ ਨੂੰ ਜਾਰੀ ਕਰਨ 'ਤੇ ਰੋਕ ਲਾ ਦਿੱਤੀ। ਜੱਜ, ਜਿਸਨੇ ਸੀ ਡੀ ਜੀ ਐਲ ਤੋਂ ਨਵੰਬਰ ਦੇ ਅੰਤ ਤੋਂ ਪਹਿਲਾਂ ਜਵਾਬ ਮੰਗਿਆ ਹੈ, ਕਿਸੇ ਜ਼ਾਹਿਦ ਬੱਟ, ਤਹਿਰੀਕ-ਏ-ਹੁਰਮਤ-ਰਸੂਲ ਦਾ ਇਕ ਮੈਂਬਰ ਹੈ, ਅਤੇ ਸ਼ਾਦਮਾਨ ਟਰੇਡਰਜ਼ ਐਸੋਸੀਏਸ਼ਨ ਦਾ ਪ੍ਰਧਾਨ ਹੈ, ਦੀ ਪੈਟੀਸ਼ਨ' ਤੇ ਗ਼ੌਰ ਕਰਦਿਆਂ ਇਹ ਰੋਕ ਲਗਾਈ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸੀ ਡੀ ਜੀ ਐਲ ਨੇ ਪਹਿਲਾਂ ਫ਼ੈਸਲਾ ਕੀਤਾ

ਸੀ ਕਿ ਸ਼ਾਦਮਾਨ ਚੌਕ ਦਾ ਨਾਂ ਚੌਧਰੀ ਰਹਿਮਤ ਅਲੀ ਚੌਕ ਰੱਖਿਆ ਜਾਵੇ ਪਰ ਸਰਕਾਰ ਨੇ ਆਪਣਾ ਮਨ ਬਦਲ ਲਿਆ ਸੀ ਜਦ ਭਗਤ ਸਿੰਘ ਫ਼ਊਂਡੇਸ਼ਨ ਨੇ ਇਸ ਵਾਸਤੇ ਬਹੁਤ ਪ੍ਰਚਾਰ ਕੀਤਾ "ਕਥਿਤ ਹਿਊਮਨ ਰਾਈਟਸ ਜਥੇਬੰਦੀ ਦੀ ਸਰਗਰਮ ਹਿਮਾਇਤ ਦੇ ਨਾਲ, ਜਿਸ ਨੇ ਸੀ ਡੀ ਜੀ ਐਲ 'ਤੇ ਐਨਾ ਦਬਾਅ ਪਾਇਆ ਗਿਆ ਕਿ ਉਸਨੇ ਆਪਣਾ ਫ਼ੈਸਲਾ ਬਦਲ ਲਿਆ। ਪਟੀਸ਼ਨ ਵਿਚ ਇਕ ਭਾਰਤੀ ਲਾਬੀ ਦਾ ਵੀ ਜ਼ਿਕਰ ਹੈ ਜਿਹੜੀ ਪਾਕ ਕੁਰਾਨ ਅਤੇ ਸੁਨਾਹ ਦਾ ਹਵਾਲਾ ਦੇ ਕੇ ਮੰਗ ਕਰਦੀ ਹੈ ਕਿ ਚੌਕ ਦਾ ਨਾਮ ਚੌਧਰੀ ਰਹਿਮਤ ਅਲੀ ਰਖਿਆ ਜਾਵੇ, ਇਹ ਸ਼ਖਸ ਜਿਸਨੇ ਪਾਕਿਸਤਾਨ ਨੂੰ ਇਸਦਾ ਨਾਮ ਦਿੱਤਾ ਸੀ। ਐਥੇ ਇਹ ਜ਼ਿਕਰ ਕੀਤਾ ਜਾਵੇ ਕਿ ਦਿਲਕਸ਼ ਲਾਹੌਰ ਕਮੇਟੀ ਨੇ ਪਹਿਲਾਂ ਹੀ ਇਕ ਜ਼ਮੀਨ ਦੋਜ਼ ਸੜਕ ਨੂੰ ਉਸਦਾ ਨਾਮ ਦੇਣ ਦਾ ਫ਼ੈਸਲਾ ਕਰ ਲਿਆ ਹੈ।

ਵੱਖਰੇ ਤੌਰ 'ਤੇ ਕਹਿੰਦਿਆਂ ਬਹੁਤ ਹੀ ਭੱਦਾ ਸ਼ਾਦਮਾਨ ਚੌਕ, ਜਿਸਦੇ ਉੱਪਰ ਕਈ ਰੰਗ ਦੀਆਂ ਬਾਥਰੂਮ ਟਾਇਲਾਂ ਲੱਗੀਆਂ ਹੋਈਆ ਹਨ ਉਘੜ ਦੁਘੜ ਢੰਗ ਨਾਲ, ਜਿਹਦਾ ਲਾਹੌਰ ਵਿਚ ਸਭ ਤੋਂ ਖ਼ਰਾਬ ਡਿਜ਼ਾਇਨ ਹੈ, ਬਦਕਿਸਮਤੀ ਨਾਲ ਐਸੇ ਅਹਿਮ ਇਨਸਾਨ ਦੀ ਯਾਦਗਾਰ ਬਣੇਗਾ, ਜਿਹੜਾ ਇਸ ਉਪਮਹਾਦੀਪ ਦੀ ਆਜ਼ਾਦੀ ਦਾ ਸੰਗ੍ਰਾਮੀਆਂ ਸੀ। ਉਹ ਤਾਂ ਚੰਗੇਰੀ ਯਾਦਗਾਰ ਦਾ ਹੱਕਦਾਰ ਹੈ। ਪਰ ਅਸਲ ਵਿਚ ਇਹ ਚੌਕ ਉਹ ਹੈ ਜਿੱਥੇ ਉਸਨੂੰ ਅੰਗਰੇਜ਼ਾਂ ਦੁਆਰਾ ਫਾਂਸੀ ਦਿੱਤੀ ਗਈ ਸੀ,ਕੋਈ ਅਸੀ ਸਾਲ ਪਹਿਲਾਂ – ਅਤੇ ਜਿਸ ਪ੍ਰਕਾਰ ਕਈ ਗੁੱਟ ਇਸ ਸੰਬੰਧ ਵਿਚ ਕਈ ਸਾਲਾਂ ਤੋਂ ਦਲੀਲਬਾਜ਼ੀ ਕਰਦੇ ਆਏ ਹਨ, ਇਹ ਥਾਂ ਉਸ ਨੂੰ ਸਮਰਪਣ ਕਰ ਦੇਣੀ ਚਾਹੀਦੀ ਹੈ, ਇਕ ਬਹੁਤ ਪਛੜ ਕੇ ਦਿੱਤੇ ਖ਼ਰਾਜ-ਏ-ਤਹਿਸੀਨ ਦੇ ਤੌਰ 'ਤੇ। ਸਾਡਾ ਦੇਸ ਆਜ਼ਾਦੀ ਦੀ ਲਹਿਰ ਵਿਚੋਂ ਬਣਿਆ ਹੈ ਜਿਸ ਵਿਚ ਕਰੋੜਾਂ ਮੁਸਲਮਾਨ, ਹਿੰਦੂ, ਸਿੱਖ ਅਤੇ ਹੋਰਨਾਂ ਨੇ ਰਲ ਕੇ ਸ਼ਮੂਲੀਅਤ ਕੀਤੀ ਸੀ।

ਕਿਉਂਕਿ ਇਤਿਹਾਸ ਨੂੰ ਬੜੀ ਬੇਸ਼ਰਮੀ ਨਾਲ ਸਾਡੇ ਦੇਸ ਵਿਚ ਐਨੇ ਸਾਰੇ ਦਹਾਕਿਆਂ ਦੌਰਾਨ, ਅਦਲਿਆ ਬਦਲਿਆ ਗਿਆ ਹੈ, ਬਹੁਤ ਹੀ ਘੱਟ ਲੋਕ ਜਾਣਦੇ ਹਨ ਜਾਂ ਮਹਿਸੂਸ ਕਰਦੇ ਹਨ ਕਿ 1947 ਤਕ ਲਾਹੌਰ ਸ਼ਹਿਰ ਦੀ 40 ਫ਼ੀਸਦੀ ਆਬਾਦੀ ਮੁਸਲਮਾਨ ਨਹੀਂ ਸੀ – ਵਧੇਰੀ ਹਿੰਦੂ ਅਤੇ ਸਿੱਖ ਹੀ ਸੀ। ਪੰਜਾਬ ਦੇ ਦੂਸਰੇ ਜ਼ਿਲਿਆਂ ਵਿਚ ਇਹ ਨਿਸਬਤ ਹੋਰ ਵੀ ਨੇੜਲੀ ਸੀ, ਜਦ ਦੋਨੋ ਪਾਸੇ ਦੇਸ- ਵੰਡ ਦੀ ਧਾਰਮਿਕ ਤਕਸੀਮ ਸ਼ੁਰੂ ਹੋਈ, ਜਿਸਦੇ ਸਿੱਟੇ ਵਜੋਂ ਇਤਿਹਾਸ ਦੀ ਸਭ ਤੋਂ ਵੱਡੀ ਥਾਂ-ਬਦਲੀ ਹੋਈ, ਨਸਲਕੁਸ਼ੀ ਹੋਈ ਅਤੇ ਅਤੇ ਅੰਨ੍ਹੀ ਨਫ਼ਰਤ ਪੈਦਾ ਹੋਈ।

ਭਗਤ ਸਿੰਘ ਦੇ ਮਾਮਲੇ ਵਿਚ ਤਾਂ ਭਾਰਤੀ ਲਾਬੀ ਦੀ ਗੱਲ ਹੀ ਨਹੀਂ ਹੋਣੀ ਚਾਹੀਦੀ। ਭਗਤ ਸਿੰਘ ਦਾ ਜਨਮ ਜੜਾਂਵਾਲੇ ਦੇ ਲਾਗੇ ਜਿਹੜਾ ਓਦੋਂ ਲਾਇਲਪੁਰ ਕਹਾਉਂਦਾ ਸੀ ਤੇ ਅੱਜ ਫ਼ੈਸਲਾਬਾਦ ਜ਼ਿਲਾ ਹੈ, ਹੋਇਆ ਸੀ। ਉਹ ਲਾਹੌਰ ਪੜ੍ਹਿਆ ਸੀ ਅਤੇ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਜਾ ਕੇ ਨੌਜਵਾਨਾਂ ਨੂੰ ਦੇਸ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਾਮਿਲ ਹੋਣ ਅਤੇ ਸਮਾਜਵਾਦ ਲਿਆਉਣ ਲਈ ਪ੍ਰੇਰਤ ਕਰਦਾ ਸੀ ਅਤੇ ਆਪਣੀ ਛੋਟੀ ਜਿੰਦਗੀ ਵਿਚ ਦੇਸ ਦੇ ਹੋਰ ਸ਼ਹਿਰਾਂ ਵਿਚ ਜਾ ਕੇ ਵੀ ਪ੍ਰਚਾਰ ਕਰਦਾ ਰਿਹਾ ਸੀ। ਇਹ ਸਚਾਈ ਕਿ ਉਹ ਭਾਰਤ ਵਿਚ ਬਹੁਤਾ ਕਰਕੇ ਯਾਦ ਕੀਤਾ ਜਾਂਦਾ ਹੈ – ਫਿਲਮਾਂ ਵਿਚ, ਕਿਤਾਬਾਂ ਵਿਚ ਅਤੇ ਥਿਏਟਰ ਵਿਚ – ਇਹ ਸਾਡੀ ਨਾਕਾਮੀ ਹੈ। ਕਿਸੇ ਲਾਬੀ ਦੀ ਲੋੜ ਨਹੀਂ ਹੈ ਕਿ ਉਸ ਵਾਸਤੇ ਕੋਈ ਮੁਹਿੰਮ ਚਲਾਏ।

ਉਸਦੇ ਕਾਰਨਾਮੇ ਉਸਨੂੰ ਹੀਰੋ ਬਣਾਉਂਦੇ ਹਨ। ਦੁਖਾਂਤ ਇਹ ਹੈ ਕਿ ਉਹ ਤਾਂ ਪੂਰੀ ਤਰ੍ਹਾਂ ਸਾਡੇ ਸਕੂਲਾਂ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚੋਂ ਮਿਟਾ ਦਿੱਤਾ ਗਿਆ ਹੈ, ਜਾਣ ਬੁੱਝ ਕੇ ਉਸਨੂੰ ਭੁਲਾ ਦਿੱਤਾ ਗਿਆ ਹੈ।

ਜਿਸ ਪ੍ਰਕਾਰ ਸਾਨੂੰ ਦਹਿਸ਼ਤਗਰਦੀ ਦੇ ਖ਼ਿਲਾਫ਼ ਲੜਨ ਦੀ ਲੋੜ ਹੈ ਉਸੇ ਤਰ੍ਹਾਂ ਸਾਨੂੰ ਲਾਇਲਮੀ ਅਤੇ ਕੱਟੜਪੁਣੇ ਦੇ ਵਿਰੁੱਧ ਲੜਨ ਦੀ ਲੋੜ ਹੈ। ਬਹੁਤ ਢੰਗਾਂ ਨਾਲ ਅੱਤਵਾਦ ਉਹਨਾਂ ਵਿਚੋਂ ਉਪਜਦਾ ਹੈ ਜਿਵੇਂ ਨਫ਼ਰਤ ਅਤੇ ਗ਼ਲਤਫ਼ਹਿਮੀ ਪੈਦਾ ਕੀਤੀ ਜਾਂਦੀ ਹੈ। ਤਾਲੀਮੀ ਪ੍ਰਬੰਧ ਵਿਚ, ਇਹ ਅਮਲ ਕਈ ਦਹਾਕੇ ਪਹਿਲਾਂ ਸ਼ੁਰੂ ਹੋ ਗਿਆ ਸੀ ਪਰ ਜੁਲਾਈ 1977 ਦੇ ਰਾਜਪਲਟੇ ਮਗਰੋਂ, ਜਿਹੜਾ ਜਨਰਲ ਜ਼ਿਆ-ਉਲ-ਹੱਕ ਨੇ ਕੀਤਾ ਸੀ ਇਹ ਬਹੁਤ ਹੀ ਵਧ ਗਿਆ ਸੀ। ਅੱਜ ਸਾਨੂੰ ਲੋੜ ਹੈ ਕਿ ਇਸ ਅਮਲ ਨੂੰ ਉਲਟੀਏ ਪਰ ਲੱਗਦਾ ਇਸ ਲਈ ਠੀਕ ਕਦਮ ਅਜੇ ਤੀਕ ਨਹੀਂ ਚੁਕਿਆ ਗਿਆ ਹੈ। ਸਕੂਲਾਂ ਦੀਆਂ ਕਿਤਾਬਾਂ ਵਿਚ ਓਹੀ ਘਸੇ ਪਿਟੇ ਲਫ਼ਜ਼ ਵਰਤੇ ਜਾ ਰਹੇ ਹਨ, ਜਿਸ ਵਿਚ ਕੁਝ ਚੁਣੇ ਹੋਏ ਨਾਇਕ ਬਣਾਏ ਜਾ ਰਹੇ ਹਨ, ਅਤੇ ਅਸਲੀਅਤ ਤੋਂ ਕਿਤੇ ਦੂਰ ਲਿਖਤਾਂ ਬਣਾਈਆਂ ਜਾ ਰਹੀਆਂ ਹਨ। ਜੇ ਅਸੀ ਆਪਣੇ ਦੇਸ ਨੂੰ ਬਚਾਉਣਾ ਹੈ ਤਾਂ ਸੁਧਾਈਆਂ ਕਰਨ ਦੀ ਲੋੜ ਹੈ।

ਇਹ ਨਾਬਰਦਾਸ਼ਤਗੀ ਦੀ ਭਾਵਨਾ ਜਿਹੜੀ ਸਾਡੇ ਸਮਾਜ ਵਿਚ ਘਰ ਕਰ ਗਈ ਹੈ, ਜਿਸ ਕਾਰਨ ਇਕ ਹੀਰੋ ਦੀ ਯਾਦਗਾਰ ਬਣਾਉਣ ਲਈ ਵਿਵਾਦ ਸ਼ੁਰੂ ਹੋ ਜਾਂਦਾ ਹੈ, ਦਰਸਾਉਂਦਾ ਹੈ ਕਿ ਅਸੀਂ ਕਿਸ ਖ਼ਤਰੇ ਦੇ ਦਰਪੇਸ਼ ਹਾਂ। ਅਤੇ ਅਜਿਹੀਆਂ ਹੋਰ ਬਹੁਤ ਮਿਸਾਲਾਂ ਹਨ।

ਮਾਨਸਿਕਤਾ ਨੂੰ ਬਦਲਨਾ ਬੇਹੱਦ ਮੁਸ਼ਕਿਲ ਕੰਮ ਹੈ – ਦਹਿਸ਼ਤਗਰਦਾਂ ਦੇ ਮਗਰ ਬੰਦੂਕਾਂ ਲੈ ਕੇ ਜਾਣ ਨਾਲੋਂ ਵੀ। ਪਰ ਅਸੀ ਇਹ ਜ਼ਰੂਰ ਯਾਦ ਰੱਖੀਏ ਕਿ ਇਸ ਨਾਲ ਦੋ ਮੁੱਦੇ ਬੱਝੇ ਹੋਏ ਹਨ ਅਤੇ ਇਕ ਦੂਜੇ ਨਾਲੋਂ ਵੱਖ ਕਰ ਕੇ ਸੁਲਝਾਏ ਨਹੀਂ ਜਾ ਸਕਦੇ। ਸਾਨੂੰ ਇਸ ਮਸਲੇ ਨੂੰ ਪੂਰਾ ਮਸਲਾ ਸਮਝ ਕੇ ਸੋਚਣਾ ਹੈ, ਅਤੇ ਚੇਤੇ ਰੱਖਣਾ ਹੈ ਕਿ ਇਹ ਸਿਰਫ਼ ਹਿੰਸਾ ਹੀ ਨਹੀਂ ਕਿ ਸਾਡੇ ਉੱਪਰ ਅਤਿਵਾਦ ਆ ਪਿਆ ਹੈ। ਇਸਨੇ ਦਿਮਾਗ਼ਾਂ ਦੀਆਂ ਤਾਰਾਂ ਵੀ ਮੁੜ ਕੇ ਕੱਸ ਦਿੱਤੀਆਂ ਹਨ, ਅਤੇ ਐਸੀ ਸੋਚ ਸ਼ਕਤੀ ਬਣਾ ਦਿੱਤੀ ਹੈ ਜੋ ਸਾਨੂੰ ਅੱਗੇ ਵਧਣ ਤੋਂ ਰੋਕਦੀ ਹੈ, ਅਪਾਹਜ ਬਣਾਉਂਦੀ ਹੈ।

ਇਹੋ ਸੋਚ ਹੈ ਜਿਹੜੀ ਇਸ ਅੱਗੇ ਸੁਨੇਹੇ ਘੱਲਦੀ ਹੈ ਮਾਲਾ ਯੂਸਫ਼ਜ਼ਈ ਨੂੰ ਬਦਨਾਮ ਕਰਦੀ ਹੈ ਅਤੇ ਇਹ ਜ਼ੋਰ ਪਾਉਂਦੀ ਹੈ ਕਿ ਉਸਦੀ ਥਾਂ ਇਕ ਦਿਨ ਡਾ.ਆਫ਼ੀਆ ਸਿਦੀਕਾ ਦਾ ਮਨਾਇਆ ਜਾਵੇ। ਇਹੀ ਸੋਚ ਹੈ ਜਿਹੜੀ ਭਾਰਤ ਨੂੰ ਇਕ ਦੁਸ਼ਮਣ ਕਰਕੇ ਮੰਨਦੀ ਹੈ। ਪਾਕਿਸਤਾਨ ਦੀਆਂ ਆਪਣੀਆਂ ਘੱਟ ਗਿਣਤੀਆਂ ਨੂੰ ਭੁੱਲ ਜਾਂਦੀ ਹੈ ਅਤੇ ਔਰਤਾਂ ਦੇ ਸ਼ਕਤੀਕਰਨ ਨੂੰ ਰੋਕੀ ਰੱਖਦੀ ਹੈ। ਕਿਸੇ ਨਾ ਕਿਸੇ ਤਰ੍ਹਾਂ ਇਸ ਸਭ ਕੁਛ ਨੂੰ ਬਦਲਨ ਦੀ ਲੋੜ ਹੈ, ਤਾਂ ਜੋ ਲੋਕਾਂ ਨੂੰ ਆਪਣੇ ਅਤੀਤ ਬਾਰੇ ਸਚਾਈ ਪਤਾ ਲੱਗ ਸਕੇ ਅਤੇ ਉਸ ਨਾਲ ਸਾਨੂੰ ਹੁਣ ਕੀ ਚਾਹੀਦਾ ਉਸਦੀ ਵਧੇਰੇ ਸਮਝ ਆ ਸਕੇ।

***

21. ਜੋਸ਼ੀ ਪੰ. 5
22. ਡਬਲਯੂ ਐਚ ਰੱਸਲ, ਡਾਇਰੀ ਇਨ ਇੰਡੀਆ ਇਨ ਦੀ ਯੀਅਰ 1858-59, ਪੰਨਾ 164
23. ਚਾਰਲਸ ਬਾਲ. ਦੀ ਹਿਸਟਰੀ ਆਫ਼ ਦੀ ਇੰਡੀਅਨ ਮਿਉਟਿਨੀ, ਜਿਲਦ ਚਾਰ, ਪੰ.381,
24. ਕਾਰਲ ਮਾਰਕਸ, ਦੀ ਇੰਡੀਅਨ ਰਿਵੋਲਟ.
25. 'ਇਨਵੈਸਟੀਗੇਸ਼ਨ ਆਫ਼ ਟਾਰਚਰ ਇਨ ਇੰਡੀਆ, 28 ਅਸਤ 1857, ਪੰਨਾ 63
26. ਇਰਫ਼ਾਨ ਹਬੀਬ ਦੁਆਰਾ ਪੀਪਲਜ਼ ਡੇਮੋਕਰਸੀ, 28 ਜਨਵਰੀ, 2007 ਵਿਚ ਹਵਾਲਾ
27. ਟੀ ਰਾਈਸ ਹੋਮਜ਼, ਏ ਹਿਸਟਰੀ ਆਫ਼ ਦੀ ਇੰਡੀਅਨ ਮਿਉਟਿਨੀ ਐਂਡ ਆਫ਼ ਡਿਸਟਰਬੈਂਸਜ਼ ਵਿਚ ਅਕੰਪਨੀਡ ਇਟ ਅਮੰਗ ਦੀ ਸਿਵਿਲ ਪਾਪੂਲੇਸ਼ਨ, ਪੰ. 397-8
28. ਡਬਲਯੂ ਐਚ ਰੱਸਲ, ਮਾਈ ਡਾਇਰੀ ਇਨ ਇੰਡੀਆ ਇਨ ਦੀ ਯੀਅਰ 1858-59, ਪੋਥੀ 2, ਪੰਨਾ.53
29. ਡਬਲਯੂ ਐਚ ਰਹੱਸਲ ਦੀ ਡਾਇਰੀ, ਮਾਈ ਇੰਡੀਆ ਮਿਉਟਿਨੀ ਡਾਇਰੀ, ਸੰਪ. ਮਾਈਕਲ ਐਡਵਰਡਜ਼,ਪ.34
30. ਮਾਰਕ ਅਤੇ ਐਂਗਲ ਦੇ ਸਮੇ ਵਿਚ ਇਹ ਆਮ ਸੀ ਕਿ ਉਹ ਕੇਵਲ ਭਾਰਤੀਆਂ ਬਾਰੇ ਹੀ ਨਹੀ ਲਿਖ ਰਹੇ ਸਨ ਜਾਂ ਯੂਰਪੀਅਨ ਮਹਾਂਦੀਪ ਦੇ ਦੇਸ਼ਾ ਬਾਰੇ ਸਗੋਂ ਕੁਝ ਅੰਗ੍ਰੇਜ਼ ਲਿਖਾਰੀ ਵੀ ਸਨ ਜੋ ਬ੍ਰਿਟੇਨ ਨੂੰ ਇੰਗਲੈਂਡ ਕਹਿੰਦੇ ਸਨ।
31. ਦੀ ਇੰਡੀਅਨ ਰਿਵੋਲਟ, 4 ਸਿੰਤੰਬਰ ਨੂੰ ਲਿਖਿਆ ਅਤੇ 16 ਨੂੰ ਛਪਿਆ, ਪੰ.74
32. ਉਹੀ ਪੰਨਾ 74-75
33. ਉਹੀ ਪੰਨਾ 75-76
34. ਓਹੀ ਪੰਨੇ 75-76
35. ਉਹੀ ਪੰਨਾ 76-77
36. ਏਂਗਲਜ਼, 'ਡਿਟੇਲਜ਼ ਆਫ਼ ਦੀ ਅਟੈਕ ਆਨ ਲਖਨਊ' ਪੰਨਾ 117
37. ਓਹੀ
38. ਉਹੀ ਪੰਨਾ 118
39. ਮਜੂਮਦਾਰ ਨੇ ਹਵਾਲਾ ਦਿੱਤਾ, ਪੰਨਾ 112
40. ਪ੍ਰਸਿੱਧ ਇਤਿਹਾਸਕਾਰ, ਸਰ ਜਾਰਜ ਵਿਲੀਅਮ ਫ਼ਾਰੈਸ ਆਪਣੀ ਪੁਸਤਕ - ਏ ਹਿਸਟਰੀ ਆਫ਼ ਦੀ ਇੰਡੀਅਨ ਮਿਉਟਿਨੀ, ਲੰਡਨ, 1912, ਵਿਚ ਲਿਖਦਾ ਹੈ (ਹਵਾਲਾ ਚਾਰਲਸ ਬਾਲ ਦੁਆਰਾ) (ਦੇਖੋ ਅਗਲਾ ਨੋਟ)
41. ਚਾਰਸਲ ਬਾਲ, ਏ ਹਿਸਟਰੀ ਆਫ਼ ਦੀ ਇੰਡੀਅਨ ਮਿਊਟਿਨੀ, ਪੋਥੀ 1. ਪੰ. 217
42. ਕੇਅ ਅਤੇ ਮਾਲੇਸਨ, ਪੋਥੀ ਦੂਸਰੀ, ਪੰਨਾ 281
43. ਸਾਵਰਕਰ ਦੁਆਰਾ ਹਵਾਲਾ, ਪੰਨਾ 125

# ਹਵਾਲੇ


1. ਕਾਰਲ ਮਾਰਕਸ, ਦੀ ਰਿਵੋਲਟ ਇਨ ਇੰਡੀਆ, 17 ਜੁਲਾਈ 1857, ਐਂਡ ਏਂਗਲਜ਼, ਦੀ ਫ਼ਸਟ ਵਾਰ ਆਫ਼ ਇੰਡੀਪੈਂਡੈਂਸ, 1857-17-59. ਐਫ਼ ਐਲ ਪੀ ਐਚ, ਮਾਸਕੋ, ਪੰਨਾ. 37
2. ਮਾਰਕਸ. "ਦੀ ਰਿਵੋਲਟ ਇਨ ਦਾ ਇੰਡੀਅਨ ਆਰਮੀ, " 17 ਜੁਲਾਈ 1857
3. ਦੀ ਰਿਵੋਲਟ ਇਨ ਦੀ ਇੰਡੀਅਨ ਆਰਮੀ, ਪ. 32
4. ਦੀ ਰਿਵੋਲਟ ਇਨ ਦੀ ਇੰਡੀਅਨ ਆਰਮੀ, ਪ.32
5. ਮਾਰਕਸ, "ਦੀ ਇੰਡੀਅਨ ਰਿਵੋਲਟ", ਪ. 74.
6. ਦੀ ਹਿਸਟਰੀ ਆਫ਼ ਦੀ ਇੰਡੀਅਨ ਮਿਉਟਿਨੀ, ਪੋਥੀ 1, ਪ. 664. ਪੀ.ਸੀ ਜੋਸ਼ੀ, 1857 ਇਜ਼ ਆਵਰ ਹਿਸਟਰੀ. ਸੀ ਪੀ ਆਈ ਪਬਲੀਕੇਸ਼ਨਜ਼, ਪੰ. 16
7. ਸਰ ਟੀ. ਮਟਕਾਫ਼, ਟੂ ਨੇਰੇਡਿਵਜ਼ ਆਫ਼ ਦੀ ਮਿਉਟਿਨੀ ਐਟ ਦਿੱਲੀ.ਪੰ.18-19, ਜਿਸ ਦਾ ਹਵਾਲਾ ਪੀ ਸੀ ਜੋਸ਼ੀ ਨੇ ਪੰ. 17 ਤੇ ਦਿੱਤਾ।
8. ਉਹੀ ਪੰਨਾ 1-2
9. ਵੀ ਡੀ ਸਾਵਰਕਰ ਦੁਆਰਾ ਹਵਾਲਾ, ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ, ਪੰ.260, ਇਨ ਪੀ ਸੀ ਜੋਸ਼ੀ ਪੰ.18-19
10. ਓਹੀ, ਪੰ. 19-29
11. 'ਦੀ ਅਨੈਕਸੇਸ਼ਨ ਆਫ਼ ਅਉਧ' ,14 ਮਈ 1858, ਪੰਨਾ.124
12. ਕੋਟਿਡ ਇਨ ਜੇ ਐਲ ਨਹਿਰੂ, ਡਿਸਕਵਰੀ ਆਫ਼ ਇੰਡੀਆ, ਜ. 383
13. ਉਹੀ ਪੰ. 41
14. ਉਹੀ ਪੰਨਾ 43
15. ਉਹੀ ਪੰਨਾ 44
16. ਉਹੀ
17. ਉਹੀ ਪੰਨਾ 46
18. 'ਦੀ ਇੰਡੀਅਨ ਰਿਸਰੈਕਸ਼ਨ", 14 ਅਗਸਤ, ਪੰਨੇ 53-54
19. ਵੀ ਡੀ ਸਾਵਰਕਰ ਵਿਚ ਹਵਾਲਾ, ਪ.12, ਜੋਸ਼ੀ ਪ.3
20. ਆਰ ਸੀ ਮੌਜੂਮਦਾਰ ਦੀ ਪੁਸਤਕ ਵਿਚ ਹਵਾਲਾ, ਦੀ ਸਿਪਾਏ ਮਿਉਟਿਨੀ ਐਂ- ਦੀ ਰਿਵੋਲਟ 857, ਪੰ. 224-ਜੋਸ਼ੀ, ਪੰ. 4

44. ਫ਼ਜ਼ਲੇ ਹੱਕ. ਦੀ ਸਟੋਰੀ ਆਫ਼ ਦੀ ਵਾਰ ਆਫ਼ ਇੰਡੀਪੈਂਸ
45. ਐਡਵਰਡ ਥਾਮਸਨ ਦੁਅਰਾ ਹਵਾਲਾ, ਦੀ ਅਦਰ ਸਾਈਡ ਆਫ਼ ਦੀ ਮੈਡਲ, ਪੰਨੇ 73-84
46. ਉਹੀ ਪੰਨਾ 124.
47. ਦੇਖੋ ਐਚੀਸਨ, ਚਾਰਲਸ, ਏ ਕੁਲੈਕਸ਼ਨ ਆਫ਼ ਟਰੀਟੀਜ਼, ਐਂਗੇਜਮੈਂਟਸ ਐਂਡ ਸਨਦਜ਼ ਰਿਲੇਟਿੰਗ ਟੂ ਇੰਡੀਆ ਐਂਡ ਨੇਬਰਿੰਗ ਕੰਟਰੀਜ਼, ਪੋਥੀ ਦੋ, ਪੰ. 252.
48. ਸਾਵਰਕਰ ਦੁਆਰਾ ਦਿੱਤਾ ਹਵਾਲਾ, ਪੰ. 134
49. 1857 ਇਲ ਆਵਰ ਹਿਸਟਰੀ, ਪੀ ਸੀ ਜੋਸ਼ੀ ਜ.44
50. ਪੋਥੀ ਦੂਸਰੀ, ਪੰ. 177
51. ਮੇਜਰ ਬੀ. ਡੀ. ਬਾਸੂ, ਰਾਈਜ਼ ਆਫ਼ ਦੀ ਕ੍ਰਿਸਚੀਅਨ ਪਾਵਰ ਇਨ ਇੰਡੀਆ,1931,ਪੰ.959
52. ਏਂਗਲਜ਼, ਦੀ ਕੈਪਚਰ ਆਫ਼ ਦਿੱਲੀ, ਪੰਨਾ 100
53. ਏਂਗਲਜ਼, ਓਹੀ ਪੰਨੇ 96-97
54. ਡਾ. ਸੁਰੇਂਦਰਾ ਨਾਥ ਸੇਨ, ਏਟੀਨ ਫਿਫਟੀ ਸੈਵਨ, ਪੰਨਾ 95.
55. ਦੀ ਸਟੋਰੀ ਆਫ਼ ਦੀ ਵਾਰ ਆਫਟ ਇੰਡਿਪੈਂਡੇਂਸ, 1857-58, ਪੰਨੇ, 30-32
55. ਦੀ ਸਟੋਰੀ ਆਫ਼ ਦੀ ਵਾਰ ਆਫਟ ਇੰਡਿਪੈਂਡੇਂਸ, 1857-58, ਪੰਨੇ, 30-32
56. ਜੋਸ਼ੀ ਪੰਨੇ 42-43
57. ਓਹੀ, ਪੰਨਾ 49
58. ਜਾਹਨ ਬਰੂਸ ਨਾਰਟਨ, ਟੋਪਿਕਸ ਫਾਰ ਇੰਡੀਅਨ ਸਟੇਅਸਮੈਨ, ਪੰਨਾ 56
59. ਓਹੀ.ਸਿਟ. ਪੋਥੀ 1, ਪੰਨਾ 261
60. ਜੀ ਬੀ ਮਾਲੇਸਨ ਦਾ ਰੈਡ ਪੈਂਫਲਟ, ਕੇਅ ਅਤੇ ਮਾਲੇਨ ਪੋਥੀ ਚੌਥੀ ਪੰਨਾ 194
61. ਉਹੀ ਪੰਨਾ 123
62. ਜੋਸ਼ੀ 'ਚ ਹਵਾਲੇ, ਪੰਨਾ 54
63. ਓ. ਪ. ਸਿਟ. ਪੋਥੀ 1 ਪੰਨਾ 552.
64. ਸਰ ਟਾਮਸ ਮਨਰੋ (1817), ਹਵਾਲਾ ਨਹਿਰੂ ਦੁਆਰਾ ਆਪਣੀ ਡਿਸਕਵਰੀ ਆਫ਼ ਇੰਡੀਆ ਵਿਚ, ਪੰਨਾ 3367
65. ਮਾਰਕਸ. ਦੀ ਫਿਊਚਰ ਰੀਜ਼ਲਟਸ ਆਫ਼ ਬ੍ਰਿਟਿਸ਼ ਰੂਲ ਇਨ ਇੰਡੀਆ' ਪੰਨਾ 26
66. ਮਾਰਕਸ. !ਦੀ ਰੀਵੋਲਟ ਇਨ ਦੀ ਇੰਡੀਅਨ ਆਰਮੀ, ਪੰਨਾ 32
67. ਜੇਮਜ਼ ਗ੍ਰਾਂਟ ਡੱਫ, ਹਿਸਟਰੀ ਆਫ਼ ਦੀ ਮਰਾਠਾਸ, ਪੋਥੀ ਨੂੰ, ਪੰਨਾ 340
68. ਮਾਰਕਸ- ਦੀ ਈਸਟ ਇੰਡੀਆ ਕੁਐਸਚਨ' ਜੁਲਾਈ 25, 1853, ਪੰਨਾ 71
69. ਓਹੀ ਪੰਨੇ 71-72
70. ਵਿਲੀਅਮ ਹੈਨਰੀ ਫਿਟਚੇਟ, ਦੀ ਟੇਲ ਆਫਟ ਦੀ ਗ੍ਰੇਟ ਮਿਉਟਿਨੀ, ਪੰਨੇ 48-49
71. ਨਹਿਰੂ ਦੁਆਰਾ ਆਪਣੀ ਡਿਸਕਵਰੀ ਆਫ਼ ਇੰਡੀਆ ਵਿਚ ਹਵਾਲੇ

72. ਮਾਰਕਸ, 'ਦੀ ਫਿਊਚਰ ਰੀਜ਼ੱਲਟਸੇ ਆਫ਼ ਬ੍ਰਿਟਿਸ਼ ਰੂਲ ਇਨ ਇੰਡੀਆ, ਪੰ. 27
73. "ਦੀ ਬ੍ਰਿਟਿਸ਼ ਰੂਲ ਇਨ ਇੰਡੀਆ, 10 ਜੂਨ 1853, ਪੰਨੇ 13 ਤੇ 15
74. ਓਹੀ, ਪੰਨਾ 17
75. ਮਾਰਕਸ, 'ਦੀ ਫਿਊਚਰ ਰਿਜ਼ਲਟਸ ਆਫ਼ ਦੀ ਬ੍ਰਿਟਿਸ਼ ਰੂਲ ਇਨ ਇੰਡੀਆਂ, ਪੰਨਾ 27
76. ਓਹੀ ਪੰਨਾ 29
77. ਓਹੀ. ਪੰਨਾ 70
78. ਆਰ ਪੀ ਦੱਤ, ਇੰਡੀਆ ਟੁਡੇ, ਵਿਕਟਰ ਗੋਲਾਂਜ਼, ਲੰਡਨ, 1940, ਪੰਨਾ 497
79. ਸਾਵਰਕਰ ਦੁਆਰਾ ਹਵਾਲਾ, ਓਪ. ਸਿਟ. ਪੰਨੇ 534-535
80. 'ਦੀ ਰਿਵੋਲਟ ਇਨ ਦੀ ਇੰਡੀਅਨ ਆਰਮੀ', ਪੰਨੇ, 52-3
81. ਮਧੂ ਪ੍ਰਸਾਦ ਦੁਆਰਾ ਹਵਾਲਾ, ਪੀਪਲਜ਼ ਡੇਮੋਕਰੇਸੀ, 19 ਅਗਸਤ, 1007.
82. ਪੀ ਸੀ ਜੋਸ਼ੀ, 1857 ਇਨ ਆਵਰ ਹਿਸਟਰੀ.
83. ਦੀ ਸਿਪਾਹੀ ਮਿਊਟਿਨੀ ਐਂਡ ਦੀ ਰਿਵੋਲਟ ਆਫ਼ 1857, ਜੋਸ਼ਈ ਦੁਆਰਾ ਹਵਾਲਾ, ਓਪ. ਸਿਟ. ਪੰਨਾ 9
84. ਇਸ ਆਰਟੀਕਲ ਦਾ ਕੁਝ ਹਿੱਸਾ 'ਲਲਕਾਰ' ਵਿਚ ਮਈ-ਜੂਨ, 2013 ਦੇ ਅੰਕ ਤੋਂ ਸ਼ੁਰੂ ਹੋ ਕੇ ਕੁਝ ਲੜੀਆਂ 'ਚ ਛਪਿਆ ਸੀ।
85. ਭਾਰਤ ਵਿਚ ਸਮੁੱਚੇ ਤੌਰ 'ਤੇ, ਇਸਦੇ ਈਸਟ ਇੰਡੀਆ ਕੰਪਨੀ ਵੱਲੋਂ ਫ਼ਤਹਿ ਕਰ ਲਏ ਜਾਣ ਮਗਰੋਂ, ਭਾਰਤੀ ਸਮਾਜ ਦਾ ਸਾਰਾ ਹੀ ਢਾਂਚਾ ਟੁਟ ਭੱਜ ਗਿਆ ਸੀ, 'ਪੁਨਰ-ਨਿਰਮਾਣ ਦਾ ਕੋਈ ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ (ਕਾਰਲ ਮਾਰਕਸ, ਬ੍ਰਿਟਾਸ਼ ਰੂਲ ਇਨ ਇੰਡੀਆ, 10 ਜੂਨ 1853, ਮਾਰਕਸ ਅਤੇ ਏਂਗਲਜ਼ ਵਿਚ, ਦੀ ਫਸਟ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ, 1857 -59)

    ਮਾਰਕਸ ਨੇ ਅੱਗੇ ਕਿਹਾ ਕਿ ਕਦੀਮ ਸਮਿਆਂ ਤੋਂ ਏਸ਼ੀਆ ਵਿਚ ਸਰਕਾਰ ਦੇ ਤਿੰਨ ਮਹਿਕਮੇ ਹੁੰਦੇ ਸਨ 'ਵਿੱਤ (ਖ਼ਜਾਨਾ) , ਜਾਂ ਅੰਦਰੋਂ ਦੇਸ ਦੀ ਲੁੱਟ, ਜੰਗੀ ਮਹਿਕਮਾ, ਜਾਂ ਬਾਹਰ ਦੀ ਲੁੱਟ ਅਤੇ ਅੰਤ ਵਿਚ ਸਰਵਜਨਕ ਕੰਮਾ ਦਾ ਮਹਿਕਮਾ" ਜਿਸ ਦੇ ਬਿਨਾ ਏਸ਼ੀਆ ਵਿਚ ਖੇਤੀ ਬਾੜੀ ਅਸੰਭਵ ਹੈ? ਜਿਵੇਂ ਮਾਰਕਸ ਨੇ ਜਾਣਿਆ, ਈਸਟ ਇੰਡੀਆ ਕੰਪਨੀ ਨੇ ਖ਼ੁਸ਼ੀ ਨਾਲ ਪਹਿਲੇ ਮੁਗ਼ਲ ਬਾਦਸ਼ਾਹ ਤੋਂ ਵਿੱਤ ਮਹਿਕਮਾ ਅਤੇ ਜੰਗੀ ਮਹਿਕਮਾ ਖ਼ੁਸ਼ੀ ਨਾਲ ਲੈ ਲਏ, ਅਤੇ ਪਬਲਿਕ ਵਰਕਸ (ਸਾਰਵਜਨਕ ਨਿਰਮਾਣ) ਪੂਰੀ ਤਰਾਂ ਅਣਗੌਲਿਆ ਰਿਹਾ, ਜਿਸ ਨਾਲ ਖੇਤੀਬਾੜੀ ਨੂੰ ਬਹੁਤ ਵੱਡਾ ਨੁਕਸਾਨ ਹੋਇਆ, ਐਨਾ ਵੱਡਾ ਕਿ ਅੰਦਾਜ਼ਾ ਲਾਉਣਾ ਹੀ ਮੁਸ਼ਕਿਲ ਹੈ। ਇਸਦੇ ਇਲਾਵਾ ਅੰਗ੍ਰੇਜ਼ ਹਾਕਮ ਭਾਰਤੀ ਉਦਯੋਗ ਨੂੰ ਪੂਰੀ ਤਰ੍ਹਾਂ ਤਬਾਹ ਕਰਦੇ ਰਹੇ, ਅਤੇ ਆਮ ਭਾਰਤੀ ਜਨਤਾ ਨੂੰ ਅਤਿ ਦੀ ਗ਼ਰੀਬੀ ਅਤੇ ਜਮੀਨ 'ਤੇ ਹੀ ਬਹੁਤੀ ਨਿਰਭਰਤਾ ਵੱਲ ਧੱਕਦੇ ਰਹੇ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਹਨਾਂ ਹਾਲਤਾਂ ਵਿਚ ਅਫਵਾਹਾਂ ਫੈਲਣ, 'ਕਾਲ ਪੈਣ ਜਿਹੜੇ ਕਰੋੜਾਂ ਲੋਕਾਂ ਨੂੰ ਬੁਰੀ ਤਰ੍ਹਾਂ

113. ਐਫ਼ ਸੀ ਆਈਸ ਮੌਂਗਰ ਐਂਡ ਸੈਲੇਟਰੀ, ਗ਼ਦਰ ਕਾਂਸਪੀਰੇਸੀ ਟਰਾਇਲ ਜਜਮੈਂਟਸ, ਪੈਰਾ 110, ਜੋਸ਼ ਦੁਆਰਾ ਹਵਾਲਾ, ਪੰਨਾ 271.
114. ਸਰ ਡੇਵਿਡ ਪੈਟਰੀ, ਡਾਇਰੈਕਟਰ ਜਨਰਲ ਆਫ਼ ਬ੍ਰਿਟਿਸ਼ ਇੰਟੈਲੀਜੈਂਸ, ਕਮਿਉਨਿਜ਼ਮ ਇਨ ਇੰਡੀਆ,ਪੰ.138
115. ਜੇਮਜ਼ ਕੈਂਬਲ ਕਰ, ਪੁਲਿਟੀਕਲ ਟ੍ਰਬਲ ਇਨ ਇੰਡੀਆ – 1907–1917, ਪੰਨਾ 282 ਹਵਾਲਾ ਜੋਸ਼ ਦੀ ਦੂਸਰੀ ਪੋਥੀ ਵਿਚ – ਪੰਨਾ 7 'ਤੇ
116. ਦੇਖੋ ਜੋਸ਼ ਪੰਨਾ. 194
117. ਜੋਸ਼ 'ਚ ਹਵਾਲਾ, ਪੋਥੀ 2, ਪੇਜ 24.
118. ਦੇਖੋ ਐਗਨਸ ਸਮੈਡਲੀ, ਡਾਟਰ ਆਫ਼ ਦੀ ਅਰਥ, ਪੰ. 335
119. ਹਵਾਲਾ ਜੋਸ਼ ਦੁਆਰਾ ਪੋਥੀ 2 ਪੰਨੇ 202–203
120. ਪਹਿਲਾ ਆਲ ਰਸ਼ੀਅਨ ਕਾਂਗਰਸ ਆਫ਼ ਵਰਕਿੰਗ ਕਜ਼ਾਕਸ ਦੇ ਸਾਹਮਣੇ ਦਿੱਤਾ ਭਾਸ਼ਣ। ਕੈਲੈਕਟਿਡ ਵਰਕੇ, ਖੰਡ 30, ਪ੍ਰੋਗਰੈਸ ਪਬਲੀਕੇਸ਼ਨਜ਼, ਮਾਸਕੋ, 1965, ਪੰਨੇ 38—340
121. ਇਡਿਪੈਂਡੈਂਟ ਹਿੰਦੁਸਤਾਨ, ਜਨਵਰੀ 1921, ਪੋਥੀ ਪੰਜਵੀ, ਹਵਾਲਾ ਜੋਸ਼ ਦੁਆਰਾ ਪੋਥੀ 2, ਪੰ. 208
122. ਦੇਖੋ ਜੋਸ਼ ਪੋਥੀ 2, ਪੰਨਾ 217
123. ਜੋਸ਼ ਦੁਆਰਾ ਹਵਾਲਾ, ਪੋਥੀ 2, ਪੰਨਾ 227
124. ਓਹੀ, ਪੰਨਾ 228
125. ਜੋਸ਼ ਦੁਆਰਾ ਹਵਾਲਾ ਪੋਥੀ 2 ਪੰਨੇ 254–5
126. ਸੈਸਿਲ ਕੇ., ਕਮਿਉਨਿਜ਼ਮ ਇਨ ਇੰਡੀਆ, ਗਵਰਨਮੈਂਟ ਆਫ਼ ਇੰਡੀਆ ਪ੍ਰੈਸ, 1926, ਪੰਨਾ 145 ਹਵਾਲਾ ਜੋਸ਼ ਦੁਆਰਾ, ਪੋਥੀ 2 ਪੰਨਾ.274
127. ਪ੍ਰੇਮ ਸਿੰਘ ਗਿੱਲ ਪੰਜਾਬ ਦੇ ਇਕ ਕਿਸਾਨ ਪਰਿਵਾਰ ਵਿਚੋਂ ਸੀ। ਸਕੂਲ ਦੀ ਪੜ੍ਹਾਈ ਮਗਰੋਂ ਉਹ ਦੋ ਸਾਲ ਲਾਹੌਰ ਮੈਡੀਕਲ ਕਾਲਜ ਵਿਚ ਪੜ੍ਹਿਆ ਅਤੇ ਫੇਰ ਯੂ ਐਸ ਏ ਚਲਾ ਗਿਆ ਜਿੱਥੇ ਉਸਨੇ ਸਾਇੰਸ ਵਿਚ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਗਰੈਜੂਏਸ਼ਨ ਕੀਤੀ। ਮਾਸਕੋ ਪਹੁੰਚ ਕੇ, ਉਸਨੇ ਮਾਰਕਸਿਜ਼ਮ- ਲੈਨਿਨਿਜ਼ਮ ਦੀ ਪੜ੍ਹਾਈ ਯੂਨੀਵਰਸਿਟੀ ਦੀ ਟਾਇਲਰਜ ਆਫ਼ ਦੀ ਈਸਟ (ਯੂ ਟੀ ਈ) ਤੋਂ ਕੀਤੀ। ਉਹ ਚਮੜਾ ਰੰਗਣ ਦਾ ਅਹਿਦ ਸੀ। ਉਸਨੇ ਸੋਵੀਅਤ ਯੂਨੀਅਨ ਵਿਚ ਸ਼ਾਦੀ ਕੀਤੀ ਅਤੇ ਇਕ ਬਹੁਤ ਪੜ੍ਹਿਆ ਲਿਖਿਆ ਅਤੇ ਸਿਰਕੱਢ ਵਿਗਿਆਨਕ ਹੋਣ ਦੇ ਨਾਤੇ, ਉਸ ਨੂੰ ਅਕੈਡਮੀ ਆਫ਼ ਸੋਵੀਅਤ ਸਾਇੰਸਿਜ਼ ਵਿਚ ਦਾਖ਼ਲ ਕਰ ਲਿਆ ਗਿਆ। ਉਸਨੇ ਸੋਵੀਅਤ ਸਾਇੰਸ ਦੀ ਕਈ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਪਤ੍ਰਿਨਿਧਤਾ ਕੀਤੀ। ਬਹੁਤ ਅਫ਼ਸੋਸ ਕਿ ਉਹ ਟੀ ਬੀ ਨਾਲ 1936 ਵਿਚ ਪਰਲੋਕ ਸਿਧਾਰ ਗਿਆ ਜਦ ਉਹ ਕੇਵਲ 36 ਸਾਲ ਦਾ ਸੀ।
128. ਐਲ ਮਿਤਰੋਖਿਨ, 'ਇੰਡੀਅਨ ਫ਼ਰੀਡਮ ਫ਼ਾਈਟਰ ਇਨ ਕਜ਼ਾਨ', ਸੋਵੀਅਤ ਲੈਂਡ

ਦੁਖੀ ਕਰਨ, ਇਸ ਸਵਾਲ 'ਤੇ ਹੋਰ ਥਾਂ ਵਿਚਾਰ ਕੀਤਾ ਜਾਵੇਗਾ।

86. ਸਰ ਮਾਈਕਲ ਓ'ਡਵਾਇਰ, ਇੰਡੀਆ ਐਜ਼ ਆਈ ਨਿਊ ਇਟ। ਕਾਂਸਟੇਬਲ, ਲੰਡਨ, 1925, ਪੰਨਾ 190
87. ਸੋਹਨ ਸਿੰਘ ਜੋਸ਼ ਦੁਆਰਾ ਦਿੱਤਾ ਹਵਾਲਾ, ਹਿੰਦੁਸਤਾਨ ਗ਼ਦਰ ਪਾਰਟੀ ਪੰਨਾ 82
88. ਉਹੀ, ਪੰਨਾ 83
89. ਉਹੀ, ਪੰਨਾ 83
90. ਜੋਸ਼ ਦੁਆਰਾ ਦਿੱਤਾ ਹਵਾਲਾ, ਪੰਨਾ 85
91. ਉਹੀ ਪੰਨਾ 85
92. ਡੇਲੀ ਸਨ ਵਿਚੋਂ ਹਵਾਲਾ, ਐਨਕੂਵਰ, 23 ਅਪ੍ਰੈਲ 1914 – ਦੇਖੋ ਜੋਸ਼ ਪੰ.91
93. ਦੇਖੋ ਜੋਸ਼, ਪੰਨਾ.92
94. ਏਰੀਅਨ, ਅਗਸਤ 1912, ਜੋਸ਼ ਦੁਆਰਾ ਹਵਾਲਾ, ਪੰਨਾ 99
95. ਜੋਸ਼ ਪੰਨਾ 111
96. ਜੀ ਐਸ ਸੈਂਸਰਾ, ਹਿਸਟਰੀ ਆਫ਼ ਦੀ ਗ਼ਦਰ ਪਾਰਟੀ (ਪੰਜਾਬੀ ਵਿਚ)), ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, 1969, ਪੰ. 60
97. ਮਾਈਕਲ ਉਡਵਾਇਰ, ਜਿਸ ਤਰ੍ਹਾਂ ਇੰਡੀਆ ਨੂੰ ਮੈਂ ਜਾਣਿਆ, ਕਾਂਸਟੇਬਲ, ਲੰਡਨ, 1925, ਪੰਨਾ.191
98. ਬ੍ਰਿਟਿਸ਼ ਕੋਲੰਬੀਆ ਹਿਸਟੋਰੀਕਲ ਚੌਮਾਸਿਕ, ਵਿਕਟੋਰੀਆ, ਜਨਵਰੀ 1941, ਪੰਨਾ 16-17, ਨਾਲ ਜੋਸ਼ ਵਿਚ ਹਵਾਲੇ, ਪੰਨਾ. ਨੰ. 145
99. ਪੀਪਲਜ਼ ਪਾਥ, ਜਲੰਧਰ, ਦਿਸੰਬਰ, 1966, ਦੇਖੋ ਜੋਸ਼. ਪੰਨੇ 174-7
100. ਜੋਸ ਦੁਆਰਾ ਹਵਾਲਾ, ਪੰਨਾ 177
101. ਦੇਖੋ ਜੋਸ਼, ਪੰਨਾ 180
102. ਦੇਖੋ ਜੋਸ਼, ਪੰਨਾ. 182
103. ਭਕਨਾ ਦੇ ਮੈਮੋਇਹਜ਼ ਵਿਚੋਂ, ਹਵਾਲਾ ਜੋਸ਼ ਦੁਆਰਾ, ਪੰਨਾ 192
104. ਜੋਸ਼ ਦੁਆਰਾ ਹਵਾਲਾ, ਪੰਨਾ 206
105. ਸੋਹਨ ਸਿੰਘ ਭਕਨਾ ਦੇ ਮੈਮੋਇਰਜ਼ ਜਿਹਨਾਂ ਚੋਂ ਜੋਸ਼ ਨੇ ਹਵਾਲਾ ਦਿੱਤਾ ਪੰਨਾ 208
106. ਇੰਡੀਆ ਐਜ਼ ਆਈ ਨਿਊ ਇਟ. ਪੰਨਾ 196
107. ਓਡਵਾਇਰ ਦੀ ਇੰਡੀਆ ਐਜ਼ ਆਈ ਨਿਊ ਇਟ ਦੇ ਪੰਨਾ ਨੰ. 80, ਜੋਸ਼ ਵੱਲੋਂ ਹਵਾਲਾ ਪੰਨਾ. 238
108. ਪੰਨਾ 130, ਹਵਾਲਾ ਜੋਸ਼ ਦੁਆਰਾ, ਪੰਨਾ 285.
110. ਜੋਸ਼, ਪੰਨਾ 288
111. ਓਪ.ਸਿਟ, ਪੰਨਾ 131.
109. ਜੋਸ਼ ਪੰਨਾ 287.
112. ਓਹੀ, ਪੰਨਾ 117

ਨੰ.21, ਨਵੰਬਰ 1971 ਹਵਾਲਾ ਜੋਸ਼ ਦੁਆਰਾ ਪੋਥੀ 2, ਪੰਨਾ 280

129. ਜੋਸ਼ ਦੁਆਰਾ ਹਵਾਲਾ ਪੋਥੀ 2 ਪੰਨੇ 281–82
130. ਹਵਾਲਾ ਜੋਸ਼ ਦੁਆਰਾ, ਪੰਨਾ.194
131. ਕਿਰਤੀ, ਪੰਜਾਬੀ ਐਡੀਸ਼ਨ , ਨਵੰਬਰ 1927, ਹਵਾਲਾ ਜੋਸ਼ ਪੋਥੀ 2 ਪੰਨੇ 170–180
132. ਜੋਸ਼ ਦੁਆਹਾ ਹਵਾਲਾ ਪੋਥੀ 2, ਪੰਨਾ 181.
133. ਰੌਲਟ ਕਮੇਟੀ 1918 ਵਿਚ ਕਾਇਮ ਕੀਤੀ ਗਈ ਸੀ, ਜਦ ਪਹਿਲੇ ਸੰਸਾਰ ਯੁੱਧ ਦਾ ਅੰਤ ਹੋਇਆ ਸੀ, ਕੌਮੀ ਲਹਿਰ ਦੇ ਉੱਤੱਰ ਵਿਚ ਜੋ ਕਿਰਤੀ ਸ਼੍ਰੇਣੀਆਂ ਦੀ ਲੜਾਈ ਕਰਕੇ ਮੁਕਤੀ ਕਰਾਉਣਾ ਚਾਹੁੰਦੀ ਸੀ। ਮਿ.ਜਸਟਿਸ ਰੌਲਟ ਦੇ ਅਧੀਨ ਬਣੀ ਇਸ ਕਮੇਟੀ ਨੇ ਬਹੁਦ ਦੂਰਗਾਮੀ ਤਜਵੀਜਾਂ ਦਿੱਤੀਆਂ ਜਿਹਨਾਂ ਦੁਆਰਾ ਮੁਕਤੀ ਲਹਿਰ ਨੂੰ ਦਬਾਇਆ ਜਾ ਸਕੇ ਅਤੇ ਇਸਦੇ ਵਿਰੁੱਧ ਬਹੁਤ ਨਾਰਾਜ਼ਗੀ ਪੈਦਾ ਕੀਤੀ ਜਾਵੇ, ਅਤੇ ਇਸ ਐਕਟ ਨੇ ਆਜ਼ਾਦੀ ਦੀ ਚਾਹਤ ਦੇ ਸੰਘਰਸ਼ ਨੂੰ ਹੋਰ ਗਰਮਜੋਸ਼ੀ ਪ੍ਰਦਾਨ ਕੀਤੀ। 13 ਅਪ੍ਰੈਲ 1919 ਵਿਚ ਅੰਮ੍ਰਿਤਸਰ ਵਿਚ ਹੋਇਆ ਕਤਲ–ਆਮ ਜਿਸ ਵਿਚ 1500 ਤੋਂ ਵੱਧ ਮਾਸੂਮ ਭਾਰਤੀ ਬੇਰਹਿਮੀ ਨਾਲ ਮਾਰੇ ਗਏ ਸਨ ਅਤੇ 1137 ਜ਼ਖ਼ਮੀ ਹੋਏ ਸਨ, ਇਸ ਕਾਨੂੰਨ ਦੇ ਵਿਰੋਧ ਦਾ ਸਿੱਧਾ ਨਤੀਜਾ ਸੀ।
134. ਆਇਰਿਸ਼ ਵਰਲਟ ਐਂਡ ਨਿਊ ਅਮੈਰੀਕਨ, ਨਿਊ ਯਾਰਕ, 6 ਮਾਰਚ, 1920, ਹਵਾਲਾ ਜੋਸ਼ ਦੁਆਰਾ ਪੋਥੀ 2 ਪੰਨਾ 183.
135. ਜੋਸ਼ ਦੁਆਰਾ ਹਵਾਲਾ ਪੋਥੀ 2, ਪੰਨਾ 184 –ਸਾਡਾ ਬਲ
136. 15 ਜਨਵਰੀ, 1021, ਹਵਾਲਾ ਜੋਸ਼ ਦੁਆਰਾ ਪੋਥੀ 2 ਪੰਨੇ 185–6
137. ਹਵਾਲਾ ਜੋਸ਼ ਦੁਆਰਾ ਪੋਥੀ 2, ਪੰਨਾ 186
138. ਟੈਰੈਂਸ ਮੈਕ–ਸਵਾਇਨੀ, ਕਾਰਕ ਦੇ ਲਾਰਡ ਮੇਯਰ, ਦੀ 25 ਅਕਤੂਬਰ 1920 ਵਿਚ ਮੌਤ ਹੋਈ ਬ੍ਰਿਟਨ ਦੀ ਜੇਲ ਵਿਚ ਜਦ ਉਸਨੇ ਆਇਰਲੈਂਡ ਉੱਪਰ ਬ੍ਰਿਟਨ ਦੇ ਨਾਜਾਇਜ਼ ਕਬਜ਼ੇ ਵਿਰੁੱਧ ਭੁੱਖ ਹੜਤਾਲ ਕੀਤੀ ਹੋਈ ਸੀ।
139. ਇੰਡੀਪੈਂਡੈਂਟ ਹਿੰਦੁਸਤਾਨ, ਅਕਤੂਬਰ 1920, ਹਵਾਲਾ ਜੋਸ਼ ਦੁਆਰਾ ਪੋਥੀ 2, ਪੰਨਾ 187
140. ਜੂਨ 1927, ਜੋਸ਼ 'ਚ ਹਵਾਲਾ ਪੰਨਾ ਨੰ. 258 'ਤੇ
141. ਦਿਸੰਬਰ 1926, ਜੋਸ਼ ਪੋਥੀ 2, ਪੰ. 259
142. ਜੋਸ਼ ਦੁਆਰਾ ਹਵਾਲਾ ਪੋਥੀ 2, ਪੰ.259
143. ਓਹੀ, ਪੰਨਾ.260
144. ਜੋਸ਼ ਦੁਆਰਾ ਹਵਾਲਾ, ਪੋਥੀ 2, ਪੰਨੇ 161–2
145. ਜੋਸ਼ ਦੁਆਰਾ ਹਵਾਲਾ ਪੋਥੀ 2, ਪੰਨੇ 262–3
146. ਦੇਖੋ ਯੂ ਐਸ ਆਈ, ਫਰਵਰੀ 1927, ਜੋਸ਼ ਪੋਥੀ 2, ਪੰਨਾ 263
147. ਓਹੀ, ਪੰਨਾ 264

148. ਜੋਸ਼ ਦੁਆਰਾ ਹਵਾਲਾ, ਪੋਥੀ 2, ਪੰਨਾ 264.
149. ਡੀ. ਪੈਟਰੀ ਦੁਆਰਾ ਹਵਾਲਾ ਅਤੇ ਜੋਸ਼ ਦੁਆਰਾ ਮੁੜ-ਲਿਖਣਾ, ਪੋਥੀ 2, ਪੰਨੇ 266-67
150. ਐਮੀਲੀ ਸੀ ਬ੍ਰਾਉਨ, ਹਰਦਯਾਲ-ਹਿੰਦੂ ਰੈਵੋਲਿਉਸ਼ਨਰੀ ਐਂਡ ਰੈਸ਼ਨਿਲਿਸਟ, ਪੰਨਾ. 220
151. ਮਾਰਕਸ ਕਮਜ਼ੁ ਦ ਇੰਡੀਆ – ਪੀ ਸੀ ਜੋਸ਼ੀ ਅਤੇ ਕੇ ਦਮਦਰਨ, ਪੰਨੇ 30-31
152. ਸਰ ਡੇਵਿਡ ਪੈਟਰੀ, ਕਮਿਉਨਿਜ਼ਮ ਇਨ ਇੰਡੀਆ 1924-1927, ਪੰਨਾ. 138
153. ਦੇਖੋ ਪੰਨੇ 274-75- ਸੈਂਸਰਾ ਦੀ ਪੁਸਤਕ ਅਤੇ ਜੋਸ਼ ਪੋਥੀ 2, ਪੰਨਾ 94
154. ਦੇਖੋ ਪ੍ਰੋਫ਼ੈਸਰ ਸਟੀਵ ਮੈਕਿਨਾਨ, 'ਐਗਨੈਸ ਸਮੈਡਲੀ-ਏ ਵਰਕਿੰਗ ਇੰਟਰੋਡਕਸ਼ਨ', ਬੁਲੇਟਿਨ ਆਫ਼ ਕਨਸਰਨਡ ਏਸ਼ੀਅਨ ਸਕਾਲਰਜ, 7, ਦ.1 (ਜਨਵਰੀ-ਮਾਰਚ 1975) ਅਰੀਜ਼ੋਨਾ ਯੂਨੀਵਰਸਿਟੀ ਪ੍ਰੈਸ, ਅਰੀਜ਼ੋਨਾ, ਪੰਨਾ. 6
155. ਹਵਾਲਾ – ਜੋਸ਼ ਪੋਥੀ 2 ਪੰਨੇ 168-9
156. ਪੋਥੀ 2, ਪੰਨਾ 172
157. ਇਹ ਲੇਖ ਲਲਕਾਰ ਵਾਸਤੇ ਕਾਮਰੇਡ ਭਗਤ ਸਿੰਘ ਦੀ ਸੌਵੀਂ ਵਰ੍ਹੇਗੰਢ ਮੌਕੇ ਲਿਖਿਆ ਗਿਆ ਸੀ।
158. ਅਸ਼ੋਕ ਧਾਵਾਲੇ, "ਸ਼ਹੀਦ ਭਗਤ ਸਿੰਘ-ਐਨ ਇਮਮੋਰਟਲ ਰੈਵੋਲਿਉਸ਼ਨਰੀ", ਦੀ ਮਾਰਕਸਿਸਟ -ਟਵੈਂਟੀ ਟੂ, ਨੰ.2-3, ਅਪ੍ਰੈਲ-ਸਤੰਬਰ, 2006. ਦੀ ਮਾਰਕਸਿਸਟ ਕਮਿਉਨਿਸਟ ਪਾਰਟੀ ਆਫ਼ ਇੰਡੀਆ (ਮ) ਦਾ ਸਿਧਾਂਤਕ ਪਰਚਾ ਹੈ।
159. 'ਰੈਵੋਲਿਉਸ਼ਨਰੀ ਲੀਗੇਸੀ ਆਫ਼ ਭਗਤ ਸਿੰਘ', ਇਕਾਨੋਮਿਕ ਐਂਡ ਪੁਲਿਟੀਕਲ ਵੀਕਲੀ, 15 ਸਿਤੰਬਰ, 2007
160. ਸ਼ਹੀਦ ਭਗਤ ਸਿੰਘ 'ਵ੍ਹਾਈ ਆਈ ਐਮ ਐਨ ਅਥੀਸਟ' ਪੰਨਾ 123.
161. ਕੇ. ਕੇ. ਖੁੱਲਰ ਦੇ ਹਵਾਲੇ, *ਸ਼ਹੀਦ ਭਗਤ ਸਿੰਘ*, ਪੰਨਾ 98-110
162. ਭਗਤ ਸਿੰਘ 'ਟੂ ਯੰਗ ਪੋਲੀਟੀਕਲ ਵਰਕਰਜ਼' ਪੰਨਾ, 115
163. ਭਗਤ ਸਿੰਘ, 'ਪਿਤਾ ਨੂੰ ਪੱਤਰ', ਪੰਨਾ, 56, ਏ. ਜੀ ਨੂਰਾਨੀ ਦੀ ਅਨੁਵਾਦ ਕੀਤੀ ਸ਼ਾਨਦਾਰ ਕਿਤਾਬ, *ਦ ਟਰਾਇਲ ਆਫ ਭਗਤ ਸਿੰਘ* 'ਚ ਦਿੱਤੇ ਹਵਾਲੇ, ਪੰਨਾ. ਨੰ. 11-12
164. ਪੰਨਾ. 152
165. ਇੰਗਲਿਸ਼ ਕਾਨੂੰਨ ਵਿਚ ਜਿਹੜਾ ਦੋਸ਼ ਮੰਨ ਲੈਂਦਾ ਹੈ ਪਰ ਦੂਸਰਿਆਂ ਤੇ ਦੋਸ ਮੜ੍ਹਦਾ ਹੈ ਆਪ ਬਚਣ ਲਈ।
166. ਪੰਨਾ 154
167. ਓਹੀ ਪੰਨਾ 156
168. ਓਹੀ ਪੰਨਾ 155
169. ਓਹੀ ਪੰਨਾ 155

170. ਭਗਤ ਸਿੰਘ – ਟੂ ਯੰਗ ਪੁਲੀਟੀਕਲ ਕਰਮੀਆਂ ਨੂੰ' ਪੰਨਾ 120
171. ਓਹੀ ਪੰਨਾ 115
172 ਉਹੀ, ਪੰਨਾ ਨੰ. 119
173. ਨੂਰਾਨੀ, ਪ.24
174. ਭਗਤ ਸਿੰਘ, 'ਟੂ ਮੇਕ ਦੀ ਡੈਫ਼ ਹੀਅਰ', ਪੰਨਾ 65
175. ਓਹੀ
176. ਭਗਤ ਸਿੰਘ, "ਸਟੇਟਮੈਂਟ ਸੈਸ਼ਨਜ਼ ਕੋਰਟ ਵਿਚ, ਪੰਨੇ 66-8
177. ਓਹੀ, ਪੰਨਾ 69
178. ਓਹੀ ਪੰਨੇ 69-70
179. ਅੰਗ੍ਰੇਜ਼ੀ ਕਾਨੂੰਨ ਵਿਚ ਅਜਿਹਾ ਗਵਾਹ ਜਿਹੜਾ ਆਪਣੇ ਜੁਰਮ ਦਾ ਇਕਬਾਲ ਕਰ ਲੈਂਦਾ ਹੈ ਅਤੇ ਦੂਸਰਿਆ ਦੀ ਜਿੰਮੇਵਾਰੀ ਦੱਸ ਕੇ ਆਪ ਸਜ਼ਾ ਤੋ ਬਚ ਜਾਂਦਾ ਹੈ, ਜਾਂ ਘੱਟ ਕਰਵਾ ਲੈਂਦਾ ਹੈ।
180. ਨੂਰਾਨੀ ਦੁਆਰਾ ਹਵਾਲਾ, ਪੰ. 74
181. ਓਹੀ
182. ਭਗਤ ਸਿੰਘ, "ਲੈਨਿਨ ਦੀ ਬਰਸੀ 'ਤੇ ਟੈਲੀਗਰਾਮ' ਪੰਨਾ 77
183. ਸਰਵਾਪੱਲੀ ਗੋਪਾਲ (ਸੰਪ.) ਸਿਲੈਕਟਡ ਵਰਕਸ ਆਫ਼ ਜਵਾਹਰਲਾਲ ਨਹਿਰੂ, ਸੈਕੰਡ ਸੀਰੀਜ਼, ਪੋਥੀ ਚਾਰ, ਪੰਨੇ 394-95 – ਹਵਾਲਾ ਦਿੱਤਾ – ਏ ਜੀ ਨੂਰਾਨੀ ਦੀ ਟਰਾਇਲ ਆਫ਼ ਭਗਤ ਸਿੰਘ, ਪੰ.175
184. ਭਗਤ ਸਿੰਘ, ਪਿਤਾ ਨੂੰ ਪੱਤਰ, ਪੰਨੇ 100-1
185. ਹਵਾਲਾ –ਨੂਰਾਨੀ ਦੁਆਰਾ, ਪੰਨੇ 231-32
186. ਪੰਨੇ 231-232
187. ਭਗਤ ਸਿੰਘ –'ਨੋ ਹੈਂਗਿੰਗ. ਪਲੀਜ਼ ਸ਼ੂਟ ਅਸ., ਪੰਨਾ 132-33
188. ਏ. ਜੀ. ਨੂਰਾਨੀ ਪੰਨਾ 227 ਅਤੇ ਭਗਤ ਸਿੰਘ 'ਨੋ ਹੈਂਗਿੰਗ, ਪਲੀਜ਼ ਸ਼ੂਟ ਅਸ, ਪੰ.133
189. ਭਗਤ ਸਿੰਘ, 'ਲੈਡਰ ਟੂ ਦੀ ਸੈਕੰਡ ਐਲ ਸੀ ਸੀ ਕਵਿਕਿਟਸੇ, ਪ.134
190. ਏ ਜੀ ਨੂਰਾਨੀ, ਪੰਨੇ 228-29
191. ਏ ਜੀ ਨੂਰਾਨੀ, ਪੰਨਾ 3.
192. ਸਰ ਹੋਰੇਸ ਵਿਲੀਅਮ –ਸਰ ਜਾਨ ਫੈਲਿਕਸ ਕਊਗਿਲ, ਇੰਡੀਆ ਐਂਡ ਕਮਿਉਨਿਜ਼ਮ, ਪੰਨਾ 285 (ਨੂਰਾਨੀ)
193. ਸਰ ਜਾਨ ਫੈਲਿਕਸ ਕਊਗਿਲ, ਇੰਡੀਆ ਐਂਡ ਕਮਿਉਨਿਜ਼ਮ, ਪੰਨਾ 275 ਏ ਜੀ ਨੂਰਾਨੀ ਦੁਆਰਾ ਦਿੱਤਾ ਹਵਾਲਾ ਪੰਨਾ 256
194. ਦੀਨਾ ਨਾਥ ਗੋਪਾਲ ਤਿੰਦੂਲਕਰ, ਮਹਾਤਮਾ ਪੋਥੀ ਤੀਜੀ ਪੰਨਾ 62 ਤੇ ਨੂਰਾਨੀ ਪੰਨਾ 235.

195. ਹਵਾਲਾ – ਦੀ ਟਰਾਇਲ ਆਫ਼ ਭਗਤ ਸਿੰਘ – ਏ ਜੀ ਨੂਰਾਨੀ, ਪੰਨਾ. 239.
196. ਮਹਾਦੇਵ ਦੇਸਾਈ ਮਹਾਤਮਾ ਗਾਂਧੀ ਦਾ ਪਰਸਨਲ ਸੈਕਟਰੀ ਸੀ।
197. ਕੁਲੈਕਟਡ ਵਰਕਸ ਆਫ਼ ਮਹਾਤਮਾ ਗਾਂਧੀ, ਪੋਥੀ 45, ਪੰਨਾ 209 ਅਤੇ ਨੂਰਾਨੀ ਪੰਨਾ 239
198. ਹਵਾਲਾ ਨੂਰਾਨੀ ਦੁਆਰਾ, ਪੰਨੇ 240–41
199. ਨੂਰਾਨੀ ਦੁਆਰਾ ਦਿੱਤਾ ਹਵਾਲਾ ਪੰਨੇ 241–2
200. ਨੂਰਾਨੀ ਦੁਆਰਾ ਦਿੱਤਾ ਹਵਾਲਾ ਪਨੰਾ 242
201. ਓਹੀ ਪੰਨਾ. 243
202. ਭੋਗਾਰਾਜੂ ਪਟਾਭੀ ਸੀਤਾਰਾਮਈਆ, ਗਾਂਧੀ ਐਂਡ ਗਾਂਧੀਇਜ਼ਮ, ਪੋਥੀ ਨੂੰ, ਪੰ.442, ਨੂਰਾਨੀ ਪੰ.244–5
203. ਕੁਲੈਕਟਡ ਵਰਕਸ ਆਫ ਮਹਾਤਮਾ ਗਾਂਧੀ, ਪੋਥੀ 45, ਪੰਨੇ 333, ਨੂਰਾਨੀ ਪੰਨੇ 244.
204. ਨੂਰਾਨੀ ਪੰਨਾ 245
205. ਹਵਾਲਾ ਨੂਰਾਨੀ ਦੁਆਰਾ, ਪੰਨਾ 245
206. ਐਡਵਰਡ ਐਫ ਐਲ, ਅਰਲ ਆਫ਼ ਹੈਲੀਫੈਕਸ, ਫੁੱਲਨੈਸ ਆਫ਼ ਡੇਜ਼ ਪੰਨੇ 149–150, ਨੂਰਾਨੀ ਪੰਨੇ 245–6
207. 26 ਮਾਰਚ 1931 ਦੀ ਟ੍ਰਿਬਿਊਨ ਵਿਚੋਂ, ਹਵਲਾ ਨੂਰਾਨੀ ਦੁਆਰਾ, ਪੰਨੇ 246–7.
208. ਨੂਰਾਨੀ ਦੁਆਰਾ ਹਵਾਲਾ, ਪੰਨਾ. 248
209. ਕੁਲੈਕਟਡ ਵਰਕਸ ਆਫ਼ ਮਹਾਤਮਾ ਗਾਂਧੀ, ਪੋਥੀ 45 ਪੰਨੇ 344–5, ਨੂਰਾਨੀ, ਪੰਨਾ. 248
210. ਨੂਰਾਨੀ ਪੰਨਾ 249
211. ਕੁਲੈਕਟਡ ਵਰਕਸ ਆਫ਼ ਮਹਾਤਮਾ ਗਾਂਧੀ, ਪੋਥੀ 45 ਪੰਨੇ 347–51, ਨੂਰਾਨੀ ਪੰ. 249
212. ਗਾਂਧੀ ਦਾ ਜਵਾਬ ਫ਼ਰਾਂਸਿਸੀ ਪੱਤਰਕਾਰ ਚਾਰਲਸ ਪੈਟਰਾਸ਼ ਨੂੰ ਜਦ ਉਸਨੇ ਗੜ੍ਹਵਾਲੀ ਸਿਪਾਹੀਆਂ ਦਾ ਸਵਾਲ ਉਠਾਇਆ ਸੀ, ਲਾ ਮੰਡ, 20 ਫ਼ਰਵਰੀ 1932, ਹਵਾਲਾ ਆਰ ਪੀ ਦੱਤ ਦੁਆਰਾ, ਇੰਡੀਆ ਟੁਡੇ, ਪੰਨਾ.333
213. ਓਹੀ ਪੰਨਾ 340
214. ਓਹੀ ਪੰਨਾ 327
215. ਓਹੀ. ਪੰਨਾ 328
216. ਗਾਂਧੀ, ਵਾਇਸਰਾਏ ਨੂੰ ਚਿੱਠੀ 2 ਮਾਰਚ, 1930, ਹਵਾਲਾ ਆਰ ਪੀ ਦੱਤ ਪੰਨਾ 329
217. ਓਹੀ ਪੰਨਾ 323

218. ਸੀਤਾਰਾਮੀਆ, ਪੋਥੀ 1, ਪੰਨੇ 456-57, ਹਵਾਲਾ ਨੂਰਾਨੀ ਦੁਆਰਾ, ਪ.249
219. ਕੁਲੈਕਟਿਡ ਵਰਕੇ ਆਫ਼ ਮਹਾਤਮਾ ਗਾਂਧੀ ਪੋਥੀ 46, ਪ.50 ਹਵਾਲਾ ਨੂਰਾਨੀ ਪੰਨੇ. 249
220. ਉਸਦਾ 8 ਮਈ 1931 ਦਾ ਲਿੰਡਸੇ (ਯੂਰੋਪੀਅਨ ਗਰੁੱਪ ਨੈਸ਼ਨਲ ਅਸੈਬਲੀ) ਦੇ ਨਾਮ, ਨੂਰਾਨੀ, ਪੰ. 250
221. ਓਹੀ, ਪੰਨਾ 359, ਨੂਰਾਨੀ ਪੰ.250
222. ਗੁਰਦੇਵ ਸਿੰਘ ਦਿਉਲ, ਸ਼ਹੀਦ ਭਗਤ ਸਿੰਘ-ਜੀਵਨੀ, ਪੰ.94 ਨੂਰਾਨੀ ਪੰ. 251
223. ਓਹੀ ਪੰਨਾ. 252
224. ਪੰਨਾ 5
225. ਭਗਤ ਸਿੰਘ 'ਸੈਸ਼ਨਜ਼ ਕੋਰਟ ਵਿਚ ਬਿਆਨ, ਪੰਨਾ68
226. ਐਂਟੀ ਦੁਰਹਿੰਗ, ਪੰ.255
227. ਬੀ ਸੀ ਵੋਹਰਾ, ਦੀ ਫਿਲਾਸਫਟੀ ਆਫ਼ ਦੀ ਬੰਬ, ਪੰਨਾ, 158
228. ਉਹੀ
229. ਸ਼ਿਵ ਵਰਮਾ, ਇੰਟਰੋਡਕਸ਼ਨ ਟੂ ਦੀ ਸਲੈਦਟ ਰਾਈਟਿੰਗ ਆਫ਼ ਸ਼ਹੀਦ ਭਗਤ ਸਿੰਘ ਪੰਨੇ :38-39
230. ਰੈਵੋਲਿਉਸ਼ਨਰੀ ਲਿਗੇਸੀ ਆਫ਼ ਭਗਤ ਸਿੰਘ, ਇਕਾਨੋਮਿਕ ਐਂਡ ਪੁਲੀਟੀਕਲ ਵੀਕਲੀ, 15 ਸਿਤੰਬਰ, 2007
231. ਪੀਐਮ ਐਸ ਗਰੇਵਾਲ, ਭਗਤ ਸਿੰਘ -ਲਿਬਰੇਸ਼ਨਜ਼ ਬਲੇਂਜੰਗ ਸਟਾਰ.
232. ਗਰੇਵਾਲ ਪੰਨੇ 61-62
233. ਓਹੀ, ਪੰਨਾ.16
234. ਸ਼ਿਵ ਵਰਮਾ, 'ਇੰਟਰੋਡਕਸ਼ਨ' ਪੰਨੇ, 35-36
235. ਬੀ ਟੀ ਰਨਦੀਵੇ, ਫੋਰਵਰਡ 1, ਪੰਨਾ 9.
236 ਓਹੀ
237. ਓਹੀ ਪੰਨਾ 9-10
238. ਓਹੀ ਪੰਨਾ 5
239. ਓਹੀ ਪੰਨਾ 7
240. ਸ਼ਿਵ ਵਰਮਾ ਦੁਆਰਾ ਹਵਾਲਾ ਆਪਣੀ "ਇੰਟਰੋਡਕਸ਼ਨ" ਵਿਚ, ਪੰਨਾ 39
241. ਭੂਮਿਕਾ, ਪੰਨਾ 15
242. ਓਹੀ ਪੰਨਾ 16
243. ਬਿਆਨ ਜਿਹੜਾ 5 ਮਈ 1930 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਸਥਾਪਿਤ ਵਿਸ਼ੇਸ਼ ਟ੍ਰਿਬਿਉਨਲ ਸਾਹਮਣੇ, ਦੂਸਰੀ ਲਾਹੌਰ ਸਾਜ਼ਿਸ਼ ਮੁਕੱਦਮੇ ਦੀ ਸੁਣਾਈ ਦੌਰਾਨ ਪੜ੍ਹਿਆ ਗਿਆ ਸੀ "ਬਿਨਾ ਬਚਾਅ ਦੇ ਦੋਸ਼ੀਆਂ ਦਾ ਬਿਆਨ"। ਇਹ ਬਿਆਨ ਭਗਤ ਸਿੰਘ ਨੇ ਡਰਾਫ਼ਟ ਕੀਤਾ ਸੀ, ਅਤੇ ਇਸ ਉੱਪਰ ਜੇ ਐਨ ਸਾਨਯਾਲ, ਮਹਾਬੀਰ

ਸਿੰਘ, ਬੀ ਕੇ ਦੱਤ, ਡਾ.ਗਯਾ ਪ੍ਰਸਾਦ ਅਤੇ ਕੁੰਦਨ ਲਾਲ ਨੇ ਦਸਖ਼ਤ ਕੀਤੇ ਸਨ। ਦੇਖੋ ਪੰਨੇ 91-2

244. 'ਭਗਤ ਸਿੰਘ ਦਾ ਇਨਕਲਾਬੀ ਵਿਰਸਾ'-ਇਕਾਨੋਮਿਕ ਅਤੇ ਪੁਲਿਟੀਕਲ ਹਫ਼ਤਾਵਾਰੀ, 15 ਸਤੰਬਰ 2007

245. ਇੰਟਰੋਡਕਸ਼ਨ, ਪੰਨੇ 44-45

246. ਓਹੀ, ਪੰਨਾ ਨੰ. 45.

247. ਪੰਨੇ 1-2

248. ਹੈਰਜ਼ਨ ਦੇ "ਅੰਤ ਤੇ ਆਦਿ' ਵਿਚੋਂ, ਹਵਾਲਾ ਵੀ ਆਈ ਲੈਨਿਨ -ਹੈਰਜ਼ਨ ਦੀ ਯਾਦ -ਪੰ. 25

# ਪੁਸਤਕ ਸੂਚੀ


ਐਚੀਸਨ, ਸੀ ਯੂ — ਏ ਕੁਲੈਕਸ਼ਨ ਆਫ਼ ਟਰੀਟੀਜ਼ ਐਂਡ ਸਨਦਜ਼ ਰਿਲੇਟਿਦ ਟੂ ਇੰਡੀਆ ਅਚੇ ਨੇਬਰਿੰਗ ਕੰਟਰੀਜ਼, ਓ ਟੀ ਕੱਟਰ. ਮਿਲਟਕੀ ਪ੍ਰੈਸ, ਕਲਕੱਤਾ, 1865

ਬਾਲ, ਸੀ — ਦੀ ਹਿਸਟਰੀ ਆਫ਼ ਇੰਡੀਅਨ ਮਿਉਟਿਨੀ, ਦੀ ਲੰਡਨ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ, ਲੰਡਨ, ਬਿਨਾ ਤਰੀਕ,1860

ਬਾਸੂ ਬੀ ਡੀ — ਰਾਈਜ਼ ਆਫ਼ ਦੀ ਕ੍ਰਿਸਚੀਅਨ ਪਾਵਰ ਇਨ ਇੰਡੀਆ, ਆਰ ਚੈਟਰਜੀ, ਕਲਕੱਤਾ, 1931.

ਬਰਾਊਨ, ਈ ਸੀ — ਹਰਦਯਾਲ, ਹਿੰਦੂ ਰੈਵੂਲਿਉਸ਼ਨਰੀ ਐਂਡ ਰੈਸ਼ਨਲਿਸਟ, ਯੂਨੀਵਰਸਿਟੀ ਆਫ ਅਰੀਜ਼ੋਨਾ ਪ੍ਰੈਸ, 1975

ਦਿਉਲ, ਜੀ ਐਸ — ਸ਼ਹੀਦ ਭਗਤ ਸਿੰਘ – ਬਾਇਓਗਰਾਫ਼ੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਦੱਤ, ਆਰ ਪੀ — ਇੰਡੀਆ ਟੂਡੇ, ਵਿਕਟਰ ਗੋਲੋਲਾਂਜ਼, ਲੰਡਨ, 1940

ਏਂਗਲਜ਼, ਐਫ਼ — ਐਂਟੀ ਦੂਹਰਿੰਗ (1818), ਫ਼ੌਰਨ ਲੈਂਗੁਏਜਜ਼ ਪਬਲਿਸ਼ਿੰਗ ਹਾਊਸ, ਮਾਸਕੋ, 1954

ਏਂਗਲਜ਼ ਐਫ਼ — ਦੀ ਕੈਪਚਰ ਆਫ਼ ਦਿੱਲੀ, 16 ਨਵੰਬਰ, 1857 ਇਨ ਮਾਰਕਸ ਐਂਡ ਏਂਗਲਜ਼, ਦੀ ਫ਼ਸਟ ਇੰਡੀਅਨ ਵਾਰ ਆਫ਼ ਇੰਡਿਪੈਂਡਸ, ਪ੍ਰਾਗਰੈਸ ਪਬਲਿਸ਼ਰਜ਼, ਮਾਸਕੋ, 1959

ਏਂਗਲਜ਼ ਐਫ. — 'ਡਿਟੇਲਜ਼ ਆਫ਼ ਦੀ ਅਟੈਕ ਔਨ ਲਖਨਊ' 8 ਮਈ, 1858 ਇਨ ਮਾਰਕ ਐਂਡ ਏਂਗਲਜ਼, ਦੀ ਫ਼ਸਟ ਇੰਡੀਅਨ ਵਾਰ ਆਫ਼ ਇੰਡਿਪੈਂਡੈਂਸ, ਪ੍ਰਾਗਰੇਸ ਪਬਲਿਸ਼ਰਜ਼, ਮਾਸਕੋ, 1959.

ਫ਼ਜ਼ਲ ਹੱਕ, ਏ — ਐ. ਮੁਨੀਉਲ ਹੱਕ, ਦੀ ਸਟੋਰੀ ਆਫ਼ ਦੀ ਵਾਰ ਆਫ਼ ਇੰਡਿਪੈਂਡੈਂਸ, 1857–58 (ਬੀ ਇਨ ਇੰਗਲਿਸ਼ ਟਰਾਂਸਲੇਸ਼ਨ ਆਫ਼ ਅਲਾਮਾ ਫ਼ਜ਼ਲ–ਇ–ਹੱਕ'ਸ ਰਿਸਾਲਾਹ ਆਨ ਦੀ ਵਾਰ, ਜਰਨਲ ਆਫ਼ ਪਾਸਿਤਤਾਨ ਹਿਸਟੋਰੀਕਲ ਸੁਸਾਇਟੀ, 51 (1957), 23–57 (ਇਕ ਪਹਿਲਾ ਵਿਆਖਿਆ ਸਹਿਤ ਲੇਖ ਦਾ ਡਰਾਫ਼ਟ ਪੀ ਸੀ ਜੋਸ਼ੀ ਦੀ ਜੇ ਐਨ ਯੂ ਲਾਇਬਰੀ ਵਿਚ ਹੈ)

ਗੋਪਾਲ, ਐਸ — ਸਿਲੈਕਟਿਡ ਵਰਕਸ ਆਫ਼ ਜਵਾਹਰਲਾਲ ਨਹਿਰੂ, ਦੂਸਰੀ ਲੜੀ, ਜਵਾਹਰਲਾਲ ਮੈਮੋਰੀਅਲ ਫੰਡ, ਨਵੀਂ ਦਿੱਲੀ, 1984–89)

ਗ੍ਰਾਂਟ ਡ.ਫ਼, ਜੇ — ਹਿਸਟਰੀ ਆਫ ਮਰਾਠਾਜ਼, ਲਾਂਗਮੈਨ ਰੀਸ ਓਰਮੀ ਬਰਾਊਨ ਐਂਡ ਗਰੀਨ, ਲੰਡਨ, 1826

ਫ਼ਿਚੈਟ, ਡਬਲ — ਦੀ ਟੇਲ ਆਫ਼ ਦੀ ਗਰੇਟ ਮਿਊਟਿਨੀ, ਸਮਿਥ ਐਲਡਰ ਐਂਡ

ਯੂ ਐਚ ਕੰਪਨੀ, ਲੰਡਨ

ਗਰੇਵਾਲ ਪੀ ਐਮ ਐਸ – ਭਗਤ ਸਿੰਘ – ਲਿਬਰੇਸ਼ਨਜ਼ ਬਲੇਜ਼ਿੰਗ ਸਟਾਰ, ਲੈਫ਼ਟਵਰਡ ਬੁਕਸ, ਨਵੀਂ ਦਿੱਲੀ, 2007

ਹਾਰਡਿੰਗ, ਲਾਰਡ ਸੀ ਮਾਈ ਇੰਡੀਅਨ ਈਅਰਜ਼, ਜਾਨ ਮੱਰੇ, ਲੰਡਨ, 1948

ਹੌਮਜ਼ ਟੀ ਰਾਈਸ ਹਿਸਟਰੀ ਆਫ਼ ਇੰਡੀਅਨ ਮਿਉਟਿਨੀ, ਮੈਕਮਿਲਨ ਐਂਡ ਕੋ 1904

ਆਈਜ਼ਮਾਂਗਰ, ਪੀ ਸੀ ਸਲੈਟਰੀ ਜੇ ਐਨ ਅਕਾਊਂਟ ਆਫ਼ ਦੀ ਗ਼ਦਰ ਕਾਂਸਪੀਰੇਸੀ, 1913–15, ਇੰਡੀਆ ਗਵਰਨਮੈਂਟ ਪ੍ਰਿਟਿੰਗ ਆਫ਼ਿਸ, ਪੰਜਾਬ, ਲਾਹੌਰ, 1919

ਜੋਸ਼, ਐਸ ਐਸ ਹਿੰਦੁਸਤਾਨ ਗ਼ਦਰ ਪਾਰਟੀ, ਪੀਪਲਜ਼ ਪਬਲਿਸ਼ਿੰਗ ਹਾਉਸ, ਨਵੀਂ ਦਿੱਲੀ, 1978.

ਜੋਸ਼ੀ, ਪੀ ਸੀ 1857 ਇਨ ਅਵਰ ਹਿਸਟਰੀ, ਸੀ ਪੀ ਆਈ ਪਬਲੀਕੇਸ਼ਨਜ਼, ਦਿੱਲੀ, 2007

ਜੋਸ਼ੀ ਪੀ ਸੀ ਮਾਰਕਸ ਕਮਜ਼ ਟੂ ਇੰਡੀਆ, ਮਨੋਹਰ ਬੁਕ ਸਰਵਿਸ, 1965

ਅਤੇ ਦਮੋਦਰਨ, ਕੇ

ਕੇਈ, ਸੀ ਕਮਿਊਨਿਜ਼ਮ ਇਨ ਇੰਡਆ, ਗਵਨ. ਆਫ਼ ਇੰਜੀ ਪ੍ਰੈਸ, ਦਿੱਲੀ 1926

ਕੇਈ, ਸਰ ਜੇ ਐਂਡ

ਮਾਲੇਸਨ ਜੀ ਬੀ ਹਿਸਟਰੀ ਆਫ਼ ਦੀ ਇੰਡੀਅਨ ਮਿਉਟਿਨੀ ਆਫ਼ 1857, ਐਲਨ ਲੰਡਨ, 1890, ਛੇ ਜਿਲਦਾਂ ਵਿਚ।

ਕੇਰ, ਜੇ ਸੀ ਪੁਲੀਟੀਕਲ ਟ੍ਰਬਲ ਇਨ ਇੰਡੀਆ – 1907 – 1917, ਓਰੀਐਂਟਲ ਪਬਲਿਸ਼ਰਜ਼, ਨਿਊ ਦਿੱਲੀ, 1973

ਖੁੱਲਰ, ਕੇ ਕੇ ਸ਼ਹੀਦ ਭਗਤ ਸਿੰਘ, ਹੋਮ ਪਬਲਿਸ਼ਰਜ਼, ਨਿਉ ਦਿੱਲੀ, 1981.

ਲੈਨਿਨ ਵੀ ਆਈ 'ਡਿਸਕਸ਼ਨ ਆਨ ਸੈਲਫ਼ ਡਿਟਰਮੀਨੇਸ਼ਨ ਸੱਮਡ ਅਪ', ਕੁਲੈਕਟਿਡ ਵਰਕਸ, ਜਿਲਦ 22, ਪ੍ਰੋਗਰੈਸ ਪਬਲਿਸ਼ਰਜ਼, ਮਾਸਕੋ (ਜੁਲਾਈ 1916) 1964.

ਲੈਨਿਨ, ਵੀ ਆਈ 'ਇਨ ਮੈਮਰੀ ਆਫ਼ ਹੈਰਜਡਨ (1912), ਕੁਲੈਕਟਿਡ ਵਰਕਸ ਜਿਲਦ 18, ਪ੍ਰੋਗਰੈਸ ਪਬਲਿਸ਼ਰਜਡ, ਮਾਸਕੋ, 1975.

ਲੈਨਿਨ ਵੀ ਆਈ ਸਪੀਚ ਐਟ ਦੀ ਫ਼ਸਟ ਆਲ ਰਸ਼ੀਅਨ ਕਾਂਗਰਸ ਆਫ਼ ਵਰਕਿੰਗ ਕਜ਼ਾਕਸ, ਕੁਲੈਕਟਿਡ ਵਰਕਸ, ਜਿਲਦ 30, ਪੰਨੇ 380–400

ਸੈਨਿਨ ਵੀ ਆਈ ਸਟੇਟ ਐਂਡ ਰੈਵੋਲਿਊਸ਼ਨ, ਅਗਸਤ–ਸਿਤੰਬਰ 1917, ਫ਼ਾਰਿਨ ਲੈਂਗੁਏਜਜ਼ ਪਬਲਿਸ਼ਿੰਗ ਹਾਉਸ, ਪੀਕਿੰਗ, 1970

ਮਜ਼ੂਮਦਾਰ, ਆਈ ਸੀ ਦੀ ਸਿਪਾਏ ਮਿਉਟਿਨੀ ਐਂਡ ਦੀ ਰਿਵੋਲਟ ਆਫ਼ 1857, ਓਰੀਐਂਟਲ ਪ੍ਰੈਸ ਪ੍ਰਾਈ. ਲਿਮਿਟਿਡ, ਕਲਕੱਤਾ, 1957

ਮਾਰਕਸ, ਕੇ ਦੀ ਅਨੈਕਸੇਸ਼ਨ ਆਫ਼ ਅਵਧ, 14 ਮਈ 1858 ਇਨ ਮਾਰਕਸ ਐਂਡ ਏਂਗਲਜ਼. ਦੀ ਫ਼ਸਟ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ. ਪ੍ਰੋਗਰੈਸ ਪਬਲਿਸ਼ਰਜ਼, ਮਾਸਕੋ, 1959

ਮਾਰਕਸ, ਕੇ ਦੀ ਬ੍ਰਿਟਿਸ਼ ਰੂਲ ਇਨ ਇੰਡੀਆ, 10 ਜੂਨ, 1853, ਇਲ ਮਾਰਕਸ ਐਂਡ

| | |
|---|---|
| | ਏਗਲਜ਼. ਦੀ ਫ਼ਸਟਇੰਡੀਅਨ ਵਾਰ ਆਫ਼ ਇੰਡੀਪੈਂਡੈਂਸ, ਪ੍ਰੋਗਰੈਸ ਪਬਲਿਸ਼ਰਜ਼, ਮਾਸਕੋ, 1959 |
| ਮਾਰਕਸ, ਕੇ | ਡਿਸਪੈਚਜ਼ ਫ਼ਰਾਮ ਇੰਡੀਆ, 25 ਜੁਲਾਈ 1857, ਇਨ ਮਾਰਕਸ ਐਂਡ ਏਗਲਜ਼, ਦੀ ਫ਼ਸਟ ਇੰਡੀਅਨ ਵਾਰ ਆਫ਼ ਇੰਡੀਪੈਡੈਂਸ, ਪ੍ਰਾਗਰੈਸ ਪਬਲਿਸ਼ਰਜ਼, ਮਾਸਕੋ, 1959 |
| ਮਾਰਕਸ, ਕੇ | ਦੀ ਈਸਟ ਇੰਡੀਆ ਕੁਐਸਚਨ, 25 ਜੁਲਾਈ, 1853, ਇਨ ਮਾਰਸ ਐਂਡ ਏਗਲਜ਼, ਦੀ ਕਾਲੋਨਾਈਜ਼ੇਸ਼ਨ, ਪ੍ਰਾਗਰੈਸ ਪਬਲਿਸ਼ਰਜ਼, ਮਾਸਕੋ, 1959. |
| ਮਾਰਕਸ, ਕੇ | ਦੀ ਫਿਊਚਰ ਰੀਜ਼ਲਟਸ ਇਨ ਬ੍ਰਿਟਿਸ਼ ਰੂਲ ਇਨ ਇੰਡੀਆ, 28 ਅਗਸਤ 1857., ਇਨ ਮਾਰਕ ਐਂਡ ਏਗਲਜ਼, ਦੀ ਫ਼ਸਟ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ, ਪ੍ਰੋਗਰੇਸ ਪ੍ਰੈਸ, ਮਾਸਕੋ, 1959. |
| ਮਾਰਕਸ, ਕੇ | ਇਨਵੈਸਟੀਗੇਸ਼ਨ ਆਫ਼ ਟਾਰਚਰਜ਼ ਇਨ ਇੰਡੀਆ, 28 ਅਗਸਤ, ਇਨ ਮਾਰਕਸ ਐਂਡ ਏਂਗਲਜ਼, ਦੀ ਫ਼ਸਟ ਵਾਰ ਆਫ ਇੰਡੀਪੈਂਡੈਂਸ, ਪ੍ਰੋਗਰੇਸ ਪਬਲਿਸ਼ਰਜ, ਮਾਸਕੋ, 1959 |
| ਮਾਰਕਸ, ਕੇ | ਦੀ ਇੰਡੀਅਨ ਕੁਐਸਚਨ, ਡੇਟਿਡ 28 ਜੁਲਾਈ ਇਨ ਮਾਰਕਸ ਐਂਡ ਏਗਲਜ਼, ਦੀ ਫ਼ਸਟ ਵਾਰ ਆਫ਼ ਇੰਡੀਪੈਂਡੇਂਸ, ਪ੍ਰੋਗਰੈਸ ਪਬਲਿਸ਼ਰਜ਼, ਮਾਸਕੋ, 1959 |
| ਮਾਰਕਸ, ਕੇ | ਰਿਵੋਲਟ ਇਨ ਇੰਡੀਆ,17 ਜੁਲਾਈ 1857, ਇਨ ਮਾਰਕਸ ਐਂਡ ਏਗਲਜ਼, ਦੀ ਫ਼ਸਟ ਵਾਰ ਆਫ਼ ਇੰਡੀਪੈਂਡੈਂਸ, ਪ੍ਰੋਗਰੈਸ ਪਬਲਿਸ਼ਰਜ਼, ਮਾਸਕੋ, 1959 |
| ਮਾਰਕਸ, ਕੇ | ਦੀ ਇੰਡੀਅਨ ਇਨਸਰੈਕਸ਼ਨ, 24 ਅਗਸਤ, 1857, ਇਨ ਮਾਰਕਸ ਐਂਡ ਏਗਲਜ਼, ਦੀ ਫ਼ਸਟ ਵਾਰ ਆਫ਼ ਇੰਡੀਪੈਡੈਂਸ, ਪ੍ਰੋਗਰੈਸ ਪਬਲਿਸ਼ਰਜ਼, ਮਾਸਕੋ, 1959 |
| ਮਟਕਾਫ, ਸਰ ਟੀ | ਟੂ ਨੈਰੇਟਿਵਜ਼ ਆਫ਼ ਦੀ ਮਿਊਟਿਨੀ ਐਟ ਦਿੱਲੀ – ਆਰਚੀਬਾਲਡ ਕਾਂਸਟੇਬਲ ਐਂਡ ਕੰ., ਵੈਸਟਮਿੰਸਟਰ, 1898. |
| ਨਹਿਰੂ, ਜੇ | ਡਿਸਕਵਰੀ ਆਫ਼ ਇੰਡੀਆ, ਦੀ ਸਿਗਨੈਟ ਪ੍ਰੈਸ, ਕਲਕੱਤਾ, 1946. |
| ਨੂਰਾਨੀ, ਏ ਜੀ | ਦੀ ਟਰਾਇਲ ਆਫ਼ ਭਗਤ ਸਿੰਘ, ਔਕਸਫ਼ਰਡ ਯੂਨੀਵਰਸਿਟੀ ਪ੍ਰੈਸ, ਕਰਾਚੀ, 1858. |
| ਨਾਰਟਨ, ਜੇ ਬੀ | ਟਾਪਿਸਕ ਆਫ਼ ਇੰਡੀਅਨ ਸਟੇਟਸਮੈਨ, ਰਿਚਡਸਨ ਬ੍ਰਦਰਜ਼. ਲੰਡਨ, 1858 |
| ਓ'ਡਵਾਇਰ ਸਰ ਐਮ | ਇੰਡੀਆ ਆਈ ਨਿਊ ਇਟ, ਕੰਸਟੇਬਲ, ਲੰਡਨ, 1925 |
| ਪੈਟਰੀ, ਸਰ ਡੀ | ਕਮਿਊਨਿਜ਼ਮ ਇਨ ਇੰਡੀਆ, ਐਡੀਸ਼ਨਜ਼ ਇੰਡੀਅਨ,ਕਲਕੱਤਾ, 1927. |
| ਰਨਦੀਵੇ, ਬੀਟੀ | ਫੋਰਵਰਡ ਟੂ ਸਿਲੈਕਟਿਡ ਰਾਈਟਿਗਜ਼ ਆਫ਼ ਸ਼ਹੀਦ ਭਗਤ ਸਿੰਘ ਸੰਪ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986 |
| ਰੱਸਲ, ਸਰ ਡਬਲਯੂ ਐਚ – | ਮਾਈ ਡਾਇਰੀ ਇਨ ਇੰਡੀਆ ਇਨ ਦੀ ਈਅਰ 1858 ਯੂ ਐਚ–59, ਰਉਟਲੈਜ, ਵਰਨੇ ਐਂਡ ਰਉਟਲੈਜ, ਲੰਡਨ, 1860 (2 ਜਿਲਦਾਂ ਵਿਚ) |

ਰੱਸਲ, ਸਰ ਡਬਲ ਯੂ ਐਚ — ਮਾਈ ਡਾਇਰੀ ਇਨ ਇੰਡੀਆ ਇਨ ਦੀ ਈਅਰ 1858-59. ਮਾਈ ਇੰਡੀਅਨ ਮਿਉਟਿਨੀ ਡਾਇਰੀ - ਐਡਿਟ ਵਿਦ ਐਨ ਐਸੇ ਆਨ ਦੀ ਮਿਊਟਿਨੀ ਐਂਡ ਇਟਸ ਕੰਸਿਕੁਐਂਸਿਜ਼ ਬਾਈ ਮਾਈਕਲ ਐਡਵਰਡਜ਼, ਕੈਸਲ ਐਂਡ ਕੰ., 1957

ਸੈਂਸਰਾ, ਜੀ ਐਸ — ਹਿਸਟਰੀ ਆਫ਼ ਦੀ ਗ਼ਦਰ ਪਾਰਟੀ, ਇਨ ਪੰਜਾਬੀ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1069

ਸਾਵਰਕਰ, ਵੀ ਡੀ — ਦੀ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ ਆਫ਼ 1857 (ਲੰਡਨ - ਐਸ ਐਨ, 1909)

ਸੇਨ, ਐਸ ਐਨ — ਏਟੀਨ ਫ਼ਿਫਟੀ ਸੈਵਨ, ਪਬਲੀਕੇਸ਼ਨਜ਼ ਡਿਵੀਜ਼ਨ, ਮਿਨਿਸਟਰੀ ਆਫ਼ ਇਨਫਰਮੇਸ਼ਨ ਐਂਡ ਬਰਾਡਕਾਸਟਿੰਗ, ਭਾਰਤ ਸਰਕਾਰ, 1957.

ਸਿੰਘ, ਭਗਤ — ਲੈਟਰ ਟੂ ਫਾਦਰ, ਸਿਲੈਕਟਿਡ ਰਾਇਟਿੰਗਜ਼ ਆਫ਼ ਸ਼ਹੀਦ ਭਗਤ ਸਿਘ ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ

ਸਿੰਘ, ਭਗਤ — ਲੈਟਰ ਟੂ ਦੀ ਸੈਕੰਡ ਲਾਹੌਰ ਕਾਂਸਪੀਰੇਸੀ ਕੇਸ ਕਨਵਿਕਟਸ, ਸੰਪਾ.ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986.

ਸਿੰਘ, ਭਗਤ — ਨੋ ਹੈਂਗਿੰਗ ਪਲੀਜ਼।ਸ਼ੂਟ ਅਸ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸਿੰਘ, ਭਗਤ — ਸਟੇਟਮੈਂਟ ਇਨ ਦੀ ਸੈਸ਼ਨਜ਼ ਕੋਰਟ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸਿੰਘ, ਭਗਤ — ਸਟੇਟਮੈਂਟ ਆਫ਼ ਦੀ ਅਨਡਿਫੈਂਡਿਡ ਅਕਿਊਜ਼ਡ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸਿੰਘ, ਭਗਤ — ਟੂ ਮੇਕ ਦੀ ਡੈਫ਼ ਹੀਅਰ, ਸਿਲੈਕਟਿਡ ਰਾਇਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸਿੰਘ, ਭਗਤ — ਟੈਲੀਗਰਾਮ ਆਨ ਲੈਨਿਨਜ਼ ਡੈਥ ਐਨੀਵਰਸਿਰੀ - ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸਿੰਘ, ਭਗਤ — ਟੂ ਯੰਗ ਪੁਲਿਟੀਕਰ ਵਰਕਰਜ਼, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸਿੰਘ, ਭਗਤ — ਵ੍ਹਾਈ ਆਈ ਐਮ ਐਨ ਅਥੀਸਟ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986

ਸੀਤਾਰਾਮਈਆ ਡਾ. ਬੀ ਪੀ — ਗਾਂਧੀ ਐਂਡ ਗਾਂਧੀਇਜ਼ਮ, ਕਿਤਾਬਿਸਤਾਨ, ਇਲਾਹਾਬਾਦ, 1944

ਸਮੈਡਲੀ, ਏ — ਡਾਟਰ ਆਫ਼ ਦੀ ਅਰਥ, ਕੋਵਰਡ-ਮੈਕਾਨ, ਇਨਕਾਰਪੋਰੇਟਿਡ, ਨਿਊਯਾਰਕ, 1929.

ਤੇਦੂਲਕਰ, ਡੀਜੀ — ਮਹਾਤਮਾ, ਪਬਲੀਕੇਸ਼ਨਜ਼ ਡਿਵੀਜ਼ਨ, ਮਿਨਿਸਟਰੀ ਆਫ਼ ਇਨਫਰਮੇਸ਼ਨ ਐਂਡ

| | |
|---|---|
| | ਬਰਾਡਕਾਸਟਿੰਗ, ਭਾਰਤ ਸਰਕਾਰ, 1960 |
| ਥਾਂਪਸਨ, ਈ ਜੇ | ਦੀ ਅਦਰ ਸਾਈਡ ਆਫ ਦੀ ਮੈਡਸ. ਹੋਗਾਰਥ ਪ੍ਰੈਸ, ਲੰਡਨ, 1925. |
| ਵਰਮਾ ਐਸ | ਇੰਟਰੋਡਕਸ਼ਨ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986 |
| ਵਰਮਾ, ਐਸ | ਪਰੀਫੇਸ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986 |
| ਵੋਹਰਾ. ਬੀ ਸੀ | ਮੈਨੀਫ਼ੈਸਟੋ ਆਫ਼ ਦੀ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986 |
| ਵੋਹਰਾ. ਬੀ ਸੀ | ਮੈਨੀਫ਼ੈਸਟੋ ਆਫ਼ ਨੌਜਵਾਨ ਭਾਰਤ ਸਭਾ, ਪੰਜਾਬ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986 |
| ਵੋਹਰਾ, ਬੀ ਸੀ | ਦੀ ਫ਼ਿਲਾਸਫੀ ਆਫ਼ ਦੀ ਬੰਬ, ਸਿਲੈਕਟਿਡ ਰਾਈਟਿੰਗਜ਼ ਆਫ਼ ਭਗਤ ਸਿੰਘ, ਸੰਪਾ. ਸ਼ਿਵ ਵਰਮਾ, ਸਮਾਜਵਾਦੀ ਸਾਹਿਤਯ ਸਦਨ, ਕਾਨ੍ਹਪੁਰ, 1986 |
| ਵਿਸੀਅਮਸਨ ਸਰ ਐਚ ਡਲ ਯੂ ਐਂਡ ਕੋਗਿਲ, ਸਰ ਜੇਐਫ | ਇੰਡੀਆ ਐਂਡ ਕਮਿਉਨਿਜ਼ਮ, ਐਡੀਸਨਜ਼ ਇੰਡੀਅਨ, ਕਲਕੱਤਾ 1935 |
| ਵੁਡ, ਆ ਲਾਰਡ ਹੇਲੀਫੇਕਸ | ਫ਼ੁਲਨੈਸ ਆਫ਼ ਡੇਜ਼, ਕਾਲਿਨਜ਼, ਲੰਡਨ, 1957 |

# INDEX


All India Trade Union Congress (AITUC), 146
Amar Singh, Raja of Jagdishpur, 11, 26
American Civil War, 36
American Federation of Labor (AFL),136
Annexation of Oudh, 3
Attlee, Clement, 34
Bagdash, Khalid, 113
Bahadur Shah Zafar, 2, 4, 5, 26, 42
Bakhna, Sohan Singh, 130, 131
Bakht Ahmad Khan, 11
Bakunin, Mikhail, 143
Bardoli resolution (1922), vi, 145
Barkatullah, Abdul Hafiz Mohamed,
94-5, 109, 124
appeal to Russian Muslims, III
stay in Soviet Russia, III
Batukeshwar Dutt, 146, 156
Bengal army, 2, 4, 7, 9, 14
deployed in wars of conquest in
India, 2
reasons for disaffection, 13
Bethune, Norman, 138
Bhag Singh Canadian, 104
editor of *Kirti, 104*
Bhagat Singh, ii-x, 42, 50, 90, 129-130,141-144,147-149,152_155,
160-163, 165, 167-168, 170-171, 173-187,190-194,198-199,201-207,209-212, 214-220
aftermath of execution, 172-174
an intellectual giant, 142
atheism, 142, 148
bombing of central Assembly, v, 156-160, 198, 205-206, 209, 212
changing name of HRA to HSRA, 149
courage in the face of execution,
vii, 170-171, 215-216
death sentence, 166, 203
effect of Jallianwala Bagh
massacre, 144
execution, 141, 182
family background, 143
formation of Indian Youth
AssOCiation, 148
hatred of communalism, 148
honoured in Pakistan, 221
influence of Marxism, 146
influence of October Revolution,
145
knoWledge of languages, 142
letter to brother, 169
letter to father, 167, 168
Marxist influence, 144
mass line, 198-204
Nehru's verdict, 167
not a terrOrist, 207-208
popularity, 166
refusal to marry, 147
renaming of Shadman Fawara

Chowk,220_221
role of revolutionary violence, 151-153,195,196,197
trial, 165
unwillingness to join Communist Party, 210
views on Gandhi, 145
Bhagat Singh Day, 202-203
Bhagat Singh Foundation, 220
Bhagwan Singh, 57, 95, 97-99, 134- 135
Bhakna, Sohan Singh, 63, 65, 68, 73, 77, 95, 133
Bilga, Bhagat Singh, III
Bishan Singh, 120, 134
Bolshevism, 105, 108, 121,201
Bose, Rash Behari, 80, 123
friend of China, 123
Bose, Subhas Chandra, 42, 179, 182,203
British General Strike, 1926, 149
British Imperialist support for Feudalism, 33
British Labour government disillusionment, 106
Budge Budge massacre of Komagata Maru passengers, 63
Canada
attempts to send Indians to Honduras, 54
Indian immigrants, 50, 51, 54-55
race iscrimination, 56-59, 62
race riots, 54
treatment of Komagata Maru, 61-62
Canning, Charles John (1812-1862)
Governor-General, 5, 21, 27, 33, 41
Chandra Pal, Bipan, 142, 145, 149
Chandrashekhar Azad, v, 146, 149, 150, 154, 171
Charan Singh, 126
Charles Wood, 1st Viscount Halifax, GCB, PC, 41
Chartism, 11
Chattopadhyaya, Harindranath, 94, 132
Chenchia, Darisi, 96
Chiang Kai-shek
anti-communist coup, 127
China, 3, 17 , 50, 66, 69, 73, 96, 100, 102, 106, 121-126, 130, 138, 199
opium wars, 5,17,121
Circular-i-Azadi, 52, 53
Civil disobedience, v,ix, 175, 186-188, 202-203
Colonisation Act (Colonisation of Government Lands (Punjab) Act, 1912), 50
Comintern, vi, 103-104, 111-112, 121, 138, 165
Communal riots, 107
Communist movement, iii-iv, 103,133, 138, 153-154, 201,203, 208-210, 217
Communist Party of America, 103, 108
Communist Party of Germany, 112
Communist Party of Great Britain, 199
Communist Party of India, 113, 146
Communist Party of India, 113, 146
Communist Party of India (Marxist), 205
Communist Party of the USA, 112
Congress Party, iii, 39-40, 43, 71, 113, 124, 129, 141, 153, 173, 176, 180-181, 186, 193, 202, 214
Karachi congress, 60, 178, 180, 185, 190, 203
Connaught Ranger's mutiny, 119

Conspiracy cases, iii, 84, 93, 203
first Lahore, 84-88, 143
Kakori, 146, 149, 171
Kanpur, iii, 106,149
Meerut, iii, v, 138, 155, 209
Peshawar, iii
San Francisco, 93-96-99, 135, 144
second Lahore, vi, 150, 160, 163, 166
second Lahore-statement of the accused, 157, 159
Cotton industry, 36, 38
Cremer, Godfrey, x
Das, Chhabil, 200
Das, Jatindra Nath, 171
death on hunger strike, 163
Das, Traknath,53, 65, 97, 102
Daswandha Singh, 121, 125-126
arrest in Shanghai, 125
De Valera, Eamon, 116-117, 120
Defence of India Act 1915, 84
Destruction of village system, 37
Development of industry, 35-38
Development of national consciousness, 41
Disillusionment of intelligentsia, 35
Disraeli, Bejamin, 8-9, 17
Divide and rule policy, 8, 30-31, 107
Durga Bhabi, 163
Dussehra Bomb Case, 199
Dutt, Batukeshwar, 38, 65, 156-157
Dutt, Guru, 65
Dyakov, Alexei, 112
East India Company, 1,3,7,10,13, 25, 33, 48, 170
destruction of Indian textile industry, 1
forcible seizures of Principalities, 3,8
land sezures, 9
rule repalced by that of British Crown, 33
violence and torture, 12
Easter Uprising (Ireland), 152
Emerson, Sir Herbert William, 178-180, 182, 191
Engels, Frederick, 18-19, 26, 142, 195, 199
Famines, 3
Fazle Haq, 21, 26-27
First Afghan War (1839-1842), 3
First Indian War of Independence, ii, ix, 1-3, 6-13, 16-17, 20, 23-24, 30-31, 33-37, 40-43, 47-48, 51, 53, 58, 67-68, 7-, 84, 91
aftermath, 33
British support of feudal rulers, 33
cntred on Oudh, 14
cruel British retribution, 17-19, 21-23
Delhi, 5,15-16, 26
lesson learnt, 40-41
Lucknow, 5, 10, 13, 15, 18, 28
motivation of participants, 6
national character, 9
origins, 4
participation of feudal rulers, 11
policy of divide and rule, 34
policyof divide and rule, 30-31, 34
reasons for failure of uprising, 25
role of feudal rulers, 26-27
role of princely states, 28-31
role of the peasantry, 12
First World War, 63, 75, 77, 84, 88, 93-94, 96
recruitment of Indian into the British army, 77
*free Hindustan*, 53
Friends of Freedom for India (FFI), 98, 116-117, 136-137
Friends of Irish Freedom, 116
Friends of the Soviet Union, 113
*Gadar di goonj, 70*
*Gajjan Singh, 126*

arrest in Shanghai, 125
Gammons, Edward, 116
Gandhi, Mohandas 'Mahatma', v, vi, viii-ix, 39, 77, 104,145, 152, 166-167, 173-193, 195-198, 202-203, 205, 214
as recruiting sergeant for British army, 77
bourgeois pacifism, 196
complicity in execution of Bhagat Singh', 141,173, 175-178, 180-182, 184-185, 191,
condemnation of Udham Singh viii
condemns refusal of Garhwal soldiers to fire, 186-187
meets Mussolini, 187
offer of Eleven Points, 188
Gandhi-Irwin Pact, 176, 177, 181, 186, 187, 203
Garhwal Rfiles
refusal of soldiers to fire, 34, 186
Genda Singh, 121, 126
arrest in Shanghai, 125
Germany
support for Ghadar Part, 69
Ghadar-journal, 67-73, 75, 88, 99, 134
worldwide circulation, 70
Ghadar Party, ii, vii, ix, 40, 42-43, 47-48, 62-73, 75, 77-79, 83-86, 89-90, 93, 94-96, 98-99, 101, 103-104, 106, 111, 115-117, 120-127, 129-130, 133-137, 143-144 1925 delegation to Russia, 108
British round up of returning Ghadarites, 78
crushing of the movement, 84, 86, 88
delegations to Russia, 111, 129
dissolution, 129
exploiting the opportunities offered by World War 1, 75
factional infighting, 99
failures of the Ghadar movement, 90
First Lahore conspiracy case, 84-85
Ghdarite activity in India, 79
influence of communism, 104
internationalism, 144
Memorial Building, 129
misjudges situation in India, 76
preparation for uprising, 80
publication, 71
relations with Soviet Russia, 103
revolutionary legacy, 90
San Francisco conspiracy trial, 97
support for Irish liberation, 115-117
support for the Chinese anti-imperialist struggle, 121-126
the German connection, 93-95
transfer of property to government of India, 129
uprising plans betrayed, 80-81
work in the armed forces, 70-80, 84-85, 89, 91, 127
worldwide fight against race discrimination, 69
Ghosh, Ajoy, 209
Gladstone, Henry H, 56
Gopal Singh, 97-99, 116, 137
Gopal, Jai, 97-98, 163
Tottwald, Klement, 112
Government of India Act 1919, 166
Gupta, Manmathnath, 171, 182
Gurmukh Singh, 133
Halliday, Frederick-Lt Gov of Bengal, 14
Hardyal, Lala, 65-68, 71-73, 95-96, 130-133, 135
apostasy, 131-132
arrest in California, 72
departure from the US, 73
order for deportation from the US, 72

political views, 66
role in founding Ghadar Party, 67
unstable character, 131
Hardinge, Sir Charles, Viceroy of India, 60, 87-89
Harish Chandra, 134
Harjap Singh, 108
Harper, Stephen, prime minister of Canada, 64
Havelock, Sir Henry, Major General, 29
Herzen, Alexander, 217
Hindi Association of the Pacific Coast of Americal (HAPC), 67
Hindu Sabha, 83
Hindu-Muslim unity, 70
Hindustan Association (HA), 52
*Hindustan Gadar Dhandora,* 126
Hindustan Republican Association (HRA), ii, 40, 146, 149, 198, Manifesto, iii
Hindustan Socialist Repubican Association (HSRA), ii-iv, 40, 42, 149-150, 154-156, 163, 196, 198, 203-204, 206, 208-210, 218 Manifesto, 150-151
Ho Chi Minh, 112, 121
Hume, Allan Octavian CB, 39
Ibbetson, Sir Denzil, 143
*Independent Hindustan, 99, 102-103, 105,119-120*
*Inder Singh, 126, 135*
*India League, 59*
*India News Service (INS),* 98
India Army and Navy revolts, 34
Indian Independence Committee (IIC), 94
Indian Independence day, 113
Indian People's Theatre Association, 113
Indian Revolutionary Association (Kabul), 101
Indo-Irish anti-imperialist
cooperation, 119
Industrial Workers of the World (IWW), 115
International Union of Oppressed Peoples of the East
Hankow conferemce. 1025. 121
Irish Self-Determination Club, 117
*Irish World,* 107, 117
Irwin, Lord (Edward Frederick Lindley Wood), 157, 166-167, 175-178, 180-182, 191-192, 19
Irwin-GandhiPact, 185
jagat Singh, 116
Jallianwala Bagh massacre, vvi, 60, 116, 122, 144
Jawala Singh, 85, 130, 133
Jinnah, Mohammad Ali, 76
Jones, Ernest, 111
Josh, Sohan Singh, 210
Kanshi Ram, 65, 68,73, 95, 130

Karam Singh Cheema, 104
Karim Baksh, 130
Karr, Surendranath, 99, 103
Kasel,Master Udham Singh, 73, 104, 133
Kesar Singh, 133
Khalsa Diwan, 49, 59, 77, 83
Khukhrana, Arjan Singh, 86
*Kirti,* 104, 105, 137
Kirti Kisan Party, 148, 200
*Komagata Maru,* 61-64, 75, 115, apologies, 64
Kotla, Harnam Singh, 73
Kunwar Singh, 11,26
Kuomintang, 124, 126
Labour Party, 118, 123
Lajpat Rai, Lala, 50, 76, 145, 149, 154, 157, 174, 201, 204, 206
death avenged, 154
killed at protest against Simon Commission, 154
Lawrence, Sir Henry, 5
League Against Imperialism

Brussels conference 1927, 124 Lenin, V I, v-vi, 101-102, 109-110, 112, 121, 142-143, 152, 154, 165, 172, 154, 165, 172, 194-195, 204, 208, 214
Lovett, Robert Morse, 98, 136
Macdonald, Ramsay, 106
MacDonnell, Sir Anthony, 119
MacSwiney, Terence, Lord Mayor of Cork, 120, 165
Mahalwari system of revenue, 12
Maharaja of Udaipur, 29
Majumdar, Dr. Ramesh Chandra, 10, 42
Marx, K, 2, 7-9, 12, 17-18, 29-31, 36-38, 41, 101, 132, 142-143, 146, 153, 194, 196, 199
Marxism, vii, 101, 103-104, 112, 144-145, 149, 153, 194, 198, 204, 207-208
Maulavi Ahamadullah of Fyzabad, 11,26
Mohamed Iqbal, 170
Munsha Singh, 124
Muslim League, 43, 83
Namoodripad, Elamkulam Manakkal Sankaran, 7
Nana Sahib, 11, 20, 26
*Naujawan*-journal, 201
Naujawan Bharat Sabha, 144, 147, 184, 198-202, 204
Manifesto, 148
proscription, 203
Nawabof Karnal, 29
Nehru, Jawaharlal, vii, ix, 7, 30, 35, 123-124, 137-138, 141, 173-174, 812, 190, 206
anger at Bhagat Singh Death sentence, 166
verdict on Bhagat Singh, 172-173
Nehru, Motilal, 123
Nizam of Hyderabad, 28
O' Ceallaigh (O'Kelly), Sean Thomas, 118
October Revolution, ii, iii, 96, 97, 101, 106,121, 130, 145, 200
effect on the Ghadar Party, 101 influence on the ghadar Party, 109
O' Dwyer, General Sir Michael, vii-viii, 60, 75, 78, 83-84, 87, 118-119, 144
Pacific Coast Hindi Association (PCHA), 65, 66
Palme Dutt, Rajani, 113, 188-189
Parmanand, Bhai (Jhansi), 85, 88
Partition of India, 34, 40
Pieck, Wilhelm, 112
Pingle, Vishnu Ganesh, 84-85, 87
Pollitt, Harry, 113
prem Singh Gill, 108
Prithvi Singh, 133
Punjab
conquest of, 48
emigration, 50
policy of fostering backwardness, 48
recruitment of soldiers into British army, 50
Punjabi emigration, 49
Puri, Ramnath, 52, 65
Quit India Movement (QIM), 113, 216
Rehmat Ali, 130
Rajguru, Shivaram Hari, 154, 163, 166, 171-172, 177, 182, 214-215
Ram Chandra (Bharadwaj), 95, 97, 99, 134-136
question over accountability for funds, 134-135
suspected treachery, 136
Ram Krishan, 147
Ram Prasad Bismil, 146
Ram Singh, 97, 134-135
Ranadive, Bhalchandra Trimbak, iv, 208, 216
Rani Lakshmi Bai, 11
Rani Lakshmi Bai of Jhansi, 26, 29

Rattan Singh, 99, 103-105,111-112,124
attendance at Comintern, 103, 112
visit to Moscow, 103
Revolutionary terror, 151
rise of a national bourgeoisie and proletariat, 39
Roe, Gilbert Ernstein, 98
Role of intelligentsia, 39
Rowlatt Committee, 117
Roy, Manabendra Nath, 106
Sainsara, Gurcharan Singh, 136
Salt Tax, 186
Santokh Singh, 73, 95, 97, 99, 101, 103-105, 130, 134-135, 137 attendance at comintern, 103 visit to Moscow, 103
Santokh Singh editor of *Kirti,* 104.
Sanyal, Shachindra Nath, ii, 146
Sarabha, Kartar Singh, 48, 73, 75, 81, 86-88, 130, 143, 144
inspirationof Bhagat Singh, 143-144
Sardara Singh attendance at Comintern, 112
Saunders, John P, 154,156, 163, 198, 201, 205, 209, 212
killed in revenge for killing of Lajpat Rai, 155
Scindia, Jayajirao, Maharajah of Gwalior, 29
Scindia, Maharajah of Gwalior, 29
Sehgal,Kedar Nath, 200
Shamsher Singh, 121
Sikh veterans, 53
Simon Commission, 154, 156, 201
Smedley, Agnes, 98, 115, 136
McCarthyite victim, 138
Work in China, 137-8
Sohan Singh Bhakna, 89, 133
Sohan Singh Josh, 148
Sohanlal Pathak, 130
Soviet Union, 97, 101-103, 105-106, 108-113, 129,133, 138, 165, 200
Second World war, 113
Stalin, Joseph,112
Stockton Gurdwara, 129
Sukhdev (Thapar), I, 144, 147, 154, 163, 166, 171-172, 177, 182, 214
Sun Yat Sen, 96
Swaraj Party, 123
Swatantar, Teja Singh, 111
visit to Soviet Russia, 112
Tagore, Rabindranath, 35, 123
Tantya Tope, 11, 26, 29
Tata, Ratan, 76
Textile Industry, 38
Thorez, Maurice, 113
Tilka, Bal Gangadhar, 145
Tipoo Sultan, 41
Togliatii, Palmiro, 113
Trade DisputesBill, v, 155-156, 158, 200, 209
Tundilat, Harnam Singh, 73, 133
Udham Singh, vii-ix
conviction, viii
execution, viii
Ulbricht, Walter, 112
United States
Indian immigrants, 52
*United States of India,* 105- 106, 107, 122-123, 125
University of the Toilers of the Easst, 103-104, 112
USSR, 113, 200
Varma Shiv, iv, 142, 146, 198, 203, 207, 211, 215
Vohra Bhagwati Charan, 144-147-148, 150, 164, 171
Vohra, Hans Raj, 163
Wajid Ali Shah, King (Nawab) of OUdh (Awadh), (1822-1887), 7, 170
Wheat , L C (Jay Lovestone), 103
Workers and Peasants Party, iii, *see* Kirti Kisan Sabha



ਹਰਪਾਲ ਬਰਾੜ

ਪੰਜਾਬ ਦੇ ਮੁਕਤਸਰ ਸ਼ਹਿਰ ਦੇ ਜੰਮਪਲ ਹਰਪਾਲ ਬਰਾੜ 1962 ਤੋਂ ਬਰਤਾਨੀਆਂ (ਬ੍ਰਿਟੇਨ) ਵਿਖੇ ਸਾਮਰਾਜਵਾਦ ਦੇ ਕੱਟੜ ਵਿਰੋਧੀ ਪੱਤ੍ਰਿਕਾ 'ਲਲਕਾਰ' ਦੇ 1979 ਤੋਂ ਸੰਪਾਦਕ ਹਨ। ਇਹਨਾਂ ਦੁਆਰਾ ਆਰਥਿਕ ਸੰਸਕਰਣ (ਪੈਰਿਸਟਰਾਇਕ), ਟਰਾਸਟਕੀਵਾਦ, ਸਾਮਰਾਜਵਾਦ, ਸਮਾਜਿਕ ਲੋਕਤੰਤਰ, ਪੂੰਜੀਵਾਦੀ ਰਾਸ਼ਟਰਵਾਦ ਅਤੇ ਮਿਡਲ ਈਸਟ ਉੱਤੇ ਲਿਖੀਆਂ ਕਿਤਾਬਾਂ ਦਾ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਉਹ ਵੈਸਟਮਿਨਿਸਟਰ ਯੂਨੀਵਰਸਿਟੀ ਵਿਚੋਂ ਅਧਿਆਪਕ ਦਾ ਅਹੁਦਾ ਛੱਡ ਕੇ ਇਨਕਲਾਬੀ ਗਤੀਵਿਧੀਆਂ ਵਿਚ ਸਗਰਮ ਹੋ ਗਏ। ਅੱਜਕਲ੍ਹ ਉਹ ਸੀ.ਪੀ.ਜੀ.ਬੀ. (ਐਮ.ਐਲ.) ਦੇ ਅਹਿਮ ਆਗੂ ਹਨ।

ਪੂੰਜੀਵਾਦੀ ਇਤਿਹਾਸਕਾਰਾਂ ਵੱਲੋਂ ਝੂਠੀ ਕਹਾਣੀ ਦਾ ਪ੍ਰਚਾਰ ਕੀਤਾ ਗਿਆ ਹੈ ਕਿ ਭਾਰਤ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਸਿਰਫ਼ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮਹਾਤਮਾ ਗਾਂਧੀ ਨੇ ਹੀ ਭੂਮਿਕਾ ਨਿਭਾਈ ਹੈ ਅਤੇ ਉਹਨਾਂ ਨੇ ਦੇਸ਼ ਨੂੰ ਕੇਵਲ ਅਹਿੰਸਾ, ਸ਼ਾਂਤਮਈ ਨਾਮਿਲਵਰਤਣ ਅੰਦੋਲਨ ਅਤੇ ਸਿਵਲ ਨਾਫ਼ੁਰਮਾਨੀ ਰਾਹੀਂ ਆਜ਼ਾਦ ਕਰਵਾਇਆ।

ਸੱਚਾਈ ਇਸ ਦੇ ਬਿਲਕੁੱਲ ਉਲਟ ਹੈ। 1857 ਦੇ ਕ੍ਰਾਂਤੀਕਾਰੀਆਂ, ਗ਼ਦਰੀ ਦੇਸ਼ ਭਗਤਾਂ ਅਤੇ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਦੇਸ਼ ਨੂੰ ਸਾਮਰਾਜੀਆਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਲਈ ਹਥਿਆਰਬੰਦ ਸੰਘਰਸ਼ ਦਾ ਸਰਬ ਉੱਤਮ ਰਾਹ ਚੁਣਿਆ ਅਤੇ ਭਾਰਤੀ ਜਨਤਾ ਨੂੰ ਪ੍ਰੇਰਣਾ ਦੇ ਕੇ ਇਸ ਰਾਹ 'ਤੇ ਤੋਰਿਆ।

ਹਜ਼ਾਰਾਂ ਸਾਧਾਰਨ ਲੋਕਾਂ ਅਤੇ ਸੈਂਕੜੇ ਕ੍ਰਾਂਤੀਕਾਰੀ ਆਗੂਆਂ ਨੇ ਇਸ ਮਕਸਦ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਭਗਤ ਸਿੰਘ ਦਾ 'ਇਨਕਲਾਬ ਜ਼ਿੰਦਾਬਾਦ!' ਦਾ ਮਕਬੂਲ ਨਾਅਰਾ ਉਹਨਾਂ ਦੇ ਸੰਘਰਸ਼ ਦਾ ਹੀ ਸਿੱਟਾ ਹੈ, ਜਿਸਨੇ ਭਾਰਤ ਦੀ ਜਨਤਾ ਵਿਚ ਜੋਸ਼ ਭਰ ਦਿੱਤਾ। ਭਾਰਤ ਦੀ ਆਜ਼ਾਦੀ ਦਾ ਸਿਹਰਾ ਸਮਝੌਤਾਵਾਦੀ, ਕਾਇਰ ਅਤੇ ਪੂੰਜੀਪਤੀਆਂ ਦੇ ਪ੍ਰਤੀਨਿਧਾਂ ਦੇ ਸਿਰ ਬੰਨ੍ਹਣਾ, ਕ੍ਰਾਂਤੀਕਾਰੀਆਂ ਦੀ ਯਾਦ, ਉਹਨਾਂ ਦੇ ਸਵੈ ਬਲਿਦਾਨ ਅਤੇ ਬਹਾਦਰੀ ਦਾ ਅਪਮਾਨ ਹੋਵੇਗਾ।

ਸਮੂਹ ਅਗਾਂਹਵਧੂ, ਬੁੱਧੀਜੀਵੀਆਂ, ਮਜ਼ਦੂਰਾਂ, ਕਿਸਾਨਾਂ ਅਤੇ ਸਮੂਹ ਮਿਹਨਤਕਸ਼ਾਂ ਦਾ ਫਰਜ਼ ਬਣਦਾ ਹੈ ਕਿ ਉਹ ਇਹਨਾਂ ਬਹਾਦਰ ਸੂਰਬੀਰਾਂ ਦਾ ਸਨਮਾਨ ਕਰਨ, ਉਹਨਾਂ ਦੀ ਯਾਦ ਨੂੰ ਚਿਰਜੀਵੀ ਬਣਾਉਣ ਅਤੇ ਪੂੰਜੀਵਾਦ ਅਤੇ ਸਾਮਰਾਜਵਾਦ ਦੇ ਸ਼ੋਸ਼ਣ ਖਿਲਾਫ਼ ਜੰਗ ਜਾਰੀ ਰੱਖਣ ਲਈ ਉਹਨਾਂ ਤੋਂ ਪ੍ਰੇਰਣਾ ਲੈਣ।

5 ਆਬ
Parkashan, Jalandhar

*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*

ISBN : 978-93-82413-02-8

₹ 300, £ 10